# ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦਾ ਯੋਗਦਾਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਭਾਸ਼ਾ ਫ਼ੈਕਲਟੀ ਅਧੀਨ ਪੀਐੱਚ.ਡੀ. (ਪੰਜਾਬੀ)

ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

**2020**


**ਨਿਗਰਾਨ**

**ਡਾ. ਜਗਜੀਵਨ ਸਿੰਘ**

ਐਸੋਸੀਏਟ ਪ੍ਰੋਫ਼ੈਸਰ

ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ।

**ਖੋਜਾਰਥਣ**

**ਅਮਨਦੀਪ ਕੌਰ**

**ਪੰਜਾਬੀ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਅਮਨਦੀਪ ਕੌਰ ਨੇ **'ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦਾ ਯੋਗਦਾਨ'** ਵਿਸ਼ੇ ਉੱਤੇ ਪੀਐੱਚ.ਡੀ. ਦੀ ਡਿਗਰੀ ਲਈ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਖੋਜ-ਪ੍ਰਬੰਧ ਖੋਜਾਰਥੀ ਦੀ ਆਪਣੀ ਮੌਲਿਕ ਖੋਜ ਅਤੇ ਮਿਹਨਤ ਦਾ ਸਿੱਟਾ ਹੈ। ਇਹ ਖੋਜ-ਪ੍ਰਬੰਧ ਪਹਿਲਾਂ ਕਿਸੇ ਯੂਨੀਵਰਸਿਟੀ ਵਿੱਚ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ। ਇਹ ਖੋਜ-ਪ੍ਰਬੰਧ ਪ੍ਰੀਖਿਆ ਲਈ ਮੁਲਾਂਕਣ ਯੋਗ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਮੁਲਾਂਕਣ ਕਰਨ ਦੀ ਸਿਫ਼ਾਰਸ਼ ਕਰਦਾ ਹਾਂ।

**ਨਿਗਰਾਨ**

**ਮਿਤੀ:** 25/10/2021

**ਡਾ. ਜਗਜੀਵਨ ਸਿੰਘ**
ਐਸੋਸੀਏਟ ਪ੍ਰੋਫ਼ੈਸਰ
ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ।

# ਘੋਸ਼ਣਾ ਪੱਤਰ

ਮੈਂ ਘੋਸ਼ਣਾ ਕਰਦੀ ਹਾਂ ਕਿ ਮੇਰੇ ਵੱਲੋਂ **'ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦਾ ਯੋਗਦਾਨ'** ਵਿਸ਼ੇ ਉੱਤੇ ਪੀਐੱਚ.ਡੀ. ਦੀ ਡਿਗਰੀ ਲਈ ਲਿਖਿਆ ਗਿਆ ਖੋਜ-ਪ੍ਰਬੰਧ ਮੇਰੀ ਮੌਲਿਕ ਖੋਜ ਹੈ। ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

**ਪ੍ਰਤਿ ਹਸਤਾਖਰ**

**(ਡਾ. ਜਗਜੀਵਨ ਸਿੰਘ)**

**ਖੋਜਾਰਥਣ**

ਅਮਨਦੀਪ ਕੌਰ

**(ਅਮਨਦੀਪ ਕੌਰ)**

# ਧੰਨਵਾਦ

- ਮੈਂ ਧੰਨਵਾਦ ਕਰਨਾ ਚਾਹੁੰਦੀ ਹਾਂ, ਸਰਬ-ਕਲਾ ਸਮਰੱਥ, ਦੀਨ-ਦੁਨੀਆ ਦੇ ਮਾਲਕ, ਅਕਾਲ-ਪੁਰਖ ਵਾਹਿਗੁਰੂ ਦਾ ਜਿਸਦੀ ਰਹਿਮਤ/ਮਿਹਰ ਸਦਕਾ ਇਹ ਖੋਜ-ਕਾਰਜ ਨੇਪਰੇ ਚੜ੍ਹਿਆ।
- ਮੈਂ ਬਹੁਤ ਧੰਨਵਾਦੀ ਹਾਂ ਆਪਣੇ ਸਤਿਕਾਰਤ ਗੁਰੂ ਜੀ ਡਾ. ਜਗਜੀਵਨ ਸਿੰਘ ਦੀ ਜਿਨ੍ਹਾਂ ਦੇ ਆਸ਼ੀਰਵਾਦ ਤੋਂ ਬਿਨ੍ਹਾਂ ਇਹ ਖੋਜ-ਕਾਰਜ ਆਰੰਭ ਹੋਣਾ ਅਤੇ ਸੰਪੂਰਨ ਹੋਣਾ ਅਸੰਭਵ ਸੀ। ਉਨ੍ਹਾਂ ਨੇ ਆਪਣੇ ਰੁਝੇਵਿਆਂ ਦੇ ਬਾਵਜੂਦ ਵੀ ਮੇਰੇ ਖੋਜ ਕਾਰਜ ਨੂੰ ਮੁਕੰਮਲ ਕਰਨ ਵਿੱਚ ਸੁਯੋਗ ਅਗਵਾਈ ਅਤੇ ਸੇਧ ਦਿੱਤੀ।
- ਪੰਜਾਬੀ ਵਿਭਾਗ ਦੇ ਸਮੂਹ ਪ੍ਰੋਫ਼ੈਸਰ ਸਾਹਿਬਾਨਾਂ ਦਾ ਧੰਨਵਾਦ ਜਿਨ੍ਹਾਂ ਨੇ ਸਮੇਂ ਸਮੇਂ 'ਤੇ ਆਪਣੇ ਕੀਮਤੀ ਅਤੇ ਜ਼ਰੂਰੀ ਸੁਝਾਅ ਦਿੱਤੇ।
- ਮੈਂ ਧੰਨਵਾਦੀ ਹਾਂ ਪੰਜਾਬੀ ਵਿਭਾਗ ਦੇ ਸਮੂਹ ਦਫ਼ਤਰੀ ਸਟਾਫ਼ ਦੀ ਅਤੇ ਉਨ੍ਹਾਂ ਵਿੱਚੋਂ ਮੈਡਮ ਅਮਨ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕਿਉਂਕਿ ਮੈਡਮ ਨੇ ਨਾ ਕੇਵਲ ਦਫ਼ਤਰੀ ਕੰਮਾਂ ਦੀ ਜਾਣਕਾਰੀ ਦਿੱਤੀ ਬਲਕਿ ਮੈਨੂੰ ਉਸ ਸਮੇਂ ਵੀ ਪੂਰਨ ਸਹਿਯੋਗ ਦਿੱਤਾ ਜਦੋਂ ਮੈਂ ਸਿਹਤ ਪੱਖੋਂ ਨਾਸਾਜ਼ ਸੀ।
- ਮੈਂ ਧੰਨਵਾਦੀ ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਅਤੇ ਡਾ. ਗੰਡਾ ਸਿੰਘ ਰੈਫ਼ਰੈਂਸ ਲਾਇਬਰੇਰੀ ਦੇ ਸਮੂਹ ਸਟਾਫ਼ ਦੀ ਜਿਨ੍ਹਾਂ ਨੇ ਪਿਆਰ ਅਤੇ ਸਤਿਕਾਰ ਸਹਿਤ ਖੋਜ-ਕਾਰਜ ਨਾਲ ਜੁੜੀ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ।
- ਪਰਿਵਾਰਕ ਮੈਂਬਰਾਂ ਵਿੱਚੋਂ ਮਾਤਾ ਕਰਮਜੀਤ ਕੌਰ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਜਿਸਨੇ ਪਿਤਾ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਵੀ ਇਸ ਖੋਜ-ਕਾਰਜ ਵਿੱਚ ਕਿਸੇ ਕਿਸਮ ਦਾ ਵਿਘਨ ਨਹੀਂ ਪੈਣ ਦਿੱਤਾ। ਭੈਣ ਸਤਵੀਰ ਕੌਰ ਅਤੇ ਭਰਾ ਜਗਦੀਪ ਸਿੰਘ ਦੁਆਰਾ ਦਿੱਤੇ ਸਹਿਯੋਗ ਨੂੰ ਵੀ ਸਲਾਮ।
- ਮੈਂ ਬਹੁਤ ਧੰਨਵਾਦੀ ਹਾਂ ਆਪਣੇ ਜੀਵਨ-ਸਾਥੀ ਸ. ਮਨਵੀਰ ਸਿੰਘ ਜੀ ਦੀ ਜਿਸ ਦੀ ਹੱਲਾਸ਼ੇਰੀ ਅਤੇ ਹਰ ਪ੍ਰਕਾਰ ਦੀ ਮੱਦਦ ਸਦਕਾ ਇਹ ਖੋਜ-ਕਾਰਜ ਸਿਰੇ ਚੜ੍ਹਿਆ। ਸਹੁਰੇ ਪਿਤਾ ਸ. ਸੁਖਦੇਵ

ਸਿੰਘ ਅਤੇ ਮਾਤਾ ਸ੍ਰੀਮਤੀ ਪਰਮਜੀਤ ਕੌਰ ਜੀ ਦੇ ਸਹਿਯੋਗ ਤੋਂ ਬਿਨ੍ਹਾਂ ਵੀ ਇਹ ਖੋਜ-ਕਾਰਜ ਸਿਰੇ ਚੜ੍ਹਨਾ ਨਾ-ਮੁਮਕਿਨ ਸੀ। ਬੱਚੀਆਂ ਦਿਲਸੀਰਤ ਕੌਰ ਅਤੇ ਗੁਰਸਿਫ਼ਤ ਕੌਰ ਦੀ ਮੈਂ ਅਭਾਰੀ ਵੀ ਹਾਂ ਅਤੇ ਦੇਣਦਾਰ ਵੀ ਕਿਉਂਕਿ ਕਾਫ਼ੀ ਵਾਰ ਇਸ ਖੋਜ-ਕਾਰਜ ਦੌਰਾਨ ਮੈਨੂੰ ਉਨ੍ਹਾਂ ਦੀਆਂ ਕਈ ਜ਼ਿੰਮੇਵਾਰੀਆਂ ਤੋਂ ਅਵੇਸਲੇ ਹੋਣਾ ਪਿਆ ਸੀ।

- ਪੰਜਾਬੀ ਯੂਨੀਵਰਸਿਟੀ ਦੇ ਰਿਲੀਜ਼ਨ ਵਿਭਾਗ ਦੇ ਖੋਜਾਰਥੀ ਰਹਿ ਚੁੱਕੇ ਵੀਰ ਜੀ ਡਾ. ਗੁਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਸਨਦੀਪ ਕੌਰ (ਖੋਜਾਰਥਣ) ਤੋਂ ਮਿਲੇ ਸਹਿਯੋਗ ਦਾ ਵੀ ਦੇਣਾ ਨਹੀਂ ਦਿੱਤਾ ਜਾ ਸਕਦਾ।

ਅਮਨਦੀਪ ਕੌਰ

**ਅਮਨਦੀਪ ਕੌਰ**

# ਤਤਕਰਾ


| | ਪੰਨਾ |
|---|---|
| **ਭੂਮਿਕਾ** | I-VI |
| ਅਧਿਆਇ ਪਹਿਲਾ<br>**ਉਦਾਸੀ ਸੰਪਰਦਾਇ : ਜਨਮ, ਸਰੂਪ ਅਤੇ ਵਿਕਾਸ** | 1-75 |
| ਅਧਿਆਇ ਦੂਜਾ<br>**ਉਦਾਸੀ ਸੰਪ੍ਰਦਾਇ ਸਬੰਧੀ ਪ੍ਰਾਪਤ ਖੋਜ-ਕਾਰਜਾਂ ਦਾ ਸਰਵੇਖਣ** | 76-108 |
| ਅਧਿਆਇ ਤੀਜਾ<br>**ਵਿਆਖਿਆਕਾਰੀ : ਸਿਧਾਂਤਕ ਪੱਖ** | 109-157 |
| ਅਧਿਆਇ ਚੌਥਾ<br>**ਗੁਰਬਾਣੀ ਦੀ ਉਦਾਸੀ ਵਿਆਖਿਆਕਾਰੀ : ਨਿਖੜਵੇਂ ਪਹਿਲੂ** | 158-239 |
| **ਸਿੱਟੇ ਅਤੇ ਸਥਾਪਨਾਵਾਂ** | 240-262 |
| **ਪੁਸਤਕ ਸੂਚੀ** | 263-269 |

# ਭੂਮਿਕਾ

ਵਿਆਖਿਆ ਮਨੁੱਖੀ ਬੁੱਧੀ ਨੂੰ ਸੋਧਿਤ ਕਰਨ ਵਾਲਾ ਇਕ ਅਜਿਹਾ ਸਿਰਜਣਾਤਮਕ ਅਮਲ ਹੈ, ਜਿਸ ਵਿੱਚ ਗਿਆਨ, ਬੁੱਧੀ ਅਤੇ ਸ਼ਬਦ-ਸੁਰਤ ਦੀ ਇਕਸੁਰਤਾ ਦਾ ਸੁਮੇਲ ਨਜ਼ਰ ਆਉਂਦਾ ਹੈ। ਵਿਆਖਿਆ ਨੂੰ ਬੌਧਿਕ ਸਮਰੱਥਾ ਅਤੇ ਵਿਹਾਰਕ ਪ੍ਰਕਿਰਿਆ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਜਿਸ ਦਾ ਮੁੱਖ ਮਕਸਦ ਵਿਸਤ੍ਰਿਤ ਰੂਪ ਵਿਚ ਸਪੱਸ਼ਟਤਾ ਸਹਿਤ ਅਰਥਾਂ ਦੀ ਪੇਸ਼ਕਾਰੀ ਕਰਨਾ ਹੁੰਦਾ ਹੈ। ਵਿਆਖਿਆ ਰਾਹੀਂ ਹੀ ਮਨੁੱਖੀ ਬੁੱਧੀ ਅਰਥਾਂ ਤੱਕ ਪਹੁੰਚ ਕਰਦੀ ਹੈ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਅਰਥਾਂ ਦੀ ਵਾਕਫ਼ੀਅਤ ਵਿਆਖਿਆ ਰਾਹੀਂ ਹੀ ਸੰਭਵ ਹੁੰਦੀ ਹੈ। ਧਾਰਮਿਕ ਖੇਤਰ ਵਿਚਲੇ ਜਟਿਲ, ਕਠਿਨ, ਰਹੱਸਮਈ ਅਤੇ ਸੂਤਰਿਕ ਸ਼ੈਲੀ ਵਾਲੇ ਗ੍ਰੰਥਾਂ ਦੇ ਅਰਥਾਂ ਤੱਕ ਪੁੱਜਣ ਲਈ ਵਿਆਖਿਆ ਦੀ ਲੋੜ ਮਹਿਸੂਸ ਹੋਈ। ਇਸ ਲਈ ਸੰਸਾਰ ਦਾ ਹਰ ਧਰਮ ਇਸ ਵਿਆਖਿਆ ਰੂਪੀ ਪ੍ਰਕਿਰਿਆ ਵਿੱਚੋਂ ਗੁਜ਼ਰਿਆ ਹੈ।

ਸਿੱਖ ਧਰਮ ਇੱਕ ਅਜਿਹਾ ਧਰਮ ਹੈ, ਜਿਸਦੀਆਂ ਹੁਣ ਤੱਕ ਕਈ ਵਿਆਖਿਆ ਪ੍ਰਣਾਲੀਆਂ/ਪੱਧਤੀਆਂ (ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪ੍ਰਦਾਈ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ) ਹੋਂਦ ਵਿਚ ਆ ਚੁੱਕੀਆਂ ਹਨ। ਜਿਹਨਾਂ ਵਿੱਚੋਂ ਉਦਾਸੀ ਪ੍ਰਣਾਲੀ ਜਾਂ ਪੱਧਤੀ ਦਾ ਆਪਣਾ ਇੱਕ ਖ਼ਾਸ ਸਥਾਨ ਅਤੇ ਮਹੱਤਵ ਹੈ। ਇਹ ਪ੍ਰਣਾਲੀ ਗੁਰੂ-ਘਰ ਨਾਲ ਨਿਕਟਵਰਤੀ ਰਿਸ਼ਤਾ ਰੱਖਦੀ ਹੈ ਕਿਉਂਕਿ ਇਸ ਦੇ ਸੰਚਾਲਕ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਹਨ।

ਉਦਾਸੀ ਸਾਧੂ ਭਿੰਨ-ਭੇਦ ਤੋਂ ਰਹਿਤ ਹੋ ਕੇ ਗੁਰੂ-ਘਰ ਦਾ ਪ੍ਰਚਾਰ ਕਰਦੇ ਰਹੇ। ਉਹਨਾਂ ਨੇ ਨਾ ਕੇਵਲ ਪ੍ਰਚਾਰ ਹੀ ਕੀਤਾ ਬਲਕਿ ਭਾਰਤ ਅਤੇ ਭਾਰਤ ਤੋਂ ਬਾਹਰ, ਸਿੰਧ, ਕਾਬਲ, ਕੰਧਾਰ, ਅਫ਼ਗਾਨਿਸਤਾਨ ਅਤੇ ਰੂਸ ਤੱਕ ਬਾਬੇ ਨਾਨਕ ਦੇ ਉਪਦੇਸ਼ ਨੂੰ ਪਹੁੰਚਾਇਆ। ਰੂਸ ਵਿਖੇ ਇਕ ਸਿਲਾ ਉੱਪਰ ਉੱਕਰਿਆ ਮੂਲ-ਮੰਤਰ ਉਦਾਸੀ ਸੰਤਾਂ ਦੁਆਰਾ ਕੀਤੇ ਪ੍ਰਚਾਰ ਅਤੇ ਪ੍ਰਸਾਰ ਦੀ ਪ੍ਰਤੱਖ ਗਵਾਹੀ ਭਰਦਾ ਹੈ। ਸਿੱਖ ਇਤਿਹਾਸ ਇਸ ਤੱਥ ਦੀ ਸਾਖ ਵੀ ਭਰਦਾ ਹੈ ਕਿ ਸਤਾਰ੍ਹਵੀਂ-ਅਠਾਰਵੀਂ ਸਦੀ ਦੇ ਅਤਿ ਕਠਿਨ ਸਮੇਂ

ਵਿਚ ਉਦਾਸੀ ਸੰਤਾਂ ਨੇ ਧਾਰਮਿਕ ਸਥਾਨਾਂ ਅਤੇ ਹੋਰ ਕੀਮਤੀ ਧਾਰਮਿਕ ਸਰਮਾਏ ਦੀ ਸੰਭਾਲ ਕਰਕੇ ਸਿੱਖ ਧਰਮ ਦੇ ਗੌਰਵਸ਼ਾਲੀ ਵਿਰਸੇ ਨੂੰ ਕਾਇਮ ਰੱਖਿਆ। ਇਹ ਉਦਾਸੀ ਸਾਧੂ ਉੱਚੀ-ਸੁੱਚੀ ਆਤਮਿਕ ਅਵਸਥਾ ਵਾਲੇ, ਨਿਰਲੇਪ, ਨਾਮ ਦੇ ਰਸੀਏ ਅਤੇ ਸਮਾਜ ਸੇਵੀ ਭਾਵਨਾ ਵਾਲੇ ਹੁੰਦੇ ਸਨ ਅਤੇ ਹਨ। ਇਹਨਾਂ ਸੰਤਾਂ-ਮਹਾਂਪੁਰਖਾਂ ਦਾ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ।

ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ '**ਗੁਰਬਾਣੀ ਵਿਆਖਿਆ ਵਿਚ ਉਦਾਸੀ ਸੰਪਰਦਾਇ ਦਾ ਯੋਗਦਾਨ**' ਹੈ। ਉਦਾਸੀ ਸੰਪਰਦਾਇ ਦੇ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਜਾਂ ਬਾਣੀ ਦੀਆਂ ਪੋਥੀਆਂ ਅਤੇ ਪੰਜ ਗ੍ਰੰਥੀਆਂ ਤਿਆਰ ਕਰਨ ਦੇ ਨਾਲ-ਨਾਲ ਵਿਭਿੰਨ ਟੀਕਿਆਂ, ਪ੍ਰਵਚਨਾਂ ਦੇ ਰੂਪ ਵਿਚ ਵਿਆਖਿਆਕਾਰੀ ਕਾਰਜ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਗੁਰਮਤਿ ਅਤੇ ਉਦਾਸੀ ਮਤ ਦਾ ਵਿਚਾਰਧਾਰਕ ਧਰਾਤਲ ਜਾਂ ਭਾਵ-ਭੂਮੀ ਇੱਕੋ ਹੀ ਹੈ। ਇਸ ਤੋਂ ਇਲਾਵਾ ਗੁਰਮਤਿ ਦੇ ਮੂਲ ਦਾਰਸ਼ਨਿਕ ਨੁਕਤਿਆਂ ਦੀ ਸਹੀ ਵਿਆਖਿਆ ਨੂੰ ਪਹਿਲੋਂ-ਪਹਿਲ ਪੇਸ਼ ਕਰਨ ਦਾ ਸਿਹਰਾ ਵੀ ਉਦਾਸੀ ਸੰਤਾਂ ਨੂੰ ਹੀ ਜਾਂਦਾ ਹੈ।

ਬਾਬਾ ਸ੍ਰੀ ਚੰਦ ਜੀ ਦੀ ਬਾਣੀ ਵਿਚਲੇ ਮੂਲ ਸਿਧਾਂਤਾਂ ਦਾ ਉਨ੍ਹਾਂ ਦੇ ਪਿਤਾ ਗੁਰੂ ਨਾਲ ਕਿਤੇ ਵੀ ਸਿਧਾਂਤਕ ਮਤਭੇਦ ਨਹੀਂ ਹੈ। ਬਾਬਾ ਸ੍ਰੀ ਚੰਦ ਜੀ ਦੀ ਇਹੀ ਵਿਆਖਿਆ ਪਰਿਪਾਟੀ ਉਦਾਸੀ ਸੰਤਾਂ ਦੀ ਪ੍ਰਚਾਰ ਸ਼ੈਲੀ ਬਣੀ।

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ '**ਉਦਾਸੀ ਸੰਪਰਦਾਇ : ਜਨਮ, ਸਰੂਪ ਅਤੇ ਵਿਕਾਸ**' ਹੈ। ਜਿਸ ਦੇ ਅੰਤਰਗਤ ਉਦਾਸੀ ਸੰਪਰਦਾਇ ਦੇ ਨਿਕਾਸ ਅਤੇ ਵਿਕਾਸ ਦੇ ਇਤਿਹਾਸਕ ਕਾਲਕ੍ਰਮ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ। ਉਦਾਸੀ ਸੰਪਰਦਾਇ ਦੇ ਵਿਕਾਸ ਪੜਾਅ ਵਿਚ ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਦੁਆਰਾ ਪਾਏ ਯੋਗਦਾਨ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ। ਵਿਸ਼ਲੇਸ਼ਣ ਕਰਨ ਉਪਰੰਤ ਇਹ ਗੱਲ ਸਾਹਮਣੇ ਆਈ ਹੈ ਕਿ ਵੀਹਵੀਂ ਸਦੀ ਤੋਂ ਪਹਿਲਾਂ ਸਿੱਖਾਂ ਅਤੇ ਉਦਾਸੀਆਂ ਵਿਚਕਾਰ ਸਬੰਧ ਕਾਫ਼ੀ ਸੁਖਾਵੇਂ ਸਨ। ਜਿਸ ਦਾ ਪ੍ਰਤੱਖ ਸਬੂਤ ਬਾਬਾ ਸ੍ਰੀ ਚੰਦ ਅਤੇ ਸਿੱਖ ਗੁਰੂ ਸਹਿਬਾਨਾਂ ਦੁਆਰਾ ਇਕ-ਦੂਜੇ ਪ੍ਰਤੀ ਦਿਖਾਇਆ ਗਿਆ ਮਾਣ/ਸਤਿਕਾਰ ਹੈ। ਪ੍ਰੰਤੂ ਵੀਹਵੀਂ ਸਦੀ ਦੀ

ਪਹਿਲੀ ਚੌਥਾਈ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਲੈ ਕੇ ਇਹਨਾਂ ਸਬੰਧਾਂ ਵਿਚ ਬਹੁਤ ਵੱਡਾ ਪਰਿਵਰਤਨ ਵਾਪਰਿਆ। ਜਿਸ ਦੇ ਸਿੱਟੇ ਵਜੋਂ ਕਈ ਮੋਰਚੇ ਲੱਗੇ। ਇਸ ਅਧਿਆਇ ਵਿਚ ਉਦਾਸੀ ਸੰਪਰਦਾਇ ਦੀ ਉੱਤਪਤੀ, ਇਸ ਦੀ ਪ੍ਰਾਚੀਨਤਾ ਅਤੇ ਇਸ ਸਬੰਧੀ ਪ੍ਰਚਲਿਤ ਹੋਰ ਮਿਥਿਆ-ਮਨੌਤਾਂ ਨੂੰ ਤੱਥਾਂ ਅਤੇ ਸਬੂਤਾਂ ਦੀ ਮੱਦਦ ਨਾਲ ਸੁਲਝਾਉਣ ਦਾ ਯਤਨ ਕੀਤਾ ਗਿਆ ਹੈ।

ਖੋਜ ਪ੍ਰਬੰਧ ਦਾ ਦੂਸਰਾ ਅਧਿਆਇ '**ਉਦਾਸੀ ਸੰਪ੍ਰਦਾਇ ਸਬੰਧੀ ਪ੍ਰਾਪਤ ਖੋਜ-ਕਾਰਜਾਂ ਦਾ ਸਰਵੇਖਣ**' ਹੈ। ਜੇਕਰ ਉਦਾਸੀ ਸੰਪ੍ਰਦਾਇ ਸਬੰਧੀ ਹੋਏ ਉਪਾਧੀ ਸਾਪੇਖ ਖੋਜ-ਕਾਰਜਾਂ ਨੂੰ ਵੇਖਿਆ ਜਾਵੇ ਤਾਂ ਇਸ ਸੰਪਰਦਾਇ ਉੱਪਰ ਦੋ ਡੀ. ਲਿਟ. ਦੇ ਸ਼ੋਧ ਪ੍ਰਬੰਧ ਹੋਏ ਮਿਲਦੇ ਹਨ। 17 ਦੇ ਕਰੀਬ ਪੀਐੱਚ. ਡੀ. ਦੇ ਸ਼ੋਧ ਪ੍ਰਬੰਧ, ਐੱਮ.ਫਿਲ. ਦਾ ਇੱਕ ਨਿਬੰਧ ਪ੍ਰਬੰਧ, ਐੱਮ. ਏ. ਪੱਧਰ ਉੱਪਰ ਵੀ ਇੱਕ ਹੀ ਖੋਜ-ਕਾਰਜ ਦੀ ਸੂਚੀ ਹਾਸਲ ਹੁੰਦੀ ਹੈ। ਉਦਾਸੀ ਕਵੀਆਂ ਜਿਵੇਂ-ਕਵੀ ਗੰਗਾਦਾਸ, ਸੰਤ ਨਿਗਮਾਨੰਦ, ਸੰਤ ਰੇਣ ਅਤੇ ਗੋਪਾਲਦਾਸ ਆਦਿ ਦੀਆਂ ਕਾਵਿਕ ਰਚਨਾਵਾਂ ਵਿਚਲੇ ਸਾਂਸਕ੍ਰਿਤਕ ਅਤੇ ਦਾਰਸ਼ਨਿਕ ਪਰਿਪੇਖ ਉੱਪਰ ਹੀ ਪ੍ਰਮੁੱਖ ਰੂਪ ਵਿਚ ਜ਼ਿਆਦਾ ਖੋਜ ਕਾਰਜ ਹੋਇਆ ਮਿਲਦਾ ਹੈ। ਉਪਾਧੀ ਨਿਰਪੇਖ ਖੋਜ-ਕਾਰਜਾਂ ਜਿਵੇਂ ਆਲੋਚਨਾਤਮਕ ਪੁਸਤਕਾਂ ਅਤੇ ਪੱਤ੍ਰਿਕਾਵਾਂ ਵਿਚਲੇ ਖੋਜ ਪਰਚਿਆਂ ਵਿਚ ਉਦਾਸੀ ਸੰਪ੍ਰਦਾਇ ਦੇ ਇਤਿਹਾਸ ਨੂੰ ਹੀ ਅਗਰਭੂਮੀ ਵਿਚ ਰੱਖਿਆ ਗਿਆ ਹੈ। ਪ੍ਰੰਤੂ ਡਾ. ਰਤਨ ਸਿੰਘ ਜੱਗੀ ਨੇ ਉਦਾਸੀਨ ਟੀਕਾਕਾਰ ਸਵਾਮੀ ਆਨੰਦਘਨ ਦੇ ਟੀਕਿਆਂ ਨੂੰ ਸੰਪਾਦਿਤ ਕਰਕੇ ਉਦਾਸੀ ਵਿਆਖਿਆਕਾਰੀ ਦੇ ਵੱਖਰੇ ਅਤੇ ਨਿਖੜਵੇਂ ਪਛਾਣ-ਚਿੰਨ੍ਹਾਂ ਦੇ ਸਨਮੁੱਖ ਹੋਣ ਵਿੱਚ ਸਹਾਇਤਾ ਪ੍ਰਦਾਨ ਕਰਵਾਈ ਹੈ।

ਖੋਜ ਪ੍ਰਬੰਧ ਦੇ ਤੀਸਰੇ ਅਧਿਆਇ '**ਵਿਆਖਿਆਕਾਰੀ : ਸਿਧਾਂਤਕ ਪੱਖ**' ਅਧੀਨ ਵਿਆਖਿਆਕਾਰੀ ਦੇ ਸਿਧਾਂਤਕ ਪੱਖ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਦੌਰਾਨ ਵਿਆਖਿਆਕਾਰੀ, ਵਿਆਖਿਆਕਾਰੀ : ਅਰਥ ਵਿਸਥਾਰ, ਵਿਆਖਿਆ ਸ਼ਾਸਤਰ, ਵਿਆਖਿਆ ਸ਼ਾਸਤਰ ਦਾ ਕਾਰਜ ਖੇਤਰ, ਪਾਠ (text), ਪ੍ਰਵਚਨ (discourse), ਪ੍ਰਵਚਨ ਕਰਤਾ/ਪ੍ਰਚਾਰਕ, ਸੰਵਾਦਕਾਰ/ ਸੰਵਾਦਕਰਤਾ, ਭਾਰਤੀ ਪ੍ਰਵਚਨ ਸ਼ਾਸਤਰ ਤੋਂ ਇਲਾਵਾ ਭਾਰਤੀ ਵਿਆਖਿਆਕਾਰੀ ਦੇ ਵਿਭਿੰਨ ਪਾਸਾਰ/ ਵਿਭਿੰਨ ਪੱਧਤੀਆਂ (ਨਿਰੁਕਤੀ, ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ, ਉਲਥਾਕਾਰੀ ਅਤੇ ਟੀਕਾਕਾਰੀ)

ਆਦਿ ਸਿਰਲੇਖਾਂ ਅਧੀਨ ਵਿਆਖਿਆਕਾਰੀ ਨਾਲ ਜੁੜੇ ਹਰ ਪੱਖ ਨੂੰ ਸਪਸ਼ਟਤਾ ਸਹਿਤ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਦੇ ਅੰਤ ਵਿਚ ਭਾਰਤੀ ਵਿਆਖਿਆਕਾਰੀ ਦੇ ਵਿਭਿੰਨ ਪਸਾਰਾਂ ਜਾਂ ਪੱਧਤੀਆਂ ਜਿਵੇਂ ਨਿਰੁਕਤੀ, ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ, ਉਲਥਾਕਾਰੀ, ਟੀਕਾਕਾਰੀ, ਭਾਸ਼, ਪਰਮਾਰਥ ਆਦਿ ਨੂੰ ਸਿਧਾਂਤਕ ਅਤੇ ਵਿਹਾਰਕ ਪੱਖੋਂ ਵਿਚਾਰਿਆ ਗਿਆ ਹੈ। ਵਿਹਾਰਕ ਪੱਖੋਂ ਇਹ ਪਹੁੰਚ ਵਿਧੀਆਂ ਇਕਸਾਰ ਅਰਥਾਂ ਦਾ ਗਿਆਨ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ ਪ੍ਰੰਤੂ ਸਿਧਾਂਤਕ ਪੱਖੋਂ ਇਹਨਾਂ ਵਿਚ ਵੱਖਰਤਾ ਪਾਈ ਜਾਂਦੀ ਹੈ।

ਇਸ ਖੋਜ ਕਾਰਜ ਦਾ ਕੇਂਦਰੀ ਧੁਰਾ ਚੌਥਾ ਅਧਿਆਇ ਹੈ। ਇਸ ਅਧਿਆਇ ਦਾ ਨਾਮ '**ਗੁਰਬਾਣੀ ਦੀ ਉਦਾਸੀ ਵਿਆਖਿਆਕਾਰੀ : ਨਿਖੜਵੇਂ ਪਹਿਲੂ**' ਹੈ। ਸਭ ਤੋਂ ਪਹਿਲਾਂ ਇਸ ਅਧਿਆਇ ਵਿਚ ਗੁਰਬਾਣੀ ਦੇ ਉਦਾਸੀ ਵਿਆਖਿਆਕਾਰਾਂ ਨੂੰ ਦੋ ਕਾਲਖੰਡਾਂ ਵਿਚ ਵੰਡ ਕੇ ਵਰਗੀਕ੍ਰਿਤ ਕੀਤਾ ਗਿਆ ਹੈ। ਇਹ ਕਾਲਖੰਡ ਹਨ-

**(ੳ) ਗੁਰੂ-ਕਾਲ ਦੇ ਉਦਾਸੀ ਵਿਆਖਿਅਕਾਰ**

**(ਅ) ਗੁਰੂ ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰ।**

ਗੁਰੂ ਕਾਲ ਦੇ ਉਦਾਸੀ ਵਿਆਖਿਆਕਾਰਾਂ ਵਿਚ ਬਾਬਾ ਸ੍ਰੀ ਚੰਦ ਜੀ (1494-1643), ਬਾਬਾ ਗੁਰਦਿੱਤਾ ਜੀ (1613-1688), ਚਾਰ ਧੂਣਿਆਂ (ਬਾਬਾ ਅਲਮਸਤ, ਬਾਲੂ ਹਸਨਾ, ਫੂਲਸ਼ਾਹ ਅਤੇ ਗੋਇੰਦ ਜੀ) ਅਤੇ ਛੇ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਮੀਹਾਂ ਸ਼ਾਹੀਏ, ਬਖ਼ਤਮੱਲੀਏ ਅਤੇ ਜੀਤ ਮੱਲੀਏ) ਨਾਲ ਸਬੰਧਿਤ ਉਦਾਸੀ ਵਿਆਖਿਆਕਾਰ ਆਉਂਦੇ ਹਨ। ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ ਵਿਚ ਉਹਨਾਂ ਉਦਾਸੀ ਸਾਧੂਆਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਗੁਰੂ ਸਾਹਿਬਾਨ ਤੋਂ ਪਿੱਛੋਂ ਹੋਏ ਹਨ। ਇਹਨਾਂ ਨੂੰ ਆਧੁਨਿਕ ਯੁੱਗ ਦੇ ਉਦਾਸੀ ਵਿਆਖਿਆਕਾਰਾਂ ਦੀ ਕੋਟੀ ਵਿੱਚ ਵੀ ਰੱਖਿਆ ਜਾ ਸਕਦਾ ਹੈ। ਇਹ ਵਿਆਖਿਆਕਾਰ : ਸਾਧੂ ਆਨੰਦਘਨ, ਸਦਾਨੰਦ, ਪੰਡਤ ਹਰਿਪ੍ਰਸਾਦ ਵੈਦਿਕ ਮੁਨੀ, ਬਿਸ਼ਨ ਦਾਸ ਉਦਾਸੀ, ਪਰਮਾਨੰਦ ਆਦਿ ਹਨ।

ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆਤਮਕ ਪ੍ਰਵਿਰਤੀ ਨੂੰ ਦੇਖਣ ਲਈ ਉਹਨਾਂ ਦੀਆਂ ਚਾਰ ਪ੍ਰਮੁੱਖ ਬਾਣੀਆਂ (1) ਆਰਤਾ (2) ਸਹੰਸਰਨਾਮਾ (3) ਗੁਰ ਗਾਇਤ੍ਰੀ (4) ਮਾਤ੍ਰਾ ਬਾਣੀ ਨੂੰ ਆਧਾਰ ਸ੍ਰੋਤ

ਬਣਾਇਆ ਗਿਆ ਹੈ। ਬਾਬਾ ਸ੍ਰੀ ਚੰਦ ਇੱਕ ਉੱਚ-ਕੋਟੀ ਦੇ ਵਿਆਖਿਆਕਾਰ ਅਤੇ ਗਹਿਰ-ਗੰਭੀਰ ਚਿੰਤਕ ਹਨ। ਉਹਨਾਂ ਨੇ ਨਾਨਕ ਬਾਣੀ ਦੀ ਵਿਆਖਿਆ ਨੂੰ ਸਿਰਜਨਾਤਮਕ ਵਿਆਖਿਆ ਰਾਹੀਂ ਪੁਨਰ ਸੁਰਜੀਤ ਕਰਨ ਦਾ ਇੱਕ ਅਨੋਖਾ ਯਤਨ ਕੀਤਾ ਹੈ। ਉਹਨਾਂ ਦੀ ਵਿਆਖਿਆ ਮਹਿਮਾ ਭਰਪੂਰ ਹੈ। ਉਹਨਾਂ ਨੂੰ ਗੁਰੂ ਨਾਨਕ ਪਾਤਸ਼ਾਹ ਵਿੱਚੋਂ ਹੀ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਬਾਬਾ ਸ੍ਰੀ ਚੰਦ ਜੀ ਕਿੰਨੇ ਵੱਡੇ ਵਿਦਵਾਨ ਹਨ? ਇਸ ਗੱਲ ਦਾ ਅੰਦਾਜ਼ਾ ਉਹਨਾਂ ਦੀ ਸੂਤਰਿਕ ਵਿਆਖਿਆ ਵਿਧੀ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮੰਗਲਾਚਰਣ, ਪ੍ਰਸ਼ਨੋਤਰੀ ਸ਼ੈਲੀ, ਕਾਵਿਕ ਸ਼ੈਲੀ, ਪ੍ਰਤੀਕਾਤਮਕਤਾ ਅਤੇ ਯੋਗ ਸਾਧਨਾ ਦੇ ਬੁਨਿਆਦੀ ਸੰਕਲਪਾਂ ਦੀ ਵਿਆਖਿਆ ਉਹਨਾਂ ਦੀ ਵਿਆਖਿਆਕਾਰੀ ਦੇ ਮੁੱਖ ਪਛਾਣ-ਚਿੰਨ੍ਹ ਹਨ। ਬਾਬਾ ਸ੍ਰੀ ਚੰਦ ਜੀ ਤੋਂ ਪਿੱਛੋਂ ਉਹਨਾਂ ਦੇ ਉੱਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਦੇ ਚਾਰ ਮਹਾਂਵਾਕਾਂ ਦੇ ਆਧਾਰ ਉੱਤੇ ਉਹਨਾਂ ਦੁਆਰਾ ਕੀਤੀ ਗੁਰਮਤਿ ਵਿਆਖਿਆ ਨੂੰ ਵਾਚਿਆ ਗਿਆ ਹੈ। ਇਹ ਮਹਾਂਵਾਕ ਬਾਬਾ ਗੁਰਦਿੱਤਾ ਜੀ ਨੇ ਚਾਰ ਧੂਣਿਆਂ ਨੂੰ ਸੁਣਾ ਕੇ ਚਾਰੋਂ ਵੇਦਾਂ ਦੇ ਮਹਾਂਵਾਕਾਂ ਨਾਲ ਗੁਰਬਾਣੀ ਦੇ ਮਹਾਂਵਾਕਾਂ ਦੀ ਪੁਸ਼ਟੀ ਕਰਵਾਈ ਸੀ।

ਚਾਰ ਧੂਣਿਆਂ ਦੁਆਰਾ ਰਚਿਤ ਮਾਤਰਾ ਸਾਹਿਤ ਅਤੇ ਛੇ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਵਿਚੋਂ ਗੁਰਮਤਿ ਵਿਆਖਿਆਕਾਰੀ ਦੇ ਵਿਭਿੰਨ ਰੰਗ ਉੱਭਰਕੇ ਸਾਹਮਣੇ ਆਉਂਦੇ ਹਨ। ਛੇ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਰਾਗਬੱਧ ਹੋ ਕੇ ਪਾਠਕ ਦੇ ਸਨਮੁੱਖ ਪੇਸ਼ ਹੁੰਦੀ ਹੈ। ਇਹਨਾਂ ਬਾਣੀਆਂ ਦੇ ਪ੍ਰਮੁੱਖ ਰਾਗ ਹਨ:- ਸਾਰੰਗ, ਬਿਲਾਵਲ, ਧਨਾਸਰੀ, ਸੋਰਠਿ, ਭੀਮ ਪਲਾਸੀ, ਸ਼ਾਮ ਕਲਿਆਣ ਅਤੇ ਬਿਹਾਗੜਾ ਆਦਿ। ਇਸ ਤੋਂ ਇਲਾਵਾ ਸਲੋਕ, ਸ਼ਬਦ ਅਤੇ ਵਾਰ ਆਦਿ ਕਾਵਿ-ਰੂਪਾਂ ਦੀ ਝਲਕ ਵੀ ਇਹਨਾਂ ਰਚਨਾਵਾਂ ਵਿਚੋਂ ਵੇਖਣ ਨੂੰ ਮਿਲਦੀ ਹੈ। ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਦੇ ਸਾਧੂਆਂ ਦੁਆਰਾ ਪ੍ਰਚਾਰ ਦੌਰਾਨ ਸਿੱਖ ਸੰਗਤ ਨੂੰ ਦਿੱਤਾ ਗਿਆ ਉਪਦੇਸ਼ ਵੀ ਗੁਰਬਾਣੀ ਦੀ ਵਿਆਖਿਆ ਹੋ ਨਿਬੜਦਾ ਹੈ।

ਜਿੱਥੇ ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰਾਂ ਦੀ ਗੁਰਮਤਿ ਵਿਆਖਿਆਕਾਰੀ ਕਾਵਿਕ ਸ਼ੈਲੀ ਰਾਹੀਂ ਸਾਹਮਣੇ ਆਉਂਦੀ ਹੈ ਉੱਥੇ ਗੁਰੂ ਕਾਲ ਤੋਂ ਬਾਅਦ ਦੇ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਵਾਰਤਕ ਸ਼ੈਲੀ ਰਾਹੀਂ ਰੂਪਮਾਨ ਹੁੰਦੀ ਹੈ। ਇਸ ਕਾਲ ਦੇ ਵਿਆਖਿਆਕਾਰਾਂ ਦੁਆਰਾ ਗੁਰਮਤਿ ਵਿਆਖਿਆਕਾਰੀ ਵਿਚ ਪਾਏ ਯੋਗਦਾਨ ਅਤੇ ਉਨ੍ਹਾਂ ਦੀਆਂ ਵਿਆਖਿਆਤਮਕ ਖ਼ੂਬੀਆਂ ਨੂੰ ਉਭਾਰਨ ਦਾ

ਯਤਨ ਇਸ ਹੱਥਲੇ ਖੋਜ-ਕਾਰਜ ਵਿੱਚ ਵਿਸ਼ੇਸ਼ ਤੌਰ ’ਤੇ ਕੀਤਾ ਗਿਆ ਹੈ। ਇਹਨਾਂ ਸਾਧੂ-ਮਹਾਤਮਾਂਵਾਂ ਦੀ ਵਿਆਖਿਆਕਾਰੀ ਵਿਚੋਂ ਉੱਭਰਦੇ ਮੀਰੀ ਗੁਣ ਇਸ ਪ੍ਰਕਾਰ ਹਨ- ਸਾਖ (ਭਾਵ ਕਿਸੇ ਵਿਆਖਿਆ ਦੀ ਪੁਸ਼ਟੀ ਲਈ ਪ੍ਰਮਾਣ) ਦੇਣ ਦੀ ਵਿਧੀ, ਟੀਕਿਆਂ ਦੇ ਆਰੰਭ ਜਾਂ ਅੰਤ ਵਿਚ ਕਾਵਿਮਈ ਟੂਕਾਂ ਦੇਣ ਦਾ ਨਵੀਨ ਯਤਨ, ਦਾਰਸ਼ਨਿਕ ਤੱਥਾਂ ਦਾ ਵਿਸ਼ਲੇਸ਼ਣ, ਨਨੂ-ਜੁਗਤ (ਸ਼ੰਕਾ-ਸਮਾਧਾਨ ਜੁਗਤ) ਦਾ ਪ੍ਰਯੋਗ, ਨਾਨਕ ਬਾਣੀ ਵਿਚ ਖ਼ਾਸ ਦਿਲਚਸਪੀ, ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਦੀ ਪੇਸ਼ਕਾਰੀ, ਜੋਗ-ਮਾਰਗ ਨੂੰ ਰੱਦ ਨਾ ਕਰਕੇ ਨਾਮ-ਮਾਰਗ ਨੂੰ ਪ੍ਰਮੁੱਖਤਾ, ਭਾਰਤੀ ਗਿਆਨ-ਵਿਗਿਆਨ ਦੇ ਵੇਰਵਿਆਂ ਨਾਲ ਟੀਕਿਆਂ ਵਿਚ ਰੌਚਿਕਤਾ, ਅਦਵੈਤਵਾਦੀ ਦ੍ਰਿਸ਼ਟੀਕੋਣ, ਹਰ ਸ਼ਬਦ ਦੀ ਵਿਆਖਿਆ ਵਿਚ ਅਤਿਅੰਤ ਸਪੱਸ਼ਟਤਾ, ਪ੍ਰਤੀਕਾਂ-ਚਿੰਨ੍ਹਾਂ ਨੂੰ ਬਾਰੀਕਬੀਨੀ ਅਤੇ ਸੂਝ-ਬੂਝ ਨਾਲ ਖੋਲ੍ਹਣਾ ਆਦਿ। ਸੋ ਗੁਰਬਾਣੀ ਵਿਆਖਿਆ ਵਿਚ ਉਦਾਸੀ ਸੰਪਰਦਾਇ ਦੁਆਰਾ ਪਾਏ ਯੋਗਦਾਨ ਨੂੰ ਇਸ ਖੋਜ ਕਾਰਜ ਵਿਚ ਵਿਸਤ੍ਰਿਤ ਅਧਿਐਨ ਤਹਿਤ ਪ੍ਰਸਤੁਤ ਕਰਨ ਦਾ ਹਰ ਸੰਭਵ ਯਤਨ ਕੀਤਾ ਗਿਆ ਹੈ।

# ਅਧਿਆਇ ਪਹਿਲਾ

# ਉਦਾਸੀ ਸੰਪਰਾਦਾਇ : ਜਨਮ, ਸਰੂਪ ਅਤੇ ਵਿਕਾਸ

**1.0 ਵਿਸ਼ਾ ਪ੍ਰਵੇਸ਼ :** ਜਿੱਥੇ ਧਰਮ ਮਨੁੱਖੀ ਜੀਵਨ ਦਾ ਮਹੱਤਵਪੂਰਨ ਅੰਗ ਹੈ ਉੱਥੇ ਧਰਮ ਅਤੇ ਸੰਪਰਦਾ ਦਾ ਵੀ ਆਪਸ ਵਿੱਚ ਅਨਿੱਖੜ ਸਬੰਧ ਹੈ। ਜੇਕਰ ਸੰਸਾਰ ਦੇ ਧਾਰਮਿਕ ਇਤਿਹਾਸ ਵੱਲ ਝਾਤ ਮਾਰੀਏ ਤਾਂ ਇਹ ਗੱਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਦੁਨੀਆਂ ਦਾ ਕੋਈ ਵੀ ਧਰਮ ਅਜਿਹਾ ਨਹੀਂ ਜਿਸਦੀ ਕੋਈ ਸੰਪਰਦਾਇ ਨਾ ਚੱਲੀ ਹੋਵੇ। ਸੰਪਰਦਾਵਾਂ ਨੇ ਹਰ ਧਰਮ ਦੇ ਵਿਕਾਸ ਦੀ ਗਤੀ ਨੂੰ ਤੀਬਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅਸਲ ਵਿੱਚ ਸੰਪਰਦਾਵਾਂ ਨੂੰ ਧਰਮ ਦਾ ਗੌਰਵ ਮੰਨਿਆ ਜਾਣਾ ਚਾਹੀਦਾ ਹੈ। ਇਸ ਗੌਰਵ ਸਦਕਾ ਹੀ ਕੋਈ ਧਰਮ ਅੱਗੇ ਵਿਕਾਸ ਕਰਦਾ ਹੈ। ਜਦੋਂ ਸੰਪਰਦਾਵਾਂ ਦੁਆਰਾ ਕੀਤੇ ਵਿਕਾਸ ਨੂੰ ਸੰਸਾਰਿਕ ਪੱਧਰ ਉੱਪਰ ਵਾਚਿਆ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਈਸਾਈ ਧਰਮ ਨੇ ਕੈਥੋਲਿਕ ਅਤੇ ਪ੍ਰੋਟੇਸਟੈਂਟ ਨਾਮੀ ਦੋ ਸੰਪਰਦਾਵਾਂ ਰਾਹੀਂ ਖ਼ੂਬ ਵਿਕਾਸ ਕੀਤਾ। ਅਰਬ ਵਿੱਚ ਇਸਲਾਮ ਧਰਮ ਦੀਆਂ ਸੁੰਨੀ ਅਤੇ ਸ਼ੀਆ ਦੋ ਪ੍ਰਮੁੱਖ ਸੰਪਰਦਾਵਾਂ ਪੈਦਾ ਹੋਣ ਦੇ ਨਾਲ-ਨਾਲ ਇਸ ਧਰਮ ਦੀ 'ਸੂਫ਼ੀਵਾਦ' ਨਾਮੀ ਮਹੱਤਵਪੂਰਨ ਸੰਪਰਦਾ ਨੇ ਇਸ ਦਾ ਫ਼ੈਲਾਅ ਪੂਰੀ ਦੁਨੀਆ ਵਿੱਚ ਕੀਤਾ। ਭਾਰਤ ਦੇ ਪ੍ਰਾਚੀਨ ਹਿੰਦੂ ਧਰਮ ਦੀਆਂ ਵੈਸ਼ਨਵ ਸ਼ੈਵ, ਦਵੈਤਵਾਦੀ ਅਤੇ ਅਦਵੈਤਵਾਦੀ ਆਦਿ ਕਈ ਸਾਖ਼ਾਵਾਂ ਸਾਹਮਣੇ ਆਈਆਂ ਹਨ। ਜੈਨ ਧਰਮ ਸ਼ਵੇਤਾਂਬਰ ਅਤੇ ਦਿਗੰਬਰ ਨਾਮੀ ਦੋ ਸੰਪਰਦਾਵਾਂ ਰਾਹੀਂ ਅੱਗੇ ਵੱਧਦਾ ਹੈ। ਜੈਨ ਧਰਮ ਦੀ ਤਰ੍ਹਾਂ ਬੁੱਧ ਧਰਮ ਦੀਆਂ ਵੀ ਹੀਨਯਾਨ ਅਤੇ ਮਹਾਂਯਾਨ ਦੋ ਸੰਪਰਦਾਵਾਂ ਹੋਂਦ ਵਿੱਚ ਆਈਆਂ। ਇਨ੍ਹਾਂ ਹੋਰਨਾਂ ਧਰਮਾਂ ਦੀ ਤਰ੍ਹਾਂ ਸਿੱਖ ਧਰਮ ਜੋ ਕਿ ਸੰਸਾਰ ਦੇ ਸਭ ਤੋਂ ਨਵੀਨਤਮ ਧਰਮਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਦੀਆਂ ਵੀ ਅਨੇਕਾਂ ਸੰਪਰਦਾਵਾਂ ਪ੍ਰਚਲਿਤ ਹੋਈਆਂ ਹਨ। ਜਿਹਨਾਂ ਵਿੱਚ ਉਦਾਸੀ ਸੰਪਰਦਾ, ਨਿਰਮਲ-ਪੰਥੀ ਸੰਪਰਦਾ, ਸੇਵਾ ਪੰਥੀ ਸੰਪਰਦਾ, ਗਿਆਨੀ ਅਤੇ ਸਿੰਘ ਸਭਾਈ ਆਦਿ ਪ੍ਰਮੁੱਖ ਸੰਪਰਦਾਵਾਂ ਹਨ।

ਵਿਉਂਤਪਤੀ ਦੇ ਦ੍ਰਿਸ਼ਟੀਕੋਣ ਤੋਂ ਸੰਪਰਦਾ ਸ਼ਬਦ ਦਾ ਮੂਲ 'ਦ' ਧਾਤੂ ਹੈ, ਜਿਸ ਦਾ ਅਰਥ ਹੈ ਦੇਣਾ। 'ਦ' ਦੇ ਅੱਗੇ ਦੋ ਅਗੇਤਰ ਸੰ ਅਤੇ ਪ੍ਰ ਹਨ। ਇਹਨਾਂ ਦੋ ਅਗੇਤਰਾਂ ਦੇ ਮੇਲ ਨਾਲ ਸ਼ਬਦ ਸੰਪਰਦਾਇ

ਹੋਂਦ ਵਿੱਚ ਆਇਆ। ਇਸ ਸਮੁੱਚੇ ਸ਼ਬਦ ਦਾ ਅਰਥ ਹੈ ਸੰਸਕ੍ਰਿਤੀ ਵਿੱਚੋਂ ਜੋ ਲਿਆ ਉਹ ਦੂਸਰਿਆ ਨੂੰ ਦੇਣਾ।[1] ਮਹਾਨ ਕੋਸ਼ ਵਿੱਚ ਸੰਪ੍ਰਦਾ/ਸੰਪ੍ਰਦਾਯ ਸ਼ਬਦ ਦੇ ਅਰਥ ਚੰਗੀ ਤਰ੍ਹਾਂ ਦੇਣ ਦੀ ਕ੍ਰਿਯਾ, ਉਪਦੇਸ਼ ਵਿਦਯਾ ਆਦਿ ਦਾ ਸਿਲਸਿਲੇਵਾਰ ਦੇਣ ਦਾ ਕਰਮ, ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤਿ, ਪਰੰਪਰਾ ਤੋਂ ਚਲੀ ਧਰਮ ਰੀਤਿ, ਗੁਰੂ ਚੇਲੇ ਦੀ ਪੱਧਤਿ, ਗੁਰ ਉਪਦੇਸ਼ ਧਾਰਨ ਕਰਨ ਵਾਲੀ ਜਮਾਤ, ਕਿਸੇ ਵਿਚਾਰ ਜਾਂ ਸਿਧਾਂਤ ਦੇ ਸਬੰਧ ਵਿੱਚ ਇੱਕੋ ਹੀ ਤਰ੍ਹਾਂ ਦੇ ਵਿਚਾਰ ਜਾਂ ਮੱਤ ਰੱਖਣ ਵਾਲੇ ਲੋਕਾਂ ਦਾ ਵਰਗ ਆਦਿ ਕੀਤੇ ਗਏ ਹਨ।[2] ਇਸ ਤਰ੍ਹਾਂ ਸੰਪਰਦਾ ਤੋਂ ਭਾਵ ਹੋਇਆ, ਉਹਨਾਂ ਲੋਕਾਂ ਦਾ ਇਕੱਠ/ਸਮੂਹ ਜਾਂ ਵਰਗ ਜੋ ਵਿਚਾਰਧਾਰਕ, ਸਿਧਾਂਤਕ ਅਤੇ ਵਿਵਹਾਰਕ ਤੌਰ ਤੇ ਇੱਕੋ ਜਿਹਾ ਜੀਵਨ ਬਤੀਤ ਕਰਦੇ ਹਨ।

ਈਸਾਈ ਧਰਮ ਵਿੱਚ ਅਲੱਗ ਅਲੱਗ ਫਿਰਕਿਆਂ ਲਈ Sect ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਅੰਗਰੇਜ਼ੀ ਸ਼ਬਦ Sect ਲਈ ਪੰਜਾਬੀ ਵਿੱਚ ਸੰਪਰਦਾ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਸੰਪਰਦਾ ਦੀ ਉਤਪੱਤੀ ਦੇ ਕਾਰਨਾਂ ਨੂੰ Dictionary of Social Sciences ਵਿੱਚ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ :

> 'ਸੰਪਰਦਾ ਇੱਕ ਅਜਿਹਾ ਸੰਗਠਨ ਹੈ ਜੋ ਵਿਦਰੋਹ ਦੇ ਤੌਰ ਤੇ ਪੈਦਾ ਹੁੰਦਾ ਹੈ ਅਤੇ ਆਮ ਤੌਰ ਤੇ ਦੂਸਰੇ ਧਰਮ ਤੋਂ ਵੱਖਰਾ ਹੁੰਦਾ ਹੈ। ਸੰਪਰਦਾ ਆਪਣੇ ਮੈਂਬਰਾਂ ਦੀਆਂ ਉਹਨਾਂ ਧਾਰਮਿਕ ਰਸਮਾਂ, ਰੀਤਾਂ, ਵਿਸ਼ਵਾਸ਼ ਤੇ ਨੈਤਿਕ ਵਿਧਾਨਾਂ ਦੀ ਨੁਮਾਇੰਦਗੀ ਕਰਦੀ ਹੈ, ਜੋ ਮੁੱਢਲੇ ਤੇ ਅਸਲੀ ਧਰਮ ਵੱਲ ਇੱਕ ਮੋੜ ਹੁੰਦਾ ਹੈ, ਇਸ ਤੋਂ ਭਾਵ ਇਹ ਹੋਇਆ ਕਿ ਸੰਪਰਦਾ ਧਰਮ ਦੇ ਮੁੱਢਲੇ ਰੂਪ ਨੂੰ ਸ਼ੁੱਧ ਕਰਨ ਲਈ ਯਤਨਸ਼ੀਲ ਹੁੰਦੀ ਹੈ।'[3]

ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਕਿ ਅਕਸਰ ਸੰਪਰਦਾਵਾਂ ਦਾ ਜਨਮ ਧਰਮ ਵਿੱਚ ਪੈਦਾ ਹੋਈਆਂ ਧਾਰਮਿਕ ਕੁਰੀਤੀਆਂ ਅਤੇ ਇਸਦੇ ਅਨੁਯਾਈਆਂ ਦੁਆਰਾ ਮੁੱਖ ਧਰਮ ਦੇ ਆਦਰਸ਼ਾਂ ਤੋਂ ਕਿਨਾਰਾ ਕਰਨ ਦੇ ਸਿੱਟੇ ਵਜੋਂ ਹੁੰਦਾ ਹੈ। ਕਈ ਵਾਰ ਸਿਧਾਂਤਕ ਮਤਭੇਦਤਾ ਵੀ ਸੰਪਰਦਾਵਾਂ ਦੇ ਜਨਮ ਦਾ ਕਾਰਨ ਬਣਦੀ ਹੈ। ਪ੍ਰੰਤੂ ਇੱਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਸਿੱਖ ਧਰਮ ਵਿਚਲੀਆਂ ਸੰਪਰਦਾਵਾਂ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਨ੍ਹਾਂ ਦੀ ਉਤਪੱਤੀ ਕਿਸੇ ਸਿਧਾਂਤਕ ਮਤਭੇਦਾਂ ਜਾਂ ਕਿਸੇ ਧਾਰਮਿਕ ਕੁਰੀਤੀਆਂ ਕਾਰਨ ਨਹੀਂ

ਹੋਈ ਬਲਕਿ ਇਹ ਸੰਪਰਦਾਵਾਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਪੈਦਾ ਹੋਈਆਂ ਹਨ।

ਸਿੱਖ ਧਰਮ ਦੀਆਂ ਵੱਖ-ਵੱਖ ਸੰਪਰਦਾਵਾਂ ਨੇ ਇਸ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਇਹਨਾਂ ਸੰਪਰਦਾਵਾਂ ਵਿੱਚੋਂ ਉਦਾਸੀ ਸੰਪਰਦਾਇ ਸਭ ਤੋਂ ਪ੍ਰਾਚੀਨ ਸੰਪਰਦਾ ਹੋਣ ਦੇ ਨਾਲ ਨਾਲ ਸਿੱਖ ਸੰਪਰਦਾਵਾਂ ਵਿੱਚੋਂ ਪ੍ਰਥਮ ਸਥਾਨ ਵੀ ਰੱਖਦੀ ਹੈ। ਦੂਸਰੇ ਸ਼ਬਦਾਂ ਵਿੱਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਦਾਸੀ ਸੰਪਰਦਾਇ ਸਿੱਖ ਧਰਮ ਦਾ ਪਹਿਲਾ ਮਹੱਤਵਪੂਰਨ ਪ੍ਰਚਾਰਕ ਸਕੂਲ ਹੈ। ਇਸ ਮਿਸ਼ਨਰੀ ਸੰਪਰਦਾਇ ਦੀ ਬਦੌਲਤ ਹੀ ਗੁਰਮਤਿ ਵਿਚਾਰਧਾਰਾ ਨੂੰ ਭਾਰਤ ਸਮੇਤ ਵਿਦੇਸ਼ਾਂ ਵਿੱਚ ਫ਼ੈਲਣ ਦਾ ਅਵਸਰ ਪ੍ਰਾਪਤ ਹੋਇਆ।

### 1.1 ਉਦਾਸੀ ਸ਼ਬਦ ਦਾ ਅਰਥ :

'ਉਦਾਸੀ' ਸ਼ਬਦ ਨੂੰ ਵੱਖ-ਵੱਖ ਵਿਦਵਾਨਾਂ ਦੁਆਰਾ ਵਿਭਿੰਨ ਢੰਗਾਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਅਸਲ ਵਿੱਚ 'ਉਦਾਸੀਨ' ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਉਦਾਸ' ਤੋਂ ਬਣਿਆ ਹੈ। ਇਹ ਦੋ ਸ਼ਬਦਾਂ (ਉਦ+ਆਸੀਨ) ਦਾ ਸੰਯੋਗ ਹੈ। 'ਉਦ' ਦਾ ਅਰਥ ਸਰਬ ਸ੍ਰੇਸ਼ਟ ਹੈ ਜੋ ਕਿ ਪਾਰਬ੍ਰਹਮ ਦਾ ਸੂਚਕ ਹੈ। 'ਆਸੀਨ' ਸ਼ਬਦ ਸਥਾਨ ਜਾਂ ਸਥਿਤੀ ਲਈ ਵਰਤਿਆ ਗਿਆ ਹੈ। ਇਸ ਤਰ੍ਹਾਂ ਇਸ ਦਾ ਭਾਵ ਹੋਇਆ ਪਾਰਬ੍ਰਹਮ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਉੱਤਮ ਸਥਿਤੀ।

ਮਹਾਨਕੋਸ਼ ਵਿੱਚ ਉਦਾਸੀ ਜਾਂ ਉਦਾਸੀਨ ਦੋਵਾਂ ਸ਼ਬਦਾਂ ਨੂੰ ਇੱਕ ਮੰਨਦਿਆਂ ਉਦਾਸੀ/ਉਦਾਸੀਨ ਦਾ ਅਰਥ ਉਪਰਾਮਤਾ, ਵਿਰਕਤਤਾ ਕੀਤਾ ਗਿਆ ਹੈ। ਇਸ ਦਾ ਆਰੰਭ ਬਾਬਾ ਸ੍ਰੀ ਚੰਦ ਜੀ ਤੋਂ ਹੋਇਆ ਮੰਨਿਆ ਗਿਆ ਹੈ।[4] ਸ੍ਰੀ ਗੁਰੂ ਨਾਨਕ ਸਾਹਿਬ ਨੇ ਜਗਤ ਜਲੰਦੇ ਨੂੰ ਸ਼ਾਤੀ ਦੇਣ ਲਈ ਦੇਸ਼ਾਤਰੀ ਵਿਚਰਨ ਵਾਸਤੇ ਸੰਤ ਬਾਣਾ ਧਾਰਨ ਕੀਤਾ ਅਤੇ ਜਿਸ ਦੇ ਲਿਬਾਸ ਨੂੰ ਬਾਬਾ ਸ੍ਰੀ ਚੰਦ ਜੀ ਨੇ ਅੰਗੀਕਾਰ ਕਰ ਕੇ ਪ੍ਰਚਾਰਕਾਂ ਦੀ ਜਮਾਤ ਬਣਾਈ, ਉਸ ਦੀ ਵੀ ਉਦਾਸੀ ਸੰਗਿਆ ਹੈ।[5] ਉਦਾਸੀ ਵਿਦਵਾਨ ਮਹੰਤ ਅਨੰਤਾਨੰਦ ਉਦਾਸੀਨ ਨੇ ਉਦਾਸੀ ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ,

> "ਉਦਾਸੀਨ ਸ਼ਬਦ ਇੱਕ ਬਹੁਅਰਥੀ ਸ਼ਬਦ ਹੈ। ਸਧਾਰਨ ਰੂਪ ਵਿੱਚ ਇਸ ਸ਼ਬਦ ਦਾ ਅਰਥ ਬਿਰਕਤ, ਨਿਰਪੱਖ ਸੰਨਿਆਸੀ, ਬੈਰਾਗੀ, ਪੰਚ ਅਤੇ ਤੀਜਾ ਵਿਅਕਤੀ

ਹੈ।.......ਜੋ ਵਿਅਕਤੀ ਸੰਸਾਰ ਦੇ ਹਰ ਤਰ੍ਹਾਂ ਦੇ ਸੁਆਰਥ, ਰਾਗ-ਦਵੈਸ਼, ਸੁੱਖ-ਦੁੱਖ, ਲੋਭ-ਮੋਹ, ਆਪਣਾ ਪਰਾਇਆ, ਮਾਨ ਅਪਮਾਨ ਅਤੇ ਹਰ ਤਰ੍ਹਾਂ ਦੇ ਦਵੰਦਾਂ ਤੋਂ ਪਰੇ ਹਟਕੇ ਸਾਰੇ ਜੱਗ ਦੇ ਪ੍ਰਾਣੀ ਮਾਤਰ ਨੂੰ ਆਪਣਾ ਸਮਝਣ ਲੱਗ ਪੈਂਦਾ ਹੈ। ਇਸ ਹਾਲਤ ਵਿੱਚ ਅੱਪੜ ਕੇ ਅਸਲ ਵਿੱਚ ਮਨੁੱਖ ਉਦਾਸੀਨ ਕਹਾਉਣ ਦਾ ਸੱਚਾ ਅਧਿਕਾਰੀ ਹੈ। ਇਹੀ ਉਹ ਸਰਬਉੱਚ ਅਸਥਾਨ ਹੈ, ਜਿੱਥੇ ਅਪੜਿਆ ਵਿਅਕਤੀ ਉਦਾਸੀਨ ਅਖਵਾਉਂਦਾ ਹੈ।"[6]

ਇਸ ਪ੍ਰਕਾਰ ਉਦਾਸੀ ਨੂੰ ਉੱਚ-ਪੱਧਰੀ ਅਧਿਆਤਮਕ ਦ੍ਰਿਸ਼ਟੀ ਦਾ ਧਾਰਨੀ ਵਿਅਕਤੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਪਰਿਭਾਸ਼ਾ ਵਿੱਚ 'ਉਦਾਸੀਨਤਾ' ਦੇ ਲੱਛਣ ਬਿਲਕੁਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸ਼ਬਦ 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ॥.......ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥(ਸੋਰਠਿ ਮਹਲਾ੯)ਨਾਲ ਮਿਲਦੇ ਹਨ ਕਿ ਉਦਾਸੀ ਸੁੱਖ-ਦੁੱਖ, ਮਾਨ-ਅਪਮਾਨ, ਮਿੱਟੀ ਅਤੇ ਸੋਨੇ ਨੂੰ ਇਕ ਸਮਾਨ ਸਮਝਦਿਆਂ ਹਰ ਅਵਸਥਾ ਵਿੱਚ ਬੇਲਾਗ ਭਾਵ ਪੱਖਪਾਤਹੀਣ ਰਹਿੰਦਾ ਹੈ।

ਗੁਰਮਤਿ ਵਿੱਚ 'ਉਦਾਸੀ' ਸ਼ਬਦ ਦਾ ਪ੍ਰਯੋਗ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਅਰਥਾਤ ਯਾਤਰਾਵਾਂ, ਯਾਤਰਾਵਾਂ ਸਮੇਂ ਉਦਾਸੀ ਭੇਖ ਅਤੇ ਸੰਪਰਦਾਇ ਵਿਸ਼ੇਸ਼ ਦੇ ਰੂਪ ਵਿੱਚ ਹੋਇਆ ਹੈ। ਗੁਰੂ ਨਾਨਕ ਸਾਹਿਬ ਨੇ ਲੋਕਾਈ ਦੇ ਕਲਿਆਣ ਹਿੱਤ ਚਾਰੋਂ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਜਾਂ ਯਾਤਰਾਵਾਂ ਕੀਤੀਆਂ ਸਨ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਵੱਖਰਾ-ਵੱਖਰਾ ਭੇਖ ਧਾਰਨ ਕੀਤਾ। ਜਿਸ ਦਾ ਜ਼ਿਕਰ ਪੁਰਾਤਨ ਜਨਮ ਸਾਖੀ ਵਿੱਚ ਕੀਤਾ ਮਿਲਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਉਦਾਸੀ ਦੀ ਪਿਰਤ ਪਾਉਣ ਦੀ ਗਵਾਹੀ ਭਰੀ ਹੈ- "ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ।।" (ਵਾਰ ਪਹਿਲੀ) ਇਸ ਤੋਂ ਇਲਾਵਾ ਪੁਰਾਤਨ ਜਨਮ ਸਾਖੀ ਵਿੱਚ ਗੁਰੂ ਜੀ ਦੇ ਉਦਾਸੀਆਂ ਦੌਰਾਨ ਭੇਖ-ਸਬੰਧੀ ਇਸ ਤਰ੍ਹਾਂ ਜ਼ਿਕਰ ਕੀਤਾ ਹੈ -

"ਪ੍ਰਿਥਮੇ ਉਦਾਸੀ ਕੀਤੀ ਪੂਰਬ ਕੀ। ਤਿਤ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ। ਤਦਹੁੰ ਕੁ ਪਉਣੂ ਅਹਾਰੁ ਕੀਆ। ਪਹਿਰਾਵਾ ਬਾਬੇ ਕਾ ਏਕ ਬਸਤਰ ਅੰਬੋਆ ਏਕ

ਬਸਤਰੁ ਚਿੱਟਾ। ਏਕ ਪੈਰ ਜੁੱਤੀ ਏਕ ਪੈਰ ਖਉਸ। ਗਲ ਖਫਨੀ ਸਿਰ ਟੋਪੀ ਕਲੰਦਰੀ।

ਮਾਲਾ ਹੱਡਾਂ ਕੀ। ਮੱਥੇ ਤਿਲਕ ਕੇਸਰ ਕਾ।"[7]

ਗੁਰਬਾਣੀ ਵਿੱਚ ਉਦਾਸੀ ਸ਼ਬਦ ਦਾ ਪ੍ਰਯੋਗ ਇਸ ਪ੍ਰਕਾਰ ਕੀਤਾ ਗਿਆ ਹੈ-

ਹਰਿ ਕੀ ਭਗਤਿ ਰਹੇ ਬੈਰਾਗੀ ਚੂਕੇ ਮੋਹ ਪਿਆਸਾ।।

ਨਾਨਕ ਹਉਮੈ ਮਾਰ ਪਤੀਣੈ ਵਿਰਲੇ ਦਾਸ ਉਦਾਸਾ।। (ਆਸਾ ਮਹਲਾ ਪਹਿਲਾ, ਛੰਤ)

..............................................................

ਗੁਰਬਚਨੀ ਬਾਹਰ ਘਰ ਏਕੋ ਨਾਨਕ ਭਏ ਉਦਾਸੀ।। (ਮਾਰੂ ਮਹਲਾ ਪਹਿਲਾ)

..............................................................

ਵਿਚ ਗ੍ਰਹਿ ਸਦਾ ਰਹੇ ਉਦਾਸੀ ਜਿਉ ਕਮਲ ਰਹੈ ਵਿੱਚ ਪਾਣੀ ਹੇ।

ਸੋ ਗਿਰਹੀ ਸੋ ਦਾਸ ਉਦਾਸੀ ਜਿਨ ਗੁਰਮਖ ਆਪ ਪਛਾਣਿਆ।

ਨਾਨਕ ਕਹੈ ਅਵਰ ਨਹੀਂ ਦੂਜਾ, ਸਾਚੁ ਸਬਦ ਮਨ ਮਾਨਿਆ। (ਪ੍ਰਭਾਤੀ ਮਹਲਾ, ਪਹਿਲਾ)

ਇਹਨਾਂ ਤੁਕਾਂ ਵਿੱਚ ਉਦਾਸੀ ਸ਼ਬਦ ਨੂੰ ਮੂਲ ਰੂਪ ਵਿੱਚ ਅਧਿਆਤਮਿਕ ਸੰਦਰਭ ਵਿੱਚ ਵਰਤਿਆ ਗਿਆ ਹੈ, ਜਿਸ ਅਨੁਸਾਰ ਤਿਆਗ, ਉਪਰਾਮਤਾ, ਸਵੈ ਪ੍ਰਕਾਸ਼ ਦੇ ਅਰਥ ਸੰਚਾਰਿਤ ਹੁੰਦੇ ਹਨ। ਗੁਰਬਾਣੀ ਅਨੁਸਾਰ ਅਜਿਹਾ ਉਦਾਸੀ ਸਮਾਜਿਕ-ਰਾਜਨੀਤਿਕ ਸਰੋਕਾਰਾਂ ਦੀ ਚੇਤਨਾ ਸਹਿਤ ਰੂਹਾਨੀ ਪੱਧਰ ’ਤੇ ਜਾਗਿਆ ਹੋਇਆ ਗੁਰਮੁੱਖ ਹੈ ਜੋ ਜਗਤ ਦੇ ਬਾਹਰਮੁੱਖੀ ਪਰਪੰਚ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੋਇਆ ਵੀ ਇਸ ਦੇ ਪ੍ਰਭਾਵਾਂ ਨੂੰ ਆਪਣੀ ਆਤਮਿਕ ਆਭਾ ’ਤੇ ਹਾਵੀ ਨਹੀਂ ਹੋਣ ਦਿੰਦਾ।[8]

ਸਿੱਖ ਜਗਤ ਵਿੱਚ ਉਦਾਸੀ ਸ਼ਬਦ ਨੂੰ ਸੰਸਾਰਿਕ ਨਿਰਲੇਪਤਾ ਦੇ ਅਰਥਾਂ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਮਨੋਬਿਰਤੀ ਅਧੀਨ ਉਦਾਸੀ ਸਾਧਕ ਹਰ ਤਰ੍ਹਾਂ ਦੇ ਵੈਰ-ਵਿਰੋਧ, ਵਿਸ਼ੇ-ਵਿਕਾਰਾਂ ਅਤੇ ਹਰਖ ਸੋਗ ਤੋਂ ਪਰੇ ਰਹਿੰਦਾ ਹੈ। ਇਥੇ ਸੰਸਾਰਿਕ ਨਿਰਲੇਪਤਾ ਤੋਂ ਭਾਵ ਸੰਸਾਰ ਤੋਂ ਕਿਨਾਰਾ ਕਰਨਾ ਨਹੀਂ ਬਲਕਿ ਸੰਸਾਰ ਵਿੱਚ ਰਹਿੰਦਿਆਂ ਇਸ ਵਿੱਚ ਖਚਿਤ ਨਾ ਹੋਣਾ ਹੈ। ਜਦੋਂ ਉਦਾਸੀ ਮੱਤ ਨੂੰ ਵਿਸ਼ਾਲ ਦ੍ਰਿਸ਼ਟੀ ਤੋਂ ਵਾਚਿਆ ਜਾਂਦਾ ਹੈ ਤਾਂ ਸੁਰਤ ਦੇ ਮੰਡਲ ਵਿੱਚ ਗੁਰਮਤਿ ਅਤੇ ਉਦਾਸੀ ਮੱਤ ਦੀ ਇਕਸੁਰਤਾ ਨਜ਼ਰ ਆਉਂਦੀ ਹੈ। ਕੇਵਲ ਗ੍ਰਹਿਸਥੀ ਹੋਣਾ ਗੁਰਮਤਿ ਦੀ ਮੰਜ਼ਿਲ ਨਹੀਂ, ਸਗੋਂ ਗ੍ਰਹਿਸਥੀ ਹੁੰਦਿਆਂ ਉਦਾਸੀ ਹੋਣਾ

ਗੁਰਮਤਿ ਦੀ ਮੰਜ਼ਿਲ ਹੈ।[9] ਗੁਰਮਤਿ ਮਾਰਗ ਅਸਲ ਵਿੱਚ ਪਰਵਿਰਤੀ ਅਤੇ ਨਿਰਵਿਰਤੀ, ਭੋਗ ਅਤੇ ਜੋਗ, ਗ੍ਰਹਿਸਥ ਅਤੇ ਸੰਨਿਆਸ ਦੇ ਸੰਤੁਲਿਤ ਸੁਮੇਲ ਦਾ ਮਾਰਗ ਹੈ। ਨਾ ਤਾਂ ਗ੍ਰਹਿਸਥ ਵਿਚ ਅਤਿ ਦੀ ਖਚਿਤਤਾ ਪ੍ਰਵਾਨ ਹੈ ਅਤੇ ਨਾ ਹੀ ਅਤਿ ਦੇ ਤਿਆਗ ਦੀ ਰੁਚੀ ਹੀ ਪ੍ਰਵਾਨ ਹੈ। ਇਸ ਵਿੱਚ ਸਾਧਕ ਦੁਨਿਆਵੀ ਕਾਰ-ਵਿਹਾਰ ਨਿਭਾਉਂਦਿਆ ਵੀ 'ਗਿਰਹੀ ਮਾਹਿ ਉਦਾਸੀ' ਦੀ ਬਿਰਤੀ ਧਾਰਨ ਕਰਦਾ ਹੈ ਅਤੇ ਕੰਵਲ ਦੇ ਫੁੱਲ ਵਾਂਗ ਨਿਰਲੇਪ ਰਹਿੰਦਾ ਹੈ। ਸੋ ਇਸ ਤਰ੍ਹਾਂ ਅਧਿਆਤਮਕ ਦ੍ਰਿਸ਼ਟੀ ਤੋਂ ਬੈਰਾਗ ਜਾਂ ਵਿਰਕਤ ਬਿਰਤੀ ਦਾ ਧਾਰਨੀ ਹੋ ਜਾਣਾ ਧਰਮ ਵੱਲ ਪੁੱਟਿਆ ਪਹਿਲਾ ਕਦਮ ਹੈ।

ਉਪਰੋਕਤ ਸਾਰੀਆਂ ਧਾਰਨਾਵਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ 'ਉਦਾਸੀ' ਸ਼ਬਦ ਸਾਧਕ ਦੀ ਇੱਕ ਅਜਿਹੀ ਉੱਚ ਮਾਨਸਿਕ ਅਵਸਥਾ ਜਾਂ ਉੱਚ-ਪੱਧਰੀ ਅਧਿਆਤਮਕ ਦ੍ਰਿਸ਼ਟੀ ਨਾਲ ਜੁੜਿਆ ਹੈ, ਜਿਸ ਵਿੱਚ ਸੁੱਖ-ਦੁੱਖ, ਮਾਨ-ਅਪਮਾਨ, ਮਿੱਟੀ ਅਤੇ ਸੋਨੇ ਨੂੰ ਇੱਕ ਸਮਾਨ ਸਮਝਦਿਆਂ ਉਸ ਦੇ ਸਾਰੇ ਦਵੰਦ ਮਿਟ ਜਾਂਦੇ ਹਨ ਅਤੇ ਸਾਧਕ ਵਿਰਕਤ ਜਾਂ ਉਪਰਾਮ ਬਿਰਤੀ ਦਾ ਧਾਰਨੀ ਹੋ ਜਾਂਦਾ ਹੈ। ਇਹ ਉਪਰਾਮਤਾ ਕੇਵਲ ਮਨ ਦੇ ਤਲ ਉੱਪਰ ਵਾਪਰਦੀ ਹੈ ਅਤੇ ਸਾਧਕ ਸੰਸਾਰਿਕ ਮੋਹ-ਮਾਇਆ ਨੂੰ ਆਪਣੀ ਆਤਮਿਕ ਆਭਾ ਉੱਪਰ ਹਾਵੀ ਨਹੀਂ ਹੋਣ ਦਿੰਦਾ।

### 1.2 **ਉਦਾਸੀ ਸੰਪਰਦਾਇ ਦਾ ਉਦਭਵ** :

ਉਦਾਸੀ ਸੰਪਰਦਾਇ ਦੇ ਉਦਭਵ ਸੰਬੰਧੀ ਵਿਦਵਾਨ ਵੱਖ-ਵੱਖ ਵਿਚਾਰਾਂ ਦੇ ਧਾਰਨੀ ਹਨ। ਉਦਾਸੀ ਸੰਪਰਦਾ ਦੇ ਉਦਭਵ ਅਤੇ ਇਸ ਦੀ ਪ੍ਰਾਚੀਨਤਾ ਸਬੰਧੀ ਦੋ ਮੱਤ ਉੱਭਰ ਕੇ ਸਾਹਮਣੇ ਆਉਂਦੇ ਹਨ। ਪਹਿਲੇ ਮੱਤ ਵਿੱਚ ਉਦਾਸੀ ਵਿਦਵਾਨ 'ਉਦਾਸੀਨ' ਸ਼ਬਦ ਦੇ ਸੰਸਕ੍ਰਿਤ ਭਾਸ਼ਾ ਵਿੱਚੋਂ ਆਏ ਹੋਣ ਕਾਰਨ ਇਸ ਦਾ ਸਬੰਧ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜਦੇ ਹੋਏ ਇਸ ਨੂੰ ਪੁਰਾਤਨ ਅਤੇ ਸਨਾਤਨ ਸੰਪਰਦਾ ਮੰਨਦੇ ਹਨ। ਇਸ ਵਿਚਾਰ ਨੂੰ ਸਿੱਧ ਕਰਨ ਲਈ ਉਹ ਪਦਮ ਪੁਰਾਣ, ਬ੍ਰਹਮ ਸੂਤਰ, ਸ੍ਰੀ ਮਦ ਭਗਵਤ ਗੀਤਾ, ਰਮਾਇਣ ਅਤੇ ਮਹਾਂਭਾਰਤ ਆਦਿ ਗ੍ਰੰਥਾਂ ਵਿੱਚ ਜਿੱਥੇ ਕਿਤੇ ਵੀ ਉਦਾਸੀ ਜਾਂ ਉਦਾਸੀਨ ਸ਼ਬਦ ਦਾ ਪ੍ਰਯੋਗ ਹੋਇਆ ਹੈ, ਉਸਨੂੰ ਅਧਾਰ ਬਣਾਉਂਦੇ ਹਨ। ਇਸ ਨੂੰ ਅਤਿ ਪ੍ਰਾਚੀਨ ਸੰਪਰਦਾਇ ਸਾਬਿਤ ਕਰਨ ਲਈ ਜਿਹੜੇ ਵਿਦਵਾਨ ਇਸ ਸੰਪਰਦਾਇ ਨਾਲ ਸਬੰਧ ਰੱਖਦੇ ਹਨ। ਉਹ ਇਸ ਦੀ ਉਤਪੱਤੀ ਬ੍ਰਹਮਾ ਜੀ ਦੇ ਚਾਰ

ਪੁੱਤਰਾਂ ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਤੋਂ ਹੋਈ ਮੰਨਦੇ ਹਨ। ਇਸ ਧਾਰਨਾ ਸਬੰਧੀ ਅਚਾਰਯ ਡਾ. ਕਿਸ਼ੋਰ ਦਾਸ ਸਵਾਮੀ ਲਿਖਦੇ ਹਨ,

> "ਉਦਾਸੀਆਂ ਦੀ ਪਰੰਪਰਾ ਪੁਰਾਤਨ ਅਤੇ ਸਨਾਤਨ ਹੈ। ਉਸਦੇ ਸੰਚਾਲਕ ਬ੍ਰਹਮਾ ਦੇ ਮਾਨਸ ਪੁੱਤਰ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਹਨ।"[10]

ਪਰੰਤੂ ਜਿਸ 'ਉਦਾਸੀਨ' ਸ਼ਬਦ ਦਾ ਪ੍ਰਯੋਗ ਵਿਦਵਾਨ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜ ਕੇ ਕਰਦੇ ਹਨ। ਉਹ ਅਸਲ ਵਿੱਚ ਪ੍ਰਾਚੀਨ 'ਉਦਾਸੀ ਭੇਖ' ਹੈ ਨਾ ਕਿ ਉਦਾਸੀ ਸੰਪਰਦਾ। ਦਰਅਸਲ ਇਹ ਪ੍ਰਾਚੀਨ ਉਦਾਸੀ ਭੇਖ ਚਾਰ ਆਸ਼ਰਮਾਂ (ਬ੍ਰਹਮਚਾਰਯ, ਗ੍ਰਹਿਸਥ, ਬਾਨਪ੍ਰਸਤ, ਸੰਨਿਆਸ) ਵਿੱਚੋਂ ਬਾਨਪ੍ਰਸਤ ਅਤੇ ਸੰਨਿਆਸ ਆਸ਼ਰਮ ਉੱਤੇ ਆਧਾਰਿਤ ਹੈ। ਇਸ ਆਸ਼ਰਮ ਦੌਰਾਨ ਉਦਾਸੀ ਮਹਾਤਮਾ ਘਰ-ਬਾਰ ਤਿਆਗ ਕੇ, ਸਮਾਜ ਨਾਲੋਂ ਟੁੱਟ ਕੇ ਜੰਗਲਾਂ ਵਿੱਚ ਜਾ ਕੇ ਤਪੱਸਿਆ ਕਰਦੇ ਸਨ। ਜਦਕਿ ਸੰਪਰਦਾ ਵਿੱਚ ਉਪਦੇਸ਼ ਨੂੰ ਧਾਰਨ ਕਰਨ ਦਾ ਕ੍ਰਮ ਸਿਲਸਿਲੇਵਾਰ ਚੱਲਦਾ ਹੈ। ਜਿਸ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੁਆਰਾ ਸਥਾਪਿਤ ਉਦਾਸੀ ਸੰਪਰਦਾ ਸੰਗਠਿਤ ਸੰਪਰਦਾ ਦੇ ਰੂਪ ਵਿੱਚ ਉਪਦੇਸ਼ ਗ੍ਰਹਿਣ ਕਰਕੇ ਅੱਗੇ ਚੱਲਦੀ ਹੈ। ਪਹਿਲਾਂ ਇਹ ਉਪਦੇਸ਼ ਬਾਬਾ ਸ੍ਰੀ ਚੰਦ ਗੁਰੂ ਨਾਨਕ ਸਾਹਿਬ ਤੋਂ ਗ੍ਰਹਿਣ ਕਰਦੇ ਹਨ। ਇਸ ਤੋਂ ਬਾਅਦ ਬਾਬਾ ਗੁਰਦਿੱਤਾ ਜੀ ਇਹ ਉਪਦੇਸ਼ ਬਾਬਾ ਸ੍ਰੀ ਚੰਦ ਤੋਂ ਧਾਰਨ ਕਰਦੇ ਹਨ। ਇਸ ਉਪਰੰਤ ਬਾਬਾ ਗੁਰਦਿੱਤਾ ਜੀ ਅੱਗੋਂ ਇਹ ਉਪਦੇਸ਼ ਚਾਰ ਧੂਣਿਆਂ ਦੀ ਝੋਲੀ ਪਾਉਂਦੇ ਹਨ। ਇਸੇ ਤਰ੍ਹਾਂ ਛੇ ਬਖ਼ਸ਼ਿਸ਼ਾਂ ਵੀ ਵੱਖ-ਵੱਖ ਗੁਰੂ ਸਾਹਿਬਾਨਾਂ ਤੋਂ ਉਪਦੇਸ਼ ਗ੍ਰਹਿਣ ਕਰਕੇ ਅੱਗੇ ਵੱਧਦੀਆਂ ਹਨ।

ਦੂਸਰੇ ਮੱਤ ਵਿੱਚ ਕੁਝ ਉਦਾਸੀ ਵਿਦਵਾਨ ਜਿਵੇਂ – ਕਵੀ ਸੰਤਰੇਣ (ਸ੍ਰੀਮਤਿ ਨਾਨਕ ਵਿਜਯ ਗ੍ਰੰਥ), ਬੀਬੀ ਲੱਛਮੀ (ਸ੍ਰੀ ਚੰਦ੍ਰ ਪ੍ਰਕਾਸ਼), ਸ੍ਰੀ ਪ੍ਰਤਾਪ ਹਰੀ ਸਿੰਘ ਬੇਦੀ (ਸ੍ਰੀ ਚੰਦ੍ਰ ਪ੍ਰਕਾਸ਼), ਉਦਾਸੀ ਕਲਿਆਣ ਦਾਸ (ਸੱਚੀ ਖੋਜ), ਬਾਬਾ ਸ੍ਰੀ ਚੰਦ ਜੀ ਦੀ ਪੁਰਾਤਨ ਮਾਤਰਾ (ਗੋਸ਼ਟ ਸਮੇਤ), ਮਾਤਰਾ ਬਾਬਾ ਗੁਰਦਿੱਤਾ ਜੀ, ਭਾਈ ਗੁਰਦਾਸ ਦੱਖਣੀ (ਬਾਬਾ ਅਲਮਸਤ ਦੇ ਧੂਣੇ ਵਿੱਚ ਚੌਥੇ ਸਥਾਨ ਉੱਪਰ) ਆਦਿ ਨੇ ਉਦਾਸੀ ਸੰਪਰਦਾ ਦਾ ਆਰੰਭ ਬਾਬਾ ਸ੍ਰੀ ਚੰਦ ਜੀ ਤੋਂ ਹੋਇਆ ਮੰਨਿਆ ਹੈ ਅਤੇ ਨਾਲ ਇਹ ਵੀ ਸਪੱਸ਼ਟ ਕੀਤਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਦੀਖਿਆ ਪਿਤਾ ਗੁਰੂ ਨਾਨਕ ਸਾਹਿਬ ਤੋਂ ਹੀ ਲਈ ਸੀ। ਉਦਾਸੀ ਸਾਧੂ ਸੰਤ ਰੇਣ ਨੇ

ਆਪਣੇ ਗ੍ਰੰਥ 'ਸ੍ਰੀਮਤਿ ਨਾਨਕ ਵਿਜਯ ਗ੍ਰੰਥ' ਵਿੱਚ ਬਾਬਾ ਸ੍ਰੀ ਚੰਦ ਦੁਆਰਾ ਗੁਰੂ ਨਾਨਕ ਸਾਹਿਬ ਨੂੰ ਆਪਣਾ ਗੁਰੂ ਧਾਰਨ ਕਰਕੇ ਗੁਰਮੰਤਰ ਦੀ ਪ੍ਰਾਪਤੀ ਕਰਨ ਦਾ ਉਲੇਖ ਸਪਸ਼ਟ ਰੂਪ ਵਿੱਚ ਇਸ ਤਰ੍ਹਾਂ ਕੀਤਾ ਹੈ-

(ੳ) ਸਿਰੀ ਚੰਦ ਕੋ ਨਾਨਕ ਸੁਆਮੀ।
ਦੀਓ ਅਨੁਗ੍ਰਹਿ ਅੰਤਰ ਜਾਮੀ।
ਸਤਿਨਾਮ ਗੁਰਮੰਤਰ ਦਯੋ।
ਸਭ ਜਗ ਮਾਹਿ ਸੁ ਮਾਲੂਮ ਭਯੋ।।74।।
ਮੰਤਰ ਗੁਪਤ ਦਯੋ ਇੱਕ ਅਉਰ।
ਗੁਰਬਾਣੀ ਮੈਂ ਦੋਨੋ ਸੋਇ।
ਗੁਰ ਬਿਨ ਮਾਲੂਮ ਨਾਹੀ ਸੁ ਹੋਏ।।75।।
ਸਮਰਥ ਗੁਰ ਧਰਉ ਸਿਰਿ ਹਾਥ।
ਸਤਿਗੁਰ ਕੀਯੋ ਸੁ ਆਪ ਸਨਾਥ।
ਖੁੱਲੇ ਕਪਾਟ ਭਯੋ ਪ੍ਰਗਾਸ।
ਅਪਨੇ ਸਮ ਗੁਰ ਕੀਯੋ ਸੁ ਦਾਸ ।।76।।
ਰੋਮ ਅਢਾਈ ਸਤਗੁਰ ਲੀਨੇ।
ਪੁਨਿ ਭਗਵੇ ਬਸਤਰ ਗੁਰ ਦੀਨੇ।
ਬ੍ਰਹਮਾ ਅੰਚਲਾ ਸੇਲੀ ਟੋਪੀ।
ਸਿਰੀ ਚੰਦ ਕੋ ਨਾਨਕ ਸੌਂਪੀ।।77।।[11]

ਇਸ ਮਹਾਤਮਾ ਨੇ ਗੁਰੂ ਨਾਨਕ ਸਾਹਿਬ ਨੂੰ ਉਦਾਸੀ ਸੰਪਰਦਾਇ ਦਾ ਆਦਿ 'ਅਚਾਰਯ' ਵੀ ਮੰਨਿਆ ਹੈ-

(ਅ) ਆਦਿ ਅਚਾਰਯ ਨਾਨਕ ਦੇਵ ਨਿਰੰਜਨ ਅੰਜਨ ਮਾਹਿ ਨਿਵਾਸੀ।
ਸਿੰਮ੍ਰਤਿ ਵੇਦ ਪੁਰਾਣਨ ਮਾਰਗ ਜੀਵ ਲਗਾਇ ਕਟੀ ਭਵ ਫਾਸੀ।

ਜੀਵਨ ਤਾਰਨ ਕਾਰਨ ਆਪਨ ਆਇ ਮੁਹੀ ਸੁ ਬਿਕੁੰਠ ਨਿਵਾਸੀ।

ਤਾਹਿ ਨਮਾਮਿ ਸਿਰੀ ਗੁਰ ਕੋ ਜਿਨ ਪੰਥ ਕਰਯੋ ਜਗ ਮਾਹਿ ਉਦਾਸੀ।।20।।

ਪਰਮ ਗੁਰੂ ਨਾਨਕ ਭਯੋ ਪੂਰਨ ਹਰਿ ਅਵਤਾਰ।।

ਪੰਥ ਉਦਾਸੀ ਤਿਨ ਕੀਉ ਸਭਿ ਪੰਥਨਿ ਸਿਰਦਾਰ।।

ਸਭਿ ਪੰਥਨਿ ਸਿਰਦਾਰ ਆਨ ਜਾਕੀ ਜਗ ਮਾਨੇ।।

ਹਿੰਦੂ ਮੁਸਲਮੀਨ, ਦੇਖ ਅਜਮਤ ਹੈਰਾਨੇ।।

ਸਭਿ ਸੁ ਉਦਾਸੀ ਸੰਤ ਗੁਰੂ ਗੁਰ ਇਸ਼ਟਿ ਹਮਾਰੇ।।

'ਸੰਤਰੇਣ' ਤਿਨ ਬਾਲਕ ਜਾਨ ਸੁ ਭੂਪ! ਉਦਾਰੇ।।[12]

ਸਪਸ਼ਟ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਸਾਹਿਬ ਤੋਂ ਗੁਰਮੰਤਰ ਦੀ ਪ੍ਰਾਪਤੀ ਕਰਨ ਦੇ ਨਾਲ-ਨਾਲ ਉਦਾਸੀ ਭੇਖ ਸੇਲੀ, ਟੋਪੀ ਆਦਿ ਦੀ ਪ੍ਰਾਪਤੀ ਵੀ ਕੀਤੀ ਸੀ। ਇਸੇ ਤਰ੍ਹਾਂ 'ਮਾਤਰਾ ਬਾਣੀ' ਵਿੱਚ ਬਾਬਾ ਸ੍ਰੀ ਚੰਦ ਦੁਆਰਾ ਆਪਣੇ ਪਿਤਾ ਨੂੰ ਗੁਰੂ ਧਾਰਨ ਕਰਕੇ ਗੁਰਮੰਤਰ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਅਤੇ ਗੁਰੂ ਨਾਨਕ ਸਾਹਿਬ ਦੁਆਰਾ ਆਪ ਉਦਾਸੀ ਭੇਖ ਬਾਬਾ ਸ੍ਰੀ ਚੰਦ ਦੀ ਝੋਲੀ ਵਿੱਚ ਪਾਉਣ ਦੇ ਤੱਥ ਦੀ ਪੁਸ਼ਟੀ ਲਈ ਹਵਾਲਾ ਇਸ ਪ੍ਰਕਾਰ ਹੈ-

ਤੋੜਾ ਚੂੜਾ ਕੜਾ ਜ਼ੰਜੀਰ

ਲੈ ਪਹਿਰੇ ਗੁਰ ਨਾਨਕ ਸ਼ਾਹ ਫ਼ਕੀਰ ।।

ਬਾਬਾ ਸ੍ਰੀ ਚੰਦ ਜੀ ਦੀ ਮਿਲਦੀ 'ਪੁਰਾਤਨ ਮਾਤਰਾ'(ਗੋਸ਼ਟਿ ਸਮੇਤ) ਬਾਣੀ ਵਿੱਚੋਂ ਵੀ ਇਹ ਗੱਲ ਸਪਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦੇ ਗੁਰੂ ਸਤਗੁਰੂ ਨਾਨਕ ਜੀ ਹੀ ਸਨ। ਉਹ ਫ਼ਰਮਾਉਂਦੇ ਹਨ-

ਸ੍ਰੀ ਚੰਦ ਕਹੇ ਕੰਧਾਰੀ ਨਾਥਾ।।

ਸਤਿਗੁਰ ਨਾਨਕ ਕੀਏ ਸਨਾਥਾ।।

ਬਾਬਾ ਸ੍ਰੀ ਚੰਦ ਜੀ ਕੰਧਾਰੀ ਨਾਥ ਨੂੰ ਮੁਖਾਤਿਬ ਹੁੰਦੇ ਆਖਦੇ ਹਨ ਕਿ ਮੈਂ ਸਤਗੁਰ ਨਾਨਕ ਨੂੰ ਨਾਥ ਕੀਤਾ

ਹੈ ਭਾਵ ਆਪਣਾ ਗੁਰੂ ਧਾਰਨ ਕੀਤਾ ਹੈ।

ਇਸੇ ਪ੍ਰਕਾਰ 'ਮਾਤ੍ਰਾ ਬਾਬਾ ਗੁਰਦਿੱਤਾ ਜੀ' ਵਿੱਚ ਵੀ ਵਾਰ-ਵਾਰ ਗੁਰੂ ਨਾਨਕ ਸਾਹਿਬ ਜੀ ਦਾ ਜ਼ਿਕਰ ਬਾਬਾ ਸ੍ਰੀ ਚੰਦ ਜੀ ਦੇ ਗੁਰੂ ਵਜੋਂ ਆਉਂਦਾ ਹੈ-

ਡਾਲੰ ਨਾ ਮੂਲ ਕਲਯਾਣ ਫੂਲੰ ਸੁੰਨ ਮੰਦਰ ਮਹਿ ਦੀਪਕ ਜਾਗੈ।।

ਮਛੰਦ੍ਰੀ ਪੂਤਾ ਗੋਰਖ ਨਾਥ ਪੜ ਪੜ ਥਾਕੈ।।

ਸ੍ਰੀ ਗੁਰੂ ਨਾਨਕ ਭਏ ਦਯਾਲ।।

ਛੁੱਟ ਗਏ ਭਰਮ ਕੇ ਜਾਲ।।

ਬਾਬਾ ਅਲਮਸਤ ਜੀ ਦੇ ਧੂਣੇ ਵਿੱਚੋਂ ਚੌਥੇ ਅਸਥਾਨ ਉੱਪਰ ਭਾਈ ਗੁਰਦਾਸ ਦੱਖਣੀ ਜੀ ਹੋਏ ਹਨ। ਉਨ੍ਹਾਂ ਨੇ ਵੀ ਆਪਣੀ 'ਮਾਤਰਾ' ਵਿੱਚ ਪ੍ਰਤੱਖ ਰੂਪ ਵਿੱਚ ਲਿਖਿਆ ਹੈ ਕਿ ਉਦਾਸੀ ਭੇਖ ਦੇ ਚਿੰਨ੍ਹ ਸੇਲੀ, ਟੋਪੀ ਆਦਿ ਦੀ ਪ੍ਰਾਪਤੀ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਗੁਰੂ ਪਿਤਾ ਨਾਨਕ ਸਾਹਿਬ ਤੋਂ ਹੀ ਕੀਤੀ ਸੀ,

ਬ੍ਰਹਮ ਅੰਚਲਾ ਸੇਲੀ ਟੋਪੀ। ਸ੍ਰੀ ਚੰਦ ਕੋ ਨਾਨਕ ਸੌਂਪੀ।(7)

ਪੁਨਿ ਗੁਰੂ ਨਾਨਕ ਸੁਖਦਾਈ। ਸਭ ਕੋ ਸੋ ਮਿਰਜਾਦ ਸਿਖਾਈ।

ਸਿਰੀ ਚੰਦ ਪੁਨ ਬੰਧਨ ਕੀਨਾ। ਗੁਰੂ ਨਾਨਕ ਕੋ ਹੋਇ ਅਧੀਨਾ।(79)

ਉਦਾਸੀਨ ਗੁਰ ਗਾਦੀ ਜੋਏ। ਸਿਰੀ ਚੰਦ ਕੋ ਬਖਸੀ ਸੋਇ।

ਗੁਰਿਆਈ ਕੀ ਗਾਦੀ ਜੋਊ। ਗੁਰੂ ਅੰਗਦ ਕੋ ਦੀਨੀ ਸੋਊ।(10)[13]

ਸੋ ਇਹਨਾਂ ਉਪਰੋਕਤ ਹਵਾਲਿਆ ਤੋਂ ਸਪਸ਼ਟ ਹੁੰਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਗੁਰੂ ਨਾਨਕ ਸਾਹਿਬ ਤੋਂ ਹੀ ਦੀਖਿਆ ਪ੍ਰਾਪਤ ਕਰਕੇ ਗੁਰ ਨਾਨਕ ਮਤ ਦਾ ਪ੍ਰਚਾਰ ਕੀਤਾ ਸੀ। ਸੋ, ਗੁਰਮਤਿ ਅਤੇ ਉਦਾਸੀ ਮਤ ਦਾ ਮੂਲ ਸ੍ਰੋਤ ਇੱਕੋ ਹੀ ਹੈ। ਇਹਨਾਂ ਦੋਹਾਂ ਦਾ ਆਪਸੀ ਰਿਸ਼ਤਾ ਪਿਉ-ਪੁੱਤਰ ਵਾਲਾ ਹੈ। ਸੰਯੋਗ ਨਾਲ ਇਹਨਾਂ ਦੇ ਬਾਨੀਆਂ ਦਾ ਆਪਸੀ ਰਿਸ਼ਤਾ ਵੀ ਪਿਤਾ-ਪੁੱਤਰ ਵਾਲਾ ਹੀ ਹੈ। ਗੁਰਮਤਿ ਦੇ ਬਾਨੀ ਗੁਰੂ ਨਾਨਕ ਦੇਵ ਜੀ ਹਨ। ਉਦਾਸੀ ਮੱਤ ਦੇ ਸੰਚਾਲਕ ਬਾਬਾ ਸ੍ਰੀ ਚੰਦ ਜੀ। ਇਹ ਤੱਥ ਸਰਬ

ਵਿਦਿਤ ਹੈ ਕਿ ਬਾਬਾ ਸ਼੍ਰੀ ਚੰਦ ਜੀ ਗੁਰੂ ਨਾਨਕ ਪਾਤਸ਼ਾਹ ਦੇ ਵੱਡੇ ਸਪੁੱਤਰ ਸਨ। ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਦੀ ਸਿਰਜਨਾ ਵੀ ਕੀਤੀ ਤੇ ਆਪ ਹੀ ਆਪਣੇ ਮਿਸ਼ਨ ਦਾ ਪ੍ਰਚਾਰ ਵੀ ਕੀਤਾ। ਗੁਰੂ ਪਾਤਸ਼ਾਹ ਇਸ ਗੱਲ ਨੂੰ ਜਾਣਦੇ ਸਨ ਕਿ ਗੁਰੂ ਘਰ ਦੇ ਪਰਚਾਰ ਲਈ ਉਚੇਰੀ ਬਿਰਤੀ ਵਾਲੇ ਬਿਹੰਗਮਾਂ ਦੀ ਲੋੜ ਰਹੇਗੀ।[14]

ਇਸ ਲਈ ਉਹਨਾਂ ਨੇ ਆਪਣੀ ਬਿੰਦੀ ਸੰਤਾਨ ਨੂੰ ਸਿੱਖੀ ਦੇ ਪ੍ਰਚਾਰ ਹਿੱਤ ਮਿਸ਼ਨਰੀ ਕਾਰਜ ਕਰਨ ਦਾ ਆਦੇਸ਼ ਦਿੱਤਾ ਅਤੇ ਦੂਜੇ ਪਾਸੇ ਨਾਦੀ ਸੰਤਾਨ (ਜੋਤ) ਭਾਈ ਲਹਿਣਾ ਜੀ ਨੂੰ ਆਪਣਾ ਉੱਤਰਾਧਿਕਾਰੀ ਚੁਣਿਆ। ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਉਚੇਰੇ ਮੰਤਵ ਨੂੰ ਮੁੱਖ ਰੱਖਦਿਆਂ ਆਮ ਸੰਸਾਰੀ ਜੀਵਾਂ ਅਤੇ ਸਿੱਖ ਸਾਧਕਾਂ ਦੇ ਮਨਾਂ ਅੰਦਰ ਸੰਸਾਰ ਪ੍ਰਤੀ ਉਪਰਾਮਤਾ ਦਾ ਅਜਿਹਾ ਸਿਰਜਣਾਤਮਕ ਭਾਵ ਪੈਦਾ ਕਰਨ ਹਿਤ ਹੀ ਬਾਬਾ ਸ਼੍ਰੀ ਚੰਦ ਜੀ ਨੇ ਆਪਣੇ ਸਤਿਕਾਰਤ ਗੁਰੂ-ਪਿਤਾ, ਬਾਬਾ ਨਾਨਕ ਜੀ ਦੀ ਆਗਿਆ ਅਤੇ ਸਰਪ੍ਰਸਤੀ ਹੇਠ ਇਸ ਧਰਤੀ ਤੇ ਇੱਕ ਨਿਆਰਾ 'ਉਦਾਸੀ ਪੰਥ ਜਾਂ ਭੇਖ' ਚਲਾਇਆ ਸੀ।[15]

### 1.3 ਉਦਾਸੀ ਸੰਪਰਦਾਇ ਦਾ ਵਿਕਾਸ

ਜੇਕਰ ਉਦਾਸੀ ਸੰਪਰਦਾਇ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਉਦਾਸੀ ਸੰਪਰਦਾਇ ਸਿੱਖ ਧਰਮ ਵਿੱਚ ਪੈਦਾ ਹੋਈਆਂ ਸੰਪਰਦਾਵਾਂ ਵਿੱਚੋਂ ਸਭ ਤੋਂ ਪਲੇਠੀ ਸੰਪਰਦਾ ਹੈ। ਅਸਲ ਵਿੱਚ ਇਸ ਦਾ ਆਗਾਜ਼ ਗੁਰੂ ਨਾਨਕ ਸਾਹਿਬ ਦੇ ਸਮੇਂ ਉਨ੍ਹਾਂ ਦੇ ਸਪੁੱਤਰ ਬਾਬਾ ਸ਼੍ਰੀ ਚੰਦ ਤੋਂ ਹੀ ਹੋ ਚੁੱਕਿਆ ਸੀ। ਇਸ ਸੰਪਰਦਾ ਦੇ ਵਿਕਾਸਕ੍ਰਮ ਸਬੰਧੀ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ,

> "ਉਦਾਸੀ "ਸੰਗਯਾ ਸਿੱਖ ਕੌਮ ਦਾ ਇੱਕ ਅੰਗ ਹੈ। ਇਹ ਪੰਥ ਬਾਬਾ ਸ਼੍ਰੀ ਚੰਦ ਤੋਂ ਚੱਲਿਆ ਹੈ। ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤ੍ਰ ਸਨ, ਬਾਬਾ ਗੁਰਦਿੱਤਾ ਇਹਨਾਂ ਦੇ ਪਹਿਲੇ ਚੇਲੇ ਬਣੇ, ਅੱਗੇ ਇਨ੍ਹਾਂ ਦੇ ਚਾਰ ਸੇਵਕ ਬਾਲੂ ਹਸਨਾ, ਅਲਮਸਤ, ਫੂਲਸ਼ਾਹ ਅਤੇ ਗੋਂਦਾ ਅਥਵਾ ਗੋਇੰਦ ਬਹੁਤ ਕਰਣੀ ਵਾਲੇ ਸਾਧੂ ਹੋਏ ਜਿਨ੍ਹਾਂ ਦੇ ਨਾਉ ਚਾਰ ਧੂਣੇ ਤਥਾ ਉਦਾਸੀਆ ਦੇ ਪ੍ਰਸਿੱਧ ਅਸਥਾਨ ਤਥਾ ਸੰਸਥਾਵਾਂ ਬਣੀਆਂ ਜਿਨਾਂ ਨੂੰ ਸਿੱਖ ਗੁਰੂਆਂ ਨੇ

ਆਪਣੀਆਂ ਬਖਸ਼ਿਸ਼ਾਂ ਦਵਾਰਾ ਨਿਹਾਲ ਕੀਤਾ।"[16]

ਵਿਦਵਾਨ ਲੇਖਕ ਨੇ ਉਦਾਸੀਆਂ ਨੂੰ ਸਿੱਖ ਧਰਮ ਦਾ ਇੱਕ ਅੰਗ ਮੰਨਿਆ ਹੈ। ਇਸ ਦਾ ਆਰੰਭ ਬਾਬਾ ਸ੍ਰੀ ਚੰਦ ਤੋਂ ਹੋ ਚੁੱਕਿਆ ਸੀ। ਬਾਬਾ ਸ੍ਰੀ ਚੰਦ ਤੋਂ ਪਿੱਛੋਂ ਬਾਬਾ ਗੁਰਦਿੱਤਾ ਜੀ, ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ(ਸੁਥਰੇ ਸ਼ਾਹੀਏ, ਸੰਗਤ ਸਾਹਿਬੀਏ, ਜੀਤਮੱਲੀਏ, ਬਖ਼ਤਮੱਲੀਏ, ਭਗਤ ਭਗਵਾਨੀਏ, ਮੀਹਾਂਸ਼ਾਹੀਏ) ਰਾਹੀਂ ਉਦਾਸੀ ਸੰਪਰਦਾ ਨਿਰੰਤਰ ਵਿਕਾਸ ਕਰਦੀ ਹੈ।

ਡਾ. ਸੁਲੱਖਣ ਸਿੰਘ ਵੀ ਉਦਾਸੀ ਸੰਪਰਦਾਇ ਦੀ ਇਤਿਹਾਸਕ ਵਿਕਾਸਧਾਰਾ ਸਬੰਧੀ ਇਸੇ ਤਰ੍ਹਾਂ ਦੀ ਜਾਣਕਾਰੀ ਪ੍ਰਦਾਨ ਕਰਾਉਂਦੇ ਲਿਖਦੇ ਹਨ-

"ਮੁੱਢਲੇ ਉਦਾਸੀ, 'ਚਾਰ ਧੂੰਇਆਂ/ਧੂਣਿਆਂ' ਜਾਂ 'ਬਖ਼ਸ਼ੀਸਾਂ ਦੇ ਨਾਂ ਨਾਲ ਜਾਣੇ ਜਾਂਦੇ ਹਨ। 'ਚਾਰ ਧੂੰਏਂ' ਉਦਾਸੀਆਂ ਦੇ ਮੁੱਢਲੇ ਕੇਂਦਰਾਂ ਦੇ ਰੂਪ 'ਚ ਅਲਮਸਤ, ਬਾਲੂ ਹਸਨਾ, ਗੋਇੰਦਾ (ਗੋਇੰਦ ਸਾਹਿਬ) ਅਤੇ ਫੂਲ ਸਾਹਿਬ ਨਾਲ ਸਬੰਧਿਤ ਸਨ। ਉਦਾਸੀ 'ਬਖ਼ਸ਼ੀਸਾਂ' ਧਰਮ ਪ੍ਰਚਾਰ ਲਈ ਸਤਾਰਵੀਂ ਸਦੀ ਦੇ ਦੂਸਰੇ ਅੱਧ ਦੇ ਸਮੇਂ ਸਿੱਖ ਗੁਰੂਆਂ ਦੁਆਰਾ ਵੱਖ ਵੱਖ ਵਿਅਕਤੀਆਂ ਨੂੰ ਬਖ਼ਸ਼ਿਸ ਦੇ ਤੌਰ 'ਤੇ ਦਿੱਤੀਆਂ ਗਈਆਂ, ਜਿਨ੍ਹਾਂ ਵਿੱਚੋਂ ਸੰਗਤ ਸਾਹਿਬ (ਭਾਈ ਫੇਰੂ) ਅਤੇ ਮੀਹਾਂ ਸਾਹਿਬ ਦੀਆਂ ਬਖ਼ਸ਼ਿਸ਼ਾਂ ਦੇ ਉਦਾਸੀ ਪ੍ਰਮੁੱਖ ਸਨ ਜੋ ਕ੍ਰਮਵਾਰ ਗੁਰੂ ਹਰਿਗੋਬਿੰਦ ਅਤੇ ਗੁਰੂ ਤੇਗ ਬਹਾਦਰ ਜੀ ਦੇ ਗੁਰਿਆਈ-ਕਾਲ ਸਮੇਂ ਹੋਂਦ ਵਿਚ ਆਈਆਂ।"[17]

ਉਪਰੋਕਤ ਹਵਾਲੇ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਉਦਾਸੀ ਸੰਪਰਦਾ ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਰਾਹੀਂ ਸੰਸਥਾਗਤ ਰੂਪ ਗ੍ਰਹਿਣ ਕਰਦੀ ਹੈ। ਛੇ ਬਖ਼ਸ਼ਿਸ਼ਾਂ ਸਤਾਰਵੀਂ ਸਦੀ ਦੇ ਮੱਧ ਵਿੱਚ ਸਿੱਖ ਗੁਰੂ ਸਾਹਿਬਾਨਾਂ ਤੋਂ ਆਸ਼ੀਰਵਾਦ ਗ੍ਰਹਿਣ ਕਰਕੇ ਨਿਰੰਤਰ ਪ੍ਰਚਾਰ ਵਿੱਚ ਜੁੱਟ ਜਾਂਦੀਆਂ ਹਨ। ਇਨ੍ਹਾਂ ਬਖ਼ਸ਼ਿਸ਼ਾਂ ਵਿੱਚੋਂ ਸੰਗਤ ਸਾਹਿਬੀਏ ਬਖ਼ਸ਼ਿਸ਼ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਅਤੇ ਮੀਹਾਂ ਸ਼ਾਹੀਏ ਬਖ਼ਸ਼ਿਸ਼ ਗੁਰੂ ਤੇਗ ਬਹਾਦਰ ਜੀ ਦੇ ਗੁਰਿਆਈ ਕਾਲ ਸਮੇਂ ਹੋਂਦ ਗ੍ਰਹਿਣ ਕਰਦੀਆਂ ਹਨ।

ਇਸ ਸੰਪਰਦਾ ਦੇ ਸੰਚਾਲਕ ਬਾਬਾ ਸ੍ਰੀ ਚੰਦ ਤੋਂ ਇਲਾਵਾ ਬਾਬਾ ਗੁਰਦਿੱਤਾ, ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ ਸਬੰਧੀ ਵਿਸਤ੍ਰਿਤ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

### 1.3.1 ਬਾਬਾ ਸ੍ਰੀ ਚੰਦ :

ਮਹਾਨ ਤਪੱਸਵੀ ਜੋਗੀਰਾਜ ਬਾਬਾ ਸ੍ਰੀ ਚੰਦ ਜੀ ਦਾ ਜਨਮ 1494 ਈ. ਵਿੱਚ ਉਨ੍ਹਾਂ ਦੀ ਪਿਆਰੀ ਭੂਆ ਬੇਬੇ ਨਾਨਕੀ ਦੇ ਘਰ ਸੁਲਤਾਨਪੁਰ ਲੋਧੀ ਵਿਖੇ ਮਾਤਾ ਸੁਲੱਖਣੀ ਜੀ ਦੀ ਪਾਵਨ ਕੁੱਖ ਤੋਂ ਹੋਇਆ। ਪਿਤਾ ਨਾਨਕ ਜੀ ਵਾਂਗ ਸ੍ਰੀ ਚੰਦ ਜੀ ਵੀ ਬਚਪਨ ਤੋਂ ਹੀ ਸੁਭਾਅ ਪੱਖੋਂ ਵਿਰਕਤ, ਉਪਰਾਮ, ਨਿਰਲੇਪ ਅਤੇ ਬੇਲਾਗ ਬਿਰਤੀ ਵਾਲੇ ਸਨ। ਕਿਹਾ ਜਾ ਸਕਦਾ ਹੈ ਕਿ ਗ੍ਰਹਿਸਥੀ ਹੁੰਦਿਆਂ ਫ਼ਕੀਰੀ ਦੇ ਅਲੌਕਿਕ ਰੰਗ ਵਿੱਚ ਰੰਗੇ ਵਿਰਕਤ ਪਿਉ ਦੇ ਉਹ ਹਰ ਪੱਖੋਂ ਮੁਕੰਮਲ ਜਨਮ ਜਾਤ ਫ਼ਕੀਰ/ਸੰਨਿਆਸੀ ਪੁੱਤਰ ਸਨ। ਜਨਮ ਲੈਣ ਸਮੇਂ ਹੀ ਉਨ੍ਹਾਂ ਦੇ ਸਿਰ 'ਤੇ ਸੁਨਹਿਰੀ ਲਿਟਾਂ (ਜਟਾਵਾਂ) ਅਤੇ ਸੱਜੇ ਕੰਨ ਵਿੱਚ ਮਾਸ ਦੀ ਕੁਦਰਤੀ ਮੁੰਦਰਾ ਸੁਭਾਇਮਾਨ ਸੀ। ਬਾਹਵਾਂ ਵੀ ਆਮ ਨਾਲੋਂ ਵੱਧ ਲੰਮੀਆਂ ਸਨ। ਉਨ੍ਹਾਂ ਦੀ ਬਾਹਰੀ ਸਰੀਰਕ ਦਿੱਖ ਅਤੇ ਵਿਅਕਤਿੱਤਵ ਵਿੱਚ ਲੱਕੜ ਵਿੱਚ ਅੱਗ ਵਾਂਗ ਰਮਿਆ ਫ਼ਕੀਰੀ ਦਾ ਗੂੜ੍ਹਾ ਰੰਗ ਅਸਲ ਵਿੱਚ ਉਨ੍ਹਾਂ ਦੀ ਗੌਰਵਸ਼ਾਲੀ ਆਤਮਿਕ ਅਤੇ ਜੈਵਿਕ ਜਾਂ ਜਣਨਿਕ (genetical) ਵਿਰਾਸਤ ਦਾ ਸਹਿਜ ਸਿੱਟਾ ਹੀ ਸੀ।[18]

ਤਕਰੀਬਨ 149 ਸਾਲ ਦੀ ਲੰਮੀ ਆਯੂ ਦੌਰਾਨ ਉਨ੍ਹਾਂ ਨੇ ਗੁਰੂ ਪਿਤਾ ਦੇ ਮਿਸ਼ਨ ਨੂੰ ਭਾਰਤ ਦੇ ਕੋਨੇ ਕੋਨੇ ਵਿੱਚ ਪਹੁੰਚਾਉਣ ਦਾ ਕਾਰਜ ਕੀਤਾ। ਉਹਨਾਂ ਨੇ ਉੱਤਰੀ ਭਾਰਤ(ਕਸ਼ਮੀਰ, ਲੇਹ, ਲੱਦਾਖ), ਸਿੰਧ, ਅੰਮ੍ਰਿਤਸਰ, ਸ੍ਰੀਨਗਰ, ਰਾਜਸਥਾਨ, ਪੋਠੋਹਾਰ, ਕਾਬਲ, ਕੰਧਾਰ ਅਤੇ ਪਹਾੜੀ ਰਿਆਸਤਾਂ ਵਰਗੇ ਸਥਾਨਾਂ ਉੱਪਰ ਰਮਣ ਕਰਕੇ ਗੁਰੂ ਜੀ ਦੀਆਂ ਸਿੱਖਿਆਵਾਂ ਦਾ ਹੋਕਾ ਦਿੱਤਾ। ਕਾਬਲ ਵਿੱਚ ਇਨ੍ਹਾਂ ਨੇ ਇੱਕ ਧਰਮਸ਼ਾਲਾ ਬਣਾਈ ਜੋ ਕਿ ਅੱਜ ਵੀ ਮੌਜੂਦ ਹੈ।

ਇਥੇ ਇਹ ਵੀ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਬਾਬਾ ਜੀ ਦੀ ਰੰਗ-ਰੰਗੀਲੀ ਅਤੇ ਗਹਿਰੀ ਸ਼ਖ਼ਸੀਅਤ ਨੂੰ ਸਮਝਣ-ਸਮਝਾਉਣ ਦੇ ਮਾਮਲੇ ਵਿੱਚ ਕੁੱਝ ਔਸਤ-ਬੁੱਧ ਵਿਦਵਾਨਾਂ ਦੀ ਸਮਝ ਏਨੀ ਸਤਹੀ, ਪੇਤਲੀ ਅਤੇ ਇਕਹਿਰੀ ਹੈ ਕਿ ਉਹ ਨਾਨਕ ਨੰਦਨ ਦੇ ਬਾਹਰੀ ਭੇਖ ਅਤੇ ਉਹਨਾਂ ਦੇ ਬਾਲ ਜਤੀ ਅਰਥਾਤ ਜਨਮ-ਜਾਤ ਵਿਰਕਤ ਸਾਧੂ (ਉਦਾਸੀਨ ਸੰਨਿਆਸੀ) ਹੋਣ ਨੂੰ ਹੀ ਭੁਲੇਖੇ ਵਸ ਬਾਬੇ ਨਾਨਕ ਦੇ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ (ਦਰਸ਼ਨ) ਦਾ ਵਿਰੋਧੀ ਹੋਣਾ ਮਿੱਥ ਲੈਂਦੇ ਹਨ। ਕਿਸੇ ਵਿਅਕਤੀ ਦੇ ਕੇਵਲ ਸੰਨਿਆਸੀ ਹੋਣ ਨਾਲ ਹੀ ਉਸ ਨੂੰ ਗ੍ਰਹਿਸਥ ਅਤੇ ਗੁਰਮਤਿ ਵਿਰੋਧੀ ਨਹੀਂ ਮਿਥਿਆ ਜਾ ਸਕਦਾ। ਸਾਨੂੰ ਪਤਾ ਹੋਣਾ

ਚਾਹੀਦਾ ਹੈ ਕਿ ਜੋਗ (ਯੋਗ) ਸਾਧਨਾ ਦਾ ਅਰਥ ਪ੍ਰਭੂ ਨਾਲ ਜੁੜਨ ਦੀ ਸਾਧਨਾ, ਤਪੱਸਿਆ ਜਾਂ ਬੰਦਗੀ ਹੁੰਦਾ ਹੈ। ਧਰਮ ਅਤੇ ਰੂਹਾਨੀਅਤ ਦੇ ਖੇਤਰ ਵਿੱਚ ਪ੍ਰਭੂ ਬੰਦਗੀ ਉਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਸਾਧਕ ਦਾ ਮਨ ਸੰਸਾਰ ਤੋਂ ਉਦਾਸ, ਉਚਾਟ ਜਾਂ ਉਪਰਾਮ ਨਾ ਹੋਇਆ ਹੋਵੇ। ਹਰ ਧਰਮ ਦਾ ਮੂਲ ਯੋਗ ਸਾਧਨਾ ਹੈ। ਅੱਗੋਂ ਉਦਾਸੀ ਦੇ ਭਾਵ ਤੋਂ ਬਿਨਾਂ ਜੋਗ ਸੰਭਵ ਨਹੀਂ। ਸਪਸ਼ਟ ਹੈ ਕਿ ਉਦਾਸੀ ਵਾਲੀ ਮਨੋਹਾਲਤ ਧਰਮ ਅਤੇ ਜੋਗ ਦੀ ਮੂਲ ਜੜ੍ਹ ਹੈ, ਪ੍ਰੇਰਕ ਹੈ।[19]

ਬਾਬਾ ਸ੍ਰੀ ਚੰਦ ਜੀ ਦੀ ਜੀਵਨ-ਜਾਚ ਦੱਸਦੀ ਹੈ ਕਿ ਉਨ੍ਹਾਂ ਨੇ ਠੀਕ ਉਸੇ ਤਰ੍ਹਾਂ ਇੱਕ ਉਦਾਸੀ ਸਾਧਕ ਦੇ ਰੂਪ ਵਿੱਚ ਆਪਣਾ ਜੀਵਨ ਬਤੀਤ ਕੀਤਾ, ਜਿਸ ਤਰ੍ਹਾਂ ਦੀ ਜੀਵਨ ਸ਼ੈਲੀ ਦੀ ਹਾਮੀ ਗੁਰਬਾਣੀ ਵਿੱਚ ਇੱਕ ਉਦਾਸੀ ਸਾਧਕ ਲਈ ਭਰੀ ਗਈ ਹੈ। ਬੇਸ਼ੱਕ ਬਾਬਾ ਜੀ ਬਾਲ ਜਤੀ ਰਹੇ ਅਤੇ ਇਕਾਂਤ ਵਿੱਚ ਬੈਠ ਕੇ ਸਮਾਧੀਆਂ ਵੀ ਲਾਉਂਦੇ ਰਹੇ ਪਰ ਫਿਰ ਵੀ ਉਹ ਪ੍ਰਾਚੀਨ ਸਾਧੂਆਂ ਵਾਂਗ ਸੰਸਾਰ ਤੋਂ ਟੁੱਟ ਕੇ ਨਹੀਂ ਵਿਚਰੇ ਬਲਕਿ ਪਰਿਵਾਰਕ ਅਤੇ ਸੰਸਾਰਿਕ ਦੋਨੋਂ ਪ੍ਰਕਾਰ ਦੀਆਂ ਜ਼ਿੰਮੇਵਾਰੀਆਂ ਨੂੰ ਵੀ ਬਾਖ਼ੂਬੀ ਨਿਭਾਉਂਦੇ ਰਹੇ ਹਨ। ਉਨ੍ਹਾਂ ਨੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਆਪਣੇ ਮਾਂ-ਪਿਉ ਤੋਂ ਬਾਅਦ ਆਪ ਆਪਣੇ ਹੱਥੀਂ ਆਪਣੇ ਛੋਟੇ ਭਰਾ ਲਖਮੀ ਦਾਸ ਦਾ ਵਿਆਹ ਕਾਰਜ ਸਪੰਨ ਕੀਤਾ। ਐਨਾ ਹੀ ਨਹੀਂ ਬਲਕਿ ਆਪਣੇ ਭਤੀਜੇ ਧਰਮ ਚੰਦ ਨੂੰ ਵੀ ਆਪਣੇ ਹੱਥੀਂ ਪਾਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਸੰਸਾਰੀ ਲੋਕਾਂ ਵਿੱਚ ਵਿਚਰ ਕੇ ਉਹਨਾਂ ਨੂੰ ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਇਸ ਉਪਦੇਸ਼ ਨੂੰ ਉਨ੍ਹਾਂ ਨੇ ਆਪਣੇ ਗੁਰੂ-ਪਿਤਾ ਦੇ ਨਕਸ਼ੇ ਕਦਮਾਂ ਉੱਪਰ ਚੱਲਦੇ ਹੋਏ ਦੂਰ-ਦੁਰਾਡੀਆਂ ਯਾਤਰਾਵਾਂ ਕਰਕੇ ਫ਼ੈਲਾਉਣ ਦਾ ਯਤਨ ਕੀਤਾ ਸੀ।

ਗੁਰ ਇਤਿਹਾਸ ਦੇ ਉਪਲਬੱਧ ਵੱਖ-ਵੱਖ ਸਰੋਤਾਂ ਦਾ ਡੂੰਘੀ ਨੀਝ ਨਾਲ ਅਧਿਐਨ ਕਰਦਿਆਂ ਇਹ ਵੀ ਮਹਿਸੂਸ ਕੀਤਾ ਗਿਆ ਹੈ ਕਿ ਕੁੱਝ ਔਸਤ-ਬੁੱਧ ਅਤੇ ਅਲਪ-ਬੁੱਧ ਵਿਦਵਾਨ ਭੁਲੇਖੇਵੱਸ ਉਨ੍ਹਾਂ ਦੀ ਵੱਖਰੀ ਭਾਂਤ ਦੀ ਲਿਸ਼ਕਾਰੇ ਵਾਲੀ ਅਲੌਕਿਕ ਸ਼ਖ਼ਸੀਅਤ ਨੂੰ ਸਮੁੱਚੇ ਰੂਪ ਵਿੱਚ ਅਤੇ ਸਹੀ ਪਰਿਪੇਖ ਵਿੱਚ ਸਮਝਣ ਦੀ ਸਮਰੱਥਾ ਨਾ ਰੱਖਣ ਕਰਕੇ ਉਨ੍ਹਾਂ ਨੂੰ ਬਾਬੇ ਨਾਨਕ ਦੇ ਅਵੱਗਿਆਕਾਰੀ ਅਤੇ ਨਾਲਾਇਕ ਪੁੱਤਰ ਵਜੋਂ ਪੇਸ਼ ਕਰਨ ਦੀ ਗੁਸਤਾਖੀ ਭਰੀ ਗਲਤੀ ਕਰਦੇ ਹਨ। ਅਸਲ ਵਿੱਚ ਐਸੀ ਕੋਈ ਗੱਲ ਨਹੀਂ ਸੀ। ਤੀਖਣ

ਵਿਰਕਤੀ ਰੁਚੀਆਂ ਦੇ ਮਾਲਕ ਬਾਬਾ ਸ੍ਰੀ ਚੰਦ ਜੀ ਦੇ ਮਨ ਵਿੱਚ ਗੁਰਗੱਦੀ ਹਾਸਲ ਕਰਨ ਦੀ ਕੋਈ ਇੱਛਾ ਨਹੀਂ ਸੀ। ਦੂਸਰਾ ਇਹ ਰੂਹਾਨੀ ਵਸਤੂ (ਗੁਰਿਆਈ) ਚਾਹਤ ਨਾਲ ਕਿਸੇ ਨੂੰ ਮਿਲਣ ਵਾਲੀ ਨਹੀਂ ਸੀ। ਤੀਸਰਾ, ਗੁਰਿਆਈ ਅੱਗੋਂ ਕਿਸਨੂੰ ਸੌਂਪਣੀ ਹੈ, ਇਹ ਕਾਰਜ ਉਨ੍ਹਾਂ ਦੇ ਪਿਤਾ-ਗੁਰੂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਸੀ ਅਤੇ ਉਹ ਬਚਪਨ ਤੋਂ ਹੀ ਗੁਰੂ ਪਿਤਾ ਦੀ ਆਗਿਆ ਦੀ ਅਨੁਸਾਰ ਰੂਹਾਨੀ ਸਾਧਨਾ ਅਤੇ ਗੁਰਮਤਿ ਪ੍ਰਚਾਰ ਦੇ ਵੱਡੇ ਕਾਰਜ ਨੂੰ ਆਪਣੀ ਨਿਵੇਕਲੀ ਕਾਰਜ-ਸ਼ੈਲੀ ਅਧੀਨ ਨਿਰੰਤਰ ਕਰਦੇ ਆ ਰਹੇ ਸਨ। ਇਸ ਤੋਂ ਇਲਾਵਾ ਇਹ ਵੀ ਸੱਚ ਹੈ ਕਿ ਗੁਰੂ ਨਾਨਕ ਦੀ ਇਲਾਹੀ ਜੋਤ ਦਾ ਵਾਰਸ ਤਾਂ ਆਖ਼ਰ ਕਿਸੇ ਇੱਕ ਨੇ ਹੀ ਬਣਨਾ ਸੀ। ਗੁਰੂ ਨਾਨਕ ਸਾਹਿਬ ਨੂੰ ਅਨੇਕਾਂ ਉੱਤਮ ਅਤੇ ਵੱਡੀ ਰੂਹਾਨੀ ਕਮਾਈ ਵਾਲੇ ਸੇਵਕਾਂ ਵਿੱਚੋਂ ਕਿਸੇ ਇੱਕ ਦੀ ਚੋਣ ਤਾਂ ਕਰਨੀ ਹੀ ਪੈਣੀ ਸੀ। ਇਸ ਪ੍ਰਸੰਗ ਵਿੱਚ ਸਮਝਣ ਵਾਲੀ ਅਹਿਮ ਗੱਲ ਇਹ ਹੈ ਕਿ ਇੱਕ ਤੋਂ ਵੱਧ ਯੋਗ ਉਮੀਦਵਾਰਾਂ ਵਿੱਚੋਂ ਕਿਸੇ ਇੱਕ ਸਭ ਤੋਂ ਵੱਧ ਯੋਗ, ਸਮਰੱਥ ਅਤੇ ਢੁੱਕਵੇਂ ਦੀ ਚੋਣ ਕਰ ਲੈਣ ਨਾਲ ਬਾਕੀ ਦੇ ਯੋਗ ਇਨਸਾਨ, ਅਯੋਗ ਜਾਂ ਨਖਿੱਧ ਨਹੀਂ ਹੋ ਜਾਂਦੇ ਹੁੰਦੇ। ਮਿਸਾਲ ਵਜੋਂ, ਪੰਜ ਆਪੋ ਆਪਣੀ ਥਾਂ ਬਿਲਕੁਲ ਯੋਗ ਉਮੀਦਵਾਰਾਂ ਵਿੱਚੋਂ ਜਦੋਂ ਕਿਸੇ ਇੱਕ ਸਭ ਤੋਂ ਵੱਧ ਯੋਗ ਸਮਝੇ ਗਏ ਵਿਅਕਤੀ ਦੀ ਕਿਸੇ ਅਹੁਦੇ ਲਈ ਚੋਣ ਕਰ ਲੈਂਦੇ ਹਾਂ ਤਾਂ ਇਸ ਇੱਕ ਦੀ ਚੋਣ ਜਾਂ ਇੱਕ ਦੇ ਯੋਗ ਹੋਣ ਦਾ ਇਹ ਮਤਲਬ ਨਹੀਂ ਹੁੰਦਾ ਕਿ ਬਾਕੀ ਦੇ ਸਾਰੇ ਰੱਦ ਹੋ ਗਏ ਹਨ ਜਾਂ ਉਹ ਅਯੋਗ ਅਤੇ ਨਾਲਾਇਕ ਹਨ। ਕਈਆਂ ਵਿੱਚੋਂ ਕਿਸੇ ਇੱਕ ਦਾ ਵਧੇਰੇ ਯੋਗ ਹੋਣਾ ਬਾਕੀਆਂ ਦਾ ਅਯੋਗ ਹੋਣਾ ਨਹੀਂ ਹੁੰਦਾ। ਬਾਬਾ ਸ੍ਰੀ ਚੰਦ ਜੀ ਨੂੰ ਗੁਰਗੱਦੀ ਨਾ ਮਿਲਣਾ ਅਸਲ ਵਿੱਚ ਉਨ੍ਹਾਂ ਦੇ ਅਯੋਗ, ਅਸਮਰੱਥ ਅਤੇ ਅਢੁੱਕਵੇਂ ਹੋਣ ਦਾ ਨਹੀਂ ਸਗੋਂ ਭਾਈ ਲਹਿਣਾ(ਗੁਰੂ ਅੰਗਦ ਦੇਵ) ਜੀ ਦੇ ਉਨ੍ਹਾਂ ਨਾਲੋਂ ਵੱਧ ਯੋਗ, ਸਮਰੱਥ, ਸਫਲ ਅਤੇ ਢੁੱਕਵੇਂ ਹੋਣ ਦਾ ਪ੍ਰਤੱਖ ਪ੍ਰਮਾਣ ਸੀ। ਇੱਕ ਗੁਰੂ ਦੇ ਬਹੁਤ ਸਾਰੇ ਕਾਬਲ ਸ਼ਿਸ਼ ਇੱਕੋ ਤਰ੍ਹਾਂ ਨਾਲ ਗੁਰੂ ਦੀ ਨਜ਼ਰ ਵਿੱਚ ਪ੍ਰਵਾਨ ਨਹੀਂ ਚੜ੍ਹਦੇ ਹੁੰਦੇ ਸਗੋਂ ਵੱਖ-ਵੱਖ ਪ੍ਰਕਾਰ ਦੀ ਪ੍ਰਤਿਭਾ ਅਤੇ ਸਮਰੱਥਾ ਰੱਖਣ ਸਦਕਾ ਵੱਖੋ-ਵੱਖਰੇ ਦਾਇਰਿਆਂ ਵਿੱਚ ਪ੍ਰਵਾਨ ਚੜ੍ਹਦੇ ਹਨ।[20]

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਾਬਤ ਹੁੰਦਾ ਹੈ ਕਿ ਜਿੱਥੇ ਬਾਬਾ ਸ੍ਰੀ ਚੰਦ ਨੇ ਦਿੱਖ ਪੱਖੋਂ ਸੰਨਿਆਸੀ ਜੀਵਨ ਅਤੇ ਕਾਰਜ-ਸ਼ੈਲੀ ਨੂੰ ਕਾਇਮ ਰੱਖਿਆ ਉੱਥੇ ਪਿਤਾ-ਗੁਰੂ ਵੱਲੋਂ ਦਰਸਾਏ ਗ੍ਰਿਹਸਥ ਅਤੇ

ਸੰਨਿਆਸ ਵਿਚਲੇ ਸੰਤੁਲਿਤ ਸੁਮੇਲ ਨੂੰ ਵੀ ਬਾਖ਼ੂਬੀ ਨਿਭਾਇਆ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਉਹ ਗੁਰਮਤਿ ਦੇ ਅਮਲੀ ਪੱਧਰ 'ਤੇ ਬੜੇ ਪਰਿਪੱਕ ਪ੍ਰਸ਼ੰਸਕ, ਪ੍ਰਤੀਬੱਧ ਪੈਰੋਕਾਰ ਅਤੇ ਸਮਰਪਿਤ ਪ੍ਰਚਾਰਕ ਸਨ। ਇਸ ਪ੍ਰਤੀਬੱਧਤਾ ਨੂੰ ਉਨ੍ਹਾਂ ਨੇ ਇੱਕ ਸੰਗਠਿਤ ਸੰਪਰਦਾ (ਉਦਾਸੀ ਸੰਪਰਦਾ) ਰਾਹੀਂ ਰੂਪਮਾਨ ਕੀਤਾ।

### 1.3.2 ਬਾਬਾ ਗੁਰਦਿੱਤਾ :

ਬਾਬਾ ਸ੍ਰੀ ਚੰਦ ਜੀ ਨੇ ਅੱਗੋਂ ਬਾਬਾ ਗੁਰਦਿੱਤਾ ਜੀ (1613-1688) ਨੂੰ ਆਪਣਾ ਉੱਤਰਾਧਿਕਾਰੀ ਚੁਣਿਆ। ਬਾਬਾ ਗੁਰਦਿੱਤਾ ਜੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਸਨ, ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪਿਤਾ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਪੋਤਰੇ, ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਾਦਾ ਜੀ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਭਰਾ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਾਇਆ ਜੀ ਸਨ। ਬਾਬਾ ਗੁਰਦਿੱਤਾ ਜੀ ਬਾਬਾ ਸ੍ਰੀ ਚੰਦ ਜੀ ਦੇ ਪਹਿਲੇ ਅਨੁਆਈ ਸਨ। ਜਿਹਨਾਂ ਨੂੰ 'ਦੀਨ ਦੁਨੀ ਦੇ ਟਿੱਕੇ' ਦੇ ਨਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਬਾਬਾ ਗੁਰਦਿੱਤਾ ਜੀ ਦਾ ਚਿਹਰਾ ਗੁਰੂ ਨਾਨਕ ਪਾਤਸ਼ਾਹ ਨਾਲ ਕਾਫ਼ੀ ਮਿਲਦਾ-ਜੁਲਦਾ ਸੀ। ਇਸਤੋਂ ਇਲਾਵਾ ਉਹਨਾਂ ਦੀ ਜੰਞ ਵੀ ਗੁਰੂ ਨਾਨਕ ਸਾਹਿਬ ਦੇ ਸਹੁਰੇ ਬਟਾਲਾ ਵਿਖੇ ਹੀ ਢੁੱਕੀ ਸੀ।

ਬਾਬਾ ਗੁਰਦਿੱਤਾ ਜੀ ਸਬੰਧੀ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ ਇਸ ਤਰ੍ਹਾਂ ਜ਼ਿਕਰ ਕੀਤਾ ਮਿਲਦਾ ਹੈ-

> ਸ੍ਰੀ ਗੁਰੂ ਹਰਗੋਬਿੰਦ ਕੇ ਨੰਦ। ਸ੍ਰੀ ਬਾਬਾ ਗੁਰਦਿੱਤਾ ਚੰਦ।
> ਅਪਨ ਸਥਾਨ ਪਰ ਥਾਪ ਕਰ ਆਪ। ਕਰਤ ਭਏ ਦੀਰਘਿ ਪ੍ਰਤਾਪ।
> ਸ੍ਰੀ ਬਾਬਾ ਗੁਰਦਿੱਤਾ ਫੇਰ। ਸਰਬ ਰੀਤ ਤੇ ਭਏ ਬਡੇਰ।
> ਇਨ ਕੇ ਸਿੱਖ ਭਏ ਚਾਰ ਅਗਾਰੀ। ਜਿਨਹ ਬੈਠ ਕੀਨਸ ਤਪ ਭਾਰੀ।[21]

ਬਾਬਾ ਗੁਰਦਿੱਤਾ ਜੀ ਦੀ ਵਿੱਦਿਆ ਪ੍ਰਾਪਤੀ ਅਤੇ ਸ਼ਸ਼ਤਰ ਵਿੱਦਿਆ ਸਬੰਧੀ ਅਨੁਮਾਨ ਹੈ ਕਿ ਉਨ੍ਹਾਂ ਨੇ ਗੁਰਮਤਿ ਦਾ ਗਿਆਨ ਭਾਈ ਗੁਰਦਾਸ ਜੀ ਕੋਲੋਂ ਹਾਸਲ ਕੀਤਾ। ਘੋੜਸਵਾਰੀ, ਤਲਵਾਰ ਚਲਾਉਣੀ ਅਤੇ ਸ਼ਸ਼ਤਰ ਵਿੱਦਿਆ ਦਾ ਗਿਆਨ ਬਾਬਾ ਬੁੱਢਾ ਜੀ ਜਾਂ ਗੁਰੂ ਪਿਤਾ ਤੋਂ ਲਿਆ। ਬਾਬਾ ਗੁਰਦਿੱਤਾ ਜੀ ਬਲਕਾਰੀ

ਸੂਰਮੇ ਵੀ ਸਨ। ਉਨ੍ਹਾਂ ਨੇ ਮੁਗਲਾਂ ਨਾਲ ਕਈ ਲੜਾਈਆਂ ਵੀ ਲੜੀਆਂ ਅਤੇ ਕਰਤਾਰਪੁਰ ਦੇ ਯੁੱਧ ਵਿੱਚ ਆਪਣੀ ਬਹਾਦਰੀ ਦਾ ਸਬੂਤ ਵੀ ਦਿੱਤਾ।

ਸੰਮਤ 1681-82 ਦੀ ਗੱਲ ਹੈ, ਜਦ ਗੁਰੂ ਹਰਗੋਬਿੰਦ ਸਾਹਿਬ ਆਪਣੇ ਚਾਰ ਸਾਹਿਬਜ਼ਾਦਿਆਂ ਸਮੇਤ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਲਈ ਬਾਰਠ ਗਏ। ਉਦੋਂ ਟਿੱਕਾ ਬਾਬਾ ਗੁਰਦਿੱਤਾ ਜੀ 11-12 ਸਾਲ ਦੇ ਸਨ। ਉਹਨਾਂ ਨੇ ਕਮਰ ਕੱਸਾ ਕੀਤਾ ਹੋਇਆ ਸੀ ਅਤੇ ਕਿਰਪਾਨ ਸਜਾਈ ਹੋਈ ਸੀ। ਤੀਰ ਕਮਾਨ ਅਤੇ ਭੱਥਾ ਵੀ ਪਿੱਛੇ ਬੰਨ੍ਹੇ ਹੋਏ ਸਨ। ਬਾਬਾ ਜੀ ਉਹਨਾਂ ਦੇ ਜਲਾਲ ਤੋਂ ਮੋਹੇ ਗਏ। ਗੁਰੂ ਹਰਗੋਬਿੰਦ ਜੀ ਨੇ ਬਾਬਾ ਜੀ ਨੂੰ ਦੱਸਿਆ, "ਇਹ ਕਾਕਾ ਸ਼ਸਤਰ ਧਾਰੀ ਹੁੰਦੇ ਹੋਏ ਵੀ ਬਹੁਤਾ ਸਮਾਂ ਸਿਮਰਨ ਅਤੇ ਸਾਧ ਸੰਗਤ ਦੀ ਸੇਵਾ ਵਿੱਚ ਬਿਤਾਉਂਦਾ ਹੈ।" ਇਹ ਸੁਣ ਕੇ ਬਾਬਾ ਸ੍ਰੀ ਚੰਦ ਜੀ ਗਦ ਗਦ ਹੋ ਗਏ ਅਤੇ ਗੁਰੂ ਜੀ ਨੂੰ ਕਹਿਣ ਲੱਗੇ, "ਇਹ ਬੇਟਾ ਸਾਨੂੰ ਦੇ ਦੇਵੋ-

> ਬੋਲੇ ਗੁਰੂ ਜੋ ਚਾਹੀਏ ਲੀਜੈ ਜੋ ਖੁਸਿ ਥਾਇ।
>
> ਇਹ ਸੁਨ ਗੁਰੂ ਦਿਤੇ ਤਈ ਸ੍ਰੀ ਸਸਿ ਤਿਸ ਹੀ ਠਾਇ।[22]

ਗੁਰੂ ਜੀ ਨੇ ਤੁਰੰਤ ਉਨ੍ਹਾਂ ਦੀ ਇੱਛਾ ਨੂੰ ਸਵੀਕਾਰ ਕਰ ਲਿਆ ਤੇ ਟਿੱਕਾ ਗੁਰਦਿੱਤਾ ਜੀ ਨੂੰ ਮੱਥਾ ਟਿਕਾ ਕੇ ਉਨ੍ਹਾਂ ਨੂੰ ਸੌਂਪ ਦਿੱਤਾ ਨਾਲੇ ਆਖਿਆ, "ਹੋਰ ਚਾਹੋ ਤਾਂ ਸਾਰੇ ਹਾਜ਼ਿਰ ਹਨ।" ਬਾਬਾ ਸ੍ਰੀ ਚੰਦ ਜੀ ਨੇ ਤਦ ਆਪਣਾ ਉਦਾਸੀ ਭੇਖ ਬਾਬਾ ਗੁਰਦਿੱਤਾ ਜੀ ਨੂੰ ਸੌਂਪ ਦਿੱਤਾ। ਮਾਲਾ ਫੜਾ ਦਿੱਤੀ, ਸਿਮਰਨ ਅਭਿਆਸ ਨਾਲ ਜੋੜ ਦਿੱਤਾ, ਆਤਮਿਕ ਰਹੱਸ ਪ੍ਰਗਟ ਕਰ ਦਿੱਤੇ। ਉਦਾਸੀ ਦੀ ਰੀਤਿ (ਜੁਗਤਿ) ਪਰਪੱਕ ਕਰਵਾਈ, ਗੁਰਮੰਤਰ (ਸੋਹੰ) ਪ੍ਰਦਾਨ ਕਰ ਦਿੱਤਾ ਅਤੇ ਵਰਦਾਨ ਦਿੱਤਾ ਕਿ ਸਾਡਾ ਜਾਨਸ਼ੀਨ ਇਹ ਬਾਬਾ ਗੁਰਦਿੱਤਾ 'ਦੀਨ ਦੁਨੀ ਦਾ ਟਿੱਕਾ' ਹੋਇਆ। ਇਉਂ ਜੋਤਿ ਜੁਗਤ ਦੀ ਪਰੰਪਰਾ ਜਿਵੇਂ ਗੁਰਮਤਿ ਵਿੱਚ ਚੱਲੀ ਤਿਵੇਂ ਉਦਾਸੀ ਸੰਪਰਦਾਇ ਵਿੱਚ ਵਿਦਮਾਨ ਹੋਈ।[23]

ਬਾਬਾ ਸ੍ਰੀ ਚੰਦ ਨੇ ਬਾਬਾ ਗੁਰਦਿੱਤਾ ਜੀ ਨੂੰ ਗੱਦੀ ਦੇ ਕੇ ਕਿਹਾ ਸੀ ਕਿ ਮੀਰੀ ਅਤੇ ਪੀਰੀ ਦੀ ਬਖ਼ਸ਼ਿਸ਼ ਤਾਂ ਗੁਰੂ ਘਰ ਵਿੱਚ ਤੁਹਾਡੇ ਪਰਿਵਾਰ ਕੋਲ ਪਹਿਲਾਂ ਹੀ ਸੀ, ਮੈਂ ਇਸ ਵਿੱਚ ਤੀਸਰੀ ਚੀਜ਼ ਫ਼ਕੀਰੀ ਵੀ ਸ਼ਾਮਲ ਕਰ ਦਿੱਤੀ ਹੈ-

ਗੁਰ ਤਾਂ ਮੀਰੀ ਪੀਰੀ ਯੁਤ ਪਹਿਲੇ ਹੀ ਤੁਮ ਪਾਹਿ

ਹੁਤੀ ਫ਼ਕੀਰੀ ਮੋਹਿ ਢਿਗ ਸੋਊ ਲਈ ਤੁਮ ਯਾਹਿ।।[24]

ਇੱਥੇ ਹੀ ਬੱਸ ਨਹੀਂ, ਬਾਬਾ ਸ੍ਰੀ ਚੰਦ ਜੀ ਨੇ ਪਹਿਲਾਂ ਤਾਂ ਇੱਕ ਗ੍ਰਹਿਸਥੀ (ਗੁਰਦਿੱਤਾ ਜੀ) ਨੂੰ ਆਪਣਾ ਚੇਲਾ (ਸੰਨਿਆਸੀ) ਬਣਾਇਆ ਅਤੇ ਥੋੜ੍ਹੇ ਸਮੇਂ ਬਾਅਦ ਫਿਰ ਖ਼ੁਦ ਹੀ ਉਸ ਨੂੰ ਉਦਾਸੀ ਹੁੰਦਿਆਂ ਗ੍ਰਹਿਸਥ ਨਿਭਾਉਣ ਅਰਥਾਤ 'ਗਿਰਹੀ ਮਾਹਿ ਉਦਾਸੀ' ਹੋਣ ਦੀ ਤਾਕੀਦ ਅਤੇ ਨਸੀਹਤ ਵੀ ਕੀਤੀ। ਬਾਬਾ ਜੀ ਦਾ ਇਹ ਪਿਆਰਾ ਅਤੇ ਅਰਥਭਰਪੂਰ ਕਰਮ ਸਾਬਿਤ ਕਰਦਾ ਹੈ ਕਿ ਉਹ ਆਪਣੇ ਪਿਤਾ-ਗੁਰੂ ਜੀ ਦੀ ਗਿਰਹੀ ਮਾਹਿ ਉਦਾਸੀ ਦੀ ਨਿਰਾਲੀ ਸਮਨਵੈਵਾਦੀ ਵਿਚਾਰਧਾਰਾ ਪ੍ਰਤੀ ਸ਼ਿੱਦਤ ਦੀ ਹੱਦ ਤੱਕ ਸੁਹਿਰਦ ਅਤੇ ਪ੍ਰਤੀਬੱਧ ਸਨ।[25]

ਬਾਬਾ ਗੁਰਦਿੱਤਾ ਜੀ ਦੇ ਨਾਂ ਨਾਲ 'ਬਾਬਾ' ਪਦ ਲੱਗਣ ਸਬੰਧੀ ਇੱਕ ਵੇਰਵਾ ਮਿਲਦਾ ਹੈ ਕਿ ਕੀਰਤਪੁਰ ਦੇ ਉੱਪਰ ਪਹਾੜੀ ਜੰਗਲ ਵਿੱਚ ਇੱਕ ਬੜੀ ਕਰਨੀ ਵਾਲਾ ਬੁੱਢਣ ਸ਼ਾਹ ਨਾਮ ਦਾ ਫ਼ਕੀਰ ਰਹਿੰਦਾ ਸੀ। ਜਿਸ ਨਾਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ 1571 ਈ. ਵਿੱਚ ਗੋਸ਼ਟ ਹੋਈ ਸੀ। ਗੋਸ਼ਟ ਹੋਣ ਤੋਂ ਬਾਅਦ ਉਸ ਨੇ ਗੁਰੂ ਜੀ ਨੂੰ ਬੱਕਰੀਆਂ ਦੇ ਦੁੱਧ ਦਾ ਕਟੋਰਾ ਪੀਣ ਵਾਸਤੇ ਦਿੱਤਾ ਤਾਂ ਗੁਰੂ ਜੀ ਨੇ ਕਿਹਾ ਕਿ ਇਹ ਕਟੋਰਾ ਉਹ ਛੇਵੇਂ ਜਾਮੇ ਵਿੱਚ ਪੀਣਗੇ। ਜਦੋਂ ਗੁਰੂ ਹਰਗੋਬਿੰਦ ਪਾਤਸ਼ਾਹ ਕੀਰਤਪੁਰ ਸਾਹਿਬ ਪਹੁੰਚੇ ਤਾਂ ਉਨ੍ਹਾਂ ਨੇ ਬਾਬਾ ਬੁੱਢਣ ਸ਼ਾਹ ਜੀ ਪਾਸੋਂ ਆਪਣੀ ਅਮਾਨਤ ਮੰਗੀ। ਤਦ ਫ਼ਕੀਰ ਨੇ ਬੇਨਤੀ ਕੀਤੀ ਕਿ ਮੈਂ ਗੁਰੂ ਨਾਨਕ ਸਾਹਿਬ ਦੇ ਉਸੇ ਸਰੂਪ ਨੂੰ ਦੁੱਧ ਭੇਂਟ ਕਰਨਾ ਚਾਹੁੰਦਾ ਹਾਂ। ਜਿਸ ਸਰੂਪ ਵਿੱਚ ਉਹ ਮੈਨੂੰ ਪਹਿਲੇ ਜਾਮੇ ਵਿੱਚ ਮਿਲੇ ਸਨ। ਬਾਬਾ ਗੁਰਦਿੱਤਾ ਜੀ ਦਾ ਮੁਹਾਂਦਰਾ ਗੁਰੂ ਨਾਨਕ ਸਾਹਿਬ ਨਾਲ ਕਾਫ਼ੀ ਮਿਲਦਾ ਹੋਣ ਕਰਕੇ ਉਨ੍ਹਾਂ ਦੇ ਨਾਮ ਨਾਲ 'ਬਾਬਾ' ਸ਼ਬਦ ਜੁੜ ਗਿਆ। ਇਸੇ ਕਾਰਨ ਗੁਰੂ ਹਰਗੋਬਿੰਦ ਪਾਤਸ਼ਾਹ ਨੇ ਬਾਬਾ ਗੁਰਦਿੱਤਾ ਜੀ ਨੂੰ ਸਾਂਈ ਬੁੱਢਣ ਸ਼ਾਹ ਕੋਲ ਭੇਜਿਆ ਸੀ। ਜਿਸ ਦਾ ਉਲੇਖ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਵਿੱਚ ਇਸ ਤਰ੍ਹਾਂ ਕੀਤਾ ਮਿਲਦਾ ਹੈ-

ਨੈਨ ਉਘਾਰਿ ਦੇਖ ਵਹੁ ਕੈਸੇ। ਬਿਰਧ ਰੂਪ ਗੁਰੂ ਨਾਨਕ ਜੈਸੇ।

ਖੁਲਕਾਵਤ ਚਰਨੀ ਲਪਟਾਯੋ। ਧੰਨਿ ਧੰਨਿ ਨਿਜ ਮੁਖੋਂ ਅਲਾਯੋ।। 46।।

ਤੋਰ ਪਾਤ ਡੋਨਾ ਕੀਯੋ ਤਾ ਮੈਂ ਦੂਧ ਦੁਹਾਇ।

ਅਗ੍ਰ ਰਾਖਯੋ ਐਸ ਰਹਿ ਕੀਜੈ ਪਾਨ ਬਨਾਯਿ।। 47।।[26]

ਬਾਬਾ ਗੁਰਦਿੱਤਾ ਜੀ ਨੇ ਛੋਟੀ ਉਮਰ ਵਿੱਚ ਸਰੀਰ ਹੀ ਤਿਆਗ ਦਿੱਤਾ ਸੀ। ਜਿਸ ਸਬੰਧੀ ਬਿਰਤਾਂਤ ਮਿਲਦਾ ਹੈ ਕਿ ਇੱਕ ਦਿਨ ਬਾਬਾ ਜੀ ਦੇ ਸ਼ਿਕਾਰੀਆਂ ਪਾਸੋਂ ਹਿਰਨ ਦੇ ਭੁਲੇਖੇ ਪਹਾੜੀਆਂ ਦੀ ਗਊ ਮਰ ਗਈ। ਗਊ ਦੇ ਮਾਲਕਾਂ ਨੇ ਬਹੁਤ ਰੌਲਾ ਪਾਇਆ ਅਤੇ ਆਪਣੇ ਗਰੀਬ ਹੋਣ ਦਾ ਵਾਸਤਾ ਵੀ ਪਾਇਆ। ਜਿਸ ਕਰਕੇ ਬਾਬਾ ਜੀ ਨੇ ਤਰਸ ਖਾ ਕੇ ਉਸ ਮਰੀ ਹੋਈ ਗਊ ਨੂੰ ਆਪਣੀ ਲੋਈ ਛੁਹਾ ਕੇ ਜ਼ਿੰਦਾ ਕਰ ਦਿੱਤਾ ਸੀ। ਜਦ ਪਿਤਾ ਗੁਰੂ ਹਰਗੋਬਿੰਦ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਾਬਾ ਗੁਰਦਿੱਤਾ ਜੀ ਉੱਪਰ ਕਾਫ਼ੀ ਨਰਾਜ਼ ਹੋਏ। ਕਿਉਂਕਿ ਗੁਰੂ ਘਰ ਵਿੱਚ ਨਾ ਤਾਂ ਕਰਾਮਾਤ ਦਿਖਾਉਣ ਨੂੰ ਚੰਗਾ ਮੰਨਿਆ ਜਾਂਦਾ ਹੈ ਅਤੇ ਨਾ ਹੀ ਅਕਾਲ ਪੁਰਖ ਦੇ ਹੁਕਮ ਵਿੱਚ ਕਿਸੇ ਵੀ ਪ੍ਰਕਾਰ ਦੀ ਕੋਈ ਦਖ਼ਲ ਅੰਦਾਜ਼ੀ ਪਸੰਦ ਕੀਤੀ ਜਾਂਦੀ ਹੈ। ਪਿਤਾ ਜੀ ਦੀ ਇਸ ਨਰਾਜ਼ਗੀ ਨੂੰ ਦੇਖ ਕੇ ਬਾਬਾ ਗੁਰਦਿੱਤਾ ਜੀ ਉਸੇ ਪਹਾੜੀ ਉੱਪਰ ਗਏ, ਜਿੱਥੇ ਉਨ੍ਹਾਂ ਨੇ ਮਰੀ ਹੋਈ ਗਊ ਨੂੰ ਜ਼ਿੰਦਾ ਕੀਤਾ ਸੀ। ਉਹ ਆਪਣੀ ਇੱਛਾ ਅਨੁਸਾਰ ਅੱਸੂ ਵਦੀ 10 ਸੰਮਤ 1695 ਨੂੰ ਪੰਜ ਭੂਤਕ ਸਰੀਰ ਤਿਆਗ ਕੇ ਪਰਲੋਕ ਗਮਨ ਕਰ ਗਏ। ਇਸ ਅਸਥਾਨ 'ਤੇ ਬਾਬਾ ਗੁਰਦਿੱਤਾ ਜੀ ਦਾ ਸੁੰਦਰ ਦੇਹੁਰਾ ਸੁਭਾਇਮਾਨ ਹੈ।

ਗੁਰਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਬਾਬਾ ਗੁਰਦਿੱਤਾ ਜੀ ਦੇਣ ਵੀ ਬਾਬਾ ਸ਼੍ਰੀ ਚੰਦ ਜੀ ਵਾਂਗ ਬਹੁਤ ਵੱਡੀ ਅਤੇ ਮੱਹਤਵਪੂਰਨ ਹੈ। ਪਿਤਾ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਅਤੇ ਬਾਬਾ ਸ਼੍ਰੀ ਚੰਦ ਜੀ ਦੀ ਯੋਗ ਰਹਿਨੁਮਾਈ, ਸਰਪ੍ਰਸਤੀ ਅਤੇ ਅਸੀਸ ਹੇਠ 'ਕੀਰਤਪੁਰ' ਨਗਰ ਵਸਾਉਣ ਦਾ ਵੱਡਾ ਉੱਦਮ ਕਰਕੇ ਸਿੱਖੀ ਦੇ ਪਾਸਾਰ ਦੇ ਇੱਕ ਹੋਰ ਨਵੇਂ ਕੇਂਦਰ ਦੀ ਸਿਰਜਣਾ ਕੀਤੀ।[27]

### 1.3.3 **ਚਾਰ ਉਦਾਸੀ ਧੂਣੇ** :

ਬਾਬਾ ਗੁਰਦਿੱਤਾ ਜੀ ਨੇ ਬਾਬਾ ਸ਼੍ਰੀ ਚੰਦ ਜੀ ਦੁਆਰਾ ਚਲਾਈ ਪਰੰਪਰਾ ਜਾਂ ਕਾਰਜ ਨੂੰ ਪੂਰਾ ਕਰਦੇ ਹੋਏ ਬਾਲੂ ਹਸਨਾ, ਫੂਲ ਸਾਹਿਬ, ਗੋਇੰਦ ਸਾਹਿਬ ਅਤੇ ਅਲਮਸਤ ਜੀ ਨੂੰ ਆਪਣੇ ਸ਼ਿਸ਼ ਬਣਾਇਆ। ਜੋ ਕਿ ਉਦਾਸੀ ਪਰੰਪਰਾ ਵਿੱਚ ਚਾਰ ਧੂਣਿਆਂ ਦੇ ਨਾਂ ਨਾਲ ਪ੍ਰਸਿੱਧ ਹੋਏ। ਬਾਬਾ ਗੁਰਦਿੱਤਾ ਜੀ ਨੇ ਬਾਬਾ ਸ਼੍ਰੀ

ਚੰਦ ਜੀ ਦੀ ਧੂਣੀ ਵਿੱਚੋਂ ਕੁੱਝ ਧੁੱਖਦੇ ਅੰਗਾਰ ਇਹਨਾਂ ਧੂਣਿਆਂ ਨੂੰ ਆਪਣੇ ਮੱਠਾਂ ਵਿੱਚ ਲਿਜਾਣ ਲਈ ਦਿੱਤੇ। ਇਨ੍ਹਾਂ ਉਦਾਸੀ ਸਾਧੂਆਂ ਨੇ ਇਨ੍ਹਾਂ ਅੰਗਾਰਾਂ ਤੋਂ ਹੀ ਆਪਣੇ ਹਰੇਕ ਮੱਠ ਵਿੱਚ ਇੱਕ ਨਵੇਂ ਧੂੰਏ ਦੀ ਸਥਾਪਨਾ ਕੀਤੀ ਅਤੇ ਇਸ ਤਰ੍ਹਾਂ ਚਾਰ ਧੂੰਏ ਹੋਂਦ ਵਿੱਚ ਆਏ ਜਿਹੜੇ ਸਿੱਖ ਧਰਮ ਦੇ ਉਦਾਸੀ ਪ੍ਰਚਾਰ ਲਈ ਉਦਾਸੀਆਂ ਦੇ ਸਰਗਰਮ ਕੇਂਦਰ ਬਣ ਗਏ ਹਨ।[28]

'ਧੂਣਾ' ਉਸ ਅਸਥਾਨ ਨੂੰ ਕਹਿੰਦੇ ਹਨ, ਜਿੱਥੇ ਸਾਧੂ ਲੋਕ ਅੱਗ ਬਾਲ ਕੇ ਬੈਠਦੇ, ਵਿਚਾਰ ਗੋਸ਼ਟਾਂ ਕਰਦੇ ਤੇ ਆਪਣਾ ਆਸਣ ਸਥਾਪਿਤ ਕਰਦੇ ਹਨ। ਉਦਾਸੀਆਂ ਦੇ ਚਾਰ ਧੂਣੇ ਮੋਢੀ ਮਹਾਂਪੁਰਖਾਂ ਦੇ ਨਾਮ ਉੱਤੇ ਚੱਲੇ ਆ ਰਹੇ ਹਨ।[29] ਡਾ. ਸ਼ਮਸੇਰ ਸਿੰਘ ਅਨੁਸਾਰ,

> "ਧੂਣੇ ਦਾ ਭਾਵ ਅਗਨੀ ਦੇ ਲਗਾਤਾਰ ਜਲਣ ਤੋਂ ਹੈ ਜਿਸ ਦਾ ਅੰਤਰੀਵ ਭਾਵ ਹੈ ਧਰਮ ਦਾ ਲਗਾਤਾਰ ਪ੍ਰਚਾਰ ਤੇ ਪ੍ਰਕਾਸ਼ ਹੁੰਦਾ ਰਹੇ।"[30]

ਅਸਲ ਵਿੱਚ ਉਦਾਸੀ ਸਾਧੂ ਧੂਣੀ ਬਾਲ ਕੇ ਭਜਨ ਪਾਠ ਕਰਦੇ ਸਨ। ਇਹ ਪਰੰਪਰਾ ਬਾਬਾ ਸ੍ਰੀ ਚੰਦ ਜੀ ਦੇ ਸਮੇਂ ਤੋਂ ਹੀ ਪ੍ਰਚਲਿਤ ਸੀ। ਜਦੋਂ ਬਾਬਾ ਸ੍ਰੀ ਚੰਦ ਜੀ ਅਖੰਡ ਸਮਾਧੀ ਵਿੱਚ ਲੀਨ ਹੁੰਦੇ ਸਨ ਤਾਂ ਉਹਨਾਂ ਦਾ ਸੇਵਕ ਭਾਈ ਕਮਲੀਆ ਜੀ ਕੜਾਕੇ ਦੀ ਸਰਦੀ ਵਿੱਚ ਉਹਨਾਂ ਦੇ ਨੇੜੇ ਧੂਣੀ ਰਮਾ ਦਿੰਦੇ। ਜਿਸ ਨੂੰ ਬਾਅਦ ਵਿੱਚ ਧੂਣਾ ਆਖਿਆ ਜਾਣ ਲੱਗਾ। ਇਹਨਾਂ ਚਾਰ ਧੂਣਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

### 1.3.3.1 ਧੂਣਾ ਬਾਬਾ ਅਲਮਸਤ ਜੀ ਦਾ :

ਉਦਾਸੀ ਸੰਪਰਦਾਇ ਦੇ ਪਹਿਲੇ ਧੂਣੇ ਦੇ ਮੋਢੀ ਬਾਬਾ ਅਲਮਸਤ ਜੀ ਸਨ। 'ਮਹਾਨਕੋਸ਼' ਵਿੱਚ ਬਾਬਾ ਅਲਮਸਤ ਜੀ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਅਲਮਸਤ ਜੀ ਦਾ ਜਨਮ ਕਸ਼ਮੀਰ ਦੇ ਇਲਾਕੇ ਗੌੜ ਵਿੱਚ ਇੱਕ ਬ੍ਰਾਹਮਣ ਦੇ ਘਰ ਸੰਮਤ 1610 (1553 ਈ.) ਵਿੱਚ ਹੋਇਆ, ਬਾਲੂ ਹਸਨਾ ਉਹਨਾਂ ਦਾ ਛੋਟਾ ਭਰਾ ਸੀ। ਬਾਬਾ ਅਲਮਸਤ ਜੀ ਬਾਬਾ ਗੁਰਦਿੱਤਾ ਜੀ ਦਾ ਚੇਲਾ ਬਣ ਕੇ ਉਦਾਸੀਆਂ ਦੇ ਇੱਕ ਧੂਣੇ ਦੇ ਮੁਖੀਆ ਬਣੇ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਨਾਨਕ ਮਤੇ ਪਹੁੰਚ ਕੇ ਅਲਮਸਤ ਜੀ ਦੀ ਸਹਾਇਤਾ ਕੀਤੀ ਸੀ,

ਪੁਨ ਅਲਮਸਤ ਸਾਧੁ ਕੋ ਧੀਰ,

ਦੇਕਰਿ ਭਲੇ ਗੁਰੂ ਬਰ ਬੀਰ,

ਇਸ ਮਹਾਤਮਾ ਦਾ ਦੇਹਾਂਤ ਨਾਨਕਮਤੇ ਸੰਮਤ 1700 (1643 ਈ.) ਵਿੱਚ ਹੋਇਆ ਸੀ।[31] ਅਲਮਸਤ ਜੀ ਦਾ ਪਹਿਲਾ ਨਾਂ 'ਆਲੂ' ਰੱਖਿਆ ਗਿਆ ਸੀ। 'ਆਲੂ' ਅਰਬੀ ਭਾਸ਼ਾ ਦੇ ਸ਼ਬਦ ਅੱਲ੍ਹਾ ਤੋ ਬਣਿਆ ਹੈ, ਜਿਸ ਦਾ ਭਾਵ ਹੈ- ਬਹੁਤ ਉੱਚਾ। ਪਰ ਉਨ੍ਹਾਂ ਦੇ ਦੋ ਨਾਮ ਗੋਦੜੀਆ ਅਤੇ ਕਮਲੀਆ ਜਿਆਦਾ ਪ੍ਰਚਲਿਤ ਹੋਏ। ਅਸਲ ਵਿੱਚ ਇਹ ਬਾਬਾ ਸ਼੍ਰੀ ਚੰਦ ਦੇ ਹਜ਼ੂਰੀ ਸ਼ਰਧਾਲੂ ਸਨ, ਜੋ ਬਾਅਦ ਵਿੱਚ 'ਅਲਮਸਤ' ਦੇ ਨਾਂ ਨਾਲ ਪ੍ਰਸਿੱਧ ਹੋਏ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿੱਚ ਤਾਂ ਅਜਿਹਾ ਵੀ ਮੰਨਿਆ ਗਿਆ ਹੈ ਕਿ ਉਹਨਾਂ ਦਾ ਨਾਮ ਕਮਲੀਆ ਤੋਂ ਅਲਮਸਤ ਗੁਰੂ ਨਾਨਕ ਸਾਹਿਬ ਨੇ ਆਪ ਰੱਖਿਆ ਸੀ,

ਦੋਹਰਾ।। ਕਮਲੀਆ ਪ੍ਰਿਥਮੇ ਨਾਮ ਤਿਹੁ ਗੁਰ ਨਾਨਕ ਢਿਗ ਜਾਇ।

ਕਰਤਾਰਪੁਰ ਬੈਠੇ ਪ੍ਰਭੂ ਰਾਵੀ ਤਟ ਸੁਖ ਪਾਇ।।6।।

ਚੌਪਈ।। ਆਇ ਕਮਲੀਆ ਗੁਰ ਪਗ ਲਾਗਾ। ਸਤਿਨਾਮ ਲੈ ਗੁਰ ਰਸਿ ਪਾਗਾ।

ਸ੍ਰੀ ਗੁਰ ਤਾ ਪਰਿ ਭਏ ਕ੍ਰਿਪਾਲਾ। ਧਰਯੋ ਨਾਮੁ ਅਲਮਸਤ ਦਯਾਲਾ।।7।।[32]

ਬਚਪਨ ਤੋਂ ਹੀ ਅਲਮਸਤ ਪ੍ਰਭੂ ਭਗਤੀ ਵਿੱਚ ਲੀਨ ਰਹਿਣ ਵਾਲੇ ਅਲਮਸਤ/ਬੇਪਰਵਾਹ ਸੁਭਾਅ ਦੇ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਅਲਮਸਤ ਜੀ ਨੇ 1574 ਈ. ਵਿੱਚ ਬਾਬਾ ਸ਼੍ਰੀ ਚੰਦ ਜੀ ਦੇ ਕਰਤਾਰਪੁਰ ਵਿੱਚ ਦਰਸ਼ਨ ਕੀਤੇ ਅਤੇ ਇੱਥੇ ਹੀ ਸੇਵਾ ਕਰਨ ਲੱਗ ਪਏ। ਬਾਬਾ ਗੁਰਦਿੱਤਾ ਨੇ ਆਪ ਨੂੰ ਨੈਨੀਤਾਲ ਅਤੇ ਜਗਨਨਾਥ ਵਿੱਚ ਪ੍ਰਚਾਰ ਕਰਨ ਲਈ ਨਿਯੁਕਤ ਕੀਤਾ। ਬਾਅਦ ਵਿੱਚ ਬਾਬਾ ਗੁਰਦਿੱਤਾ ਜੀ ਦੇ ਆਦੇਸ਼ ਨਾਲ ਉਨ੍ਹਾਂ ਨੇ ਪੂਰਬੀ ਭਾਰਤ 'ਚ ਨਾਨਕ ਮੱਤ ਦਾ ਪ੍ਰਚਾਰ ਕੀਤਾ ਅਤੇ ਅਖੀਰਲੇ ਸਮੇਂ ਨਾਨਕ ਮਤੇ ਟਿਕਾਣਾ ਕੀਤਾ। ਜਦ ਨਾਨਕ ਮਤੇ ਵਿੱਚ ਜੋਗੀਆਂ ਅਤੇ ਸਿੱਧਾਂ ਨੇ ਆਪ ਦੀ ਵਿਰੋਧਤਾ ਕੀਤੀ ਤਾਂ ਆਪ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਮਦਦ ਲਈ ਬੇਨਤੀ ਕੀਤੀ। ਇਨ੍ਹਾਂ ਦੀ ਉੱਚੀ-ਸੁੱਚੀ ਰਹਿਣੀ-ਬਹਿਣੀ, ਸੇਵਾ-ਸਿਮਰਨ ਅਤੇ ਲੋਕਾਂ ਵਿੱਚ ਵਧੇਰੇ ਲੋਕਪ੍ਰਿਯਤਾ ਹੋਣ ਕਾਰਨ ਸਿੱਧ ਜੋਗੀ ਇਹਨਾਂ ਤੋਂ ਖਾਰ ਖਾਣ ਲੱਗੇ। ਉਹਨਾਂ ਨੇ ਬਾਬਾ ਅਲਮਸਤ ਜੀ ਨੂੰ ਤੰਗ ਕਰਨ ਦੇ ਮਨੋਰਥ ਨਾਲ ਜਿਸ ਪਿੱਪਲ ਹੇਠ ਸ਼੍ਰੀ ਗੁਰੂ

ਨਾਨਕ ਸਾਹਿਬ ਬੈਠੇ ਸਨ। ਉਸ ਪਿੱਪਲ ਨੂੰ ਜਲਾ ਦਿੱਤਾ। ਉਸ ਸਮੇਂ ਬਾਬਾ ਅਲਮਸਤ ਜੀ ਨੇ ਅੰਤਰ ਧਿਆਨ ਹੋ ਕੇ ਗੁਰੂ ਹਰਗੋਬਿੰਦ ਪਾਤਸ਼ਾਹ ਅੱਗੇ ਸਹਾਇਤਾ ਲਈ ਫ਼ਰਿਆਦ ਕੀਤੀ ਸੀ,

ਚੌਪਈ।। ਗੁਰ ਨਾਨਕ ਕਾ ਪੀਪਰ ਜੋਈ। ਸਾੜਯੋ ਸਿੱਧ ਵੈਰ ਕਰਿ ਸੋਈ।

ਇਹ ਬਿਧਿ ਪਾਯੋ ਦੁਖ ਅਪਾਰਾ। ਭਗਤ ਸਿੰਘ ਅਲਮਸਤ ਪੁਕਾਰਾ।।38।।

ਹੇ ਗੁਰ ਨਾਨਕ ਕਰੋ ਸਹਾਇ। ਛਠਮ ਰੂਪ ਧਰਯੋ ਤੁਮ ਆਇ।

ਦਰਸ਼ਨੁ ਇਹ ਠਾਂ ਮੋ ਕੌ ਦੀਜੈ। ਕਰ ਸਹਾਇ ਪੂਰਨ ਇੱਛ ਕੀਜੈ।।39।।[33]

ਅੰਤਰਜਾਮੀ ਗੁਰੂ ਹਰਗੋਬਿੰਦ ਸਾਹਿਬ ਤੱਕ ਬਾਬਾ ਅਲਮਸਤ ਜੀ ਦੀ ਅਰਦਾਸ/ਜੋਦੜੀ ਪਹੁੰਚ ਚੁੱਕੀ ਸੀ। ਗੁਰੂ ਸਾਹਿਬ ਨੇ ਭਾਈ ਬਿਧੀ ਚੰਦ, ਭਾਈ ਜੇਠਾ ਅਤੇ 50 ਹੋਰ ਸਿੱਖਾਂ ਨਾਲ ਨਾਨਕ ਮਤੇ ਵੱਲ ਕੂਚ ਕੀਤਾ। ਤਦ 1634 ਈ. ਵਿੱਚ ਗੁਰੂ ਹਰਗੋਬਿੰਦ ਜੀ ਨੇ ਅਲਮਸਤ ਜੀ ਦੀ ਮਦਦ ਕੀਤੀ ਅਤੇ ਜੋਗੀਆਂ ਨੂੰ ਭਜਾ ਦਿੱਤਾ। ਗੁਰੂ ਜੀ ਨੇ ਕੇਸਰ ਦੇ ਛਿੱਟੇ ਮਾਰ ਕੇ ਸੜੇ ਹੋਏ ਪਿੱਪਲ ਨੂੰ ਮੁੜ ਤੋਂ ਹਰਾ ਕੀਤਾ। ਉਸ ਕੇਸਰ ਦੇ ਛਿੱਟਿਆਂ ਦੇ ਨਿਸ਼ਾਨ ਹੁਣ ਤੱਕ ਉਸ ਪਿੱਪਲ ਦੇ ਪੱਤਿਆਂ ਉੱਪਰ ਮੌਜੂਦ ਹਨ। ਇਹ ਸਾਰੀ ਦੁਨੀਆ ਵਿੱਚ ਆਪਣੀ ਮਿਸਾਲ ਦਾ ਇੱਕੋ-ਇੱਕ ਪਿੱਪਲ ਹੈ। ਇਸ ਸਾਰੇ ਘਟਨਾਕ੍ਰਮ ਨੂੰ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਵਿੱਚ ਇਸ ਤਰ੍ਹਾਂ ਦਰਜ ਕੀਤਾ ਗਿਆ ਹੈ-

ਦੋਹਰਾ।। ਮਸਤ ਕਹਾ ਪ੍ਰਭ ਕੁਸਲ ਹੈ ਤੋਰ ਦਯਾ ਕੈ ਸਾਥਿ।

ਸਿੱਧ ਖੇਦ ਪੀਪਰ ਜਰਯੋ ਹੇ ਪ੍ਰਭ ਦੀਨਾ ਨਾਥ।।119।।

ਸਵੱਯਾ।। ਧੀਰ ਦੀਯੋ ਤਿਨ ਕੌ ਕਰ ਪੰਕਜ, ਨੀਰ ਕਮੰਡਲ ਪੂਰ ਮੰਗਾਯੋ।

ਸਤਿਨਾਮ ਕੋ ਮੰਤ੍ਰ ਉਚਾਰਿ ਕੀਯੋ, ਜਲੁ ਡਾਰਿ ਦੀਯੋ ਭਵ ਪੀਪਰ ਪਾਯੋ।

ਡਾਰ ਔ ਪਾਤ ਹਰੇ ਸਭਿ ਅੰਗਨ, ਦੇਖਿ ਕੈ ਮਸਤ ਰਿਦੈ ਹਰਖਾਯੋ।

ਕੁੰਕਮ ਘੋਰਿ ਕੈ ਛੀਟ ਦਏ ਗੁਰ, ਪੀਪਰ ਪਾਤ ਸਭੀ ਲਪਟਾਯੋ।।120।।

ਸ੍ਰੀ ਮੁਖਿ ਐਸ ਉਚਾਰ ਕੀਯੋ, ਇਹ ਛੀਟ ਰਹੈ ਸਦ ਹੀ ਸੰਗਿ ਪਾਤਾ।

ਮਸਤ ਅਚਲ ਰਹੈ ਧਰ ਊਪਰਿ, ਸ਼ਾਂਤਿ ਪ੍ਰਦੀ ਜਿਹ ਆਵਨ ਸ਼ਾਂਤਾ।

ਪੀਪਰ ਇਹ ਗੁਰ ਨਾਨਕ ਕੋ, ਜਿਹ ਦਰਸਨ ਤੇ ਅਘ ਓਘ ਨਸਾਤਾ।

ਕਰ ਜੋਰਿ ਕਰੀ ਬਿਨੀ ਬਿਧੀਏ, ਪ੍ਰਭ ਮੋਹਿ ਕੋਹ ਕਹਿ ਤੇ ਉਤਪਾਤਾ।।121।।[34]

ਬਾਬਾ ਅਲਮਸਤ ਜੀ ਚਾਰ ਪ੍ਰਚਾਰਕਾਂ ਵਿੱਚੋਂ ਮੁੱਖ ਪ੍ਰਚਾਰਕ ਸਨ। ਉਹਨਾਂ ਨੇ ਉਦਾਸੀ ਪ੍ਰਚਾਰਕਾਂ ਦੀ ਲੰਬੀ ਲੜੀ ਤਿਆਰ ਕੀਤੀ। ਸਭ ਤੋਂ ਮਹੱਤਵਪੂਰਨ ਕੰਮ ਜੋ ਬਾਬਾ ਅਲਮਸਤ ਜੀ ਨੇ ਕੀਤਾ, ਉਹ ਇਹ ਸੀ ਕਿ ਉਨ੍ਹਾਂ ਨੇ ਆਪਣੇ ਸਭ ਚੇਲਿਆਂ ਨੂੰ ਗੁਰਮੁੱਖੀ ਸਿਖਾਈ। ਉਸ ਸਮੇਂ ਨਵੇਂ ਬਣਨ ਵਾਲੇ ਚੇਲੇ ਲਈ ਗੁਰਮੁੱਖੀ ਪੜ੍ਹਨੀ ਲਾਜ਼ਮੀ ਹੁੰਦੀ ਸੀ। ਬਾਬਾ ਅਲਮਸਤ ਜੀ ਨੇ 22 ਧਾਰਮਿਕ ਕੇਂਦਰ ਬਿਹਾਰ ਵਿੱਚ ਸਥਾਪਿਤ ਕੀਤੇ। ਜੋ ਇਸ ਪ੍ਰਕਾਰ ਹਨ-ਪਟਨਾ, ਆਰਾ, ਗਯਾ, ਛਪਰਾ, ਮੰਗੇਰ, ਦਰਭੰਗਾ, ਮੁਜ਼ੱਫਰਪੁਰ, ਭਾਗਲਪੁਰ ਅਤੇ ਪੂਰਨਿਆਂ ਆਦਿ ਹਨ। ਇਹਨਾਂ ਕੇਂਦਰਾਂ ਨੇ ਗੁਰਮਤਿ ਪ੍ਰਚਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।[35] ਬਿਹਾਰ ਵਿੱਚ ਇਸ ਧੂਣੇ ਦੇ ਬਾਬਾ ਗੰਗਾ ਦਾਸ ਨੇ 1886 ਈ. ਵਿੱਚ ਪਟਨਾ ਸਾਹਿਬ ਵਿਖੇ ਪਹੁੰਚ ਕੇ ਗੁਰੂ ਨਾਨਕ ਸਾਹਿਬ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਸਥਾਨ, ਜਿਸ ਨੂੰ ਅੱਜ ਤਖ਼ਤ ਪਟਨਾ ਸਾਹਿਬ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ, ਨਾਮੀ ਸਥਾਨ ਦੇ ਦਰਸ਼ਨ ਕੀਤੇ ਅਤੇ ਹੋਰ ਖਾਲੀ ਪਈਆਂ ਥਾਂਵਾਂ ਦੀ ਸੇਵਾ-ਸੰਭਾਲ ਦਾ ਕੰਮ ਆਰੰਭ ਕੀਤਾ ਅਤੇ ਗੁਰਮਤਿ ਦਾ ਪ੍ਰਚਾਰ ਆਰੰਭਿਆ।[36]

ਅਲਮਸਤ ਜੀ ਤੋਂ ਵਰੋਸਾਏ ਅੱਠ ਚੇਲਿਆਂ ਨੇ ਗੁਰਮਤਿ ਦਾ ਅਣਥੱਕ ਪ੍ਰਚਾਰ ਕੀਤਾ। ਇਹ ਸਨ- ਭਾਈ ਮਖੂ ਚੰਦ, ਬਾਵਾ ਨੱਥਾ, ਭਾਈ ਅਕਲ ਚੰਦ, ਭਾਈ ਹਮੀਰਾ ਦਾਸ, ਭਾਈ ਗਰੀਬਦਾਸ (ਪਹਿਲਾ), ਭਾਈ ਗਰੀਬਦਾਸ (ਦੂਸਰਾ), ਭਾਈ ਲਛਮਣ ਦਾਸ ਅਤੇ ਭਾਈ ਮੰਗੂ ਦਾਸ।[37] ਭਾਈ ਲਛਮਣ ਦਾਸ, ਭਾਈ ਗੁਰਦਾਸ ਦੱਖਣੀ, ਕਿਸ਼ਨਾ ਨੰਦ ਅਤੇ ਬਾਬਾ ਦਿਆਲ ਵਰਗੇ ਮਹਾਨ ਉਦਾਸੀ ਵਿਦਵਾਨ ਵੀ ਬਾਬਾ ਅਲਮਸਤ ਜੀ ਦੇ ਧੂੰਏ ਨਾਲ ਸਬੰਧ ਰੱਖਦੇ ਸਨ। ਹੋਰ ਤਾਂ ਹੋਰ ਭਾਈ ਕ੍ਰਿਪਾਲ ਦਾਸ ਵਰਗਾ ਸੂਰਮਾ ਜਿਸ ਨੇ ਭੰਗਾਣੀ ਦੇ ਯੁੱਧ ਵਿੱਚ ਹਯਾਤ ਖ਼ਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ ਅਤੇ ਜਿਸ ਦੀ ਬਹਾਦਰੀ ਦਾ ਜ਼ਿਕਰ ਸ਼੍ਰੀ ਗੁਰੂ ਗੋਬਿੰਦ ਪਾਤਸ਼ਾਹ ਨੇ ਬਚਿੱਤਰ ਨਾਟਕ ਵਿੱਚ ਵੀ ਕੀਤਾ ਹੈ। ਉਹ ਵੀ ਇਸ ਧੂੰਏ ਵਿੱਚੋਂ ਹੀ ਪੈਦਾ ਹੋਏ ਸਨ। ਇਸ ਸ਼ਾਖ ਦੇ ਪ੍ਰਚਾਰਕ ਕੇਂਦਰਾਂ ਸਬੰਧੀ ਭਾਈ ਰਣਧੀਰ ਸਿੰਘ ਆਪਣੀ ਪੁਸਤਕ 'ਉਦਾਸੀ ਸਿੱਖਾਂ

ਦੀ ਵਿਥਿਆ' ਵਿੱਚ ਇਸ ਤਰ੍ਹਾਂ ਵੇਰਵਾ ਦਿੰਦੇ ਹਨ-

**ਬੰਗਾਲ** : ਢਾਕੇ ਵਿੱਚ ਸੰਗਤ ਕਾਇਮ ਕੀਤੀ ਅਤੇ ਧਰਮਸ਼ਾਲਾ ਬਣਵਾਈ, ਬਿਹਾਰ-ਉੜੀਸਾ, ਗਯਾ ਅਤੇ ਪਟਨੇ ਵਿਖੇ, ਉੱਤਰ ਪ੍ਰਦੇਸ਼, ਕਾਸ਼ੀ, ਲਖਨਊ, ਪੈਪਸੂ : ਲੌਂਗੋਵਾਲ, ਦਿੜਬਾ ਪਿੰਡ, ਨਾਭਾ ਸ਼ਹਿਰ ਵਿੱਚ।

**ਪੂਰਬੀ ਪੰਜਾਬ** : ਹੇਹਰਾਂ (ਜ਼ਿਲ੍ਹਾ ਲੁਧਿਆਣਾ), ਅੰਮ੍ਰਿਤਸਰ, ਗੰਡੀਵਿੰਡ

**ਲਹਿੰਦਾ ਪੰਜਾਬ** : ਮੁਲਤਾਨ ਸ਼ਹਿਰ, ਮਘਿਆਣਾ (ਜ਼ਿਲ੍ਹਾ ਝੰਗ)

**ਸਿੰਧ ਦੇਸ** : ਗਲਾ ਨਵਾਂ, ਰੋਹੜੀ ਖੈਰਪੁਰ, ਲਾਖਾ, ਲਖੀ ਸ਼ਹਿਰ, ਸ਼ਿਕਾਰਪੁਰ, ਮਿੱਠਾ ਦਰ, ਕੋਟੜੀ ਵਿੱਚ।

**ਬਲੋਚਿਸਤਾਨ** : ਜੈਕਾਬਾਬਾਦ, ਢਾਢਰ ਸ਼ਹਿਰ।[38]

ਇਸ ਪ੍ਰਕਾਰ ਇਸ ਸ਼ਾਖ ਦੇ ਸਾਧੂਆਂ ਬੰਗਾਲ ਤੋਂ ਲੈ ਕੇ ਬਲੋਚਿਸਤਾਨ ਤੱਕ ਬਹੁਤ ਦੂਰ-ਦੁਰਾਡੇ ਸਥਾਨਾਂ ਉੱਤੇ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਧੂਣੇ ਦੇ ਆਸ਼ਰਮਾਂ ਦੀ ਗਿਣਤੀ 176 ਮੰਨੀ ਜਾਂਦੀ ਹੈ। ਜਿੱਥੇ ਬਾਬਾ ਅਲਮਸਤ ਨੇ ਢਾਕੇ (ਬੰਗਾਲ) ਵਿੱਚ ਧਰਮਸ਼ਾਲਾ ਬਣਾਈ ਉੱਥੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਬਨਾਰਸ, ਪਟਨਾ, ਗਯਾ, ਸਸਾਰਾਮ, ਅਤੇ ਇਲਾਹਬਾਦ ਆਦਿ ਸਥਾਨਾਂ ਉੱਪਰ ਵੀ ਇਮਾਰਤਾਂ ਦੀ ਉਸਾਰੀ ਕਰਵਾਈ।

ਅਜਿਹਾ ਵੀ ਮੰਨਿਆ ਜਾਂਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਇੱਕ ਇੰਚ ਮੋਟੀ ਤੇ ਗੋਲ ਮੋਹਰ ਬਣਵਾ ਕੇ ਅਲਮਸਤ ਜੀ ਨੂੰ ਦਿੱਤੀ ਸੀ। ਇਹ ਮੋਹਰ ਮਹੰਤ ਰਾਮ ਦਾਸ ਦੇ ਕੋਲ ਗੁਰਦੁਆਰਾ ਆਸ਼ਰਮ ਘਾਟ ਗਯਾ ਵਿੱਚ ਅਜੇ ਵੀ ਮੌਜੂਦ ਮੰਨੀ ਜਾਂਦੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਜਦੋਂ ਗੁਰੂ ਤੇਗ਼ ਬਹਾਦਰ ਜੀ ਗਯਾ ਤੋਂ ਅਸਾਮ ਵੱਲ ਨੂੰ ਗਏ ਸੀ ਤਾਂ ਸ੍ਰੀ ਅਲਮਸਤ ਜੀ ਦੇ ਸ਼ਿਸ਼ਾਂ ਨੇ ਗੁਰੂ ਜੀ ਨੂੰ ਇਹ ਮੋਹਰ ਦਿਖਾਈ ਸੀ।

ਸੋ ਬਾਬਾ ਅਲਮਸਤ ਜੀ ਅਤੇ ਉਨ੍ਹਾਂ ਦੇ ਚੇਲਿਆਂ ਨੇ ਬੜੀ ਸ਼ਿੱਦਤ, ਮਿਹਨਤ ਅਤੇ ਲਗਨ ਨਾਲ ਗੁਰਮਤਿ ਦਾ ਪ੍ਰਚਾਰ ਪੂਰਬ ਵਿੱਚ ਬੰਗਾਲ ਤੱਕ ਅਤੇ ਪੱਛਮ ਵਿੱਚ ਬਲੋਚਿਸਤਾਨ ਤੱਕ ਕੀਤਾ। ਇਸ ਧੂਣੇ ਨੇ

ਗੁਰਮੁੱਖੀ ਅੱਖਰਾਂ ਦੀ ਸੋਝੀ ਕਰਵਾਉਣ ਵਿੱਚ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ।

**1.3.3.2 ਧੂਣਾ ਬਾਬਾ ਬਾਲੂ ਹਸਨਾ ਸਾਹਿਬ ਜੀ ਦਾ :**

ਉਦਾਸੀ ਸੰਪਰਦਾਇ ਦਾ ਦੂਜਾ ਧੂਣਾ ਬਾਬਾ ਬਾਲੂ ਹਸਨਾ ਸਾਹਿਬ ਜੀ ਤੋਂ ਚਲਿਆ। ਇਸ ਮਹਾਤਮਾ ਦਾ ਜਨਮ ਸੰਮਤ 1621 (1564 ਈ.) ਵਿੱਚ ਇੱਕ ਬ੍ਰਾਹਮਣ ਦੇ ਘਰ ਸ੍ਰੀ ਨਗਰ (ਕਸ਼ਮੀਰ) ਵਿੱਚ ਹੋਇਆ, ਇਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘੋੜੇ ਦੀ ਸੇਵਾ ਕਰਿਆ ਕਰਦੇ ਸੀ। ਆਪ ਗੁਰੂ ਹਰਿ ਗੋਬਿੰਦ ਪਾਤਸ਼ਾਹ ਦੇ ਸਿਦਕੀ ਸਿੱਖਾਂ ਵਿੱਚੋਂ ਇੱਕ ਸਨ। ਕਈ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਬਾਲੂ ਹਸਨਾ ਜੀ ਦਾ ਜਨਮ 1574 ਈ. ਵਿੱਚ ਹੋਇਆ ਸੀ। ਉਹ ਸੰਮਤ 1693 ਵਿੱਚ ਬਾਬਾ ਗੁਰਦਿੱਤਾ ਜੀ ਦੇ ਚੇਲੇ ਬਣੇ। ਉਹ ਉਦਾਸੀਆਂ ਦੇ ਇੱਕ ਧੂਣੇ ਦੇ ਮੁੱਖੀ ਵੀ ਸਨ, ਬਾਲੂ ਹਸਨਾ ਜੀ ਦਾ ਦੇਹਾਂਤ ਦੇਹਰਾਦੂਨ ਵਿਖੇ ਸੰਮਤ 1717 (1660 ਈ.) ਵਿੱਚ ਹੋਇਆ ਸੀ।[39] (ਪਰ 'ਗੁਰ ਉਦਾਸੀਨ ਮੱਤ ਦਰਪਣ' ਵਿੱਚ ਉਨ੍ਹਾਂ ਦਾ ਦੇਹਾਂਤ ਪੋਠੋਹਾਰ ਵਿਖੇ ਹੋਇਆ ਦੱਸਿਆ ਗਿਆ ਹੈ।)

ਬਾਬਾ ਰਾਮ ਰਾਇ ਦੇ ਦੁਹਰੇ ਦੇ ਮਹੰਤ ਇਸੇ ਸੰਪਰਦਾਇ ਨਾਲ ਸਬੰਧ ਰੱਖਦੇ ਹਨ। ਇਸ ਧੂਣੇ ਦੇ ਸੇਵਕ ਥੰਮ ਸਾਹਿਬ ਦੇ ਪੁਜਾਰੀ ਹਨ। ਕਿਉਂਕਿ ਛੇਵੇਂ ਪਾਤਸ਼ਾਹ ਨੇ ਬਾਬਾ ਬਾਲੂ ਹਸਨਾ ਜੀ ਦੀ ਭਜਨ ਬੰਦਗੀ ਵਿੱਚ ਲਗਨ ਨੂੰ ਦੇਖ ਕੇ ਉਹਨਾਂ ਨੂੰ ਥੰਮ ਸਾਹਿਬ 'ਤੇ ਬੈਠ ਕੇ ਭਜਨ ਕਰਨ ਲਈ ਕਿਹਾ ਸੀ। ਬਾਲੂ ਹਸਨਾ ਜੀ ਬਾਬਾ ਅਲਮਸਤ ਜੀ ਦੇ ਛੋਟੇ ਭਰਾਤਾ ਸਨ। ਉਹ ਬੜੇ ਹੱਸਮੁੱਖ-ਸੁਭਾਅ ਦੇ ਮਾਲਕ ਸਨ। ਉਹ ਸਦਾ ਖਿੜੇ ਰਹਿੰਦੇ ਅਤੇ ਰੱਬੀ ਪ੍ਰੇਮ ਅਤੇ ਸੇਵਾ ਦੇ ਰੰਗ ਵਿੱਚ ਵਿਗਸਦੇ ਰਹਿੰਦੇ ਸਨ। ਜਿਸ ਕਾਰਨ ਉਹਨਾਂ ਦੇ ਨਾਮ ਨਾਲ 'ਹਸਨਾ' ਸ਼ਬਦ ਜੁੜ ਗਿਆ। 'ਹਸਨਾ' ਸ਼ਬਦ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਆਪ ਉਨ੍ਹਾਂ ਦੇ ਨਾਂ ਨਾਲ ਜੋੜਿਆ ਸੀ। ਗੁਰੂ ਸਾਹਿਬ ਨੇ ਆਪ ਬਾਲੂ ਹਸਨਾ ਨੂੰ ਬਾਬਾ ਗੁਰਦਿੱਤਾ ਜੀ ਨਾਲ ਰਹਿਣ ਦਾ ਆਦੇਸ਼ ਦਿੱਤਾ ਸੀ। ਬਾਬਾ ਗੁਰਦਿੱਤਾ ਜੀ ਨੇ ਬਾਬੇ ਬਾਲੂ ਹਸਨਾ ਦੀ ਸੇਵਾ ਅਤੇ ਸਿਮਰਨ ਨੂੰ ਵੇਖ ਕੇ ਉਨ੍ਹਾਂ ਨੂੰ ਉਦਾਸੀ ਭੇਖ (ਮਜੀਠੀ ਚੋਲਾ ਤੇ ਸਿਮਰਨਾ) ਬਖ਼ਸ਼ਿਆ ਸੀ। ਇਸ ਤੋਂ ਇਲਾਵਾ ਬਾਬਾ ਗੁਰਦਿੱਤਾ ਜੀ ਨੇ ਬਾਬਾ ਬਾਲੂ ਹਸਨਾ ਨੂੰ ਪੋਠੋਹਾਰ, ਕਸ਼ਮੀਰ, ਸਿੰਧ ਅਤੇ ਪੱਛਮੀ ਪੰਜਾਬ ਵਿੱਚ ਪ੍ਰਚਾਰ ਕਰਨ ਲਈ ਨਿਯੁਕਤ ਕੀਤਾ ਸੀ।

ਬਾਬਾ ਬਾਲੂ ਹਸਨਾ ਜੀ ਤੋਂ ਅੱਗੇ 10 ਚੇਲੇ ਭਾਈ ਲਾਲ ਦਾਸ ਦਰਯਾਈ, ਭਾਈ ਜਾਕੋ ਰਾਇ, ਭਾਈ ਪੂਰਨ ਦਾਸ, ਭਾਈ ਗੋਦੜੀ ਰਾਇ, ਭਾਈ ਰੂਪ ਥਲ, ਭਾਈ ਸੇਵਾ ਦਾਸ, ਭਾਈ ਬੁੱਡਾ, ਭਾਈ ਪਰਮੇਸ਼ਰ ਦਾਸ, ਭਾਈ ਦਰਗਾਹੀ ਅਤੇ ਭਾਈ ਹਰਦਿਆਲ ਹੋਏ ਸਨ।[40] ਇਸ ਪੱਧਤੀ ਦੇ ਸਾਧੂਆਂ ਦੇ ਧਾਰਮਿਕ ਕੇਂਦਰਾਂ ਸਬੰਧੀ 'ਉਦਾਸੀ ਸਿੱਖਾਂ ਦੀ ਵਿਥਿਆ' ਨਾਮੀ ਪੁਸਤਕ ਵਿੱਚ ਇਸ ਤਰ੍ਹਾਂ ਵੇਰਵਾ ਮਿਲਦਾ ਹੈ-

**ਪੈਪਸੂ** : ਕੋਟਫੱਤਾ, ਫੱਤੇ ਦਾ ਕੋਟ, ਧਨੌਲਾ, ਲੌਂਗੋਵਾਲ, ਜੰਡਵਾਲਾ, ਟੋਭਾ, ਖਲੌੜਾ ਖਿਆਲੀ ਦਾ, ਭੂਦਨ।

**ਪੂਰਬੀ ਪੰਜਾਬ** : ਗੁਜਰਵਾਲ (ਜ਼ਿਲ੍ਹਾ ਲੁਧਿਆਣਾ), ਭਰੋਆਲ, ਜੱਸੋਵਾਲ ਵਿੱਚ ਬਰਲਾ, ਧਾਂਦਰ, ਰਾਇਪੁਰ, ਸੋਹੀ ਧੂੜ ਕੋਟ, ਕੌਣੀ, ਕਰਤਾਰਪੁਰ (ਦੁਆਬਾ), ਕਰਤਾਰਪੁਰ (ਰਾਵੀ)

**ਅੰਮ੍ਰਿਤਸਰ** : ਚਿੱਟਾ ਅਖਾੜਾ, ਧਰਮਸ਼ਾਲਾ ਬਾਬਾ ਕਾਸ਼ੀ ਰਾਮ, ਧਰਮਸ਼ਾਲਾ ਸੰਗਲਾਵਾਲਾ, ਧਰਮਸ਼ਾਲਾ ਮਾਈ ਮਾਨੋ, ਧਰਮਸ਼ਾਲਾ ਚੇਤਨਦਾਸ।

**ਲਹਿੰਦਾ ਪੰਜਾਬ** : ਚੱਕ ਨੰਬਰ 16 (ਜ਼ਿਲ੍ਹਾ ਮਿੰਟਗੁਮਰੀ)

**ਸਿੰਧ ਦੇਸ਼** : ਸ਼ਿਕਾਰਪੁਰ, ਹੈਦਰਾਬਾਦ, ਮੀਰਪੁਰ, ਬਨੋਰੋ, ਖਾਨਪੁਰ, ਖਾਹੀ ਗੁਰੂ, ਹਿਲਾਣੀ

**ਟਿੰਡਾ ਅਲਾਯਾਰ** : ਕਰਨਾਲ ਗੰਜ, ਸ਼ਿਮਲੀ, ਮਲੀਆ ਮਹਾਂਦੇਵ ਵਿੱਚ

**ਬਿਹਾਰ** : ਉੜੀਸਾ, ਜਗਨਾਥਪੁਰੀ ਵਿੱਚ।[41]

ਇਹਨਾਂ ਸਥਾਨਾਂ ਤੋਂ ਇਲਾਵਾ ਬਾਬਾ ਬਾਲੂ ਹਸਨਾ ਦੇ ਧੂਣੇ ਨਾਲ ਸਬੰਧਿਤ ਇੱਕ ਸਥਾਨ ਸਮਰਾਲੇ ਨਜ਼ਦੀਕ ਪਿੰਡ ਬਾਲਿਓ ਜ਼ਿਲ੍ਹਾ ਲੁਧਿਆਣਾ ਵਿੱਚ ਵੀ ਮਿਲਦਾ ਹੈ। ਇਸ ਡੇਰੇ ਨੂੰ ਚਲਾਉਣ ਵਾਲੇ ਪਹਿਲੇ ਮਹੰਤ ਬਾਬਾ ਵਰਿਆਮ ਦਾਸ ਸਨ। ਇਸ ਉਪਰੰਤ ਇਹ ਸੇਵਾ ਬਾਬਾ ਸਿਮਰਨ ਦਾਸ ਦੇ ਹਿੱਸੇ ਆਈ। ਪ੍ਰੰਤੂ ਬਾਬਾ ਸਿਮਰਨ ਦਾਸ ਤੋਂ ਬਾਅਦ ਇਸ ਡੇਰੇ ਵਿੱਚ ਹੁਣ ਕੋਈ ਮਹੰਤ ਮੌਜੂਦ ਨਹੀਂ ਹੈ।

ਇਸ ਧੂਣੇ ਦੇ ਬਿਹਾਰ ਵਿਖੇ 45 ਕੇਂਦਰ ਮਿਲਦੇ ਹਨ। ਸ਼ਿਮਲੀ ਨਾਮੀ ਸਥਾਨ ਵੀ ਇਸ ਧੂਣੇ ਨਾਲ ਸਬੰਧਿਤ ਹੈ। ਜੋ ਕਿ ਪਟਨਾ ਸ਼ਹਿਰ ਵਿੱਚ ਸਥਿਤ ਹੈ। ਇਸ ਸ਼ਾਖ ਦੇ ਸਾਧੂ ਬਖ਼ਤ ਮੱਲ ਦੇ ਚੇਲੇ ਬਾਬਾ

ਗੁਲਮੋਹਰ ਨੇ ਇਸ ਅਸਥਾਨ ਨੂੰ 1715 ਈ. ਵਿੱਚ ਭਾਲਿਆ ਅਤੇ ਇਥੇ ਧਰਮਸ਼ਾਲਾ ਵੀ ਸਥਾਪਿਤ ਕੀਤੀ। ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਇਹ ਹੈ ਕਿ ਇਥੇ ਗੁਰੂ ਨਾਨਕ ਸਾਹਿਬ ਆਪਣੀ ਪੂਰਬ ਦੀ ਉਦਾਸੀ ਸਮੇਂ ਠਹਿਰੇ ਸਨ। ਇਸ ਤੋਂ ਇਲਾਵਾ ਇੱਕ ਹੋਰ ਅਸਥਾਨ ਮਲੀਆ ਮਹਾਂਦੇਵ (ਪਟਨਾ) ਵਿਖੇ ਮਿਲਦਾ ਹੈ। ਇਸ ਸਥਾਨ ਉੱਪਰ 1847 ਈ. ਵਿੱਚ ਇਸ ਧੂਣੇ ਦੇ ਮਹਾਤਮਾ ਬਾਬਾ ਪਰਮਾਨੰਦ ਨੇ ਧਰਮਸ਼ਾਲਾ ਬਣਾਈ ਸੀ। ਬਾਬਾ ਬਾਲੂ ਹਸਨਾ ਜੀ ਨੇ 'ਮੂਲ ਵਾਲੀ' ਨਾਮਕ ਡੇਰਾ ਵੀ ਵਸਾਇਆ ਸੀ। ਇਥੇ ਇਹ ਵੀ ਦੱਸਣਯੋਗ ਹੈ ਕਿ 'ਸ੍ਰੀਮਤਿ ਨਾਨਕ ਵਿਜਯ' ਗ੍ਰੰਥ ਦੇ ਰਚੈਤਾ ਕਵੀ ਸੰਤ ਰੇਣ ਵੀ ਇਸੇ ਧੂਣੇ ਨਾਲ ਸਬੰਧ ਰੱਖਦੇ ਸਨ।

**1.3.3.3 ਧੂਣਾ ਗੋਇੰਦ ਸਾਹਿਬ ਜੀ ਦਾ** :

ਤੀਸਰੇ ਧੂਣੇ ਦੇ ਮੁਖੀ ਗੋਇੰਦ ਸਾਹਿਬ ਜੀ ਸਨ। ਸ੍ਰੀ ਗੋਇੰਦ ਸਾਹਿਬ ਜੀ ਦਾ ਜਨਮ ਕਸ਼ਮੀਰ ਵਿੱਚ ਖੱਤਰੀਆਂ ਦੇ ਘਰ ਸੰਮਤ 1626 (1569ਈ.) ਨੂੰ ਹੋਇਆ। ਇਹ ਵੀ ਕਰਣੀ ਵਾਲੇ ਸਾਧੂ ਸਨ, ਇਹ ਉਦਾਸੀਆਂ ਦੇ ਇੱਕ ਧੂਣੇ ਦੇ ਮੁਖੀਆ ਸਨ। ਉਹਨਾਂ ਦਾ ਦੇਹਾਂਤ ਸੰਮਤ 1706 (1649ਈ.) ਵਿੱਚ ਫਿਲੌਰ ਵਿਖੇ ਹੋਇਆ ਸੀ। ਕਈ ਲੇਖਕਾਂ ਨੇ ਉਹਨਾਂ ਦਾ ਨਾਂ ਗੋਂਦ ਅਤੇ ਗੋਂਦਾ ਵੀ ਲਿਖਿਆ ਹੈ।[42] ਉਹਨਾਂ ਨੂੰ ਗੁਰਮਤਿ ਦੀ ਚੇਟਕ ਕਿਸੇ ਨਾਨਕਸ਼ਾਹੀ ਫ਼ਕੀਰ ਤੋਂ ਲੱਗੀ ਅਤੇ ਗੁਰਸਿੱਖੀ ਧਾਰਨ ਕਰਨ ਲਈ ਕਰਤਾਰਪੁਰ ਵਿੱਚ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਇਥੇ ਰਹਿ ਕੇ ਪਹਿਲਾਂ ਗੁਰੂ ਅਰਜਨ ਦੇਵ ਜੀ ਅਤੇ ਫਿਰ ਗੁਰੂ ਹਰਗੋਬਿੰਦ ਜੀ ਦੀ ਸੇਵਾ ਕੀਤੀ।

1634 ਈ. ਬਾਬਾ ਗੋਇੰਦ ਜੀ ਬਾਬਾ ਗੁਰਦਿੱਤਾ ਜੀ ਦੇ ਚੇਲੇ ਬਣੇ। ਪ੍ਰਚਾਰ ਦੇ ਯੋਗ ਸਮਝ ਕੇ ਬਾਬਾ ਗੁਰਦਿੱਤਾ ਜੀ ਨੇ ਆਪ ਨੂੰ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ। ਉਹਨਾਂ ਨੇ 12 ਕੁ ਸਾਲ ਕੀਰਤਪੁਰ ਦੇ ਇਰਦ-ਗਿਰਦ ਖਾਸਕਰ ਦੁਆਬੇ ਵਿੱਚ ਪ੍ਰਚਾਰ ਕੀਤਾ। ਆਪਣੇ ਜੀਵਨ ਦੀ ਅੰਤਲੀ ਉਮਰ ਉਹਨਾਂ ਨੇ ਪੰਜਾਬ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਬਤੀਤ ਕੀਤੀ ਸੀ।

ਭਾਈ ਰਣਧੀਰ ਸਿੰਘ ਨੇ ਬਾਬਾ ਗੋਇੰਦ ਸਾਹਿਬ ਦੇ ਧੂਣੇ ਦੇ ਸਥਾਨਾਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ-ਫਿਲੌਰ, ਕਬੋਰ ਵਛੇ (ਜ਼ਿਲ੍ਹਾ ਫਿਰੋਜ਼ਪੁਰ), ਸਮਾਲਸਰ (ਤਹਿਸੀਲ ਮੋਗਾ), ਕੁਲੇ ਇਲਾਕਾ ਧਨੌਲਾ

(ਪੈਪਸੂ), ਢੰਡੋਲੀ ਤਹਿਸੀਲ ਭਵਾਨੀਗੜ੍ਹ(ਪੈਪਸੂ), ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ)।[43]

ਇਸ ਧੂਣੇ ਦੇ ਸਾਧੂਆਂ ਕਮਲਨੈਣ, ਗੁਰਮੁੱਖ ਅਤੇ ਸੰਤ ਰਾਮ ਨੇ ਦੁਆਬੇ ਦੇ ਪਿੰਡਾਂ ਵਿੱਚ ਪ੍ਰਚਾਰ ਕੀਤਾ। ਪਰ ਇਸ ਧੂਣੇ ਦਾ ਵਿਸਥਾਰ ਕੋਈ ਜ਼ਿਆਦਾ ਨਹੀਂ ਹੋਇਆ। ਬਖਸ਼ੀ ਸਿੰਘ ਆਦਿਲ ਨੇ 'ਜੀਵਨੀ ਬਾਬਾ ਸ਼੍ਰੀ ਚੰਦ' ਵਿੱਚ ਦੱਸਿਆ ਹੈ ਕਿ ਬਾਬਾ ਗੋਇੰਦ ਜੀ ਦੇ ਚੇਲਿਆਂ ਨੇ ਆਪਣਾ ਜ਼ਿਆਦਾ ਸਮਾਂ ਦੱਖਣ ਵਿੱਚ ਹੈਦਰਾਬਾਦ ਵਿਖੇ ਬਤੀਤ ਕੀਤਾ ਕਿਉਂਕਿ ਉਹਨਾਂ ਨੂੰ ਪ੍ਰਚਾਰ ਕਰਨ ਲਈ ਦੱਖਣ ਦਾ ਇਲਾਕਾ ਸੌਂਪਿਆ ਗਿਆ ਸੀ। ਉਹਨਾਂ ਦੇ ਸ਼ਿਸ਼ਾਂ ਨੂੰ ਉੱਥੇ 'ਟਾਹਲੀ ਵਾਲੇ ਸਾਧ' ਕਰਕੇ ਜਾਣਿਆ ਜਾਂਦਾ ਹੈ। ਲਖਨਊ ਵਿਚ ਆਪ ਦੇ ਧੂਣੇ ਵਿੱਚੋਂ ਮੀਹਾਂ ਸਾਹਿਬ ਦੀ ਬਖ਼ਸ਼ਿਸ਼ ਦੇ ਉਦਾਸੀ ਸਾਧੂਆਂ ਦੀ ਪ੍ਰਸਿੱਧ ਗੱਦੀ ਹੈ। ਮੁਹੱਲਾ ਨਿਵਾਜ ਗੰਜ ਵਿੱਚ ਬਾਬਾ ਹਜਾਰਾ ਦਾ ਸਥਾਨ ਹੈ ਅਤੇ ਲੱਖਾਂ ਦੀ ਸਪੰਤੀ ਹੈ। ਆਪ ਨੇ ਪੱਖੋਕੇ ਟਾਹਲੀ ਸਾਹਿਬ ਦਾ ਡੇਰਾ ਵਸਾਇਆ।[44]

**1.3.3.4 ਧੂਣਾ ਬਾਬਾ ਫੂਲ ਸਾਹਿਬ ਜੀ ਦਾ** :

ਉਦਾਸੀ ਸੰਪਰਦਾਇ ਦੇ ਚੌਥੇ ਧੂਣੇ ਦੇ ਮੋਢੀ ਬਾਬਾ ਫੂਲ ਸਾਹਿਬ ਜੀ ਸਨ। ਬਾਬਾ ਫੂਲ ਸਾਹਿਬ ਜੀ ਗੋਇੰਦ ਸਾਹਿਬ ਜੀ ਦੇ ਛੋਟੇ ਭਰਾ ਸਨ। ਉਨ੍ਹਾਂ ਦਾ ਜਨਮ ਕਸ਼ਮੀਰ ਵਿੱਚ ਸੰਮਤ 1620 (1563ਈ.) ਵਿੱਚ ਹੋਇਆ। ਉਹ ਸੰਮਤ 1688 ਵਿੱਚ ਬਾਬਾ ਗੁਰਦਿੱਤਾ ਜੀ ਦੇ ਚੇਲੇ ਬਣੇ। ਇਹ ਮਹਾਂਪੁਰਸ਼ ਵੀ ਬੜੀ ਕਰਣੀ ਵਾਲੇ ਸਨ। ਬਾਬਾ ਫੂਲ ਸਾਹਿਬ ਜੀ ਵੀ ਉਦਾਸੀਆਂ ਦੇ ਇੱਕ ਧੂਣੇ ਦੇ ਮੁਖੀ ਸਨ। ਫੂਲ ਸਾਹਿਬ ਦਾ ਦੇਹਾਂਤ ਬਹਾਦੁਰਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿੱਚ ਸੰਮਤ 1730 ਵਿੱਚ ਹੋਇਆ ਸੀ।[45]

ਉਹਨਾਂ ਨੇ ਆਪਣਾ ਬਹੁਤਾ ਸਮਾਂ ਪਿਸ਼ਾਵਰ ਵਿੱਚ ਬਤੀਤ ਕੀਤਾ। 1604 ਈ. ਵਿੱਚ ਉਹਨਾਂ ਨੇ ਰਾਮਦਾਸ ਪੁਰ ਆਕੇ ਸਿੱਖ ਧਰਮ ਵਿੱਚ ਪ੍ਰਵੇਸ਼ ਕੀਤਾ। ਬਾਬਾ ਗੁਰਦਿੱਤਾ ਜੀ ਨੇ ਆਪ ਨੂੰ ਪ੍ਰਚਾਰ ਦਾ ਕੰਮ ਸੌਂਪਿਆ। ਇਨ੍ਹਾਂ ਨੇ ਹੁਸ਼ਿਆਰਪੁਰ ਦੇ ਇਲਾਕੇ ਵਿੱਚ ਬਹਾਦਰਗੜ੍ਹ ਦੇ ਸਥਾਨ 'ਤੇ ਧਰਮਸ਼ਾਲਾ ਬਣਾ ਕੇ ਆਪਣਾ ਕੇਂਦਰ ਸਥਾਪਿਤ ਕੀਤਾ ਅਤੇ ਅੰਤ 1663 ਈ. ਵਿੱਚ ਪ੍ਰਲੋਕ ਸਧਾਰ ਗਏ।[46] ਬਾਬਾ ਫੂਲ ਤੋਂ ਵਰੋਸਾਏ ਹੋਏ ਚੇਲਿਆਂ ਚਰਨ ਸ਼ਾਹ ਤੇ ਦੱਖਣਿ ਰਾਮ ਨੇ ਪਰਚਾਰ ਦੇ ਕੰਮ ਨੂੰ ਜਾਰੀ ਰੱਖਿਆ।

ਇਸ ਪੱਧਤੀ ਦੇ ਸਾਧੂਆਂ ਦੇ ਕੇਂਦਰਾਂ ਬਾਰੇ ਉਦਾਸੀ ਸਿੱਖਾਂ ਦੀ ਵਿਥਿਆ ਵਿੱਚ ਇਸ ਤਰ੍ਹਾਂ ਵੇਰਵਾ ਦਿੱਤਾ ਗਿਆ ਹੈ-ਬਹਾਦਰਪੁਰ (ਹਸ਼ਿਆਰਪੁਰ), ਚੀਪਲੀ (ਬੁਲਲਾਣਾ), ਬਾਂਗਰ ਦੇਸ਼, ਕੰਭਰ ਕੰਡੀ (ਸਿੰਧ ਦੇਸ਼), ਕੰਬਰਾ (ਜ਼ਿਲ੍ਹਾ ਲੜਕਾਣਾ, ਸਿੰਧ), ਅੰਮ੍ਰਿਤਸਰ ਸ਼ਹਿਰ ਧਰਮਸ਼ਾਲਾ ਮੁਤਹਿਰ ਸ਼ਾਹ।[47] ਦੱਖਣੀ ਭਾਰਤ ਦੇ ਬਰਾਰ ਇਲਾਕੇ ਦੇ ਨਗਰ ਚੀਪਲੀ ਵਿੱਚ ਇਸ ਧੂਣੇ ਦੇ ਦੋ ਤਪੱਸਵੀ ਸਾਧੂਆਂ ਉਤਮ ਦਾਸ ਅਤੇ ਮੋਤੀ ਰਾਮ ਨੇ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਧਰਮਸ਼ਾਲਾ ਬਣਾਈ ਅਤੇ ਅਨੇਕਾਂ ਪ੍ਰਾਣੀਆਂ ਨੂੰ ਸਿੱਖ ਧਰਮ ਵਿੱਚ ਪ੍ਰਵੇਸ਼ ਕਰਵਾਇਆ ਸੀ। ਇਸ ਧੂਣੇ ਦੇ ਧਰਮ ਪ੍ਰਚਾਰ ਦਾ ਜ਼ਿਆਦਾਤਰ ਕੇਂਦਰ ਦੁਆਬਾ ਹੀ ਰਿਹਾ ਹੈ। ਇਹਨਾਂ ਦੇ 86 ਆਸ਼ਰਮ ਮੰਨੇ ਜਾਂਦੇ ਹਨ। ਇਸ ਧੂਣੇ ਦੇ ਪੰਜ ਕੇਂਦਰ ਵਰਤਮਾਨ ਸਮੇਂ ਵੀ ਬਿਹਾਰ ਵਿੱਚ ਮੌਜੂਦ ਹਨ। ਬਾਬਾ ਫੂਲ ਸਾਹਿਬ ਨੇ ਲੁਹਾਰੇ ਦਾ ਡੇਹਰਾ ਆਪ ਵਸਾਇਆ ਸੀ।

ਬੇਸ਼ੱਕ, ਇਸ ਧੂਣੇ ਦਾ ਵੀ ਤੀਸਰੇ ਧੂਣੇ ਵਾਂਗ ਬਹੁਤਾ ਵਿਸਥਾਰ ਨਹੀਂ ਹੋਇਆ। ਪਰ ਬਹਾਦਰਪੁਰ (ਹਸ਼ਿਆਰਪੁਰ) ਡੇਰੇ ਵਿੱਚ ਇਸ ਧੂਣੇ ਦੇ ਸ਼ਿਸ਼ਾਂ ਦੀ ਲੰਮੀ ਲੜੀ ਚੱਲਦੀ ਹੈ। ਜਿਨ੍ਹਾਂ ਵਿੱਚੋਂ ਬਾਬਾ ਚਰਣ ਸ਼ਾਹ (1733 ਬਿਕਰਮੀ) ਬਾਬਾ ਸ੍ਰੀ ਚੰਦ ਜੀ ਦੇ ਪੜੋਤੇ ਚੇਲੇ ਸਨ। ਇਹਨਾਂ ਦੇ ਅੱਗੋਂ ਚੇਲੇ ਦੱਖਣੀ ਸ਼ਾਹ ਜੀ ਹੋਏ ਹਨ। ਉਹਨਾਂ ਨੇ 1760 ਬਿਕਰਮੀ ਸੰਮਤ ਵਿੱਚ ਗੱਦੀ ਗ੍ਰਹਿਣ ਕੀਤੀ ਸੀ। ਬਾਬਾ ਦੱਖਣੀ ਸ਼ਾਹ ਤੋਂ ਪਿੱਛੋਂ ਬਾਬਾ ਗੁਰਬਖ਼ਸ਼ ਸ਼ਾਹ 1800 ਬਿਕਰਮੀ ਵਿੱਚ ਗੱਦੀ ਉੱਪਰ ਬਿਰਾਜਮਾਨ ਹੋਏ ਸਨ। ਅੱਗੋਂ ਮਿਹਰ ਸ਼ਾਹ 1848 ਬਿਕਰਮੀ ਨੂੰ ਗੱਦੀ ਪ੍ਰਾਪਤ ਕਰਦੇ ਹਨ। ਮਿਹਰ ਸ਼ਾਹ ਤੋਂ ਪਿੱਛੋਂ ਬਾਬਾ ਗੁਰਮੁਖ ਦਾਸ 1877 ਬਿਕਰਮੀ ਵਿੱਚ ਗੱਦੀ ਉੱਪਰ ਬਿਰਾਜਮਾਨ ਹੁੰਦੇ ਹਨ। 1905 ਬਿਕਰਮੀ ਨੂੰ ਬਾਬਾ ਗੋਬਿੰਦ ਦਾਸ ਜੀ ਗੱਦੀ ਉੱਪਰ ਬੈਠਦੇ ਹਨ। ਬਾਬਾ ਈਸ਼ਰ ਦਾਸ ਜੀ 1935 ਬਿਕਰਮੀ ਨੂੰ ਗੱਦੀ ਉੱਪਰ ਬਿਰਾਜਮਾਨ ਹੁੰਦੇ ਹਨ। ਇਸ ਉਪਰੰਤ ਬਾਬਾ ਪਰਮਾਨੰਦ ਜੀ 1959 ਬਿਕਰਮੀ ਨੂੰ ਗੱਦੀ ਉੱਪਰ ਬੈਠਦੇ ਹਨ। ਇਹਨਾਂ ਤੋਂ ਬਾਅਦ ਬਾਬਾ ਨਿਰਮਲ ਦਾਸ ਜੀ (1976 ਬਿਕਰਮੀ), ਬਾਬਾ ਹਰੀ ਦਾਸ 1977 ਬਿਕਰਮੀ, ਬਾਬਾ ਬਿਸੰਭਰ ਦਾਸ ਜੀ 1984 ਬਿਕਰਮੀ, ਬਾਬਾ ਸੇਵਾ ਦਾਸ ਜੀ 2018 ਬਿਕਰਮੀ ਨੂੰ ਗੱਦੀ ਉੱਪਰ ਬੈਠਦੇ ਹਨ। ਮੌਜੂਦਾ ਸਮੇਂ ਵਿੱਚ ਮਹੰਤ ਰਵਿੰਦਰ ਦਾਸ ਇਸ ਡੇਰੇ ਦੀ ਗੱਦੀ ਉੱਪਰ ਬਿਰਾਜਮਾਨ ਹਨ।

ਚਾਰ ਧੂਣਿਆਂ ਦੇ ਮਾਧਿਅਮ ਰਾਹੀਂ ਸਿੱਖੀ ਦੇ ਪ੍ਰਚਾਰ ਨੂੰ ਪੱਕਾ ਸੰਸਥਾਵੀ ਸਰੂਪ ਪ੍ਰਦਾਨ ਕਰਨ

ਹਿੱਤ ਛੇਵੇਂ, ਸੱਤਵੇਂ, ਨੌਵੇਂ ਅਤੇ ਦਸਵੇਂ ਪਾਤਸ਼ਾਹ ਨੇ ਸਮੇਂ ਸਮੇਂ ਛੇ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਮੀਹਾਂ ਸ਼ਾਹੀਏ, ਬਖ਼ਤਮੱਲੀਏ ਅਤੇ ਜੀਤ ਮੱਲੀਏ) ਦੀ ਸਥਾਪਨਾ ਵੀ ਕੀਤੀ। ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਨਾਲ ਜੁੜੇ ਬੰਦਗੀ ਵਾਲੇ ਰਮਤੇ ਸਾਧੂਆਂ/ਉਦਾਸੀ ਸੰਤਾਂ (ਕੁਲ ਵਕਤੀ ਧਰਮ ਪ੍ਰਚਾਰਕਾਂ) ਦੀ ਚੱਲਦੀ ਵਹੀਰ ਦੇ ਆਪਸੀ ਤਾਲ-ਮੇਲ ਨਾਲ ਸਿੱਖੀ ਦੇ ਪ੍ਰਚਾਰ ਨੂੰ ਵੱਡਾ ਹੁਲਾਰਾ ਮਿਲਿਆ।[48] ਇਹ ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ ਮਿਲ ਕੇ ਦਸਨਾਮੀਏ ਅਖਵਾਏ ਕਿਉਂਕਿ ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ ਦੀ ਗਿਣਤੀ ਆਪਸ ਵਿੱਚ ਮਿਲ ਕੇ ਦਸ ਹੋ ਗਈ ਸੀ। ਇਸ ਕਰਕੇ ਇਸ ਨੂੰ 'ਦਸਨਾਮੀਏ' ਨਾਮ ਦਿੱਤਾ ਗਿਆ ਸੀ।

### 1.3.4 ਛੇ ਬਖ਼ਸ਼ਿਸ਼ਾਂ :

ਚਾਰ ਧੂਣਿਆਂ ਦੀ ਤਰ੍ਹਾਂ ਛੇ ਬਖ਼ਸ਼ਿਸ਼ਾਂ ਨੇ ਵੀ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਬੜਾ ਅਹਿਮ ਯੋਗਦਾਨ ਪਾਇਆ ਹੈ। ਬਖ਼ਸ਼ਿਸ਼ ਤੋਂ ਭਾਵ ਛੇ ਉਦਾਸੀ ਮਹਾਂਪੁਰਸ਼ਾਂ ਨੂੰ ਸਿੱਖ ਸਤਿਗੁਰਾਂ ਪਾਸੋਂ ਮਿਲੀ ਉਹ ਪਵਿੱਤਰ ਅਸੀਸ ਹੈ, ਜਿਸ ਰਾਹੀਂ ਉਹਨਾਂ ਨੂੰ ਅਲੱਗ ਅਲੱਗ ਖੇਤਰਾਂ ਵਿੱਚ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਥਾਪਨਾ ਦਿੱਤੀ ਗਈ ਸੀ। ਇਹ ਛੇ ਬਖ਼ਸ਼ਿਸ਼ਾਂ ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰ ਰਾਇ ਸਾਹਿਬ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰੋਸਾਈਆਂ ਗਈਆਂ ਸਨ, ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

1.3.4.1 ਸੁਥਰੇ ਸ਼ਾਹੀਏ ਬਖ਼ਸ਼ਿਸ਼ (ਗੁਰੂ ਹਰਗੋਬਿੰਦ ਸਾਹਿਬ/ਗੁਰੂ ਹਰਿ ਰਾਇ ਸਾਹਿਬ)

1.3.4.2 ਭਗਤ ਭਗਵਾਨੀਏ ਬਖ਼ਸ਼ਿਸ਼ (ਗੁਰੂ ਹਰਿ ਰਾਇ ਸਾਹਿਬ)

1.3.4.3 ਸੰਗਤ ਸਾਹਿਬੀਏ ਬਖ਼ਸ਼ਿਸ਼ (ਗੁਰੂ ਹਰਿ ਰਾਇ ਸਾਹਿਬ/ਗੁਰੂ ਗੋਬਿੰਦ ਸਿੰਘ)

1.3.4.4 ਮੀਹਾਂ ਸ਼ਾਹੀਏ ਬਖ਼ਸ਼ਿਸ਼ (ਗੁਰੂ ਤੇਗ ਬਹਾਦਰ ਜੀ)

1.3.4.5 ਬਖ਼ਤਮੱਲੀਏ ਬਖ਼ਸ਼ਿਸ਼ (ਗੁਰੂ ਗੋਬਿੰਦ ਸਿੰਘ)

1.3.4.6 ਜੀਤ ਮੱਲੀਏ ਬਖ਼ਸ਼ਿਸ਼ (ਗੁਰੂ ਗੋਬਿੰਦ ਸਿੰਘ)

### 1.3.4.1 ਸੁਥਰੇ ਸ਼ਾਹੀਏ :

ਸੱਤਵੇ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਤਿੰਨ ਉਪ ਪ੍ਰਚਾਰ ਕੇਂਦਰਾਂ ਅਰਥਾਤ ਬਖ਼ਸ਼ਿਸ਼ਾਂ ਰਾਹੀਂ ਸਿੱਖੀ ਦੇ ਪ੍ਰਚਾਰਕ ਮਿਸ਼ਨ ਵਿੱਚ ਆਪਣਾ ਭਰਵਾਂ ਯੋਗਦਾਨ ਪਾਇਆ ਹੈ। ਇਨ੍ਹਾਂ ਨੇ ਆਪਣੇ ਕਰ ਕਮਲਾਂ ਨਾਲ ਤਿੰਨ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ ਭਗਵਾਨੀਏ ਅਤੇ ਸੰਗਤ ਸਾਹਿਬੀਏ) ਦੀ ਸਥਾਪਨਾ ਕੀਤੀ ਸੀ। ਜਿਨ੍ਹਾਂ ਵਿੱਚੋਂ ਸੁਥਰੇ ਸ਼ਾਹੀਏ ਇੱਕ ਪ੍ਰਮੁੱਖ ਬਖ਼ਸ਼ਿਸ਼ ਹੈ। ਸਿੱਖ ਇਤਿਹਾਸ ਅੰਦਰ ਸੁਥਰੇ ਸ਼ਾਹ ਜੀ ਉਹ ਸਮਰੱਥ ਅਤੇ ਮਹਾਨ ਫ਼ਕੀਰ ਹੋਏ ਹਨ। ਜਿਨ੍ਹਾਂ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪਾਲਿਆ ਪੋਸਿਆ ਅਤੇ ਸਿੱਖੀ ਵਿੱਚ ਪ੍ਰਵਾਨ ਚੜ੍ਹਾਇਆ। ਜਦੋਂ ਕਿ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਖ਼ਸ਼ਿਸ਼ ਕਰਕੇ ਉਨ੍ਹਾਂ ਨੂੰ ਸਿੱਖੀ ਦੇ ਪ੍ਰਚਾਰ ਦਾ ਵੱਡਾ ਅਤੇ ਵਿਧੀਵੱਧ ਕਾਰਜ ਸੌਂਪਿਆਂ ਸੀ।[49]

ਸੁਥਰੇ ਸ਼ਾਹ ਦੇ ਜਨਮ ਸਬੰਧੀ ਬਿਉਰਾ ਮਿਲਦਾ ਹੈ ਕਿ ਸੰਮਤ 1672 (1615 ਈ.) ਵਿੱਚ ਬਾਰਾਂਮੂਲੇ ਦੇ ਕੋਲ ਪਿੰਡ ਬਰਾਮਪੁਰ ਵਿੱਚ ਨੰਦੇ ਖੱਤਰੀ ਦੇ ਘਰ ਇੱਕ ਬਾਲਕ ਨੇ ਜਨਮ ਲਿਆ ਜਿਸ ਦੇ ਜਮਾਂਦਰੂ ਹੀ ਮੂੰਹ ਵਿੱਚ ਦੰਦ ਸਨ। ਜੋਤਸ਼ੀਆਂ ਦੇ ਕਹਿਣ ਤੇ ਉਸ ਦੇ ਮਾਤਾ ਪਿਤਾ ਨੇ ਉਸ ਨੂੰ ਨਹਿਸ਼ ਸਮਝ ਕੇ ਉਜਾੜ ਵਿੱਚ ਸੁੱਟ ਦਿੱਤਾ ਸੀ। ਉਸ ਸਮੇਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਵਾਪਸ ਆ ਰਹੇ ਸਨ ਤਾਂ ਉਹਨਾਂ ਦੀ ਨਜ਼ਰ ਇੱਕ ਬਾਲਕ ਤੇ ਪਈ, ਉਹਨਾਂ ਨੇ ਉਸ ਨੂੰ ਚੁੱਕ ਕੇ ਵੱਡੇ ਯਤਨਾਂ ਨਾਲ ਪਾਲਿਆ ਪੋਸਿਆ। ਇਸ ਬਾਲਕ ਦਾ ਨਾਂ ਗੁਰੂ ਸਾਹਿਬ ਨੇ 'ਸੁੱਥਰਾ' ਰੱਖਿਆ ਸੀ। ਇਹ ਬਾਲਕ ਗੁਰੂ ਨਾਲ ਬਹੁਤ ਪ੍ਰੇਮ ਕਰਨ ਵਾਲਾ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਇਲਾਵਾ ਸੁਥਰੇ ਨੇ ਗੁਰੂ ਹਰਿ ਰਾਇ ਸਾਹਿਬ ਦੀ ਸੇਵਾ ਵੀ ਕੀਤੀ ਅਤੇ ਉਹਨਾਂ ਤੋਂ ਬਖ਼ਸ਼ਿਸ਼ ਵੀ ਪ੍ਰਾਪਤ ਹੋਈ ਸੀ।[50] ਇਸ ਤੋਂ ਇਹ ਬਖ਼ਸ਼ਿਸ਼ 'ਸੁਥਰੇਸ਼ਾਹੀ' ਦੇ ਨਾਂ ਨਾਲ ਪ੍ਰਸਿੱਧ ਹੋਈ। ਸੁਥਰਾ ਸ਼ਾਹ ਜੀ ਪੂਰਨ ਕਮਾਈ ਵਾਲੇ ਬਚਨ ਦੇ ਪੂਰੇ ਮਹਾਂਪੁਰਖ ਸਨ। ਉਨ੍ਹਾਂ ਦੇ ਕਹੇ ਬਚਨ ਅਕਸਰ ਸੱਚ ਹੁੰਦੇ ਸਨ।

ਸੁਥਰਾ ਸ਼ਾਹ ਜੀ ਗੁਰੂ-ਘਰ ਦੇ ਬੜੇ ਅਦੁੱਤੀ ਸ਼ਰਧਾਲੂ ਅਤੇ ਮਸਤਾਨੇ ਜੋਗੀ-ਪ੍ਰੇਮੀ ਹੋਣ ਤੋਂ ਇਲਾਵਾ ਗੁਰਮਤਿ ਅਤੇ ਭਾਉ ਭਗਤਿ ਦੇ, ਬੜੇ ਵੱਖਰੀ ਵੰਨਗੀ ਦੇ ਬਹੁਤ ਪਿਆਰੇ, ਦਿਲ-ਟੁੰਬਵੇਂ ਅਤੇ

ਪ੍ਰਭਾਵਸ਼ਾਲੀ ਪ੍ਰਵਕਤਾ, ਦੂਤ ਅਤੇ ਪ੍ਰਚਾਰਕ ਵੀ ਸਨ। ਗੁਰਸਿੱਖੀ ਦੇ ਪ੍ਰਚਾਰ ਦਾ ਉਨ੍ਹਾਂ ਦਾ ਅੰਦਾਜ਼ ਡਾਢਾ ਹਿਰਦੇਗਤ, ਹਾਸ-ਰਸ ਭਰਪੂਰ, ਪ੍ਰਤੀਕਮਈ, ਚੋਭਮਈ, ਰਮਜ਼ਮਈ, ਰੌਚਿਕ, ਨਾਟਕੀ, ਕੌਤਕੀ, ਫ਼ਕੀਰਆਨਾ ਅਤੇ ਨਿਰਾਲਾ ਸੀ। ਸਿੱਖ ਸੰਗਤਾਂ ਨੂੰ ਗੁਰਮਤਿ ਦੇ ਗੂਹਜ ਰਹੱਸਾਂ ਦੀ ਸਰਲ, ਸੁਖੈਨ ਅਤੇ ਸਟੀਕ ਜਾਣਕਾਰੀ ਪ੍ਰਦਾਨ ਕਰਨ, ਭੇਖੀ ਸਿੱਖਾਂ ਅਤੇ ਸਾਧਾਂ-ਸੰਤਾਂ ਦੇ ਅੰਦਰਲੇ ਕੱਚ ਨੂੰ ਦਰਸਾਉਣ ਦੇ ਉਨ੍ਹਾਂ ਦੇ ਨਿਵੇਕਲੇ, ਬੇਬਾਕ ਅਤੇ ਹਾਸ-ਰਸ ਭਰਪੂਰ ਟਿੱਚਕਾਰੀ ਅਤੇ ਮਖੌਲੀਆ ਅੰਦਾਜ਼ ਦੇ ਸਤਿਗੁਰੂ ਜੀ ਡਾਢੇ ਕਾਇਲ ਸਨ।[51] ਸੋ ਉਨ੍ਹਾਂ ਦੀ ਸ਼ਖ਼ਸੀਅਤ ਬੜੀ ਨਿਰਾਲੀ ਨਿਰਭੈਅ ਅਤੇ ਉੱਚੀ-ਸੁੱਚੀ ਸੀ। ਉਹ ਰੱਬ ਦੇ ਪਿਆਰਿਆਂ ਵਾਂਗ ਬੜੇ ਹੀ ਬੇਪਰਵਾਹ ਕਿਸਮ ਦੇ ਸਾਧੂ ਸਨ। ਸੱਚੀ ਅਤੇ ਖਰੀ ਗੱਲ ਸੁਣਾਉਣ ਸਮੇਂ, ਉਹ ਸਮੇਂ ਦੇ ਹਾਕਮਾਂ ਦੀ ਵੀ ਪਰਵਾਹ ਨਹੀਂ ਸਨ ਕਰਦੇ।

ਸੱਤਵੇਂ ਪਾਤਸ਼ਾਹ ਦੀ ਸੁਚੱਜੀ ਰਾਹਨੁਮਾਈ ਅਤੇ ਸਰਪ੍ਰਸਤੀ ਵਿੱਚ ਹੇਠ ਸਥਾਪਿਤ ਸਿੱਖੀ ਦੇ ਇੱਕ ਮਹੱਤਵਪੂਰਣ ਪ੍ਰਚਾਰ-ਕੇਂਦਰ (ਬਖ਼ਸ਼) ਦੇ ਮੁੱਖ ਸੇਵਾਦਾਰ ਦੀ ਭੂਮਿਕਾ ਨੂੰ ਬਾਖ਼ੂਬੀ ਨਿਭਾਉਂਦਿਆਂ, ਸਿੱਖੀ ਪ੍ਰਚਾਰ ਦੇ ਮਹਾਨ-ਯੱਗ ਵਿੱਚ ਫ਼ਕੀਰ ਸੁਥਰੇ ਸ਼ਾਹ ਜੀ ਨੇ ਜਿਹੜਾ ਵੱਡਾ ਯੋਗਦਾਨ ਪਾਇਆ, ਉਹ ਆਪਣੀ ਮਿਸਾਲ ਆਪ ਹੈ। ਸੁਥਰੇਸ਼ਾਹੀ ਪ੍ਰਚਾਰ ਕੇਂਦਰ (ਬਖ਼ਸ਼) ਅਧੀਨ ਕੀਤੇ ਗਏ ਆਪਣੇ ਸੰਜੀਦਾ ਪ੍ਰਚਾਰ ਸਦਕਾ ਉਨ੍ਹਾਂ ਨੇ ਪੰਜਾਬ ਦੀਆਂ ਅਨੇਕਾਂ ਦੂਰ-ਦੁਰਾਡੀਆਂ ਪਰਬਤੀ ਰਿਆਸਤਾਂ ਤੋਂ ਇਲਾਵਾ ਕਸ਼ਮੀਰ ਅਤੇ ਬਲਖ਼ ਬੁਖ਼ਾਰੇ ਤੱਕ ਸਿੱਖੀ ਦਾ ਝੰਡਾ ਲਹਿਰਾਇਆ। ਇਸ ਮਹਾਨ ਉਦਾਸੀਨ ਆਚਾਰਯ ਨੇ 57 ਸਾਲਾਂ ਦੀ ਆਰਜਾ ਭੋਗ ਕੇ ਦਸਮ ਪਾਤਸ਼ਾਹ ਜੀ ਦੇ ਸਮੇਂ 1672 ਈਸਵੀ ਵਿੱਚ, ਫ਼ਾਨੀ ਸੰਸਾਰ ਨੂੰ ਅਲਵਿਦਾ ਆਖੀ। ਸੁਥਰੇ ਸ਼ਾਹ ਹੋਰਾਂ ਦੀ ਬਖ਼ਸ਼ ਦੇ ਚਾਰ ਉੱਘੇ ਪ੍ਰਚਾਰਕ ਸੱਜਣਾਂ ਭਾਈ ਜਾਦੋ ਸ਼ਾਹ, ਭਾਈ ਝੂੰਜਾ ਸ਼ਾਹ, ਭਾਈ ਰਜਾਲ ਸ਼ਾਹ ਅਤੇ ਭਾਈ ਅੰਧੇਰ ਸ਼ਾਹ ਤੋਂ ਇਲਾਵਾ ਕੁੱਝ ਹੋਰ ਮੋਹਰੀ ਸਿੱਖ ਜਿਵੇਂ ਭਾਈ ਝੰਗੜ ਸ਼ਾਹ, ਭਾਈ ਮੁਸ਼ਤਾਕ ਸ਼ਾਹ (ਲਾਹੌਰ), ਭਾਈ ਹਰੇ ਸ਼ਾਹ (ਬਟਾਲਾ) ਆਦਿ ਵੀ ਇਸ ਬਖ਼ਸ਼ ਦੇ ਬੜੇ ਪ੍ਰਸਿੱਧ, ਨਿਰਮਲ ਅਤੇ ਕਰਣੀ ਵਾਲੇ ਪ੍ਰਚਾਰਕ ਹੋਏ ਹਨ।[52]

'ਉਦਾਸੀ ਸਿੱਖਾਂ ਦੀ ਵਿਥਿਆ' ਨਾਮੀ ਪੁਸਤਕ ਵਿੱਚ ਸੁਥਰੇ ਸ਼ਾਹੀਏ ਬਖ਼ਸ਼ਿਸ ਨਾਲ ਸਬੰਧਿਤ ਸਥਾਨਾਂ ਦਾ ਵੇਰਵਾ ਇਸ ਪ੍ਰਕਾਰ ਮਿਲਦਾ ਹੈ-

**ਪੂਰਬੀ ਪੰਜਾਬ** : ਬਹਿਰਾਮਪੁਰ, ਵਟਾਲਾ, ਸਨਾਵਰੀ, ਅੰਮ੍ਰਿਤਸਰ, ਨੂਰ ਮਹਿਲ

**ਸਿੰਧ** : ਗਰੇਲੋ (ਜ਼ਿਲ੍ਹਾ ਲੜਕਾਣਾ)

**ਲਹਿੰਦਾ ਪੰਜਾਬ** : ਲਾਹੌਰ ਸ਼ਹਿਰ

**ਜੌਨਪੁਰ ਰਿਆਸਤ** : ਜੌਨਪੁਰ ਸ਼ਹਿਰ

**ਅਫ਼ਗਾਨਿਸਤਾਨ** : ਕੰਧਾਰ ਸ਼ਹਿਰ।[53]

ਇਸ ਤੋਂ ਇਲਾਵਾ ਇਸ ਬਖ਼ਸ਼ਿਸ਼ ਦੇ ਅਲੱਗ-ਅਲੱਗ ਥਾਂਵਾਂ ਉੱਪਰ ਮੌਜੂਦ ਪ੍ਰਮੁੱਖ ਟਿਕਾਣਿਆਂ ਵਿੱਚੋਂ ਸੁਥਰੇਸ਼ਾਹੀ ਧਰਮਸ਼ਾਲਾ ਮੁਹੱਲਾ ਛੱਤੀ ਖੂਹੀ, ਚਾਵਲ ਮੰਡੀ, ਅੰਮ੍ਰਿਤਸਰ ਵਿਖੇ 1844 ਈ. ਨੂੰ ਬਣਾਈ ਗਈ। ਖਜ਼ਾਨੇ ਦੇ ਕੱਟੜੇ, ਅੰਮ੍ਰਿਤਸਰ ਵਿੱਚ ਸੁਥਰੇਸ਼ਾਹੀ ਧਰਮਸ਼ਾਲਾ 1846 ਈ. ਵਿੱਚ ਬਣਾਈ ਗਈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਚਾਰ ਸੁਥਰੇਸ਼ਾਹੀ ਧਰਮਸ਼ਾਲਾਵਾਂ ਮੌਜੂਦ ਹਨ। ਇੱਕ ਸੁਥਰੇਸ਼ਾਹੀ ਧਰਮਸ਼ਾਲਾ ਬਟਾਲਾ ਵਿਖੇ, ਦੂਜੀ ਧਰਮਸ਼ਾਲਾ ਡੇਰਾ ਮਹਿਬੂਬ ਸ਼ਾਹ, ਪਿੰਡ ਸਨਾਵਰੀ ਵਿੱਚ, ਤੀਸਰੀ ਸੁਥਰੇਸ਼ਾਹੀ ਧਰਮਸ਼ਾਲਾ ਤੇ ਖੂਹੀ ਪਿੰਡ ਬਹਿਰਾਮਪੁਰ ਵਿੱਚ ਅਤੇ ਸੁਥਰੇਸ਼ਾਹੀ ਧਾਮ ਵੀ ਪਿੰਡ ਬਹਿਰਾਮਪੁਰ ਵਿਖੇ ਹੀ ਮੌਜੂਦ ਹੈ। ਨੂਰਮਹਿਲ(ਜ਼ਿਲ੍ਹਾ ਜਲੰਧਰ) ਵਿਖੇ ਇਸ ਬਖ਼ਸ਼ਿਸ਼ ਦੇ ਸੰਸਥਾਪਕ ਗੁਰੂ ਹਰਿਰਾਇ ਸਾਹਿਬ ਦੇ ਨਾਂ ਉੱਤੇ 'ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ' ਸੁਸ਼ੋਭਿਤ ਹੈ। ਬਾਰਾਮੂਲਾ(ਸ਼੍ਰੀਨਗਰ) ਵਿਖੇ ਵੀ ਸੁਥਰੇਸ਼ਾਹੀ ਧਰਮਸ਼ਾਲਾ ਮੌਜੂਦ ਹੈ। ਬਨਾਰਸ(ਉੱਤਰ ਪ੍ਰਦੇਸ਼) ਵਿੱਚ ਗੁਰੂ ਨਾਨਕ ਸਾਹਿਬ ਦੇ ਨਾਂ ਹੇਠ 'ਧਰਮਸ਼ਾਲਾ ਗੁਰੂ ਨਾਨਕ ਦੇਵ ਜੀ' ਮੌਜੂਦ ਹੈ। ਭਾਈ ਮੁਸ਼ਤਾਕ ਸ਼ਾਹ ਅਤੇ ਭਾਈ ਝੰਗੜ ਸ਼ਾਹ ਜੋ ਕਿ ਇਸ ਬਖ਼ਸ਼ਿਸ਼ ਦੇ ਮੋਹਰੀ ਸਿੱਖ ਸਨ ਦੇ ਨਾਂ 'ਤੇ 'ਡੇਰਾ ਝੰਗੜ ਸ਼ਾਹ' ਅਤੇ 'ਬਾਵਾ ਮੁਸ਼ਤਾਕ ਸ਼ਾਹ ਸੁਥਰੇਸ਼ਾਹੀ ਧਰਮਸ਼ਾਲਾ' ਲਾਹੌਰ(ਪਾਕਿਸਤਾਨ) ਵਿੱਚ ਸਥਿਤ ਹੈ। ਸਿੰਧ(ਪਾਕਿਸਤਾਨ) ਵਿਖੇ ਸੁਥਰੇਸ਼ਾਹੀ ਧਰਮਸ਼ਾਲਾ, ਪਿੰਡ ਗਰੋਲੋ ਵਿੱਚ ਹੈ। 'ਸੁਥਰੇਸ਼ਾਹੀ ਧਰਮਸ਼ਾਲਾ ਭਾਈ ਜਾਦੋਸ਼ਾਹ' ਕੰਧਾਰ(ਅਫ਼ਗਾਨਿਸਤਾਨ) ਵਿਖੇ ਮੌਜੂਦ ਹੈ। ਮਹਾਰਾਜਾ ਰਣਜੀਤ ਸਿੰਘ ਕਾਲ ਤੱਕ ਇਸ ਬਖ਼ਸ਼ਿਸ਼ ਨੇ ਬਹੁਤ ਵਿਕਾਸ ਕੀਤਾ। ਪਰ ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਇਸ ਬਖ਼ਸ਼ਿਸ਼ ਵਿੱਚ ਕਾਫ਼ੀ ਨਿਘਾਰ ਆਇਆ।

**1.3.4.2 ਭਗਤ ਭਗਵਾਨੀਏ :**

ਸ੍ਰੀ ਗੁਰੂ ਹਰਿ ਰਾਇ ਸਾਹਿਬ ਦੁਆਰਾ ਸਥਾਪਿਤ ਦੂਸਰੀ ਬਖ਼ਸ਼ 'ਭਗਤ ਭਗਵਾਨੀਏ' ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਹ ਇਸ ਨਾਂ ਨਾਲ ਇਸ ਕਰਕੇ ਜਾਣੀ ਜਾਂਦੀ ਹੈ ਕਿਉਂਕਿ ਇਸ ਦੇ ਮੁੱਖ-ਸੇਵਾਦਾਰ (ਮੁੱਖੀ), ਜਿਨ੍ਹਾਂ ਦੀ ਥਾਪਨਾ ਸਪਤਮ ਪਾਤਸ਼ਾਹ ਵੱਲੋਂ ਹੋਈ, ਦਾ ਨਾਂ ਭਗਤ ਭਗਵਾਨ ਸੀ। ਇਹ ਬੜੇ ਬੰਦਗੀ ਵਾਲੇ ਉਦਾਸੀਨ ਮਹਾਤਮਾ ਸਨ। ਇਨ੍ਹਾਂ ਦਾ ਪਹਿਲਾ ਨਾਂ ਭਗਵਾਨ ਗਿਰ ਸੀ। ਉਹ ਮੂਲ ਰੂਪ ਵਿੱਚ ਪੂਰਬ ਅਤੇ ਬਿਹਾਰ ਦੇ ਇਲਾਕੇ ਦੇ ਇੱਕ ਪ੍ਰਸਿੱਧ ਰਮਤੇ ਸੰਨਿਆਸੀ ਸਨ। ਰਮਣ/ਭ੍ਰਮਣ ਕਰਦਿਆਂ-ਕਰਦਿਆਂ ਉਹ ਇੱਕ ਵਾਰ ਆਪਣੀ ਪੂਰੀ ਸਾਧ-ਮੰਡਲੀ ਨਾਲ ਪੰਜਾਬ ਆਏ। ਅਨੇਕਾਂ ਥਾਂਵਾਂ ਤੇ ਘੁੰਮਣ ਉਪਰੰਤ ਪੰਜਾਬ ਦੇ ਪਰਬਤੀ ਖੇਤਰ ਦੀ ਯਾਤਰਾ ਕਰਦਿਆਂ, ਕੀਰਤਪੁਰ ਦੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੇ ਮੂੰਹੋਂ ਸੱਤਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਰਾਇ ਜੀ ਦਾ ਵੱਡਾ ਜੱਸ ਸੁਣ ਕੇ, ਉਹ ਬਹੁਤ ਮੁਤਾਸਿਰ ਹੋਏ।[54] ਇਸ ਪ੍ਰਕਾਰ ਭਗਤ ਭਗਵਾਨ ਗਿਰ ਸੰਨਿਆਸੀ ਸਾਧੂ ਪੂਰਬ ਅਤੇ ਬਿਹਾਰ ਦੇ ਇੱਕ ਪ੍ਰਸਿੱਧ ਸਾਧੂ ਹੋਏ ਹਨ। ਉਨ੍ਹਾਂ ਦਾ ਜਨਮ 1556 ਬਿਕਰਮੀ ਨੂੰ ਬੋਧ ਗਯਾ ਵਿੱਚ ਇੱਕ ਉੱਚ ਕੁੱਲ ਬ੍ਰਾਹਮਣ ਦੇ ਘਰ ਹੋਇਆ। ਉਹ ਆਪਣੇ 360 ਚੇਲਿਆਂ ਸਮੇਤ ਹਿੰਗਲਾਜ ਦੇਵੀ ਦੇ ਦਰਸ਼ਨਾਂ ਲਈ ਮਕਰਾਨ (ਸਿੰਧ) ਜਾਣ ਸਮੇਂ ਪੰਜਾਬ ਵਿੱਚ ਰੁੱਕੇ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦਾ ਨਾਮ ਤਾਂ ਸੁਣਿਆ ਸੀ ਪ੍ਰੰਤੂ ਗੁਰੂ ਨਾਨਕ ਸਾਹਿਬ ਜੀ ਦੇ ਧਰਮ ਬਾਰੇ ਪੂਰੀ ਜਾਣਕਾਰੀ ਨਹੀਂ ਰੱਖਦੇ ਸਨ। ਆਪ ਜੀ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੀ ਸੱਤਵੀਂ ਜੋਤ ਗੁਰੂ ਹਰਿ ਰਾਇ ਜੀ ਕੀਰਤਪੁਰ ਸਾਹਿਬ ਬਿਰਾਜ ਰਹੇ ਹਨ। ਦਰਸ਼ਨਾਂ ਦੀ ਅਭਿਲਾਸ਼ਾ ਲੈ ਕੇ ਕੀਰਤਪੁਰ ਪੁੱਜੇ ਸਨ।[55]

ਭਗਵਾਨ ਗਿਰ 1707 ਬਿਕਰਮੀ (1650 ਈ.) ਵਿੱਚ ਕੀਰਤਪੁਰ ਪੁੱਜੇ ਸਨ। ਗੁਰੂ ਜੀ ਤੋਂ ਆਦੇਸ਼ ਪ੍ਰਾਪਤ ਕਰਨ ਉਪਰੰਤ ਭਗਤ ਗਿਰ 'ਬਾਬਾਣੇ ਦੇਹੁਰੇ' ਕਰਤਾਰਪੁਰ ਵਿਖੇ ਮਿਹਰ ਚੰਦ ਜੀ ਕੋਲ ਪੁੱਜੇ। ਉੱਥੇ ਭਗਤ ਗਿਰ ਨੇ ਬਾਬਾ ਮਿਹਰ ਚੰਦ ਜੀ ਪਾਸੋਂ ਉਦਾਸੀ ਭੇਖ ਦੀ ਦੀਖਿਆ ਲਈ। ਬਾਬਾ ਮਿਹਰ ਚੰਦ ਨੇ ਭਗਤ ਗਿਰ ਨੂੰ ਇੱਕ ਗੁਰਬਾਣੀ ਦੀ ਪੋਥੀ ਅਤੇ ਇੱਕ ਮਾਲਾ ਬਖ਼ਸ਼ੀ ਸੀ। ਬਾਬਾ ਮਿਹਰ ਚੰਦ ਨੇ ਉਨ੍ਹਾਂ ਨੂੰ ਗੁਰਮੰਤਰ ਦ੍ਰਿੜ੍ਹ ਕਰਵਾਇਆ ਅਤੇ ਚਰਨਾਮ੍ਰਿਤ ਪਿਲਾਇਆ ਸੀ। ਉਨ੍ਹਾਂ ਦੇ 360 ਚੇਲੇ ਵੀ ਉਨ੍ਹਾਂ ਦੇ ਨਾਲ

ਹੀ ਨਾਨਕ ਸ਼ਾਹੀ ਭੇਖ ਵਿੱਚ ਸ਼ਾਮਲ ਹੋ ਗਏ ਸਨ।

ਭਗਤ ਭਗਵਾਨ ਨੇ ਉਦਾਸੀ ਭੇਖ ਧਾਰਨ ਕਰਨ ਉਪਰੰਤ ਪੰਜਾਬ ਵਿੱਚ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਪ੍ਰੰਤੂ ਕਾਮਯਾਬੀ ਪ੍ਰਾਪਤ ਨਾ ਹੋਣ ਕਾਰਨ ਭਗਤ ਭਗਵਾਨ ਨੇ ਮੁੜ ਬਾਬਾ ਮਿਹਰ ਚੰਦ ਜੀ ਪਾਸ ਬੇਨਤੀ ਕੀਤੀ ਤਾਂ ਮਿਹਰ ਚੰਦ ਨੇ ਕਿਹਾ, ਭਗਤ ਜੀ ! ਧਿਆਨ ਨਾਲ ਮੇਰੀ ਗੱਲ ਸੁਣੋ! ਅਸੀ ਗੱਦੀਪਰ ਆਸੀਨ ਨਹੀਂ ਹਾਂ! ਇਹ ਵਡਿਆਈ ਤਾਂ ਸਤਿਗੁਰ ਨਾਨਕ ਦੇ ਸੱਤਵੇਂ ਸਰੂਪ ਸ੍ਰੀ ਗੁਰੂ ਹਰਿ ਰਾਇ ਨੂੰ ਹੀ ਪ੍ਰਾਪਤ ਹੈ। ਉਹ ਤੁਹਾਡੀ ਆਸ ਮੁਰਾਦ ਪੂਰੀ ਕਰਨਗੇ ਤਾਂ ਇਹ ਉਦਾਸੀ ਭੇਖ ਵੀ ਸਫਲ ਹੋਵੇਗਾ।[56]

ਬਾਬਾ ਮਿਹਰ ਚੰਦ ਤੋਂ ਹੁਕਮ ਪ੍ਰਾਪਤ ਕਰਕੇ ਭਗਤ ਭਗਵਾਨ ਜੀ ਕੀਰਤਪੁਰ ਪਹੁੰਚੇ ਅਤੇ ਗੁਰੂ ਹਰਿ ਰਇ ਜੀ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ। ਗੁਰੂ ਹਰਿਰਾਇ ਸਾਹਿਬ ਨੇ ਉਹਨਾਂ ਦਾ ਨਾਮ 'ਭਗਤ ਭਗਵਾਨ' ਰੱਖਿਆ ਸੀ। ਗੁਰੂ ਹਰਿਰਾਇ ਸਾਹਿਬ ਨੇ ਭਗਤ ਭਗਵਾਨ ਦੇ ਆਉਣ 'ਤੇ ਫ਼ਰਮਾਇਆ-

ਆਗੇ ਆਉ, ਭਗਤ ਭਗਵਾਨ।

ਅਬ ਹੂਏ ਦਰਗਹਿ ਪਰਵਾਨ।[57]

ਗੁਰੂ ਸਾਹਿਬ ਦਾ ਆਦੇਸ਼ ਪ੍ਰਾਪਤ ਕਰਕੇ ਭਗਤ ਜੀ ਪੂਰਬ ਦੇਸ਼ ਵੱਲ ਪ੍ਰਚਾਰ ਕਰਨ ਲਈ ਚੱਲ ਪੈਂਦੇ ਹਨ। ਇੱਥੇ ਭਗਤ ਭਗਵਾਨ ਜੀ ਦੇ 360 ਚੇਲਿਆਂ ਨੇ ਖ਼ੂਬ ਪ੍ਰਚਾਰ ਕੀਤਾ। 'ਉਦਾਸੀ ਸਿੱਖਾਂ ਦੀ ਵਿਥਿਆ' ਵਿੱਚ ਇਸ ਬਖ਼ਸ਼ਿਸ਼ ਨਾਲ ਸਬੰਧਿਤ ਸਥਾਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਗਿਆ ਹੈ-

**ਪੈਪਸੂ** : ਸਲਾਣਾ ਪਿੰਡ (ਅਮਲੋਹ ਲਾਗੇ), ਲੱਡਾ ਪਿੰਡ,(ਧੂਰੀ ਸ਼ਟੇਸ਼ਨ ਤੋਂ ਚਾਰ ਕੁ ਮੀਲ ਦੱਖਣ ਪੱਛਮ ਵੱਲ), ਲੱਡਾ ਵੱਡਾ ਪਿੰਡ (ਲੜਾ ਬੱਦੀ ਪਿੰਡ, ਮਲੇਰਕੋਟਲਾ ਨੇੜੇ), ਦੁੰਨਾ, ਕੋਟ, ਬਨੂੜ।

**ਚੜ੍ਹਦਾ ਪੰਜਾਬ** : ਅੰਮ੍ਰਿਤਸਰ, ਬਟਾਲਾ, ਹੁਸ਼ਿਆਰਪੁਰ, ਦਾਖਾ (ਜ਼ਿਲ੍ਹਾ ਲੁਧਿਆਣਾ), ਖਿੜਕੀਆਂ ਵਾਲਾ (ਜ਼ਿਲ੍ਹਾ ਫਿਰੋਜ਼ਪੁਰ)

**ਲਹਿੰਦਾ ਪੰਜਾਬ** : ਸੱਯਦ ਵਾਲਾ (ਜ਼ਿਲ੍ਹਾ ਸੇਖ਼ੂਪੁਰਾ), ਅਲੀਪੁਰ (ਜ਼ਿਲ੍ਹਾ ਮੁਜ਼ੱਫਰਗੜ੍ਹ)

**ਸਿੰਧ** : ਸ਼ਿਕਾਰਪੁਰ, ਗੜ੍ਹੀ ਯਾਸੀਸ (ਜ਼ਿਲ੍ਹਾ ਸਖਰ), ਬੰਗਲੋ ਢੇਰੋ, ਰੱਤਾ ਦੇਗ, ਲੜਕਾਣਾ, ਗੁਰੇਲਾ, ਮਾੜੀ ਜਲਬਾਕੇ ਮਾਝਾਂਦਾ, ਹੈਦਰਾਬਾਦ ਸ਼ਹਿਰ, ਸਨਕੇ ਸ਼ਹਿਰ (ਜ਼ਿਲ੍ਹਾ ਕਰਾਚੀ), ਲਕੀ ਪਿੰਡ।

**ਉੱਤਰ ਪ੍ਰਦੇਸ਼** : ਹਰਿਦੁਆਰ, ਸਜੀਮਾਬਾਦ, ਬਾਂਸ ਬਰੇਲੀ, ਲਖਨਊ, ਅਯੁਧਿਆ, ਕਾਸ਼ੀ, ਰਸੜਾ ਪਿੰਡ (ਜ਼ਿਲ੍ਹਾ ਬਲੀਆ)।

**ਬਿਹਾਰ** : ਚਤਰਾ (ਜ਼ਿਲ੍ਹਾ ਹਜਾਰੀ ਬਾਗ), ਦਾਊਦ ਨਗਰ (ਗਯਾ), ਪਟਨਾ ਸ਼ਹਿਰ।[58]

ਬਿਹਾਰ ਵਿਖੇ ਇਸ ਸ਼ਾਖ ਦੇ ਸਥਾਨ ਚਤਰਾ, ਦਾਊਦਨਗਰ ਅਤੇ ਪਟਨਾ ਸ਼ਹਿਰ ਕਾਫ਼ੀ ਮਸ਼ਹੂਰ ਹਨ। ਜਿਨ੍ਹਾਂ ਸਬੰਧੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

**1.3.4.2.1 ਚਤਰਾ** :

ਚਤਰਾ ਜ਼ਿਲ੍ਹਾ ਹਜਾਰੀ ਬਾਗ ਵਿਚਲਾ ਨਗਰ ਹੈ। ਇਸ ਨਗਰ ਵਿੱਚ ਭਗਤ ਭਗਵਾਨ ਦੇ ਗੁਰਭਾਈ ਬਾਬਾ ਬਦਰੀ ਦਾਸ ਦੀ ਸ਼ਾਖ ਦੇ ਸਾਧੂ ਬਾਬਾ ਸੋਭਾ ਰਾਮ ਨੇ ਪਹਿਲੇ ਪਹਿਲ ਸੰਮਤ 1695 ਬਿਕਰਮੀ (1638 ਈ.) ਵਿੱਚ ਉਦਾਸੀ ਸੰਪਰਦਾਇ ਦੀ ਦੀਖਿਆ ਲੈਣ ਉਪਰੰਤ ਆਸਣ ਜਮਾਇਆ ਸੀ। ਨਾਨਕ ਸ਼ਾਹੀ ਸਾਧੂ ਬਣਨ ਤੋਂ ਬਾਅਦ ਇੱਕ ਧਰਮਸ਼ਾਲਾ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਇਸ ਕੇਂਦਰ ਵਿਖੇ ਬਦਰੀ ਦਾਸ ਤੋਂ ਬਾਅਦ ਉਸ ਦੇ ਚੇਲਿਆਂ ਦੀ ਲੜੀ ਦਸ ਪੁਸ਼ਤਾਂ ਤੱਕ ਮਿਲਦੀ ਹੈ। ਬਦਰੀ ਦਾਸ ਦੇ ਚੇਲੇ ਬਗਨਾ ਦਾਸ, ਸੋਭਾ ਰਾਮ, ਅਨੂਪ ਦਾਸ, ਜੈ ਰਾਮ ਦਾਸ, ਗੁਰਦਿਆਲ, ਸ਼ਿਵ ਦਿਆਲ ਦਾਸ, ਕੇਵਲ ਦਾਸ, ਲਾਲ ਦਾਸ, ਸ਼ਿਵ ਪਰਕਾਸ਼ ਤੱਕ ਲੜੀ ਅੱਗੇ ਤੋਂ ਅੱਗੇ ਚਲਦੀ ਆਈ ਹੈ।

**1.3.4.2.2 ਦਾਊਦ ਨਗਰ** :

ਭਗਤ ਭਗਵਾਨ ਦੀ ਸ਼ਾਖ ਦਾ ਬਿਹਾਰ ਵਿਖੇ ਦੂਸਰਾ ਮੁੱਖ ਕੇਂਦਰ ਜ਼ਿਲ੍ਹਾ ਗਯਾ ਵਿੱਚ ਦਾਊਦ ਨਗਰ

ਦਾ ਇੱਕ ਕਸਬਾ ਹੈ। ਇੱਥੇ ਬਦਰੀ ਦਾਸ ਜੀ ਦੇ ਪੋਤਰੇ ਚੇਲੇ ਬਾਬਾ ਧਰਮ ਮੂਰਤ ਜੀ ਨੇ ਸੰਮਤ 1694 (1637 ਈ.) ਤੋਂ ਡੇਰਾ ਲਾਇਆ। ਸਥਾਨਕ ਨਾਨਕ ਪੰਥੀਆਂ ਅਤੇ ਹੋਰ ਸੇਵਕ ਸ਼ਰਧਾਲੂਆਂ ਦੀ ਸਹਾਇਤਾ ਨਾਲ ਇਸ ਧਰਮਸ਼ਾਲਾ ਦੇ ਨਾਂ ਕੁੱਝ ਜਾਗੀਰ ਲੱਗ ਗਈ। ਧਰਮਸ਼ਾਲਾ ਬਣਾਉਣ ਵਿੱਚ ਮਹਾਰਾਜਾ ਟਿਕਾਰੀ ਨੇ ਚੋਖੀ ਮਦਦ ਕੀਤੀ। ਇਸ ਸਥਾਨ ਦੇ ਮਹੰਤਾਂ ਦਾ ਵੇਰਵਾ 10 ਪੀੜੀਆਂ ਤੱਕ ਮਿਲਦਾ ਹੈ। ਇਥੇ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਤੇ ਕਥਾ ਹੁੰਦੀ ਹੈ। ਪੂਰਨਮਾਸ਼ੀ, ਮੱਸਿਆ, ਸੰਗਰਾਂਦ ਅਤੇ ਹੋਰ ਗੁਰਪੁਰਬ ਮਨਾਏ ਜਾਂਦੇ ਹਨ। ਅੱਜ ਕੱਲ੍ਹ ਕੇਵਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੀ ਹੁੰਦਾ ਹੈ।[59]

**1.3.4.2.3 ਪਟਨਾ ਸ਼ਹਿਰ :**

ਭਗਵਾਨ ਦੇ ਚੇਲੇ ਬਖ਼ਤ ਮੱਲ ਦੀ ਸ਼ਾਖ ਵਿੱਚੋਂ ਬਾਬਾ ਫ਼ਤਹਿ ਚੰਦ ਨੇ ਸੰਮਤ 1762(1705 ਈ.) ਨੂੰ ਪਟਨਾ ਵਿਖੇ ਇੱਕ ਧਰਮਸ਼ਾਲਾ ਕਾਇਮ ਕੀਤੀ ਅਤੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਇਸ ਧਰਮਸ਼ਾਲਾ ਦੇ ਸਾਧੂਆਂ ਦੀ ਲੜੀ 10 ਪੁਸ਼ਤਾਂ ਤਕ ਮਿਲਦੀ ਹੈ। ਬਾਬਾ ਫ਼ਤਿਹ ਚੰਦ ਤੋਂ ਬਾਅਦ ਬਾਬਾ ਗੋਬਿੰਦ ਦਾਸ ਨੇ ਇਸ ਅਸਥਾਨ ਦੀ ਸ਼ਾਨ ਚਮਕਾਈ। ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦਾ ਯਾਦਗਾਰੀ ਅਸਥਾਨ ਹੈ। ਇਥੇ ਗੁਰਬਾਣੀ ਪੜ੍ਹਨ, ਸੁਣਣ ਅਤੇ ਕਥਾ ਕੀਰਤਨ ਦਾ ਰੰਗ ਬੱਝਾ ਰਹਿੰਦਾ ਹੈ। ਇਸ ਅਸਥਾਨ ਉੱਪਰ ਸਾਧੂਆਂ ਤੇ ਸ਼ਰਧਾਲੂਆਂ ਲਈ ਵਿਸ਼ਰਾਮ ਘਰ ਬਣਿਆ ਹੈ। ਪ੍ਰੰਤੂ ਅੱਜ ਇਥੇ ਗੁਰਮਤਿ ਦਾ ਪ੍ਰਚਾਰ ਬਹੁਤੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਹੋ ਰਿਹਾ।[60] ਇਸ ਸ਼ਾਖ ਦੇ ਪੂਰਬ ਵਿੱਚ 370 ਡੇਰੇ ਮਿਲਦੇ ਹਨ।

**1.3.4.3 ਸੰਗਤ ਸਾਹਿਬੀਏ :**

ਇਸ ਬਖ਼ਸ਼ਿਸ਼ ਦੇ ਪ੍ਰਮੁੱਖ ਸੰਸਥਾਪਕ ਦਾ ਨਾਂ ਭਾਈ ਫੇਰੂ ਸੀ। ਭਾਈ ਫੇਰੂ ਦੇ ਬਚਪਨ ਦਾ ਨਾਂ ਸੰਗਤ ਜਾਂ ਸੰਗਤੀਆਂ ਸੀ ਅਤੇ ਉਹ ਫੇਰੀ ਲਗਾਉਣ ਦਾ ਕੰਮ ਕਰਦੇ ਸਨ, ਜਿਸ ਕਾਰਨ ਉਨ੍ਹਾਂ ਦਾ ਨਾਂ ਫੇਰੂ ਪੈ ਗਿਆ। ਉਨ੍ਹਾਂ ਦਾ ਜਨਮ ਸੰਮਤ 1713 ਵਿੱਚ ਉੱਪਲ ਖੱਤਰੀ ਕੁੱਲ ਦੇ ਭਾਈ ਬਿੰਨੇ ਦੇ ਘਰ ਹੋਇਆ। ਉਹ ਲੰਮੇ ਦੇਸ਼ (ਰਾਵੀ ਅਤੇ ਬਿਆਸ ਦਾ ਵਿਚਕਾਰਲਾ ਇਲਾਕਾ) ਵਿੱਚ ਜ਼ਿਲ੍ਹਾ ਲਾਹੌਰ, ਤਹਿਸੀਲ ਚੂਣੀਆਂ ਦੇ ਪਿੰਡ ਅੰਬਾਮੜੀ ਦੇ ਰਹਿਣ ਵਾਲੇ ਸਨ। ਸੰਮਤ 1778 ਵਿੱਚ ਉਹ ਅਕਾਲ ਚਲਾਣਾ ਕਰ ਗਏ।

ਭਾਈ ਫੇਰੂ ਗੁਰੂ ਹਰਿਰਾਇ ਜੀ ਦੇ ਸੇਵਕ ਬਣੇ ਅਤੇ ਆਪ ਨੂੰ ਨੱਕੇ/ਲੰਮੇ ਦੇਸ਼ (ਕਸੂਰ, ਚੂਣੀਆਂ ਆਦਿ ਇਲਾਕੇ ਵਿੱਚ) ਦਾ ਮਸੰਦ ਥਾਪਿਆ ਗਿਆ। ਆਪ ਨੇ ਨਾਮ ਬਾਣੀ ਅਤੇ ਲੰਗਰ ਦਾ ਪ੍ਰਵਾਹ ਬੜੇ ਪ੍ਰੇਮ ਨਾਲ ਜਾਰੀ ਰੱਖਿਆ। ਭਾਈ ਫੇਰੂ ਜੀ ਨੇ ਕੀਰਤਪੁਰ ਛੱਡ ਲੰਮੇ ਦੇਸ਼ ਦੇ ਚੂਹਣੀਆਂ ਪਰਗਣੇ ਵਿੱਚ ਸਥਿਤ ਪਿੰਡ ਮੀਏਂ ਮੌੜ ਦੀ ਜੂਹ ਵਿੱਚ ਜਾ ਧੂਣੀ ਰਮਾਈ। ਪੱਕੇ ਆਸਣ ਜਮਾ ਬੰਦਗੀ ਕਰਦਿਆਂ ਉਥੇ ਇੱਕ ਉਦਾਸੀ ਡੇਰਾ (ਪ੍ਰਚਾਰ ਕੇਂਦਰ) ਸਥਾਪਿਤ ਕੀਤਾ ਅਤੇ ਫਿਰ ਸਤਿਗੁਰਾਂ ਦੀ ਅਪਾਰ ਮਿਹਰ ਸਦਕਾ ਰਮਤੇ ਜੋਗੀਆਂ ਵਾਂਗ ਦੂਰ-ਨੇੜੇ ਵਿਚਰਦਿਆਂ, ਚਾਰ-ਚੁਫ਼ੇਰੇ ਬਾਬੇ ਨਾਨਕ ਦੇ ਅਮੁੱਕ ਇਲਾਹੀ ਖਜ਼ਾਨੇ ਨਾਮ ਜਪੋ, ਵੰਡ ਛਕੋ ਅਰਥਾਤ ਨਾਮ-ਦਾਨ ਅਤੇ ਪਰਸ਼ਾਦਾ ਪਾਣੀ ਦਾ ਅਤੁੱਟ ਲੰਗਰ ਵਰਤਾ ਦਿੱਤਾ।[61] ਥੋੜ੍ਹੇ ਸਮੇਂ ਵਿੱਚ ਹੀ ਭਾਈ ਫੇਰੂ ਦੇ ਡੇਰੇ ਉੱਪਰ ਕਾਫ਼ੀ ਸੰਗਤ ਜੁੜਨ ਲੱਗੀ। ਸਿੱਖ ਸੰਗਤ ਚਰਨ ਪਾਹੁਲ ਅਤੇ ਸਤਿਨਾਮ ਦਾ ਮੰਤਰ ਲੈ ਕੇ ਨਾਮ-ਸਿਮਰਨ ਵਿੱਚ ਜੁਟਣ ਲੱਗੀ।

ਜਦੋਂ ਗੁਰੂ ਨਾਨਕ ਦੀ ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀਆਂ ਕਰਤੂਤਾਂ ਤੋਂ ਤੰਗ ਆ ਕੇ ਇਹਨਾਂ ਨੂੰ ਸੋਧਣ ਦਾ ਕਾਰਜ ਕੀਤਾ। ਤਦ ਭਾਈ ਸੰਗਤ/ਫੇਰੂ ਨੂੰ ਵੀ ਫੜ ਕੇ ਦਰਬਾਰ ਵਿੱਚ ਹਾਜ਼ਰ ਕਰਨ ਲਈ ਆਖਿਆ ਗਿਆ। ਆਪ ਆਪਣੀ ਦਾੜ੍ਹੀ ਹੱਥ ਵਿੱਚ ਫੜ ਕੇ ਦਸਮ ਸਤਿਗੁਰੂ ਜੀ ਦੇ ਸਨਮੁੱਖ ਆ ਹਾਜ਼ਰ ਹੋਏ। ਸੰਗਤ ਦੀ ਸੇਵਾ ਅਤੇ ਨਾਮ ਕਮਾਈ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਸੱਚੀ ਸੰਗਤ ਸੱਚੀ ਦਾੜ੍ਹੀ' ਦਾ ਖ਼ਿਤਾਬ ਬਖ਼ਸ਼ਿਆ ਸੀ। ਇਹਨਾਂ ਨੇ ਗੁਰਮਤਿ ਪ੍ਰਚਾਰ ਲਈ ਬੜੀ ਘਾਲਣਾ ਘਾਲੀ।[62]

ਇਸ ਪ੍ਰਕਾਰ ਇਸ ਬਖ਼ਸ਼ਿਸ਼ ਨੂੰ ਸ੍ਰੀ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੋਨਾਂ ਗੁਰੂਆਂ ਦੀ ਨਦਰਿ/ਮਿਹਰ ਪ੍ਰਾਪਤ ਹੋਈ। ਸੰਗਤ ਸਾਹਿਬੀਏ ਨਏਂ ਅਖਾੜੇ ਵਾਲੇ ਵੀ ਕਹਾਉਂਦੇ ਹਨ। ਇਸ ਬਖ਼ਸ਼ਿਸ਼ ਦੇ ਬਾਬਾ ਸੰਤੋਖ ਦਾਸ ਜੀ ਨੇ 'ਨਯਾ ਪੰਚਾਇਤੀ ਅਖਾੜਾ ਜਾਂ ਉਦਾਸੀ ਅਖਾੜਾ' ਕਾਇਮ ਕੀਤਾ ਸੀ। ਇਸੇ ਅਖਾੜੇ ਨੇ ਮਹਾਂ ਮੰਡਲੇਸ਼ਵਰ ਦੀ ਵੀ ਸਥਾਪਨਾ ਵੀ ਕੀਤੀ। ਇਸ ਅਖਾੜੇ ਦਾ ਪ੍ਰਮੁੱਖ ਕੇਂਦਰ ਕਨਖ਼ਲ ਹਰਿਦੁਅਰ ਵਿੱਚ ਹੈ।

ਸੰਗਤ ਸਾਹਿਬ ਜੀ ਦੇ ਬਾਬਾ ਦੇਸ ਰਾਜ ਜੀ, ਬਾਬਾ ਬ੍ਰਿਦਾਬਨ ਜੀ, ਸ੍ਰੀ ਹਰਿ ਨਰਾਇਨ ਜੀ, ਸ੍ਰੀ ਨਰਾਇਨ ਦਾਸ ਜੀ, ਸ੍ਰੀ ਬਾਬਾ ਬਿਧੀ ਚੰਦ ਜੀ ਪੰਜ ਚੇਲੇ ਹੋਏ ਸਨ। ਇਨ੍ਹਾਂ ਦੇ ਅੱਗੋਂ ਹੋਰ ਬਹੁਤ ਸਾਰੇ ਚੇਲੇ

ਹੋਏ ਹਨ। ਸੰਤੋਖ ਦਾਸ ਜੀ ਵੀ ਇਨ੍ਹਾਂ ਚੇਲਿਆਂ ਵਿੱਚੋਂ ਪ੍ਰਮੁੱਖ ਸਨ, ਜਿਨ੍ਹਾਂ ਦਾ ਸਥਾਨ ਬ੍ਰਹਮ ਬੂਟਾ ਅੰਮ੍ਰਿਤਸਰ ਵਿੱਚ ਪ੍ਰਸਿੱਧ ਹੈ। ਇਸ ਬਖ਼ਸ਼ਿਸ਼ ਦੀਆਂ ਕਈ ਹੋਰ ਪ੍ਰਸਿੱਧ ਸ਼ਾਖਾਵਾਂ ਦਾ ਜ਼ਿਕਰ ਵੀ ਕੀਤਾ ਮਿਲਦਾ ਹੈ, ਜਿਹਨਾਂ ਨੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਇਹ ਸ਼ਾਖਾਵਾਂ ਹਨ: ਨੁਕਾਰ ਵਾਲੀ ਸ਼ਾਖ, ਅੰਮ੍ਰਿਤਸਰੀ ਸ਼ਾਖ, ਭਾਈ ਗੁਰਬਖਸ਼ ਜੀ ਦੀ ਸ਼ਾਖ, ਸਾਹਨੇ ਵਾਲੀਏ ਸਾਧੂਆਂ ਦੀ ਸ਼ਾਖ, ਪਿੰਡ ਚੋਹਲਾ ਸਾਹਿਬ ਵਾਲੀ ਸ਼ਾਖ, ਛੋਟੇ ਡੇਰੇ (ਖਾਨਕੇ) ਵਾਲੀ ਸ਼ਾਖ, ਧਰਮਸ਼ਾਲ ਮਾਣਕ ਦੇ ਬਾਨੀ ਭਾਈ ਪ੍ਰਿਥੀ ਜੀ ਸ਼ਾਖ, ਧਰਮਸ਼ਾਲਾ ਮੱਲ ਵਾਲੇ ਸਾਧੂਆਂ ਦੀ ਸ਼ਾਖ, ਗੜਦੀਵਾਲੇ ਸਾਧੂਆਂ ਦੀ ਸ਼ਾਖ, ਵੱਡੇ ਡੇਰੇ (ਮੀਏਂ ਕੇ ਮੋੜ) ਵਾਲੀ ਸ਼ਾਖ, ਪੂਰਬੀ ਪੰਜਾਬ, ਲਹਿੰਦੇ ਪੰਜਾਬ, ਸਿੰਧ ਤੋਂ ਛੁੱਟ ਇਸ ਬਖ਼ਸ਼ਿਸ਼ ਦੇ ਅਸਥਾਨ ਕਾਂਸ਼ੀ (ਉੱਤਰ ਪ੍ਰਦੇਸ਼) ਅਤੇ ਪਟਨਾ (ਬਿਹਾਰ) ਵਿੱਚ ਵੀ ਹਨ।

ਪਟਨਾ ਵਿਖੇ ਇਸ ਬਖ਼ਸ਼ਿਸ਼ ਦੇ ਸਾਧੂ ਭਾਈ ਵਾਸੁਦੇਵ ਨੇ 'ਲੁਣ ਗੋਲਾ' ਮੁਹੱਲੇ ਵਿੱਚ ਇੱਕ ਧਰਮਸ਼ਾਲਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸੰਮਤ 1891 (1835 ਈ.) ਵਿੱਚ ਕਾਇਮ ਕੀਤੀ। ਇਥੇ ਸ਼ਰਧਾਲੂਆਂ ਵਾਸਤੇ ਗੁਰੂ ਕਾ ਲੰਗਰ ਅਤੇ ਵਿਸ਼ਰਾਮ ਘਰ ਦਾ ਇੰਤਜ਼ਾਮ ਕੀਤਾ ਗਿਆ ਸੀ। ਭਾਈ ਨਰੈਣ ਦਾਸ, ਗੰਗਾ ਦਾਸ, ਮੇਹਰ ਦਾਸ ਅਤੇ ਮੈਲਾ ਰਾਮ ਇਸ ਸ਼ਾਖ ਦੇ ਮਹੰਤ ਹੋਏ ਹਨ। ਇਸ ਸ਼ਾਖ ਦੇ ਪਟਨਾ ਵਿਖੇ ਨੌਂ ਧਰਮ ਕੇਂਦਰ ਹੋਰ ਵੀ ਮਿਲਦੇ ਹਨ-

(ੳ) ਬੇਗਮਪੁਰ ਮੁਹੱਲੇ ਵਿੱਚ ਭਾਈ ਪ੍ਰੇਮ ਦਾਸ ਵਾਲੀ ਧਰਮਸ਼ਾਲਾ।

(ਅ) 'ਸਤੀ ਚੌਰਾ' ਵਿੱਚ ਮਹੰਤ ਰਾਮ ਕਿਸ਼ਨ ਦਾਸ ਵਾਲੀ ਧਰਮਸ਼ਾਲਾ।

(ੲ) 'ਮਾਰੂ ਗੰਜ' ਮੁਹੱਲੇ ਵਿੱਚ ਮਹੰਤ ਗੋਪਾਲ ਦਾਸ ਦਾ ਡੇਰਾ।

(ਸ) 'ਲੁਣ ਗੋਲਾ' ਮੁਹੱਲੇ ਵਿੱਚ ਸੀੜੀ ਘਾਟ, ਦਮੜੀਆ ਘਾਟ ਵਿਖੇ ਮਹੰਤ ਆਇਆ ਰਾਮ ਦਾ ਡੇਰਾ।

(ਹ) ਸੀੜੀ ਘਾਟ ਮੁਹੱਲੇ ਵਿੱਚ ਭਾਈ ਪ੍ਰੇਮ ਦਾਸ ਵਾਲੀ ਧਰਮਸ਼ਾਲਾ।

(ਕ) ਨੌਸਕ ਘਾਟ ਵਿਖੇ ਮਹੰਤ ਬਰਹਮ ਦਿਆਲ ਵਾਲੀ ਧਰਮਸ਼ਾਲਾ।

(ਖ) ਮਹਾਂਵੀਰ ਘਾਟ ਵਿਖੇ ਮਹੰਤ ਭਰਿਗੂ ਦਾਸ ਵਾਲੀ ਧਰਮਸ਼ਾਲਾ।

(ਗ) ਖਸਰੋਪੁਰ ਨਿਵਾਦਾ ਵਿਖੇ ਭਾਈ ਰਾਮ ਪਰਕਾਸ਼ ਦਾ ਅਸਥਾਨ।

(ਘ) ਛਤੂਆ ਘਾਟ ਵਿਖੇ ਮਹੰਤ ਜਮਨਾ ਦਾਸ ਵਾਲੀ ਧਰਮਸ਼ਾਲਾ।[63]

**1.3.4.4 ਮੀਹਾਂ ਸ਼ਾਹੀਏ** :

ਚੌਥੀ ਬਖ਼ਸ਼ਿਸ਼, ਭਾਈ ਮੀਹਾਂ ਜੀ ਦੀ ਹੈ। ਇਸ ਬਖ਼ਸ਼ਿਸ਼ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਆਪ ਨਿਵਾਜ਼ਿਆ ਸੀ। ਭਾਈ ਮੀਹਾਂ ਸਾਹਿਬ ਦਾ ਪਹਿਲਾ ਨਾਂ ਰਾਮਦੇਵ ਸੀ। ਜੋ ਕਿ ਭਾਈ ਨੰਦ ਲਾਲ ਦੇ ਵੱਡੇ ਸਪੁੱਤਰ ਸਨ। ਇਹ ਉਹੀ ਭਾਈ ਨੰਦ ਲਾਲ ਸਨ, ਜਿਨ੍ਹਾਂ ਨੂੰ ਗੁਰੂ ਹਰਗੋਬਿੰਦ ਜੀ ਨੇ 'ਸੋਹਣਾ' ਖਿਤਾਬ ਬਖਸ਼ਿਆ ਸੀ। ਭਾਈ ਮੀਹਾਂ ਦਾ ਜਨਮ ਸੰਮਤ 1700 ਵਿੱਚ ਪੰਜਾਬ ਦੇ ਇੱਕ ਪਿੰਡ ਧਮਧਾੜ ਵਿੱਚ ਮੀਹਾਂ ਖੱਤਰੀ ਵੰਸ਼ ਵਿੱਚ ਹੋਇਆ। ਇਹ ਵੰਸ਼ ਹੁਣ ਵੀ ਚੰਬਾ ਖੇਤਰ ਵਿੱਚ ਰਹਿ ਰਿਹਾ ਹੈ। ਭਾਈ ਮੀਹਾਂ 1720 ਬਿਕਰਮੀ ਨੂੰ ਦੀਖਿਆ ਲੈਣ ਉਪਰੰਤ 1771 ਬਿਕਰਮੀ ਨੂੰ ਸੁਰਗਵਾਸ ਹੋ ਗਏ।[64] ਭਾਈ ਮੀਹਾਂ ਸ਼ਾਹ ਦਾ ਦਿਹਾਂਤ ਪਿੰਡ ਸੋਹੀਆਂ, ਤਹਿ. ਨਾਰੋਵਾਲ ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ।[65]

ਉਨ੍ਹਾਂ ਦੀ ਪਾਣੀ ਪਿਲਾਉਣ, ਛਿੜਕਾਉਣ ਅਤੇ ਇਸ਼ਨਾਨ ਕਰਾਉਣ ਦੀ ਅਣਥੱਕ ਸੇਵਾ ਦੇਖ ਕੇ ਗੁਰੂ ਤੇਗ਼ ਬਹਾਦਰ ਜੀ ਨੇ ਉਨ੍ਹਾਂ ਨੂੰ 'ਭਾਈ ਮੀਹਾਂ' ਦਾ ਵਰ ਦਿੱਤਾ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਰੀਝ ਕੇ ਫ਼ੁਰਮਾਇਆ ਸੀ, "ਭਾਈ ਰਾਮ ਦੇਵਾ ਤੂੰ ਤਾਂ ਸੱਚਮੁੱਚ ਹੀ ਮੀਂਹ ਬਰਸਾ ਦਿੱਤਾ ਹੈ, ਅੱਜ ਤੋਂ ਤੂੰ ਸਾਡਾ ਮੀਹਾਂ ਹੀ ਹੋਇਆ। ਹੁਣ ਤੂੰ ਨਾਮ ਬਾਣੀ ਦੇ ਅੰਮ੍ਰਿਤ ਦੀ ਵਰਖਾ ਭੀ ਕੀਤਾ ਕਰ।" ਮਹਿਮਾ ਪ੍ਰਕਾਸ਼ ਅਨੁਸਾਰ ਇੱਕ ਦੱਖਣੀ ਬੈਲ ਵੀ ਦਿੱਤਾ ਅਤੇ ਤਿਸ ਨੂੰ ਦਿਆ ਨਗਾਰਾ ਨਾਮ ਕਾ। ਝੰਡਾ ਗੁਰ ਸ਼ਬਦ ਪ੍ਰਮਾਨਾ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਇੱਕ ਵਾਰ ਭਾਈ ਮੀਹਾਂ ਜੀ ਨਗਾਰੇ ਵਜਾਂਦੇ ਹੀ ਚਲੇ ਗਏ। ਮਹਾਰਾਜ ਨੇ ਨਗਾਰਾ, ਬੈਲ ਤੇ ਝੰਡਾ ਖੋਹਣ ਦਾ ਹੁਕਮ ਦਿੱਤਾ। ਆਪ ਜੀ ਨੇ ਰਤਾ ਵੀ ਮੱਥੇ ਵੱਟ ਨਾ ਪਾਇਆ ਸਗੋਂ ਜਦ ਮਹਰਾਜ ਨੇ ਪੁੱਛਿਆ ਕਿ ਕਿਥੇ ਹੈ ਨਗਾਰਾ, ਝੰਡਾ ਤੇ ਬੈਲ ਦੱਖਣੀ ਤਾਂ ਆਪ ਜੀ ਨੇ ਨਿਮਰਤਾ ਸਹਿਤ ਕਿਹਾ, "ਸੱਚੇ ਪਾਤਸ਼ਾਹ ਤੁਸਾਂ ਬਖ਼ਸ਼ੇ ਸਨ, ਤੁਸਾਂ ਆਪ ਹੀ ਵਾਪਸ ਲੈ ਲਏ ਹਨ। ਦਾਤੇ ਨੇ ਆਪਣੀ ਵਸਤ ਸਾਂਭ ਲਈ। ਸੇਵਕ ਨੂੰ ਤਾਂ ਰਜ਼ਾ ਵਿੱਚ ਹੀ ਰਹਿਣਾ ਬਣਦਾ ਹੈ। ਦਸ਼ਮੇਸ਼ ਪਿਤਾ ਨੇ ਨਾ ਸਿਰਫ਼ ਨਗਾਰਾ ਤੇ ਨਿਸ਼ਾਨ ਸਾਹਿਬ ਵਾਪਸ ਕੀਤੇ ਸਗੋਂ ਇੱਕ ਸ੍ਰੀ ਸਾਹਿਬ, ਇੱਕ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਤੇ ਆਪਣੇ ਸੀਸ ਪਰ ਸਜਾਏ ਦਸਤਾਰੇ ਨਾਲੋਂ ਲਾਹ ਕੇ ਅੱਧਾ ਦਸਤਾਰਾ ਵੀ ਬਖ਼ਸ਼ਿਆ ਨਾਲੇ ਮੀਹਾਂ ਨਾਮ ਤੇ ਸਾਹਿਬ

ਖਿਤਾਬ ਵਧਾਇਆ। ਇਸ ਬਖ਼ਸ਼ਿਸ਼ ਨੇ ਮਾਲਵੇ ਅਤੇ ਦੁਆਬੇ ਵਿੱਚ ਵਿਚਰ ਕੇ ਸਿੱਖੀ ਦੇ ਝੰਡੇ ਝੁਲਾਏ।[66] ਇਸ ਪ੍ਰਕਾਰ ਉਦਾਸੀ ਸਾਧੂਆਂ ਦੀ ਇਹ ਸੰਪਰਦਾ 'ਮੀਹਾਂਸ਼ਾਹੀ' ਸੰਪਰਦਾ ਦੇ ਨਾਮ ਨਾਲ ਪ੍ਰਸਿੱਧ ਹੋਈ। ਇਸ ਸੰਪਰਦਾਇ ਦੇ ਉਦਾਸੀ ਸਾਧੂ 'ਮੀਹਾਂਸ਼ਾਹੀਏ' ਅਤੇ 'ਮੀਹਾਂਦਾਸੀਏ' ਕਹਾਉਂਦੇ ਹਨ।

ਭਾਈ ਮੀਹਾਂ ਦੀ ਬਖ਼ਸ਼ਿਸ਼ ਨੇ ਸਿੱਖੀ ਦਾ ਦੂਰ-ਦੂਰ ਤੱਕ ਜਾ ਕੇ ਪ੍ਰਚਾਰ ਕੀਤਾ। ਇਹਨਾਂ ਨੇ ਪਹਿਲਾਂ ਪੂਰਬ ਦੇਸ਼ ਵਿੱਚ ਜਾ ਕੇ ਗੁਰੂ ਸ਼ਬਦ ਦਾ ਪ੍ਰਚਾਰ ਕੀਤਾ। ਗੁਰੂ ਤੇਗ਼ ਬਹਾਦਰ ਜੀ ਦੇ ਆਉਣ ਤੋਂ ਪਹਿਲਾਂ ਜ਼ਮੀਨ ਤਿਆਰ ਕੀਤੀ। ਖ਼ਾਸ ਕਰ ਮੁਰਾਦਾਬਾਦ, ਲਖਨਊ, ਬਾਰਾਬੰਦੀ, ਨਵਾਬਗੰਜ ਥਾਂਵਾਂ ਤੇ ਸਿੱਖੀ ਦੇ ਅਸੂਲ ਦ੍ਰਿੜ੍ਹ ਕਰਾਏ। ਗੁਰੂ ਤੇਗ਼ ਬਹਾਦਰ ਜੀ ਉਚੇਚੇ ਤੌਰ ਤੇ ਇਹਨਾਂ ਥਾਂਵਾਂ ਤੇ ਗਏ।[67]

ਭਾਈ ਮੀਹਾਂ ਸਾਹਿਬ ਦੇ ਚੇਲੇ ਬਾਵਾ ਮੱਲ, ਬਾਵਾ ਸੁਰਤਰਾਮ, ਬਾਵਾ ਮਜਨੂੰ ਸਾਹਿਬ, ਬਾਵਾ ਲਖ਼ਮੀਰ ਜੀ, ਬਾਵਾ ਭੋਲਾ ਦਾਸ ਤੇ ਬਾਵਾ ਰਾਮਦਾਸ ਆਦਿ ਕਰਨੀ ਵਾਲੇ ਸਾਧੂ ਹੋਏ ਹਨ। ਉਦਾਸੀ ਮੱਤ ਦੇ ਭੂਸ਼ਨ ਸਾਧੂ ਬੇਲਾ ਵਾਲੇ ਬਾਵਾ ਬਨਖੰਡੀ ਜੀ, ਪਟਿਆਲੇ ਵਿੱਚ ਬਾਵਾ ਮਗਨੀ ਰਾਮ ਜੀ, ਲਖਨਊ ਵਿੱਚ ਬਾਵਾ ਗੁਰੂ ਨਰਾਇਣ ਜੀ ਦੇ ਅਸਥਾਨ ਇਨ੍ਹਾਂ ਸ਼ਹਿਰਾਂ ਵਿੱਚ ਮਸ਼ਹੂਰ ਹਨ ਤੇ ਸਿੰਧ ਵਿੱਚ ਸਾਧੂ ਬੇਲਾ ਮੀਹਾਂ ਸ਼ਾਹੀਆਂ ਦਾ ਪਵਿੱਤਰ ਅਸਥਾਨ ਹੈ।[68]

ਬਾਵਾ ਬਨਖੰਡੀ ਜੀ ਨੇ ਸਿੰਧ ਨਦੀ ਦੇ ਵਿਚਕਾਰ 'ਸਾਧੂ ਬੇਲਾ' ਨਾਂ ਦਾ ਆਸ਼ਰਮ ਬਣਾਇਆ ਸੀ। ਬਾਵਾ ਬਨਖੰਡੀ ਦਾ ਜਨਮ ਥਨੇਸਰ ਨਿਵਾਸੀ ਗੌੜ ਬ੍ਰਾਹਮਣ ਦੇ ਘਰ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਰਾਮ ਚੰਦਰ ਅਤੇ ਮਾਤਾ ਦਾ ਨਾਮ ਮਨੋਰਮਾ ਸੀ। ਉਹਨਾਂ ਦਾ ਜਨਮ ਸੰਮਤ 1820 ਵਿੱਚ ਹੋਇਆ ਮੰਨਿਆ ਜਾਂਦਾ ਹੈ। 10 ਸਾਲ ਦੀ ਛੋਟੀ ਆਯੂ ਵਿੱਚ ਵੀ ਬਨਖੰਡੀ ਜੀ ਉਦਾਸੀਨ ਸਾਧੂ ਮੇਲਾ ਰਾਮ ਜੀ ਦੇ ਚੇਲੇ ਬਣ ਗਏ ਸਨ। ਪਹਿਲਾ ਉਹਨਾਂ ਨੇ ਗੁਰਮੰਡਲੀ ਵਿੱਚ ਰਹਿ ਕੇ ਵਿਦਿਆ ਪ੍ਰਾਪਤ ਕੀਤੀ। ਇਸ ਉਪਰੰਤ ਸੁਤੰਤਰ ਰੂਪ ਵਿੱਚ ਰਮਣ ਕਰਕੇ ਸਤਿਨਾਮ ਦੇ ਉਪਦੇਸ਼ ਦਾ ਹੋਕਾ ਦੇਸ਼ਾਂ ਦੇਸ਼ਾਂਤਰਾਂ ਵਿੱਚ ਦਿੱਤਾ। ਸੰਮਤ 1880 ਵਿੱਚ ਇਸ ਸਿੱਧ ਪੁਰਖ ਨੇ ਸਾਧੂ ਬੇਲਾ (ਸਿੰਧ ਨਦ ਦੇ ਦੀਪ) ਵਿੱਚ ਸਖਰ ਨਾਮੀ ਸਥਾਨ ਦੇ ਕੋਲ ਆਪਣਾ ਆਸਣ ਜਮਾਇਆ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ। ਬਨਖੰਡੀ ਜੀ ਦਾ ਦਿਹਾਂਤ 1920 ਵਿੱਚ ਹੋਇਆ। ਅੱਜ ਕੱਲ੍ਹ ਸਾਧੂ ਵੇਲਾ ਤੀਰਥ ਸਿੰਧ ਵਿੱਚ ਵੱਡਾ ਪਵਿੱਤਰ ਧਾਮ ਹੈ।[69] ਬਾਵਾ ਬਨਖੰਡੀ ਦੇ ਦਿਹਾਂਤ ਉਪਰੰਤ

ਪੰਡਿਤ ਹਰਿਪ੍ਰਸਾਦ ਗੱਦੀ ਉੱਪਰ ਬੈਠੈ। ਪੰਡਿਤ ਹਰਿਪ੍ਰਸਾਦ ਬਾਵਾ ਬਨਖੰਡੀ ਦੇ ਸੁਯੋਗ ਸ਼ਿਸ਼ਾਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਕਾਸ਼ੀ ਤੋਂ ਸੰਸਕ੍ਰਿਤ ਵਿੱਚ ਉੱਚ ਸਿੱਖਿਆ ਗ੍ਰਹਿਣ ਕੀਤੀ ਸੀ। ਪੰਡਿਤ ਹਰਿਪ੍ਰਸਾਦ ਦੇ ਸਮੇਂ ਇਸ ਸੰਪਰਦਾ ਨੇ ਕਾਫ਼ੀ ਉੱਨਤੀ ਕੀਤੀ ਸੀ।

ਮੀਹਾਂ ਸਾਹਿਬ ਦੇ ਚੜ੍ਹਾਈ ਕਰਨ ਉਪਰੰਤ ਉਹਨਾਂ ਦੇ ਪੁੱਤਰਾਂ ਬਾਬਾ ਲਖਮੀਰ ਅਤੇ ਬਾਵਾ ਮਘਨੀ ਰਾਮ ਜੀ ਨੇ ਸਿੱਖੀ ਦੇ ਪ੍ਰਚਾਰ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਿਆ। ਮੀਹਾਂ ਸਾਹਿਬ ਦੇ ਚੇਲੇ ਬਾਵਾ ਮੱਲ ਸਾਹਿਬ ਜੀ, ਬਾਵਾ ਲਖਮੀਰ ਸਾਹਿਬ ਜੀ, ਸ੍ਰੀ ਬਾਵਾ ਨਾਨਕ ਬਖ਼ਸ਼ ਜੀ, ਸ੍ਰੀ ਬਾਵਾ ਸਿਦਕੀ ਰਾਮ ਜੀ, ਸ੍ਰੀ ਬਾਵਾ ਟਹਿਲ ਦਾਸ ਜੀ, ਸ੍ਰੀ ਬਾਵਾ ਰਿਖੀ ਰਾਮ ਜੀ, ਸ੍ਰੀ ਬਾਵਾ ਸੁੱਖ ਰਾਮ ਅਮ੍ਰਿਤਆ ਜੀ, ਬਾਵਾ ਸਾਧੂ ਰਾਨਮ ਜੀ, ਸ੍ਰੀ ਬਾਵਾ ਕੇਸੋ ਦਾਸ, ਸ੍ਰੀ ਬਾਵਾ ਹਰਧਿਆਨ ਦਾਸ ਜੀ, ਸ੍ਰੀ ਬਾਵਾ ਰਾਮ ਦਾਸ ਜੀ, ਸ੍ਰੀ ਬਾਵਾ ਦੇਸ ਰਾਜ ਜੀ, ਸ੍ਰੀ ਬਾਵਾ ਜਗਤ ਰਾਮ ਮੰਜਨੂੰ ਜੀ, ਸ੍ਰੀ ਬਾਵਾ ਮਿੱਠਾ ਰਾਮ ਜੀ, ਸ੍ਰੀ ਬਾਵਾ ਕਾਨ ਦਾਸ ਜੀ, ਸ੍ਰੀ ਬਾਵਾ ਗੁਰਦਿਆਲ ਜੀ, ਸ੍ਰੀ ਬਾਵਾ ਮਾਨ ਦਾਸ ਜੀ ਜਿਨ੍ਹਾਂ ਦਾ ਸਥਾਨ ਕੰਧਾਰ ਵਿੱਚ ਹੈ। ਸ੍ਰੀ ਬਾਵਾ ਸੁਰਤ ਰਾਮ ਜੀ, ਸ੍ਰੀ ਬਾਵਾ ਸੰਗਤ ਦਾਸ ਜੀ ਜਿਨ੍ਹਾਂ ਦੀ ਮਾਤਰਾ ਬਣੀ ਹੈ। ਸ੍ਰੀ ਬਾਵਾ ਸੰਤ ਦਾਸ ਜੀ, ਸ੍ਰੀ ਬਾਵਾ ਮਾਲੀ ਜੀ, ਸ੍ਰੀ ਬਾਵਾ ਭੋਲਾ ਦਾਸ ਜੀ, ਸ੍ਰੀ ਬਾਵਾ ਮਜਨੂੰ ਸਾਹਿਬ ਜੀ, ਸ੍ਰੀ ਬਾਵਾ ਬੱਗੀ ਦਾਸ ਜੀ ਇਹਨਾਂ ਦਾ ਸਥਾਨ ਰੋਹਤਾਂਸ (ਜ਼ਿਲ੍ਹਾ ਜੇਹਲਮ) ਸ੍ਰੀ ਬਾਵਾ ਜਗਨ ਨਾਥ ਜੀ ਦੇ 25 ਸ਼ਿਸ਼ ਹੋਏ ਹਨ। ਇਹਨਾਂ 25 ਸ਼ਿਸ਼ਾਂ ਵਿੱਚੋਂ ਬਾਵਾ ਮੱਲ ਸਾਹਿਬ ਜੀ ਵੱਡੇ ਚੇਲੇ ਸਨ ਅਤੇ ਬਾਵਾ ਸੁਰਤ ਰਾਮ ਜੀ, ਸ੍ਰੀ ਬਾਵਾ ਮਜਨੂੰ ਸਾਹਿਬ ਜੀ, ਸ੍ਰੀ ਬਾਵਾ ਲਖਮੀਰ ਸਾਹਿਬ, ਸ੍ਰੀ ਬਾਵਾ ਭੋਲਾ ਦਾਸ ਜੀ, ਸ੍ਰੀ ਬਾਵਾ ਰਾਮ ਦਾਸ ਜੀ ਇਹਨਾਂ ਛੇਆਂ ਮਹਾਂਪੁਰਖਾਂ ਦੀ ਸੰਪਰਦਾ ਜ਼ਿਆਦਾ ਚੱਲੀ ਹੈ।[70]

ਸੋ ਮੀਹਾਂ ਸ਼ਾਹੀਏ ਬਖ਼ਸ਼ਿਸ਼ ਦੀ ਸ਼ਿਸ਼ ਪਰੰਪਰਾ ਦੀ ਲੜੀ ਕਾਫ਼ੀ ਲੰਮੀ ਹੈ ਨਾਲ ਹੀ ਇਸ ਬਖ਼ਸ਼ਿਸ਼ ਨੇ ਤਕਰੀਬਨ ਪੂਰੇ ਭਾਰਤ ਤੋਂ ਇਲਾਵਾ ਭਾਰਤ ਤੋਂ ਬਾਹਰ ਵੀ ਕਾਫ਼ੀ ਵਿਕਾਸ ਕੀਤਾ। ਇਹ ਬਖ਼ਸ਼ਿਸ਼ ਪੰਜਾਬ, ਉੱਤਰ ਪ੍ਰਦੇਸ਼, ਮੱਧ ਭਾਰਤ ਅਤੇ ਦੱਖਣੀ ਭਾਰਤ ਤੋਂ ਇਲਾਵਾ ਅਫ਼ਗਾਨਿਸਤਾਨ ਤੱਕ ਫ਼ੈਲੀ ਹੋਈ ਹੈ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ-

**ਪੂਰਬੀ ਪੰਜਾਬ** : ਅੰਮ੍ਰਿਤਸਰ ਵਿੱਚ ਅਖਾੜਾ ਸੰਗਲਾ ਵਾਲਾ, ਨਿਰਵਾਣਸਰ ਛੱਤੇ ਵਾਲਾ ਅਖਾੜਾ,

ਨਾਂਗਿਆ ਦੀ ਧਰਮਸ਼ਾਲਾ(ਬਰਨਾਵਲੀ), ਮਜੀਠਾ, ਪਿੰਡ ਕਸੇਲ, ਜਮਸ਼ੇਰ (ਜਲੰਧਰ), ਬੰਗਾ ਖਟਕੜ ਕਲਾਂ, ਤਸੌਲੀ (ਰਾਜਪੁਰਾ), ਕਾਠਗੜ੍ਹ, ਜਗਰਾਉਂ, ਰੋਪੜ, ਪਿੰਡ ਕੀਹੜ ਕੋਰੋ, ਮਾਜਰਾ ਕੁਰਾਲੀ (ਖਰੜ), ਛਤਿਆਣਾ (ਫਿਰੋਜ਼ਪੁਰ)।

**ਪੈਪਸੂ :** ਪਟਿਅਲਾ ਸ਼ਹਿਰ (ਕਿਲ੍ਹਾ ਮੁਬਾਰਕ ਦੇ ਸਾਹਮਣੇ ਡੇਰਾ ਇਮਲੀ ਵਾਲਾ ਅਤੇ ਲਟੂਰਪੁਰਾ, ਬੀੜ ਖੇੜੀ (ਪਟਿਆਲਾ), ਹਥਨ (ਮਲੇਰਕੋਟਲਾ), ਫੇਫੜੇ ਭਾਈ ਕੇ, ਨਾਡੇਰ ਕਲਾਂ (ਸੁਨਾਮ), ਰੱਲਾ ਜੋਗਾ, ਕਾਲਾ ਝਾੜ (ਸੁਨਾਮ), ਲੋਹਾ ਖੇੜਾ (ਲੌਂਗੋਵਾਲ), ਸਾਬੋ ਕੀ ਤਲਵੰਡੀ, ਭਾਈ ਬਹਾਦਰ ਪਿੰਡ, ਬੀੜ ਫਰੀਦਕੋਟ, ਨਾਭਾ (ਬਨੂੜ) ਆਦਿ।

**ਉੱਤਰ ਪ੍ਰਦੇਸ਼** ਵਿੱਚ ਲਖਨਊ, ਰਾਜ ਗੋਲਾ ਨਾਨਕ ਹਰੀ (ਜ਼ਿਲ੍ਹਾ ਮੁਰਾਦਾਬਾਦ), ਬਿਲਵਾ (ਗੋਰਖਪੁਰ), ਕਰਮੁਲਾਪੁਰ (ਬਾਰਾਬੰਕੀ), ਕਾਸ਼ੀ।

**ਬਿਹਾਰ** : ਪਟਨਾ, ਧਨੀਆ ਪਹਾੜੀ (ਜ਼ਿਲ੍ਹਾ ਗਯਾ), ਉੜੀਸਾ ਅਤੇ ਬੰਗਾਲ : ਮਧੂਸੂਦਨ ਬੰਸੋ ਬੱਟ (ਭਾਗਲਪੁਰ), ਮੁਜੱਫ਼ਰਪੁਰ, ਸ਼ਾਹਪੁਰ ਕਚਰੋਟੀਆਂ, ਪਚੰਭਾ ਗਰੀਡੀ।

**ਮੱਧ ਭਾਰਤ** : (ਜ਼ਿਲ੍ਹਾ ਹਜ਼ਾਰੀ ਬਾਗ), ਕਟਕ (ਉੜੀਸਾ), ਅਮਰਾਵਤੀ, ਖੋਲਾਪੁਰ, ਭੇਵਾਪੁਰ (ਨਾਗਪੁਰ), ਉਜੈਨ, ਧਉਲਕਾ (ਗੁਜਰਾਤ)।

**ਦੱਖਣੀ ਭਾਰਤ :** ਖਾਮਗਾਮ (ਜ਼ਿਲ੍ਹਾ ਬੁਲਖਾਣਾ) ਬੰਦ ਰਮੇਸ਼ਵਰ।

**ਅਫ਼ਗਾਨਿਸਤਾਨ** : ਕੰਧਾਰ ਵਿੱਚ ਵੀ ਧਰਮਸ਼ਾਲਾ ਬਣਾਈ।[71]

ਮੀਹਾਂ ਸ਼ਾਹੀਏ ਬਖ਼ਸ਼ਿਸ਼ ਨੇ ਬਿਹਾਰ ਵਿਖੇ ਵੀ ਕਾਫ਼ੀ ਗੁਰਮਤਿ ਪ੍ਰਚਾਰ ਕੀਤਾ ਹੈ। ਅੰਮ੍ਰਿਤਸਰ ਸੰਗਲ ਵਾਲੇ ਅਖਾੜੇ ਦੇ ਮਹੰਤ ਨਿਤਯ ਨੰਦ ਦੇ ਚੇਲੇ ਬਾਬਾ ਬ੍ਰਹਮ ਨੰਦ ਜੀ ਨੇ ਸੰਮਤ 1915 (1858 ਈ.) ਵਿੱਚ ਅੰਮ੍ਰਿਤਸਰ ਤੋਂ ਸਿੱਧੇ ਹੀ ਪਟਨਾ ਵਿਖੇ ਆ ਕੇ ਆਸਣ ਜਮਾਇਆ ਅਤੇ ਇੱਕ ਧਰਮਸ਼ਾਲਾ ਕਾਇਮ ਕੀਤੀ। ਇਸ ਧਰਮਸ਼ਾਲਾ ਲਈ ਗੁਰੂ-ਘਰ ਦੇ ਪ੍ਰੇਮੀ ਝਗੜ ਬਾਬੂ ਕਥਕ ਨੇ ਜਗ੍ਹਾ ਦਿੱਤੀ। ਇਹ ਅਸਥਾਨ ਗੰਗਾ ਦੇ ਕਿਨਾਰੇ 'ਕੇ ਸ਼ੋਰਾਏ ਘਾਟ' ਸੰਗਤ ਬਰਮਾ ਨੰਦ ਜੀ ਕਰਕੇ ਮਸ਼ਹੂਰ ਹੈ।[72] ਬਿਹਾਰ ਵਿਖੇ ਇਸ ਬਖ਼ਸ਼ਿਸ਼ ਦੇ

28 ਕੇਂਦਰ ਮਿਲਦੇ ਹਨ। ਇਹਨਾਂ ਕੇਂਦਰਾਂ ਵਿੱਚੋਂ ਕੁੱਝ ਮਹੱਤਵਪੂਰਨ ਕੇਂਦਰ ਹਨ, ਜਿਨ੍ਹਾਂ ਨੇ ਗੁਰਮਤਿ ਦਾ ਪ੍ਰਚਾਰ ਕਾਫ਼ੀ ਦ੍ਰਿੜ੍ਹਤਾ ਨਾਲ ਕੀਤਾ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ-

**1.3.4.4.1 ਧਨੀਆ ਪਹਾੜੀ** :

ਇਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਹ ਅਸਥਾਨ ਨਰਟੀਗੰਜ ਕਸਬੇ ਦੇ ਨੇੜੇ ਗਿਯਾ ਜ਼ਿਲ੍ਹੇ ਵਿੱਚ ਪੈਂਦਾ ਹੈ। ਇਸ ਅਖਾੜੇ ਦੇ ਮਹੰਤ ਚਰਨ ਦਾਸ ਅੰਮ੍ਰਿਤਸਰ ਦੇ ਸੰਗਲ ਵਾਲੇ ਅਖਾੜੇ ਨਾਲ ਸਬੰਧ ਰੱਖਦੇ ਸਨ। ਉਹ ਸੰਮਤ 1950 (1893 ਈ.) ਵਿੱਚ ਇਸ ਅਸਥਨ ਉੱਪਰ ਪੁੱਜੇ ਸਨ। ਇਸ ਅਸਥਾਨ ਉੱਪਰ ਉਹਨਾਂ ਨੇ ਬਹੁਤ ਹੀ ਲਗਨ ਨਾਲ ਪ੍ਰਚਾਰ ਕੀਤਾ ਸੀ। ਅੱਜ ਵੀ ਇਸ ਅਸਥਾਨ ਦਾ ਪ੍ਰਬੰਧ ਉਦਾਸੀ ਸੰਤਾਂ ਕੋਲ ਹੀ ਹੈ। ਪਰ ਸਮੇਂ ਅਤੇ ਹਲਾਤਾਂ ਦੇ ਬਦਲਣ ਨਾਲ ਇਥੇ ਗੁਰਮਤਿ ਦਾ ਪ੍ਰਚਾਰ ਪਹਿਲਾਂ ਵਾਂਗ ਨਹੀਂ ਹੋ ਰਿਹਾ।

**1.3.4.4.2 ਮਧੁਸੂਦਨ** :

ਇਹ ਸਥਾਨ ਬੱਸੋ ਬੱਟ ਭਾਗਲਪੁਰ ਦੇ ਨੇੜੇ ਹੈ। ਇੱਥੇ ਉਦਾਸੀ ਸੰਤਾਂ ਨੇ ਇੱਕ ਧਰਮਸ਼ਾਲਾ ਕਾਇਮ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ। ਅੱਜ ਵੀ ਇੱਥੇ ਮਹੰਤ ਥੋੜ੍ਹੀ-ਬਹੁਤੀ ਗੁਰਮਤਿ ਦੀ ਸੇਵਾ ਕਰ ਰਹੇ ਹਨ।

**1.3.4.4.3 ਮੁਕਾਮਾ ਘਾਟ** :

ਇਸ ਸਥਾਨ ਉੱਪਰ ਮਹੰਤ ਨਿਹਾਲ ਦਾਸ ਨੇ ਧਰਮਸ਼ਾਲਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਪ੍ਰਚਾਰ ਕੀਤਾ ਸੀ।

**1.3.4.4.4 ਘਸਫਾੜੀ ਗਿਰਾ ਅਤੇ ਫਤੁਹਾ** :

ਇਹ ਦੋਵੇਂ ਸਥਾਨ ਹਜਾਰੀ ਬਾਗ ਰੋਡ ਉੱਤੇ ਸਥਿਤ ਹਨ। ਇਸ ਸਥਾਨ ਦੀ ਪਟਨਾ ਸਾਹਿਬ ਤੋਂ ਦੂਰੀ 20 ਕੁ ਮੀਲ ਹੈ। ਘਸਫਾੜੀ ਗਿਰਾ ਨੂੰ ਬਾਬਾ ਮੱਲ ਜੀ ਦੇ ਚੇਲੇ ਪੰਚਮ ਦਾਸ ਨੇ ਲੱਭ ਕੇ ਆਬਾਦ ਕੀਤਾ ਅਤੇ ਇਸ ਦੇ ਅਗਲੇ ਮਹੰਤ ਨਰਾਇਣ ਦਾਸ ਬਣੇ। ਫਤੂਹਾ ਵਿਖੇ 1923 ਈ. ਵਿੱਚ ਮਹੰਤ ਤ੍ਰਿਵੈਣੀ ਦਾਸ ਸਨ।

**1.3.4.4.5 ਨਿਵਾਦਾ :**

ਇਸ ਅਸਥਾਨ ਨੂੰ ਬਾਬਾ ਮੱਲ ਸਾਹਿਬ ਦੀ ਸ਼ਾਖ ਦੇ ਸਾਧੂਆਂ ਨੇ ਅਬਾਦ ਕੀਤਾ।

**1.3.4.4.6 ਪਚੰਭਾ ਗਰਿਡੀ :**

ਇਸ ਅਸਥਾਨ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਹ ਕੇਂਦਰ ਜਿਲ੍ਹਾ ਹਜਾਰੀ ਬਾਗ ਵਿੱਚ ਹੈ। ਇਸ ਨੂੰ ਬਾਬਾ ਭੋਲਾ ਦਾਸ ਦੇ ਚੇਲੇ ਨਿਹਾਲ ਦਾਸ ਨੇ ਅਬਾਦ ਕੀਤਾ। ਇਸ ਦੇ ਅਖੀਰਲੇ ਮਹੰਤ ਸਰੂਪ ਦਾਸ ਸਨ।

**1.3.4.5 ਬਖ਼ਤਮੱਲੀਏ :**

ਇਸ ਸੰਪ੍ਰਦਾਇ ਦਾ ਆਗੂ ਬਖ਼ਤ ਮੱਲ ਨਾਮੀ ਸਿੱਖ ਸੀ। ਆਪ ਜੀ ਦਾ ਜਨਮ 1691 ਬਿਕਰਮੀ ਅਤੇ ਦੀਖਿਆ 1762 ਬਿਕਰਮੀ ਨੂੰ ਹੋਈ। ਆਪ ਜੀ ਦੇ ਪਿਤਾ ਪੰਡਤ ਸ਼ਾਮ ਲਾਲ ਜੀ ਸਾਰਸਵਤ ਬ੍ਰਾਹਮਣ ਪਿੰਡ ਮਾਲਵਾ ਡੋਰਲੀ, ਜ਼ਿਲ੍ਹਾ ਫ਼ਿਰੋਜ਼ਪੁਰ ਦੇ ਵਸਨੀਕ ਸਨ।[73] ਬਖ਼ਤ ਮੱਲ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਦਾ ਮਸੰਦ ਸੀ ਜੋ ਕਾਬਲ ਵਿੱਚੋਂ ਦਸਵੰਧ ਅਤੇ ਕਾਰ ਇਕੱਠੀ ਕਰਦਾ ਸੀ। ਜਦੋਂ ਦਸਮ ਪਿਤਾ ਨੇ ਮਸੰਦਾਂ ਨੂੰ ਸੋਧਣਾ ਸ਼ੁਰੂ ਕੀਤਾ ਤਾਂ ਇਹ ਮਸੰਦ ਇਸਤਰੀ ਦਾ ਭੇਖ ਧਾਰ ਕੇ ਮਾਤਾ ਜੀ ਦੀ ਸ਼ਰਨ ਆਇਆ ਅਤੇ ਉਸਨੇ ਮਾਫ਼ੀ ਮੰਗੀ। ਮਾਤਾ ਜੀ ਦੇ ਕਹਿਣ ਤੇ ਦਸਮ ਪਿਤਾ ਨੇ ਮੁਆਫ਼ੀ ਦੇ ਦਿੱਤੀ ਅਤੇ ਅੱਗੋਂ ਸਹੀ ਰਾਹ ਉੱਪਰ ਚੱਲਣ ਦੀ ਤਾਕੀਦ ਵੀ ਕੀਤੀ ਸੀ। ਜਿਸ ਦਾ ਵਰਣਨ ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿੱਚ ਇਸ ਤਰ੍ਹਾਂ ਕੀਤਾ ਹੈ-

ਦਸਵੇਂ ਗੁਰੂ ਨੇ ਜਦ ਸਾੜੇ ਹੈ ਮਸੰਦ ਮੰਦ,

ਬਚਯੋ ਥਾ 'ਬਖਤ ਮੱਲ' ਸ਼ਰਣਿ ਪਰਿ ਮਾਤ ਹੈ।

ਸਖੀ ਜ਼ ਸ੍ਵਾਂਗ ਸੋ ਰਾਖਤ ਸਮ ਔਰਤੋਂ ਕੇ,

ਹਾਥਨ ਮੈ ਚੂੜੀ, ਨਾਕ ਨਥਲੀ ਸੁਹਾਤ ਹੈ।

ਮਾਤਾ ਕੇ ਲਿਹਾਜ ਮੈ ਬਖਸ਼ ਦੀਓ ਸੋਈ ਗੁਰੁ,

ਯਾਤੇ ਤਾ ਕੇ ਸਾਧੁ, 'ਬਖਸ਼ਸ਼ ਕੇ' ਕਹਾਤ ਹੈ।

ਅਬੋਲ ਮਹੰਤ ਹੋਤ ਉਨ ਕੇ ਗਾਦੀ ਪੁਰ,

ਪਹਰਤ ਹਾਥਨ ਮੈ ਚੂੜੀਆਂ ਬਖਿਆਤ ਹੈ।[74]

ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ ਗ੍ਰੰਥ' ਜਿਸ ਨੂੰ ਭਾਈ ਵੀਰ ਸਿੰਘ ਨੇ ਸੰਪਾਦਿਤ ਕੀਤਾ ਹੈ, ਵਿੱਚ ਇਸੇ ਘਟਨਾ ਦਾ ਬਿਆਨ ਇਸ ਪ੍ਰਕਾਰ ਕੀਤਾ ਹੈ-

ਇੱਕ ਨੱਕੇ ਮਹਿਂ ਹੁਤੋ ਮਸੰਦ।

ਤਿਸੀ ਦੇਸ ਲੇ ਕਾਰ ਬਲੰਦ।

ਪਾਇ ਤ੍ਰਾਸ ਅਨੰਦਪੁਰ ਆਯੋ।

ਸਭ ਇਸਤ੍ਰੀ ਕੋ ਭੇਖ ਬਨਾਯੋ ॥2॥

ਪਹਿਰ ਘਾਘਰੋ ਸਿਰ ਗੁੰਦਵਾਇ।

ਮਾਤਨਿ ਪਾਸ ਪ੍ਰਵਿਸ਼ਯੋ ਜਾਇ।

ਨਾਮ 'ਤਖਤ ਮਲ' ਕਹੀ ਆਹਿ ਤਾਂਹਿ।

ਧੁਰ ਤੇ ਧਰਯੋ ਤ੍ਰਾਸ ਮਨ ਮਾਂਹਿ ॥3॥

ਤਬ 'ਜੀਤੋ' 'ਸੁੰਦਰੀ' ਤਿਸ ਹੇਰਾ।

ਪਰਯੋ ਸ਼ਰਨ ਭੈ-ਭੀਤ ਬਡੇਰਾ।

ਰੱਛਾ ਕਰਨ ਉਚਿਤ ਮਨ ਜਾਨਾ।

ਧੀਰਜ ਦੈਬੋ ਹੇਤੁ ਬਖਾਨਾ ॥4॥

"ਤਯਾਰਾ ਦੇਹੁ ਤੂੰ ਅਬਿ ਡਰ ਗਿਨਤੀ!

ਹਮ ਪ੍ਰਭ ਸਾਥ ਤਨਹਿਂ ਬਹੁ ਬਿਨਤੀ!

ਜਯੋਂ ਜਯੋਂ ਕਰਹਿਂ ਬਚਾਵਣ ਤੇਰੋ।

ਉਰ ਸਿਮਰਹੁ 'ਗੁਰ ਨਾਮ ਬਡੇਰੋ'॥

ਇਕ ਕੋਸ਼ਠ ਮਹਿ ਤਾਂਹਿ ਬਿਠਾਏ।

ਗਈ, ਇਕੰਤ ਕੰਤ ਕੌ ਪਾਏ।

ਹਥ ਜੋਰ ਕਰ ਬਿਨੈ ਬਖਾਨੀ

"ਸ੍ਰੀ ਪ੍ਰਭ! ਤੁਮ ਤੇ ਕਛੁ ਨ ਛਾਨੀ॥

'ਰਿਦੈ ਦੀਨ ਹੁਇ ਪਰੈ ਜੁ ਸ਼ਰਨੀ।

ਤਿਸ ਕੀ ਕਰਨ ਗੋਪਤਾ ਬਰਨੀ।

ਇਸ ਉਪਦੇਸਹੁ ਅਰੁ ਪ੍ਰਣ ਧਾਰਹੁ।

ਅਹੈ ਧਰਮ ਇਮ ਪਰ ਉਪਕਾਰਹੁ॥

ਕਹੈਂ ਕਹਾ, ਜੁ ਨੱਕੇ ਦੇਸ਼,

ਹੁਤੋ ਮਸੰਦ ਸੁ ਤ੍ਰਾਸ ਵਿਸ਼ੇਸ਼।

ਧਰ ਤ੍ਰੀਮਤ ਕੋ ਤਨ ਮਹਿਂ ਬੇਸਾ।

ਅੰਤਹਿਪੁਰ ਮਹਿ ਆਨਿ ਪ੍ਰਵੇਸ਼ਾ॥

ਅਬਿ ਲੌ ਨਹੀਂ ਸ਼ਮਸ਼ ਮੁਖ ਆਈ।

ਤ੍ਰਾਸ ਆਪ ਕੌ ਪਾਇ ਗੁਸਾਈਂ।

ਛਪਯੋ ਸਦਨ ਮਹਿਂ ਸ਼ਰਨੀ ਪਰਯੋ।

ਜੈ ਅਪਰਾਧ ਬਹੁਤ ਹੀ ਕਰਯੋ॥

ਤਊ ਬਖਸ਼ਿਬੇ ਉਚਿਤ ਬਖਾਨੋ।

ਆਨਿ ਹਮਾਰੇ ਢਿਗ ਘਿਘਿਆਨੇ!"

ਸੁਨਿ  ਕਰਿ ਕਰਮ ਮਸੰਦ ਜੁ ਕੀਨਿ।

ਬਿਗਸੇ ਸਤਿਗੁਰ ਬਖ਼ਸ਼ਿ ਸੁ ਦੀਨਿ॥

ਅਬਿ ਲੌ ਸਨੀ ਜਾਇ ਤਿਨ ਰੀਤਿ।

ਗਾਦੀ ਬੈਠਤ ਹੈਂ ਇਸ ਰੀਤਿ।

ਏਕ ਬਾਰ ਤ੍ਰਿਯ ਬੇਸ ਬਨਾਵੈਂ।

ਮਸਤਕ ਟੇਕ ਫੇਰ ਉਤਰਾਵੈਂ॥[75]

ਕਿਉਂਕਿ ਬਖ਼ਤ ਮੱਲ ਨੇ ਗੁਰੂ ਸਾਹਿਬ ਤੋਂ ਮੁਆਫ਼ੀ ਮੰਗਣ ਸਮੇਂ ਆਪਣੇ ਹੱਥਾਂ ਵਿੱਚ ਚੂੜੀਆਂ ਅਤੇ ਨੱਕ ਵਿੱਚ ਨੱਥ ਪਹਿਨੀ ਸੀ। ਇਸੇ ਕਰਕੇ ਅੱਗੋਂ ਉਸ ਦੇ ਚੇਲੇ ਵੀ ਗੱਦੀ ਉੱਪਰ ਬੈਠਣ ਸਮੇਂ ਇਸਤਰੀ ਲਿਬਾਸ ਨਾਲ ਚੂੜੀਆਂ ਅਤੇ ਨੱਥ ਪਹਿਨਕੇ ਹੀ ਗੱਦੀ ਉੱਪਰ ਬੈਠਦੇ ਹਨ। ਇਸ ਸੰਪਰਦਾਇ ਨਾਲ ਸਬੰਧਿਤ ਉਦਾਸੀ ਬਖ਼ਤਮੱਲੀਏ ਅਖਵਾਉਂਦੇ ਹਨ। ਇਸ ਬਖ਼ਸ਼ਿਸ਼ ਦਾ ਜ਼ਿਆਦਾ ਵਾਧਾ ਨਹੀਂ ਹੋਇਆ। ਇਸ ਬਖ਼ਸ਼ਿਸ਼ ਦਾ ਪ੍ਰਚਾਰ ਕੇਂਦਰ ਕਾਬਲ, ਬਹਾਵਲਪੁਰ ਅਤੇ ਸਿੰਧ ਰਿਹਾ ਹੈ। ਇਸ ਬਖ਼ਸ਼ਿਸ਼ ਦੇ ਪ੍ਰਚਾਰ ਕੇਂਦਰਾਂ ਦਾ ਵੇਰਵਾ ਇਸ ਪ੍ਰਕਾਰ ਮਿਲਦਾ ਹੈ-

**ਲਹਿੰਦਾ ਪੰਜਾਬ** : ਬਹਾਵਲਪੁਰ, ਮੁਲਤਾਨ

**ਸਿੰਧ** : ਕਰਾਚੀ

**ਉੱਤਰਪ੍ਰਦੇਸ਼** : ਸਾਂਤਲ ਸਹਾਏ(ਪਾਰਥੀ ਸਟੇਸ਼ਨ ਦੇ ਨੇੜੇ)[76]

**1.3.4.6 ਜੀਤ ਮੱਲੀਏ** :

ਛੇਵੀਂ ਬਖ਼ਸ਼ਿਸ਼ ਜੀਤ ਮੱਲੀਏ ਸਾਹਿਬ  ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਥਾਪੀ ਗਈ ਸੀ। ਡਾ. ਜਸਬੀਰ ਸਿੰਘ ਸਾਬਰ ਨੇ ਜੀਤ ਮੱਲੀਏ ਬਖ਼ਸ਼ਿਸ਼ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਆਪ ਜੀ ਦਾ ਨਾਂ ਕੁੱਝ ਵਿਦਵਾਨਾਂ ਨੇ ਅਜੀਤਾ ਨੰਦ ਵੀ ਲਿਖਿਆ ਹੈ।  ਪ੍ਰਿਥੀ ਚੰਦ ਨੇ ਆਪ ਜੀ ਨੂੰ 1660 ਬਿਕਰਮੀ

ਵਿੱਚ ਆਪਣਾ ਚੇਲਾ ਬਣਾਉਂਦਿਆ ਉਦਾਸੀ ਮੱਤ ਵਿੱਚ ਪ੍ਰਵੇਸ਼ ਕਰਾਇਆ।[77] ਜਦ ਮਸੰਦਾਂ ਨੂੰ ਆਨੰਦਪੁਰ ਸਾਹਿਬ ਸੱਦਿਆ ਗਿਆ ਤਾਂ ਜੀਤ ਮੱਲੀਆਂ ਵਿਰੁੱਧ ਕੋਈ ਸ਼ਿਕਾਇਤ ਨਾ ਨਿਕਲੀ। ਇਹ ਗੁਰਮਤਿ ਦੇ ਸੱਚੇ ਪ੍ਰਚਾਰਕ ਸਿੱਧ ਹੋਏ ਸਨ ਤਾਂ ਇਸੇ ਗੁਰਮਤਾਈ ਕਾਰਨ ਹੀ ਗੁਰੂ ਜੀ ਨੇ ਇਨ੍ਹਾਂ ਨੂੰ ਪ੍ਰਚਾਰ ਕਰਨ ਦੇ ਅਧਿਕਾਰ ਬਖ਼ਸ਼ੇ ਸਨ।[78] ਇਸ ਪ੍ਰਕਾਰ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੇ ਮਸੰਦ ਸਨ, ਜਿਨ੍ਹਾਂ ਨੇ ਗੁਰਮਤਿ ਦਾ ਪ੍ਰਚਾਰ ਸਾਰੀ ਉਮਰ ਕੀਤਾ। ਇਸ ਬਖਸ਼ਿਸ਼ ਦੇ ਸਾਧੂਆਂ ਨੂੰ ਉਦਾਸੀ ਸੰਪਰਦਾਇ ਵਿੱਚ ਜੀਤ ਮੱਲੀਏ ਆਖਿਆ ਜਾਂਦਾ ਹੈ। ਇਹਨਾਂ ਦੀ ਮੁੱਖ ਗੱਦੀ ਫ਼ਤਿਹਪੁਰ ਵਿੱਚ ਹੈ।[79]

ਔਰ ਏਕ ਜੀਤ ਮੱਲ, ਥਾ ਮਸੰਦ ਅਤਿ ਭੱਲ,

ਭਖ਼ਸ਼ ਦਯੋ ਥਾ ਵੱਲ ਗੁਰੂ ਸੋ ਪਛਾਨੀਏ।

'ਸਾਧੁ ਬਖ਼ਸ਼ ਕੇਰੇ' ਤਾਹੂੰ ਕੇ ਕਹਾਤ ਚੇਰੇ,

ਫਤੇਪੁਰ ਮਾਹਿ ਗੱਦੀ ਉਨੋ ਕੀ ਹੈ ਜਾਨਏ।[80]

ਸਤਿਗੁਰਾਂ ਦੁਆਰਾ ਵਰੋਸਾਈਆਂ ਇਹਨਾਂ ਬਖ਼ਸ਼ਿਸ਼ਾਂ ਸਦਕਾ ਸਿੱਖ ਧਰਮ ਦੇ ਪ੍ਰਚਾਰ ਨੇ ਨਵੀਂਆਂ ਪੁਲਾਘਾਂ ਪੁੱਟੀਆਂ। ਇਹਨਾਂ ਯਤਨਾਂ ਸਦਕਾ ਹੀ ਅੱਜ ਸਿੱਖ ਧਰਮ ਅਤੇ ਨਾਨਕ ਨਾਮ ਲੇਵਾ ਦਾ ਉਪਦੇਸ਼ ਪੂਰੇ ਹਿੰਦੁਸਤਾਨ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਪਹੁੰਚ ਚੁੱਕਿਆ ਹੈ।

ਉਪਰੋਕਤ ਚਾਰ ਧੂੰਏ ਅਤੇ ਛੇ ਬਖ਼ਸ਼ਿਸ਼ਾਂ ਤੋਂ ਇਲਾਵਾ 10 ਉਪ-ਬਖ਼ਸ਼ਿਸ਼ਾਂ ਦਾ ਜ਼ਿਕਰ ਵੀ ਮਿਲਦਾ ਹੈ। ਜਿਵੇਂ- 1. ਮਾਣਕ ਚੰਦਰ ਮੇਹਰ ਚੰਦਰ 2. ਸੋਢੀ ਧੀਰ ਮੱਲ 3. ਨਿਰੰਜਣ ਰਾਏ 4. ਦਿਵਾਨਾ ਸਾਹਿਬ 5. ਕਨੈਇਆ ਸਾਹਿਬ 6. ਸੇਵਾ ਦਾਰ 7. ਰਾਮਦਾਸੀਏ ਬਾਬਾ ਬੁੱਢਾ ਜੀ 8. ਜਗਿਆਸੀ ਰਾਮ ਨਿਰਵਾਣ 9. ਰਾਮ ਰਾਏ 10. ਥਾਨ ਦਾਸ ਜੀ।[81]

ਉਦਾਸੀ ਸੰਪਰਦਾਇ ਦੇ ਜੇਕਰ ਸਮੁੱਚੇ ਵਿਕਾਸ ਨੂੰ ਵੇਖਿਆ ਜਾਵੇ ਤਾਂ ਇਹ ਸੰਪਰਦਾ ਬਾਬਾ ਸ੍ਰੀ ਚੰਦ ਜੀ ਤੋਂ ਆਰੰਭ ਹੋ ਕੇ ਬਾਬਾ ਗੁਰਦਿੱਤਾ ਜੀ ਤੱਕ ਪਹੁੰਚਦੀ ਹੈ। ਇਸ ਤੋਂ ਅੱਗੇ 'ਚਾਰ ਧੂਣਿਆਂ' (ਅਲਮਸਤ, ਬਾਲੂ ਹਸਨਾ, ਫੂਲਸ਼ਾਹ, ਗੋਇੰਦਾ) ਅਤੇ 'ਛੇ ਬਖ਼ਸ਼ਿਸ਼ਾਂ' (ਸੁਥਰੇਸ਼ਾਹੀ, ਸੰਗਤ ਸਾਹਿਬੀਏ,

ਜੀਤਮੱਲੀਏ, ਬਖ਼ਤਮੱਲੀਏ, ਭਗਤ ਭਗਵਾਨੀਏ, ਮੀਹਾਂਸ਼ਾਹੀਏ) ਰਾਹੀਂ ਉਦਾਸੀ ਸੰਪਰਦਾ ਸੰਸਥਾਗਤ ਰੂਪ ਲੈ ਕੇ ਅਤੇ ਗੁਰੂ ਘਰ ਨਾਲ ਜੁੜੇ ਰਹਿ ਕੇ ਨਿਰੰਤਰ ਵਿਕਾਸ ਕਰਦੀ ਹੈ। ਛੇ ਬਖ਼ਸ਼ਿਸ਼ਾਂ ਛੇਵੇਂ, ਸੱਤਵੇਂ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਵੱਲੋਂ ਦਿੱਤੀਆਂ ਗਈਆਂ ਅਰਥਾਤ ਸਥਾਪਿਤ ਕੀਤੀਆਂ ਗਈਆਂ ਸਨ ਜੋ ਕਿ ਸਿੱਖ ਧਰਮ ਅਤੇ ਉਦਾਸੀ ਸੰਪਰਦਾ ਦੀ ਡੂੰਘੀ ਆਪਸੀ ਸਾਂਝ ਦਾ ਪੁਖਤਾ ਸਬੂਤ ਹਨ।

## 1.4 ਬਾਬਾ ਸ੍ਰੀ ਚੰਦ ਅਤੇ ਸਿੱਖ ਗੁਰੂ ਸਾਹਿਬਾਨਾਂ ਦੇ ਆਪਸੀ ਸਬੰਧ :

ਬਾਬਾ ਸ੍ਰੀ ਚੰਦ ਅਤੇ ਸਿੱਖ ਗੁਰੂ ਸਾਹਿਬਾਨਾਂ ਵਿਚਕਾਰ ਕਾਫ਼ੀ ਗੂੜ੍ਹੇ ਅਤੇ ਸੁਖਾਵੇਂ ਸਬੰਧ ਵੇਖਣ ਨੂੰ ਮਿਲਦੇ ਹਨ। ਗੁਰੂ ਨਾਨਕ ਸਾਹਿਬ ਜੀ ਤੋਂ ਪਿੱਛੋਂ ਹੋਏ ਗੁਰੂ ਸਾਹਿਬਾਨਾਂ ਨੇ ਬਾਬਾ ਸ੍ਰੀ ਚੰਦ ਜੀ ਨੂੰ ਗੁਰੂ-ਪੁੱਤਰ ਹੋਣ ਦੇ ਨਾਤੇ ਕਾਫ਼ੀ ਮਾਣ-ਸਤਿਕਾਰ ਦਿੱਤਾ। ਬਾਕੀ ਗੁਰੂ-ਘਰ ਵਿੱਚ ਵਡੇਰੀ ਉਮਰ ਦੇ ਪਹੁੰਚੇ ਹੋਏ ਪੀਰਾਂ-ਫ਼ਕੀਰਾਂ ਅਤੇ ਗੁਰੂਆਂ ਦਾ ਹਮੇਸ਼ਾ ਹੀ ਕਾਫ਼ੀ ਮਾਣ-ਸਤਿਕਾਰ ਹੁੰਦਾ ਆਇਆ ਹੈ। ਇਤਿਹਾਸਕ ਤੱਥਾਂ ਅਨੁਸਾਰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਜੀ ਸਮੇਂ-ਸਮੇਂ ਉੱਪਰ ਬਾਬਾ ਸ੍ਰੀ ਚੰਦ ਜੀ ਨੂੰ ਮਿਲ ਕੇ ਉਹਨਾਂ ਪ੍ਰਤੀ ਆਪਣਾ ਡੂੰਘਾ ਸਤਿਕਾਰ, ਪਿਆਰ ਅਤੇ ਸਨੇਹ ਪ੍ਰਗਟ ਕਰਦੇ ਰਹੇ ਹਨ।

ਜਦੋਂ ਇਤਿਹਾਸ ਦੇ ਪੰਨਿਆਂ ਨੂੰ ਵਾਚਿਆ ਜਾਂਦਾ ਹੈ ਤਾਂ ਇਹ ਤੱਥ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਂਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਭਰਾ ਲਖਮੀ ਚੰਦ ਦੀ ਸ਼ਾਦੀ ਸਮੇਂ ਪਹਿਲਾਂ ਤੰਬੋਲ (ਨਿਉਦਰਾਂ) ਗੁਰੂ ਘਰ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਭੇਜਿਆ ਸੀ। ਇਹ ਗੁਰੂ ਘਰ ਅਤੇ ਬਾਬਾ ਸ੍ਰੀ ਚੰਦ ਜੀ ਦੀ ਆਪਸੀ ਗੂੜੀ ਸਾਂਝ ਦਾ ਪ੍ਰਤੱਖ ਪ੍ਰਮਾਣ ਹੈ। ਜਦੋਂ ਗੁਰੂ ਅੰਗਦ ਦੇਵ ਜੀ ਪੰਜਾਬ ਵਿੱਚ ਨਾਮ ਸਿਮਰਨ ਦਾ ਪ੍ਰਵਾਹ ਚਲਾ ਰਹੇ ਸਨ। ਉਸ ਸਮੇਂ ਬਾਬਾ ਸ੍ਰੀ ਚੰਦ ਜੀ ਲੰਮੀਆਂ-ਲੰਮੀਆਂ ਯਾਤਰਾਵਾਂ ਕਰਕੇ ਗੁਰੂ ਨਾਨਕ ਸਾਹਿਬ ਦੁਆਰਾ ਸ਼ੁਰੂ ਕੀਤੇ ਮਿਸ਼ਨ ਨੂੰ ਪੂਰਾ ਕਰਨ ਲਈ ਧਰਮਸ਼ਾਲਾਵਾਂ ਸਥਾਪਿਤ ਕਰਕੇ ਨਾਮ ਬਾਣੀ ਅਤੇ ਗੁਰੂ ਘਰ ਨਾਲ ਲੋਕਾਂ ਨੂੰ ਜੋੜ ਰਹੇ ਸਨ। ਇਸ ਦੌਰਾਨ ਬਾਬਾ ਸ੍ਰੀ ਚੰਦ ਜੀ ਨੇ ਸਿੰਧ, ਅਫ਼ਗਾਨਿਸਤਾਨ, ਗੁਜਰਾਤ, ਰਾਜਸਥਾਨ, ਬਿਹਾਰ, ਉੱਤਰਪ੍ਰਦੇਸ਼ (ਮਾਨਸਰੋਵਰ) ਅਤੇ ਨੇਪਾਲ ਆਦਿ ਥਾਂਵਾਂ ਉੱਪਰ ਭਰਮਣ ਕਰਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ।

ਗੁਰੂ ਅੰਗਦ ਦੇਵ ਜੀ ਉਪਰੰਤ ਜਦੋਂ ਗੁਰੂ ਅਮਰ ਦਾਸ ਜੀ ਗੱਦੀ ਉੱਪਰ ਬਿਰਾਜਮਾਨ ਹੋਏ ਤਾਂ ਉਹ ਪਰਿਵਾਰ ਸਮੇਤ ਬਾਬਾ ਸ਼੍ਰੀ ਚੰਦ ਜੀ ਨੂੰ ਮਿਲਣ ਆਏ। ਤਦ ਬਾਬਾ ਸ਼੍ਰੀ ਚੰਦ ਜੀ ਨੇ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੁਆਰਾ ਉਚਾਰੀ ਬਾਣੀ ਦੀ ਪੋਥੀ ਸੌਂਪੀ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਮੋਹਨ ਜੀ ਬਾਬਾ ਸ਼੍ਰੀ ਚੰਦ ਜੀ ਦੇ ਚੇਲੇ ਬਣੇ। ਇਸ ਤੋਂ ਬਾਅਦ ਬਾਬਾ ਮੋਹਨ ਜੀ ਬਾਬਾ ਸ਼੍ਰੀ ਚੰਦ ਦੀ ਆਗਿਆ ਲੈ ਕੇ ਗੋਇੰਦਵਾਲ ਆ ਕੇ ਨਾਮ ਬਾਣੀ ਵਿੱਚ ਜੁਟ ਗਏ।

1577 ਈ. ਗੁਰੂ ਰਾਮ ਦਾਸ ਜੀ ਬਾਰਠ ਪਧਾਰੇ ਅਤੇ ਬਾਬਾ ਜੀ ਦੇ ਸਮਾਧੀ ਤੋਂ ਪ੍ਰਕਾਸ਼ਮਾਨ ਹੋਣ ਤੱਕ ਦੋ ਦਿਨ ਉੱਥੇ ਹੀ ਠਹਿਰੇ। ਗੁਰੂ ਜੀ ਨੇ ਬਾਬਾ ਸ਼੍ਰੀ ਚੰਦ ਨੂੰ 500 ਰੁਪੈ, ਇੱਕ ਘੋੜਾ, ਬਸਤਰ ਅਤੇ ਮਿਠਾਈਆਂ ਭੇਂਟ ਕੀਤੀਆਂ। ਬਾਬਾ ਜੀ ਦੇ ਸੁਝਾਅ ਉੱਤੇ ਨਿਰਮਾਣ ਕੀਤੇ ਜਾ ਰਹੇ ਨਗਰ ਰਾਮਦਾਸ ਪੁਰ ਦਾ ਨਾਮ ਅੰਮ੍ਰਿਤਸਰ ਰੱਖਿਆ ਗਿਆ। 1579 ਈ. ਵਿੱਚ ਬਾਬਾ ਜੀ ਨੂੰ ਅੰਮ੍ਰਿਤਸਰ ਪੁੱਜਣ 'ਤੇ ਬੜੇ ਉਤਸ਼ਾਹ ਅਤੇ ਸਤਿਕਾਰ ਪੂਰਵਕ ਜੀ ਆਇਆ ਕਿਹਾ ਗਿਆ। ਬਾਬਾ ਜੀ ਉੱਚੇ ਥੜੇ ਤੇ ਬੈਠ ਗਏ ਅਤੇ ਗੁਰੂ ਜੀ ਨੇ ਪਵਿੱਤਰ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਬਣਤਰ ਬਾਰੇ ਸਲਾਹ ਲਈ।[82]

ਇਸ ਤੋਂ ਇਲਾਵਾ ਜਦੋਂ ਬਾਬਾ ਸ਼੍ਰੀ ਚੰਦ ਜੀ ਗੁਰੂ ਰਾਮ ਦਾਸ ਜੀ ਨਾਲ ਬਚਨ ਬਿਲਾਸ ਕਰ ਰਹੇ ਸਨ ਤਾਂ ਬਾਬਾ ਜੀ ਨੇ ਹਾਸ ਬਿਲਾਸ ਵਿੱਚ ਗੁਰੂ ਰਾਮਦਾਸ ਜੀ ਨੂੰ ਪੁੱਛਿਆ ਕਿ ਉਨ੍ਹਾਂ ਨੇ ਇੰਨੀ ਦਾੜ੍ਹੀ ਕਿਉਂ ਵਧਾਈ ਹੈ? ਤਾਂ ਗੁਰੂ ਰਾਮਦਾਸ ਜੀ ਨੇ ਅਤਿ ਦੀ ਨਿਮਰਤਾ ਨਾਲ ਕਿਹਾ, ਆਪ ਜੀ ਦੇ ਚਰਨ ਝਾੜਨ ਵਾਸਤੇ। ਬਾਬਾ ਜੀ ਗੁਰੂ ਸਾਹਿਬ ਦੀ ਅਤਿ ਦੀ ਨਿਮਰਤਾ ਅਤੇ ਹਲੀਮੀ ਤੋਂ ਡਾਢੇ ਪ੍ਰਸੰਨ ਹੋਏ। ਇਸ ਪ੍ਰਕਾਰ ਗੁਰੂ ਰਾਮਦਾਸ ਜੀ ਦੁਆਰਾ ਬਾਬਾ ਸ਼੍ਰੀ ਚੰਦ ਪ੍ਰਤੀ ਦਿਖਾਇਆ ਪਿਆਰ ਤੇ ਸਤਿਕਾਰ ਬਾਕਮਾਲ ਸੀ।

ਸ਼੍ਰੀ ਗੁਰੂ ਅਰਜਨ ਦੇਵ ਜੀ 1590 ਈ. ਵਿੱਚ ਬਾਬਾ ਸ਼੍ਰੀ ਚੰਦ ਜੀ ਦੇ ਦਰਸ਼ਨ ਦੀਦਾਰੇ ਕਰਨ ਲਈ ਗਏ ਤਾਂ ਬਾਬਾ ਜੀ ਗਹਿਰੀ ਸਮਾਧੀ ਵਿੱਚ ਸਥਿਤ ਸਨ ਅਤੇ ਕਾਫ਼ੀ ਸਮੇਂ ਤੋਂ ਬਾਅਦ ਸਮਾਧੀ ਤੋਂ ਬਾਹਰ ਆਏ। ਗੁਰੂ ਜੀ ਦੇ ਉੱਥੇ ਪੁੱਜਣ ਦੀ ਯਾਦ ਵਿੱਚ ਬਾਰਠ ਸਾਹਿਬ ਵਿਖੇ ਅੱਜ ਵੀ ਦੋ ਸਥਾਨ ਮੌਜੂਦ ਹਨ। ਇੱਕ ਥੰਮ ਜਿੱਥੇ ਹਰ ਰੋਜ਼ ਗੁਰੂ ਜੀ ਰੁਕਦੇ ਸਨ ਅਤੇ ਦੂਸਰੇ ਮੰਜੀ ਸਾਹਿਬ ਭੋਰਾ ਜੋ ਇੱਕ ਮੀਲ ਦੀ ਵਿੱਥ ਤੇ ਹੈ।

ਜਿੱਥੇ ਗੁਰੂ ਜੀ ਰਾਤ ਨੂੰ ਵਿਸ਼ਰਾਮ ਕਰਦੇ ਸਨ। ਗੁਰੂ ਜੀ ਨੇ ਬਾਬਾ ਜੀ ਨੂੰ ਮਿਲ ਕੇ ਸੁਖਮਨੀ ਸਾਹਿਬ ਦੀਆਂ ਸੋਲ੍ਹਾਂ ਅਸ਼ਟਪਦੀਆਂ ਸੁਣਾਈਆਂ, ਪਰ ਬਾਬਾ ਜੀ ਨੇ ਕਿਹਾ ਕਿ ਇਸ ਨੂੰ ਚੌਵੀ ਅਸ਼ਟਪਦੀਆਂ ਨਾਲ ਸੰਪੂਰਣ ਕਰੋ। ਗੁਰੂ ਜੀ ਦੀ ਬੇਨਤੀ ਉੱਤੇ ਸਤਾਰ੍ਹਵੀ ਅਸ਼ਟਪਦੀ ਦਾ ਪਹਿਲਾ ਪਦਾ ਬਾਬਾ ਜੀ ਨੇ ਉਚਾਰਿਆ। ਗੁਰੂ ਜੀ ਨੇ ਬਾਬਾ ਜੀ ਨਾਲ ਕਈ ਵਿਸ਼ਿਆਂ ਤੇ ਵਿਚਾਰ ਕੀਤੀ ਜਿਵੇਂ ਆਪਣੇ ਭਰਾ ਪ੍ਰਿਥੀ ਦਾ ਸ਼ਰਾਰਤਮਈ ਸਲੂਕ, ਗੁਰੂ ਗ੍ਰੰਥ ਸਾਹਿਬ ਦੀ ਰਚਨਾ ਬਾਰੇ ਅਤੇ ਤਰਨ ਤਾਰਨ ਦੇ ਸਰੋਵਰ ਵਿੱਚ ਜਲ ਦੀ ਅਣਹੋਂਦ ਬਾਰੇ। ਬਾਬਾ ਜੀ ਨੇ ਗੁਰੂ ਜੀ ਦੇ ਕਾਰਜਾਂ ਦੀ ਪੂਰਤੀ ਲਈ ਅਸ਼ੀਰਵਾਦ ਦਿੱਤਾ ਅਤੇ ਕੁੱਝ ਹਸਤਲਿਖਤ ਖਰੜੇ ਦਿੱਤੇ ਅਤੇ ਕਿਹਾ ਕਿ ਕੁੱਝ ਆਪਣੇ ਮਾਮਾ ਮੋਹਨ ਜੀ ਪਾਸੋਂ ਪ੍ਰਾਪਤ ਕਰੋ। ਪਵਿੱਤਰ ਸਰੋਵਰ ਲਈ ਬਾਬਾ ਜੀ ਨੇ ਆਪਣੀ ਬਾਉਲੀ ਵਿੱਚੋਂ ਪਾਣੀ ਦੀ ਗਾਗਰ ਦਿੱਤੀ।[83] ਇਤਿਹਾਸ ਵਿੱਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਨੂੰ ਨਜ਼ਰਬੰਦ ਕੀਤਾ ਗਿਆ ਸੀ ਤਾਂ ਬਾਬਾ ਸ੍ਰੀ ਚੰਦ ਜੀ ਨੇ ਉਨ੍ਹਾਂ ਨੂੰ ਮੁਕਤ ਕਰਾਉਣ ਲਈ ਕਾਫ਼ੀ ਯਤਨ ਕੀਤੇ।

ਬਾਕੀ ਗੁਰੂ ਸਾਹਿਬਾਨਾਂ ਵਾਂਗ ਛੇਵੇਂ ਗੁਰੂ ਹਰਗੋਬਿੰਦ ਪਾਤਸ਼ਾਹ ਵੀ ਬਾਬਾ ਸ੍ਰੀ ਚੰਦ ਜੀ ਦੇ ਸਤਿਕਾਰ ਵਜੋਂ ਅਤੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਆਉਂਦੇ ਰਹਿੰਦੇ ਸਨ। ਇੱਕ ਵਾਰ ਜਦੋਂ ਗੁਰੂ ਜੀ ਆਪਣੇ ਚਾਰਾਂ ਪੁੱਤਰਾਂ (ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ, ਬਾਬਾ ਅਣੀ ਰਾਏ ਅਤੇ ਬਾਬਾ ਤੇਗ਼ ਬਹਾਦਰ) ਸਮੇਤ ਬਾਬਾ ਸ੍ਰੀ ਚੰਦ ਜੀ ਦਾ ਆਸ਼ੀਰਵਾਦ ਲੈਣ ਲਈ ਬਾਰਠ ਪੁੱਜੇ। ਤਦ ਬਾਬਾ ਸ੍ਰੀ ਚੰਦ ਜੀ ਦੁਆਰਾ ਇੱਕ ਪੁੱਤਰ ਦੀ ਮੰਗ ਕਰਨ ਉਪਰੰਤ ਉਨ੍ਹਾਂ ਨੇ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਦੇ ਚਰਣਾਂ ਵਿੱਚ ਭੇਟ ਕਰ ਦਿੱਤਾ। ਬਾਬਾ ਸ੍ਰੀ ਚੰਦ ਨੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਗੱਦੀਨਸ਼ੀਨ ਚੁਣਿਆ। ਇਸ ਤਰ੍ਹਾਂ ਬਾਬਾ ਸ੍ਰੀ ਚੰਦ ਨੇ ਵੀ ਆਪਣੇ ਗੁਰੂ-ਪਿਤਾ ਵਾਂਗ ਗੱਦੀ ਦੇ ਬਿਲਕੁਲ ਯੋਗ ਵਾਰਸ ਦੀ ਚੋਣ ਕੀਤੀ। ਇਤਿਹਾਸ ਦੇ ਪੰਨਿਆਂ ਉੱਪਰ ਇਸ ਗੱਲ ਦਾ ਉਲੇਖ ਵੀ ਮਿਲਦਾ ਹੈ ਕਿ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਗਿਆ ਤਾਂ ਸਮੇਂ ਦੀ ਸਰਕਾਰ ਨੇ ਇੱਕ ਸ਼ਾਜਿਸ਼ ਤਹਿਤ ਗੁਰੂ ਘਰ ਦੀ ਗੁਰਤਾਗੱਦੀ ਉੱਪਰ ਕਿਸੇ ਹੋਰ ਵਿਅਕਤੀ ਨੂੰ ਬਿਠਾ ਕੇ ਗੁਰੂ ਜੀ ਦਾ ਪ੍ਰਭਾਵ ਘੱਟ ਕਰਨ ਦੀ ਸੋਚੀ । ਉਨ੍ਹਾਂ ਨੇ ਬਾਬਾ ਸ੍ਰੀ ਚੰਦ ਜੀ ਨੂੰ ਗੱਦੀ ਉੱਪਰ ਬਿਠਾਉਣਾ ਚਾਹਿਆ। ਪ੍ਰੰਤੂ ਬਾਬਾ ਸ੍ਰੀ ਚੰਦ

ਜੀ ਨੇ ਇਸ ਗੱਲ ਲਈ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਮੁਤਾਬਿਕ ਗੁਰਤਾਗੱਦੀ ਈਸ਼ਵਰ ਦੇ ਹੁਕਮ ਅਨੁਸਾਰ ਚੱਲ ਰਹੀ ਹੈ। ਕਿਸੇ ਵੀ ਇਨਸਾਨ ਵਿੱਚ ਇਹ ਤਾਕਤ ਨਹੀਂ ਕਿ ਉਹ ਕਿਸੇ ਹੋਰ ਵਿਅਕਤੀ ਨੂੰ ਗੁਰਤਾਗੱਦੀ ਦਾ ਮਾਲਕ ਬਣਾ ਸਕੇ। ਇਸ ਤਰ੍ਹਾਂ ਬਾਬਾ ਜੀ ਨੇ ਸਮੇਂ ਦੀ ਹਕੂਮਤ ਦੁਆਰਾ ਰਚੀ ਸ਼ਾਜਿਸ਼ ਨੂੰ ਸਫਲ ਨਾ ਹੋਣ ਦਿੱਤਾ।

1704 ਈ. ਵਿੱਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆਂ ਤਾਂ ਉਹਨਾਂ ਨੇ ਗੁਰਬਖ਼ਸ਼ ਉਦਾਸੀ ਨੂੰ ਸੀਸ ਗੰਜ ਅਤੇ ਕੇਸਗੜ੍ਹ ਸਾਹਿਬ ਆਦਿ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕਾਰਜ ਸੌਂਪਿਆਂ। ਤਾਂ ਗੁਰਬਖ਼ਸ਼ ਉਦਾਸੀ ਨੇ ਇਸ ਕੰਮ ਨੂੰ ਬਾਖ਼ੂਬੀ ਨਿਭਾਇਆ। ਉਦਾਸੀ ਸੰਤਾਂ ਨੇ ਕੇਵਲ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਕਾਰਜ ਹੀ ਨਹੀਂ ਕੀਤਾ ਬਲਕਿ ਲੋੜ ਪੈਣ ਉੱਤੇ ਮੈਦਾਨ-ਏ-ਜੰਗ ਵਿੱਚ ਵੀ ਆਪਣੀ ਤਲਵਾਰ ਦੇ ਜੌਹਰ ਵੀ ਵਿਖਾਏ। ਭੰਗਾਣੀ ਦੇ ਯੁੱਧ ਵਿੱਚ ਲੜਦਿਆਂ ਕਿਸ ਤਰ੍ਹਾਂ ਹਯਾਤ ਖ਼ਾਂ ਨੂੰ ਮੌਤ ਦੇ ਘਾਟ ਉਤਾਰਿਆਂ ਇਸ ਬਹਾਦਰੀ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਨੇ 'ਬਚਿੱਤਰ ਨਾਟਕ' ਵਿੱਚ ਇਸ ਤਰ੍ਹਾਂ ਕੀਤਾ ਹੈ-

ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ।। ਹਠੀ ਖਾਨ ਹਯਾਤ ਕੇ ਸੀਸ ਝਾਰੀ।

ਉਠੀ ਛਿਛ ਇੰਛ ਕਢੰ ਮੇਝ ਜੋਰੰ।। ਮਨੋ ਮਾਖਨੰ ਮਟਕੀ ਕਾਨ ਫੋਰੰ।

(ਦਸਮ ਗ੍ਰੰਥ, ਬਚਿਤ੍ਰ ਨਾਟਕ,ਅਧਿਆਇ ਅੱਠਵਾਂ)

ਗੁਰੂ ਗੋਬਿੰਦ ਸਿੰਘ ਜੀ ਦੇ ਨਾਦੇੜ ਤੋਂ ਜਾਣ ਉਪਰੰਤ ਮਹੰਤ ਈਸ਼ਰ ਦਾਸ ਉਦਾਸੀ ਨੇ ਪ੍ਰੇਮ ਸਹਿਤ ਉਸ ਅਸਥਾਨ ਦੀ ਸੇਵਾ-ਸੰਭਾਲ ਕੀਤੀ। ਇਹ ਮਹੰਤ ਸੰਮਤ 1765 ਤੋਂ ਸੰਮਤ 1782 ਤੱਕ ਜੀਵਤ ਰਹੇ। ਮੁਸਲਮਾਨਾਂ ਨੇ ਉਨ੍ਹਾਂ ਨੂੰ ਉੱਥੋਂ ਕੱਢਣ ਲਈ ਲੜਾਈ-ਝਗੜਾ ਕਰਕੇ ਮਹੰਤ ਈਸ਼ਰ ਦਾਸ ਨੂੰ ਸਖ਼ਤ ਜਖ਼ਮੀ ਵੀ ਕਰ ਦਿੱਤਾ ਸੀ। ਪਰ ਫਿਰ ਵੀ ਇਨ੍ਹਾਂ ਨੇ ਆਪਣੀ ਸੇਵਾ ਨਾ ਛੱਡੀ। ਇਸ ਉਪਰੰਤ ਉਨ੍ਹਾਂ ਨੇ ਆਪਣੇ ਚੇਲੇ ਗੋਪਾਲ ਦਾਸ ਉਦਾਸੀ ਨੂੰ ਸੇਵਾ ਲਈ ਨਿਯੁਕਤ ਕੀਤਾ। ਗੋਪਾਲ ਦਾਸ ਉਦਾਸੀ ਤੋਂ ਬਾਅਦ ਸ੍ਰੀ ਗੁਰੂ ਸਰਣਿ ਦਾਸ ਉਦਾਸੀ ਨੇ 30 ਸਾਲ ਤਖ਼ਤ ਸ੍ਰੀ ਨਾਦੇੜ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ਨਿਭਾਇਆ।

ਉਦਾਸੀ ਸਾਧੂਆਂ ਨੂੰ ਸਿੱਖ ਧਰਮ ਦੇ ਚਾਨਣ-ਮੁਨਾਰੇ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਹਨਾਂ

ਸਾਧੂਆਂ ਨੇ ਸਿੱਖ ਧਰਮ ਦੀ ਜੋਤਿ ਨੂੰ ਉਸ ਅਤਿ ਬਿਖੜੇ ਸਮੇਂ ਵਿੱਚ ਵੀ ਜਗਾਈ ਰੱਖਿਆ ਜਦੋਂ ਸਿੱਖ ਜੰਗਲਾਂ ਵਿੱਚ ਲੁਕ ਕੇ ਮੁਗਲਾਂ ਦਾ ਟਾਕਰਾ ਕਰ ਰਹੇ ਸਨ। ਉਦੋਂ ਗੁਰਦੁਆਰਿਆਂ ਦੀ ਦੇਖ-ਰੇਖ ਦਾ ਕੰਮ ਉਦਾਸੀਆਂ ਦੇ ਮੋਢਿਆਂ ਉੱਪਰ ਸੀ। ਉਹਨਾਂ ਦੀ ਸੇਵਾ ਭਾਵਨਾ ਇੰਨੀ ਪ੍ਰਬਲ ਸੀ ਕਿ ਉਨ੍ਹਾਂ ਨੂੰ ਜੇਕਰ ਸਮੇਂ ਦੀ ਸਰਕਾਰ ਮਾਰ-ਕੁੱਟ ਕੇ ਭਜਾ ਵੀ ਦਿੰਦੀ ਸੀ ਤਾਂ ਵੀ ਉਹ ਸਖ਼ਤੀ ਘੱਟ ਹੋਣ ਉਪਰੰਤ ਮੁੜ ਆਪਣੀ ਸੇਵਾ ਵਿੱਚ ਹਾਜ਼ਰ ਹੋ ਜਾਂਦੇ ਸਨ।

ਸੋ ਇਹ ਉਦਾਸੀ ਹੀ ਸਨ ਜਿਨ੍ਹਾਂ ਨੇ ਕੇਵਲ ਹਰਿਮੰਦਰ ਸਾਹਿਬ ਹੀ ਨਹੀਂ ਬਲਕਿ ਦੇਸ਼ ਭਰ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਅਤੇ ਇਤਿਹਾਸਕ ਗੁਰਦੁਆਰਿਆਂ ਦੀਆਂ ਨਿਸ਼ਾਨੀਆਂ ਦੀ ਸਾਂਭ-ਸੰਭਾਲ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ।

ਵੀਹਵੀਂ ਸਦੀ ਦੇ ਆਰੰਭ ਵਿੱਚ ਇਹਨਾਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਲੈ ਕੇ ਸਿੱਖਾਂ ਅਤੇ ਉਦਾਸੀਆਂ ਦੇ ਆਪਸੀ ਸਬੰਧਾਂ ਵਿੱਚ ਬਹੁਤ ਵੱਡਾ ਪਰਿਵਰਤਨ ਵਾਪਰਿਆ। ਡੇਰਿਆਂ ਦੀਆਂ ਜਾਇਦਾਦਾਂ ਅਤੇ ਕੁੱਝ ਇੱਕ ਮਹੰਤਾਂ ਅਨੈਤਿਕ ਆਚਾਰ-ਵਿਹਾਰ ਕਾਰਨ ਸਿੱਖਾਂ ਅਤੇ ਉਦਾਸੀਆਂ ਵਿੱਚ ਤਣਾਉ ਦੀ ਸਥਿਤੀ ਪੈਦਾ ਹੋ ਗਈ।

## 1.5 ਮਹੰਤਾਂ ਖਿਲਾਫ਼ ਲੱਗੇ ਅਕਾਲੀ ਮੋਰਚੇ :

ਗੁਰਧਾਮਾਂ ਦੇ ਸੁਧਾਰ ਹਿੱਤ ਸੰਨ 1920 ਈ. ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਇਸ ਕਮੇਟੀ ਦੀ ਰਾਜਨੀਤਿਕ ਸ਼ਾਖਾ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਇਹਨਾਂ ਜਥੇਬੰਦੀਆਂ ਦਾ ਪ੍ਰਮੁੱਖ ਕਾਰਜ ਗੁਰਧਾਮਾਂ ਦੇ ਪ੍ਰਬੰਧ ਵਿੱਚ ਸੁਧਾਰ ਲਿਆਉਣਾ ਸੀ। ਇਸ ਸੁਧਾਰ ਲਹਿਰ ਦੀ ਪਹਿਲੀ ਮਹੱਤਵਪੂਰਨ ਹਿੰਸਕ ਘਟਨਾ 26 ਜਨਵਰੀ 1921 ਈ. ਵਿੱਚ ਵਾਪਰੀ। ਅੰਗਰੇਜ਼ ਸਰਕਾਰ ਨੇ ਇੱਕ ਕਾਨੂੰਨ ਪਾਸ ਕੀਤਾ। ਜਿਸ ਅਨੁਸਾਰ ਕੋਈ ਜਾਇਦਾਦ ਜਿਸ ਉੱਪਰ ਕਿਸੇ ਵਿਅਕਤੀ ਦਾ 12 ਸਾਲਾਂ ਤੋਂ ਕਬਜ਼ਾ ਚੱਲਿਆ ਆ ਰਿਹਾ ਹੋਵੇ। ਉਹ ਉਸਦੀ ਮਲਕੀਅਤ ਬਣ ਜਾਵੇਗੀ। ਇਸ ਕਾਨੂੰਨ ਤਹਿਤ ਬਹੁਤ ਸਾਰੇ ਪੁਜਾਰੀਆਂ ਅਤੇ ਮਹੰਤਾਂ ਨੇ ਗੁਰਧਾਮਾਂ ਦੀਆਂ ਜਾਇਦਾਦਾਂ ਆਪਣੇ ਨਾਮ ਕਰਵਾ ਲਈਆਂ। ਜਿਸਦਾ ਜਨਤਕ ਵਿਰੋਧ ਹੋਇਆ।[84]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕਾਂ ਨੇ ਮਹੰਤਾਂ ਖਿਲਾਫ਼ ਕਈ ਮੋਰਚੇ ਲਗਾਏ ਜਿਵੇਂ-ਬਾਬੇ ਦੀ ਬੇਰ ਦਾ ਮੋਰਚਾ, ਗੁਰਦੁਆਰਾ ਤਰਨ ਤਾਰਨ ਦਾ ਮੋਰਚਾ, ਨਨਕਾਣਾ ਸਾਹਿਬ ਦਾ ਮੋਰਚਾ, ਗੁਰੂ ਕੇ ਬਾਗ਼ ਦਾ ਮੋਰਚਾ ਆਦਿ।

### 1.5.1 ਬਾਬੇ ਦੀ ਬੇਰ ਦਾ ਮੋਰਚਾ :

ਅਕਾਲੀਆਂ ਦੁਆਰਾ ਲਗਾਏ ਗਏ ਮੋਰਚਿਆਂ ਵਿੱਚੋਂ ਪਹਿਲਾ ਮੋਰਚਾ ਬਾਬੇ ਦੀ ਬੇਰ ਦਾ ਆਉਂਦਾ ਹੈ। ਬਾਬੇ ਦੀ ਬੇਰ ਗੁਰਦੁਆਰੇ ਦਾ ਪ੍ਰਬੰਧ ਮਹੰਤ ਹਰਨਾਮ ਸਿੰਘ ਕੋਲ ਸੀ। ਜਿਸਦੀ ਮੌਤ ਹੋ ਚੁੱਕੀ ਸੀ। ਉਸਦੀ ਵਿਧਵਾ ਇਸਤਰੀ ਨੇ ਆਪਣੇ ਨਾਬਾਲਗ ਪੁੱਤਰ ਨੂੰ ਉੱਤਰਾਧਿਕਾਰੀ ਘੋਸ਼ਿਤ ਕਰਕੇ ਉਸਦਾ ਰਖਵਾਲਾ ਆਨਰੇਰੀ ਮੈਜਿਸਟ੍ਰੇਟ ਗੰਡਾ ਸਿੰਘ ਨੂੰ ਨਿਯੁਕਤ ਕੀਤਾ ਸੀ। ਸਿੰਘ ਸਭਾਵਾਂ ਨੇ ਇਸਦਾ ਕਰੜਾ ਵਿਰੋਧ ਕੀਤਾ। ਅੰਤ ਸਿਆਲਕੋਟ ਦੇ ਸਿੱਖਾਂ ਨੇ ਆਪਣਾ ਇੱਕ ਜੱਥਾ ਬਣਾ ਕੇ ਪਹਿਲਾ ਹਫ਼ਤੇਵਾਰੀ ਫਿਰ ਰੋਜ਼ਾਨਾ ਸੇਵਾ ਕਰਨੀ ਆਰੰਭ ਕਰ ਦਿੱਤੀ। ਗੰਡਾ ਸਿੰਘ ਨੇ ਉਹਨਾਂ ਦੇ ਰਸਤੇ ਵਿੱਚ ਕਈ ਮੁਸੀਬਤਾਂ ਖੜ੍ਹੀਆਂ ਕੀਤੀਆਂ ਪਰ ਉਹਨਾਂ ਨੇ ਹਰ ਮੁਸੀਬਤ ਨੂੰ ਪਾਰ ਕਰਦੇ ਹੋਏ ਗੁਰਦੁਆਰੇ ਉੱਪਰ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਇਸ ਉਪਰੰਤ 5 ਅਕਤੂਬਰ 1920 ਈ. ਵਿੱਚ ਤਿੰਨ ਮੈਂਬਰੀ ਕਮੇਟੀ ਚੁਣ ਕੇ ਗੁਰਦੁਆਰੇ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ।

### 1.5.2 ਗੁਰਦੁਆਰਾ ਤਰਨ ਤਾਰਨ ਦਾ ਮੋਰਚਾ :

ਗੁਰਦੁਆਰਾ ਤਰਨਤਾਰਨ ਦਾ ਮੁਖੀ ਵੀ ਇੱਕ ਮਹੰਤ ਅਰੂੜ ਸਿੰਘ ਸੀ। ਉਹ ਵੀ ਇੱਕ ਭ੍ਰਿਸ਼ਟ ਮਹੰਤ ਸੀ। ਮਹੰਤ ਨੂੰ ਕਾਫ਼ੀ ਸਮਝਾਇਆ ਗਿਆ ਪਰ ਜਦੋਂ ਉਹ ਨਾ ਸਮਝਿਆ ਤਾਂ ਆਕਾਲੀਆਂ ਨੇ 25 ਜਨਵਰੀ 1921 ਈ. ਵਿੱਚ ਭਾਈ ਨੇਜਾ ਸਿੰਘ ਦੀ ਅਗਵਾਈ ਵਿੱਚ 40 ਸਿੱਖਾਂ ਦਾ ਜੱਥਾ ਤਰਨਤਾਰਨ ਨੂੰ ਭੇਜਿਆ। ਮਹੰਤ ਗਿਣਤੀ ਵਿੱਚ 70 ਸਨ। ਮਹੰਤਾਂ ਨੇ ਚਲਾਕੀ ਵਰਤਦੇ ਹੋਏ ਲੜਾਈ-ਝਗੜਾ ਨਾ ਕੀਤਾ ਬਲਕਿ ਸਮਝੌਤਾ ਕਰਨ ਲਈ ਕਿਹਾ। ਪ੍ਰੰਤੂ ਰਾਤ ਨੂੰ 9 ਵਜੇ ਉਹਨਾਂ ਨੇ ਨਿਹੱਥੇ ਆਕਾਲੀਆਂ ਉੱਪਰ ਧਾਵਾ ਬੋਲ ਦਿੱਤਾ। ਕਾਫ਼ੀ ਆਕਾਲੀ ਜਖ਼ਮੀ ਹੋ ਗਏ। ਪੁਲਿਸ ਨੇ ਵੀ ਮੌਕੇ ਉੱਪਰ ਪਹੁੰਚ ਕੇ ਆਕਾਲੀਆਂ ਦਾ ਪੱਖ ਲਿਆ। ਮਹੰਤਾਂ ਨੂੰ ਗੁਰਦੁਆਰੇ ਵਿੱਚ ਜਾਣ ਤੋਂ ਰੋਕ ਦਿੱਤਾ ਗਿਆ। ਆਕਾਲੀਆ ਨੂੰ ਨਵੇਂ ਗ੍ਰੰਥੀ ਨਿਯੁਕਤ ਕਰਨ ਲਈ ਆਖ ਦਿੱਤਾ ਗਿਆ। ਸਮੇਂ ਦੀ ਸਰਕਾਰ ਨੇ ਉਸ ਸਮੇਂ ਕੂਟਨੀਤੀ ਵਰਤਦੇ ਹੋਏ ਉੱਪਰੋਂ

ਆਕਾਲੀਆ ਦਾ ਪੱਖ ਲਿਆ ਪ੍ਰੰਤੂ ਵਿੱਚੋਂ ਉਹ ਮਹੰਤਾਂ ਨਾਲ ਮਿਲੀ ਹੋਈ ਸੀ।

### 1.5.3 ਨਨਕਾਣਾ ਸਾਹਿਬ ਦਾ ਮੋਰਚਾ :

ਸਰਕਾਰ ਮਹੰਤਾਂ ਨੂੰ ਕਿੰਨਾ ਸਹਿਯੋਗ ਦੇ ਰਹੀ ਸੀ? ਇਸ ਗੱਲ ਦੀ ਪ੍ਰੋੜ੍ਹਤਾ ਨਨਕਾਣਾ ਸਾਹਿਬ ਦੇ ਸਾਕੇ ਤੋਂ ਹੁੰਦੀ ਹੈ। ਇਹ ਸਾਕਾ 20 ਫ਼ਰਵਰੀ 1921 ਈ. ਵਿੱਚ ਵਾਪਰਦਾ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਮਹੰਤ ਨਰਾਇਣ ਦਾਸ ਕੋਲ ਸੀ। ਸਿੰਘ ਸਭਾਈਆਂ ਵੱਲੋਂ ਉਸਨੂੰ ਵੀ ਪਵਿੱਤਰ ਜੀਵਨ ਬਤੀਤ ਕਰਨ ਦੀ ਤਾਕੀਦ ਕੀਤੀ ਗਈ। ਉਸਨੇ ਵਚਨ ਦਿੱਤਾ ਪ੍ਰੰਤੂ ਇਹ ਵਚਨ ਸਿਰਫ਼ ਵਚਨ ਹੀ ਰਿਹਾ। ਦੁਬਾਰਾ ਫਿਰ ਇੱਕ ਮਤੇ ਰਾਹੀਂ ਸੁਧਾਰ ਕਰਨ ਦੀ ਤਾੜਨਾ ਕੀਤੀ ਗਈ ਪਰ ਉਸ ਉੱਪਰ ਕੋਈ ਅਸਰ ਨਾ ਹੋਇਆ। ਉਹ ਆਕਾਲੀਆਂ ਵਿਰੁੱਧ ਲਾਹੌਰ ਦੇ ਕਮਿਸ਼ਨਰ ਸੀ.ਐਮ.ਕਿੰਗ ਨੂੰ ਮਿਲਿਆ ਅਤੇ ਉਸ ਤੋਂ ਆਕਾਲੀਆਂ ਵਿਰੁੱਧ ਸੁਰੱਖਿਆ ਦਾ ਵਚਨ ਲਿਆ। ਉਸਨੇ ਕਾਫ਼ੀ ਹਥਿਆਰ ਅਤੇ ਮਿੱਟੀ ਦਾ ਤੇਲ ਇਕੱਠਾ ਕਰ ਲਿਆ। ਸਗੋਂ ਭਾੜੇ ਦੇ ਗੁੰਡੇ ਵੀ ਖਰੀਦ ਲਏ। ਮਹੰਤ ਦੀਆਂ ਅਜਿਹੀਆਂ ਕਾਤਲਨਾਮਾ ਗਤੀਵਿਧੀਆਂ ਦਾ ਸਰਕਾਰ ਨੂੰ ਪਤਾ ਸੀ ਪਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ। ਪਹਿਲਾ ਨਨਕਾਣਾ ਸਾਹਿਬ ਗੁਰਦੁਆਰੇ ਵਿੱਚ ਇੱਕ ਭਾਰੀ ਇਕੱਠ ਦੀ ਯੋਜਨਾ ਬਣਾਈ ਗਈ। ਪ੍ਰੰਤੂ ਮਹੰਤ ਮੌਕੇ ਉੱਤੇ ਹਾਜ਼ਰ ਨਾ ਹੋਇਆ। ਫਿਰ ਭਾਈ ਲਕਸ਼ਮਣ ਸਿੰਘ ਦਾ ਜੱਥਾ ਨਨਕਾਣਾ ਸਾਹਿਬ ਨੂੰ ਰਵਾਨਾ ਹੋਇਆ ਤਾਂ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਦਾ ਸੁਨੇਹਾ ਮਿਲਿਆ ਕਿ ਜੱਥਾ ਉੱਥੇ ਨਾ ਲੈ ਕੇ ਜਾਇਆ ਜਾਵੇ। ਪ੍ਰੰਤੂ ਜਥੇ ਦੇ ਮੈਂਬਰ ਕਹਿਣ ਲੱਗੇ ਕਿ ਅਸੀ ਸ਼ਾਤੀਪੂਰਵਕ ਮੱਥਾ ਟੇਕ ਆ ਜਾਵਾਂਗੇ। ਪਰ ਜਦੋਂ ਉਹ ਉੱਥੇ ਪਹੁੰਚੇ ਤਾਂ ਮਹੰਤ ਨੇ ਸਮਝਿਆ ਕਿ ਆਕਾਲੀ ਗੁਰਦੁਆਰੇ ਉੱਪਰ ਜ਼ਬਰਦਸਤੀ ਅਧਿਕਾਰ ਕਰਨ ਆ ਰਹੇ ਹਨ। ਮਹੰਤ ਅਤੇ ਉਸਦੇ ਸਾਥੀਆਂ ਨੇ ਹਮਲਾ ਕਰਕੇ ਕਈ ਸਿੱਖ ਸ਼ਹੀਦ ਕਰ ਦਿੱਤੇ। ਜਦੋਂ ਨਨਕਾਣਾ ਸਾਹਿਬ ਦੇ ਇਸ ਦੁਖਦਾਈ ਸਾਕੇ ਦਾ ਪਤਾ ਕਰਤਾਰ ਸਿੰਘ ਝਾਬਰ ਨੂੰ ਲੱਗਿਆ ਤਾਂ ਉਹ ਆਪਣਾ ਜੱਥਾ ਲੈ ਕੇ ਨਨਕਾਣਾ ਸਾਹਿਬ ਨੂੰ ਚੱਲ ਪਿਆ। ਡਿਪਟੀ ਕਮਿਸ਼ਨਰ ਆਪ ਜੱਥੇ ਨੂੰ ਰੋਕਣ ਲਈ ਆਇਆ। ਪਰ ਕਰਤਾਰ ਸਿੰਘ ਝਾਬਰ ਨੇ ਬਿਨ੍ਹਾਂ ਰੁਕੇ ਗੁਰਦੁਆਰੇ ਉੱਪਰ ਅਧਿਕਾਰ ਕਰ ਲਿਆ। ਸਰਕਾਰ ਨੂੰ ਮਜਬੂਰੀ ਵੱਸ ਮਹੰਤ ਨੂੰ ਫੜਕੇ ਮੁਕੱਦਮਾ ਚਲਾਉਣਾ ਪਿਆ।

### 1.5.4 ਗੁਰੂ ਕੇ ਬਾਗ਼ ਦਾ ਮੋਰਚਾ :

ਗੁਰਦੁਆਰਾ 'ਗੁਰੂ ਕੇ ਬਾਗ਼' ਦਾ ਮਹੰਤ ਸੁੰਦਰ ਦਾਸ ਵੀ ਚਰਿੱਤਰਹੀਣ ਵਿਅਕਤੀ ਸੀ। ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਉਸ ਪਾਸੋਂ ਗੁਰਦੁਆਰਾ ਲੈਣਾ ਚਾਹਿਆ। ਪਹਿਲਾ ਤਾਂ ਕੂਟਨੀਤੀ ਵਰਤਦੇ ਹੋਏ ਉਸਨੇ ਅੰਮ੍ਰਿਤ ਛਕ ਲਿਆ ਅਤੇ ਇੱਕ ਸਮਝੌਤੇ ਰਾਹੀਂ ਪ੍ਰਬੰਧ ਚਲਾਉਣ ਦਾ ਇਕਰਾਰ ਕੀਤਾ। ਪਰ ਛੇਤੀ ਹੀ ਮਹੰਤ ਸੁੰਦਰ ਦਾਸ ਆਪਣੇ ਇਕਰਾਰ ਤੋਂ ਮੁੱਕਰ ਗਿਆ। 'ਗੁਰੂ ਕੇ ਬਾਗ਼' ਦੀ ਜ਼ਮੀਨ ਨੂੰ ਆਪਣੀ ਮਲਕੀਅਤ ਘੋਸ਼ਿਤ ਕਰ ਦਿੱਤਾ। ਇਸ ਜ਼ਮੀਨ ਵਿੱਚੋਂ ਸਿੱਖਾਂ ਨੂੰ ਲੱਕੜਾਂ ਕੱਟਣ ਦੀ ਮਨਾਹੀ ਕਰ ਦਿੱਤੀ। 1922ਈ. ਵਿੱਚ ਲੱਕੜਾਂ ਕੱਟਣ ਵਾਲੇ ਪੰਜ ਸਿੱਖਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। 13 ਅਗਸਤ 1922 ਈ. ਨੂੰ ਤਰਨਤਾਰਨ ਤੋਂ ਆਏ ਸਿੱਖ ਜਥੇ ਉੱਤੇ ਪੁਲਿਸ ਨੇ ਬਹੁਤ ਬੇਰਹਿਮੀ ਨਾਲ ਲਾਠੀਚਾਰਜ ਕੀਤਾ। ਜਿਸ ਸਦਕਾ ਦੋ ਸਿੱਖ ਸ਼ਹੀਦ ਹੋ ਗਏ। ਇਸ ਤੋਂ ਬਾਅਦ ਸੌ ਸਿੰਘਾਂ ਦਾ ਜੱਥਾ ਰੋਜ਼ ਆਕਾਲ ਤਖ਼ਤ ਤੋਂ ਰਵਾਨਾ ਹੋਣ ਲੱਗਿਆ। 17 ਨਵੰਬਰ ਤੱਕ 5600 ਆਕਾਲੀ ਕੈਦ ਹੋ ਚੁੱਕੇ ਸਨ। ਇਸ ਮੋਰਚੇ ਦਾ ਅੰਤ ਸਰ ਗੰਗਾ ਰਾਮ ਰਾਹੀਂ ਅਤੇ ਸਰਕਾਰ ਦੇ ਸਹਿਯੋਗ ਰਾਹੀਂ ਮਹੰਤ ਸੁੰਦਰ ਦਾਸ ਪਾਸੋਂ ਜ਼ਮੀਨ ਪਟੇ ਉੱਤੇ ਲੈ ਕੇ ਸਿੱਖਾਂ ਦੇ ਹਵਾਲੇ ਕਰਨ ਨਾਲ ਹੋਇਆ।[85]

ਪੰਜਾਬ ਵਿੱਚ ਅਕਾਲੀ ਆਪਣੀ ਹੋਂਦ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਸਨ। ਉਸ ਸਮੇਂ ਪੰਜਾਬ ਵਿੱਚ ਮੁਸਲਿਮ ਬਹੁਗਿਣਤੀ ਦੀ ਸਰਕਾਰ ਸੀ। ਉਹ ਅਕਾਲੀਆਂ ਨੂੰ ਨੀਵਾਂ ਦਿਖਾਉਣ ਦਾ ਹਰ ਸੰਭਵ ਯਤਨ ਕਰ ਰਹੇ ਸਨ। ਅਕਾਲੀਆਂ ਦੀ ਤਾਕਤ ਦਾ ਧੁਰਾ ਗੁਰਦੁਆਰੇ ਸਨ ਅਤੇ ਸਰਕਾਰ ਇਸ ਧੁਰੇ ਨੂੰ ਖਤਮ ਕਰਨਾ ਚਾਹੁੰਦੀ ਸੀ। ਇਸ ਕਾਰਜ ਲਈ ਮਾਰਚ 1921 ਵਿੱਚ ਵਿਦਿਆ ਮੰਤਰੀ ਮੀਆਂ ਫ਼ਜ਼ਲ-ਇ-ਹੁਸੈਨ ਨੇ ਇੱਕ ਬਿੱਲ ਪੇਸ਼ ਕੀਤਾ ਜਿਸ ਅਨੁਸਾਰ ਬੋਰਡ ਆਫ਼ ਕਮਿਸ਼ਨਰਜ਼ ਸਥਾਪਤ ਕਰਨਾ ਸੀ, ਜਿਹੜਾ ਗੁਰਦੁਆਰਿਆਂ ਦੇ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਵੇਗਾ। ਸਿੱਖ ਵਿਧਾਇਕਾਂ ਨੇ ਇਸ ਬਿਲ ਦਾ ਵਿਰੋਧ ਕੀਤਾ ਕਿਉਂਕਿ ਬੋਰਡ ਵਿੱਚ ਗ਼ੈਰ ਸਿੱਖ ਵੀ ਸਨ ਅਤੇ ਇਸ ਬੋਰਡ ਨੇ ਸਿੱਖਾਂ ਦੇ ਧਰਮ ਅਸਥਾਨਾਂ ਦਾ ਪ੍ਰਬੰਧ ਵੀ ਕਰਨਾ ਸੀ। ਪਰ ਮੀਆਂ ਫ਼ਜ਼ਲ ਨੇ ਇਹ ਬਿਲ ਪਾਸ ਕਰਵਾ ਲਿਆ ਅਤੇ ਇਸਨੇ 'ਦੀ ਸਿੱਖ ਗੁਰਦੁਆਰਾ ਐਂਡ ਸ਼ਰਾਈਨਜ਼ ਐਕਟ ਆਫ਼ 1922' ਦਾ ਰੂਪ ਧਾਰਿਆ। ਪਰ ਸਿੱਖਾਂ ਨੇ ਇਸ ਕਾਨੂੰਨ ਦੀ ਪ੍ਰਵਾਹ ਨਹੀਂ ਕੀਤੀ।[86]

ਫਿਰ 6 ਅਗਸਤ 1925 ਈ. ਨੂੰ ਗੁਰਦੁਆਰਾ ਸੁਧਾਰ ਐਕਟ ਪਾਸ ਕਰ ਦਿੱਤਾ ਗਿਆ। ਜਿਸ ਨਾਲ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹੱਥਾਂ ਵਿੱਚ ਚਲਾ ਗਿਆ। ਸਿੰਘ ਸਭਾ ਲਹਿਰ ਦੇ ਕੁੱਝ ਕੁ ਅਲਪ-ਬੁੱਧੀ ਨੁੰਮਾਇਦਿਆਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਡੇਰਿਆਂ ਵਿੱਚ ਕਰਨ ਉੱਤੇ ਰੋਕ ਲਗਾ ਦਿੱਤੀ। ਜਿਸਤੋਂ ਸਿੱਖ ਧਰਮ ਉਦਾਸੀ ਮਤ ਨੂੰ ਸਨਾਤਨਤਾ ਵੱਲ ਨੂੰ ਧਕੇਲਤਾ ਪ੍ਰਤੀਤ ਹੋਣ ਲੱਗਿਆ।

1960 ਈ. ਤੋਂ ਬਾਅਦ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੁਆਰਾ ਉਦਾਸੀਆਂ ਦੇ ਕਈ ਡੇਰਿਆਂ ਉੱਤੇ ਕਬਜ਼ੇ ਕਰਨ ਦਾ ਯਤਨ ਵੀ ਕੀਤਾ। ਇਸਦਾ ਆਧਾਰ ਇਹ ਬਣਾਇਆ ਗਿਆ ਕਿ ਉਹ ਸਥਾਨ ਜਿੱਥੇ ਗੁਰੂ ਗ੍ਰੰਥ ਸਾਹਿਬ ਸ਼ਸ਼ੋਭਿਤ ਹੋਵੇ ਅਤੇ ਗੁਰ ਮਰਿਯਾਦਾ ਦਾ ਪਾਲਣ ਕੀਤਾ ਜਾਂਦਾ ਹੋਵੇ, ਉਹ ਗੁਰਦੁਆਰਾ ਹੈ। ਇਸਦਾ ਪ੍ਰਭਾਵ ਇਹ ਹੋਇਆ ਕਿ ਬਹੁਤ ਸਾਰੇ ਉਦਾਸੀ ਡੇਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਬੰਦ ਹੋ ਗਿਆ ਅਤੇ ਗੁਰ ਮਰਿਯਾਦਾ ਦੀ ਥਾਂ ਸਨਾਤਨੀ ਪਰੰਪਰਾਵਾਂ ਦਾ ਪਾਲਣ ਕੀਤਾ ਜਾਣ ਲੱਗਿਆ। 1980 ਈ. ਦੌਰਾਨ ਬਾਬਾ ਗੁਰਦਿੱਤਾ ਜੀ ਦਾ ਕੀਰਤਪੁਰ ਸਥਿਤ ਦੇਹੁਰਾ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਆ ਗਿਆ। ਇੱਕ ਅਸਚਰਜ ਘਟਨਾ ਇਹ ਵਾਪਰੀ ਕਿ ਬਾਬਾ ਗੁਰਦਿੱਤਾ ਜੀ ਦੀ ਸਮਾਧੀ ਉੱਪਰ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਬੇਸ਼ੱਕ ਆਕਾਲ ਤਖ਼ਤ ਸਾਹਿਬ ਵਲੋਂ ਹਦਾਇਤ ਜਾਰੀ ਕੀਤੀ ਹੋਈ ਹੈ ਕਿ ਦੇਹੁਰਿਆਂ ਅਤੇ ਸਮਾਧਾਂ ਉੱਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋ ਸਕਦਾ।[87]

ਇਸ ਤਰ੍ਹਾਂ ਉਦਾਸੀ ਡੇਰਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼–ਪਰੰਪਰਾ ਗੁਰਦੁਆਰਾ ਸੁਧਾਰ ਐਕਟ ਦੀ ਭੇਟ ਚੜ੍ਹ ਗਈ। ਪਰ ਇਸ ਦੇ ਬਾਵਜੂਦ ਵੀ ਅਨੇਕਾਂ ਉਦਾਸੀ ਡੇਰਿਆਂ ਵਿੱਚ ਅਜੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ ਪਰੰਪਰਾ ਚਾਲੂ ਹੈ ਅਤੇ ਹੋਰ ਸਿੱਖ ਮਰਯਾਦਾ ਵੀ ਨਿਭਾਈ ਜਾ ਰਹੀ ਹੈ। ਅਸਲ ਵਿੱਚ 'ਪੰਜਾਬ ਸਾਰਾ ਜੀਦਾਂ ਗੁਰਾਂ ਦੇ ਨਾਮ ਤੇ' ਵਰਗੇ ਸੰਕਲਪ ਨੂੰ ਘਰੋਂ-ਘਰੀਂ ਲੈ ਕੇ ਜਾਣ ਵਿੱਚ ਉਦਾਸੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਇਹਨਾਂ ਸਾਧੂਆਂ ਨੇ ਵਿਸ਼ੇਸ਼ ਕਰਕੇ ਆਪਣੇ ਅਖਾੜਿਆਂ ਦੀ ਸਥਾਪਨਾ ਉਹਨਾਂ ਥਾਵਾਂ ਤੇ ਕੀਤੀ ਜਿਹੜੇ ਧਰਮ ਪ੍ਰਚਾਰ ਅਤੇ ਧਰਮ ਸਿੱਖਿਆ ਦੇ ਗੜ੍ਹ ਸਨ ਜਿਹਨਾਂ ਨੂੰ ਭਾਰਤੀ ਲੋਕ ਮਾਨਸਿਕਤਾ ਨੇ ਅਪਣੀ ਪ੍ਰਵਾਨਗੀ ਦਿੱਤੀ ਹੋਈ ਸੀ ਜਿਵੇਂ ਕਿ ਪ੍ਰਯਾਗ, ਕਨਖ਼ਲ ਅਤੇ ਕਾਸ਼ੀ ਆਦਿ। ਇਹ ਰਮਤੇ ਸਾਧੂ ਜਿੱਥੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ, ਉਥੇ ਵੈਦਿਕ ਪਰੰਪਰਾ ਅਤੇ ਸਿੱਖ ਧਰਮ ਵਿਚਕਾਰ

ਪੁਲ ਦਾ ਕੰਮ ਕਰਦੇ ਰਹੇ ਅਤੇ ਇਹਨਾਂ ਵਿਚਲੇ ਸੰਭਾਵਤ ਟਕਰਾਉ ਨੂੰ ਘਟਾਉਂਦੇ ਗਏ। ਉਹਨਾਂ ਨੇ ਨਿਸ਼ਕਾਮ ਸੇਵਾ ਕਰਕੇ ਲੋਕਾਂ ਨੂੰ ਨਿਰੋਗ ਕੀਤਾ। ਦਵਾਖ਼ਾਨੇ ਖੋਲ੍ਹਕੇ ਲੋਕਾਂ ਨੂੰ ਮੁਫ਼ਤ ਦਵਾਈਆਂ ਦੇਣ ਦਾ ਕਾਰਜ ਅਜੋਕੇ ਦੌਰ ਦੇ ਉਦਾਸੀ ਮਹਾਤਮਾ ਨਿਰੰਤਰ ਕਰ ਰਹੇ ਹਨ। ਉਦਾਸੀਆਂ ਨੂੰ ਗੁਰਮਤਿ ਨਾਲੋਂ ਨਿਖੇੜ ਕੇ ਜਾਂ ਤੋੜ ਕੇ ਪੇਸ਼ ਕਰਨ ਦੇ ਧਾਰਮਿਕ, ਸਮਾਜਿਕ ਅਤੇ ਸਿਆਸੀ ਯਤਨਾਂ ਦੇ ਬਾਵਜੂਦ ਬਹੁਤ ਸਾਰੇ ਉਦਾਸੀ ਡੇਰਿਆਂ ਦਾ ਗੁਰੂ-ਘਰ ਨਾਲ ਪਹਿਲਾ ਵਰਗਾ ਪਿਆਰ ਅਤੇ ਨੇੜ ਬਰਕਰਾਰ ਹੈ।

ਡਾ. ਬਲਕਾਰ ਸਿੰਘ ਦਾ ਮੰਨਣਾ ਹੈ ਕਿ ਉਦਾਸੀ ਸੰਪਰਦਾ ਆਪਣੇ ਉਦਭਵ ਅਤੇ ਵਿਕਾਸ ਦੇ ਪ੍ਰਸੰਗ ਵਿੱਚ ਸਿੱਖ ਧਰਮ ਦੀ ਸਮਾਨਾਂਤਰਤਾ ਵਿੱਚ ਨਹੀਂ ਹੈ। ਉਦਾਸੀ ਸੰਪਰਦਾ ਨੂੰ ਸਿੱਖ ਧਰਮ ਦੀ ਨਿਰੰਤਰਤਾ ਵਿਚ ਹੀ ਵੇਖੇ ਜਾਣ ਦੀ ਲੋੜ ਹੈ। ਸਿੱਖ ਧਰਮ ਅਤੇ ਉਦਾਸੀ ਸੰਪਰਦਾ ਹਮੇਸ਼ਾ ਇੱਕ ਦੂਜੇ ਦੀਆਂ ਪੂਰਕ ਸਨ।[88]

### 1.6 ਉਦਾਸੀਆਂ ਦਾ ਪਹਿਰਾਵਾ :

ਜੇਕਰ ਉਦਾਸੀਆਂ ਦੇ ਪਹਿਰਾਵੇ ਜਾਂ ਲਿਬਾਸ ਦੀ ਗੱਲ ਕੀਤੀ ਜਾਵੇ ਤਾਂ ਇਹ ਰਮਤੇ ਸਾਧੂ ਮੰਜੀਠੀ ਚੋਲਾ, ਗਲ ਕਾਲੀ ਸੇਲ੍ਹੀ, ਹੱਥ ਤੂੰਬਾ ਅਤੇ ਸਿਰ ਉੱਚੀ ਟੋਪੀ ਪਹਿਨਦੇ ਹਨ। ਪਹਿਲਾਂ ਇਸ ਮੱਤ ਦੇ ਸਾਧੂ ਕੇਸ ਦਾੜ੍ਹੀ ਨਹੀਂ ਮਨਾਉਂਦੇ ਸਨ, ਪਰ ਬਹੁਤ ਜਟਾਧਾਰੀ, ਮੁੰਡਿਤ, ਭਸਮਧਾਰੀ ਨਾਂਗੇ ਅਤੇ ਗੇਰੂ ਰੰਗੇ ਵਸਤਰ ਪਹਿਨਦੇ ਦੇਖੇ ਜਾ ਸਕਦੇ ਹਨ। ਪ੍ਰੰਤੂ ਇਹ ਆਪਣਾ ਗੁਰੂ ਅਤੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।[89] ਉਦਾਸੀਆਂ ਦੇ ਪਹਿਰਾਵੇ ਅਤੇ ਰਹਿਤ ਮਰਿਆਦਾ ਬਾਬਤ 'ਪੰਥ ਪ੍ਰਕਾਸ਼' ਵਿੱਚ ਹੇਠ ਲਿਖੇ ਅਨੁਸਾਰ ਜਾਣਕਾਰੀ ਪ੍ਰਦਾਨ ਕਰਾਈ ਗਈ ਹੈ-

ਸੋਲਾਂ ਸਏ ਤਿਰਾਂਨਵੈ ਮਾਹੈਂ, ਥਈ ਗਾਥ ਇਹੁ ਭੇਖ ਚਲਾ ਹੈ।।33।।

ਗਲ ਮੈਂ ਰੰਗ ਮਜੀਠੀ ਚੋਲਾ, ਸਿਰ ਪਰ ਦਲਕੀ ਤਾਜ ਅਮੋਲਾ।।36।।

ਗਲ ਮੈਂ ਸੇਲੀ ਔ ਉਨ ਮਾਲਾ, ਝੋਲੀ ਤੂੰਬਾ ਆਸਣ ਕਾਲਾ।

ਦਾਢੀ ਕੇਸ ਸਾਫ ਸਭਿ ਰਖਤੇ, ਭਜਨਾਨੰਦ ਵਿਖੇ ਅੰਮ੍ਰਿਤ ਰਸ ਚਖਤੇ।।37।।[90]

ਇਸ ਪ੍ਰਕਾਰ ਉਦਾਸੀ ਮਹੰਤ ਉੱਨ ਦੀ ਮਾਲਾ, ਸੇਲੀ ਟੋਪੀ, ਝੋਲੀ, ਤੂੰਬਾ, ਮਜੀਠੀ ਕਿਰਮਚੀ ਚੋਲਾ ਆਦਿ ਪਹਿਨਦੇ ਹਨ। ਇਹ ਲੋਕ ਦਾੜ੍ਹੀ ਕੇਸ ਵੀ ਰੱਖਦੇ ਸਨ ਅਤੇ ਦਿਨ ਰਾਤ ਨਾਮ ਦਾ ਅੰਮ੍ਰਿਤ ਪੀਂਦੇ ਹਨ। ਇਸ ਸੰਪਰਦਾਇ ਦੀ ਚੇਲਾ ਬਣਾਉਣ ਦੀ ਵਿਧੀ ਵੀ ਸਿੱਖ ਧਰਮ ਦੀ ਪਾਹੁਲ ਦੇਣ ਦੀ ਵਿਧੀ ਦੇਣ ਤੋਂ ਵੱਖਰੀ ਹੈ, ਇਸ ਦੇ ਸ਼ਿਸ਼ ਚਰਨਾਮ੍ਰਿਤ ਦਾ ਸੇਵਨ ਕਰਕੇ ਕਿਸੇ ਮਹੰਤ ਦੇ ਚੇਲੇ ਬਣਦੇ ਹਨ,

ਚਰਨ ਧੋਇ ਵਿੱਚ ਮੀਠਾ ਪਾਏ, ਪੜ ਜਪੁ ਪੋੜੀ ਦੇਤ ਪਿਲਾਇ।
ਨਾਮ ਦਾਨ ਇਸਨਾਨ ਦਿਢੰਤੇ, ਜਪ ਤਪ ਮੈ ਲਗ ਸਿੱਧ ਭਵੰਤੇ।
ਬਿਨ ਗੁਰ ਹਰਿ ਨਹਿ ਔਰੇ ਭਜਤੇ, ਦੇਵੀ ਦੇਵ ਸਿਲਾ ਨਹਿ ਜਜਤੇ।
ਮਾਸ ਸ਼ਰਾਬ ਤਮਾਕੂ, ਭੰਗ ਐਸੀ ਵਸਤ ਨਾ ਛੋਤੇ ਮਤੰਗ।[91]

ਪ੍ਰਾਚੀਨ ਉਦਾਸੀਆਂ ਸਬੰਧੀ ਪਤਾ ਲੱਗਦਾ ਹੈ ਕਿ ਇਹ ਜਪ ਅਤੇ ਤਪ ਰਾਹੀਂ ਸਿੱਧ ਦੀ ਪਦਵੀ ਪ੍ਰਾਪਤ ਕਰਦੇ ਸਨ ਅਤੇ ਬਿਨਾਂ ਗੁਰੂ ਤੋਂ ਕਿਸੇ ਹੋਰ ਦਾ ਭਜਨ ਨਹੀਂ ਕਰਦੇ ਸਨ ਅਤੇ ਨਾ ਹੀ ਦੇਵੀ ਦੇਵਤਿਆਂ ਅਤੇ ਬੁੱਤਾਂ ਦੀ ਪੂਜਾ ਕਰਦੇ ਸਨ। ਇਨ੍ਹਾਂ ਦੀ ਰਹਿਣੀ-ਬਹਿਣੀ ਦੀ ਇਹ ਵਿਸ਼ੇਸ਼ਤਾ ਸੀ ਕਿ ਮਾਸ, ਸ਼ਰਾਬ, ਤਮਾਕੂ ਅਤੇ ਭੰਗ ਦਾ ਸੇਵਨ ਨਹੀਂ ਕਰਦੇ ਸਨ।[92] ਅਜਿਹਾ ਮੰਨਿਆ ਜਾਂਦਾ ਹੈ ਕਿ ਉਦਾਸੀ ਸਾਧੂ ਪਹਿਲਾਂ ਸਫ਼ੈਦ ਬਸਤਰ ਪਹਿਨਦੇ ਸਨ। ਉਦਾਸੀਆਂ ਨੇ ਕਦੋਂ ਤੋਂ ਭਗਵੇਂ ਕੱਪੜੇ ਪਹਿਨਣੇ ਸ਼ੁਰੂ ਕੀਤੇ? ਇਸ ਸਬੰਧੀ ਹੋਰ ਕੋਈ ਪ੍ਰਮਾਣ ਨਹੀਂ ਮਿਲਦਾ ਬਲਕਿ ਇਨ੍ਹਾਂ ਵਿੱਚ ਭਗਵੇਂ ਬਸਤਰ ਧਾਰਨ ਕਰਨ ਦੀ ਪਰੰਪਰਾ ਪਿੱਛੇ ਇਸ ਘਟਨਾ ਦਾ ਉਲੇਖ ਜ਼ਰੂਰ ਮਿਲਦਾ ਹੈ ਕਿ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨਾਨਕਮਤੇ ਵੱਲ ਨੂੰ ਬਾਬਾ ਅਲਮਸਤ ਜੀ ਦੀ ਸਹਾਇਤਾ ਕਰਨ ਲਈ ਜਾ ਰਹੇ ਸਨ। ਤਦ ਰਸਤੇ ਵਿੱਚ ਛੇਵੇਂ ਪਾਤਸ਼ਾਹ ਦਾ ਮੇਲ ਸਮਰੱਥ ਸੁਆਮੀ ਰਾਮਦਾਸ ਜੀ ਨਾਲ ਹੋਇਆ। ਸੁਆਮੀ ਰਾਮਦਾਸ ਦਾ ਪਹਿਲਾਂ ਨਾਂ ਨਰਾਇਨ ਸੀ। ਜੋ ਬਾਅਦ ਵਿੱਚ ਸਮਰੱਥ ਸੁਆਮੀ ਰਾਮਦਾਸ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਸੁਆਮੀ ਰਾਮਦਾਸ ਉਸ ਸਮੇਂ ਤੀਰਥਾਂ ਦੀ ਯਾਤਰਾ ਕਰ ਰਹੇ ਸਨ, ਜਦੋਂ ਉਨ੍ਹਾਂ ਦਾ ਮੇਲ ਛੇਵੇਂ ਪਾਤਸ਼ਾਹ ਨਾਲ ਹੋਇਆ ਸੀ। ਤਾਂ ਕੁਝ ਵਿਚਾਰ-ਚਰਚਾ ਕਰਨ ਮਗਰੋਂ ਉਨ੍ਹਾਂ ਨੇ ਯਾਦਗਰੀ ਚਿੰਨ੍ਹ ਵਜੋਂ ਗੁਰੂ ਜੀ ਨੂੰ ਆਪਣੀ ਮਾਲਾ ਅਤੇ ਭਗਵੇਂ ਬਸਤਰ ਭੇਂਟ ਕੀਤੇ। ਗੁਰੂ ਸਾਹਿਬ ਨੇ ਇਹੀ ਬਸਤਰ ਨਾਨਕਮਤੇ ਪਹੁੰਚ ਕੇ ਬਾਬਾ ਅਲਮਸਤ ਜੀ ਨੂੰ ਦੇ

ਦਿੱਤੇ। ਉਸ ਦਿਨ ਤੋਂ ਹੀ ਉਦਾਸੀ ਭਗਵੇਂ ਕੱਪੜੇ ਪਹਿਨਦੇ ਆ ਰਹੇ ਹਨ। ਇਸ ਪ੍ਰਕਾਰ ਇਹ ਭਗਵਾਂ ਵੇਸ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਪ੍ਰਚਲਿਤ ਹੈ। ਪਹਿਲਾ ਬਾਬਾ ਸ੍ਰੀ ਚੰਦ ਜੀ ਦੁਆਰਾ ਕੋਈ ਭੇਖ ਨਿਸ਼ਚਿਤ ਨਹੀਂ ਕੀਤਾ ਗਿਆ ਸੀ।

ਇੱਥੇ ਇਹ ਗੱਲ ਸਪੱਸ਼ਟ ਕਰ ਦੇਣੀ ਲਾਜ਼ਮੀ ਹੋਵੇਗੀ ਕਿ ਉਦਾਸੀ ਸਾਧੂਆਂ ਦੇ ਮਾਤਰਿਆ ਵਿੱਚ ਬਾਹਰੀ ਭੇਖ ਦੀ ਬਜਾਇ ਅੰਦਰੂਨੀ ਸ਼ੁਭ ਗੁਣਾਂ ਨੂੰ ਧਾਰਨ ਕਰਨ ਉੱਪਰ ਜ਼ੋਰ ਦਿੱਤਾ ਹੈ, ਕਿਉਂਕਿ ਧਰਮ ਦਾ ਘੇਰਾ ਕੇਵਲ ਬਾਹਰੀ ਭੇਖ ਤੱਕ ਸੀਮਤ ਨਹੀਂ ਬਲਕਿ ਉੱਚੀ-ਸੁੱਚੀ ਰਹਿਣੀ-ਬਹਿਣੀ ਹੀ ਇਸਦਾ ਕੇਂਦਰੀ ਧੁਰਾ ਹੈ। ਇਸ ਪ੍ਰਕਾਰ ਉਨ੍ਹਾਂ ਦੀ ਬਾਹਰੀ ਭੇਖ ਜਾਂ ਚਿੰਨ੍ਹਾਂ ਪ੍ਰਤੀ ਵਿਚਾਰਧਾਰਾ ਗੁਰਬਾਣੀ ਨਾਲ ਕਾਫ਼ੀ ਮੇਲ ਖਾਂਦੀ ਹੈ।

ਉਦਾਸੀ ਸਾਧੂਆਂ ਲਈ ਮਾਤਰਾ ਸਾਹਿਬ ਦਾ ਪਾਠ ਲਾਜ਼ਮੀ ਹੈ। ਪ੍ਰੰਤੂ ਮੂਲ ਮੰਤਰ ਦਾ ਪਾਠ ਵੀ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਬਾਬਾ ਸ੍ਰੀ ਚੰਦ ਜੀ ਰਚਿਤ 'ਮਾਤਰਾ ਬਾਣੀ' ਨੂੰ ਇਸ ਸੰਪਰਦਾਇ ਦੇ ਮੂਲ ਅਧਿਆਤਮਿਕ ਸ੍ਰੋਤ ਵਜੋਂ ਵੇਖਿਆ ਜਾਂਦਾ ਹੈ। 'ਮਹਾਨ ਕੋਸ਼' ਵਿੱਚ 'ਮਾਤਰਾ' ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ ਕਿ ਉਦਾਸੀਨ ਸਾਧੂਆਂ ਦੇ ਨਿਯਮ ਪ੍ਰਗਟ ਕਰਨ ਵਾਲੇ ਮੰਤਰ, ਜੋ ਸ੍ਰੀ ਗੁਰੂ ਨਾਨਕ ਸਾਹਿਬ, ਬਾਬਾ ਸ੍ਰੀ ਚੰਦ ਜੀ, ਬਾਬਾ ਗੁਰਦਿੱਤਾ ਜੀ ਬਾਬਾ ਅਲਮਸਤ ਜੀ ਅਤੇ ਫੂਲ ਸਾਹਿਬ ਅਦਿਕਾ ਦੇ ਨਾਮ ਤੋਂ ਰਚੇ ਗਏ ਹਨ।[93]

'ਮਾਤਰਾ' ਸ਼ਬਦ ਦੋ ਅੱਖਰਾਂ ਮਾ ਅਤੇ ਤ੍ਰਾ ਤੋਂ ਬਣਿਆ ਹੈ, ਮਾ ਦਾ ਅਰਥ ਹੈ, ਮਾਇਆ ਅਤੇ ਤ੍ਰ ਦਾ ਅਰਥ ਹੈ, ਤਾਣ ਜਾਂ ਰੱਖਿਆ। ਇਸ ਤਰ੍ਹਾਂ ਮਾਤਰਾ ਬਾਣੀ ਦਾ ਅਰਥ ਹੋਇਆ, ਮਾਨਵ ਨੂੰ ਮਾਇਆ ਦੇ ਸੰਤਾਪਾਂ ਤੋਂ ਸੁਰੱਖਿਅਤ ਰੱਖਣ ਵਾਲੀ ਪਾਵਨ ਬਾਣੀ। ਇਹ ਇੱਕ ਅਜਿਹੀ ਜੀਵਨ ਵਿਧੀ ਹੈ। ਜਿਸ ਵਿੱਚ ਇੱਕ ਯੋਗੀ ਸਾਧਕ ਦੀ ਮਰਿਯਾਦਾ ਕੀ ਹੈ? ਉਸਦੀ ਮਰਿਯਾਦਾ ਦੇ ਮਾਪਦੰਡ ਕੀ ਹਨ? ਇਨ੍ਹਾਂ ਸਾਰਿਆਂ ਪ੍ਰਸ਼ਨਾਂ ਦੇ ਉੱਤਰ 'ਮਾਤਰਾ' ਬਾਣੀ ਵਿੱਚੋਂ ਤਪੱਸਵੀ ਨੂੰ ਸਮਝਣੇ ਪੈਂਦੇ ਹਨ। ਇਸ ਕਰਕੇ ਉਦਾਸੀ ਸੰਪਰਦਾ ਵਿੱਚ 'ਮਾਤਰਾ' ਬਾਣੀ ਕੇਂਦਰੀ ਮਹੱਤਵ ਦੀ ਧਾਰਨੀ ਹੋ ਨਿਬੜਦੀ ਹੈ।

## 1.7 ਉਦਾਸੀ ਅਖਾੜੇ :

ਭਾਰਤੀ ਸੰਤ ਸਮਾਜ ਦੇ ਸੰਨਿਆਸੀ, ਬੈਰਾਗੀ, ਉਦਾਸੀਨ, ਕਬੀਰ ਪੰਥੀ, ਦਾਦੂ ਪੰਥੀ, ਨਿਰਮਲ ਆਦਿ ਸੰਪਰਦਾਵਾਂ ਦੇ ਮਹਾਤਮਾ ਜਿਸ ਸਥਾਨ ਉੱਪਰ ਇਕੱਠੇ ਰਹਿੰਦੇ ਹਨ, ਉਸ ਸਥਾਨ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਜਿਵੇਂ ਕਿ ਆਸ਼ਰਮ, ਦੇਵਾਲਿਆ, ਕੁਟੀਆ, ਮੱਠ, ਸੰਗਤ, ਤਪੋਵਲ, ਅਖਾੜਾ, ਡੇਰਾ ਆਦਿ। ਉਦਾਸੀਨ ਸੰਪਰਦਾਇ ਵਿੱਚ ਡੇਰਾ, ਆਸ਼ਰਮ, ਕੁਟੀਆ, ਸੰਗਤ, ਅਖਾੜਾ ਆਦਿ ਨਾਮ ਜ਼ਿਆਦਾ ਪ੍ਰਚਲਿਤ ਹਨ।[94] ਇਸ ਪ੍ਰਕਾਰ ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਨਿਯਮਾਂ ਵਿੱਚ ਆਏ ਹੋਏ ਧਰਮ ਪ੍ਰਚਾਰਕ ਜਥੇ 'ਅਖਾੜਾ' ਨਾਉਂ ਨਾਲ ਪ੍ਰਸਿੱਧ ਹਨ।[95] ਇਸ ਨੂੰ ਸਾਧੂਆਂ ਦਾ ਡੇਰਾ ਵੀ ਕਿਹਾ ਜਾਂਦਾ ਹੈ।

ਸੰਮਤ 1836 ਬਿਕਰਮੀ (1779 ਈ.) ਵਿੱਚ ਨਿਰਵਾਣ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਨੇ ਸਾਰੇ ਉਦਾਸੀ ਕੇਂਦਰਾਂ ਨੂੰ ਇੱਕ ਸੂਤਰ ਵਿੱਚ ਪਰੋਣ ਅਤੇ ਮਹੰਤਾਂ ਨੂੰ ਤੀਰਥ ਯਾਤਰਾ ਦੌਰਾਨ ਆਉਂਦੀਆ ਔਕੜਾਂ ਨੂੰ ਦੂਰ ਕਰਨ ਦੀ ਸੋਚੀ। ਉਨ੍ਹਾਂ ਨੇ ਉਸ ਸਮੇਂ ਦੇ ਸਾਰੇ ਮਹੰਤਾਂ ਦਾ ਇਕੱਠ ਕਰਕੇ ਕਾਫ਼ੀ ਸੋਚ ਵਿਚਾਰ ਕਰਨ ਤੋਂ ਬਾਅਦ 'ਉਦਾਸੀਨ ਪੰਚਾਇਤੀ ਅਖਾੜਾ' ਨਾਮ ਦੀ ਸੰਸਥਾ ਹੋਂਦ ਵਿੱਚ ਲਿਆਂਦੀ ਗਈ। ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼੍ਰੋਮਣੀ ਸਥਾਨ ਦਿੱਤਾ ਗਿਆ ਅਤੇ ਉਹਨਾਂ ਦੇ ਤਾਬੇਦਾਰਾਂ ਦੇ ਤੌਰ ਤੇ ਚਾਰ ਮਹੰਤ, ਮਹੰਤ ਗੰਗਾ ਰਾਮ, ਰਾਮ ਕੂਟਸਤ ਬ੍ਰਹਮ, ਅਰੂਢ ਬ੍ਰਹਮ ਅਤੇ ਅਟੱਲ ਬ੍ਰਹਮ ਨਿਯੁਕਤ ਕੀਤੇ ਗਏ ਸਨ। ਇਸ ਅਖਾੜੇ ਨੂੰ ਸਥਾਪਿਤ ਕਰਨ ਲਈ ਸੱਤ ਲੱਖ ਰੁਪਏ ਦੀ ਰਾਸ਼ੀ ਦੀਵਾਨ ਚੰਦੂ ਲਾਲ (1766-1845) (ਨਿਜ਼ਾਮ ਹੈਦਰਾਬਾਦ) ਦੇ ਚਾਚੇ ਨਾਨਕ ਚੰਦ ਦੁਅਰਾ ਭੇਟਾ ਕੀਤੀ ਗਈ ਸੀ। ਇਸ ਸੰਸਥਾ ਦੁਆਰਾ ਸਾਰੀਆਂ ਲੋੜੀਂਦੀਆਂ ਵਸਤਾਂ ਜਟਾਉਣ ਦੇ ਨਾਲ-ਨਾਲ ਕੁੱਝ ਅਹਿਮ ਕਾਰਜ ਵੀ ਕੀਤੇ ਗਏ। ਜਿਵੇਂ-ਡੇਰਿਆਂ ਦੀ ਸੰਪੱਤੀ ਦੀ ਸੁਰੱਖਿਆ, ਸਾਂਝੇ ਸਮਾਗਮਾਂ ਦਾ ਪ੍ਰਬੰਧ ਤੇ ਡੇਰਿਆਂ ਦੇ ਮਹੰਤ ਥਾਪਣ ਦਾ ਕਾਰਜ ਵੀ ਇਸੇ ਸੰਸਥਾ ਨੇ ਸੰਭਾਲਿਆ। ਸੁਚੱਜੇ ਪ੍ਰਬੰਧਾਂ ਲਈ ਕੁੱਝ ਨਿਯਮ ਵੀ ਸਥਾਪਿਤ ਕੀਤੇ ਗਏ ਤਾਂ ਕਿ ਅਖਾੜੇ ਦਾ ਪ੍ਰਬੰਧ ਨਿਰਵਿਘਨ ਚੱਲ ਸਕੇ। ਇਹ ਰਜਿਸਟਰਡ ਸੰਸਥਾ ਹੈ ਜੋ ਕਿ 1779 ਤੋਂ ਉਦਾਸੀਨ ਪੰਚਾਇਤੀ ਅਖਾੜੇ ਦੇ ਨਾਂ ਨਾਲ ਹੁਣ ਤੱਕ ਇਲਾਹਬਾਦ ਦੇ ਪ੍ਰਯਾਗ ਵਿਖੇ ਮੌਜੂਦ ਹੈ।

ਮਹੰਤ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਨੇ ਇਕੱਠਿਆਂ ਮਿਲ ਕੇ ਕਾਫ਼ੀ ਕਾਰਜ ਲੋਕ ਭਲਾਈ ਦੇ ਵੀ ਕੀਤੇ ਸਨ। ਉਨ੍ਹਾਂ ਨੇ 1838 ਈ. ਵਿੱਚ ਅੰਮ੍ਰਿਤਸਰ ਵਿਖੇ ਸੰਤੋਖਸਰ ਨਾਮੀ ਅਖਾੜੇ ਦੀ ਸਥਾਪਨਾ ਕੀਤੀ। ਇਹ ਅਖਾੜਾ ਅੰਮ੍ਰਿਤ ਸਰੋਵਰ ਦੇ ਕੰਢੇ ਉੱਤੇ ਸਥਿਤ ਹੈ। 1843 ਈ. ਇਨ੍ਹਾਂ ਨੇ ਸੰਗਲਵਾਲਾ ਵਿੱਚ 'ਬਿਸਾਲਾ' ਅਖਾੜੇ ਦੀ ਸਥਾਪਨਾ ਵੀ ਇਨ੍ਹਾਂ ਮਹੰਤਾਂ ਨੇ ਹੀ ਕੀਤੀ ਸੀ। ਇਨ੍ਹਾਂ ਦੋਵਾਂ ਸਾਧੂਆਂ ਨੇ ਇਸੇ ਸਾਲ ਇੱਕ ਹੋਰ ਮਹੱਤਵਪੂਰਨ ਕਾਰਜ ਇਹ ਵੀ ਕੀਤਾ ਕਿ ਰਾਵੀ ਦਰਿਆ ਵਿੱਚੋਂ ਹੰਸਲੀ ਨਦੀ ਕੱਢ ਕੇ ਸਰੋਵਰ ਵਿੱਚ ਜਲ ਪਾਇਆ। ਸਿੱਖ ਸਰਦਾਰਾਂ ਨੇ ਇਨ੍ਹਾਂ ਦੋਵਾਂ ਸੰਤਾਂ ਦੇ ਕਾਰਜਾਂ ਤੋਂ ਖੁਸ਼ ਹੋ ਕੇ ਕਾਫ਼ੀ ਮਾਲੀ ਸਹਾਇਤਾ ਵੀ ਕੀਤੀ। ਜਿਸ ਸਦਕਾ ਇਹ ਅਖਾੜੇ ਗਿਣਤੀ ਵਿੱਚ 12 ਦੇ ਕਰੀਬ ਪਹੁੰਚ ਗਏ ਸਨ।

60 ਸਾਲ ਪਿੱਛੋਂ ਸੰਮਤ 1896 ਵਿੱਚ ਪੰਚਾਇਤੀ ਅਖਾੜੇ ਦੇ ਮਹੰਤ ਪ੍ਰੀਤਮ ਦਾਸ ਅਤੇ ਸੰਗਤ ਸਾਹਿਬੀਏ ਦੀ ਬਖ਼ਸ਼ਿਸ ਦੇ ਸਾਧੂ ਸੰਤੋਖ ਦਾਸ ਵਿਚਕਾਰ ਆਪਸੀ ਮੱਤਭੇਦ ਹੋ ਗਿਆ। ਜਿਸ ਕਾਰਨ ਸੰਤ ਸੰਤੋਖ ਦਾਸ ਨੇ 'ਸ੍ਰੀ ਗੁਰੂ ਨਯਾ ਅਖਾੜਾ ਉਦਾਸੀਨ' ਸਥਾਪਿਤ ਕੀਤਾ। ਇਸ ਨੂੰ ਨਯਾ ਅਖਾੜਾ ਅਤੇ ਛੋਟੇ ਅਖਾੜੇ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦਾ ਮੁੱਖ ਕੇਂਦਰ ਕਨਖ਼ਲ ਸੀ। ਪੂਰਬੀ ਪੰਜਾਬ ਵਿੱਚ ਇਸ ਦੇ ਸਥਾਨ ਪਟਿਆਲਾ ਅਤੇ ਅੰਮ੍ਰਿਤਸਰ ਹਨ ਅਤੇ ਪੱਛਮੀ ਪੰਜਾਬ ਵਿੱਚ ਇਸ ਅਖਾੜੇ ਦਾ ਸਥਾਨ ਲਾਹੌਰ ਹੈ।

## 1.8 ਉਦਾਸੀ ਸੰਪਰਦਾਇ ਸਬੰਧੀ ਪ੍ਰਚਲਿਤ ਮਿਥਿਆ ਮਨੌਤਾਂ :

ਇੱਥੇ ਉਦਾਸੀ ਸੰਪ੍ਰਦਾਇ ਸਬੰਧੀ ਪ੍ਰਚਲਿਤ ਮਿਥਿਆ ਮਨੌਤਾਂ ਦਾ ਜ਼ਿਕਰ ਵੀ ਕਰਨਾ ਜ਼ਰੂਰੀ ਹੈ ਜੋ ਕਿ ਕਾਫ਼ੀ ਪ੍ਰਚਲਿਤ ਹਨ। ਅਸਲ ਵਿੱਚ ਇਨ੍ਹਾਂ ਧਾਰਨਾਵਾਂ ਦਾ ਮੁੱਖ ਮਨੋਰਥ ਉਦਾਸੀ ਸੰਪਰਦਾਇ ਨੂੰ ਸਿੱਖ ਧਰਮ ਤੋਂ ਵੱਖਰਾ ਸਾਬਤ ਕਰਨ ਦਾ ਅਸਫ਼ਲ ਯਤਨ ਹੈ। ਇਨ੍ਹਾਂ ਮਨੌਤਾਂ ਦੇ ਖੰਡਨ ਲਈ ਗਿਆਨੀ ਈਸ਼ਰ ਸਿੰਘ ਨਾਰਾ ਦੀ ਪੁਸਤਕ 'ਇਤਿਹਾਸ ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ' ਵਿਚਲੇ ਤੱਥਾਂ ਨੂੰ ਆਧਾਰ ਬਣਾਇਆ ਗਿਆ ਹੈ।

ਇਨ੍ਹਾਂ ਮਨੌਤਾਂ ਵਿੱਚੋਂ ਪਹਿਲੀ ਮਨੌਤ ਹੈ ਕਿ ਉਦਾਸੀ ਸਿੱਖ ਨਹੀਂ ਹਨ ਬਲਕਿ ਸਾਧੂ ਸੰਪ੍ਰਦਾਇ ਨਾਲ ਸਬੰਧ ਰੱਖਦੇ ਹਨ। ਇੱਥੇ ਇਹ ਵਿਚਾਰਨ ਦੀ ਲੋੜ ਹੈ ਕਿ ਜੇਕਰ ਉਦਾਸੀ ਸਿੱਖ ਧਰਮ ਦਾ ਅੰਗ ਨਾ ਹੁੰਦੇ

ਤਾਂ ਸਿੱਖ ਗੁਰੂ ਸਮੇਂ-ਸਮੇਂ 'ਤੇ ਜਾ ਕੇ ਬਾਬਾ ਸ੍ਰੀ ਚੰਦ ਪ੍ਰਤੀ ਅਥਾਹ ਸਤਿਕਾਰ ਅਤੇ ਸਨੇਹ ਪ੍ਰਗਟ ਨਾ ਕਰਦੇ ਅਤੇ ਨਾ ਹੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਆਪਣਾ ਪੁੱਤਰ ਬਾਬਾ ਸ੍ਰੀ ਚੰਦ ਨੂੰ ਭੇਂਟ ਕਰਦੇ। ਬਾਕੀ ਗੁਰੂ ਸਾਹਿਬਾਨ ਦੇ ਵੇਲੇ ਅਤੇ ਗੁਰੂ ਸਾਹਿਬਾਨ ਤੋਂ ਬਾਅਦ ਸਿੱਖ ਰਾਜਿਆਂ ਅਤੇ ਸਰਦਾਰਾਂ ਜਾਂ ਸਿੱਖ ਜਨਤਾ ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਬਹੁ-ਗਿਣਤੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕਾਰਜ ਵੀ ਇਨ੍ਹਾਂ ਉਦਾਸੀਆਂ ਦੇ ਹੱਥਾਂ ਵਿੱਚ ਨਾ ਦਿੱਤਾ ਜਾਂਦਾ। ਸੋ ਬਿਨਾਂ ਸ਼ੱਕ ਹੋਰ ਸੰਪਰਦਾਵਾਂ ਵਾਂਗੂੰ ਉਦਾਸੀ ਸੰਪ੍ਰਦਾਇ ਵੀ ਸਿੱਖ ਧਰਮ ਦਾ ਜ਼ਰੂਰੀ ਅੰਗ ਹੈ। ਇਸ ਦੇ ਨਾਲ-ਨਾਲ ਇਹ ਸਿੱਖ ਧਰਮ ਦੇ ਪਹਿਲੇ ਪ੍ਰਚਾਰਕ ਵੀ ਹਨ।

ਦੂਜੀ ਮਨੌਤ ਹੈ ਕਿ ਬਾਬਾ ਸ੍ਰੀ ਚੰਦ ਦੇ ਗੁਰੂ ਅਬਿਨਾਸ਼ੀ ਮੁਨੀ ਹਨ। ਕਿਉਂਕਿ ਉਨ੍ਹਾਂ ਦੀ ਮਾਤ੍ਰਾ ਵਿਚ ਦੋ ਵਾਰ ਇਸ ਦਾ ਜ਼ਿਕਰ ਕੀਤਾ ਮਿਲਦਾ ਹੈ। ਜਿਵੇਂ:-

(ੳ) ਗੁਰ ਅਬਿਨਾਸ਼ੀ ਖੇਲ ਰਚਾਇਆ॥
ਅਗਮ ਨਿਗਮ ਕਾ ਪੰਥ ਬਤਾਇਆ॥

(ਅ) ਗੁਰ ਅਬਿਨਾਸ਼ੀ ਸੂਖਮ ਵੇਦ॥
ਨਿਰਬਾਣ ਵਿਦਿਆ ਅਪਾਰ ਭੇਦ॥

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਇੱਥੇ ਅਬਿਨਾਸ਼ੀ ਸ਼ਬਦ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਬਲਕਿ 'ਗੁਰੂ ਪਰਮੇਸ਼ਵਰ' ਦੇ ਲਈ ਵਰਤਿਆ ਗਿਆ ਹੈ। ਕਿਉਂਕਿ ਗੁਰਬਾਣੀ ਵਿੱਚ ਅਨੇਕਾਂ ਥਾਂਵਾਂ ਉੱਪਰ 'ਅਬਿਨਾਸ਼ੀ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਜਿਵੇਂ – ਗੁਰੂ ਨਾਨਕ ਸਾਹਿਬ 'ਸਿੱਧ ਗੋਸ਼ਟਿ' ਵਿੱਚ ਲਿਖਦੇ ਹਨ:-

ਅਬਨਾਸ਼ੀ ਪ੍ਰਭ ਖੇਲੁ ਰਚਾਇਆ ਗੁਰਮੁਖ ਸੋਝੀ ਹੋਈ॥
ਨਾਨਕ ਸਭ ਜੁਗ ਆਪੇ ਵਰਤੈ ਦੂਜਾ ਅਵਰ ਨਾ ਕੋਈ॥

(ਰਾਮਕਲੀ ਮ:1, ਸਿੱਧ ਗੋਸ਼ਟਿ, ਪੰਨਾ 949)

ਇਸ ਵਿੱਚ ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ ਹੈ ਕਿ ਅਬਿਨਾਸ਼ੀ ਪ੍ਰਭੂ ਦੇ ਰਚਾਏ ਖੇਲ ਦੀ ਸੋਝੀ ਗੁਰਮੁਖਾਂ ਨੂੰ ਹੋਈ ਹੈ ਜਾਂ ਇਹ ਸੋਝੀ ਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਇਸ ਪ੍ਰਕਾਰ ਜੇਕਰ ਬਾਬਾ

ਸ਼੍ਰੀ ਚੰਦ ਨੇ ਆਪਣੀ 'ਮਾਤਰਾ' ਬਾਣੀ ਵਿੱਚ ਕਿਸੇ ਅਬਿਨਾਸ਼ੀ ਮੁਨੀ ਨੂੰ ਕੇਂਦਰ ਬਣਾਇਆ ਹੈ ਤਾਂ ਸਵਾਲ ਇਹ ਉੱਠਦਾ ਹੈ ਕਿ ਉਸ ਮੁਨੀ ਨੇ ਕੀ ਖੇਲ ਰਚਾਇਆ ਹੈ? ਅਤੇ ਅਗਮ ਨਿਗਮ ਦਾ ਪੰਥ ਕੀ ਦੱਸਿਆ ਹੈ? ਅਸਲ ਵਿੱਚ ਬਾਬਾ ਸ਼੍ਰੀ ਚੰਦ ਆਪਣੇ ਗੁਰੂ-ਪਿਤਾ ਗੁਰੂ ਨਾਨਕ ਸਾਹਿਬ ਨੂੰ ਹੀ 'ਗੁਰ ਅਬਿਨਾਸ਼ੀ' ਅਸਚਰਜ ਖੇਲ ਵਰਤਾਉਣ ਵਾਲਾ ਅਤੇ ਅਗਮ ਨਿਗਮ ਦਾ ਮਾਰਗ ਦੱਸਣ ਵਾਲਾ ਨਿਸ਼ਚਿਤ ਕਰਕੇ 'ਮਾਤਰਾ' ਬਾਣੀ ਰਚੀ ਹੈ।

ਇਸ ਤੋਂ ਬਗੈਰ 'ਗੁਰ ਅਬਿਨਾਸ਼ੀ' ਅਤੇ 'ਅਗਮ ਨਿਗਮ' ਗੁਰਮਤਿ ਵਿੱਚ ਕਾਫ਼ੀ ਪ੍ਰਚਲਿਤ ਸ਼ਬਦ ਹਨ। ਜਿਨ੍ਹਾਂ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਰੂਪਾਂ ਵਿੱਚ ਹੋਈ ਹੈ ਉਦਾਹਰਨ ਵਜੋਂ:-

ਅਗਮ ਨਿਗਮ ਸਤਿਗੁਰ ਦਿਖਾਇਆ॥

ਕਰ ਕਿਰਪਾ ਅਪਨੇ ਘਰ ਆਇਆ॥

ਅੰਜਨ ਮਾਹਿ ਨਿਰੰਜਨ ਜਾਤਾ ਜਿਨ ਕਉ ਨਦਰ ਤੁਮਾਰੀ ਜੀਉ॥

(ਮਾਰੂ ਮ:3, ਘਰ 5, ਅਸਟਪਦੀਆਂ, ਪੰਨਾ 1016)

ਇਸ ਸ਼ਬਦ ਵਿੱਚ 'ਅਗਮ ਨਿਗਮ' (ਨਿਰੰਕਾਰੀ ਗੂਹੜ ਗਿਆਨ) ਦੀ ਸੋਝੀ ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਜੀ ਪਾਸੋਂ ਹੋਈ ਦਰਸਾਈ ਗਈ ਹੈ। ਇਸ ਤੋਂ ਅੱਗੇ 'ਅਗਮ ਨਿਗਮ ਦੀ ਸੋਝੀ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਕਰਵਾਈ ਸੀ। ਗੁਰੂ ਅਮਰਦਾਸ ਜੀ ਦੇ ਬਾਬਤ ਗੁਰੂ ਰਾਮਦਾਸ ਜੀ ਫ਼ਰਮਾਉਂਦੇ ਹਨ:-

ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥

ਉਹ ਅਬਿਨਾਸੀ ਪੁਰਖ ਹੈ ਸਭ ਮਹਿ ਰਹਿਆ ਸਮਾਇ॥

(ਸੂਹੀ ਮਹਲਾ 4, ਪੰਨਾ 759)

ਬਾਬਾ ਸ਼੍ਰੀ ਚੰਦ ਜੀ ਤਰ੍ਹਾਂ ਆਪਣੇ ਪਿਤਾ ਗੁਰੂ ਰਾਮਦਾਸ ਜੀ ਬਾਬਤ ਗੁਰੂ ਅਰਜਨ ਸਾਹਿਬ ਫ਼ਰਮਾਉਂਦੇ ਹਨ:-

ਉਹ ਅਬਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨ ਕੋਈ ਜਾਹੀ॥

ਗੁਰ ਪੂਰੇ ਹਉਮੈ ਮਲ ਖੋਈ॥ ਕਹੁ ਨਾਨਕ ਮੇਰੀ ਪਰਮਗਤ ਹੋਈ॥

(ਰਾਗ ਸੂਹੀ ਮਹਲਾ 5, ਪੰਨਾ 736)

ਇਸ ਪ੍ਰਕਾਰ ਹੋਰ ਕਈ ਹਵਾਲੇ ਲਏ ਜਾ ਸਕਦੇ ਹਨ। ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ 'ਅਗਮ ਨਿਗਮ' ਜਾਂ 'ਅਬਨਾਸ਼ੀ' ਸ਼ਬਦ ਗੁਰਮਤਿ ਦੇ ਕਾਫ਼ੀ ਪ੍ਰਚਲਿਤ ਸ਼ਬਦ ਹਨ। ਜਿਨ੍ਹਾਂ ਦੀ ਵਰਤੋਂ ਗੁਰ-ਪਰਮੇਸ਼ਵਰ ਅਤੇ ਸਤਿਗੁਰ ਦੇ ਭਾਵ-ਅਰਥਾਂ ਵਿੱਚ ਹੋਈ ਹੈ। ਇਸ ਲਈ ਇਸ ਸ਼ਬਦ ਨੂੰ ਕਿਸੇ ਅਬਿਨਾਸ਼ੀ ਮੁਨੀ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ।

ਤੀਜੀ ਮਨੌਤ ਇਹ ਸਾਹਮਣੇ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਬਾਬਾ ਸ੍ਰੀ ਚੰਦ ਦੇ ਕੇਵਲ ਪਿਤਾ ਮੰਨਿਆ ਹੈ, ਗੁਰੂ ਨਹੀਂ ਮੰਨਿਆ ਕਿਉਂਕਿ ਸ਼ਾਸ਼ਤਰ ਮੁਤਾਬਿਕ ਕੋਈ ਪਿਤਾ ਆਪਣੇ ਪੁੱਤਰ ਦਾ ਗੁਰੂ ਨਹੀਂ ਬਣ ਸਕਦਾ। ਇਸ ਦਲੀਲ ਵਿੱਚ ਕੋਈ ਦਮ ਨਹੀਂ ਹੈ ਕਿਉਂਕਿ ਸਾਮਵੇਦ ਦੇ ਵਿੱਚ ਸਾਫ਼-ਸਾਫ਼ ਲਿਖਿਆ ਹੈ ਕਿ ਆਰਣਿ ਰਿਖੀ ਨੇ ਆਪਣੇ ਪੁੱਤਰ ਸ਼੍ਵੈਤ ਕੇਤੂ ਨੂੰ ਗੁਰੂ ਰੂਪ ਵਿੱਚ ਗਿਆਨ ਪ੍ਰਦਾਨ ਕਰਾਇਆ ਸੀ। ਵੈਸੇ ਵੀ ਸ਼ਾਸ਼ਤਰਾਂ ਨਾਲੋਂ ਵੇਦਾਂ ਨੂੰ ਵਧੇਰੇ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇੱਕ ਗਿਆਨਵਾਨ ਗੁਰੂ-ਪਿਤਾ ਆਪਣੇ ਹੱਥੀਂ ਪਾਲੇ ਪੁੱਤਰ ਦੀ ਬੁੱਧੀ ਅਤੇ ਸੂਝ-ਬੂਝ ਤੋਂ ਚੰਗੀ ਤਰ੍ਹਾਂ ਵਾਕਿਫ਼ ਹੁੰਦਾ ਹੈ। ਇਸ ਲਈ ਪਿਤਾ ਤੋਂ ਚੰਗਾ ਅਤੇ ਵੱਡਾ ਗੁਰੂ ਹੋਰ ਕੋਈ ਹੋ ਹੀ ਨਹੀਂ ਸਕਦਾ।

ਚੌਥੀ ਮਨੌਤ ਹੈ ਕਿ ਬਾਬਾ ਸ੍ਰੀ ਚੰਦ ਦਾ ਸ਼ਬਦ ਮੰਤ੍ਰ 'ਸੋਹੰ' ਹੈ ਜਦਕਿ ਸਿੱਖਾਂ ਦਾ ਮੂਲ ਮੰਤ੍ਰ ੴ ਸਤਿਨਾਮ ਵਾਲਾ ਹੈ ਅਤੇ ਗੁਰਮੰਤ੍ਰ 'ਵਾਹਿਗੁਰੂ' ਹੈ। ਬਾਬਾ ਸ੍ਰੀ ਚੰਦ ਜੀ ਦੁਆਰਾ ਆਪਣੀ ਮਾਤਰਾ ਬਾਣੀ ਵਿੱਚ ਵਰਤੇ 'ਸੋਹੰ ਜਾਪ ਸਚ ਮਾਲ ਪ੍ਰੋਤੀ' ਸ਼ਬਦ ਨਾਲ ਇਹ ਸਾਬਿਤ ਨਹੀਂ ਹੋ ਜਾਂਦਾ ਹੈ 'ਸੋਹੰ' ਸ਼ਬਦ ਉਨ੍ਹਾਂ ਦਾ ਮੂਲ ਮੰਤ੍ਰ ਜਾਂ ਗੁਰ ਮੰਤ੍ਰ ਹੈ। ਪੂਰਨ ਮਹਾਂਪੁਰਸ਼ ਅਦਵੈਤਵਾਦੀ ਸਿਧਾਂਤ ਉੱਪਰ ਨਿਸ਼ਠਾ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਪਰਮੇਸ਼ਰ ਦੇ ਸਾਰੇ ਨਾਮ ਹੀ ਚੰਗੇ ਲੱਗਦੇ ਹਨ। ਕਿਉਂਕਿ ਉਨ੍ਹਾਂ ਦੀ ਟੇਕ ਕੇਵਲ ਤੇ ਕੇਵਲ ਨਾਮਾਂ ਦੇ ਮਾਲਕ-ਪ੍ਰਭੂ ਉੱਪਰ ਹੀ ਟਿਕੀ ਹੁੰਦੀ ਹੈ ਜਾਂ ਉਨ੍ਹਾਂ ਦੁਆਰਾ ਗ੍ਰਹਿਣ ਕੀਤੇ ਗੁਰਮੰਤ੍ਰ ਉੱਪਰ ਟਿਕੀ ਹੁੰਦੀ ਹੈ। ਪ੍ਰੰਤੂ ਫਿਰ ਵੀ ਜਦੋਂ ਉਹ ਬਾਣੀ ਦਾ ਉਚਾਰਨ ਕਰਦੇ ਹਨ ਤਾਂ ਨਿਰੰਕਾਰ ਦੇ ਢੁੱਕਵੇਂ

ਨਾਂ ਨੂੰ ਉੱਥੇ ਵਰਤ ਲੈਂਦੇ ਹਨ। ਮਿਸਾਲ ਵਜੋਂ ਭਗਤ ਕਬੀਰ ਜੀ ਅਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਵੇਖਿਆ ਜਾ ਸਕਦਾ ਹੈ। ਭਗਤ ਕਬੀਰ ਨੂੰ ਗੁਰੂ ਪਾਸੋਂ 'ਰਾਮ ਨਾਮ' ਦੀ ਦਾਤ ਮਿਲੀ ਪਰ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਪਰਮਾਤਮਾ ਦੇ ਹੋਰ ਕਈ ਨਾਮਾਂ ਦੀ ਵਰਤੋਂ ਕੀਤੀ ਹੈ। ਇਸੇ ਪ੍ਰਕਾਰ ਉਨ੍ਹਾਂ ਨੇ 'ਸੋਹੰ' ਸ਼ਬਦ ਦੀ ਮਹਾਨਤਾ ਪ੍ਰਗਟ ਕਰਦਿਆਂ ਲਿਖਿਆ ਹੈ:-

ਸੋ ਬ੍ਰਹਿਮੰਡ ਪਿੰਡ ਸੋ ਜਾਨ॥

ਮਾਨ ਸਰੋਵਰ ਕਰਿ ਇਸਨਾਨ॥

ਸੋ ਹੰ ਸੋ ਜਾ ਕਉ ਹੈ ਜਾਪ॥

ਜਾ ਕਉ ਲਿਪਤ ਨ ਹੋਇ ਪੁਨ ਅਰਪਾਪ॥

(ਗੁਰੂ ਗ੍ਰੰਥ ਸਾਹਿਬ, ਪੰਨਾ 1162)

ਬੇਸ਼ੱਕ ਗੁਰੂ ਨਾਨਕ ਸਾਹਿਬ ਦੀ ਸ਼ਬਦ ਟੇਕ ਮੂਲ ਮੰਤ੍ਰ ਹੈ ਪ੍ਰੰਤੂ ਫਿਰ ਵੀ ਉਨ੍ਹਾਂ ਦੀ ਬਾਣੀ ਅੰਦਰ ਪਰਮਾਤਮਾ ਦੇ ਬੇਅੰਤ ਨਾਂ ਆਉਂਦੇ ਹਨ। ਗੁਰੂ ਨਾਨਕ ਸਾਹਿਬ ਨੇ ਵੀ ਸੋਹੰ ਸ਼ਬਦ ਨੂੰ ਸਤਿਕਾਰਿਆ ਅਤੇ ਫੁਰਮਾਇਆ ਹੈ:-

ਤਤ ਨਿਰੰਜਨ ਜੋਤ ਸਬਾਈ ਸੋ ਹੰ ਭੇਦ ਨ ਕੋਈ ਜੀਉ॥

ਅਪਰੰਪਰ ਪਾਰ ਬ੍ਰਹਮ ਪਰਮੇਸਰ,

ਨਾਨਕ ਗੁਰ ਮਿਲਿਆ ਸੋਈ ਜੀਉ॥

(ਸੋਰਠ ਮਹਲਾ 1, ਪੰਨਾ 599)

ਸਤਿਗੁਰ ਮਿਲੈ ਤਾ ਜਾਣੀਐ ਜਾ ਸਬਦ ਵਸੈ ਮਨ ਮਾਹਿ॥

ਆਪ ਗਇਆ ਭ੍ਰਮ ਭਉ ਗਇਆ ਜਨਮ ਮਰਨ ਦੁੱਖ ਜਾਹਿ॥

ਗੁਰਮਤਿ ਅਲਖ ਲਖਾਈਐ ਉਤਮ ਮਤਿ ਤਰਾਹਿ॥

ਨਾਨਕ ਸੋ ਹੰ ਹੰ ਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਇ॥

(ਮਾਰੂ ਕੀ ਵਾਰ ਸਲੋਕ ਮ:1, ਪੰਨਾ 1090)

ਸੋ ਹੰ ਆਪ ਪਛਾਣੀਐ ਸ਼ਬਦ ਭੇਦ ਪਤਿਆਇ॥

ਗੁਰਮੁਖ ਆਪ ਪਛਾਣੀਐ ਅਵਰ ਕਿ ਕਰੇ ਕਰਾਇ॥

(ਸਿਰੀ ਰਾਗ ਮਹਲਾ 1, ਪੰਨਾ 60)

ਸੋ 'ਸੋਹੰ' ਸ਼ਬਦ ਬਾਬਾ ਸ੍ਰੀ ਚੰਦ ਜੀ ਨੂੰ ਵਿਰਸੇ ਵਿੱਚ ਮਿਲਿਆ ਹੈ ਅਤੇ ਉਨ੍ਹਾਂ ਦੀ ਬਾਣੀ ਵਿੱਚ ਇਸ ਸ਼ਬਦ ਦਾ ਆ ਜਾਣਾ ਸੁਭਾਵਿਕ ਹੈ।

ਇਨ੍ਹਾਂ ਮਨੌਤਾਂ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੇ ਗੁਰੂ ਪ੍ਰਤੀ ਵੀ ਮਨੌਤ ਘੜੀ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦੇ ਗੁਰੂ ਪ੍ਰਤੀ ਉਦਾਸੀਆਂ ਦੀ ਮਨੌਤ ਹੈ ਕਿ ਗੁਰੂ ਨਾਨਕ ਸਾਹਿਬ ਨੇ ਸੱਚੇ ਸੌਦੇ ਦੌਰਾਨ ਚੂਹੜਕਾਣੇ ਦੇ ਜੰਗਲ ਵਿੱਚ ਜਿਨ੍ਹਾਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ ਸੀ। ਉਨ੍ਹਾਂ ਵਿੱਚ 'ਮਹੰਤ ਸੰਤ ਰੇਣ' ਨੂੰ ਗੁਰੂ ਨਾਨਕ ਸਾਹਿਬ ਨੇ ਆਪਣਾ ਗੁਰੂ ਧਾਰਨ ਕੀਤਾ ਸੀ। ਉਦਾਸੀਆਂ ਦੀ ਇਹ ਧਾਰਨਾ ਬਿਲਕੁਲ ਗਲਤ ਹੈ ਕਿਉਂਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਸਪੱਸ਼ਟ ਰੂਪ ਵਿੱਚ ਲਿਖਿਆ ਹੈ ਕਿ ਉਨ੍ਹਾਂ ਦਾ ਗੁਰੂ ਪਾਰਬ੍ਰਹਮ ਪਰਮੇਸ਼ਵਰ ਹੈ,

ਅਪਰੰਪਰ ਪਾਰ ਬ੍ਰਹਮੁ ਪਰਮੇਸ਼ਵਰ,

ਨਾਨਕ ਗੁਰ ਮਿਲਿਆ ਸੋਈ ਜੀਉ॥

(ਸੋਰਠ ਮਹਲਾ 1, ਪੰਨਾ 599)

ਇਸ ਤੋਂ ਇਲਾਵਾ 'ਸੂਹੀ' ਰਾਗ ਵਿੱਚ ਗੁਰੂ ਅਰਜਨ ਦੇਵ ਜੀ ਨੇ ਵੀ ਗੁਰੂ ਨਾਨਕ ਸਾਹਿਬ ਦੇ ਗੁਰੂ ਪ੍ਰਤੀ ਨਿਸ਼ਚਾ ਪ੍ਰਗਟਾਇਆ ਹੈ:-

ਨਾਨਕ ਗੁਰ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ॥

ਜਦੋਂ ਗੁਰੂ ਨਾਨਕ ਸਾਹਿਬ ਨੂੰ ਸੁਮੇਰ ਪਰਬਤ ਉੱਪਰ ਸਿੱਧਾਂ ਨੇ ਪੁੱਛਿਆ ਸੀ ਕਿ "ਕਉਣ ਗੁਰੂ ਕਿਸਕਾ ਤੂੰ ਚੇਲਾ" ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ ਸੀ- "ਸ਼ਬਦ ਗੁਰੂ ਸੁਰਤ ਧੁਨ ਚੇਲਾ" ਇੱਥੇ ਗੁਰੂ ਸਾਹਿਬ ਦਾ ਸ਼ਬਦ ਗੁਰੂ ਤੋਂ ਭਾਵ ਨਾਮੀ ਪਰਮੇਸ਼ਵਰ ਦੇ ਨਾਮ ਤੋਂ ਹੈ। ਸੋ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਪਾਰਬ੍ਰਹਮ ਨਿਰੰਕਾਰ ਹੈ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਉਦਾਸੀ ਸੰਪਰਦਾਇ ਸਬੰਧੀ ਪ੍ਰਚਲਿਤ ਉਪਰੋਕਤ ਧਾਰਨਾਵਾਂ ਬੇਬੁਨਿਆਦ ਹਨ। ਉਦਾਸੀ ਸੰਪਰਦਾ ਸਿੱਖ ਧਰਮ ਤੋਂ ਵੱਖ ਨਹੀਂ ਬਲਕਿ ਇਹ ਸਿੱਖ ਧਰਮ ਦੀ ਨਿਰੰਤਰਤਾ ਹੋਣ ਦੇ ਨਾਲ-ਨਾਲ ਇਸਦੀ ਇੱਕ ਪੂਰਕ ਵਿਚਾਰਧਾਰਾ ਹੈ। ਜਿਸ ਤਰ੍ਹਾਂ ਕਿਸੇ ਵੀ ਧਰਮ ਨੂੰ ਸਦੀਵ-ਕਾਲ ਤੱਕ ਪ੍ਰਫੁਲਿਤ ਰੱਖਣ ਲਈ ਉਸ ਧਰਮ ਦੇ ਪ੍ਰਚਾਰਕਾਂ ਦੀ ਜ਼ਿੰਮੇਵਾਰੀ ਵਿਸ਼ੇਸ਼ ਹੁੰਦੀ ਹੈ ਠੀਕ ਉਸੇ ਤਰ੍ਹਾਂ ਉਦਾਸੀ ਸੰਪਰਦਾਇ ਨੇ ਪਹਿਲੇ ਧਰਮ-ਪ੍ਰਚਾਰਕਾਂ ਦੇ ਰੂਪ ਵਿੱਚ ਇਹ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਹੈ। ਇਸ ਲਈ ਉਦਾਸੀਆਂ ਨੂੰ ਸਿੱਖ ਧਰਮ ਦਾ ਪ੍ਰਥਮ ਸੰਗਠਿਤ ਪ੍ਰਚਾਰਕ ਸਕੂਲ ਮੰਨਣ ਵਿੱਚ ਦੋ ਰਾਵਾਂ ਨਹੀਂ ਹੋਣੀਆਂ ਚਾਹੀਦੀਆਂ।

## ਹਵਾਲੇ ਅਤੇ ਟਿੱਪਣੀਆਂ

1. ਸਰਬਜਿੰਦਰ ਸਿੰਘ (ਡਾ.), ***ਵਿਸ਼ਵ ਧਰਮ ਬਾਨੀ ਗ੍ਰੰਥ ਸੰਪਰਦਾਇ ਅਤੇ ਚਿੰਤਕ ਭਾਗ ਤੀਜਾ***, ਪੰਨਾ-5
2. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨ ਕੋਸ਼***, ਪੰਨਾ 247
3. Julus goulds (ed.), William I. Kolb, ***Dictionary of the Social Science***, p.124.

   "A sect is a type of religious group formed in protest against, and usually separating from, another religious group; its formation represents support of beliefs, ritual practices, and moral standards, most commonly believed by sect members to be a return to earlier and purer forms of the particular religion; the membership is limited and earned by individual performance; the sect therefore stands apart from, and in contrast to, groups which are carriers of the dominant norms of the societal system; and the sect moves in time either to a position of limited isolation from the surrounding system, or to a state of adaptation to it".
4. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨ ਕੋਸ਼***, ਪੰਨਾ-9
5. ਭਾਈ ਕਾਨ੍ਹ ਸਿੰਘ ਨਾਭਾ, ***ਗੁਰਮਤ ਮਾਰਤੰਡ***, ਪੰਨਾ-6
6. ਮਹੰਤ ਅਨੰਤਾਨੰਦ ਉਦਾਸੀਨ, ***ਨਿਰਵਾਣ-ਪ੍ਰੀਤਮ-ਚਰਿਤ***, ਪੰਨਾ-6-7
7. ***ਪੁਰਾਤਨ ਜਨਮ ਸਾਖੀ***, ਸਾਖੀ 16ਵੀਂ
8. ***ਧਰਮ ਅਧਿਐਨ ਪੱਤ੍ਰਿਕਾ***, ਜਿਲਦ ਚੌਥੀ 2015, ਪੰਨਾ-101
9. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-60
10. ਅਚਾਰਯ ਡਾ. ਕਿਸ਼ੋਰ ਦਾਸ ਸਵਾਮੀ, ***ਨਿਰਵਾਣ-ਪ੍ਰੀਤਮ-ਚਰਿਤ***, ਪੰਨਾ-7

11. ਸੰਤ ਰੇਣ, ***ਸ੍ਰੀਮਤਿ ਨਾਨਕ ਵਿਜਯ ਗ੍ਰੰਥ***, ਪੰਨਾ-37

12. ਸੰਤ ਰੇਣ, ***ਸ੍ਰੀਮਤਿ ਨਾਨਕ ਵਿਜਯ ਗ੍ਰੰਥ***, ਪੰਨਾ-2

13. ਉਧਰਿਤ, ***ਜਨਮਸਾਖੀ ਗੁਰੂ ਨਾਨਕ ਨੰਦਨ ਧੰਨ ਬਾਬਾ ਸ੍ਰੀ ਚੰਦ ਸਾਹਿਬ ਜੀ***, ਤਰਲੋਚਨ ਸਿੰਘ ਯੂ.ਕੇ., ਪੰਨਾ-29

14. ਮਹਿੰਦਰ ਕੌਰ (ਡਾ.), ***ਬਾਬਾ ਸ੍ਰੀ ਚੰਦ ਤੇ ਉਦਾਸੀ ਮਤ***, ਪੰਨਾ-9(ਭੂਮਿਕਾ)

15. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-54-55

16. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ-9

17. ਡਾ. ਸੁਲੱਖਣ ਸਿੰਘ, ਇਤਿਹਾਸਕ ਪਰਿਪੇਖ ਵਿਚ ਉਦਾਸੀ, ***ਉਦਾਸੀ ਸੰਪਰਦਾਇ ਤੇ ਸਿੱਖ ਪੰਥ***, ਪੰਨਾ-149

18. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ 58

19. ***ਉਹੀ***, ਪੰਨਾ 54

20. ***ਉਹੀ***, ਪੰਨਾ-61-62

21. ਭਾਈ ਸੰਤੋਖ ਸਿੰਘ, ***ਗੁਰ ਪ੍ਰਤਾਪ ਸੂਰਜ ਗ੍ਰੰਥ***, ਰਾਸ ਪਹਿਲੀ, ਅੰਸੂ 6, ਅੰਕ 42-43

22. ਗਿਆਨੀ ਗਿਆਨ ਸਿੰਘ, ***ਪੰਥ ਪ੍ਰਕਾਸ਼***, ਪੰਨਾ 1270

23. ਜਸਵੰਤ ਸਿੰਘ ਨੇਕੀ (ਡਾ.), ***ਸਦਾ ਵਿਗਾਸ,*** ਪੰਨਾ 188

24. ਗਿਆਨੀ ਗਿਆਨ ਸਿੰਘ, ***ਪੰਥ ਪ੍ਰਕਾਸ਼***, ਪੰਨਾ 1270

25. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-56

26. ***ਗੁਰ ਬਿਲਾਸ ਪਾਤਸ਼ਾਹੀ ਛੇਵੀਂ***, ਪੰਨਾ 599-600

27. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-57

28. ਜੋਧ ਸਿੰਘ (ਡਾ.), ***ਸਿੱਖ ਧਰਮ ਵਿਸ਼ਵ ਕੋਸ਼ (ਪੰਜਾਬੀ ਰੂਪਾਂਤਰਣ) ਪਹਿਲੀ ਸੈਂਚੀ***, ਪੰਨਾ-4

29. ਗੁਲਜ਼ਾਰ ਸਿੰਘ ਕੰਗ, ***ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ***, ਪੰਨਾ-89

30. ਸਮਸ਼ੇਰ ਸਿੰਘ (ਡਾ.), ਬਿਹਾਰ ਵਿਖੇ ਉਦਾਸੀ ਸੰਤਾਂ ਵੱਲੋਂ ਗੁਰਮਿਤ ਪ੍ਰਚਾਰ, ***ਪੰਜਾਬ ਹਿਸਟਰੀ***

***ਕਾਨਫ਼ਰੰਸ (ਪ੍ਰੋਸੀਡਿੰਗਜ਼),*** ਪੰਨਾ-125

31. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨ ਕੋਸ਼***, ਪੰਨਾ-84-85

32. ***ਗੁਰ ਬਿਲਾਸ ਪਾਤਸ਼ਾਹੀ ਛੇਵੀਂ***, ਅਧਿਆਇ 9, ਪੰਨਾ 308

33. ***ਉਹੀ***, ਪੰਨਾ-311

34. ***ਉਹੀ***, ਪੰਨਾ-319-320

35. ਸ਼ਮਸੇਰ ਸਿੰਘ (ਡਾ.), ਬਿਹਾਰ ਵਿਖੇ ਉਦਾਸੀ ਸੰਤਾਂ ਵੱਲੋਂ ਗੁਰਮਿਤ ਪ੍ਰਚਾਰ, ***ਪੰਜਾਬ ਹਿਸਟਰੀ ਕਾਨਫ਼ਰੰਸ, (ਪ੍ਰੋਸੀਡਿੰਗਜ਼),*** ਪੰਨਾ 127

36. ***ਉਹੀ,*** ਪੰਨਾ 112-113

37. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ***, ਪੰਨਾ 108

38. ***ਉਹੀ,*** ਪੰਨਾ 118 ਤੋਂ 132

39. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ 859

40. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿੱਥਿਆ***, ਪੰਨਾ 136

41. ***ਉਹੀ***, ਪੰਨਾ 149

42. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼,*** ਪੰਨਾ 427

43. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ***, ਪੰਨਾ 183-84

44. ਬਖਸ਼ੀ ਸਿੰਘ ਆਦਿਲ, ***ਜੀਵਨੀ ਬਾਬਾ ਸ੍ਰੀ ਚੰਦ***, ਪੰਨਾ 132

45. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ 819

46. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ***, ਪੰਨਾ 182

47. ***ਉਹੀ***, ਪੰਨਾ 183-84

48. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ 58

49. ***ਉਹੀ***, ਪੰਨਾ 227

50. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼,*** ਪੰਨਾ 212

51. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ 229-30

52. ***ਉਹੀ***, ਪੰਨਾ-239

53. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ***, ਪੰਨਾ-245-251

54. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ 239

55. ***ਨਾਨਕ ਪ੍ਰਕਾਸ਼ ਪੱਤ੍ਰਿਕਾ***, ਦਸੰਬਰ 2005, ਪੰਨਾ-95

56. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ***, ਪੰਨਾ-188

57. ਸਰੂਪ ਦਾਸ ਭੱਲਾ, ***ਮਹਿਮਾ ਪ੍ਰਕਾਸ਼***, ਪੰਨਾ 559

58. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ,*** ਪੰਨਾ-195 ਤੋਂ 216

59. ***ਨਾਨਕ ਪ੍ਰਕਾਸ਼ ਪੱਤ੍ਰਿਕਾ***, ਦਸੰਬਰ 2005, ਪੰਨਾ 96

60. ***ਉਹੀ,*** ਪੰਨਾ 94

61. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿਰਾਇ ਸਾਹਿਬ : ਜੀਵਨ ਅਤੇ ਪ੍ਰਤਿਭਾ***, ਪੰਨਾ 250

62. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ 822

63. ***ਨਾਨਕ ਪ੍ਰਕਾਸ਼ ਪ੍ਰਤਿੱਕਾ(ਸੰਪਰਦਾਇ ਵਿਸ਼ੇਸ ਅੰਕ),*** ਪੰਨਾ 94

64. ਜਸਬੀਰ ਸਿੰਘ (ਡਾ.)(ਸੰਪਾ.), ***ਬਾਣੀ ਬਾਬਾ ਰਾਮ ਦਾਸ***, ਪੰਨਾ 8

65. ਪਿਆਰਾ ਸਿੰਘ ਪਦਮ, ***ਤੇਗ਼ ਬਹਾਦਰ ਸਿਮਰੀਐ***, ਪੰਨਾ 103

66. ਸਤਿਬੀਰ ਸਿੰਘ, ***ਇਤਿ ਜਿਨਿ ਕਰੀ***, ਪੰਨਾ 54

67. ***ਉਹੀ***, ਪੰਨਾ 51

68. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ 973

69. ***ਉਹੀ***, ਪੰਨਾ 838

70. ਬ੍ਰਹਮਾ ਨੰਦ ਜੀ ਉਦਾਸੀਨ, ***ਗੁਰੂ ਉਦਾਸੀਨ ਮਤ ਦਰਪਨ***, ਪੰਨਾ 31-32

71. ਭਾਈ ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ***, ਪੰਨਾ 444-478

72. ***ਉਹੀ***, ਪੰਨਾ 473

73. ਜਸਬੀਰ ਸਿੰਘ (ਡਾ.)(ਸੰਪਾ.), ***ਬਾਣੀ ਬਾਬਾ ਰਾਮ ਦਾਸ***, ਪੰਨਾ 8

74. ਗਿਆਨੀ ਗਿਆਨ ਸਿੰਘ, ***ਪੰਥ ਪ੍ਰਕਾਸ਼,*** ਪੰਨਾ 1055

75. ਭਾਈ ਸੰਤੋਖ ਸਿੰਘ, ***ਗੁਰ ਪ੍ਰਤਾਪ ਸੂਰਜ ਗ੍ਰੰਥ,*** ਰੁੱਤ ਤੀਜੀ, ਅੰਸੂ ਤੀਹਵਾਂ

76. **ਉਦਾਸੀ ਸਿੱਖਾਂ ਦੀ ਵਿਥਿਆ**, ਪੰਨਾ 483-485

77. ਜਸਵੀਰ ਸਿੰਘ ਸਾਬਰ (ਸੰਪਾ.), ***ਬਾਣੀ ਬਾਬਾ ਰਾਮ ਦਾਸ***, ਪੰਨਾ 7

78. ਗੁਰਮੁਖ ਸਿੰਘ (ਡਾ.)***, ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ***, ਪੰਨਾ 66

79. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼,*** ਪੰਨਾ 973

80. ਗਿਆਨੀ ਗਿਆਨ ਸਿੰਘ, ***ਪੰਥ ਪ੍ਰਕਾਸ਼***, ਪੰਨਾ 1055

81. ਜਸਵੀਰ ਸਿੰਘ ਸਾਬਰ (ਸੰਪਾ.), ***ਬਾਣੀ ਬਾਬਾ ਰਾਮਦਾਸ ਜੀ***, ਪੰਨਾ 8

82. ਭਾਈ ਕਿਰਪਾਲ ਸਿੰਘ, ਬਾਬਾ ਸ੍ਰੀ ਚੰਦ ਜੀ, ***ਉਦਾਸੀ ਸੰਪਰਦਾਇ ਤੇ ਸਿੱਖ ਪੰਥ***, ਪੰਨਾ 52

83. ***ਉਹੀ***, ਪੰਨਾ 52-53

84. ਪ੍ਰੋ. ਭੁਪਿੰਦਰ ਸਿੰਘ ਖਹਿਰਾ, ***ਉਦਾਸੀ ਸੰਪਰਦਾਇ ਅਤੇ ਸਿੱਖ ਪੰਥ***, ਪੰਨਾ-179-180

85. ***ਉਹੀ***, ਪੰਨਾ-180

86. ਉਧਰਿਤ, ਸਰਬਜਿੰਦਰ ਸਿੰਘ (ਡਾ.)(ਸੰਪਾ.), ***ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,*** ਪੰਨਾ 141-142)

87. ਪ੍ਰੋ. ਭੁਪਿੰਦਰ ਸਿੰਘ ਖਹਿਰਾ, ***ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ***, ਪੰਨਾ-180-181

88. ਬਲਕਾਰ ਸਿੰਘ (ਡਾ.), ***ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ***, ਪੰਨਾ-23-24

89. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ-10

90. ਗਿਆਨੀ ਗਿਆਨ ਸਿੰਘ, ***ਸ੍ਰੀ ਗੁਰ ਪੰਥ ਪ੍ਰਕਾਸ਼ ਉੱਤਰਾਰਧ***, ਪੰਨਾ 1482

91. ਗਿਆਨੀ ਗਿਆਨ ਸਿੰਘ, ***ਪੰਥ ਪ੍ਰਕਾਸ਼,*** ਪੰਨਾ 1272

92. ***ਨਾਨਕ ਪ੍ਰਕਾਸ਼ ਪੱਤ੍ਰਿਕਾ***, 2003, ਪੰਨਾ-152

93. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨਕੋਸ਼,*** ਪੰਨਾ-963

94. ਮਹੰਤ ਅੰਨਤਾਨੰਦ ਉਦਾਸੀਨ, ਗਿਆਨ ਇੰਦਰ ਸਿੰਘ (ਡਾ.) (ਅਨੁ.), ***ਨਿਰਵਾਣ-ਪ੍ਰੀਤਮ-ਚਰਿਤ***, ਪੰਨਾ-157

95. ਭਾਈ ਕਾਨ੍ਹ ਸਿੰਘ ਨਾਭਾ, ***ਗੁਰੁਸ਼ਬਦ ਰਤਨਾਕਰ ਮਹਾਨ ਕੋਸ਼***, ਪੰਨਾ-38

# ਅਧਿਆਇ ਦੂਜਾ

# ਉਦਾਸੀ ਸੰਪਰਦਾਇ ਨਾਲ ਸੰਬੰਧਿਤ ਪੂਰਵ ਖੋਜ ਕਾਰਜਾਂ ਦਾ ਸਰਵੇਖਣ

**2.0 ਵਿਸ਼ਾ ਪ੍ਰਵੇਸ਼ :** ਖੋਜ ਕਾਰਜ ਨੂੰ ਸਹੀ ਦਿਸ਼ਾ ਦੇਣ ਲਈ ਪਹਿਲਾਂ ਹੋ ਚੁੱਕੇ ਖੋਜ ਕਾਰਜਾਂ ਦਾ ਸਰਵੇਖਣ ਕਾਫ਼ੀ ਮਹੱਤਵਪੂਰਨ ਹੁੰਦਾ ਹੈ। ਖੋਜ ਵਿਸ਼ੇ ਨੂੰ ਚੁਣਨ ਤੋਂ ਪਹਿਲਾਂ ਹੀ ਖੋਜਾਰਥੀ ਲਈ ਇਹ ਲਾਜ਼ਮੀ ਹੁੰਦਾ ਹੈ ਕਿ ਉਹ ਪੂਰਵ ਖੋਜ-ਕਾਰਜਾਂ ਦਾ ਘੋਖਵਾਂ ਅਧਿਐਨ ਕਰਕੇ ਸਬੰਧਿਤ ਵਿਸ਼ੇ ਸਬੰਧੀ ਭਰਪੂਰ ਜਾਣਕਾਰੀ ਹਾਸਲ ਕਰੇ ਅਤੇ ਮੌਲਿਕ ਵਿਸ਼ੇ ਦੀ ਚੋਣ ਕਰੇ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਉਸ ਨੂੰ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਜਾ ਕੇ ਅਪ੍ਰਕਾਸ਼ਿਤ ਸ਼ੋਧ ਪ੍ਰਬੰਧਾਂ, ਖੋਜ ਨਿਬੰਧਾਂ, ਪੱਤ੍ਰਿਕਾਵਾਂ ਅਤੇ ਪੁਸਤਕਾਂ ਨੂੰ ਪੜਤਾਲਣਾ ਪੈਂਦਾ ਹੈ। ਤਾਂ ਹੀ ਉਹ ਆਪਣੇ ਵਿਸ਼ੇ ਨਾਲ ਸਬੰਧਿਤ ਆਧਾਰ ਸਮੱਗਰੀ ਦਾ ਠੋਸ ਇਕੱਤਰੀਕਰਣ ਕਰਨ ਦੇ ਯੋਗ ਬਣਦਾ ਹੈ।

ਉਦਾਸੀ ਸੰਪਰਦਾਇ ਸਿੱਖ ਧਰਮ ਦੀ ਸਭ ਤੋਂ ਪ੍ਰਾਚੀਨ ਅਜਿਹੀ ਸੰਪਰਦਾ ਹੈ, ਜਿਸ ਦਾ ਸਬੰਧ ਗੁਰੂ ਨਾਨਕ ਦੇਵ ਜੀ ਦੀ ਬਿੰਦੀ ਸੰਤਾਨ ਨਾਲ ਹੈ। ਇਸ ਸੰਪਰਦਾਇ ਦੀ ਸ਼ੁਰੂਆਤ ਗੁਰੂ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਤੋਂ ਹੁੰਦੀ ਹੈ। ਉਨ੍ਹਾਂ ਨੇ ਗੁਰੂ-ਪਿਤਾ ਤੋਂ ਥਾਪਨਾ ਲੈ ਕੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਦੂਰ-ਦੁਰਾਡੇ ਫ਼ੈਲਾਉਣ ਦਾ ਉਪਰਾਲਾ ਕੀਤਾ। ਬਾਬਾ ਸ੍ਰੀ ਚੰਦ ਤੋਂ ਬਾਅਦ ਉਨ੍ਹਾਂ ਦੇ ਉੱਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਉਦਾਸੀ ਸੰਪਰਦਾ ਨੂੰ ਅੱਗੇ ਤੋਰਦੇ ਹਨ। ਬਾਬਾ ਗੁਰਦਿੱਤਾ ਜੀ ਤੋਂ ਪਿੱਛੋਂ ਇਹ ਸੰਪਰਦਾ ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਰਾਹੀਂ ਨਿਰੰਤਰ ਵਿਕਾਸ ਕਰਦੀ ਹੈ। ਜੇਕਰ ਉਦਾਸੀ ਸੰਪਰਦਾਇ ਦੇ ਪ੍ਰਚਾਰ-ਪ੍ਰਸਾਰ ਨੂੰ ਵੇਖਿਆ ਜਾਵੇ ਤਾਂ ਇਹ ਸੰਪਰਦਾਇ ਲਗਭਗ ਪੂਰੇ ਭਾਰਤ ਅਤੇ ਭਾਰਤ ਤੋਂ ਬਾਹਰ ਰੂਸ, ਅਫ਼ਗਾਨਿਸਤਾਨ, ਕਾਬਲ, ਕੰਧਾਰ ਆਦਿ ਦੇਸ਼ਾਂ ਤੱਕ ਫ਼ੈਲੀ ਹੋਈ ਹੈ।

ਉਦਾਸੀ ਸੰਪ੍ਰਦਾਇ ਦਾ ਚਿੰਤਨ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਵਾਂਗ ਬਹੁ-ਪਾਸਾਰੀ ਅਤੇ ਬਹੁ-ਦਿਸ਼ਾਵੀ ਘੇਰੇ ਵਿੱਚ ਫ਼ੈਲਿਆ ਹੋਇਆ ਹੈ। ਇਸ ਸੰਪ੍ਰਦਾਇ ਨਾਲ ਸਬੰਧਿਤ ਸਮੱਗਰੀ ਮੌਲਿਕ ਗ੍ਰੰਥ, ਟੀਕਾਕਾਰੀ ਅਤੇ ਵਿਆਖਿਆਕਾਰੀ ਨਾਲ ਸੰਬੰਧਿਤ ਗ੍ਰੰਥ, ਜੀਵਨੀਮੂਲਕ ਅਤੇ ਇਤਿਹਾਸਮੂਲਕ ਗ੍ਰੰਥ ਆਦਿ ਦੇ ਰੂਪ ਵਿਚ ਮਿਲਦੀ ਹੈ। ਉਦਾਸੀ ਸੰਪ੍ਰਦਾਇ ਸੰਬੰਧੀ ਅਕਾਦਮਿਕ ਪੱਧਰ ਉੱਪਰ ਪੰਜਾਬ ਯੂਨੀਵਰਸਿਟੀ, ਪੰਜਾਬੀ

ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਆਲੋਚਨਾਤਮਕ ਪੁਸਤਕਾਂ ਦੇ ਰੂਪ ਵਿਚ ਜੋ ਖੋਜ ਕਾਰਜ ਹੋਇਆ ਹੈ। ਉਸ ਨੂੰ ਕ੍ਰਮਵਾਰ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਦੋ ਭਾਗਾਂ ਵਿਚ ਵੰਡ ਕੇ ਅਧਿਐਨ ਦਾ ਵਿਸ਼ਾ ਬਣਾਇਆ ਹੈ।

**(ੳ) ਉਪਾਧੀ ਸਾਪੇਖ ਖੋਜ ਕਾਰਜਾਂ ਦਾ ਸਰਵੇਖਣ :**

**2.1 ਐੱਮ.ਏ. ਪੱਧਰ ਉੱਤੇ ਹੋਇਆ ਖੋਜ ਕਾਰਜ :**

ਯੂਨੀਵਰਸਿਟੀ ਪੱਧਰ ਉੱਤੇ ਪਹਿਲਾਂ ਐੱਮ.ਏ. ਪੱਧਰ ਉੱਤੇ ਵੀ ਖੋਜ ਕਾਰਜ ਕਰਵਾਇਆ ਜਾਂਦਾ ਸੀ। ਉਨ੍ਹਾਂ ਵਿਚ ਕੁਝ ਅਜਿਹੇ ਖੋਜ-ਨਿਬੰਧ ਮਿਲਦੇ ਹਨ, ਜਿਨ੍ਹਾਂ ਵਿਚ ਸਿੱਖ ਸੰਪਰਦਾਵਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਉਨ੍ਹਾਂ ਖੋਜ ਕਾਰਜਾਂ ਦਾ ਵਿਵਰਣ ਹੇਠ ਅਨੁਸਾਰ ਹੈ;

**2.1.1 ਬਲਵੰਤ ਸਿੰਘ, ਸਿੱਖ ਧਾਰਮਿਕ ਸੰਪਰਦਾਵਾਂ ਤੇ ਉਨ੍ਹਾਂ ਦੀ ਸਿੱਖ ਧਰਮ ਨੂੰ ਦੇਣ, ਗੁਰਮਤਿ ਕਾਲਜ, ਪਟਿਆਲਾ, 1975-76**

ਹਥਲੇ ਖੋਜ ਕਾਰਜ ਨੂੰ ਅੱਠ ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਖੋਜ ਕਾਰਜ ਵਿਚ ਸੰਪ੍ਰਦਾ ਦੀ ਪ੍ਰਿਭਾਸ਼ਾ ਅਤੇ ਇਸ ਦੇ ਜਨਮ ਦੇ ਕਾਰਨ, ਸਿੱਖ ਧਰਮ ਦੇ ਬੁਨਿਆਦੀ ਸਿਧਾਂਤ, ਉਦਾਸੀ ਸੰਪਰਦਾ, ਸੇਵਾ ਪੰਥੀ ਸੰਪਰਦਾ, ਨਿਰਮਲ ਸੰਪਰਦਾ, ਨਿਰੰਕਾਰੀ ਸੰਪਰਦਾ, ਨਾਮਧਾਰੀ ਸੰਪਰਦਾ, ਸਿੱਖ ਸੰਪਰਦਾਵਾਂ ਦੀ ਸਿੱਖੀ ਨੂੰ ਦੇਣ ਸਿਰਲੇਖਾਂ ਵਿਚ ਵੰਡਿਆ ਗਿਆ ਹੈ। ਇਸ ਦੇ ਪਹਿਲੇ ਅਧਿਆਇ ਵਿਚ ਸੰਪਰਦਾ ਦੀ ਪਰਿਭਾਸ਼ਾ ਅਤੇ ਇਸ ਦੇ ਜਨਮ ਦੇ ਕਾਰਨਾਂ ਨੂੰ ਸੰਖੇਪਤਾ ਸਹਿਤ ਬਿਆਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਖੋਜ ਕਾਰਜ ਵਿਚ ਕਿਸੇ ਸੰਪਰਦਾ ਦੇ ਹੋਂਦ ਵਿੱਚ ਆਉਣ ਦੇ ਦੋ ਕਾਰਨ ਮੰਨੇ ਗਏ ਹਨ। ਪਹਿਲਾ ਕਾਰਨ ਇਹ ਮੰਨਿਆ ਗਿਆ ਹੈ ਕਿ ਕੋਈ ਵੀ ਲੋਕ ਸਮੂਹ ਜੋ ਧਰਮ ਨੂੰ ਮੁੱਢਲਾ ਅਤੇ ਸ਼ੁੱਧ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੋਇਆ ਸੰਪਰਦਾ ਨੂੰ ਹੋਂਦ ਵਿਚ ਲੈ ਆਉਂਦਾ ਹੈ। ਦੂਸਰਾ ਕਾਰਨ ਲੋਕ ਸਮੂਹ ਦੇ ਆਪਸੀ ਮੱਤਭੇਦ ਅਤੇ ਧਰਮ ਦੇ ਕੁੱਝ ਕੁ ਸਿਧਾਂਤਾਂ ਦੀ ਅਸਵੀਕਾਰਤਾ ਅਤੇ ਵਿਦਰੋਹ ਵੀ ਸੰਪਰਦਾ ਦੀ ਉਤਪੱਤੀ ਦਾ ਕਾਰਨ ਬਣਦੇ ਹਨ। ਬਾਕੀ ਸੰਪਰਦਾਵਾਂ ਦੇ ਮੈਂਬਰ ਸਿਧਾਂਤਕ ਅਤੇ ਵਿਵਹਾਰਕ ਤੌਰ ਤੇ ਇਕਸਾਰ ਜੀਵਨ ਬਸਰ ਕਰਦੇ ਹਨ। ਇਸ ਤੋਂ ਇਲਾਵਾ ਕਈ ਸਮੇਂ ਦੀਆਂ ਲੋੜਾਂ, ਕੇਂਦਰੀ ਸ਼ਕਤੀ ਦੀ ਅਣਹੋਂਦ ਅਤੇ ਚਲਾਕ ਲੋਕਾਂ ਦੀ ਖੁਦਗਰਜ਼ੀ ਵੀ ਸੰਪਰਦਾਵਾਂ ਦੀ ਹੋਂਦ ਦਾ ਕਾਰਨ ਬਣਦੀ ਹੈ। ਇਸ ਅਧਿਆਇ ਦੇ ਅੰਤ ਵਿੱਚ

ਇਹੀ ਸਿੱਟਾ ਕੱਢਿਆ ਗਿਆ ਹੈ ਕਿ ਸੰਪ੍ਰਦਾ ਇਕ ਬੋਹੜ ਦੀ ਸ਼ਾਖ਼ਾ ਦੀ ਤਰ੍ਹਾਂ ਹੁੰਦੀ ਹੈ ਜੋ ਪਹਿਲਾ ਪਹਿਲ ਆਪਣੇ ਮੂਲ ਸੋਮੇ ਤੋਂ ਖ਼ੁਰਾਕ ਅਤੇ ਆਸਰਾ ਲੈ ਕੇ ਅੱਗੇ ਵੱਧਦੀ ਰਹਿੰਦੀ ਹੈ। ਪ੍ਰੰਤੂ ਜਦੋਂ ਉਸਦੀਆਂ ਜੜ੍ਹਾਂ ਜ਼ਮੀਨ ਉੱਤੇ ਜੰਮ ਜਾਂਦੀਆਂ ਹਨ ਤਾਂ ਉਹ ਆਪਣੇ ਮੂਲ ਦਾ ਸਹਾਰਾ ਤਿਆਗ ਕੇ ਆਪਣੀ ਵੱਖਰੀ ਹੋਂਦ ਕਾਇਮ ਕਰ ਲੈਂਦੀ ਹੈ। ਦੂਸਰੇ ਅਧਿਆਇ ਵਿਚ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਦੇ ਅਧਿਐਨ ਰਾਹੀਂ ਵਿਚਾਰਧੀਨ ਸੰਪਰਦਾਵਾਂ ਦੇ ਸਿਧਾਂਤਾਂ ਨੂੰ ਪਰਖਣ ਲਈ ਇੱਕ ਕਸਵੱਟੀ ਤਿਆਰ ਕੀਤੀ ਗਈ ਹੈ। ਇਸ ਉਪਰੰਤ ਉਦਾਸੀ ਸੰਪਰਦਾ ਦੀ ਉਤਪੱਤੀ, ਬਾਬਾ ਸ੍ਰੀ ਚੰਦ ਜੀ ਦੇ ਜੀਵਨ, ਉਦਾਸੀ ਸੰਪਰਦਾ ਦੇ ਵਿਕਾਸ ਅਤੇ ਮੁੱਖ ਸਿਧਾਂਤਾਂ ਉੱਪਰ ਵਿਚਾਰ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਚਾਰ ਹੋਰ ਸੰਪਰਦਾਵਾਂ ਜਿਵੇਂ ਸੇਵਾ ਪੰਥੀ ਸੰਪਰਦਾ, ਨਿਰਮਲ ਸੰਪਰਦਾ, ਨਿਰੰਕਾਰੀ ਸੰਪਰਦਾ ਅਤੇ ਨਾਮਧਾਰੀ ਸੰਪਰਦਾਵਾਂ ਦੇ ਨਿਕਾਸ, ਵਿਕਾਸ ਅਤੇ ਸਿਧਾਂਤਾਂ ਨੂੰ ਵੀ ਪਰਖਿਆ ਗਿਆ ਹੈ। ਅੰਤਿਮ ਅਧਿਆਇ ਵਿਚ ਇਹਨਾਂ ਸੰਪ੍ਰਦਾਵਾਂ ਦੀ ਸਿੱਖ ਧਰਮ ਨੂੰ ਸਮੁੱਚੀ ਦੇਣ ਦਾ ਜਾਇਜ਼ਾ ਲਿਆ ਗਿਆ ਹੈ।

## 2.2 ਐਮ.ਫਿਲ. ਪੱਧਰ 'ਤੇ ਹੋਇਆ ਖੋਜ ਕਾਰਜ :

ਸੰਪਰਦਾਵਾਂ ਬਾਰੇ ਐਮ.ਫ਼ਿਲ. ਦੀ ਡਿਗਰੀ ਲਈ ਕਰਵਾਏ ਗਏ ਉਪਾਧੀ ਸਾਪੇਖ ਖੋਜ ਕਾਰਜਾਂ ਦਾ ਵਿਵਰਣ ਹੇਠ ਅਨੁਸਾਰ ਹੈ :

### 2.2.1 ਜੋਗਿੰਦਰ ਸਿੰਘ, ਸਿੱਖ ਪੰਥ ਵਿਚ ਮੁੱਢਲੀਆਂ ਸੰਪਰਦਾਵਾਂ ਦੀ ਉਤਪਤੀ ਤੇ ਸਰੂਪ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010

ਇਸ ਖੋਜ-ਨਿਬੰਧ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਖੋਜ ਕਾਰਜ ਦਾ ਪ੍ਰਮੁੱਖ ਉਦੇਸ਼ ਸਿੱਖ ਪੰਥ ਵਿਚਲੀਆਂ ਮੁੱਢਲੀਆਂ ਸੰਪਰਦਾਵਾਂ ਦੀ ਉਤਪਤੀ ਅਤੇ ਉਨ੍ਹਾਂ ਦੇ ਸਰੂਪ ਦਾ ਅਧਿਐਨ ਕਰਨਾ ਹੈ। ਇਸ ਦੇ ਪਹਿਲੇ ਅਧਿਆਇ 'ਸਿੱਖ ਧਰਮ ਦਾ ਉਦੈ ਤੇ ਵਿਕਾਸ : ਸੰਖੇਪ ਵਿਵਰਣ' ਸਿਰਲੇਖ ਹੇਠ ਸਿੱਖ ਧਰਮ ਦੀ ਉਤਪਤੀ ਅਤੇ ਦਸ ਗੁਰੂ ਸਾਹਿਬਾਨਾਂ ਦੁਆਰਾ ਕੀਤੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਸੰਖੇਪਤਾ ਸਹਿਤ ਵਰਣਿਤ ਕੀਤਾ ਗਿਆ ਹੈ। ਦੂਸਰੇ ਅਧਿਆਇ ਵਿਚ ਸੋਲ੍ਹਵੀਂ ਸਦੀ ਵਿਚ ਪੈਦਾ ਹੋਈਆਂ ਸਿੱਖ ਸੰਪਰਦਾਵਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਦੇ ਸਿਰਲੇਖ 'ਸੋਲ੍ਹਵੀਂ ਸਦੀ ਵਿਚ ਪੈਦਾ ਹੋਈਆਂ ਸਿੱਖ-ਸੰਪਰਦਾਵਾਂ ਦੀ ਉਤਪਤੀ ਤੇ ਸਰੂਪ' ਤਹਿਤ ਸਭ ਤੋਂ ਪਹਿਲਾਂ ਸੰਪ੍ਰਦਾਇ ਸ਼ਬਦ ਦੀ

ਪਰਿਭਾਸ਼ਾ ਅਤੇ ਇਸ ਦੇ ਸਰੂਪ ਦਾ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਇਸ ਸਮੇਂ ਦੌਰਾਨ ਪੈਦਾ ਹੋਣ ਵਾਲੀਆਂ ਮੁੱਢਲੀਆਂ ਸੰਪ੍ਰਦਾਵਾਂ ਜਿਵੇਂ ਕਿ ਉਦਾਸੀ, ਮੀਣੇ ਅਤੇ ਹਿੰਦਾਲੀਆਂ ਤਿੰਨੋ ਸੰਪਰਦਾਵਾਂ ਦੀ ਉਤਪਤੀ ਅਤੇ ਸਰੂਪ ਦਾ ਵਰਨਣ ਕੀਤਾ ਗਿਆ ਹੈ। ਇਸ ਖੋਜ-ਨਿਬੰਧ ਦੇ ਤੀਸਰੇ ਆਖਰੀ ਅਧਿਆਇ ਵਿਚ ਉਦਾਸੀ, ਮੀਣੇ ਅਤੇ ਹਿੰਦਾਲੀਆ ਸੰਪ੍ਰਦਾਵਾਂ ਦੁਆਰਾ ਸਿੱਖ ਪੰਥ ਦੇ ਵਿਕਾਸ ਵਿਚ ਨਿਭਾਈ ਭੂਮਿਕਾ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਅਧਿਆਇ ਨੂੰ 'ਸਿੱਖ ਪੰਥ ਦੇ ਵਿਕਾਸ ਵਿਚ ਉਦਾਸੀ, ਮੀਣੇ ਅਤੇ ਹਿੰਦਾਲੀਆਂ ਸੰਪ੍ਰਦਾਵਾਂ ਦੀ ਭੂਮਿਕਾ' ਸਿਰਲੇਖ ਦਿੱਤਾ ਗਿਆ ਹੈ। ਇਸ ਵਿਚ ਇਨ੍ਹਾਂ ਸੰਪਰਦਾਵਾਂ ਦੁਆਰਾ ਨਿਭਾਏ ਨਕਾਰਤਮਕ ਅਤੇ ਸਾਕਾਰਤਮਕ ਦੋਵਾਂ ਪੱਖਾਂ ਤੋਂ ਪਾਏ ਯੋਗਦਾਨ ਦਾ ਵਰਣਨ ਕੀਤਾ ਗਿਆ ਹੈ। ਇਹਨਾਂ ਸੰਪਰਦਾਵਾਂ ਦਾ ਯੋਗਦਾਨ ਧਾਰਮਿਕ, ਸਾਹਿਤਕ ਅਤੇ ਸਮਾਜਿਕ ਪੱਖੋਂ ਵੱਡਮੁੱਲਾ ਹੀ ਰਿਹਾ ਹੈ।

### 2.3 ਪੀਐੱਚ.ਡੀ. ਪੱਧਰ ਉੱਤੇ ਹੋਇਆ ਖੋਜ ਕਾਰਜ :

ਪੀਐੱਚ.ਡੀ. ਦੀ ਡਿਗਰੀ ਲਈ ਕੀਤੇ ਗਏ ਉਪਾਧੀ ਸਾਪੇਖ ਖੋਜ ਕਾਰਜਾਂ ਦਾ ਵਿਵਰਣ ਹੇਠ ਅਨੁਸਾਰ ਦਿੱਤਾ ਜਾ ਰਿਹਾ ਹੈ;

#### 2.3.1 ਸਤਵਿੰਦਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆਕਾਰੀ ਦਾ ਸਰਵੇਖਣ ਅਤੇ ਵਰਤਮਾਨ ਰੁਝਾਨ : ਇਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਇਸ ਖੋਜ ਪ੍ਰਬੰਧ ਦੇ ਚਾਰ ਭਾਗ ਹਨ। ਪਹਿਲੇ ਅਧਿਆਇ 'ਵਿਆਖਿਆ : ਅਰਥ ਅਤੇ ਸਰੂਪ' ਵਿਚ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਵਿਚੋਂ ਵਿਆਖਿਆ ਸ਼ਬਦ ਦੇ ਅਰਥ ਅਤੇ ਉਸਦੇ ਸਰੂਪ ਨੂੰ ਤਲਾਸ਼ਣ ਦੀ ਕੋਸ਼ਿਸ਼ ਕੀਤੀ ਗਈ ਹੈ। ਦੂਸਰੇ ਅਧਿਆਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਦਾ ਸਰਵੇਖਣ' ਸਿਰਲੇਖ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੁਣ ਤੱਕ ਹੋਈ ਸੰਪੂਰਨ ਵਿਆਖਿਆ ਸੰਬੰਧੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਟੀਕਿਆਂ ਦਾ ਸਰਵੇਖਣ ਕੀਤਾ ਗਿਆ ਹੈ। ਤੀਸਰੇ ਅਧਿਆਇ 'ਗੁਰਬਾਣੀ ਵਿਆਖਿਆ: ਤੁਲਨਾਤਮਿਕ ਅਧਿਐਨ' ਵਿਚ ਟੀਕਿਆਂ ਦਾ ਤੁਲਨਾਤਮਕ ਅਧਿਐਨ ਕਰਕੇ ਉਹਨਾਂ ਦੇ ਅੰਤਰ ਅਤੇ ਸਮਾਨਤਾਵਾਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਚੌਥੇ ਅਧਿਆਇ 'ਗੁਰਬਾਣੀ ਵਿਆਖਿਆ: ਵਰਤਮਾਨ

ਰੁਝਾਨ' ਗੁਰਬਾਣੀ ਦੇ ਇਕੱਲੇ ਇਕੱਲੇ ਟੀਕੇ ਨੂੰ ਵਿਧੀਵੱਤ ਤਰੀਕੇ ਨਾਲ ਨਿਰਖਿਆ ਪਰਖਿਆ ਗਿਆ ਹੈ।

### 2.3.2 ਡਾ. ਸੁਲੱਖਣ ਸਿੰਘ, 'ਸਿੱਖ ਰਾਜ ਸਮੇਂ ਦੇ ਉਦਾਸੀ' (1750-1850ਈ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਇਸ ਖੋਜ ਪ੍ਰਬੰਧ ਵਿਚ, "ਅਠਾਰ੍ਹਵੀਂ ਸਦੀ ਦੇ ਦੂਸਰੇ ਅੱਧ ਅਤੇ ਉਨੀਵੀਂ ਸਦੀ ਦੇ ਪਹਿਲੇ ਅੱਧ ਦੇ ਸਮੇਂ ਦੇ ਪੰਜਾਬ, ਜੋ ਬਾਅਦ 'ਚ ਅੰਗਰੇਜ਼ੀ ਸਾਮਰਾਜ ਅਧੀਨ ਭਾਰਤ ਦਾ ਹਿੱਸਾ ਰਿਹਾ, ਵਿਚ ਵਿਕਸਿਤ/ਪ੍ਰਫੁੱਲਤ ਹੋਈਆਂ ਉਦਾਸੀ ਪਰੰਪਰਾਵਾਂ ਦੇ ਇਤਿਹਾਸ ਦੇ ਵੱਖ-ਵੱਖ ਪਹਿਲੂਆਂ ਨੂੰ ਖੋਜਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਦਾਸੀਆਂ ਦੇ ਡੇਰਿਆਂ, ਅਖਾੜਿਆਂ ਅਤੇ ਉਨ੍ਹਾਂ ਅਧੀਨ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਸੰਗਠਨ, ਉਨ੍ਹਾਂ ਦੀਆਂ ਧਰਮ-ਅਰਥ ਜਾਗੀਰਾਂ, ਉਸ ਸਮੇਂ ਦੇ ਧਰਮ, ਸਮਾਜ, ਸੰਸਕ੍ਰਿਤੀ, ਸਾਹਿਤ ਅਤੇ ਪਰੰਪਰਾਗਤ ਵਿੱਦਿਆ ਦੇ ਉਪਲਬਧ ਸਮਕਾਲੀ, ਸਰਕਾਰੀ ਅਤੇ ਗੈਰ-ਸਰਕਾਰੀ ਸ੍ਰੋਤਾਂ ਦੇ ਆਧਾਰ 'ਤੇ ਵਿਚਾਰ ਚਰਚਾ ਕੀਤੀ ਗਈ ਹੈ।"[1]

### 2.3.3 ਜੋਗਿੰਦਰ ਸਿੰਘ 'ਸਿੱਖ ਸੰਪਰਦਾਵਾਂ : ਸਿਧਾਂਤਕ ਇਤਿਹਾਸਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016

ਇਸ ਖੋਜ ਪ੍ਰਬੰਧ ਨੂੰ ਪੰਜ ਭਾਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ। ਪਹਿਲੇ ਅਧਿਆਇ 'ਸਿੱਖ ਧਰਮ ਦਾ ਆਰੰਭ ਅਤੇ ਵਿਕਾਸ: ਸੰਖੇਪ ਵਿਵਰਣ' ਵਿਚ ਦਸ ਗੁਰੂ ਸਾਹਿਬਾਨਾਂ ਦੇ ਸੰਖੇਪ ਜੀਵਨ ਦਰਸ਼ਨ ਦਾ ਵਰਣਨ ਕੀਤਾ ਗਿਆ ਹੈ। ਦੂਸਰੇ ਅਧਿਆਇ 'ਸਿੱਖ ਸੰਪ੍ਰਦਾਵਾਂ : ਸਿਧਾਂਤਕ ਅਧਿਐਨ' ਸਿਰਲੇਖ ਤਹਿਤ ਪਹਿਲਾਂ ਸਿੱਖ ਸਿਧਾਂਤਾਂ ਨੂੰ ਵਿਸਥਾਰਪੂਰਵਕ ਦਰਸਾਇਆ ਗਿਆ ਹੈ। ਇਸ ਉਪਰੰਤ ਸੰਪ੍ਰਦਾਵਾਂ ਦੇ ਪ੍ਰਮੁੱਖ ਸਿਧਾਂਤਾਂ ਜਿਵੇਂ ਦਾਰਸ਼ਨਿਕ, ਨੈਤਿਕ, ਸਮਾਜਿਕ ਅਤੇ ਵਿਵਹਾਰਿਕ ਸੰਕਲਪਾਂ ਉੱਪਰ ਚਾਨਣਾ ਪਾਇਆ ਗਿਆ ਹੈ। ਤੀਸਰੇ ਅਧਿਆਇ 'ਸਿੱਖ ਸੰਪ੍ਰਦਾਵਾਂ : ਇਤਿਹਾਸਕ ਅਧਿਐਨ (ਉਦਾਸੀ, ਨਿਰਮਲੇ ਅਤੇ ਸੇਵਾਪੰਥੀ) ਵਿਚ ਉਦਾਸੀ, ਨਿਰਮਲੇ ਅਤੇ ਸੇਵਾਪੰਥੀ ਸੰਪ੍ਰਦਾਵਾਂ ਦੇ ਉਦਭਵ, ਵਿਕਾਸ ਅਤੇ ਇਤਿਹਾਸਕ ਪਰਿਪੇਖ' ਦਾ ਵਰਣਨ ਕੀਤਾ ਗਿਆ ਹੈ। ਚੌਥੇ ਅਧਿਆਇ 'ਸਿੱਖ ਸੰਪ੍ਰਦਾਵਾਂ : ਇਤਿਹਾਸਕ ਅਧਿਐਨ (ਹਿੰਦਾਲੀਏ, ਸਤਨਾਮੀਏ, ਗੁਲਾਬਦਾਸੀਏ, ਨਾਮਧਾਰੀ ਅਤੇ ਨਿਰੰਕਾਰੀ) ਵਿਚ ਇਹਨਾਂ ਸੰਪਰਦਾਵਾਂ ਦੇ ਇਤਿਹਾਸਕ ਪਰਿਪੇਖ ਉੱਪਰ ਚਾਨਣਾ ਪਾਉਣ ਦੇ ਨਾਲ-ਨਾਲ ਇਹਨਾਂ ਵਿੱਚੋਂ ਕੁੱਝ ਸੰਪ੍ਰਦਾਵਾਂ ਦੀ ਸਿੱਖ

ਧਰਮ ਪ੍ਰਤੀ ਵਿਰੋਧੀ ਰਵੱਈਏ ਅਤੇ ਕੁੱਝ ਸੰਪਰਦਾਵਾਂ ਦੇ ਸਿੱਖ ਧਰਮ ਦੀਆਂ ਉਪ-ਸੰਪਰਦਾਵਾਂ ਦੇ ਤੌਰ 'ਤੇ ਕੀਤੇ ਵਿਕਾਸ ਦਾ ਜ਼ਿਕਰ ਕੀਤਾ ਗਿਆ ਹੈ। ਅੰਤ ਵਿਚ ਪੰਜਵੇਂ ਅਧਿਆਇ 'ਸਿੱਖ ਸੰਪ੍ਰਦਾਵਾਂ : ਬਹੁਪੱਖੀ ਯੋਗਦਾਨ' ਸਿਰਲੇਖ ਅਧੀਨ ਲਗਪਗ ਦਸ ਤੋਂ ਉੱਪਰ ਸੰਪਰਦਾਵਾਂ ਦੇ ਸਮੱਗਰ ਯੋਗਦਾਨ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

### 2.3.4 ਸ਼ੋਭਾ ਸ਼ਰਮਾ, ਪੰਜਾਬ ਕੇ ਸਾਹਿਤਯ ਕੋ ਉਦਾਸੀ ਸੰਪਰਦਾ ਕੀ ਦੇਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1997

ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਇ ਖੰਡਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ। ਪਹਿਲੇ ਅਧਿਆਇ 'ਉਦਾਸੀ ਸੰਪਰਦਾਇ ਦੀ ਉਤਪਤੀ ਅਤੇ ਵਿਕਾਸ' ਉਪਰ ਚਾਨਣਾ ਪਾਇਆ ਗਿਆ ਹੈ। ਇਸ ਵਿੱਚ 'ਉਦਾਸੀ ਸ਼ਬਦ ਦੀ ਵਰਤੋਂ ਜਿਸ ਪ੍ਰਕਾਰ ਸਿੱਖ ਮਤ ਵਿਚ ਹੋਈ ਹੈ' ਉਸਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਦੇ ਜੀਵਨ, ਵਿਅਕਤਿਤਵ ਅਤੇ ਰਚਨਾਵਾਂ ਦਾ ਅਨੁਸ਼ੀਲਨ ਵੀ ਕੀਤਾ ਗਿਆ ਹੈ। ਉਦਾਸੀ ਸੰਪਰਦਾ ਦੇ ਇਤਿਹਾਸਕ ਵਿਕਾਸ ਵਿਚ ਬਾਬਾ ਸ੍ਰੀ ਚੰਦ ਤੋਂ ਪਿੱਛੋਂ ਪੈਦਾ ਹੋਈ ਸ਼ਿਸ਼ ਪਰੰਪਰਾ ਨੂੰ ਵੀ ਧਿਆਨਗੋਚਰੇ ਲਿਆਂਦਾ ਗਿਆ ਹੈ। ਇਸ ਖੋਜ-ਪ੍ਰਬੰਧ ਵਿੱਚ ਉਦਾਸੀ ਸੰਪਰਦਾ ਦੇ ਸਾਹਿਤ ਨੂੰ ਵਾਸਤਵ ਵਿਚ ਭਾਸ਼ਕ ਕ੍ਰਾਂਤੀਆਂ ਵਾਲਾ ਸਾਹਿਤ ਮੰਨਿਆ ਗਿਆ ਹੈ। ਜਿਸ ਤੋਂ ਹਿੰਦੀ, ਬ੍ਰਜ, ਅਵਧੀ, ਖੜੀ ਬੋਲੀ, ਅਪਭ੍ਰੰਸ਼, ਆਦਿ ਭਾਸ਼ਾਵਾਂ ਦੇ ਇਤਿਹਾਸ ਨੂੰ ਰੇਖਾਂਕਿਤ ਕੀਤਾ ਜਾ ਸਕਦਾ ਹੈ।

ਦੂਸਰੇ ਅਧਿਆਇ 'ਪੰਜਾਬ ਕੇ ਅਨਯ ਸੰਪਰਦਾਇ ਔਰ ਉਦਾਸੀ ਸੰਪ੍ਰਦਾਇ' ਸਿਰਲੇਖ ਹੇਠ ਸੇਵਾਪੰਥ, ਨਿਰਮਲ ਸੰਪਰਦਾਇ ਨਾਲ ਉਦਾਸੀ ਸੰਪਰਦਾਇ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਪਹਿਲਾ ਸੇਵਾਪੰਥ ਅਤੇ ਨਿਰਮਲ ਪੰਥ ਦੇ ਇਤਿਹਾਸਕ ਵਿਕਾਸ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਉਪਰੰਤ ਇਹਨਾਂ ਤਿੰਨਾਂ ਸੰਪਰਦਾਵਾਂ ਦੀ ਮੂਲ ਪਹਿਚਾਣ ਨੂੰ ਪੰਜਾਬ ਦੇ ਸੰਤ ਸਾਹਿਤ ਦੇ ਸੰਦਰਭ ਵਿਚ ਉਭਾਰਿਆ ਗਿਆ ਹੈ। ਉਦਾਸੀ ਸੰਪਰਦਾਇ ਦੀ ਹਿੰਦੀ ਸਾਹਿਤਯ ਨੂੰ ਦੇਣ ਦੇ ਸੰਦਰਭ ਵਿਚ ਇਹਨਾਂ ਸੰਪਰਦਾਵਾਂ ਦੇ ਯੋਗਦਾਨ ਨੂੰ ਰੇਖਾਂਕਿਤ ਕਰਨਾ ਜ਼ਰੂਰੀ ਸੀ ਕਿਉਂਕਿ ਪੂਰਵਵਰਤੀ ਪੰਜਾਬ ਦੇ ਸਾਹਿਤ ਨੂੰ ਸਮੂਹਿਕ ਰੂਪ ਵਿਚ ਇਹ ਧਾਰਾ ਪ੍ਰਭਾਵਿਤ ਕਰਦੀ ਰਹੀ ਹੈ।

ਤੀਸਰੇ ਅਧਿਆਇ 'ਪੰਜਾਬ ਕੇ ਉਦਾਸੀ ਸੰਪਰਦਾਯ ਕੇ ਪ੍ਰਮੁੱਖ ਕਵੀ ਔਰ ਉਨਕੀ ਰਚਨਾਏਂ' ਸਿਰਲੇਖ ਹੇਠ ਪੰਜਾਬ ਵਿਚ ਉਦਾਸੀ ਸੰਪਰਦਾ ਨਾਲ ਜੁੜੇ ਪ੍ਰਮੁੱਖ ਕਵੀ ਸੰਤਰੇਣ, ਗੋਪਾਲਦਾਸ, ਅਮੀਰਦਾਸ, ਗੰਗਾਦਾਸ, ਹਰੀਆ, ਗਿਰਧਰ ਕਵੀਰਾਇ, ਨਿਗਮਾਨੰਦ ਪਰਮਹੰਸ, ਬੀਬੀ ਲੱਛਮੀ, ਕਵੀ ਰਤਨਹਰਿ, ਆਦਿ ਦੇ ਕ੍ਰਿਤਤਵ ਉਪਰ ਵਿਚਾਰ ਚਰਚਾ ਕੀਤੀ ਗਈ ਹੈ। ਇਹਨਾਂ ਕਵੀਆਂ ਨੇ ਮੌਲਿਕ ਚਿੰਤਨ ਕਰਨ ਦੇ ਨਾਲ-ਨਾਲ ਬਾਬਾ ਸ੍ਰੀ ਚੰਦ ਜੀ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਦਾ ਜ਼ਿਕਰ ਵੀ ਆਪਣੀਆਂ ਕਵਿਤਾਵਾਂ ਵਿਚ ਕੀਤਾ ਹੈ। ਇਹਨਾਂ ਕਵੀਆਂ ਦਾ ਇਕਮਾਤਰ ਉਦੇਸ਼ ਸੰਪਰਦਾ ਦਾ ਪ੍ਰਚਾਰ-ਪ੍ਰਸਾਰ ਕਰਨਾ ਵੀ ਸੀ। ਪ੍ਰੰਤੂ ਇਹਨਾਂ ਦੁਆਰਾ ਰਚਿਤ ਸਾਹਿਤ ਕਾਫ਼ੀ ਉੱਚਕੋਟੀ ਦਾ ਹੈ। ਇਹਨਾਂ ਦੀਆਂ ਕਾਵਿ-ਕ੍ਰਿਤੀਆਂ ਵਿਚ ਅਨੇਕਾਂ ਕਾਵਿ-ਰੂਪਾਂ ਦਾ ਪ੍ਰਯੋਗ ਹੋਇਆ ਮਿਲਦਾ ਹੈ। ਇਸ ਖੋਜ-ਪ੍ਰਬੰਧ ਵਿਚ ਉਦਾਸੀ ਕਵੀਆਂ ਦੀਆਂ ਰਚਨਾਵਾਂ ਨੂੰ ਗਿਣਾਤਮਕ ਅਤੇ ਗੁਣਾਤਮਕ ਦੋਨਾਂ ਪੱਖਾਂ ਤੋਂ ਇਤਿਹਾਸਕ ਮਹੱਤਵ ਵਾਲੀਆਂ ਘੋਸ਼ਿਤ ਕੀਤਾ ਗਿਆ ਹੈ।

ਇਸ ਖੋਜ ਕਾਰਜ ਦੇ ਚੌਥੇ ਅਧਿਆਇ 'ਪੰਜਾਬ ਕੇ ਉਦਾਸੀ ਸੰਪ੍ਰਦਾਇ ਕੇ ਪ੍ਰਮੁੱਖ ਗੱਦਕਾਰ' ਉਦਾਸੀ ਸੰਪਰਦਾਇ ਦੇ ਪ੍ਰਮੁੱਖ ਗੱਦ ਲੇਖਕਾਂ ਨਾਲ ਸੰਬੰਧਿਤ ਹੈ। ਉਦਾਸੀ ਸੰਪਰਦਾਇ ਦੇ ਗੱਦ ਲੇਖਕ ਸੰਖਿਆ ਵਿਚ ਤਾਂ ਜ਼ਿਆਦਾ ਨਹੀਂ ਹਨ ਪ੍ਰੰਤੂ ਗੁਣਾਤਮਕ ਦ੍ਰਿਸ਼ਟੀ ਤੋਂ ਇਹਨਾਂ ਦੁਆਰਾ ਰਚਿਤ ਗੱਦ ਉੱਚ ਪਾਏ ਦਾ ਹੈ। ਗੱਦ ਭਾਸ਼ਾ ਨੂੰ ਦਰਸ਼ਨ ਦੀ ਭਾਸ਼ਾ ਬਣਾਉਣ ਵਿਚ ਇਹਨਾਂ ਲੇਖਕਾਂ ਦਾ ਬਹੁਤ ਵੱਡਾ ਯੋਗਦਾਨ ਹੈ। ਆਨੰਦਘਨ ਦੱਖਣੀ ਹਿੰਦੀ ਦੇ ਸਮਾਂਨਤਰ ਗੁਰਮੁਖੀ ਲਿਪੀ ਵਿਚ ਹਿੰਦੀ ਗੱਦ ਲਿਖ ਰਹੇ ਸਨ। ਉਦਾਸੀ ਸੰਪਰਦਾਇ ਦੇ ਗੱਦ ਲੇਖਕਾਂ ਦੀ ਵਿਸ਼ੇਸ਼ਤਾ ਦਾਰਸ਼ਨਿਕ ਅਤੇ ਵਿਆਖਿਆਤਮਕ ਗੱਦ ਲਿਖਣ ਵਿਚ ਹੈ। ਗੱਦ ਅਤੇ ਪਦ ਦੋਨਾਂ ਦਾ ਸੰਤੁਲਨ ਪੰਜਾਬ ਦੇ ਹਿੰਦੀ ਸਾਹਿਤ ਵਿਚ ਉਪਲਬੱਧ ਹੁੰਦਾ ਹੈ। ਬ੍ਰਜਭਾਸ਼ਾ ਵਿਚ ਉੱਚ ਕੋਟੀ ਦਾ ਗੱਦ ਕੇਵਲ ਉੱਤਰੀ ਭਾਰਤ ਵਿਚ ਹੀ ਲਿਖਿਆ ਗਿਆ। ਉਦਾਸੀ ਸੰਪਰਦਾਇ ਦੇ ਗੱਦ ਲੇਖਕਾਂ ਦਾ ਪ੍ਰਭਾਵ ਪੁਰਾਤਨ ਪੰਜਾਬੀ ਵਾਰਤਕ ਉੱਪਰ ਹੀ ਵੇਖਣ ਨੂੰ ਮਿਲਦਾ ਹੈ। ਪੁਰਾਤਨ ਪੰਜਾਬੀ ਵਾਰਤਕ ਵਿਚ ਉਦਾਸੀ ਸੰਪਰਦਾਇ ਦੇ ਗੱਦ ਲੇਖਕਾਂ ਨੇ ਜੋ ਯੋਗਦਾਨ ਪਾਇਆ ਉਸ ਸਦਕਾ ਹੀ ਪੰਜਾਬੀ ਗੱਦ ਭਾਸ਼ਾ ਸਾਹਿਤ ਦੀਆਂ ਹੋਰ ਵਿਧਾਵਾਂ ਦੇ ਯੋਗ ਬਣੀ।

ਪੰਜਵੇਂ ਅਧਿਆਇ 'ਉਦਾਸੀ ਸੰਪਰਦਾਇ ਕਾ ਪੰਜਾਬ ਕੇ ਮੱਧਯੁਗੀਨ ਹਿੰਦੀ ਸਾਹਿਤਯ ਕੋ ਯੋਗਦਾਨ' ਸਿਰਲੇਖ ਤਹਿਤ ਉਦਾਸੀ ਸੰਪ੍ਰਦਾਇ ਦੇ ਪੰਜਾਬ ਦੇ ਮੱਧਕਾਲੀ ਸਾਹਿਤ ਵਿਚ ਪਾਏ ਯੋਗਦਾਨ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਪੰਜਾਬ ਦੇ ਮੱਧਕਾਲੀ ਸਾਹਿਤ ਨੂੰ ਉਦਾਸੀ ਸੰਪਰਦਾਇ ਦੀ ਦੇਣ ਬਹੁ-ਦਿਸ਼ਾਵੀ ਹੈ। ਇਤਿਹਾਸਕ ਅਤੇ ਸਾਂਸਕ੍ਰਿਤਕ ਸਤਰ ਉਪਰ ਇਹ ਦੇਣ ਮੱਧਕਾਲੀ ਸਾਹਿਤ ਦੁਆਰਾ ਦਿੱਤੇ ਉਹਨਾਂ ਮੁੱਲਾਂ ਨੂੰ ਉਭਾਰਦੀ ਹੈ। ਜਿਸਦਾ ਪ੍ਰਚਾਰ ਅਤੇ ਪ੍ਰਸਾਰ ਉਦਾਸੀ ਸੰਪ੍ਰਦਾਇ ਦੁਆਰਾ ਹੋਇਆ ਹੈ। ਉਦਾਸੀ ਸੰਪ੍ਰਦਾਇ ਪਿਛਲੀਆਂ ਨਿਰੰਤਰ ਪੰਜ ਸ਼ਤਾਬਦੀਆਂ ਤੋਂ ਪੰਜਾਬ ਦੇ ਲੋਕਮਾਨਸ ਨੂੰ ਪ੍ਰਭਾਵਿਤ ਕਰਦੀ ਆ ਰਹੀ ਹੈ। ਇਸ ਅੰਤਿਮ ਅਧਿਆਇ ਵਿਚ ਉਦਾਸੀ ਸੰਪਰਦਾਇ ਦੇ ਦੇਣ ਸੰਬੰਧੀ ਲਿਖਿਆ ਗਿਆ ਹੈ ਕਿ ਇਹ ਦੇਣ ਪੰਜਾਬ ਦੇ ਹਿੰਦੀ ਸਾਹਿਤ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਵੇਗੀ।

### 2.3.5 ਰਾਮਪ੍ਰਕਾਸ਼ ਪੁਰੀ, ਗੁਰਬਾਣੀ ਕੀ ਹਿੰਦੀ ਟੀਕਾਕਾਰੀ ਪਰੰਪਰਾ ਔਰ ਵਿਕਾਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਇਸ ਖੋਜ ਕਾਰਜ ਦਾ ਵਿਭਾਜਨ ਪੰਜ ਭਾਗਾਂ ਵਿਚ ਕੀਤਾ ਗਿਆ ਹੈ। ਇਸ ਦੇ ਅੰਤਰਗਤ ਗੁਰਬਾਣੀ ਦੀ ਹਿੰਦੀ ਟੀਕਾਕਾਰੀ ਦੀ ਇਕ ਮਹੱਤਵਪੂਰਨ ਪਰੰਪਰਾ ਦਾ ਵਿਸ਼ਲੇਸ਼ਣ ਅਤੇ ਵਿਵੇਚਨ ਕੀਤਾ ਗਿਆ ਹੈ। ਪਹਿਲੇ ਅਧਿਆਇ ਦਾ ਸਿਰਲੇਖ 'ਟੀਕਾਕਾਰੀ : ਸਿਧਾਂਤ, ਸਰੂਪ ਏਵਮ ਵਿਸ਼ਲੇਸ਼ਣ' ਰੱਖਿਆ ਗਿਆ ਹੈ। ਜਿਸ ਦੇ ਵਿਚ ਟੀਕਾ : ਅਰਥ, ਪਰਿਭਾਸ਼ਾ ਅਤੇ ਉਸਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਟੀਕਾ ਅਤੇ ਭਾਸ਼ਯ, ਟੀਕਾ ਅਤੇ ਵ੍ਰਿਤੀ, ਟੀਕਾ ਅਤੇ ਟਿੱਪਣੀ, ਟੀਕਾ ਅਤੇ ਵਿਆਖਿਆ, ਟੀਕਾ ਅਤੇ ਪਰਮਾਰਥ, ਆਦਿ ਸਿਧਾਂਤਕ ਪੱਧਤੀਆਂ ਦੇ ਸਿਧਾਂਤਕ ਪੱਖ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਗਿਆ ਹੈ। ਇਸ ਉਪਰੰਤ ਟੀਕਾਕਾਰ ਦੇ ਸਰੂਪ ਅਤੇ ਵਿਸ਼ਲੇਸ਼ਣ, ਟੀਕਾਕਾਰ ਦੀ ਯੋਗਤਾ, ਟੀਕੇ ਤਾ ਮੂਲ ਉਦੇਸ਼ ਅਤੇ ਟੀਕੇ ਦੇ ਸਿਧਾਂਤਕ ਸੰਕਲਪਾਂ ਉੱਪਰ ਵੀ ਚਰਚਾ ਕੀਤੀ ਗਈ ਹੈ।

ਦੂਸਰੇ ਅਧਿਆਇ 'ਗੁਰਬਾਣੀ ਕੀ ਟੀਕਾਕਾਰੀ : ਪਰੰਪਰਾ ਔਰ ਮੂਲਾਂਕਣ' ਸਿਰਲੇਖ ਹੇਠ ਗੁਰਬਾਣੀ ਦੀ ਟੀਕਾਕਾਰੀ ਪਰੰਪਰਾ ਨੂੰ ਦਰਸਾਇਆ ਗਿਆ ਹੈ। ਇਸ ਅਧਿਆਇ ਨੂੰ ਚਾਰ ਉਪ-ਸਿਰਲੇਖਾਂ ਵਿਚ ਵੰਡ ਕੇ ਗੁਰਬਾਣੀ ਦੀ ਪੰਜਾਬੀ ਟੀਕਾਕਾਰੀ, ਗੁਰਬਾਣੀ ਦੀ ਹਿੰਦੀ ਫ਼ਾਰਸੀ ਟੀਕਾਕਾਰੀ, ਗੁਰਬਾਣੀ ਦੀ ਸੰਸਕ੍ਰਿਤ ਟੀਕਾਕਾਰੀ ਅਤੇ ਗੁਰਬਾਣੀ ਦੀ ਹਿੰਦੀ ਟੀਕਾਕਾਰੀ ਪਰੰਪਰਾ ਦਾ ਸਰਵੇਖਣ ਕੀਤਾ ਗਿਆ ਹੈ।

ਤੀਸਰੇ ਅਧਿਆਇ 'ਗੁਰਬਾਣੀ ਕੀ ਮੱਧਕਾਲ ਕੀ ਹਿੰਦੀ ਟੀਕਾਕਾਰੀ : ਪਰੰਪਰਾ ਔਰ ਮੂਲਾਂਕਣ' ਸਿਰਲੇਖ ਹੇਠ ਗੁਰਬਾਣੀ ਦੀ ਮੱਧਕਾਲ ਦੀ ਹਿੰਦੀ ਟੀਕਾਕਾਰੀ ਪਰੰਪਰਾ ਦਾ ਅਧਿਐਨ ਕੀਤਾ ਗਿਆ ਹੈ। ਇਸ ਵਿਚ ਟੀਕਾਕਾਰੀ ਪਰੰਪਰਾ ਨੂੰ ਵੱਖ-ਵੱਖ ਕਾਲਾਂ ਵਿਚ ਵਿਭਾਜਿਤ ਕੀਤਾ ਗਿਆ ਹੈ। ਜਿਵੇਂ : ਗੁਰਬਾਣੀ ਦੇ ਸਤਾਰਵੀਂ ਸਦੀ ਦੇ ਹਿੰਦੀ ਟੀਕੇ, ਗੁਰਬਾਣੀ ਦੇ ਅਠਾਰਵੀਂ ਸਦੀ ਦੇ ਹਿੰਦੀ ਟੀਕੇ, ਗੁਰਬਾਣੀ ਦੇ ਉਨ੍ਹੀਵੀਂ ਸਦੀ ਦੇ ਹਿੰਦੀ ਟੀਕੇ' ਇਹਨਾਂ ਸਾਰੇ ਕਾਲਾਂ ਦੀ ਗੁਰਬਾਣੀ ਦੀ ਹਿੰਦੀ ਟੀਕਾਕਾਰੀ ਦਾ ਮੁਲਾਂਕਣ ਪ੍ਰਸਤੁਤ ਕੀਤਾ ਗਿਆ ਹੈ।

ਚੌਥੇ ਅਧਿਆਇ 'ਗੁਰਬਾਣੀ ਕੀ ਆਧੁਨਿਕ ਕਾਲ ਕੀ ਹਿੰਦੀ ਟੀਕਾਕਾਰੀ : ਪਰੰਪਰਾ ਔਰ ਮੂਲਾਂਕਣ' ਸਿਰਲੇਖ ਤਹਿਤ ਗੁਰਬਾਣੀ ਦੀ ਆਧੁਨਿਕ ਕਾਲ ਦੀ ਹਿੰਦੀ ਟੀਕਾਕਾਰੀ ਦੀ ਪਰੰਪਰਾ ਨੂੰ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਨੂੰ ਅੱਗੋਂ ਤਿੰਨ ਉਪ-ਸਿਰਲੇਖਾਂ ਵਿਚ ਵੰਡਿਆ ਗਿਆ ਹੈ। ਉਨੀਵੀਂ ਸਦੀ ਦੇ ਗੁਰਬਾਣੀ ਦੇ ਹਿੰਦੀ ਟੀਕੇ, ਵੀਹਵੀਂ ਸਦੀ ਦੇ ਗੁਰਬਾਣੀ ਦੇ ਹਿੰਦੀ ਟੀਕੇ ਅਤੇ ਗੁਰਬਾਣੀ ਦੀ ਆਧੁਨਿਕ ਕਾਲ ਦੀ ਹਿੰਦੀ ਟੀਕਾਕਾਰੀ ਦਾ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ।

ਪੰਜਵੇਂ ਅਤੇ ਆਖਰੀ ਅਧਿਆਇ 'ਗੁਰਬਾਣੀ ਕੀ ਹਿੰਦੀ ਟੀਕਾਕਾਰੀ : ਉਪਲੱਬਧੀਆਂ ਏਵਮ ਸੀਮਾ' ਵਿਚ ਟੀਕਾਕਾਰੀ ਦੀਆਂ ਉਪਲੱਬਧੀਆਂ ਦੀ ਚਰਚਾ ਕੀਤੀ ਗਈ ਹੈ। ਇਸ ਅਧਿਆਇ ਦੇ ਉਪਸੰਹਾਰ ਵਿਚ ਸਮੁੱਚੀ ਟੀਕਾਕਾਰੀ ਪਰੰਪਰਾ ਦਾ ਆਲੋਚਨਾਤਮਕ ਵਿਸ਼ਲੇਸ਼ਣ, ਵਿਭਿੰਨ ਸੰਪਰਦਾਵਾਂ ਦੇ ਯੋਗਦਾਨ ਦਾ ਮੁਲਾਂਕਣ ਪ੍ਰਸਤੁਤ ਕੀਤਾ ਗਿਆ ਹੈ।

ਇਹਨਾਂ ਉਪਰੋਕਤ ਯੂਨੀਵਰਸਿਟੀਆਂ ਦੇ ਉਪਾਧੀ ਸਾਪੇਖ ਖੋਜ-ਕਾਰਜਾਂ ਤੋਂ ਇਲਾਵਾ ਮੇਰਠ ਵਿਸ਼ਵਵਿਦਿਆਲੇ ਅਤੇ ਆਗਰਾ ਯੂਨੀਵਰਸਿਟੀ ਵਿੱਚ ਕ੍ਰਮਵਾਰ 'ਉਦਾਸੀਨ ਸੰਪ੍ਰਦਾਇ ਔਰ ਸੰਤ ਰੇਣ' (ਡਾ. ਸਚਿਦਾਨੰਦ ਸ਼ਰਮਾ), 'ਉਦਾਸੀਨ ਸੰਤ ਕਵੀ ਗੰਗਾਦਾਸ: ਵਿਅਕਤਿਤਵ ਔਰ ਕ੍ਰਿਤਤਵ' (ਡਾ. ਜਗਨਨਾਥ ਸ਼ਰਮਾ), 'ਉਦਾਸੀਨ ਸੰਪ੍ਰਦਾਇ ਕੇ ਕ੍ਰਿਸ਼ਨ ਕਵੀ ਗੋਪਾਲਦਾਸ ਔਰ ਉਨਕਾ ਗੋਪਾਲ ਵਿਲਾਸ' (ਡਾ. ਮੰਜੂ ਅਗਰਵਾਲ), 'ਉਦਾਸੀਨ ਸੰਤ ਗੰਗਾਦਾਸ ਕੇ ਕਥਾਕਾਵਯ', (ਡਾ. ਬ੍ਰਿਜਪਾਲ ਸਿੰਘ), 'ਉਦਾਸੀਨ ਸੰਤ ਗੰਗਾਦਾਸ ਕੇ ਕਾਵਯ ਮੇਂ ਰਹੱਸਵਾਦ' (ਡਾ. ਪ੍ਰੀਤਮ ਸਿੰਘ), 'ਉਦਾਸੀਨ ਸੰਤ ਗੰਗਾਦਾਸ ਕੇ ਕਾਵਯ ਕਾ ਸਾਂਸਕ੍ਰਿਤਕ ਅਧਿਐਨ' (ਡਾ. ਨਿਤਯ ਕਿਸ਼ੋਰ ਸ਼ਰਮਾ), 'ਉਦਾਸੀਨ ਸੰਪ੍ਰਦਾਇ ਕੇ ਕਵੀ ਨਿਗਮਾਨੰਦ

'ਪਰਮਾਹੰਸ' (ਡਾ. ਗਿਰੀਸ਼ਚੰਦਰ ਸ਼ਰਮਾ), 'ਉਦਾਸੀਨ ਗੰਗਾਦਾਸ ਔਰ ਕਬੀਰ ਕਾ ਕਾਵਯਪਰਕ ਤੁਲਨਾਤਮਕ ਅਧਿਐਨ' (ਡਾ. ਐਸ.ਐਨ. ਸ੍ਰੀ ਵਾਸਤਵ), 'ਉਦਾਸੀਨ ਸੰਤ ਕਵੀ ਗੰਗਾਦਾਸ ਔਰ ਕਬੀਰ ਕਾ ਦਰਸ਼ਨਪਰਕ ਤੁਲਨਾਤਮਕ ਅਧਿਐਨ' (ਡਾ. ਰਜ਼ੇਸਵਤੀ ਗੁਪਤਾ), 'ਸੰਤ ਗੰਗਾਦਾਸ ਔਰ ਕਬੀਰ ਕੇ ਪ੍ਰਤੀਕੋਂ ਕਾ ਤੁਲਨਾਤਮਕ ਅਧਿਐਨ' (ਡਾ. ਮਿਥਿਲੇਸ਼ ਸ਼ਰਮਾ), 'ਉਦਾਸੀਨ ਕਵੀ ਗੰਗਾਦਾਸ ਔਰ ਸ਼ੰਕਰਦਾਸ ਕਾ ਤੁਲਨਾਤਮਕ ਅਧਿਐਨ'(ਡਾ. ਵੇਦ ਪ੍ਰਕਾਸ਼ ਡਬਾਸ), 'ਉਦਾਸੀਨ ਸੰਤ ਨਿਗਮਾਨੰਦ ਕੇ ਕਾਵਯ ਕਾ ਸਾਂਸਕ੍ਰਿਤਕ ਅਧਿਐਨ' (ਡਾ. ਸ੍ਰੀਮਤੀ ਸੁਦਰਸ਼ਨਾ ਭਾਟੀਆ), 'ਉਦਾਸੀਨ ਸੰਤ ਕਵੀ ਗੰਗਾਦਾਸ-ਕਾਵਯ ਕਾ ਸਾਂਸਕ੍ਰਿਤਕ ਅਧਿਐਨ' (ਸ੍ਰੀਮਤੀ ਨਿਰਮਲ ਧੰਨਕੜ), ਇਸ ਤੋਂ ਇਲਾਵਾ ਡੀ.ਲਿਟ ਦੇ ਦੋ ਸ਼ੋਧ-ਪ੍ਰਬੰਧ ਇਸ ਪ੍ਰਕਾਰ ਹਨ : 'ਉਦਾਸੀਨ ਸੰਪ੍ਰਦਾਇ ਔਰ ਉਸਕੇ ਹਿੰਦੀ ਕਵੀ' (ਡਾ. ਜਗਨਨਾਥ ਸ਼ਰਮਾ), 'ਉਦਾਸੀਨ ਸੰਪ੍ਰਦਾਇ ਕੇ ਕਵੀਯੋਂ ਕੀ ਭਗਤੀ-ਭਾਵਨਾ ਔਰ ਸਮਾਜ ਦਰਸ਼ਨ' (ਡਾ. ਵਰਿੰਦਰ ਕੌਸ਼ਿਕ) ਆਦਿ ਸ਼ੋਧ-ਪ੍ਰਬੰਧ ਉਦਾਸੀ ਸੰਪਰਦਾਇ ਦੇ ਵਿਭਿੰਨ ਪੱਖਾਂ ਸਬੰਧੀ ਹੋਏ ਮਿਲਦੇ ਹਨ।

**(ਅ) ਉਪਾਧੀ ਨਿਰਪੇਖ ਖੋਜ-ਕਾਰਜ :**

### 2.4 ਪੰਜਾਬੀ ਪੁਸਤਕਾਂ :

ਸਿੱਖ ਸੰਪਰਦਾਵਾਂ ਬਾਰੇ ਕੁਝ ਮਹੱਤਵਪੂਰਣ ਪੁਸਤਕਾਂ ਵੀ ਮਿਲਦੀਆਂ ਹਨ, ਜਿਨ੍ਹਾਂ ਵਿਚ ਗੁਰਮਤਿ ਵਿਆਖਿਆ ਦੀ ਸੰਪਰਦਾਈ ਵਿਧੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਨ੍ਹਾਂ ਦਾ ਵਿਵਰਣ ਤੇ ਵਿਸ਼ਲੇਸ਼ਣ ਹੇਠ ਅਨੁਸਾਰ ਦਿੱਤਾ ਜਾ ਰਿਹਾ ਹੈ:

#### 2.4.1 ਬਲਬੀਰ ਸਿੰਘ ਨੰਦਾ, ਪੁਰਾਤਨ ਸਿੱਖ ਸੰਪ੍ਰਦਾਇ, ਜਸਲੀਨ ਪ੍ਰਕਾਸ਼ਨ, ਚੰਡੀਗੜ੍ਹ, 1984

ਇਸ ਪੁਸਤਕ ਦੇ ਕੁੱਲ ਚਾਰ ਅਧਿਆਇ ਹਨ, ਜੋ ਚਾਰ ਵੱਖ-ਵੱਖ ਸੰਪਰਦਾਵਾਂ ਜਿਵੇਂ ਉਦਾਸੀ ਸੰਪਰਦਾਇ, ਮੀਣਾ ਸੰਪਰਦਾਇ, ਸੇਵਾ ਪੰਥੀ ਸੰਪਰਦਾਇ ਅਤੇ ਨਿਰਮਲ ਸੰਪਰਦਾਇ ਸੰਬੰਧੀ ਜਾਣਕਾਰੀ ਪ੍ਰਦਾਨ ਕਰਵਾਉਂਦੇ ਹਨ। ਇਹਨਾਂ ਵਿਚੋਂ ਸਿਰਫ਼ ਪਹਿਲਾ ਅਧਿਆਇ ਉਦਾਸੀ ਸੰਪਰਦਾਇ ਨਾਲ ਸੰਬੰਧਿਤ ਹੈ। ਇਸ ਅਧਿਆਇ ਦੇ ਕਈ ਉਪ-ਸਿਰਲੇਖ ਵੀ ਕੀਤੇ ਗਏ ਹਨ ਜਿਵੇਂ- ਉਦਾਸੀਨਤਾ ਕੀ ਹੈ?, ਇੱਕ ਹੋਰ ਉਦਾਸੀ ਫਿਰਕਾ, ਉਦਾਸੀ ਸੰਪਰਦਾਇ ਦਾ ਆਰੰਭ, ਨਿਰਣੈ, ਬਾਬਾ ਸ੍ਰੀ ਚੰਦ ਜੀ, ਬਾਬਾ ਗੁਰਦਿੱਤਾ ਜੀ, ਧੂਣੇ

ਤੇ ਬਖ਼ਸ਼ਿਸ਼ਾਂ, ਚਾਰ ਧੂਣੇ, ਛੇ ਬਖ਼ਸ਼ਿਸ਼ਾਂ, ਅਖਾੜੇ, ਭੇਖ ਤੇ ਚੇਲਾ ਕਰਨ ਦੀ ਨੀਤੀ, ਯੋਗਦਾਨ, ਵਰਤਮਾਨ ਸਥਿਤੀ। ਇਸ ਪੁਸਤਕ ਵਿਚ ਲੇਖਕ ਨੇ ਉਦਾਸੀ ਸੰਪਰਦਾਇ ਸੰਬੰਧੀ ਦੋ ਮੱਤਾਂ ਦੀ ਪੁਸ਼ਟੀ ਕੀਤੀ ਹੈ। ਇੱਕ ਮਤ ਉਦਾਸੀ ਸੰਪਰਦਾਇ ਨੂੰ ਪੁਰਾਤਨ ਸੰਪਰਦਾਇ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਲਈ ਇਸ ਮੱਤ ਦੇ ਸਮਰਥੱਕ ਵਿਦਵਾਨ ਪੁਰਾਤਨ ਸੰਸਕ੍ਰਿਤ ਗ੍ਰੰਥਾਂ, ਪੁਰਾਣਾਂ ਆਦਿ ਵਿੱਚੋਂ 'ਉਦਾਸੀ' ਸ਼ਬਦ ਦਾ ਹਵਾਲਾ ਦਿੰਦੇ ਹਨ ਅਤੇ ਇਸ ਸੰਪਰਦਾਇ ਦੀ ਆਰੰਭਤਾ ਬ੍ਰਹਮਾ ਜੀ ਦੇ ਚਾਰ ਪੁੱਤਰਾਂ ਤੋਂ ਹੋਈ ਮੰਨਦੇ ਹਨ। ਜਦਕਿ ਦੂਸਰਾ ਮੱਤ ਗੁਰੂ ਨਾਨਕ ਸਾਹਿਬ ਨੂੰ ਇਸ ਸੰਪਰਦਾਇ ਦਾ ਸੰਚਾਲਕ ਮੰਨਦਾ ਹੈ। ਇਸ ਵਿਚ ਕੁੱਝ ਕੁ ਉਦਾਸੀ ਸਾਧੂ, ਉਦਾਸੀ ਵਿਦਵਾਨ, ਉਦਾਸੀ ਕਵੀ ਸੰਤ ਰੇਣ ਤੇ ਮਹੰਤ ਕਲਿਆਣ ਦਾਸ ਆਦਿ ਦਾ ਨਾਂ ਸ਼ਾਮਿਲ ਹੈ। ਬਲਬੀਰ ਸਿੰਘ ਨੰਦਾ ਵੀ ਇਸ ਮੱਤ ਨਾਲ ਸਹਿਮਤ ਹਨ। ਉਹਨਾਂ ਨੇ ਇਸ ਸੰਬੰਧੀ ਇਹ ਨਿਰਣੈ ਪੇਸ਼ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਕੋਈ ਉਦਾਸੀ ਸੰਤ ਰੇਣ ਨਹੀਂ ਸਨ ਅਤੇ ਨਾ ਹੀ ਬਾਬਾ ਸ੍ਰੀ ਚੰਦ ਨੇ ਅਵਿਨਾਸ਼ੀ ਮੁਨੀ ਤੋਂ ਉਪਦੇਸ਼ ਲਿਆ ਸੀ ਬਲਕਿ ਗੁਰੂ ਨਾਨਕ ਦੇਵ ਜੀ ਉਸਦੇ ਗੁਰੂ ਪਿਤਾ ਸਨ। ਇਸ ਪ੍ਰਕਾਰ ਉਹਨਾਂ ਦਾ ਮੰਨਣਾ ਹੈ ਕਿ ਉਦਾਸੀ ਮਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਹੀ ਸਨ। ਇਸ ਪੁਸਤਕ ਵਿਚ ਬਾਬਾ ਸ੍ਰੀ ਚੰਦ ਜੀ ਦੇ ਪਹਿਲੇ ਉੱਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਸੰਬੰਧੀ ਵੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਇਸ ਵਿਚ ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ, ਉਦਾਸੀ ਮਤ ਦੇ ਅਖਾੜਿਆਂ, ਇਸ ਸੰਪਰਦਾਇ ਦੀ ਚੇਲਾ ਬਣਾਉਣ ਦੀ ਵਿਧੀ, ਸੰਪਰਦਾਇ ਦੇ ਯੋਗਦਾਨ ਅਤੇ ਵਰਤਮਾਨ ਸਥਿਤੀ ਦਾ ਸੰਖੇਪ ਰੂਪ ਵਿਚ ਉਲੇਖ ਹੋਇਆ ਮਿਲਦਾ ਹੈ।

### 2.4.2 ਪ੍ਰੋ. ਪਿਆਰਾ ਸਿੰਘ ਪਦਮ, ਸਿੱਖ ਸੰਪ੍ਰਦਾਵਲੀ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000

ਲੇਖਕ ਨੇ ਇਸ ਪੁਸਤਕ ਦੇ ਦੋ ਭਾਗ ਕੀਤੇ ਹਨ, ਪਹਿਲੇ ਭਾਗ-ਇਤਿਹਾਸਕ ਵਿਥਿਆ ਦੇ 10 ਅਧਿਆਇ ਹਨ। ਦੂਜੇ ਭਾਗ-ਬਿਹੰਗਮ ਰਚਨਾਵਲੀ ਵਿੱਚ ਬਿਰਕਤ ਪੰਥੀ ਸਿੱਖ ਸਾਧੂਆਂ ਦੀਆਂ ਕਾਵਿ-ਵੰਨਗੀਆਂ ਦੀ ਪੇਸ਼ਕਾਰੀ ਕੀਤੀ ਹੈ। ਇਸ ਪੁਸਤਕ ਵਿਚਲੇ ਪਹਿਲੇ ਭਾਗ ਦਾ ਪਹਿਲਾ ਅਧਿਆਇ 'ਉਦਾਸੀ ਮਹਾਤਮਾ' ਉਦਾਸੀਆਂ ਨਾਲ ਸੰਬੰਧਿਤ ਹੈ। ਇਸ ਵਿਚ ਬਾਬਾ ਸ੍ਰੀ ਚੰਦ ਜੀ ਦਾ ਸੰਖੇਪ ਜੀਵਨ ਇਤਿਹਾਸ,

ਸੰਪ੍ਰਦਾਇ ਦੇ ਵਿਸਤਾਰ ਅਤੇ ਵਰਤਮਾਨ ਦਸ਼ਾ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਇਸ ਪੁਸਤਕ ਇਸ ਵਿਚ ਦੋ ਦਰਜਨ ਸੰਪ੍ਰਦਾਵਾਂ ਦੀ ਨਕਸ਼-ਨੁਹਾਰ ਅਤੇ ਪੰਜ ਦਰਜਨ ਦੇ ਕਰੀਬ ਸੰਤਾਂ ਦੇ ਕਾਵਿ-ਸੰਸਾਰ ਦੀ ਗੱਲ ਕੀਤੀ ਗਈ ਹੈ। ਇਸ ਵਿਚ ਲੇਖਕ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਕੋਈ ਨਵਾਂ ਮੱਤ ਨਹੀਂ ਚਲਾਇਆ ਬਲਕਿ ਗੁਰੂ ਨਾਨਕ ਸਾਹਿਬ ਦੇ ਚਲਾਏ ਸਿੱਖ ਪੰਥ ਨੂੰ ਹੀ ਭਾਰਤ ਦੇ ਕੋਨੇ-ਕੋਨੇ ਵਿਚ ਪਹੁੰਚਾਇਆ ਹੈ। ਉਹਨਾਂ ਦਾ ਮੰਨਣਾ ਇਹ ਵੀ ਹੈ ਕਿ ਇਤਿਹਾਸ ਵਿੱਚ ਮਿਥਿਹਾਸ ਦਾ ਰਲਾਅ ਪੈਣ ਕਾਰਨ ਗੁਰੂ ਨਾਨਕ ਸਾਹਿਬ ਦੀ ਥਾਂ ਬਾਬਾ ਸ੍ਰੀ ਚੰਦ ਜੀ ਨੂੰ ਉਦਾਸੀ ਸੰਪਰਦਾਇ ਦੇ ਬਾਨੀ ਮੰਨਿਆ ਜਾਣ ਲੱਗਾ। ਲੇਖਕ ਨੇ ਅਵਿਨਾਸ਼ੀ ਮੁਨੀ ਨੂੰ ਬਾਬਾ ਸ੍ਰੀ ਚੰਦ ਜੀ ਦਾ ਗੁਰੂ ਮੰਨਣਾ ਅਤੇ ਉਹਨਾਂ ਨੂੰ ਸ਼ਿਵ ਦਾ ਅਵਤਾਰ ਮੰਨਣਾ ਨਿਰਾਰਥਕ ਘੋਸ਼ਿਤ ਕੀਤਾ ਹੈ। 1921-22 ਵਿੱਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਸਦਕਾ ਸਿੱਖਾਂ ਅਤੇ ਉਦਾਸੀਆਂ ਵਿਚਲੇ ਤੋੜ-ਵਿਛੋੜੇ ਪ੍ਰਤੀ ਲੇਖਕ ਨੇ ਚਿੰਤਾ ਪ੍ਰਗਟਾਉਂਦੇ ਹੋਏ ਪੰਥਕ ਜਥੇਬੰਦੀਆਂ ਨੂੰ ਟੁੱਟੀ ਗੰਢਣ ਲਈ ਯੋਗ ਉਪਰਾਲੇ ਕਰਨ ਦੀ ਅਪੀਲ ਵੀ ਕੀਤੀ ਹੈ। ਕਿਉਂਕਿ ਉਦਾਸੀਆਂ ਦੇ ਸਿੱਖ ਮੱਤ ਨੂੰ ਦਿੱਤੇ ਸਹਾਰੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸੇ ਅਧਿਆਇ ਦੇ ਸਿਰਲੇਖ 'ਸਾਧਾਂ 'ਦੇ ਮਾਤ੍ਰੇ' ਵਿੱਚ ਉਹਨਾਂ ਨੇ ਉਦਾਸੀ ਸਾਧਾਂ ਦੇ ਮਾਤਰਿਆਂ ਉੱਪਰ ਚਾਨਣਾ ਪਾਇਆ ਹੈ। ਇਸ ਪੁਸਤਕ ਦੇ ਦੂਸਰੇ ਭਾਗ ਵਿਚ ਛੇ ਬਖ਼ਸ਼ਿਸ਼ਾਂ ਵਿਚੋਂ ਤਿੰਨ ਬਖ਼ਸ਼ਿਸ਼ਾਂ ਬਖ਼ਤਮੱਲੀਏ, ਸੁਥਰੇਸ਼ਹੀਏ ਤੇ ਸੰਗਤ ਸਾਹਿਬੀਏ ਦੇ ਸਾਧੂ ਕ੍ਰਮਵਾਰ ਬਾਬਾ ਬਖ਼ਤ ਮੱਲ, ਬਾਬਾ ਸੁਥਰਾ ਸ਼ਾਹ ਅਤੇ ਬਾਬਾ ਫੇਰੂ ਆਦਿ ਦੀਆਂ ਕਾਵਿ-ਵੰਨਗੀਆਂ ਵੀ ਸੰਮਲਿਤ ਕੀਤੀਆਂ ਗਈਆਂ ਹਨ।

### 2.4.3 ਡਾ. ਨਰੇਂਦਰਪਾਲ ਸਿੰਘ, ਜਪੁ ਏਵਮ ਉਸਕੇ ਟੀਕਾਕਾਰ (ਕਲਾ ਔਰ ਦ੍ਰਿਸ਼ਟੀ ਕੇ ਵਿਸ਼ਿਸ਼ਟ ਸੰਦਰਭ ਮੇਂ (1877 ਈ. ਤੱਕ), ਭਾਸ਼ਾ ਵਿਭਾਗ, ਪੰਜਾਬ, 2001

ਇਸ ਸ਼ੋਧ ਪ੍ਰਬੰਧ ਨੂੰ ਭਾਸ਼ਾ ਵਿਭਾਗ, ਪੰਜਾਬ ਨੇ ਪੁਸਤਕ ਰੂਪ ਦੇ ਕੇ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਰਚਨਾਕਾਰ ਦੀ ਰਚਨਾ ਭਾਵ ਗੁਰੂ ਨਾਨਕ ਸਾਹਿਬ ਦਾ ਜੀਵਨ ਪਰਿਚਯ ਅਤੇ ਜਪੁ ਬਾਣੀ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ। ਦੂਸਰੇ

ਅਧਿਆਇ 'ਜਪੁ : ਟੀਕਾ ਪਰੰਪਰਾ' ਵਿਚ ਉਦਾਸੀ ਸੰਪਰਦਾਇ ਦਾ ਸੰਖੇਪ ਵਿਵਰਣ ਮਿਲਦਾ ਹੈ। ਜਿਸ ਵਿਚ ਉਦਾਸੀ ਸੰਪਰਦਾ ਨੂੰ ਸਿੱਖ ਪੰਥ ਦਾ ਇੱਕ ਅੰਗ ਘੋਸ਼ਿਤ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਇਸਦੇ ਸੰਸਥਾਪਕ ਮੰਨਿਆ ਗਿਆ ਹੈ। ਇਸ ਵਿਚ ਸਾਧੂ ਆਨੰਦਘਨ ਦੇ ਜਪੁਜੀ ਦੇ ਟੀਕੇ ਤੋਂ ਇਲਾਵਾ ਉਹਨਾਂ ਦੇ ਨਾਂ ਨਾਲ ਜੁੜੀਆਂ ਹੋਰ ਸਟੀਕਾਂ ਦਾ ਜ਼ਿਕਰ ਵੀ ਕੀਤਾ ਹੈ। ਇਸ ਪੁਸਤਕ ਵਿਚ ਆਨੰਦਘਨ ਨੂੰ ਉਦਾਸੀ ਸੰਪਰਦਾਇ ਦੇ ਪ੍ਰਮੁੱਖ ਟੀਕਾਕਾਰ ਵੱਜੋਂ ਪੇਸ਼ ਕੀਤਾ ਗਿਆ ਹੈ। ਤੀਸਰੇ ਅਧਿਆਇ 'ਆਨੰਦਘਨ ਔਰ ਉਨਕਾ ਜਪੁਜੀ ਸਟੀਕ' ਸਿਰਲੇਖ ਹੇਠ ਆਨੰਦਘਨ ਦੇ ਜੀਵਨ, ਰਚਨਾਵਾਂ, ਬੌਧਿਕਤਾ, ਦਾਰਸ਼ਨਿਕਤਾ, ਪ੍ਰਸ਼ਨੋਤਰੀ ਸ਼ੈਲੀ ਅਤੇ ਭਾਸ਼ਾ ਆਦਿ ਪੱਖਾਂ ਉੱਪਰ ਚਾਨਣਾ ਪਾਇਆ ਗਿਆ ਹੈ।

### 2.4.4 ਡਾ. ਜਗਜੀਵਨ ਸਿੰਘ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਇਹ ਪੁਸਤਕ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਰੂਹਾਨੀ ਸ਼ਖ਼ਸੀਅਤ ਨੂੰ ਪੇਸ਼ ਕਰਨ ਵਾਲੀ ਪਹਿਲੀ ਅਤੇ ਪ੍ਰਮਾਣਿਕ ਪੁਸਤਕ ਹੈ। ਇਸ ਪੁਸਤਕ ਵਿਚ ਅਸਿੱਧੇ ਰੂਪ ਵਿਚ ਉਦਾਸੀ ਸੰਪਰਦਾਇ ਨਾਲ ਸੰਬੰਧਿਤ ਬਾਬਾ ਸ੍ਰੀ ਚੰਦ ਜੀ, ਬਾਬਾ ਗੁਰਦਿੱਤਾ ਜੀ, ਅਤੇ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਜੀ ਦੁਆਰਾ ਵਰੋਸਾਈਆਂ ਤਿੰਨ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ ਭਗਵਾਨੀਏ ਅਤੇ ਸੰਗਤ ਸਾਹਿਬੀਏ) ਬਾਰੇ ਬਹੁਮੁੱਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਚ ਬਾਬਾ ਸ੍ਰੀ ਚੰਦ ਜੀ ਨੂੰ ਆਪਣੇ ਗੁਰੂ-ਪਿਤਾ ਜੀ ਦੀ ਵਿਚਾਰਧਾਰਾ ਦੇ ਵੱਡੇ ਪੈਰੋਕਾਰ ਅਤੇ ਸਸ਼ਕਤ ਪ੍ਰਚਾਰਕ/ਵਿਆਖਿਆਕਾਰ ਮੰਨਿਆ ਗਿਆ ਹੈ। ਉਨ੍ਹਾਂ ਨੇ ਆਪਣੇ ਗੁਰੂ-ਪਿਤਾ, ਬਾਬਾ ਨਾਨਕ ਜੀ ਦੀ ਆਗਿਆ ਅਤੇ ਸਰਸਪ੍ਰਤੀ ਹੇਠ ਹੀ 'ਉਦਾਸੀ ਪੰਥ ਜਾਂ ਭੇਖ' ਦੀ ਸਥਾਪਨਾ ਕੀਤੀ ਸੀ। ਇਸ ਵਿਚ ਬਹੁਤ ਕਰਣੀ ਵਾਲੇ ਮਹਾਂਪੁਰਸ਼ ਹੋਏ ਹਨ। ਇਸ ਵਿਚ ਵਿਦਵਾਨ ਲੇਖਕ ਨੇ ਗੁਰਮਤਿ ਮਾਰਗ ਦੀ ਪਰਿਭਾਸ਼ਾ ਸਪੱਸ਼ਟ ਕਰਦੇ ਲਿਖਿਆ ਹੈ ਕਿ ਗੁਰਮਤਿ ਮਾਰਗ ਨਾ ਤਾਂ ਨਿਰੋਲ ਪਰਵਿਰਤੀ ਦਾ ਮਾਰਗ ਹੈ ਅਤੇ ਨਾ ਹੀ ਨਿਰੋਲ ਨਿਰਵਿਰਤੀ ਦਾ ਮਾਰਗ ਹੈ। ਇਸ ਵਿਚ ਗ੍ਰਹਿਸਥ ਅਤੇ ਸੰਨਿਆਸ ਦਾ ਸੰਤੁਲਿਤ ਸੁਮੇਲ ਪੇਸ਼ ਕੀਤਾ ਗਿਆ ਹੈ। ਇਹ ਨਾ ਤਾਂ ਅਤਿ ਦੀ

ਗ੍ਰਹਿਸਥਤਾ ਨੂੰ ਪ੍ਰਵਾਨ ਕਰਦਾ ਹੈ ਨਾ ਹੀ ਅਤਿ ਦੀ ਤਿਆਗ ਦੀ ਰੁਚੀ ਨੂੰ ਕੋਈ ਥਾਂ ਦਿੰਦਾ ਹੈ। ਇਹ ਤਾਂ ਇਹਨਾਂ ਦੋਵਾਂ ਦੇ ਸੰਤੁਲਿਤ ਸੁਮੇਲ ਦਾ ਹਾਮੀ ਭਰਦਾ ਹੈ।

### 2.4.5 ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਇਹ ਪੁਸਤਕ ਗੁਰਬਾਣੀ ਵਿਆਖਿਆ ਦੇ ਖੋਜਾਰਥੀਆਂ ਲਈ ਮਹੱਤਵਪੂਰਣ ਸੰਦਰਭ ਹੈ। ਇਸ ਵਿਚ ਗੁਰਬਾਣੀ ਦੀਆਂ ਸੱਤ ਵਿਆਖਿਆਂ ਪ੍ਰਣਾਲੀਆਂ ਦਾ ਜ਼ਿਕਰ ਕੀਤਾ ਗਿਆ ਹੈ। ਅੱਠਵੇਂ ਭਾਗ ਵਿਚ 'ਗੁਰਬਾਣੀ ਵਿਆਖਿਆ ਦੇ ਹੋਰ ਯਤਨ' ਵਿਚ ਗੁਰਬਾਣੀ ਵਿਆਖਿਆ ਨਾਲ ਸੰਬੰਧਿਤ ਕੋਸ਼, ਪ੍ਰਯਾਯ, ਨਿਰੁਕਤ ਅਤੇ ਹੋਰ ਹੋਏ ਫੁਟਕਲ ਯਤਨਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਪੁਸਤਕ ਵਿਚ ਵਿਆਖਿਆਕਾਰੀ ਸੰਬੰਧੀ ਜੋ ਯਤਨ ਹੋ ਚੁੱਕੇ ਹਨ। ਉਹਨਾਂ ਦਾ ਲੇਖਾ-ਜੋਖਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

### 2.4.6 ਮਹੰਤ ਅਨੰਤਾਨੰਦ ਉਦਾਸੀਨ ਅਤੇ ਡਾ. ਗਿਆਨ ਇੰਦਰ ਸਿੰਘ, ਸ੍ਰੀਚੰਦਰ ਪ੍ਰਕਾਸ਼, ਪ੍ਰਿਯਤਮ ਪ੍ਰਕਾਸ਼ਨ, ਅੰਮ੍ਰਿਤਸਰ, 1995

ਇਸ ਪੁਸਤਕ ਵਿਚ ਬਾਬਾ ਸ੍ਰੀ ਚੰਦ ਜੀ ਦੇ ਜੀਵਨ, ਯਾਤਰਾਵਾਂ ਦਾ ਸੰਖੇਪ ਯਤਨ ਕਰਨ ਤੋਂ ਇਲਾਵਾ ਬ੍ਰਹਮ, ਮਾਇਆ, ਜੀਵ, ਜੀਵ-ਬ੍ਰਹਮ ਅਤੇ ਜਗਤ, ਮੁਕਤੀ, ਨਿਰਗੁਣ, ਸਰਗੁਣ, ਅਵਤਾਰਵਾਦ ਅਤੇ ਬਹੁਦੇਵਵਾਦ, ਪੰਚਦੇਵ ਉਪਾਸਨਾ ਆਦਿ ਸੰਬੰਧੀ ਬਾਬਾ ਸ੍ਰੀ ਚੰਦ ਦੇ ਦ੍ਰਿਸ਼ਟੀਕੋਣ ਨੂੰ ਵਿਚਾਰਧੀਨ ਲਿਆਂਦਾ ਗਿਆ ਹੈ। ਪੁਸਤਕ ਦੇ ਅੰਤ ਵਿਚ ਬਾਬਾ ਸ੍ਰੀ ਚੰਦ ਜੀ ਦੀ ਪ੍ਰਸਿੱਧ ਬਾਣੀ 'ਮਾਤਰਾ ਸ਼ਾਸ਼ਤਰ' ਦਾ ਪਾਠ ਅੰਕਿਤ ਕੀਤਾ ਗਿਆ ਹੈ।

### 2.4.7 ਡਾ. ਸਰਬਜਿੰਦਰ ਸਿੰਘ (ਸੰਪਾ.), ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ ਤੀਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਇਸ ਪੁਸਤਕ ਵਿਚ ਲੇਖਕ ਨੇ ਪੂਰਬੀ ਅਤੇ ਸਾਮੀ ਧਰਮ ਪਰੰਪਰਾ ਨਾਲ ਜੁੜੀਆਂ ਧਾਰਮਿਕ ਸੰਪ੍ਰਦਾਵਾਂ ਦੇ ਇਤਿਹਾਸਕ ਅਤੇ ਸਿਧਾਂਤਕ ਪਰਿਪੇਖ ਨੂੰ ਪੇਸ਼ ਕੀਤਾ ਹੈ। ਇਸ ਪੁਸਤਕ ਦੇ ਦਸਵੇਂ ਭਾਗ ਵਿਚ 'ਉਦਾਸੀ ਸੰਪ੍ਰਦਾਇ' ਅਤੇ ਸਤਾਰ੍ਹਵੇਂ ਭਾਗ ਵਿਚ ਸੁਥਰੇਸ਼ਾਹੀ ਸੰਪ੍ਰਦਾਇ ਉੱਪਰ ਕ੍ਰਮਵਾਰ ਡਾ. ਪਰਮਵੀਰ

ਸਿੰਘ ਅਤੇ ਮੁਹੱਬਤ ਸਿੰਘ ਨੇ ਚਾਨਣਾ ਪਾਇਆ ਹੈ।

**2.4.8 ਡਾ. ਮਹਿੰਦਰ ਕੌਰ, ਬਾਬਾ ਸ੍ਰੀ ਚੰਦ ਤੇ ਉਦਾਸੀ ਮਤ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 1996**

ਇਸ ਪੁਸਤਕ ਨੂੰ ਲੇਖਿਕਾ ਨੇ ਦੋ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿਚ ਬਾਬਾ ਸ੍ਰੀ ਚੰਦ ਜੀ ਦੇ ਜੀਵਨ-ਇਤਿਹਾਸ ਅਤੇ ਉਹਨਾਂ ਦੇ ਮਾਤਾ ਜੀ ਮਾਤਾ ਸੁਲੱਖਣੀ ਦੇ ਜੀਵਨ-ਬ੍ਰਿਤਾਂਤ ਉੱਪਰ ਚਾਨਣਾ ਪਾਇਆ ਹੈ। ਬਾਬਾ ਸ੍ਰੀ ਚੰਦ ਜੀ ਦੀਆਂ ਚਾਰ ਬਾਣੀਆਂ, ਆਰਤਾ, ਸਹੰਸਰਨਾਮਾ, ਗੁਰ ਗਾਇਤ੍ਰੀ ਅਤੇ ਮਾਤ੍ਰਾ-ਬਾਣੀ ਸੰਬੰਧੀ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਵਾਈ ਗਈ ਹੈ। ਮੂਲ ਪਾਠ ਨੂੰ ਪੇਸ਼ ਕਰਨ ਦੇ ਨਾਲ-ਨਾਲ ਪੁਸਤਕ ਦੇ ਦੂਸਰੇ ਭਾਗ ਵਿਚ ਉਦਾਸੀ ਮਤ ਦੇ ਵਸਤੂ ਵਿਵੇਚਨ ਅਤੇ ਦਾਰਸ਼ਨਿਕ ਚਿੰਤਨ ਪਸਾਰਾਂ ਉੱਪਰ ਚਰਚਾ ਕਰਨ ਉਪਰੰਤ ਉਦਾਸੀ ਸੰਤਾਂ ਦੀ ਟੀਕਾਕਾਰੀ ਦੇ ਅਹਿਮ ਪੱਖਾਂ ਨੂੰ ਵੀ ਉਭਾਰਿਆ ਗਿਆ ਹੈ। ਇਸ ਪੁਸਤਕ ਦੀ ਸਾਰਥਿਕਤਾ ਸੰਬੰਧੀ ਲੇਖਿਕਾ ਲਿਖਦੀ ਹੈ ਕਿ ਕੁੱਲ ਮਿਲਾ ਕੇ, ਇਹ ਪੁਸਤਕ ਸੰਪ੍ਰਦਾਇ ਦੇ ਮੂਲ, ਉਸ ਦੇ ਉਦਗਮ ਸ੍ਰੋਤ, ਪ੍ਰਚਾਰ ਪ੍ਰਸਾਰ ਅਤੇ ਸਾਹਿਤਕ ਜੋਗਦਾਨ ਨੂੰ ਨਜ਼ਰ ਭਰ ਵੇਖਣ ਲਈ ਜਤਨਸ਼ੀਲ ਹੈ। ਉਦਾਸੀ ਸੰਤਾਂ ਦੀ ਘਾਲਣਾ ਨੂੰ ਅਜ ਮੁਕਤਮਨ ਹੋ ਕੇ ਵਿਚਾਰਨ ਦੀ ਲੋੜ ਹੈ।[2]

**2.4.9 ਡਾ. ਗੁਰਨਾਮ ਕੌਰ (ਸੰਪਾ.) ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995**

ਪੰਜਾਬੀ ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗ ਦੁਆਰਾ ਉਦਾਸੀ ਸੰਪਰਦਾ ਉੱਪਰ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਪੜ੍ਹੇ ਗਏ ਪਰਚਿਆਂ ਦੇ ਰੂਪ ਵਿਚ ਪ੍ਰਾਪਤ ਸਮੱਗਰੀ ਨੂੰ ਪੁਸਤਕ ਦਾ ਸਰੂਪ ਗ੍ਰਹਿਣ ਕਰਵਾਇਆ ਗਿਆ। ਇਸ ਵਿਚ ਅੱਠ ਖੋਜ ਪਰਚੇ ਸ਼ਾਮਲ ਹਨ। ਪਹਿਲਾ ਖੋਜ-ਪੱਤਰ ਡਾ. ਬਲਕਾਰ ਸਿੰਘ 'ਉਦਾਸੀ ਸੰਪਰਦਾ ਦਾ ਮਿਸ਼ਨਰੀ ਪਰਿਪੇਖ' ਸਿਰਲੇਖ ਹੇਠ ਦਰਜ ਹੈ। ਇਸ ਵਿਚ ਲੇਖਕ ਨੇ ਸਿੱਖ ਧਰਮ ਅਤੇ ਉਦਾਸੀ ਸੰਪਰਦਾ ਨੂੰ ਇੱਕ ਦੂਜੇ ਦੇ ਪੂਰਕ ਦੱਸਿਆ ਹੈ। ਉਹਨਾਂ ਨੇ ਅਠਾਰਵੀਂ ਸਦੀ ਵਿਚ ਉਦਾਸੀਆਂ ਦੁਆਰਾ ਗੁਰਦੁਆਰਿਆਂ ਦੀ ਕੀਤੀ ਸੇਵਾ-ਸੰਭਾਲ ਨੂੰ ਬਹੁਤ ਵੱਡਾ ਮਿਸ਼ਨਰੀ ਕਾਰਜ ਘੋਸ਼ਿਤ ਕੀਤਾ ਹੈ। ਉਦਾਸੀਆਂ ਅਤੇ ਸਿੱਖਾਂ ਦੀ ਆਪਸੀ ਨੇੜਤਾ ਦਾ ਸਬੂਤ ਬਾਬਾ ਗੁਰਬਖ਼ਸ਼ ਅਤੇ ਮਾਮਾ ਕ੍ਰਿਪਾਲ ਚੰਦ ਉਦਾਸੀ ਦੁਆਰਾ ਨਿਭਾਈ ਭੂਮਿਕਾ ਨੂੰ ਮੰਨਿਆ ਗਿਆ ਹੈ।

ਡਾ. ਹੁਕਮ ਚੰਦ ਰਾਜਪਾਲ ਨੇ 'ਸ੍ਰੀ ਮਾਤਰਾ ਬਾਣੀ ਦਾ ਮੂਲ ਪ੍ਰਤਿਪਾਦ' ਸਿਰਲੇਖ ਹੇਠ ਪਰਚਾ ਪੜ੍ਹਿਆ। ਉਹਨਾਂ ਨੇ ਮਾਤਰਾ ਬਾਣੀ ਦੇ ਅਧਿਆਤਮਕ ਤੱਤਾਂ ਉੱਪਰ ਚਾਨਣਾ ਪਾਇਆ ਹੈ। ਮਾਤਰਾ ਬਾਣੀ ਨੂੰ ਉਦਾਸੀ ਸੰਤਾਂ ਦੀ ਅਧਿਆਤਮਕਤਾ ਦਾ ਆਧਾਰ ਮੰਨਿਆ ਹੈ ਕਿਉਂਕਿ ਉਦਾਸੀ ਸੰਪ੍ਰਦਾਇ ਦੇ ਮੂਲ ਸਿਧਾਂਤਾਂ ਦੀ ਪੇਸ਼ਕਾਰੀ ਇਸੇ ਬਾਣੀ ਵਿਚੋਂ ਹੁੰਦੀ ਹੈ।

ਡਾ. ਬਲਬੀਰ ਸਿੰਘ ਨੰਦਾ ਨੇ 'ਗੁਰਬਾਣੀ ਦੀ ਵਿਆਖਿਆ : ਉਦਾਸੀਆ ਦਾ ਯੋਗਦਾਨ' ਸਿਰਲੇਖ ਹੇਠ ਉਦਾਸੀ ਸੰਪਰਦਾ ਦੁਆਰਾ ਗੁਰਬਾਣੀ ਵਿਆਖਿਆ ਵਿਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ ਹੈ। ਉਹਨਾਂ ਅਨੁਸਾਰ ਉਦਾਸੀ ਸੰਪਰਦਾ ਵਿਚ ਗੁਰਬਾਣੀ ਵਿਆਖਿਆ ਦਾ ਸਿਲਸਿਲਾ ਬਾਬਾ ਸ੍ਰੀ ਚੰਦ ਜੀ ਤੋਂ ਹੀ ਸ਼ੁਰੂ ਹੁੰਦਾ ਹੈ। ਪਰ ਉਹਨਾਂ ਦੀ ਵਿਆਖਿਆ ਦਾ ਕੋਈ ਲਿਖਤੀ ਸਰੂਪ ਨਹੀਂ ਮਿਲਦਾ। ਸੁਆਮੀ ਆਨੰਦਘਨ ਦੀ ਵਿਆਖਿਆਕਾਰੀ ਦੇ ਆਧਾਰ ਉੱਤੇ ਉਹ ਮੰਨਦੇ ਹਨ ਕਿ ਉਹਨਾਂ ਦੀ ਵਿਆਖਿਆਕਾਰੀ ਕਈ ਥਾਵਾਂ ਉੱਪਰ ਗੁਰਬਾਣੀ ਦੇ ਅਸਲ ਸੰਦੇਸ਼ ਤੋਂ ਦੂਰ ਚਲੀ ਜਾਂਦੀ ਹੈ। ਜਿਸ ਕਾਰਨ ਉਹਨਾਂ ਦੀ ਵਿਆਖਿਆ ਖ਼ਾਸ ਮਹੱਤਵ ਨਹੀਂ ਰੱਖਦੀ ਹੈ।

'ਉਦਾਸੀ ਸੰਪਰਦਾਇ : ਉਦਭਵ ਅਤੇ ਵਿਕਾਸ' ਸਿਰਲੇਖ ਹੇਠ ਜਸਬੀਰ ਸਿੰਘ ਸਾਬਰ (ਡਾ.) ਉਦਾਸੀ ਸ਼ਬਦ ਦੀ ਪ੍ਰਾਚੀਨਤਾ ਵੱਲ ਸੰਕੇਤ ਕਰਦੇ ਹੋਏ ਦੱਸਦੇ ਹਨ ਕਿ ਇਸ ਸ਼ਬਦ ਦਾ ਪ੍ਰਯੋਗ ਪਦਮ ਪੁਰਾਣ, ਗਰੁੜ ਪੁਰਾਣ, ਵਰਾਹ ਪੁਰਾਣ, ਭਗਵਤ ਪੁਰਾਣ, ਬਾਲਮੀਕ ਰਾਮਾਯਣ ਅਤੇ ਤੁਲਸੀ ਰਾਮਾਯਣ ਵਿਚ ਹੋਇਆ ਮਿਲਦਾ ਹੈ। ਇਸ ਤਰ੍ਹਾਂ ਉਦਾਸੀ ਸ਼ਬਦ ਕਾਫ਼ੀ ਵਿਆਪਕ ਅਤੇ ਪ੍ਰਾਚੀਨ ਹੈ। ਉਹ ਇਸ ਗੱਲ ਨੂੰ ਵੀ ਮੰਨਦੇ ਹਨ ਕਿ ਧਰਤੀ ਉੱਪਰ ਉਦਾਸੀ ਸੰਪਰਦਾਇ ਨੂੰ ਚਮਕਾਉਣ, ਲਿਸ਼ਕਾਉਣ ਅਤੇ ਰੋਸ਼ਨਾਉਣ ਦਾ ਕੰਮ ਬਾਬਾ ਸ੍ਰੀ ਚੰਦ ਜੀ ਨੇ ਹੀ ਕੀਤਾ ਸੀ। ਇਸ ਦੇ ਨਾਲ-ਨਾਲ ਬਾਬਾ ਸ੍ਰੀ ਚੰਦ ਨੇ ਲੋਕ ਕਲਿਆਣਕਾਰੀ ਕਾਰਜ ਵੀ ਕੀਤੇ ਅਤੇ ਲੋਕਾਂ ਦੇ ਦੁੱਖ-ਦਰਦ ਅਤੇ ਪੀੜ੍ਹਾ ਨੂੰ ਵੀ ਪਛਾਣਿਆ। ਲੇਖਕ ਨੇ ਇਸ ਗੱਲ ਦਾ ਨਿਸਤਾਰਾ ਵੀ ਕੀਤਾ ਹੈ ਕਿ ਸਿੱਖ ਧਰਮ ਅਤੇ ਉਦਾਸੀ ਸੰਪਰਦਾ ਦਾ ਆਧਾਰ ਇੱਕੋ ਹੀ ਹੈ। ਉਦਾਸੀ ਸੰਪਰਦਾ ਦੁਆਰਾ ਸਿੱਖ ਧਰਮ ਦੇ ਵਿਕਾਸ ਵਿੱਚ ਪਾਏ ਸਰਬਪੱਖੀ ਯੋਗਦਾਨ ਨੂੰ ਵੀ ਇਸ ਖੋਜ ਪੱਤਰ ਵਿਚ ਉਭਾਰਿਆ ਗਿਆ ਹੈ।

ਡਾ. ਗੁਰਨਾਮ ਸਿੰਘ ਨੇ ਵੀ 'ਉਦਾਸੀ ਸੰਪਰਦਾਇ : ਉਦਭਵ ਅਤੇ ਵਿਕਾਸ' ਸਿਰਲੇਖ ਤਹਿਤ ਉਦਾਸੀ ਸੰਪਰਦਾਇ ਤੇ ਆਰੰਭ, ਵਿਕਾਸ, ਅਖਾੜੇ ਅਤੇ ਸਿੱਖ ਧਰਮ ਦੀ ਸੇਵਾ ਉੱਪਰ ਚਾਨਣਾ ਪਾਇਆ ਹੈ। ਖੋਜ ਪਰਚੇ ਦੇ ਅੰਤ ਵਿਚ ਵਿਦਵਾਨ ਲੇਖਕ ਸਿੱਖ ਧਰਮ ਅਤੇ ਉਦਾਸੀ ਸੰਪਰਦਾਇ ਦੀ ਪਹਿਲਾ ਵਰਗੀ ਆਪਸੀ ਸਾਂਝ ਅਤੇ ਸਤਿਕਾਰ ਵੇਖਣ ਦਾ ਚਾਹਵਾਨ ਹੈ, ਤਾਂ ਕਿ ਮੁੜ ਤੋਂ ਗੁਰਮਤਿ ਦਾ ਉਸੇ ਤਰ੍ਹਾਂ ਪ੍ਰਚਾਰ ਹੋ ਸਕੇ ਜਿਸ ਤਰ੍ਹਾਂ ਪਹਿਲਾ ਹੋਇਆ ਸੀ।

ਡਾ. ਜਸਬੀਰ ਕੌਰ ਆਹੂਜਾ ਨੇ 'ਉਦਾਸੀ ਸੰਪਰਦਾਇ : ਸਿੱਖ ਧਰਮ ਦੇ ਚਾਨਣ ਮੁਨਾਰੇ' ਸਿਰਲੇਖ ਹੇਠ ਉਦਾਸੀਆਂ ਦੇ ਸਿੱਖ ਧਰਮ ਦੇ ਸੱਚੇ ਪਰਚਾਰਕ ਹੋਣ ਸੰਬੰਧੀ ਵਿਚਾਰ-ਚਰਚਾ ਕੀਤੀ ਹੈ। ਇਸ ਤੋਂ ਪਿੱਛੋਂ ਡਾ. ਜਸਵਿੰਦਰ ਕੌਰ ਢਿੱਲੋਂ ਨੇ 'ਉਦਾਸੀਨ ਪੰਥ ਦੀ ਸਦਾਚਾਰਕ ਨੀਤੀ' ਸਿਰਲੇਖ ਹੇਠ ਉਦਾਸੀਆਂ ਦੀ ਸਦਾਚਾਰਕ ਨੀਤੀ ਉੱਪਰ ਚਾਨਣਾ ਪਾਉਣ ਦਾ ਯਤਨ ਕੀਤਾ ਹੈ। ਉਹਨਾਂ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ 'ਜਪੁਜੀ ਸਾਹਿਬ' ਅਤੇ ਬਾਬਾ ਸ੍ਰੀ ਚੰਦ ਜੀ ਦੀ 'ਮਾਤਰਾ ਬਾਣੀ' ਦੋਵਾਂ ਦਾ ਤੁਲਨਾਤਮਕ ਅਧਿਐਨ ਕਰਕੇ ਦੋਵਾਂ ਦੀ ਇੱਕੋ ਜਿਹੀ ਸਦਾਚਾਰਕ ਦ੍ਰਿਸ਼ਟੀ ਨੂੰ ਧਿਆਨ ਗੋਚਰੇ ਲਿਆਂਦਾ ਹੈ। ਇਸ ਪੁਸਤਕ ਦੇ ਅੰਤਲੇ ਖੋਜ ਪਰਚੇ ਵਿੱਚ ਸ. ਗੁਲਜ਼ਾਰ ਸਿੰਘ ਕੰਗ 'ਉਦਾਸੀ ਸੰਪਰਦਾਇ : ਉਦਭਵ ਤੇ ਵਿਕਾਸ' ਸਿਰਲੇਖ ਹੇਠ ਉਦਾਸੀ ਸੰਪਰਦਾਇ ਦੇ ਆਰੰਭ ਅਤੇ ਵਿਕਾਸ ਬਾਰੇ ਵਿਚਾਰ ਚਰਚਾ ਕੀਤੀ ਹੈ।

### 2.4.10 ਗੁਰਦੇਵ ਸਿੰਘ (ਸੰਪਾ.), ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ, ਗੋਬਿੰਦ ਸਦਨ, ਨਵੀਂ ਦਿੱਲੀ, 2007

ਇਸ ਪੁਸਤਕ ਦੇ ਦੋ ਭਾਗ ਹਨ। ਦੋਨਾਂ ਭਾਗਾਂ ਵਿਚ 17 ਖੋਜ ਪਰਚੇ ਦਰਜ ਕੀਤੇ ਗਏ ਹਨ। ਪਹਿਲੇ ਭਾਗ ਦੇ ਪਹਿਲੇ ਖੋਜ ਪਰਚੇ 'ਉਦਾਸੀ ਕੀ ਰੀਤਿ ਚਲਾਈ' ਵਿੱਚ ਗਿਆਨੀ ਲਾਲ ਸਿੰਘ ਨੇ ਬਾਬਾ ਸ੍ਰੀ ਚੰਦ ਦੀ ਜੀਵਨੀ ਉੱਪਰ ਚਰਚਾ ਕੀਤੀ ਹੈ ਅਤੇ ਨਾਲ ਹੀ ਚਾਰ ਧੂੰਏ ਅਤੇ ਛੇ ਬਖ਼ਸ਼ਿਸ਼ਾਂ ਦੇ ਰੂਪ ਵਿਚ ਹੋਏ ਸੰਪਰਦਾਇ ਦੇ ਵਿਕਾਸ ਨੂੰ ਸੰਖੇਪਤਾ ਸਹਿਤ ਦਰਸਾਇਆ ਹੈ।

ਪ੍ਰੋ. ਪ੍ਰੀਤਮ ਸਿੰਘ ਦੂਸਰੇ ਖੋਜ ਪਰਚੇ 'ਉਦਾਸੀ ਸੰਪਰਦਾਇ ਦਾ ਭੂਤ ਤੇ ਭਵਿੱਖ' ਵਿਚ ਚਿੰਤਾ ਪ੍ਰਗਟਾਉਂਦੇ ਹਨ ਕਿ, "ਉਦਾਸੀ ਸੰਪ੍ਰਦਾਇ ਦੇ ਜਨਮ ਤੇ ਵਿਕਾਸ; ਇਸ ਵੱਲੋਂ ਹੋਏ ਧਰਮ-ਪ੍ਰਚਾਰ ਦੀ

ਪ੍ਰਕਿਰਤੀ, ਵਿਧੀ, ਪ੍ਰਗਤੀ ਤੇ ਖੜੋਤ; ਇਸ ਦੇ ਕਈ ਬੋਲੀਆਂ ਵਿੱਚ ਉਪਜਾਏ ਸਾਹਿਤ ਦੀ ਸੰਭਾਲ, ਪ੍ਰਕਾਰ-ਵੰਡ, ਮੁਲਾਂਕਣ, ਸੰਪਾਦਨ ਤੇ ਪ੍ਰਕਾਸ਼ਨ; ਇਸ ਦੇ ਵਿਦਵਾਨਾਂ, ਲੇਖਕਾਂ, ਕਵੀਆਂ, ਦਰਸ਼ਨਾਚਾਰੀਆਂ, ਭਾਸ਼ਨਕਾਰਾਂ ਤੇ ਚਿੰਤਕਾਂ ਦੀ ਨਿਸ਼ਾਨਦੇਹੀ ਅਤੇ ਸਾਹਿੱਤ, ਵਿਆਕਰਣ, ਪਿੰਗਲ, ਦਰਸ਼ਨ ਤੇ ਗੁਰਬਾਣੀ ਦੀ ਟੀਕਾਕਾਰੀ ਅਤੇ ਵਿਆਖਿਆ ਦੇ ਖੇਤਰਾਂ ਵਿੱਚ ਇਨ੍ਹਾਂ ਦੀ ਯੋਗ ਥਾਂ ਨਿਸ਼ਚਿਤ ਕਰਨ ਵਾਲੇ ਪਾਸੇ ਉੱਚ-ਪੱਧਰੀ ਖੋਜ ਅਜੇ ਬਹੁਤ ਘੱਟ ਹੋਈ ਹੈ।[3] ਉਹਨਾਂ ਦਾ ਮੰਨਣਾ ਇਹ ਵੀ ਹੈ ਕਿ ਇਹ ਉਦਾਸੀ ਸੰਤ ਹੀ ਹਨ ਜਿਨ੍ਹਾਂ ਨੇ ਪੰਜਾਬ ਤੋਂ ਬਾਹਰਲੇ ਲੋਕਾਂ ਦੇ ਮਨਾਂ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਅਤੇ ਉਹਨਾਂ ਦੇ ਸਿਧਾਂਤਾਂ ਦੀ ਡੂੰਘੀ ਮੋਹਰ ਲਾਈ। ਲੇਖਕ ਚਾਹੁੰਦਾ ਹੈ ਕਿ ਉਦਾਸੀ ਵਿਦਵਾਨ ਗਣਿਤ, ਵਿਗਿਆਨ, ਅਰਥ ਵਿਗਿਆਨ, ਸਮਾਜ ਵਿਗਿਆਨ, ਇਤਿਹਾਸ ਅਤੇ ਭਾਸ਼ਾ ਵਿਗਿਆਨ ਵਰਗੇ ਆਧੁਨਿਕ ਸ਼ਾਸਤਰਾਂ ਦਾ ਚੋਖਾ ਗਿਆਨ ਹਾਸਲ ਕਰਕੇ ਪ੍ਰਭਾਵਸ਼ਾਲੀ ਤਰੀਕੇ ਨਾਲ ਧਰਮ ਦਾ ਪ੍ਰਚਾਰ ਕਰਨ ਪ੍ਰਤੀ ਵਚਨਬੱਧ ਹੋਣ।

ਤੀਸਰੇ ਖੋਜ ਪਰਚੇ 'ਬਾਬਾ ਸ੍ਰੀ ਚੰਦ ਜੀ' ਸਿਰਲੇਖ ਹੇਠ ਭਾਈ ਕਿਰਪਾਲ ਸਿੰਘ ਨੇ ਬਾਬਾ ਸ੍ਰੀ ਚੰਦ ਜੀ ਦੇ ਜੀਵਨ ਇਤਿਹਾਸ ਨੂੰ ਕਈ ਸਿਰਲੇਖਾਂ ਵਿੱਚ ਵੰਡ ਕੇ ਪੇਸ਼ ਕੀਤਾ ਹੈ ਜਿਵੇਂ :- ਪ੍ਰਕਾਸ਼, ਮੁੱਢਲਾ ਜੀਵਨ, ਬੇਬੇ ਨਾਨਕੀ ਦੀ ਸੰਗਤ, ਕਸ਼ਮੀਰ ਵਿਖੇ ਸ਼ਿਖਸ਼ਾ, ਆਰਤਾ, ਉਦਾਸੀ ਭੇਖ, ਗੁਰੂ ਨਾਨਕ ਦੇਵ ਜੀ ਦੇ ਅੰਤਿਮ ਸ਼ਬਦ, ਗੁਰੂ ਨਾਨਕ ਦੀ ਵੰਸ਼ ਵੇਖਣ ਦੀ ਇੱਛਾ, ਬਾਬਾ ਧਰਮ ਚੰਦ ਦੀ ਰਖਵਾਲੀ।

'ਸਿੱਖ ਧਰਮ ਦੇ ਪ੍ਰਚਾਰ ਵਿੱਚ ਉਦਾਸੀ ਸਿੱਖਾਂ ਦਾ ਯੋਗਦਾਨ' ਨਾਮਕ ਪਰਚੇ ਵਿੱਚ ਡਾ. ਸੁਰਿੰਦਰ ਸਿੰਘ ਕੋਹਲੀ ਗੁਰੂ ਨਾਨਕ ਸਾਹਿਬ ਨੂੰ ਪਹਿਲੇ ਆਦਰਸ਼ਕ ਉਦਾਸੀ ਅਤੇ ਉਦਾਸੀ ਮੱਤ ਦੇ ਸੰਚਾਲਕ ਮੰਨਦਾ ਹੈ। ਉਦਾਸੀ ਸੰਤਾਂ ਨੇ ਸਿੱਖ ਧਰਮ ਦੇ ਵਿਕਾਸ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਵਿਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ। ਚਾਰ ਧੂੰਏ ਅਤੇ ਛੇ ਬਖ਼ਸ਼ਿਸ਼ਾਂ ਨਾਲ ਸੰਬੰਧਿਤ ਵੱਖ-ਵੱਖ ਸਾਧੂਆਂ ਨੇ ਜਿਹਨਾਂ ਥਾਵਾਂ ਉੱਪਰ ਸੇਵਾ ਕੀਤੀ ਉਸ ਦਾ ਵੇਰਵਾ ਭਾਈ ਰਣਧੀਰ ਸਿੰਘ ਨੇ ਆਪਣੀ ਪੁਸਤਕ 'ਉਦਾਸੀ ਸਿੱਖਾਂ ਦੀ ਵਿਥਿਆ' ਵਿਚ ਦਿੱਤਾ ਹੈ ਉਸਦਾ ਵੇਰਵਾ ਲੇਖਕ ਨੇ ਆਪਣੇ ਇਸ ਪਰਚੇ ਵਿੱਚ ਦਿੱਤਾ ਹੈ। ਲੇਖਕ ਨੇ ਸਪੱਸ਼ਟ ਕੀਤਾ ਹੈ ਕਿ ਉਦਾਸੀ ਪਰਚਾਰਕ ਮਸੰਦਾਂ ਵਾਗੂੰ ਕੋਈ ਵੱਖਰਾ ਫਿਰਕਾ ਨਹੀਂ ਸਨ ਸਗੋਂ ਉਹ ਤਾਂ ਗੁਰੂ ਸਾਹਿਬਾਨਾਂ ਵੱਲੋਂ ਵਰੋਸਾਏ ਪਰਚਾਰਕ ਸਨ। ਇਸ ਲਈ ਉਦਾਸੀ ਕਦੇ ਵੀ ਆਪਣੇ ਅਸਲੇ ਤੋਂ ਵੱਖ ਨਹੀਂ

ਹੋ ਸਕਦੇ।

ਪ੍ਰੋ. ਪਿਆਰਾ ਸਿੰਘ ਪਦਮ ਦਾ 'ਉਦਾਸੀ ਮਹਾਤਮਾ' ਨਾਮਕ ਖੋਜ ਪਰਚਾ ਉਦਾਸੀ ਸੰਪਰਦਾ ਦੇ ਵਿਸਤਾਰ ਅਤੇ ਵਰਤਮਾਨ ਦਸ਼ਾ ਉੱਪਰ ਕੇਂਦਰਿਤ ਹੈ। ਖੋਜ ਪਰਚੇ 'ਪੰਜ ਖੰਡਾਂ ਦੀ ਵਿਆਖਿਆ : ਉਦਾਸੀ ਦ੍ਰਿਸ਼ਟੀਕੋਨ' ਵਿੱਚ ਪ੍ਰੋ. ਵਜ਼ੀਰ ਸਿੰਘ ਨੇ ਜਪੁਜੀ ਸਾਹਿਬ ਦੇ ਪੰਜ ਖੰਡਾਂ ਦੀ ਉਦਾਸੀ ਵਿਆਖਿਆਕਾਰਾਂ ਵੱਲੋਂ ਕੀਤੀ ਵਿਆਖਿਆ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ। ਜਿਸ ਵਿੱਚ ਉਹ ਸੁਆਮੀ ਆਨੰਦਘਨ ਅਤੇ ਪੰਡਿਤ ਹਰਿਪ੍ਰਸਾਦ ਦੋ ਉਦਾਸੀ ਵਿਆਖਿਆਕਾਰਾਂ ਨੂੰ ਲੈਂਦੇ ਹਨ। ਤੁਲਨਾਤਮਕ ਵਿਚਾਰਾਂ ਵਿਚ ਉਹ ਲਿਖਦੇ ਹਨ ਕਿ 'ਉਦਾਸੀ ਵਿਆਖਿਆ-ਪ੍ਰਣਾਮ ਉਕਤ ਦੋ ਆਚਾਰੀਆ ਦੇ ਟੀਕਿਆਂ ਪੰਜ ਖੰਡਾਂ ਵਿਚ ਵਰਤੇ ਗਏ ਸੰਕੇਤਾਂ ਬਾਰੇ ਮਤ ਭੇਦ ਪ੍ਰਤੱਖ ਹਨ। ਸੁਆਮੀ ਆਨੰਦਘਨ ਨੇ 'ਸਰਮ ਖੰਡ' ਨੂੰ ਸ਼ਰਮ ਦਾ ਵਿਭਾਗ ਮੰਨਿਆ ਹੈ, ਨਾਲ ਹੀ ਇਸ ਨੂੰ ਸ਼ਾਤੀ ਦਾ ਲਖਾਇਕ ਦਰਸਾਇਆ ਹੈ। ਮਹੰਤ ਹਰਿਪ੍ਰਸਾਦ ਨੂੰ 'ਸਰਮ ਖੰਡ' ਆਸ਼ਰਮ ਦਾ ਲੋਕ ਦੱਸਿਆ।[4]

'ਬਾਬਾ ਸ੍ਰੀ ਚੰਦ ਜੀ ਦੁਆਰਾ ਰਚਿਤ ਆਰਤਾ : ਇੱਕ ਅਧਿਐਨ' ਵਿੱਚ ਪ੍ਰੋ. ਗੁਰਦੇਵ ਕੌਰ ਢਿੱਲੋਂ ਨੇ ਸ਼ੁਰੂ ਵਿੱਚ ਬਾਬਾ ਸ੍ਰੀ ਚੰਦ ਜੀ ਦਾ ਸੰਖੇਪ ਜੀਵਨ ਬਿਊਰਾ ਦੇਣ ਦੇ ਨਾਲ-ਨਾਲ ਇਹ ਸਪੱਸ਼ਟ ਕੀਤਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਆਪਣੀ 'ਆਰਤਾ' ਨਾਮੀ ਬਾਣੀ ਵਿਚ ਆਪਣੇ ਗੁਰੂ ਪਿਤਾ ਗੁਰੂ ਨਾਨਕ ਦੇਵ ਜੀ ਦੀ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਉਸਤਤਿ ਕੀਤੀ ਹੈ।

ਪ੍ਰੋ. ਜਸਵਿੰਦਰ ਕੌਰ ਢਿੱਲੋਂ ਨੇ ਆਪਣੇ ਖੋਜ ਪਰਚੇ 'ਉਦਾਸੀਨ ਪੰਥ ਦੀ ਸਦਾਚਾਰਕ ਨੀਤੀ' ਵਿੱਚ ਬਾਬਾ ਸ੍ਰੀ ਚੰਦ ਜੀ ਦੁਆਰਾ ਰਚਿਤ ਮਾਤਰਾ ਸ਼ਾਸਤਰ ਵਿੱਚੋਂ ਉਭਰਦੇ ਸਦਾਚਾਰਕ ਗੁਣਾਂ ਦਾ ਜ਼ਿਕਰ ਕੀਤਾ ਹੈ। ਉਹਨਾਂ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇੱਕ ਜੋਗੀ ਸਾਧਕ ਦੀ ਜਿਸ ਮਰਿਯਾਦਾ ਦਾ ਵੇਰਵਾ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ ਸਾਹਿਬ' ਵਿੱਚ ਪੇਸ਼ ਕੀਤਾ ਹੈ, ਠੀਕ ਉਸੇ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੀ ਬਾਣੀ ਵਿਚ ਨਜ਼ਰ ਆਉਂਦਾ ਹੈ। ਇਹ ਪਰਚਾ ਇਸ ਗੱਲ ਉੱਪਰ ਕੇਂਦਰਤ ਹੈ ਕਿ ਸ੍ਰੀ ਚੰਦ ਜੀ ਸੰਸਾਰ ਦੇ ਤਿਆਗ ਦਾ ਸੰਨਿਆਸੀਆਂ ਅਤੇ ਜੋਗੀਆਂ ਵਾਲਾ ਆਦਰਸ਼ ਸਾਹਮਣੇ ਨਹੀਂ ਰੱਖਦੇ ਬਲਕਿ ਸਮਾਜ ਵਿਚ ਰਹਿ ਕੇ ਸਦਗੁਣਾਂ ਨੂੰ ਅਪਨਾਉਣ ਨੂੰ ਹੀ ਉਤਮ ਮੰਨਦੇ ਹਨ। ਗੁਰੂ ਨਾਨਕ ਸਾਹਿਬ ਦੀ ਤਰ੍ਹਾਂ ਸ੍ਰੀ ਚੰਦ ਜੀ ਵੀ

ਮਾਤਰਾ ਸ਼ਾਸਤਰ ਵਿੱਚ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਧਾਰਮਿਕ ਚਿੰਨ੍ਹਾਂ ਦੇ ਸਥਾਨ 'ਤੇ ਗਿਆਨ, ਖਿਮਾ, ਜਤ, ਧਿਆਨ, ਸੰਤੋਖ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਨਾ ਹੀ ਮਨ ਅਤੇ ਇੰਦ੍ਰੀਆਂ ਨੂੰ ਵਸ ਵਿੱਚ ਰੱਖਣ ਨੂੰ, ਹਰਖ ਸੋਗ ਬਰਾਬਰ ਜਾਨਣ ਨੂੰ ਅਤੇ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣ ਨੂੰ ਮਹੱਤਾ ਦਿੱਤੀ ਜਾਣੀ ਚਾਹੀਦੀ ਹੈ।[5] ਇਸ ਤੋਂ ਇਲਾਵਾ ਉਹਨਾਂ ਨੇ ਸਿੱਖਾਂ ਅਤੇ ਉਦਾਸੀਆਂ ਦੇ ਸਿਧਾਂਤਕ ਵਖਰੇਵੇਂ ਦਾ ਖੰਡਨ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਉਦਾਸੀਆਂ ਨੇ ਸਿੱਖ ਪੰਥ ਦੀ ਬਹੁਤ ਵੱਡੀ ਸੇਵਾ ਕੀਤੀ ਹੈ।

ਡਾ. ਸ਼ਮਸ਼ੇਰ ਸਿੰਘ ਨੇ 'ਬਿਹਾਰ ਵਿਖੇ ਉਦਾਸੀਆਂ ਵੱਲੋਂ ਗੁਰਮਤਿ ਪ੍ਰਚਾਰ' ਵਿਚ ਉਦਾਸੀਆਂ ਦੁਆਰਾ ਬਿਹਾਰ ਦੇ ਵੱਖ-ਵੱਖ ਇਲਾਕਿਆਂ ਵਿਚ ਕੀਤੇ ਸਿੱਖੀ ਦੇ ਪ੍ਰਚਾਰ ਦਾ ਜ਼ਿਕਰ ਕੀਤਾ ਹੈ। ਉਹਨਾਂ ਦੇ ਇਸ ਖੋਜ ਪਰਚੇ ਵਿਚ ਉਦਾਸੀ ਸੰਤਾਂ ਨੇ ਬਿਹਾਰ ਵਿਚ ਜੋ ਵੀ ਕਾਰਜ ਕੀਤੇ ਉਸ ਦਾ ਵੇਰਵਾ ਦਿੱਤਾ ਹੈ। ਜਿਸ ਤਰ੍ਹਾਂ ਬਿਹਾਰ ਵਿਖੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਸਥਾਨਾਂ ਦੀ ਖੋਜ ਕਰਨੀ, ਗੁਰਬਾਣੀ ਦੇ ਟੀਕੇ ਲਿਖ ਕੇ ਵੰਡਣੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੌ ਦੇ ਲਗਭਗ ਹੱਥ ਲਿਖਤ ਬੀੜਾਂ ਤਿਆਰ ਕਰਨਾ, ਸਥਾਪਿਤ ਧਾਰਮਿਕ ਕੇਂਦਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ ਅਤੇ ਕਥਾ-ਕੀਰਤਨ ਦਾ ਪ੍ਰਵਾਹ ਚਲਾਉਣਾ ਆਦਿ। ਉਹਨਾਂ ਨੇ ਉੱਤਰੀ ਬਿਹਾਰ ਵਿੱਚ ਪਟਨਾ, ਆਰਾ, ਛਪਰਾ, ਦਰਭੰਗਾ, ਮਜ਼ੁੱਫਰਪੁਰ, ਗਯਾ, ਮੁੰਗੇਰ ਅਤੇ ਸਸਰਾਮ ਆਦਿ ਜ਼ਿਲ੍ਹਿਆਂ ਅਤੇ ਦੱਖਣੀ ਬਿਹਾਰ ਵਿਚ ਚਤਰਾ, ਦਾਊਦ ਨਗਰ, ਆਦਿ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ।

ਡਾ. ਮਹਿੰਦਰ ਕੌਰ ਗਿੱਲ ਨੇ ਆਪਣੇ ਪਰਚੇ 'ਉਦਾਸੀ ਸੰਤ : ਟੀਕਾਕਾਰੀ ਨੂੰ ਦੇਣ' ਵਿਚ ਉਦਾਸੀ ਸੰਤਾਂ ਦੁਆਰਾ ਗੁਰਬਾਣੀ ਟੀਕਾਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਧਿਆਨਗੋਚਰੇ ਲਿਆਂਦਾ ਗਿਆ ਹੈ। ਉਦਾਸੀ ਪ੍ਰਣਾਲੀ ਨੂੰ ਚੌਥੇ ਸਥਾਨ ਉੱਤੇ ਰੱਖਿਆ ਗਿਆ ਹੈ। ਜਿਸ ਵਿਚ ਦੋ ਉਦਾਸੀ ਸੰਤਾਂ, ਸਾਧੂ ਆਨੰਦਘਨ ਅਤੇ ਸੁਆਮੀ ਸਦਾਨੰਦ ਦੀਆਂ ਵਿਆਖਿਆਤਮਕ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਹੈ। ਉਹਨਾਂ ਨੇ ਪਰਚੇ ਵਿਚ ਇਹ ਗੱਲ ਸਾਫ਼ ਤੌਰ 'ਤੇ ਸਪਸ਼ੱਟ ਕੀਤੀ ਹੈ ਕਿ ਬਾਬਾ ਸ੍ਰੀ ਚੰਦ ਜੀ ਤੋਂ ਇਸ ਪਰੰਪਰਾ ਦਾ ਮੌਖਿਕ ਰੂਪ ਆਗਾਜ਼ ਹੋ ਚੁੱਕਿਆ ਸੀ। ਉਹਨਾਂ ਦੇ ਕਾਫ਼ੀ ਦੇਰ ਬਾਅਦ ਸਾਧੂ ਆਨੰਦਘਣ ਨੇ ਮੌਖਿਕ ਪਰੰਪਰਾ ਨੂੰ ਸ਼ਬਦੀ ਜਾਮਾ ਪਹਿਨਾਇਆ ਸੀ।

'ਬਾਲ ਜਤੀ ਸ੍ਰੀ ਚੰਦ ਮਾਨ ਬਹੁ ਪਾਇਓ' ਪਰਚੇ ਵਿੱਚ ਪ੍ਰੋ. ਨਿਰਮਲ ਸਿੰਘ ਨੇ ਬਾਬਾ ਸ੍ਰੀ ਚੰਦ ਜੀ ਵੱਲੋਂ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਪਾਏ ਗਏ ਯੋਗਦਾਨ ਅਤੇ ਉਨ੍ਹਾਂ ਦਾ ਵੱਖ-ਵੱਖ ਗੁਰੂ ਸਾਹਿਬਾਨਾਂ ਵੱਲੋਂ ਕੀਤੇ ਗਏ ਮਾਣ ਸਤਿਕਾਰ ਆਦਿ ਪਹਿਲੂਆਂ ਉੱਪਰ ਚਾਨਣਾ ਪਾਇਆ ਹੈ। ਇਸੇ ਪੁਸਤਕ ਦੇ ਦੂਸਰੇ ਭਾਗ ਵਿਚ ਡਾ. ਸੁਲੱਖਣ ਸਿੰਘ ਨੇ 'ਇਤਿਹਾਸਕ ਪਰਿਪੇਖ ਵਿਚ ਉਦਾਸੀ' ਸਿਰਲੇਖ ਹੇਠ ਕੁੰਜੀਵਤ ਭਾਸ਼ਣ ਦੌਰਾਨ ਉਦਾਸੀ ਸੰਪ੍ਰਦਾਇ ਦੇ ਨਾਲ ਜੁੜੇ ਹਰ ਪਹਿਲੂ ਉਪੱਰ ਝਾਤ ਮਾਰਦਿਆਂ ਜਿਹੜੇ ਵਿਸ਼ੇ ਖੋਜ ਦੇ ਮੁਥਾਜ ਹਨ ਉਹਨਾਂ ਉੱਪਰ ਚਾਨਣਾ ਪਾਇਆ।

ਸਵਾਮੀ ਬ੍ਰਹਮ ਦੇਵ 'ਉਦਾਸੀ' ਨੇ ਬਾਬਾ ਸ੍ਰੀ ਚੰਦ ਜੀ ਅਤੇ ਉਹਨਾਂ ਦੇ ਥਾਪੇ ਉਦਾਸੀ ਭੇਖ ਦਾ ਗੁਰੂ ਜੋਤੀਆਂ ਨਾਲ ਤੇ ਗੁਰੂ ਪੰਥ ਨਾਲ ਸੰਬੰਧ ਵਿਸ਼ੇ ਨੂੰ ਇੱਕ ਬਿਹੰਗਮ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ।

'ਉਦਾਸੀਆਂ ਦੇ ਆਦਿ ਦਾ ਇਤਿਹਾਸਕ ਵਿਸ਼ਲੇਸ਼ਣ' ਸਿਰਲੇਖ ਅਧੀਨ ਡਾ. ਦਲਬੀਰ ਸਿੰਘ ਢਿੱਲੋਂ ਨੇ ਉਦਾਸੀ ਸ਼ਬਦ ਅਤੇ ਉਦਾਸੀ ਪਰੰਪਰਾ ਦੀ ਪ੍ਰਾਚੀਨਤਾ ਨੂੰ ਦਰਸਾਉਂਦੇ ਹੋਏ ਦੱਸਿਆ ਹੈ ਕਿ ਇੱਕ ਧਾਰਾ ਦਾ ਵਿਸ਼ਵਾਸ ਇਹ ਹੈ ਕਿ ਉਦਾਸੀ ਵੈਦਿਕ ਵਿਚਾਰਧਾਰਾ ਦੀ ਉਤਪਤੀ ਹੈ। ਦੂਸਰੀ ਧਾਰਾ ਉਦਾਸੀ ਪਰੰਪਰਾ ਦਾ ਆਦਿ ਬਾਬਾ ਸ੍ਰੀ ਚੰਦ ਜੀ ਨੂੰ ਮੰਨਦੀ ਹੈ। ਪਰ ਉਹਨਾਂ ਨੇ ਇਹਨਾਂ ਦੋਵਾਂ ਤੱਥਾਂ ਦੀ ਤੁਲਨਾ ਕਰਕੇ ਇਹੀ ਸਿੱਟਾ ਕੱਢਿਆ ਹੈ ਕਿ ਮੱਧਕਾਲ ਵਿਚ ਉਦਾਸੀ ਪਰੰਪਰਾ ਦੀ ਉਤਪਤੀ ਹੋਈ ਅਤੇ ਉਸਦੇ ਮੋਢੀ ਬਾਬਾ ਸ੍ਰੀ ਚੰਦ ਜੀ ਸਨ ਅਤੇ ਉਹਨਾਂ ਨੇ ਆਪਣੇ ਗੁਰੂ-ਪਿਤਾ ਦੇ ਮਿਸ਼ਨ ਨੂੰ ਹੀ ਪਰਚਾਰਿਆ ਹੈ।

ਪ੍ਰੋ. ਭੁਪਿੰਦਰ ਸਿੰਘ ਖਹਿਰਾ ਨੇ 'ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ' ਨਾਮੀ ਖੋਜ ਪਰਚੇ ਵਿੱਚ ਉਦਾਸੀ ਸੰਪਰਦਾਇ ਅਤੇ ਸਿੱਖ ਪੰਥ ਦੇ 1920 ਤੋਂ ਲੈ ਕੇ 2007 ਤੱਕ ਦੇ ਸੰਬੰਧਾਂ ਦਾ ਜ਼ਿਕਰ ਕੀਤਾ ਹੈ। ਜਿਸ ਵਿਚ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਪ੍ਰਬੰਧਕ ਕਮੇਟੀ, ਗੁਰੂ ਕੇ ਬਾਗ਼ ਦਾ ਮੋਰਚਾ, ਨਨਕਾਣਾ ਸਾਹਿਬ ਦਾ ਸਾਕਾ, ਸਿੱਖ ਗੁਰਦੁਆਰਾ ਐਕਟ, ਸੰਤ ਖਾਲਸਾ ਦਲ ਨਾਮੀ ਸੰਸਥਾ ਦੇ ਪੰਜ ਸਰਵਧਰਮ ਸੰਮੇਲਨ (1975 ਤੋਂ 2002), ਸਰਵਧਰਮ ਵਿਦਿਆ ਪੀਠ ਯੂਨੀਵਰਸਿਟੀ ਦੀ ਸਥਾਪਨਾ ਆਦਿ ਮਹੱਤਵਪੂਰਨ ਵਿਸ਼ਿਆ ਦਾ ਉਲੇਖ ਕੀਤਾ ਹੈ।

ਡਾ. ਮਾਨ ਸਿੰਘ ਨਿਰੰਕਾਰੀ ਨੇ 'ਭਗਵਾਨ ਸ੍ਰੀ ਚੰਦਰ' ਵਿੱਚ ਬਾਬਾ ਸ੍ਰੀ ਚੰਦ ਦੇ ਜੀਵਨ ਦਾ ਬਿਆਨ ਕੀਤਾ ਹੈ। ਅੰਤਿਮ ਖੋਜ ਪਰਚੇ 'ਬਾਬਾ ਸ੍ਰੀ ਚੰਦ ਜੀ : ਜੀਵਨ ਤੇ ਮਨੁੱਖਤਾ ਨੂੰ ਵਿਰਾਸਤ' ਵਿੱਚ ਡਾ. ਸੁਰਜੀਤ ਕੌਰ ਜੌਲੀ ਨੇ ਬਾਬਾ ਸ੍ਰੀ ਚੰਦ ਜੀ ਜੀਵਨ, ਸ਼ਖ਼ਸੀਅਤ, ਯਾਤਰਾਵਾਂ, ਉਪਦੇਸ਼ਾਂ, ਸਿੱਖ ਗੁਰੂ ਸਹਿਬਾਨਾਂ ਨਾਲ ਸੰਬੰਧ ਆਦਿ ਵਿਸ਼ਿਆਂ ਦਾ ਵਰਣਨ ਕੀਤਾ ਹੈ।

### 2.4.11 ਮਹੰਤ ਆਨੰਤਾਨੰਦ ਉਦਾਸੀਨ, ਨਿਰਵਾਣ-ਪ੍ਰੀਤਮ-ਚਰਿਤ, ਪ੍ਰੀਤਮ ਪ੍ਰਕਾਸ਼ਨ, ਅਖਾੜਾ ਸੰਗਲ ਵਾਲਾ, ਅੰਮ੍ਰਿਤਸਰ, 1994

ਇਹ ਇਕ ਅਨੁਵਾਦਕ ਪੁਸਤਕ ਹੈ। ਇਸ ਦਾ ਅਨੁਵਾਦ ਡਾ. ਗਿਆਨ ਇੰਦਰ ਸਿੰਘ ਨੇ ਹਿੰਦੀ ਤੋਂ ਪੰਜਾਬੀ ਵਿਚ ਕੀਤਾ ਹੈ। ਇਸ ਪੁਸਤਕ ਨੂੰ 15 ਪੁਸ਼ਪਾਂ ਵਿੱਚ ਵੰਡਿਆ ਗਿਆ ਹੈ। ਇਹ ਪੁਸਤਕ ਬਾਬਾ ਸ੍ਰੀ ਚੰਦ ਜੀ ਦੇ ਸ਼ਰਧਾਲੂ ਅਤੇ ਅਖਾੜਾ ਸੰਗਲ ਵਾਲਾ ਦੇ ਸੰਸਥਾਪਕ ਨਿਰਵਾਣ ਪ੍ਰੀਤਮ ਦਾਸ ਜੀ ਦੇ ਜੀਵਨ ਨਾਲ ਸੰਬੰਧਿਤ ਹੈ। ਇਸ ਪੁਸਤਕ ਦੇ ਪਹਿਲੇ ਦੋ ਪੁਸ਼ਪ ਸਾਡੇ ਲਈ ਲੋੜੀਂਦੇ ਹਨ। ਪਹਿਲੇ ਪੁਸ਼ਪ ਵਿੱਚ ਉਦਾਸੀਨ ਸ਼ਬਦ ਦਾ ਅਰਥ ਪ੍ਰਗਟਾਇਆ ਗਿਆ ਹੈ। ਨਾਲੋਂ-ਨਾਲ ਇਸ ਸੰਪ੍ਰਦਾਇ ਦੇ ਮੋਢੀ ਸਨਕ, ਸਨੰਦਨ, ਸੰਨਤ ਕੁਮਾਰ, ਸਨਾਤਨ ਨੂੰ ਮੰਨਿਆ ਗਿਆ ਹੈ। ਉਦਾਸੀਨ ਮੁਨੀਆਂ ਦੀ ਲੜੀ ਵਿਚ 165 ਵੀ ਥਾਂ ਬਾਬਾ ਸ੍ਰੀ ਚੰਦ ਜੀ ਨੂੰ ਦਿੱਤੀ ਗਈ ਹੈ। ਉਹਨਾਂ ਦੇ ਜੀਵਨ ਨਾਲ ਸੰਬੰਧਿਤ ਸੰਖੇਪ ਵੇਰਵਾ ਵੀ ਇਸ ਪੁਸਤਕ ਵਿੱਚ ਦਿੱਤਾ ਗਿਆ ਹੈ। ਇਸ ਵਿੱਚ ਬਾਬਾ ਸ੍ਰੀ ਚੰਦ ਜੀ ਦੀਆਂ ਤਿੰਨ ਮਾਤਰਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਦੂਸਰੇ ਪੁਸ਼ਪ ਵਿੱਚ ਅਖਾੜਾ ਸੰਗਲਵਾਲੇ ਦੀ ਪਰੰਪਰਾ ਦਾ ਬਿਆਨ ਮਿਲਦਾ ਹੈ। ਇਸ ਅਖਾੜੇ ਦਾ ਸੰਬੰਧ ਚਾਰ ਧੂਣਿਆਂ ਵਿੱਚੋਂ ਚੌਥੇ ਧੂਣੇ ਗੋਇੰਦ ਸਾਹਿਬ ਨਾਲ ਜੋੜਿਆ ਗਿਆ ਹੈ। ਗੋਇੰਦ ਸਾਹਿਬ ਤੋਂ ਬਾਅਦ ਬਾਵਾ ਕਵਲ ਨੈਨ ਜੀ, ਬਾਵਾ ਚਿੰਤਾਮਣੀ ਜੀ, ਬਾਵਾ ਨੰਦ ਲਾਲ ਸੋਹਣਾ ਜੀ, ਬਾਵਾ ਮੀਹਾਂ ਸਾਹਿਬ ਜੀ, ਬਾਵਾ ਮਜਨੂੰ ਸਾਹਿਬ ਜੀ, ਬਾਵਾ ਸੰਗਤ ਦਾਸ ਜੀ, ਨਿਰਬਾਣ ਪ੍ਰੀਤਮ ਦਾਸ ਜੀ ਆਦਿ ਦਾ ਵੇਰਵਾ ਇਸ ਪੁਸਤਕ ਵਿਚ ਮਿਲਦਾ ਹੈ।

### 2.4.12 ਨਰਿੰਦਰ ਸਿੰਘ ਸੋਚ, ਭਗਵਾਨ ਸ੍ਰੀ ਚੰਦਰ ਦਰਸ਼ਨ, ਮਹੰਤ ਸੰਤ ਸਰੂਪ ਜੀ, ਅਖਾੜਾ ਬ੍ਰਹਮ ਬੂਟਾ, ਸ੍ਰੀ ਅੰਮ੍ਰਿਤਸਰ

ਇਸ ਪੁਸਤਕ ਵਿਚ ਬਾਬਾ ਸ੍ਰੀ ਚੰਦ ਜੀ ਦੇ ਜੀਵਨ ਦਰਸ਼ਨ, ਬਾਣੀ ਅਤੇ ਜੀਵਨ ਨਾਲ ਸੰਬੰਧਿਤ

ਘਟਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਪੁਸਤਕ ਵਿਚ ਲੇਖਕ ਨੇ ਵੱਖ-ਵੱਖ ਮਾਤਰਿਆਂ ਦਾ ਜ਼ਿਕਰ ਵੀ ਕੀਤਾ ਹੈ। ਕੁੱਝ ਮਾਤਰੇ ਬਾਬਾ ਸ਼੍ਰੀ ਚੰਦ ਜੀ ਨਾਲ ਸੰਬੰਧਿਤ ਹਨ। ਇਸ ਤੋਂ ਇਲਾਵਾ ਬਾਬਾ ਅਲਮਸਤ, ਭਗਤ ਭਗਵਾਨ, ਬਾਵਾ ਬਲਖੰਡੀ ਆਦਿ ਦੇ ਮਾਤਰੇ ਵੀ ਮਿਲਦੇ ਹਨ। ਇਸ ਪੁਸਤਕ ਵਿਚ ਮਾਤਰਿਆ ਨੂੰ ਉਦਾਸੀ ਧਰਮ ਦੇ ਵੇਦ, ਉਪਨਿਸ਼ਦ, ਸਭਿਆਚਾਰ ਅਤੇ ਮਰਯਾਦਾ ਘੋਸ਼ਿਤ ਕੀਤਾ ਗਿਆ ਹੈ। ਇਹਨਾਂ ਮਾਤਰਿਆਂ ਦੇ ਮੁੱਖ ਪ੍ਰਤੀਕਾਂ ਦੀ ਵਿਆਖਿਆ ਵੀ ਇਸ ਵਿੱਚ ਕੀਤੀ ਮਿਲਦੀ ਹੈ।

**2.4.13 ਡਾ. ਮਨਮੋਹਨ ਸਹਿਗਲ, ਸ਼ਿਵ ਸਰੂਪ ਸ੍ਰੀ ਚੰਦਰ, ਡਾ. ਜਗਦੀਸ਼ ਕੌਰ ਵਾਡੀਆ (ਅਨੁ.), ਸੁਆਮੀ ਸੰਤਦਾਸ ਪ੍ਰਕਾਸ਼ਨ ਪ੍ਰੀਸ਼ਦ, ਗੋਪਾਲ ਨਗਰ, ਜਲੰਧਰ, 2003**

ਇਸ ਪੁਸਤਕ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਬਾਬਾ ਸ਼੍ਰੀ ਚੰਦ ਜੀ ਦੇ ਜੀਵਨ, ਸਿਖਿਆਵਾਂ, ਜੀਵਨ-ਦਰਸ਼ਨ ਅਤੇ ਬਾਣੀ ਨੂੰ ਵਧੇਰੇ ਸਾਰਥਕ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਸ਼੍ਰੀ ਚੰਦ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਉਲੇਖ ਤਰਕ ਦੀ ਕਸਵੱਟੀ ਉੱਤੇ ਪਰਖ ਕੇ ਕੀਤਾ ਗਿਆ ਹੈ। ਲੇਖਕ ਨੇ ਉਦਾਸੀ ਮਤ ਨੂੰ ਸਮਾਜਕ, ਰਾਜਸੀ ਤੇ ਧਾਰਮਿਕ ਪਿੱਠ ਭੂਮੀ ਵਿੱਚ ਰੱਖ ਕੇ ਉਸ ਸਮੇਂ ਦੀਆਂ ਪਰਸਥਿਤੀਆਂ ਉੱਪਰ ਪ੍ਰਕਾਸ਼ ਪਾਇਆ ਹੈ। ਇਹਨਾਂ ਪ੍ਰਸਥਿਤੀਆਂ ਵਿੱਚ ਆਮ ਜਨਤਾ ਨੂੰ ਮਾਨਸਿਕ, ਆਰਥਿਕ, ਸਮਾਜਕ ਅਤੇ ਧਾਰਮਿਕ ਪੱਖ ਤੋਂ ਸਿਹਤਮੰਦ ਕਰਨਾ ਬਾਬਾ ਸ਼੍ਰੀ ਚੰਦ ਜੀ ਦਾ ਮੁੱਖ ਮਿਸ਼ਨ ਸੀ।

**2.4.14 ਰਤਨ ਸਿੰਘ ਜੱਗੀ (ਸੰਪਾ.), ਆਸਾ ਦੀ ਵਾਰ ਦਾ ਟੀਕਾ (ਟੀਕਾਕਾਰ ਸੁਆਮੀ ਆਨੰਦਘਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990**

ਸੁਆਮੀ ਆਨੰਦਘਨ ਦੇ ਇਸ ਟੀਕੇ ਦਾ ਸੰਪਾਦਨ ਰਤਨ ਸਿੰਘ ਜੱਗੀ ਨੇ ਕੀਤਾ। ਸੁਆਮੀ ਆਨੰਦਘਨ ਦੇ ਟੀਕੇ ਉਦਾਸੀ ਸੰਪ੍ਰਦਾਇ ਵਿਚ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ। ਇਸ ਪੁਸਤਕ ਵਿਚ ਉਹਨਾਂ ਦੇ ਜੀਵਨ ਸੰਬੰਧੀ ਜਾਣਕਾਰੀ ਨੂੰ ਦੋ ਆਧਾਰਾਂ ਉੱਪਰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਹਨ ਅੰਦਰਲੇ ਪ੍ਰਮਾਣ ਅਤੇ ਬਾਹਰਲੇ ਪ੍ਰਮਾਣ। ਅੰਦਰਲੇ ਪ੍ਰਮਾਣਾਂ ਵਿਚ ਜਪੁਜੀ ਸਾਹਿਬ ਦੀ ਇਕ ਟੂਕ ਦੇ ਆਧਾਰ ਉੱਤੇ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਕੁਲ ਨਾਲ ਸੰਬੰਧਿਤ ਦਰਸਾਇਆ ਗਿਆ ਹੈ। ਦੂਜੇ ਪ੍ਰਮਾਣ ਵਿਚ ਜਪੁਜੀ ਸਾਹਿਬ ਅਤੇ ਹੋਰ ਟੀਕਿਆਂ ਦੀਆਂ ਪੁਸ਼ਪਿਕਾਵਾਂ ਦੇ ਆਧਾਰ ਉੱਤੇ ਇਹ ਸਪੱਸ਼ਟ

ਕੀਤਾ ਗਿਆ ਹੈ ਕਿ ਉਹ ਗੁਰੂ ਨਾਨਕ ਦੇਵ ਸਾਹਿਬ ਦੀ ਹੀ ਵੰਸ਼-ਪਰੰਪਰਾ ਵਿਚ ਦਸਵੀਂ ਥਾਂ ਉੱਤੇ ਸਨ ਅਤੇ ਉਹਨਾਂ ਦੇ ਗੁਰੂ ਦਾ ਨਾਮ ਰਾਮ ਦਿਆਲ ਸੀ।

ਇਸ ਪੁਸਤਕ ਦੀ ਭੂਮਿਕਾ ਵਿਚ ਲੇਖਕ ਨੇ ਵਿਸਥਾਰਪੂਰਵਕ ਉਦਾਸੀ ਸੰਪ੍ਰਦਾਇ ਦੇ ਜਨਮ, ਵਿਕਾਸ, ਧਾਰਮਿਕ ਅਤੇ ਸਾਹਿਤਿਕ ਖੇਤਰ ਵਿਚ ਪਾਏ ਯੋਗਦਾਨ, ਟੀਕਿਆਂ ਦੇ ਵਿਚਾਰਧਾਰਕ ਪਿਛੋਕੜ, ਸੁਆਮੀ ਆਨੰਦਘਨ ਦੀ ਟੀਕਾ-ਵਿਧੀ ਦੇ ਵਰਣਨ ਤੋਂ ਇਲਾਵਾ ਆਸਾ ਦੀ ਵਾਰ ਵਿਚਾਰਧਾਰਕ, ਸਾਹਿਤਿਕ ਅਤੇ ਅਧਿਆਤਮਕ ਮਹਾਨਤਾ ਉੱਪਰ ਵੀ ਵਿਚਾਰ ਕੀਤੀ ਹੈ। ਇਸ ਉਪਰੰਤ ਸੁਆਮੀ ਆਨੰਦਘਨ ਦੁਆਰਾ ਰਚਿਤ 'ਆਸਾ ਦੀ ਵਾਰ' ਦੇ ਮੂਲ ਟੀਕੇ ਦਾ ਵਿਆਖਿਆਤਮਕ ਰੂਪ ਪੇਸ਼ ਕੀਤਾ ਗਿਆ ਹੈ।

ਵਿਦਵਾਨ ਲੇਖਕ ਨੇ ਸੁਆਮੀ ਆਨੰਦਘਨ ਦੀ ਟੀਕਾਕਾਰੀ ਸੰਬੰਧੀ ਵਿਚਾਰ ਪ੍ਰਗਟਾਉਂਦੇ ਹੋਏ ਲਿਖਿਆ ਹੈ, "ਸਮੁੱਚੇ ਤੌਰ ਤੇ ਆਨੰਦਘਨ ਦੀ ਟੀਕਾਕਾਰੀ ਦੀ ਵਾਰਤਕ ਵਿਚ ਅਭਿਆਸੀ ਵਿਦਵਾਨ ਦੀ ਸਫਲ ਭਾਵ-ਅਭਿਵਿਅਕਤੀ ਦਾ ਸੁੰਦਰ ਸਾਧਨ ਹੈ। ਗੰਭੀਰਤਾ ਦੇ ਨਾਲ-ਨਾਲ ਵਿਅਕਤਿਕਤਾ ਵੀ ਉਨ੍ਹਾਂ ਦੀ ਸ਼ੈਲੀ ਦੀ ਵਿਸ਼ੇਸ਼ਤਾ ਹੈ। ਖੜੀ ਬੋਲੀ ਦੀ ਵਾਰਤਕ ਦੇ ਇਤਿਹਾਸ ਵਿਚ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਹੈ। ਗੁਰਬਾਣੀ ਦੀ ਟੀਕਾਕਾਰੀ ਵਿਚ ਉਹ ਉਦਾਸੀ ਸੰਪ੍ਰਦਾਇ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਗੁਰਮਤਿ ਵਿਚ ਉਦਾਸੀ ਮਤ ਦੀ ਪੰਚ-ਦੇਵ ਉਪਾਸਨਾ ਪੱਧਤੀ ਅਤੇ ਪਰਿਵਾਜਕ ਬਿਰਤੀ ਦਾ ਸਮਾਵੇਸ਼ ਕਰਕੇ ਇਕ ਅਜੀਬ ਜਿਹੇ ਸਮਨਵੈ ਦੀ ਸਥਾਪਨਾ ਕਰਦੇ ਹਨ। ਪਰ ਪਰਸਪਰ ਵਿਰੋਧੀ ਮਾਨਤਾਵਾਂ ਤੇ ਅਧਾਰਿਤ ਹੋਣ ਕਾਰਨ ਇਸ ਪ੍ਰਕਾਰ ਦੀ ਸਮਨਵੈ-ਭਾਵਨਾ ਕਾਲਾਂਤਰ ਵਿਚ ਖਤਮ ਹੋ ਗਈ ਹੈ। ਇਸੇ ਕਰਕੇ ਹੀ ਉਦਾਸੀ ਸੰਪ੍ਰਦਾਇ ਆਪਣੇ ਮੂਲ ਸਰੋਤ ਤੋਂ ਹਟ ਕੇ ਸਨਾਤਨਵਾਦ ਦੀ ਪੁਨਰ-ਸੰਸਥਾਪਨਾ ਕਰਨ ਵਿਚ ਰੁਚਿਤ ਹੈ।[6]

**2.4.15 ਗਿਆਨੀ ਈਸ਼ਰ ਸਿੰਘ ਨਾਰਾ, ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ, ਗੋਬਿੰਦ ਸਦਨ, ਦਿੱਲੀ**

ਇਹ ਪੁਸਤਕ ਬਾਬਾ ਸ੍ਰੀ ਚੰਦ ਜੀ ਦੇ ਜੀਵਨ-ਇਤਿਹਾਸ ਨਾਲ ਸੰਬੰਧਿਤ ਬਹੁਮੁੱਲੀ ਪੁਸਤਕ ਹੈ। ਲੇਖਕ ਦੁਆਰਾ ਇਸ ਪੁਸਤਕ ਨੂੰ ਲਿਖਣ ਦਾ ਮੁੱਖ ਮੰਤਵ ਬਾਬਾ ਸ੍ਰੀ ਚੰਦ ਦੇ ਜੀਵਨ-ਇਤਿਹਾਸ ਨੂੰ ਲੈ ਕੇ ਜੋ ਭਰਮ-ਭੁਲੇਖੇ ਹਨ, ਉਹਨਾਂ ਨੂੰ ਦੂਰ ਕਰਕੇ ਸਹੀ ਸੰਦਰਭ ਵਿਚ ਉਹਨਾਂ ਦੀ ਮਹਾਨਤਾ ਨੂੰ ਪ੍ਰਗਟਾਉਣਾ ਹੈ। ਇਸ ਸੰਬੰਧੀ ਉਹ ਲਿਖਦੇ ਹਨ-

"ਬਸ! ਐਸੇ ਬਾਬਾ ਸ਼੍ਰੀ ਚੰਦ ਜੀ ਮਹਾਨ ਵਿਅਕਤੀ ਦਾ ਸਹੀ ਰੂਪ ਦਾ ਸਾਰਿਆਂ ਨੂੰ ਗਿਆਨ ਕਰਾਣਾ ਤੇ ਦੋ-ਤਰਫੀ ਪੈ ਚੁੱਕੇ ਭੁਲੇਖਿਆਂ ਨੂੰ ਦੂਰ ਕਰਨਾ ਹੀ ਇਸ ਪੁਸਤਕ ਦੇ ਲਿਖਣ ਦਾ 'ਮੁੱਖ ਮੰਤਵ' ਹੈ। ਜਿਸ ਤੇ ਭਾਰਤੀ ਵਾਸੀਆਂ ਨੂੰ ਪਤਾ ਲੱਗ ਜਾਵੇ ਕਿ ਆਪਣੇ ਗੁਰੂ ਨਾਨਕ ਪਿਤਾ ਦੀ ਪਵਿੱਤਰ ਜ਼ਿੰਦਗੀ ਦੇ ਅਸਰ ਨਾਲ ਦੇਸ਼ ਸੇਵਾ (ਜਾਤੀ ਸੁਧਾਰ) ਜਾਂ 'ਸਤਿਨਾਮ ਮੰਤ੍ਰ ਜਪਣ ਜਪਾਣ' ਦੇ ਨਾਲ ਨਾਲ ਗੁਰੂ ਪਿਤਾ ਦੇ ਧਰਮ ਸਿਧਾਂਤਾਂ ਨੂੰ ਪ੍ਰਚਾਰਨ ਦਾ ਬਾਬਾ ਸ਼੍ਰੀ ਚੰਦ ਜੀ ਨੂੰ ਕਿਤਨਾ ਕੁੱਝ ਪੁਰਸ਼ਾਰਥ ਕੀਤਾ ਸੀ?"[7]

ਇਸ ਪੁਸਤਕ ਵਿਚ ਬਾਬਾ ਸ਼੍ਰੀ ਚੰਦ ਜੀ ਦੇ ਵਿਸ਼ਾਲ ਜੀਵਨ ਇਤਿਹਾਸ ਦੀ ਪੇਸ਼ਕਾਰੀ ਕਰਨ ਦੇ ਨਾਲ-ਨਾਲ ਬਾਬਾ ਗੁਰਦਿੱਤਾ ਜੀ ਅਤੇ ਸ਼੍ਰੀ ਬਾਲੂ ਹਸਨਾ ਦੀਆਂ ਮਾਤ੍ਰਾਵਾਂ, ਬਾਬਾ ਗੁਰਦਿੱਤਾ ਜੀ ਦੁਆਰਾ ਕੀਤਾ ਗਿਆ ਗੁਰਮਤਿ ਪ੍ਰਚਾਰ, ਉਦਾਸੀਨ ਸੰਤਾਂ ਵੱਲੋਂ ਕੀਤਾ ਜਾਂਦਾ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਅਤੇ ਪੰਚਾਇਤੀ ਅਖਾੜੇ ਦਾ ਜ਼ਿਕਰ ਵੀ ਕੀਤਾ ਮਿਲਦਾ ਹੈ।

**2.4.16 ਸਵਾਮੀ ਬ੍ਰਹਮਦੇਵ ਜੀ 'ਉਦਾਸੀ', ਗਿਆਨ ਕੀ ਗੋਦੜੀ, ਸੰਗਮ ਪਬਲੀਕੇਸ਼ਨਜ਼, ਸਮਾਣਾ, 2013**

ਇਸ ਪੁਸਤਕ ਵਿਚ ਬਾਬਾ ਸ਼੍ਰੀ ਚੰਦ ਜੀ ਦੁਆਰਾ ਰਚਿਤ 'ਮਾਤਰਾ ਬਾਣੀ' ਦੀ ਭਾਸ਼ਯਆਤਮਿਕ ਵਿਆਖਿਆ' ਪੇਸ਼ ਕੀਤੀ ਗਈ ਹੈ। ਅਸਲ ਵਿਚ 'ਮਾਤਰਾ ਬਾਣੀ' ਪ੍ਰਸ਼ਨੋਤਰੀ ਸ਼ੈਲੀ ਵਿਚ ਲਿਖਿਆ ਇਕ ਛੋਟਾ ਜਿਹਾ ਕਾਵਿ-ਸੰਕਲਨ ਹੈ। ਪਰ ਭਾਵਾਰਥ ਦੀ ਦ੍ਰਿਸ਼ਟੀ ਤੋਂ ਇਹ ਕਾਵਿ ਸੰਕਲਨ 'ਕੁੱਜੇ ਵਿਚ ਸਮੁੰਦਰ ਬੰਦ ਕਰਨ' ਦੇ ਬਰਾਬਰ ਹੈ। ਇਸ ਵਿਚ ਉਦਾਸੀ ਸਾਧੂਆਂ ਦੀ ਜੀਵਨ ਨਿਯਮਾਵਲੀ ਨਿਸ਼ਚਿਤ ਕੀਤੀ ਗਈ ਹੈ। ਜਿਸ ਵਿਚ ਦੱਸਿਆ ਗਿਆ ਹੈ ਕਿ ਇਕ ਉਦਾਸੀ ਸੰਤ ਦਾ ਜੀਵਨ ਕਿਹੋ ਜਿਹਾ ਹੋਵੇ, ਉਸਨੇ ਜੀਵਨ ਬਤੀਤ ਕਿਵੇਂ ਕਰਨਾ? ਜਦੋਂ ਕੋਈ ਉਦਾਸੀ ਸੰਤ ਕਿਸੇ ਨੂੰ ਆਪਣਾ ਸੇਵਕ ਬਣਾਉਂਦਾ ਹੈ, ਤਾਂ ਇਹ ਬਾਣੀ ਗੁਰੂ ਮੰਤਰ ਵਜੋਂ ਦਿੱਤੀ ਜਾਂਦੀ ਹੈ। ਮਾਤਰਾ ਬਾਣੀ ਉਦਾਸੀ ਸੰਤਾਂ ਦੇ ਨਿਤਨੇਮ ਵਿਚ ਵੀ ਸ਼ਾਮਲ ਹੈ। ਇਸ ਪ੍ਰਕਾਰ ਇਹ ਬਾਣੀ ਉਦਾਸੀ ਸੰਪਰਦਾਇ ਦਾ ਮੂਲ ਅਧਿਆਤਮਕ ਸਰੋਤ ਹੈ।

ਸਵਾਮੀ ਬ੍ਰਹਮ ਦੇਵ ਜੀ ਨੇ ਇਸ ਪੁਸਤਕ ਦੀ ਰਚਨਾ ਕਰਕੇ ਨਾ ਕੇਵਲ ਪਿਉ-ਦਾਦੇ ਦੇ ਖਜ਼ਾਨੇ ਨੂੰ

ਸੁਰੱਖਿਅਤ ਕੀਤਾ ਹੈ ਬਲਕਿ ਇਸ ਵਿਚ ਸੁਚੱਜੀ ਜੀਵਨ-ਜਾਂਚ ਗ੍ਰਹਿਣ ਕਰਨ ਦਾ ਵੀ ਵਲ ਸਿੱਖ ਕੇ ਸਦੀਵੀ ਆਨੰਦ ਦੇ ਸੋਮੇ ਨਾਲ ਅਨੂਠੀ ਸਾਂਝ ਪਵਾਈ ਹੈ ਅਤੇ ਭਲੇ-ਬੁਰੇ ਨੂੰ ਸਹੀ ਧਰਾਤਲ ਉੱਤੇ ਸਮਝਣ ਅਤੇ ਸਦ ਆਚਰਣ ਪ੍ਰਤੀ ਸੁਚੇਤ ਕੀਤਾ ਹੈ। ਇਸ ਪੁਸਤਕ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਵਾਮੀ ਬ੍ਰਹਮ ਦੇਵ ਨੇ ਹਰ ਸ਼ਬਦ ਦੀ ਵਿਆਖਿਆ ਬੜੀ ਡੂੰਘਾਈ ਵਿਚ ਜਾ ਕੇ ਕੀਤੀ ਹੈ। ਉਹਨਾਂ ਦੁਆਰਾ ਕੀਤੀ ਗਈ ਵਿਆਖਿਆ ਵਿਚ ਪੌਰਾਣਿਕ ਸਾਹਿਤ, ਪੁਰਾਤਨ ਗ੍ਰੰਥਾਂ ਅਤੇ ਦਰਸ਼ਨ ਸਾਹਿਤ ਦੇ ਹਵਾਲੇ ਵਿਆਪਕ ਰੂਪ ਵਿਚ ਨਜ਼ਰੀ ਆਉਂਦੇ ਹਨ।

**2.5 ਹਿੰਦੀ ਪੁਸਤਕਾਂ :**

**2.5.1 ਡਾ. ਜਗਨਨਾਥ ਸ਼ਰਮਾ, ਉਦਾਸੀਨ ਸੰਪ੍ਰਦਾਇ ਕੇ ਹਿੰਦੀ ਕਵੀ ਔਰ ਉਨਕਾ ਸਾਹਿਤਯ, ਵਿਭੂ ਪ੍ਰਕਾਸ਼ਨ, ਸਾਹਿਬਾਬਾਦ, ਪਹਿਲਾ ਸੰਸਕਰਣ, 1981**

ਇਸ ਸ਼ੋਧ ਪ੍ਰਬੰਧ ਨੂੰ ਪੁਸਤਕ ਰੂਪ ਵਿਚ 1981 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਦੇ ਨੌ ਅਧਿਆਇ ਹਨ। ਇਸ ਵਿਚ ਉਦਾਸੀਨ ਸੰਪ੍ਰਦਾਇ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਦੇ ਪਹਿਲੇ ਅਧਿਆਇ ਵਿਚ 'ਸੰਤ ਸਾਹਿਤਯ ਕੇ ਪ੍ਰੇਰਨਾ ਸ੍ਰੋਤ ਔਰ ਵਿਕਾਸ' ਵਿਚ ਸੰਤ ਸਾਹਿਤ ਦੇ ਆਰੰਭ, ਇਸ ਦੀ ਪਿੱਠਭੂਮੀ ਅਤੇ ਅਲੱਗ-ਅਲੱਗ ਇਤਿਹਾਸਕ ਕਾਲਾਂ ਵਿਚ ਚੱਲੀਆਂ ਸੰਤ ਸਾਹਿਤ ਦੀਆਂ ਵਿਭਿੰਨ ਸੰਪਰਦਾਵਾਂ ਦੇ ਸੰਦਰਭ ਵਿਚ ਵਿਚਾਰ ਚਰਚਾ ਕੀਤੀ ਗਈ ਹੈ।

ਦੂਸਰੇ ਅਧਿਆਇ 'ਉਦਾਸੀਨ ਸੰਪਰਦਾਇ' ਵਿਚ ਉਦਾਸੀਨ ਸੰਪਰਦਾਇ ਦੇ ਨਾਮਕਰਨ, ਉਦਭਵ ਅਤੇ ਵਿਕਾਸ, ਵਿਕਾਸ ਕ੍ਰਮ, ਉਦਾਸੀਆਂ ਦੇ ਹੋਰ ਸਿੱਖ ਸੰਪਰਦਾਵਾਂ ਨਾਲ ਚੰਗੇ ਅਤੇ ਕੁਸੈਲੇ ਸੰਬੰਧਾਂ ਦੇ ਕਾਰਣਾਂ, ਉਦਾਸੀ ਸੰਪਰਦਾਇ ਦੇ ਦਰਸ਼ਨ, ਉਦਾਸੀਆਂ ਦੀ ਚੇਲਾ ਬਣਾਉਣ ਦੀ ਪੱਧਤੀ, ਸੰਪਰਦਾਇਕ ਚਿੰਨ੍ਹਾਂ, ਮੱਠ ਮਹੰਤ ਪ੍ਰਣਾਲੀ, ਸ੍ਰੀ ਮਹੰਤ ਬਣਾਉਣ ਦੇ ਨਿਯਮਾਂ, ਉਦਾਸੀਆਂ ਦੇ ਕਰੱਤਵਾਂ, ਅੰਤਿਮ ਸੰਸਕਾਰਾਂ, ਅਧਿਆਤਮਕ ਤੱਤਾਂ, ਪੰਚਦੇਵ ਉਪਾਸਨਾ, ਤੀਰਥ ਰਟਨ, ਪੰਚ ਪਰਮੇਸ਼ਵਰ, ਮਾਇਆ ਅਤੇ ਅਵਿੱਦਿਆ, ਉਦਾਸੀਨ ਸੰਪਰਦਾਇ ਦਾ ਹੋਰ ਸੰਪਰਦਾਵਾਂ ਨਾਲ ਤੁਲਨਾਤਮਕ ਅਧਿਐਨ ਆਦਿ ਵਿਸ਼ਿਆਂ ਸੰਬੰਧੀ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਵਾਈ ਗਈ ਹੈ। ਇਸ ਪੁਸਤਕ ਵਿਚ ਲੇਖਕ ਨੇ ਗੁਰੂ ਨਾਨਕ ਸਾਹਿਬ ਦਾ

ਉਦਾਸੀ ਸੰਪਰਦਾ ਨਾਲ ਕੋਈ ਵੀ ਸੰਬੰਧ ਮੰਨਣ ਤੋਂ ਇਨਕਾਰ ਕੀਤਾ ਹੈ।

ਇਸ ਤੋਂ ਇਲਾਵਾ ਤੀਸਰੇ ਅਧਿਆਇ 'ਉਦਾਸੀਨ ਸੰਪਰਦਾਇ ਕੇ ਆਚਾਰੀਆ ਔਰ ਉਨਕਾ ਸਾਹਿਤਯ' ਸਿਰਲੇਖ ਹੇਠ ਬਾਬਾ ਸ੍ਰੀ ਚੰਦਰ ਜੀ ਦੇ ਸੰਖੇਪ ਜੀਵਨ ਅਤੇ ਉਹਨਾਂ ਦੇ ਮਾਤਰਾ ਸ਼ਾਸਤਰ ਵਿਚ ਪੇਸ਼ ਹੋਏ ਸੰਦੇਸ਼ ਉੱਪਰ ਵੀ ਚਾਨਣਾ ਪਾਇਆ ਗਿਆ ਹੈ। ਇਸ ਦੇ ਨਾਲ-ਨਾਲ ਬਾਬਾ ਗੁਰਦਾਸ ਜੀ (ਦੱਖਣੀ) ਦੀ ਮਾਤਰਾ, ਬਾਬਾ ਕਾਸ਼ੀ ਰਾਮ ਜੀ ਦੀ ਮਾਤਰਾ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਹਨਾਂ ਉਦਾਸੀਨ ਮਾਤਰਾਵਾਂ ਨੂੰ ਲੇਖਕ ਨੇ ਉਦਾਸੀਨ ਹਿੰਦੀ ਸਾਹਿਤ ਦਾ ਇਕ ਅਮੁੱਲ ਖਜ਼ਾਨਾ ਘੋਸ਼ਿਤ ਕੀਤਾ ਹੈ, ਜਿਹਨਾਂ ਦਾ ਇਤਿਹਾਸਕ ਅਤੇ ਸਾਹਿਤਕ ਦੋਵਾਂ ਪੱਖਾਂ ਤੋਂ ਬੜਾ ਮਹੱਤਵ ਹੈ। ਇਸ ਉਪਰੰਤ ਵੱਖ-ਵੱਖ ਅਧਿਆਇਆਂ ਵਿਚ ਉਦਾਸੀ ਕਵੀਆਂ ਅਤੇ ਕਵਿੱਤਰੀਆਂ ਦੇ ਸਾਹਿਤ ਬਹੁਤ ਹੀ ਗਹਿਨ ਦ੍ਰਿਸ਼ਟੀ ਤੋਂ ਵਾਚਿਆ ਗਿਆ ਹੈ। ਉਹਨਾਂ ਦੀ ਇਸ ਪੁਸਤਕ ਵਿਚੋਂ ਉਦਾਸੀਨ ਕਵੀਆਂ ਦੀਆਂ ਦੁਰਲੱਭ ਰਚਨਾਵਾਂ ਨੂੰ ਲੱਭ ਕੇ ਉਹਨਾਂ ਦਾ ਸਮੀਖਿਆਤਮਕ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

### 2.5.2 ਜੀਵਨ ਪ੍ਰਕਾਸ਼ ਜੀਵਨ, ਅਬਿਨਾਸ਼ੀ-ਚੰਦਰ, ਪ੍ਰੀਤਮ ਪ੍ਰਕਾਸ਼ਨ, ਅਖਾੜਾ ਸੰਗਲ ਵਾਲਾ, ਅੰਮ੍ਰਿਤਸਰ, ਦੂਸਰਾ ਸੰਸਕਰਣ 1995

ਇਸ ਪੁਸਤਕ ਵਿੱਚ ਲੇਖਕ ਨੇ ਬਾਬਾ ਸ੍ਰੀ ਚੰਦ ਜੀ ਦੇ ਜੀਵਨ ਨੂੰ ਵਿਸਤ੍ਰਿਤ ਰੂਪ ਵਿੱਚ ਪੇਸ਼ ਕੀਤਾ ਹੈ। ਲੇਖਕ ਦੁਆਰਾ ਪ੍ਰਸਤੁਤ ਜੀਵਨ-ਘਟਨਾਵਾਂ ਪੂਰਨ ਰੂਪ ਵਿੱਚ ਤੱਥਾਂ ਅਤੇ ਇਤਿਹਾਸਕਤਾ ਉੱਪਰ ਅਧਾਰਿਤ ਹਨ। ਇਸ ਪੁਸਤਕ ਨੂੰ 16 ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਹਰ ਅਧਿਆਇ ਲਈ ਅਧਿਆਇ ਸ਼ਬਦ ਨਾ ਵਰਤਕੇ ਬਾਬਾ ਸ੍ਰੀ ਚੰਦ ਜੀ ਦੇ ਨਾਂ 'ਤੇ 'ਚੰਦਰ ਕਲਾ' ਰੱਖਿਆ ਗਿਆ ਹੈ। ਲੇਖਕ ਨੇ ਉਹਨਾਂ ਦੇ ਜੀਵਨ ਨਾਲ ਸੰਬੰਧਿਤ ਵਿਭਿੰਨ ਪ੍ਰਸੰਗਾਂ ਦਾ ਬਿਰਤਾਂਤ ਬਹੁਤ ਹੀ ਰੌਚਕ ਅਤੇ ਸਰਲ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਇਸ ਵਿੱਚ ਉਦਾਸੀਨ ਸੰਪਰਦਾਇ ਦਾ ਖੋਜਪੂਰਨ ਇਤਿਹਾਸ ਵੀ ਪੇਸ਼ ਕੀਤਾ ਗਿਆ ਹੈ।

### 2.5.3 ਮਹੰਤ ਅਨੰਤਾਨੰਦ, 'ਉਦਾਸੀਨ' ਭਗਵਾਨ ਸ੍ਰੀ ਚੰਦਰ ਜੀ ਕੁੱਝ ਸ਼ਿਕਸਾਏਂ, ਪ੍ਰੀਤਮ ਪ੍ਰਕਾਸ਼ਨ, ਅੰਮ੍ਰਿਤਸਰ, 1992

ਇਸ ਪੁਸਤਕ ਵਿੱਚ ਭਗਵਾਨ ਸ੍ਰੀ ਚੰਦ ਜੀ ਦੀਆਂ ਸਿੱਖਿਆਵਾਂ ਉੱਪਰ ਪ੍ਰਕਾਸ਼ ਪਾਇਆ ਗਿਆ ਹੈ।

ਉਹਨਾਂ ਦੇ ਜੀਵਨ ਵਿੱਚੋਂ ਕਈ ਸਿੱਖਿਆਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਜਿਵੇਂ- ਸਾਹਸ, ਨਿਰਸਵਾਰਥ ਸੇਵਾ, ਦੇਸ਼-ਭਗਤੀ, ਸੱਚ ਦਾ ਸਮਰਥਨ, ਤਿਆਗ, ਸਾਦਗੀ, ਸਦਾਚਾਰਕਤਾ, ਸਹਿਣਸ਼ੀਲਤਾ, ਸੰਤੋਖ, ਸੰਜਮ ਆਦਿ।

**2.5.4 ਡਾ. ਵਿਸ਼ਨੂਦੱਤ ਰਾਕੇਸ਼, ਆਚਾਰੀਆ ਸ੍ਰੀ ਚੰਦਰ ਕੀ ਵਿਚਾਰਧਾਰਾ, ਪ੍ਰੀਤਮ ਪ੍ਰਕਾਸ਼ਨ, ਅਖਾੜਾ ਸੰਗਲ ਵਾਲਾ, ਅੰਮ੍ਰਿਤਸਰ, 2000**

ਇਸ ਪੁਸਤਕ ਨੂੰ ਵਿਦਵਾਨ ਲੇਖਕ ਨੇ ਸੱਤ ਅਧਿਆਇਆਂ ਵਿੱਚ ਵੰਡਿਆ ਹੈ। ਇਹਨਾਂ ਅਧਿਆਇਆਂ ਵਿੱਚ ਉਦਾਸੀਨ ਸੰਪਰਦਾਇ ਅਤੇ ਉਦਾਸੀਨ ਪਰੰਪਰਾ, ਮਾਤਰਾ ਸ਼ਾਸਤਰ ਦੀ ਪਰੰਪਰਾ, ਆਚਾਰੀਆਂ ਸ੍ਰੀ ਚੰਦਰ ਦੀ ਦਾਰਸ਼ਨਿਕ ਵਿਚਾਰਧਾਰਾ, ਸਿਧਾਂਤਸਾਗਰ ਵਿਚਲੇ ਸੰਤ ਮੱਤ ਦੇ ਤੱਤ, ਮਾਨਵਵਾਦ ਅਤੇ ਆਚਾਰੀਆਂ ਸ੍ਰੀ ਚੰਦਰ, ਸ੍ਰੀਚੰਦਰ-ਚਿੰਤਨ ਦੀ ਪ੍ਰਸੰਗਕਿਤਾ, ਧੂਣਿਆਂ ਦੀਆਂ ਮਾਤਰਾਵਾਂ ਵਿੱਚ ਨਿਹਿਤ ਸ੍ਰੀਚੰਦਰ-ਸਿਧਾਂਤ ਆਦਿ ਵਿਸ਼ਿਆਂ ਨੂੰ ਛੋਹਿਆ ਗਿਆ ਹੈ।

**2.5.5 ਸਵਰਨਦਾਸ 'ਉਦਾਸੀਨ' ਸ਼ਾਸਤਰੀ ਐੱਮ.ਏ., ਡਾ. ਗਿਆਨਇੰਦਰ ਸਿੰਘ (ਸੰਪਾ.), ਸ੍ਰੀਚੰਦਰ-ਜਯੋਤਸਨਾ, ਪ੍ਰੀਤਮ ਪ੍ਰਕਾਸ਼ਨ, ਅਖਾੜਾ ਸੰਗਲ ਵਾਲਾ, ਅੰਮ੍ਰਿਤਸਰ, 1997**

ਇਸ ਸੋਵੀਨਰ ਨੂੰ ਬਾਬਾ ਸ੍ਰੀਚੰਦ ਜੀ ਦੇ 503ਵੇਂ ਪ੍ਰਕਾਸ਼-ਉਤਸਵ ਉੱਤੇ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਵਿਚ ਬਾਬਾ ਸ੍ਰੀ ਚੰਦ ਜੀ ਦੇ ਬਹੁਪੱਖੀ ਵਿਅਕਤਿਤਵ, ਜੀਵਨ ਦਰਸ਼ਨ, ਰਚਨਾਵਾਂ, ਦਾਰਸ਼ਨਿਕਤਾ ਅਤੇ ਉਹਨਾਂ ਦੀ ਸਮਾਜਿਕ, ਧਾਰਮਿਕ ਅਤੇ ਸਾਂਸਕ੍ਰਿਤਿਕ ਦੇਣ ਸੰਬੰਧੀ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ।

**2.5.6 ਡਾ. ਸਚਿਦਾਨੰਦ ਸ਼ਰਮਾ ਮੈਥਿਲ, ਉਦਾਸੀ ਸੰਪਰਦਾਇ ਔਰ ਕਵੀ ਸੰਤੇਰਣ, ਸਾਹਿਤਯ ਸਦਨ, ਦੇਹਰਾਦੂਨ, ਪਹਿਲਾ ਸੰਸਕਰਣ, 1967**

ਇਸ ਸ਼ੋਧ ਪ੍ਰਬੰਧ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਪੁਸਤਕ ਦੇ ਪੰਜ ਭਾਗ ਹਨ ਅਤੇ ਅੰਤ ਵਿਚ ਉਪਸੰਹਾਰ ਦਿੱਤਾ ਗਿਆ ਹੈ। ਪਹਿਲੇ ਭਾਗ 'ਉਦਾਸੀ ਸੰਪਰਦਾਇ ਕਾ ਪਰਿਚਯ' ਵਿਚ ਉਦਾਸੀ ਸੰਪਰਦਾਇ ਦੇ ਉਦਭਵ ਸੰਬੰਧੀ ਭਰਵੀਂ ਵਿਚਾਰ ਚਰਚਾ ਕਰਦਿਆਂ ਇਹ ਸਪਸ਼ਟ ਕੀਤਾ ਹੈ ਕਿ

ਬਾਬਾ ਸ੍ਰੀ ਚੰਦ ਜੀ ਦੇ ਗੁਰੂ, ਉਹਨਾਂ ਦੇ ਪਿਤਾ ਗੁਰੂ ਨਾਨਕ ਦੇਵ ਜੀ ਹੀ ਸਨ। ਲੇਖਕ ਨੇ ਉਦਾਸੀ ਮਤ ਅਤੇ ਸਿੱਖ ਮੱਤ ਵਿਚ ਆਪਸੀ ਫੁੱਟ ਦੇ ਕਾਰਣਾਂ ਦਾ ਉਲੇਖ ਵੀ ਕੀਤਾ ਹੈ। ਇਸ ਉਪਰੰਤ ਬਾਬਾ ਸ੍ਰੀ ਚੰਦ ਜੀ ਦੇ ਜੀਵਨ-ਇਤਿਹਾਸ, ਉਹਨਾਂ ਦੀਆਂ ਰਚਨਾਵਾਂ ਵਿਚਲੀ ਵਿਚਾਰਧਾਰਾ ਦੇ ਵਿਸ਼ੇਸ਼ ਪੱਖਾਂ ਉੱਪਰ ਵੀ ਚਾਨਣਾ ਪਾਇਆ ਹੈ। ਉਦਾਸੀ ਸੰਪਰਦਾਇ ਦੇ ਵਿਕਾਸ ਕ੍ਰਮ ਵਿਚ ਬਾਬਾ ਗੁਰਦਿੱਤਾ ਜੀ ਦੁਆਰਾ ਅੱਗੋਂ ਥਾਪੇ ਗਏ ਚਾਰ ਸੇਵਕ ਬਾਲੂ ਹਸਨਾ, ਅਲਮਸਤ, ਗੋਇੰਦ ਸਾਹਿਬ ਅਤੇ ਫੂਲ ਸਾਹਿਬ, ਛੇ ਬਖ਼ਸ਼ਿਸ਼ਾਂ ਅਤੇ ਉਪ ਬਖ਼ਸ਼ਿਸ਼ਾਂ ਸੰਬੰਧੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਕਾਸ ਕ੍ਰਮ ਨੂੰ 19 ਵੀਂ ਸ਼ਤਾਬਦੀ ਦੇ ਮੱਧ ਵਿਚ ਸਾਧੂ ਬਾਬਾ ਪ੍ਰੀਤਮਦਾਸ ਜੀ ਦੁਆਰਾ ਅੱਗੇ ਵਧਾਇਆ ਜਾਂਦਾ ਹੈ। ਉਹਨਾਂ ਨੇ ਉਦਾਸੀ ਸਾਧੂਆਂ ਦੇ ਵੱਖ-ਵੱਖ ਸੰਗਠਨਾਂ ਨੂੰ ਇਕ ਸੂਤਰ ਵਿਚ ਪਰੋ ਕੇ 'ਵੱਡੇ ਉਦਾਸੀ ਅਖਾੜੇ' ਦੀ ਸਥਾਪਨਾ ਕੀਤੀ ਅਤੇ ਉਦਾਸੀ ਸੰਪਰਦਾਇ ਵਿਚ ਮੂਰਤੀ ਪੂਜਾ ਦਾ ਪ੍ਰਚਲਨ ਕੀਤਾ। ਇਸ ਪੁਸਤਕ ਵਿਚ ਨਿਰਗੁਣ ਉਪਾਸਨਾ ਦੀਆਂ ਹੋਰ ਸੰਪਰਦਾਵਾਂ ਨਾਲ ਉਦਾਸੀ ਸੰਪਰਦਾਇ ਦੇ ਸਿਧਾਂਤਾਂ ਵਿਚ ਸਮਾਨਤਾ ਅਤੇ ਅੰਤਰ ਨੂੰ ਦਰਸਾਉਣ ਲਈ ਕਬੀਰ ਜੀ, ਦਾਦੂ, ਗੁਰੂ ਨਾਨਕ ਸਾਹਿਬ, ਰੇਦਾਸ, ਸੁੰਦਰਦਾਸ ਅਤੇ ਮਲੂਕਦਾਸ ਆਦਿ ਨਿਰਗੁਣ ਉਪਾਸਕਾਂ ਨਾਲ ਤੁਲਨਾਤਮਕ ਅਧਿਐਨ ਵੀ ਪੇਸ਼ ਕੀਤਾ ਗਿਆ ਹੈ।

### 2.6 **ਅੰਗਰੇਜ਼ੀ ਪੁਸਤਕਾਂ** :

#### 2.6.1 **Seminar Papers On Baba Sri Chand Ji, Gobind Sadan, Delhi, 1988-89**

ਇਸ ਸੈਮੀਨਾਰ ਵਿਚਲੇ ਪਰਚਿਆਂ ਨੂੰ ਪ੍ਰਕਾਸ਼ਿਤ ਕਰਵਾ ਕੇ ਪੁਸਤਕ ਦਾ ਰੂਪ ਦਿੱਤਾ ਗਿਆ। ਇਸ ਪੁਸਤਕ ਵਿੱਚ 10 ਦੇ ਕਰੀਬ ਆਰਟੀਕਲ ਹਨ। ਇਹਨਾਂ ਅਲੱਗ-ਅਲੱਗ ਆਰਟੀਕਲਾਂ ਵਿੱਚ ਬਾਬਾ ਸ਼੍ਰੀ ਚੰਦ ਜੀ ਦੇ ਜੀਵਨ, ਸਿੱਖਿਆਵਾਂ, ਉਦਾਸੀ ਮਾਤਰਿਆ, ਉਦਾਸੀ ਸੰਪਰਦਾ ਦੇ ਸਮਕਾਲੀ ਭਾਰਤੀ ਦ੍ਰਿਸ਼ ਅਤੇ ਉਦਾਸੀ ਸੰਪਰਦਾ ਦੀਆਂ ਪ੍ਰਾਪਤੀਆਂ ਉੱਪਰ ਪ੍ਰਕਾਸ਼ ਪਾਇਆ ਗਿਆ ਹੈ।

### 2.7 **ਪਤ੍ਰਿਕਾਵਾਂ ਵਿਚਲੇ ਪਰਚੇ ਜਾਂ ਨਿਬੰਧ** :

#### 2.7.1 **ਖੋਜ ਪਤ੍ਰਿਕਾ (ਪੁਰਾਤਨ ਵਾਰਤਕ ਵਿਸ਼ੇਸ਼ ਅੰਕ), ਸੰਪਾਦਨ ਪ੍ਰੋ. ਰਤਨ ਸਿੰਘ ਜੱਗੀ, ਮਾਰਚ 1983, ਅੰਕ- 21, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਇਸ ਪਤ੍ਰਿਕਾ ਦੇ ਸਿਰਲੇਖ 'ਪੁਰਾਤਨ ਵਾਰਤਕ ਨੂੰ ਸੰਪ੍ਰਦਾਵਾਂ ਦੀ ਦੇਣ' ਸਿਰਲੇਖ ਹੇਠ ਡਾ.

ਗੋਬਿੰਦ ਨਾਥ ਰਾਜਗੁਰੂ ਦਾ ਪਰਚਾ 'ਉਦਾਸੀ ਸੰਪ੍ਰਦਾਇ ਦੀ ਪੁਰਾਤਨ ਪੰਜਾਬੀ ਵਾਰਤਕ ਨੂੰ ਦੇਣ' ਸ਼ਾਮਿਲ ਕੀਤਾ ਗਿਆ ਹੈ। ਇਸ ਵਿੱਚ ਲੇਖਕ ਨੇ ਉਦਾਸੀਆਂ ਦੀ ਪੁਰਾਤਨ ਪੰਜਾਬੀ ਵਾਰਤਕ ਨੂੰ ਜੋ ਦੇਣ ਹੈ ਉਸਦਾ ਜ਼ਿਕਰ ਕੀਤਾ ਹੈ। ਲੇਖਕ ਅਨੁਸਾਰ ਪੰਜਾਬੀ ਵਾਰਤਕ ਸਾਹਿਤ ਨੂੰ ਉਦਾਸੀ ਸਾਧਾਂ ਨੇ ਕੋਈ ਬਹੁਤੀ ਦੇਣ ਨਹੀਂ ਦਿੱਤੀ। ਪਰ ਫਿਰ ਵੀ ਇਸੇ ਸੰਦਰਭ ਵਿੱਚ ਉਹਨਾਂ ਨੇ ਦੋ ਵਾਰਤਕ ਲੇਖਕਾਂ ਦਾ ਉਲੇਖ ਕੀਤਾ ਹੈ। (1) ਸਵਾਮੀ ਆਨੰਦਘਨ (18ਵੀਂ ਸਦੀ) (2) ਅੰਤਰਜਾਮੀ (19ਵੀਂ ਸਦੀ) ਸਵਾਮੀ ਆਨੰਦਘਨ ਦੇ ਛੇ ਗੁਰਬਾਣੀ ਟੀਕਿਆਂ ਨੂੰ ਵਾਰਤਕ ਰਚਨਾਵਾਂ ਦੀ ਕੋਟੀ ਵਿੱਚ ਰੱਖਿਆ ਗਿਆ ਹੈ। ਇਸ ਦੇ ਨਾਲ-ਨਾਲ ਅੰਤਰਜਾਮੀ ਦੀਆਂ 5 ਰਚਨਾਵਾਂ ਦਾ ਉਲੇਖ ਕੀਤਾ ਹੈ। (1) ਜੀਵ ਪ੍ਰਕਾਸ਼ (2) ਗੁਰੂ ਸਿਖ ਕਾ ਸੰਵਾਦ (3) ਅੰਤਰਜਾਮੀ (4) ਸਾਖੀ ਪ੍ਰਕਾਸ਼ (5) ਆਤਮ ਪ੍ਰਕਾਸ਼। ਅੰਤਰਜਾਮੀ ਨੂੰ 19 ਵੀਂ ਸਦੀ ਦੇ ਪਹਿਲੇ ਦਹਾਕੇ ਦੇ ਸਾਧੂ ਮੰਨਿਆ ਗਿਆ ਹੈ। ਉਹ ਉੱਚ ਕੋਟੀ ਦੇ ਦਰਸ਼ਨ- ਸ਼ਾਸਤਰੀ ਸਨ। ਉਹਨਾਂ ਨੇ ਸਰਲ ਭਾਸ਼ਾ ਵਿੱਚ ਵੇਦਾਂਤ-ਦਰਸ਼ਨ ਨੂੰ ਜਨਸਧਾਰਣ ਦੇ ਸਨਮੁੱਖ ਪੇਸ਼ ਕੀਤਾ ਹੈ। ਲੇਖਕ ਦਾ ਮੱਤ ਹੈ ਕਿ "ਉਦਾਸੀ ਸੰਤਾਂ ਦੀਆਂ ਵਾਰਤਕ ਰਚਨਾਵਾਂ ਹੁਣ ਤੱਕ ਥੋੜ੍ਹੀਆਂ ਹੀ ਮਿਲ ਸਕੀਆਂ ਹਨ, ਪਰ ਆਨੰਦਘਨ ਅਤੇ ਅੰਤਰਜਾਮੀ ਦੀਆਂ ਰਚਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਹਨਾਂ ਦੀਆਂ ਲਿਖਤਾਂ ਦਾ ਪੰਜਾਬੀ ਵਾਰਤਕ ਵਿਚ ਉੱਘਾ ਸਥਾਨ ਹੈ।"[8]

### 2.7.2 ਖੋਜ ਪਤ੍ਰਿਕਾ, ਸੰਪਾਦਨ ਡਾ. ਰਤਨ ਸਿੰਘ ਜੱਗੀ, ਸਤੰਬਰ 1986, ਅੰਕ- 28, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਇਸ ਪਤ੍ਰਿਕਾ ਦੇ ਪਹਿਲੇ ਪਰਚੇ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਵਿੱਚ ਡਾ. ਜੋਗਿੰਦਰ ਸਿੰਘ ਨੇ ਭਾਈ ਪ੍ਰਣਾਲੀ, ਮਿਹਰਵਾਨ (ਮੀਣਾ) ਸੰਪ੍ਰਦਾਇ, ਉਦਾਸੀ ਸੰਪਰਦਾਇ, ਨਿਰਮਲਾ ਸੰਪ੍ਰਦਾਇ, ਗਿਆਨੀ ਸੰਪਰਦਾਇ, ਸੇਵਾ ਪੰਥੀ ਸੰਪ੍ਰਦਾਇ, ਆਧੁਨਿਕ ਵਿਦਵਾਨ ਪ੍ਰਣਾਲੀ ਦਾ ਜ਼ਿਕਰ ਕੀਤਾ ਹੈ। ਸਭ ਤੋਂ ਪਹਿਲਾਂ 'ਉਦਾਸੀ ਸੰਪ੍ਰਦਾਇ' ਦੇ 'ਉਦਾਸੀ' ਸ਼ਬਦ ਨੂੰ ਪਰਿਭਾਸ਼ਤ ਕੀਤਾ ਗਿਆ ਹੈ। ਇਸ ਉਪਰੰਤ ਟੀਕਾਕਾਰ 'ਸੁਆਮੀ ਆਨੰਦਘਨ' ਨੂੰ ਉਦਾਸੀ ਸੰਪ੍ਰਦਾਇ ਦਾ ਪ੍ਰਮੁੱਖ ਵਿਦਵਾਨ ਘੋਸ਼ਿਤ ਕੀਤਾ ਗਿਆ ਹੈ। ਉਹਨਾਂ ਦੀ ਟੀਕਾਕਾਰੀ ਦੀਆਂ ਵਿਸ਼ੇਸ਼ਤਾਵਾਂ ਸੰਬੰਧੀ ਉਹ ਲਿਖਦੇ ਹਨ ਕਿ ਵਿਆਖਿਆ ਵੇਦਾਂਤ ਅਧਾਰਿਤ

ਹੈ। ਪੌਰਾਣਿਕ ਹਵਾਲਿਆਂ ਦੀ ਵਰਤੋਂ ਆਮ ਕੀਤੀ ਮਿਲਦੀ ਹੈ। ਲੇਖਕ ਦਾ ਮੰਨਣਾ ਹੈ ਕਿ ਆਨੰਦਘਨ ਦੀ ਸ਼ੈਲੀ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਸੰਬੰਧੀ ਭਗਤੀ ਭਾਵਨਾ ਰੱਖਦੀ ਹੋਈ ਵੀ ਖੁਸ਼ਕ ਕਿਸਮ ਦੀ ਹੈ।

ਜੇਕਰ ਉਦਾਸੀ ਸੰਪ੍ਰਦਾਇ ਸਬੰਧੀ ਹੋਏ ਉਪਾਧੀ ਸਾਪੇਖ ਖੋਜ-ਕਾਰਜਾਂ ਨੂੰ ਵੇਖਿਆ ਜਾਵੇ ਤਾਂ ਇਸ ਸੰਪ੍ਰਦਾਇ ਉੱਪਰ 2 ਡੀ.ਲਿਟ. ਦੇ ਖੋਜ-ਪ੍ਰਬੰਧ, 17 ਪੀਐਚ.ਡੀ. ਦੇ ਸ਼ੋਧ ਪ੍ਰਬੰਧ, 1 ਐਮ.ਫਿਲ. ਦਾ ਨਿਬੰਧ-ਪ੍ਰਬੰਧ ਅਤੇ 1 ਐਮ.ਏ. ਪੱਧਰ ਉੱਪਰ ਖੋਜ-ਕਾਰਜ ਹੋਇਆ ਮਿਲਦਾ ਹੈ। ਇਨ੍ਹਾਂ ਖੋਜ-ਕਾਰਜਾਂ ਵਿੱਚ ਜ਼ਿਆਦਾਤਰ ਖੋਜ-ਕਾਰਜ ਉਦਾਸੀਨ ਕਵੀਆਂ ਉੱਪਰ ਹੋਏ ਮਿਲਦੇ ਹਨ। ਜਿਵੇਂ-ਕਵੀ ਸੰਤ ਰੇਣ, ਕਵੀ ਗੰਗਾਦਾਸ, ਕਵੀ ਨਿਗਮਾਨੰਦ ਅਤੇ ਕਵੀ ਗੋਪਾਲਦਾਸ (ਕ੍ਰਿਸ਼ਨ ਕਵੀ) ਆਦਿ। ਇਨ੍ਹਾਂ ਖੋਜ ਕਾਰਜਾਂ ਵਿੱਚ ਇਨ੍ਹਾਂ ਉਦਾਸੀਨ ਕਵੀਆਂ ਦੀਆਂ ਰਚਨਾਵਾਂ ਨੂੰ ਗਿਣਾਤਮਕ ਅਤੇ ਗੁਣਾਤਮਕ ਦੋਨਾਂ ਪੱਖਾਂ ਤੋਂ ਇਤਿਹਾਸਕ ਮਹੱਤਵ ਵਾਲੀਆਂ ਘੋਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ। ਜਿੱਥੋਂ ਤੱਕ ਇਸ ਸੰਪਰਦਾ ਨਾਲ ਸਬੰਧਿਤ ਉਪਾਧੀ ਨਿਰਪੇਖ ਖੋਜ-ਕਾਰਜਾਂ ਦਾ ਸਵਾਲ ਹੈ ਤਾਂ ਇਸ ਸੰਪਰਦਾ ਨਾਲ ਜੁੜੀਆਂ ਲਗਪਗ 22 ਆਲੋਚਨਾਤਮਕ ਪੁਸਤਕਾਂ ਸਾਹਮਣੇ ਆਉਂਦੀਆਂ ਹਨ। ਜਿਨ੍ਹਾਂ ਵਿੱਚੋਂ 13 ਪੁਸਤਕਾਂ ਪੰਜਾਬੀ ਭਾਸ਼ਾ ਵਿੱਚ, 8 ਪੁਸਤਕਾਂ ਹਿੰਦੀ ਭਾਸ਼ਾ ਵਿੱਚ ਅਤੇ 1 ਪੁਸਤਕ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ 3 ਖੋਜ ਪੱਤ੍ਰਿਕਾ, 1 ਆਲੋਚਨਾ, 1 ਪੰਜਾਬੀ ਦੁਨੀਆਂ, 2 ਨਾਨਕ ਪ੍ਰਕਾਸ਼ ਪੱਤ੍ਰਿਕਾ, 3 ਪੰਜਾਬ ਹਿਸਟਰੀ ਕਾਨਫ਼ਰੰਸ ਪਰੋਸੀਡਿੰਗਜ਼ ਵਿਚਲੇ ਖੋਜ-ਪੱਤਰ ਵੀ ਉਪਾਧੀ ਨਿਰਪੇਖ ਖੋਜ-ਕਾਰਜ ਵਿੱਚ ਸ਼ਾਮਲ ਹਨ। ਇਨ੍ਹਾਂ ਖੋਜ-ਕਾਰਜਾਂ ਵਿੱਚ ਆਲੋਚਨਾਤਮਕ ਪੁਸਤਕਾਂ ਦਾ ਕੇਂਦਰ ਬਿੰਦੂ ਉਦਾਸੀ ਸੰਪਰਦਾਇ ਦਾ ਇਤਿਹਾਸ ਰਿਹਾ ਹੈ। ਪ੍ਰੰਤੂ ਡਾ. ਰਤਨ ਸਿੰਘ ਜੱਗੀ ਦੁਆਰਾ ਸੰਪਾਦਿਤ ਕੀਤੇ 'ਗੁਰਬਾਣੀ ਟੀਕੇ : ਆਨੰਦਘਨ' ਅਤੇ 'ਆਸਾ ਦੀ ਵਾਰ ਦਾ ਟੀਕਾ' ਇਸ ਖੋਜ-ਕਾਰਜ ਦਾ ਰੁਖ਼ ਉਦਾਸੀ ਵਿਆਖਿਆਕਾਰੀ ਵੱਲ ਮੋੜਦੇ ਹਨ। ਇਨ੍ਹਾਂ ਪੁਸਤਕਾਂ ਰਾਹੀਂ ਸੁਆਮੀ ਆਨੰਦਘਨ ਦੀ ਵਿਆਖਿਆਕਾਰੀ ਦੇ ਵੱਖਰੇ-ਵੱਖਰੇ ਪਹਿਲੂਆਂ ਨੂੰ ਜਾਣਨ ਵਿੱਚ ਸਹਾਇਤਾ ਮਿਲੀ ਹੈ ਅਤੇ ਨਾਲ ਹੀ ਉਦਾਸੀ ਸੰਪਰਦਾ ਦੁਆਰਾ ਕੀਤੀ ਟੀਕਾਕਾਰੀ ਦੀ ਗੁਰਬਾਣੀ ਪ੍ਰਤੀ ਭਾਵ-ਭੂਮੀ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ।

ਜੇਕਰ ਉਦਾਸੀ ਸੰਪ੍ਰਦਾਇ ਦੀ ਵਿਆਖਿਆਕਾਰੀ ਨਾਲ ਸੰਬੰਧਿਤ ਹੋਏ ਕੰਮ ਨੂੰ ਵਾਚਿਆ ਜਾਵੇ ਤਾਂ ਇਸ ਨਾਲ ਸੰਬੰਧਿਤ ਖੋਜ ਕਾਰਜ ਕਾਫ਼ੀ ਘੱਟ ਹੋਇਆ ਮਿਲਦਾ ਹੈ। ਉਦਾਸੀ ਵਿਆਖਿਆਕਾਰਾਂ ਵਿਚੋਂ ਸਵਾਮੀ ਆਨੰਦਘਨ ਦੀ ਵਿਆਖਿਆਕਾਰੀ ਉੱਪਰ ਸ਼ੋਧ ਪ੍ਰਬੰਧਾਂ ਅਤੇ ਆਲੋਚਨਾਤਮਕ ਪੁਸਤਕਾਂ ਦੇ ਰੂਪ ਵਿਚ ਕਾਰਜ ਹੋਇਆ ਮਿਲਦਾ ਹੈ। ਜਿਸ ਵਿਚ ਉਹਨਾਂ ਦਾ ਜੀਵਨ ਬਿਉਰਾ, ਰਚਨਾਵਾਂ, ਵਿਚਾਰਧਾਰਾ, ਟੀਕਾ ਤਕਨੀਕ ਅਤੇ ਉਹਨਾਂ ਦੀ ਗੱਦ ਸ਼ੈਲੀ ਨੂੰ ਚਿੰਤਨ ਦਾ ਵਿਸ਼ਾ ਬਣਾਇਆ ਗਿਆ ਹੈ। ਸਵਾਮੀ ਆਨੰਦਘਨ ਸੰਬੰਧੀ ਡਾ. ਰਤਨ ਸਿੰਘ ਜੱਗੀ ਦੁਆਰਾ ਕੀਤਾ ਕਾਰਜ ਕਾਫ਼ੀ ਮਹੱਤਵਪੂਰਨ ਹੈ। ਉਹਨਾਂ ਦੇ ਟੀਕਿਆਂ ਨੂੰ ਸੰਪਾਦਿਤ ਕਰਕੇ ਟੀਕਿਆਂ ਸੰਬੰਧੀ ਜੋ ਆਲੋਚਨਾਤਮਕ ਕਾਰਜ ਕੀਤਾ ਗਿਆ ਹੈ। ਉਸ ਵਿੱਚ ਸਵਾਮੀ ਆਨੰਦਘਨ ਦੀ ਵਿਆਖਿਆਕਾਰੀ ਦੇ ਬਹੁਪੱਖੀ ਪਸਾਰਾਂ ਨੂੰ ਵਿਸਥਾਰ ਪੂਰਵਕ ਪੇਸ਼ ਕੀਤਾ ਗਿਆ ਹੈ। ਇਸ ਆਲੋਚਨਾਤਮਕ ਕਾਰਜ ਵਿੱਚ ਸਵਾਮੀ ਆਨੰਦਘਨ ਨੂੰ ਗੁਰਬਾਣੀ ਵਿਆਖਿਆ ਦੇ ਪ੍ਰਮੁੱਖ ਉਦਾਸੀ ਵਿਆਖਿਆਕਾਰ ਵੱਜੋਂ ਉਭਾਰਨ ਦਾ ਯਤਨ ਕੀਤਾ ਗਿਆ ਹੈ।

## ਹਵਾਲੇ ਅਤੇ ਟਿੱਪਣੀਆਂ

1. ਸੁਲੱਖਣ ਸਿੰਘ (ਡਾ.), ਇਤਿਹਾਸਕ ਪਰਿਪੇਖ ਵਿਚ ਉਦਾਸੀ, ***ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ,*** ਪੰਨਾ-152
2. ਮਹਿੰਦਰ ਕੌਰ (ਡਾ.), ***ਬਾਬਾ ਸ੍ਰੀ ਚੰਦ ਤੇ ਉਦਾਸੀ ਮਤ***, ਪੰਨਾ-13
3. ਗੁਰਦੇਵ ਸਿੰਘ (ਸੰਪਾ.), ***ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ***, ਪੰਨਾ-29
4. ***ਉਹੀ***, ਪੰਨਾ-92
5. ***ਉਹੀ,*** ਪੰਨਾ-106
6. ***ਆਸਾ ਦੀ ਵਾਰ ਦਾ ਟੀਕਾ,*** ਟੀਕਾਕਾਰ ਸੁਆਮੀ ਆਨੰਦਘਨ, ਰਤਨ ਸਿੰਘ ਜੱਗੀ (ਸੰਪਾ.), ਪੰਨਾ-18
7. ਗਿਆਨੀ ਈਸ਼ਰ ਸਿੰਘ ਨਾਰਾ, ***ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ***, ਪੰਨਾ-ਮੁੱਖ ਮੰਤਵ
8. ***ਖੋਜ ਪਤ੍ਰਿਕਾ (ਪੁਰਾਤਨ ਵਾਰਤਕ ਵਿਸ਼ੇਸ਼ ਅੰਕ),*** ਮਾਰਚ 1983, ਅੰਕ- 21, ਪੰਨਾ-158

# ਅਧਿਆਇ ਤੀਜਾ

# ਵਿਆਖਿਆਕਾਰੀ : ਸਿਧਾਂਤਕ ਪੱਖ

**3.0 ਵਿਆਖਿਆਕਾਰੀ** : ਵਿਆਖਿਆਕਾਰੀ ਇੱਕ ਜਟਿਲ ਪ੍ਰਕਿਰਿਆ ਹੈ। ਇਹ ਪ੍ਰਕਿਰਿਆ ਹੋਰ ਵੀ ਕਠਿਨ ਅਤੇ ਜਟਿਲ ਹੋ ਜਾਂਦੀ ਹੈ, ਜਦੋਂ ਇਸ ਦਾ ਸਬੰਧ ਧਰਮ ਜਾਂ ਧਰਮ ਗ੍ਰੰਥਾਂ ਨਾਲ ਜੁੜ ਜਾਂਦਾ ਹੈ। ਧਰਤੀ ਉੱਪਰ ਜਦੋਂ ਕਿਸੇ ਵੀ ਧਰਮ ਦੇ ਰਹਿਬਰ ਨੂੰ ਦੈਵੀ ਇਲਹਾਮ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਸ ਇਲਹਾਮ ਨੂੰ ਸ਼ਬਦੀ ਜਾਮਾ ਪਹਿਨਾ ਕੇ ਧਾਰਮਿਕ ਗ੍ਰੰਥ ਦਾ ਰੂਪ ਧਾਰਨ ਕਰਵਾਇਆ ਜਾਂਦਾ ਹੈ। ਇਸ ਤੋਂ ਪਿੱਛੋਂ ਦੈਵੀ ਜਾਂ ਰੱਬੀ ਇਲਹਾਮ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਿਆਖਿਆਕਾਰੀ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਇੱਥੇ ਵਿਆਖਿਆਕਾਰੀ ਦੈਵੀ ਇਲਹਾਮ ਨੂੰ ਸਮੁੱਚੇ ਰੂਪ ਵਿੱਚ ਸਮਝਗੋਚਰਾ ਕਰਨ ਲਈ ਇਕ ਸਾਧਨ ਵਜੋਂ ਕਾਰਜ ਕਰਦੀ ਹੈ। ਵਿਆਖਿਆਕਾਰੀ ਕਰਨ ਸਮੇਂ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਬਹੁਤ ਹੀ ਸੌਖੇ ਅਤੇ ਸਰਲ ਸ਼ਬਦਾਂ ਵਿੱਚ ਦੈਵੀ ਇਲਹਾਮ ਦੇ ਗੁਹਜ ਭਰਪੂਰ ਅਰਥਾਂ ਦਾ ਸੰਚਾਰ ਕੀਤਾ ਜਾਵੇ ਕਿਉਂਕਿ ਦੈਵੀ ਜਾਂ ਰੱਬੀ ਸੰਦੇਸ਼ ਪਰਮਾਤਮਾ ਦੁਆਰਾ ਆਵੇਸ਼ਿਤ ਅਜਿਹੇ ਪਰਮਾਤਮੀ ਬੋਲ ਹੁੰਦੇ ਹਨ, ਜਿਹਨਾਂ ਦਾ ਘੇਰਾ ਕਾਫ਼ੀ ਵਿਸ਼ਾਲ ਹੁੰਦਾ ਹੈ। ਦੈਵੀ ਜਾਂ ਪਰਮਾਤਮੀ ਬੋਲਾਂ ਦਾ ਪੂਰਾ ਸੰਚਾਰ-ਪ੍ਰਬੰਧ ਚਿੰਨ੍ਹਾਂ, ਪ੍ਰਤੀਕਾਂ ਉੱਪਰ ਆਸ਼ਰਿਤ ਹੁੰਦਾ ਹੈ ਅਤੇ ਇਹ ਮਨੁੱਖੀ ਸੋਚ ਤੋਂ ਪਰ੍ਹੇ ਦੀਆਂ ਗੱਲਾਂ ਹੁੰਦੀਆਂ ਹਨ। ਇਹਨਾਂ ਪ੍ਰਤੀਕਾਂ ਦੇ ਗੁਹਜ ਅਰਥਾਂ ਦੀ ਸਮਝ ਆਮ ਲੋਕਾਈ ਨੂੰ ਨਹੀਂ ਹੁੰਦੀ। ਇਸ ਲਈ ਵਿਆਖਿਆਕਾਰੀ ਦਾ ਕਾਰਜ ਕਾਫ਼ੀ ਮਹੱਤਵਪੂਰਨ ਹੋ ਜਾਂਦਾ ਹੈ। ਇਸ ਸੰਦਰਭ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਛੇ ਗੁਰੂ ਸਾਹਿਬਾਨਾਂ ਤੋਂ ਇਲਾਵਾ ਤੀਹ ਹੋਰ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੋਏ ਰੱਬੀ ਅਨੁਭਵ ਦੀ ਸ਼ਾਬਦਿਕ ਅਤੇ ਸੰਗਠਨਾਤਮਕ ਪੇਸ਼ਕਾਰੀ ਹੈ। ਸ਼ਬਦ ਅਤੇ ਸੰਗੀਤ ਇਸ ਗ੍ਰੰਥ ਦਾ ਕੇਂਦਰੀ ਧੁਰਾ ਹਨ। ਇਸ ਪਾਵਨ ਗ੍ਰੰਥ ਵਿੱਚ 'ਸ਼ਬਦ' ਨੂੰ 'ਗੁਰੂ' ਦੇ ਰੁਤਬੇ ਨਾਲ ਨਿਵਾਜ਼ਿਆ ਗਿਆ ਹੈ, ਜੋ ਕਿ ਲਾਮਿਸਾਲ ਹੈ। ਸਿੱਖ ਜਗਤ ਵਿੱਚ 'ਸ਼ਬਦ' ਲਈ ਗੁਰਬਾਣੀ, ਪ੍ਰਭ ਕੀ ਬਾਣੀ, ਧੁਰ ਕੀ ਬਾਣੀ, ਗੋਵਿੰਦ ਕੀ ਬਾਣੀ, ਅਗੰਮੀ ਬਾਣੀ ਆਦਿ ਸਮਾਨਾਰਥਕਾਂ ਦੀ ਵਰਤੋਂ ਕੀਤੀ ਗਈ ਹੈ। ਗੁਰਬਾਣੀ ਦੇ ਰੂਹਾਨੀ ਸੰਦੇਸ਼ ਦੇ ਗੂੜ੍ਹ ਰਹੱਸਾਂ ਅਤੇ ਇਸਦੇ ਭਾਸ਼ਾਈ, ਸਾਹਿਤਕ ਅਤੇ ਦੁਨਿਆਵੀਂ

ਪਸਾਰਾਂ ਨੂੰ ਵਿਆਖਿਆਕਾਰੀ ਰਾਹੀਂ ਹੀ ਸਮਝਿਆ ਜਾ ਸਕਦਾ ਹੈ।

### 3.1 ਵਿਆਖਿਆਕਾਰੀ - ਅਰਥ ਵਿਸਥਾਰ :

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਬੋਧ ਲਈ ਪ੍ਰਚਲਿਤ ਵਿਧੀਆਂ ਵਿੱਚੋਂ ਵਿਆਖਿਆਕਾਰੀ ਇੱਕ ਪ੍ਰਸਿੱਧ ਵਿਧੀ ਹੈ। ਵਿਆਖਿਆਕਾਰੀ ਇੱਕ ਵਿਸ਼ਾਲ ਘੇਰੇ ਵਾਲਾ ਸ਼ਬਦ ਹੈ। ਭਾਈ ਕਾਹਨ ਸਿੰਘ ਨਾਭਾ ਨੇ ਆਪਣੇ 'ਮਹਾਨ ਕੋਸ਼' ਵਿੱਚ ਇਸਦਾ ਅਰਥ ਵਿਖਿਆਨ, ਵਰਣਨ, ਬਿਆਨ, ਟੀਕਾ ਅਤੇ ਸ਼ਰਹ ਕੀਤਾ ਹੈ।[1] ਇਸ ਸਿਰਜਣਾਤਮਕ ਕਲਾ ਵਿੱਚ ਸਾਹਿਤਕ ਕ੍ਰਿਤ ਜਾਂ ਵਿਸ਼ਾ ਵਸਤੂ ਦਾ ਹਰ ਪੱਖ ਵਿਸਥਾਰਪੂਰਵਕ ਵਿਖਿਆਇਆ ਅਤੇ ਪ੍ਰਗਟਾਇਆ ਜਾਂਦਾ ਹੈ। ਵਿਸਥਾਰ ਵਿੱਚ ਸਮਝਾਉਣ ਦੇ ਨਾਲ-ਨਾਲ ਕਠਿਨ, ਗੁੱਝੇ ਅਤੇ ਡੂੰਘੇ ਅਰਥਾਂ ਨੂੰ ਖੋਲ੍ਹ ਕੇ ਬਿਆਨ ਕੀਤਾ ਜਾਂਦਾ ਹੈ। ਡਾ. ਤਰਲੋਚਨ ਸਿੰਘ ਬੇਦੀ ਨੇ ਵੀ ਵਿਸਥਾਰ ਵਿੱਚ ਅਰਥ ਸਮਝਾਉਣ ਵਾਲੀ ਰਚਨਾ ਨੂੰ ਵਿਆਖਿਆ ਦਾ ਨਾਂ ਦਿੱਤਾ ਹੈ।[2]

ਅਰਬੀ/ਫ਼ਾਰਸੀ ਸਾਹਿਤ ਵਿੱਚ ਵਿਆਖਿਆ ਲਈ 'ਤਫ਼ਸੀਲ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਯੂਨੀਵਰਸਿਟੀ ਦੇ ਫ਼ਾਰਸੀ-ਪੰਜਾਬੀ ਕੋਸ਼ ਵਿੱਚ 'ਤਫ਼ਸੀਲ' ਸ਼ਬਦ ਦਾ ਅਰਥ ਖੋਲ੍ਹ ਕੇ ਦੱਸਣਾ, ਵਿਸਤਾਰਪੂਰਵਕ ਵਿਆਖਿਆ ਕਰਨਾ, ਵਿਸਥਾਰ ਆਦਿ ਦੱਸਿਆ ਗਿਆ ਹੈ।[3] ਇਸ ਰਾਹੀਂ ਰੱਬੀ ਕਲਾਮ ਦੀ ਵਿਆਖਿਆ ਕੀਤੀ ਜਾਂਦੀ ਹੈ ਅਤੇ ਕਲਾਮ ਦੇ ਭਾਵਾਂ ਨੂੰ ਸਪੱਸ਼ਟ ਰੂਪ ਵਿੱਚ ਬਿਆਨ ਕੀਤਾ ਜਾਂਦਾ ਹੈ। ਵਿਆਖਿਆ ਅਸਲ ਵਿੱਚ ਅਰਥਾਂ ਨੂੰ ਖੋਜਣ ਦੀ, ਜਾਂਚਣ ਦੀ ਅਤੇ ਜਾਣ ਲੈਣ ਵਾਲੀ ਪ੍ਰਕਿਰਿਆ ਦਾ ਨਾਂ ਹੈ।

ਡਾ. ਦਰਸ਼ਨ ਸਿੰਘ ਨੇ ਵਿਆਖਿਆ ਨੂੰ ਅਰਥਾਂ ਦਾ ਕੇਵਲ ਸ਼ਾਬਦਿਕ ਪ੍ਰਗਟਾਵਾ ਨਾ ਮੰਨਦੇ ਹੋਏ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ,

> "ਵਿਆਖਿਆ ਦਾ ਅਰਥ ਟੀਕਾ ਜਾਂ ਸ਼ਾਬਦਿਕ ਅਰਥਾਂ ਵਿੱਚ ਪ੍ਰਗਟਾਵਾ ਨਹੀਂ ਸਗੋਂ ਇਹ ਮੂਲ ਸੰਦੇਸ਼ ਨੂੰ ਵਿਸਥਾਰ ਵਿਚ ਸਪਸ਼ਟਤਾ ਸਹਿਤ ਬਿਆਨ ਕਰਨ ਦਾ ਯਤਨ ਹੁੰਦਾ ਹੈ।"[4]

ਇਸ ਤਰ੍ਹਾਂ ਵਿਆਖਿਆ ਕੇਵਲ ਰਚਨਾ ਦੇ ਸ਼ਾਬਦਿਕ ਅਰਥਾਂ ਦਾ ਪ੍ਰਗਟਾਵਾ ਹੀ ਨਹੀਂ ਸਗੋਂ ਉਸ ਦੇ ਦੈਵੀ ਜਾਂ ਅੰਤਰੀਵ ਮੂਲ ਸੰਦੇਸ਼ ਨੂੰ ਵੀ ਵਿਸਤ੍ਰਿਤ ਰੂਪ ਵਿੱਚ ਪ੍ਰਗਟਾਉਂਦੀ ਹੈ। ਇਸ ਵਿਸਤ੍ਰਿਤ ਵਿਆਖਿਆ ਰਾਹੀਂ

ਰਚਨਾ ਦੀਆਂ ਗੁੱਝੀਆਂ ਰਮਜ਼ਾਂ ਨੂੰ ਖੋਲ੍ਹ ਕੇ ਜਾਂ ਹੋਰ ਸਪਸ਼ਟਤਾ ਸਹਿਤ ਪੇਸ਼ ਕੀਤਾ ਜਾਂਦਾ ਹੈ।

'ਮਾਨਕ ਹਿੰਦੀ ਕੋਸ਼' ਵਿੱਚ ਵਿਆਖਿਆ ਦੇ ਕਈ ਅਰਥ ਕੀਤੇ ਮਿਲਦੇ ਹਨ,

> "ਕਿਸੇ ਔਖੀ ਪੰਕਤੀ, ਵਿਸ਼ੇ ਜਾਂ ਵਾਕ ਨੂੰ ਸਰਲ ਜਾਂ ਸੁਗਮ ਰੂਪ ਵਿੱਚ ਸਮਝਾਉਣ ਲਈ ਕਹੀ ਜਾਣ ਵਾਲੀ ਗੱਲ ਜਾਂ ਕੀਤਾ ਜਾਣ ਵਾਲਾ ਵਿਵੇਚਨ; ਕਿਸੇ ਜਟਿਲ ਵਾਕ ਦੇ ਅਰਥ ਦਾ ਸਪੱਸ਼ਟੀਕਰਨ; ਕਿਸੇ ਵਾਕ, ਕਥਨ ਆਦਿ ਦਾ ਆਪਣੀ ਬੁੱਧੀ ਜਾਂ ਆਪਣੇ ਦ੍ਰਿਸ਼ਟੀਕੋਣ ਤੋਂ ਲਗਾਇਆ ਜਾਣ ਵਾਲਾ ਅਰਥ; ਕਿਸੇ ਵਾਕ ਦਾ ਕੁੱਝ ਵਿਸਥਾਰ ਨਾਲ ਕੀਤਾ ਹੋਇਆ ਵਰਨਣ।"[4]

ਮਾਨਕ ਹਿੰਦੀ ਕੋਸ਼, ਵਿਆਖਿਆ ਦਾ ਕਾਰਜ ਕਿਸੇ ਵੀ ਪੰਕਤੀ, ਵਾਕ, ਕਥਨ, ਵਿਸ਼ੇ ਜਾਂ ਰਚਨਾ ਵਿੱਚ ਛੁਪੇ ਜਟਿਲ ਅਰਥਾਂ ਨੂੰ ਆਪਣੀ ਬੁੱਧੀ ਜਾਂ ਦ੍ਰਿਸ਼ਟੀਕੋਣ ਰਾਹੀਂ ਬਹੁਤ ਹੀ ਸੁਖੈਨ ਢੰਗ ਨਾਲ ਵਿਸਥਾਰਪੂਰਵਕ ਸਪੱਸ਼ਟ ਕਰਨਾ ਮੰਨਦਾ ਹੈ।

ਡਾ. ਜਗਬੀਰ ਸਿੰਘ ਨੇ ਵਿਆਖਿਆਕਾਰੀ ਦੇ ਕਾਰਜ ਅਤੇ ਵਿਕਾਸ ਨੂੰ ਭਾਰਤੀ ਧਰਮ ਦਰਸ਼ਨ ਦੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਸਪੱਸ਼ਟ ਕਰਦਿਆਂ ਲਿਖਿਆ ਹੈ,

> "ਭਾਰਤੀ ਧਰਮ ਦਰਸ਼ਨ ਦੇ ਇਤਿਹਾਸ ਵਿੱਚ ਟੀਕਾਕਾਰੀ/ਵਿਆਖਿਆਕਾਰੀ ਦਾ ਵਿਕਾਸ ਕਿਸੇ ਪ੍ਰਾਪਤ ਟੈਕਸਟ ਦੀ ਅਰਥ-ਸਾਰਥਕਤਾ ਨੂੰ ਸਪੱਸ਼ਟ ਕਰਨ ਦੇ ਉਪਰਾਲੇ ਵਜੋਂ ਇਹ ਕਿਸੇ ਅਨੁਭਵ-ਆਧਾਰੀ ਜਾਂ ਬੌਧਿਕ ਚਿੰਤਨ ਨਾਲ ਸਬੰਧਿਤ ਰਚਨਾ ਦੇ ਗੁੱਝੇ ਅਰਥਾਂ ਨੂੰ ਸਪੱਸ਼ਟ ਕਰਨ ਵਾਲੀ ਉਸਦੀ ਟਿੱਪਣੀ ਸਹਿਤ ਵਿਆਖਿਆ ਮੰਨੀ ਜਾਂਦੀ ਹੈ।"[6]

ਵਿਦਵਾਨ ਲੇਖਕ ਨੇ ਟੀਕਾਕਾਰੀ ਅਤੇ ਵਿਆਖਿਆਕਾਰੀ ਨੂੰ ਇੱਕ ਮੰਨਦਿਆਂ ਕਿਸੇ ਪ੍ਰਾਪਤ ਟੈਕਸਟ ਦੇ ਅਰਥ ਸਪੱਸ਼ਟੀਕਰਨ ਦੇ ਉਪਰਾਲੇ ਨੂੰ ਵਿਆਖਿਆਕਾਰੀ ਦਾ ਵਿਕਾਸ ਮੰਨਿਆ ਹੈ। ਇਸਦੇ ਨਾਲ ਇਹ ਉਦੋਂ ਟਿੱਪਣੀ ਸਹਿਤ ਵਿਆਖਿਆ ਹੋ ਨਿਬੜਦੀ ਹੈ, ਜਦੋਂ ਇਹ ਕਿਸੇ ਬੌਧਿਕ ਚਿੰਤਨ ਅਤੇ ਅਨੁਭਵ ਅਧਾਰਿਤ ਰਚਨਾ ਦੇ ਗੁੱਝੇ ਅਰਥ ਸਪੱਸ਼ਟ ਕਰਦੀ ਹੈ।

ਡਾ. ਤਾਰਨ ਸਿੰਘ ਨੇ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਪੁਸਤਕ ਵਿੱਚ ਵਿਆਖਿਆ ਸਬੰਧੀ ਲਿਖਿਆ ਹੈ,

> "ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੀ ਹੈ।"[7]

ਇਸ ਪ੍ਰਕਾਰ ਡਾ. ਤਾਰਨ ਸਿੰਘ ਨੇ ਵਿਆਖਿਆ ਨੂੰ ਇੱਕ ਸਿਰਜਨਾਤਮਕ ਕਲਾ ਮੰਨਦੇ ਹੋਏ ਇਸਨੂੰ ਅੰਦਰੂਨੀ ਭਾਵਾਂ, ਵਿਚਾਰਾਂ ਅਤੇ ਭਾਵਨਾਵਾਂ ਨੂੰ ਸਪਸ਼ਟ ਕਰਨ ਵਾਲੀ ਕ੍ਰਿਤੀ ਮੰਨਿਆ ਹੈ।

ਡਾ. ਸਰਬਜਿੰਦਰ ਦੁਆਰਾ ਪ੍ਰਸਤੁਤ ਵਿਆਖਿਆ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ,

> "ਵਿਆਖਿਆਕਾਰੀ ਦਾ ਕਾਰਜ ਕਿਸੇ ਵੀ ਰਚਨਾ ਵਿਚਲੇ ਗੁਹਜਮਈ ਅਰਥਾਂ ਨੂੰ ਬਹੁਤ ਹੀ ਸੁਖੈਨ ਢੰਗ ਨਾਲ ਸਰੋਤੇ ਜਾਂ ਪਾਠਕ ਦੀ ਚੇਤਨਾ ਦਾ ਹਿੱਸਾ ਬਣਾਉਣਾ ਹੁੰਦਾ ਹੈ। ਇਹ ਇੱਕ ਬਹੁਤ ਹੀ ਜਟਿਲ ਪ੍ਰਕਿਰਿਆ ਹੈ, ਖ਼ਾਸ ਕਰ ਉਸ ਵੇਲੇ ਜਦੋਂ ਵਿਆਖਿਆਕਾਰੀ ਦਾ ਖੇਤਰ ਧਰਮ ਜਾਂ ਧਾਰਮਿਕ ਰਚਨਾਵਾਂ ਹੋਣ।"[8]

ਵਿਦਵਾਨ ਲੇਖਕ ਦਾ ਵਿਚਾਰ ਹੈ ਕਿ ਵਿਆਖਿਆਕਾਰੀ ਹੋਰ ਵੀ ਕਠਿਨ ਪ੍ਰਕਿਰਿਆ ਹੋ ਨਿਬੜਦੀ ਹੈ ਜਦੋਂ ਇਸਦਾ ਘੇਰਾ ਕਿਸੇ ਧਾਰਮਿਕ ਰਚਨਾ ਦੇ ਆਲੇ-ਦੁਆਲੇ ਫ਼ੈਲਿਆ ਹੋਇਆ ਹੁੰਦਾ ਹੈ। ਇਸਦਾ ਪ੍ਰਮੁੱਖ ਉਦੇਸ਼ ਗੁਹਜਮਈ ਅਰਥਾਂ ਦਾ ਸਰਲੀਕਰਣ ਕਰਕੇ ਪਾਠਕ ਜਾਂ ਸਰੋਤੇ ਦੇ ਸਨਮੁੱਖ ਕਰਨਾ ਹੁੰਦਾ ਹੈ। ਉਹਨਾਂ ਨੇ ਵਿਆਖਿਆ ਅਤੇ ਵਿਆਖਿਆਕਾਰੀ ਵਿਚਕਾਰ ਅੰਤਰ-ਨਿਖੇੜਾ ਕਰਦੇ ਹੋਏ ਵਿਆਖਿਆ ਨੂੰ ਇੱਕ ਅਨੁਸ਼ਾਸਨ ਵਜੋਂ ਪੇਸ਼ ਕੀਤਾ ਹੈ ਅਤੇ ਵਿਆਖਿਆਕਾਰੀ ਨੂੰ ਉਸ ਅਨੁਸ਼ਾਸਨ ਦਾ ਵਿਹਾਰਕ ਰੂਪ ਮੰਨਿਆ ਹੈ। ਠੀਕ ਇਸੇ ਤਰ੍ਹਾਂ ਡਾ. ਗੁਰਮੇਲ ਸਿੰਘ ਵੀ ਵਿਆਖਿਆਕਾਰੀ ਨੂੰ ਵਿਆਖਿਆ-ਸੰਕਲਪ ਦਾ ਵਿਹਾਰਕ ਰੂਪ ਮੰਨਦੇ ਹਨ। ਵਿਆਖਿਆਕਾਰੀ ਟੀਕੇ, ਭਾਸ਼, ਕੋਸ਼, ਥੀਸਿਸ ਅਤੇ ਪਰਚੇ ਆਦਿ ਵਿਭਿੰਨ ਰੂਪਾਂ ਰਾਹੀਂ ਸਾਹਮਣੇ ਆਉਂਦੀ ਹੈ,

> "ਵਿਆਖਿਆਕਾਰੀ, ਵਿਆਖਿਆ-ਸੰਕਲਪ ਦੇ ਵਿਹਾਰਕ ਰੂਪ ਜਾਂ ਪ੍ਰਕਿਰਿਆ ਦਾ ਨਾਂ ਹੈ, ਭਾਵ ਇਸਦਾ ਸੰਬੰਧ ਵਿਹਾਰਕਤਾ ਨਾਲ ਹੈ। ਰੂਪ ਵਜੋਂ ਟੀਕੇ, ਭਾਸ਼, ਕੋਸ਼, ਥੀਸਿਸ, ਪਰਚੇ ਆਦਿ ਸਭ ਵਿਆਖਿਆਕਾਰੀ ਦੀ 'ਵਸਤ' ਹਨ। ਇਹ ਉਸ ਯਤਨ ਦਾ ਵਿਹਾਰਕ

> ਰੂਪ ਅਤੇ ਨਾਂ ਹੈ, ਜਿਸਨੇ ਮੂਲ-ਪਾਠ ਦੇ 'ਭਾਵ' ਨੂੰ ਲੋਕਾਂ ਤੱਕ ਪਹੁੰਚਾਇਆ ਹੈ। ਇਸ ਵਿੱਚ ਦ੍ਰਿਸ਼ਟੀ, ਪਹੁੰਚ, ਵਿਹਾਰ, ਢੰਗ, ਜੁਗਤ, ਰੂਪ ਆਦਿ ਸਭ ਕੁੱਝ ਸ਼ਾਮਿਲ ਹੈ।"[9]

ਇਸ ਤੋਂ ਇਲਾਵਾ ਡਾ. ਗੁਰਮੇਲ ਸਿੰਘ ਨੇ ਵਿਆਖਿਆ ਨੂੰ ਦੂਜੇ ਦਰਜੇ ਦਾ ਅਜਿਹਾ ਯਤਨ ਮੰਨਿਆ ਜਾਂਦਾ ਹੈ ਜੋ ਕਿਸੇ ਧਰਮ ਗ੍ਰੰਥ ਦੇ ਮੂਲ ਪਾਠ (text) ਤੋਂ ਬਾਅਦ ਉਪਜਦਾ ਹੈ, ਜਿਸ ਦਾ ਮੁੱਖ ਮਕਸਦ ਧਰਮ ਗ੍ਰੰਥ ਦੇ ਮੂਲ ਭਾਵਾਂ ਜਾਂ ਅਰਥਾਂ ਨੂੰ ਲੋਕਾਂ ਤੱਕ ਲੈ ਜਾਣ ਦੇ ਨਾਲ ਨਾਲ ਹਰੇਕ ਸਮਕਾਲ ਤੱਕ ਪਹੁੰਚ ਕਰਨੀ ਹੁੰਦੀ ਹੈ।

> "ਵਿਆਖਿਆ, ਧਰਮ ਗ੍ਰੰਥ ਦੇ ਮੂਲ ਪਾਠ (Text) ਤੋਂ ਬਾਅਦ ਦੂਜੇ ਦਰਜੇ ਦਾ ਉਹ ਕੋਈ ਵੀ 'ਜਤਨ' ਹੈ, ਜਿਹੜਾ 'ਮੂਲ' ਦੇ 'ਭਾਵ' ਨੂੰ ਸਰਲਤਾ ਸਹਿਤ ਲੋਕ ਸਮਝ ਦੇ ਪੱਧਰ ਉੱਤੇ ਹਰੇਕ ਸਮਕਾਲ ਤੱਕ ਲੈ ਕੇ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਇੱਕ ਸੰਕਲਪ ਹੈ ਤੇ 'ਮੂਲ' ਦੇ 'ਭਾਵ' ਨੂੰ ਲੋਕਾਂ ਤੱਕ ਲੈ ਕੇ ਜਾ ਰਹੇ 'ਜਤਨ' ਨੂੰ ਸੰਕੇਤਕ ਹੈ। ਇਸ ਵਿੱਚ ਕੋਈ ਦ੍ਰਿਸ਼ਟੀ ਜਾਂ ਵਿਹਾਰ ਦੀ ਸਿੱਧੀ ਸ਼ਮੂਲੀਅਤ ਨਹੀਂ, ਇਹ ਅਮੂਰਤ ਤੇ ਧਰਮ ਗ੍ਰੰਥਾਂ ਅਧਾਰਿਤ ਉਸਰੇ ਹਰੇਕ ਕਿਸਮ ਦੇ ਵਿਸ਼ਾਲ ਸਾਹਿਤ ਦੇ ਸਮੁੱਚ/ਕੁਲ ਰੂਪਾਂ ਨੂੰ ਸੰਬੋਧਿਤ ਹੈ।"[10]

ਇਸ ਟਿੱਪਣੀ ਵਿੱਚ ਵਿਆਖਿਆ ਨੂੰ ਇੱਕ ਸੰਕਲਪ ਵੀ ਮੰਨਿਆ ਗਿਆ ਹੈ ਜੋ ਮੂਲ ਧਾਰਮਿਕ ਸ੍ਰੋਤ ਦੇ ਅਰਥਾਂ ਨੂੰ ਲੋਕਾਈ ਤੱਕ ਲੈ ਕੇ ਜਾ ਰਹੇ ਯਤਨ ਪ੍ਰਤੀ ਵਚਨਬੱਧ ਹੁੰਦਾ ਹੈ। ਇਸ ਸੰਕਲਪ ਵਿੱਚ ਕੋਈ ਵੀ ਦ੍ਰਿਸ਼ਟੀ ਜਾਂ ਵਿਹਾਰ ਸਿੱਧੇ ਰੂਪ ਵਿੱਚ ਨਹੀਂ ਆ ਸਕਦਾ ਬਲਕਿ ਇਹ ਅਮੂਰਤ ਅਤੇ ਧਰਮ ਗ੍ਰੰਥ ਦੀ ਵਿਆਖਿਆ ਦੌਰਾਨ ਉਸਰੇ ਸਾਹਿਤ ਦੇ ਸਮੁੱਚੇ ਸਰੂਪ ਨੂੰ ਸੰਬੋਧਿਤ ਹੁੰਦਾ ਹੈ।

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਂਝੇ ਰੂਪ ਵਿੱਚ ਵਿਆਖਿਆ ਸਬੰਧੀ ਕਿਹਾ ਜਾ ਸਕਦਾ ਹੈ ਕਿ ਵਿਆਖਿਆ ਇੱਕ ਸਿਰਜਣਾਤਮਕ ਪ੍ਰਕਿਰਿਆ ਵਜੋਂ ਅਤੇ ਇੱਕ ਅਨੁਸ਼ਾਸਨ ਵਜੋਂ ਧਾਰਮਿਕ ਗ੍ਰੰਥਾਂ ਦੇ ਮੂਲ ਅਰਥਾਂ ਨੂੰ ਸਰਲ, ਸੌਖੇ ਅਤੇ ਸਪਸ਼ਟ ਰੂਪ ਵਿੱਚ ਆਮ ਲੋਕਾਈ ਦੀ ਮਾਨਸਿਕ ਚੇਤਨਾ ਦਾ ਹਿੱਸਾ ਬਣਾਉਂਦੀ ਹੈ।

### 3.2 ਵਿਆਖਿਆ ਸ਼ਾਸਤਰ :

ਜਿਵੇਂ ਭਾਸ਼ਾ, ਸਾਹਿਤ, ਅਰਥ, ਧਰਮ ਆਦਿ ਵਰਤਾਰਿਆਂ ਦੇ ਅਧਿਐਨ ਦਾ ਸ਼ਾਸਤਰ ਹੈ ਤਿਵੇਂ ਵਿਆਖਿਆ ਦਾ ਆਪਣਾ ਇੱਕ ਅਲੱਗ ਸ਼ਾਸਤਰ ਹੈ ਜਿਸਨੂੰ 'ਵਿਆਖਿਆ ਸ਼ਾਸਤਰ ਜਾਂ Hermeneutics' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸ਼ਾਬਦਿਕ ਦ੍ਰਿਸ਼ਟੀ ਤੋਂ, ਵਿਆਖਿਆ-ਸ਼ਾਸਤਰ (ਵਿਆਖਿਆ+ਸ਼ਾਸਤਰ) ਵਿਆਖਿਆਕਾਰੀ ਦੇ ਸਿਧਾਂਤਕ ਪਰਿਪੇਖ ਨਾਲ ਸੰਬੰਧਿਤ ਅਨੁਸ਼ਾਸਨ ਹੈ। ਇਸ ਦਾ ਮੁੱਖ ਉਦੇਸ਼ ਕਿਸੇ ਮਾਨਵ-ਸਿਰਜਿਤ ਪਾਠ ਦੀ ਤਰਕ-ਸੰਗਤ ਵਿਆਖਿਆ ਕਰਨਾ ਜਾਂ ਉਸਦੇ ਅਰਥਾਂ ਨੂੰ ਸ਼ਪਸਟ ਕਰਨਾ ਹੈ।[11] ਵਿਆਖਿਆ ਬਾਰੇ ਅਸੀਂ ਪਿੱਛੇ ਵਿਸਥਾਰ ਪੂਰਵਕ ਚਰਚਾ ਕਰ ਆਏ ਹਾਂ। ਹੁਣ ਸ਼ਾਸਤਰ ਬਾਰੇ ਥੋੜ੍ਹੀ ਵਿਚਾਰ ਚਰਚਾ ਕਰਾਂਗੇ। ਸ਼ਾਸਤਰ ਇੱਕ ਅਜਿਹਾ ਅਮੂਰਤ ਨਿਯਮ ਪ੍ਰਬੰਧ ਹੈ, ਜਿਸ ਵਿੱਚ ਕਿਸੇ ਵਿਸ਼ੇ ਨੂੰ ਸਮਝਣ-ਸਮਝਾਉਣ ਦੇ ਸਾਰੇ ਸਿਧਾਂਤਾਂ ਨੂੰ ਸੰਗ੍ਰਹਿਤ ਕੀਤਾ ਜਾਂਦਾ ਹੈ। ਇਸ ਵਿੱਚ ਸਬੰਧਿਤ ਵਿਸ਼ੇ ਸਬੰਧੀ ਗਿਆਨ ਪ੍ਰਦਾਨ ਕਰਾਉਣ ਦੀ ਸਮਰੱਥਾ ਹੁੰਦੀ ਹੈ। ਇਹ ਵਿਸ਼ੇ ਦੀ ਅਧਾਰ ਭੂਮੀ ਨਾਲ ਜੁੜਿਆ ਹੁੰਦਾ ਹੈ। ਗਿਆਨ ਦੇ ਖੇਤਰ ਵਿੱਚ ਵੱਖ ਵੱਖ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਬਹੁਤ ਸਾਰੇ ਸ਼ਾਸਤਰ ਮੌਜੂਦ ਹਨ, ਜਿਵੇਂ ਨਿਆਇ ਸ਼ਾਸਤਰ, ਵਿਆਕਰਨਕ ਸ਼ਾਸਤਰ, ਸ਼ਿਲਪ ਸ਼ਾਸਤਰ, ਵੈਦ ਸ਼ਾਸਤਰ, ਸਿਧਾਂਤ ਸ਼ਾਸਤਰ, ਜੋਤਿਸ਼ ਸ਼ਾਸਤਰ ਆਦਿ। ਪ੍ਰੰਤੂ ਏਥੇ ਅਸੀਂ ਵਿਆਖਿਆ ਸ਼ਾਸਤਰ ਨੂੰ ਕੇਂਦਰ ਵਿੱਚ ਰੱਖਿਆ ਹੈ। ਡਾ. ਸਰਬਜਿੰਦਰ ਸਿੰਘ ਵਿਆਖਿਆ ਸ਼ਾਸਤਰ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਦੇ ਹਨ,

> "ਵਿਆਖਿਆ ਸ਼ਾਸਤਰ ਇਕ ਅਜਿਹੀ ਵਿਧਾ ਹੈ, ਇੱਕ ਅਜਿਹੀ ਅੰਤਰਦ੍ਰਿਸ਼ਟੀ ਹੈ, ਇਕ ਅਜਿਹਾ ਗਿਆਨ ਦਾ ਅਨੁਸ਼ਾਸਨ ਪ੍ਰਬੰਧ ਹੈ, ਜੋ ਵਿਆਖਿਅਕਾਰੀ ਲਈ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।"[12]

ਇਸ ਪਰਿਭਾਸ਼ਾ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਵਿਆਖਿਆ ਸ਼ਾਸਤਰ ਇੱਕ ਸਿਧਾਂਤ, ਇੱਕ ਵਿਧਾ, ਇੱਕ ਅੰਤਰ ਦ੍ਰਿਸ਼ਟੀ, ਇੱਕ ਗਿਆਨ-ਅਨੁਸ਼ਾਸ਼ਨ ਅਤੇ ਇੱਕ ਅਮੂਰਤ ਗਿਆਨ ਪ੍ਰਬੰਧ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਦਾ ਮੁੱਖ ਕੰਮ ਵਿਆਖਿਆਕਾਰ ਨੂੰ ਵਿਆਖਿਆਕਾਰੀ ਲਈ ਇੱਕ ਦ੍ਰਿਸ਼ਟੀ

ਪ੍ਰਦਾਨ ਕਰਾਉਣਾ ਹੁੰਦਾ ਹੈ।

ਡਾ. ਗੁਰਮੇਲ ਸਿੰਘ ਨੇ ਵਿਆਖਿਆ ਸ਼ਾਸਤਰ ਨੂੰ ਇੱਕ ਅਜਿਹਾ ਵਿਗਿਆਨ/ਅਕਾਦਮਿਕ ਅਨੁਸ਼ਾਸ਼ਨ ਮੰਨਿਆ ਹੈ, ਜਿਸ ਵਿੱਚ ਵਿਆਖਿਆਕਾਰੀ ਸਬੰਧੀ ਸਿਧਾਂਤਕ ਗਿਆਨ ਪ੍ਰਦਾਨ ਕਰਵਾਇਆ ਜਾਂਦਾ ਹੈ,

> "ਵਿਆਖਿਆ ਸ਼ਾਸਤਰ ਜਾਂ ਵਿਗਿਆਨ, ਵਿਅਖਿਆਕਾਰੀ ਦੇ ਨਿਰਮਾਣ ਲਈ ਸਿਧਾਂਤਕ ਜਾਣਕਾਰੀ ਦੇਣ ਵਾਲਾ ਇੱਹ ਅਜਿਹਾ ਅਕਾਦਮਿਕ/ਗਿਆਨ ਅਨੁਸ਼ਾਸ਼ਨ ਹੈ, ਜਿਸ ਦੀ ਦ੍ਰਿਸ਼ਟੀ ਰਾਹੀਂ ਵਿਆਖਿਆਕਾਰੀ ਕੀਤੀ ਜਾਂਦੀ ਹੈ। ਇਹ ਵਿਆਖਿਆਕਾਰੀ ਦੇ ਘੇਰੇ ਵਿਚਲੇ ਹਰੇਕ ਸੰਬੋਧ(concept) ਨੂੰ ਪਰਿਭਾਸ਼ਤ ਤੇ ਉਸ ਦੀ ਸੀਮਾ ਨਿਸ਼ਚਿਤ ਕਰਦਾ ਹੈ। ਇਸ ਦਾ ਮੁੱਖ ਕਾਰਜ ਹੋਰ ਅਨੇਕ ਗਿਆਨ ਅਨੁਸ਼ਾਸ਼ਨਾਂ ਦੀ ਮਦਦ ਨਾਲ ਇੱਕ ਅਜਿਹਾ ਸਿਧਾਂਤਕ ਮਾਪਦੰਡ; ਚੌਖਟਾ ਤਿਅਰ ਕਰਨਾ ਹੁੰਦਾ ਹੈ, ਜਿਸ ਦੀ ਚੇਤਨਾ ਜਾਂ ਰੌਸ਼ਨੀ ਵਿੱਚ ਵਿਆਖਿਆਕਾਰੀ ਕੀਤੀ ਜਾਂਦੀ ਹੈ।"[13]

ਉਪਰੋਕਤ ਪਰਿਭਾਸ਼ਾ ਅਨੁਸਾਰ ਇਸ ਗਿਆਨ ਅਨੁਸ਼ਾਸ਼ਨ ਦੇ ਘੇਰੇ ਵਿੱਚ ਵਿਆਖਿਆਕਾਰੀ ਵਿਚਲੇ ਸਮੁੱਚੇ ਪੱਖਾਂ ਲਈ ਇੱਕ ਸਿਧਾਂਤਕ ਚੌਖਟਾ ਤਿਆਰ ਕੀਤਾ ਜਾਂਦਾ ਹੈ। ਜਿਸ ਦੀ ਸਹਾਇਤਾ ਨਾਲ ਵਿਆਖਿਆਕਾਰੀ ਅਮਲੀ ਰੂਪ ਵਿੱਚ ਸਾਹਮਣੇ ਆਉਂਦੀ ਹੈ।

ਔਕਸਫ਼ੋਰਡ ਇੰਗਲਿਸ਼ ਡਿਕਸ਼ਨਰੀ ਵਿੱਚ ਵਿਆਖਿਆ ਸ਼ਾਸਤਰ ਸੰਬੰਧੀ ਇਸ ਤਰ੍ਹਾਂ ਪਰਿਭਾਸ਼ਾ ਕੀਤੀ ਮਿਲਦੀ ਹੈ,

> "ਵਿਆਖਿਆ ਸ਼ਾਸਤਰ, ਗਿਆਨ ਦੀ ਉਹ ਸ਼ਾਖਾ ਹੈ ਜਿਹੜੀ ਕਿ ਵਿਆਖਿਆ ਦੇ ਸਿਧਾਂਤ ਪ੍ਰਦਾਨ ਕਰਦੀ ਹੈ, ਖ਼ਾਸ ਕਰਕੇ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਸੰਬੰਧੀ।"[14]

ਇਸ ਡਿਕਸ਼ਨਰੀ ਵਿੱਚ ਵਿਆਖਿਆ ਸ਼ਾਸਤਰ ਨੂੰ ਵਿਸ਼ੇਸ਼ ਕਰਕੇ ਧਾਰਮਿਕ ਗ੍ਰੰਥਾਂ ਦੀ ਵਿਆਖਿਆਕਾਰੀ ਸਬੰਧੀ ਸਿਧਾਂਤ ਪ੍ਰਦਾਨ ਕਰਾਉਣ ਵਾਲੀ ਗਿਆਨ ਸ਼ਾਖਾ ਮੰਨਿਆ ਗਿਆ ਹੈ।

ਅਸਲ ਵਿੱਚ ਵਿਆਖਿਆ ਸ਼ਾਸਤਰ ਉਹਨਾਂ ਸਿਧਾਂਤਾਂ ਅਤੇ ਵਿਧੀਆਂ ਦਾ ਅਧਿਐਨ ਹੈ ਜਿਹਨਾਂ

ਦੁਆਰਾ ਪਾਠ ਦੀ ਭੂਤਕਾਲੀ ਵਿਆਖਿਆ ਨੂੰ ਵਰਤਮਾਨ ਦੇ ਸੰਦਰਭ ਵਿੱਚ ਵੇਖਿਆ ਜਾਂਦਾ ਹੈ। ਸਰਲ ਸ਼ਬਦਾਂ ਵਿੱਚ ਜੇਕਰ ਵਿਆਖਿਆ ਸ਼ਾਸਤਰ ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਅਰਥ ਪ੍ਰਸਤੁਤ ਕਰਨ ਲਈ ਕਿਹੜਾ ਢੰਗ ਜਾਂ ਵਿਧੀ ਵਰਤੀ ਜਾਵੇ ਇਸ ਦਾ ਗਿਆਨ ਵਿਆਖਿਆ ਸ਼ਾਸਤਰ ਦਿੰਦਾ ਹੈ। ਵਿਆਖਿਆ ਸ਼ਾਸਤਰ ਰਾਹੀਂ ਕਿਸੇ ਸਾਹਿਤਕ ਰਚਨਾ ਦੇ ਅਰਥਾਂ ਨੂੰ ਨਿਰਧਾਰਿਤ ਕਰਕੇ, ਅਰਥਾਂ ਦੀ ਪ੍ਰਸੰਗਿਕਤਾ ਸਥਾਪਿਤ ਕਰਕੇ ਅਤੇ ਵਿਸ਼ਵਾਸ਼ਾਂ ਜਾਂ ਧਾਰਨਾਵਾਂ ਦੀ ਤਾਰਕਿਕਤਾ ਨਿਸ਼ਚਿਤ ਕੀਤੀ ਜਾਂਦੀ ਹੈ।

ਵਿਆਖਿਆ ਸ਼ਾਸਤਰ ਦਾ ਸਬੰਧ ਵਿਆਖਿਅਕਾਰੀ ਦੀਆਂ ਸਮੱਸਿਆਵਾਂ, ਸਿਧਾਂਤਾਂ ਅਤੇ ਉਦੇਸ਼ਾਂ ਨਾਲ ਵੀ ਹੈ। ਇਸ ਕਰਕੇ ਇਹ ਆਪਣੇ ਆਪ ਵਿੱਚ ਵਿਆਖਿਆ ਦੀ ਇੱਕ ਸਾਇੰਸ ਬਣ ਗਈ ਹੈ। ਇਸ ਸ਼ਾਸਤਰ ਰਾਹੀਂ ਪਾਠ ਦਾ ਸਹੀ ਅਰਥ ਲੱਭਣ ਵਿੱਚ ਸਹਾਇਤਾ ਮਿਲਦੀ ਹੈ। ਇਹ ਧਾਰਮਿਕ ਗ੍ਰੰਥ ਦੀ ਵਿਆਖਿਆ ਲਈ ਨਵੇਂ ਨਿਯਮ, ਸਿਧਾਂਤ ਅਤੇ ਵਿਧੀਆਂ ਸਥਾਪਿਤ ਕਰਨ ਦੇ ਨਾਲ-ਨਾਲ ਇਸਦਾ ਸੰਬੰਧ ਸਮਾਜ ਨਾਲ ਵੀ ਜੋੜਦਾ ਹੈ। ਇਸਤੋਂ ਇਲਾਵਾ ਕਿਸੇ ਇੱਕ ਧਰਮ ਦਾ ਦੂਜੇ ਧਰਮ ਨਾਲ ਸੰਬਾਦ, ਵਿਆਖਿਆ ਸ਼ਾਸਤਰ ਰਾਹੀਂ ਹੀ ਸੰਭਵ ਹੁੰਦਾ ਹੈ।

ਪਾਠ ਨੂੰ ਵਿਖਿਆਉਣ ਲਈ ਵਿਆਖਿਆ ਸ਼ਾਸਤਰੀ ਪਰੰਪਰਾ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਹੈ। Hermeneutics ਸ਼ਬਦ ਦੀ ਉਤਪੱਤੀ ਯੂਨਾਨੀ (greek) ਸ਼ਬਦ ‘Hermenuein’ ਤੋਂ ਹੋਈ ਮੰਨੀ ਜਾਂਦੀ ਹੈ, ਇਸਦਾ ਮੂਲ ਧਾਤੂ hermeneia ਹੈ। ਇਸ ਦਾ ਅਰਥ ਹੈ-ਅਨੁਵਾਦ ਕਰਨਾ, ਵਿਅਖਿਆ ਕਰਨੀ ਅਤੇ ਸਪੱਸ਼ਟ ਕਰਨਾ। ਅਰਥਾਤ ਮੂਲ ਪਾਠ ਨੂੰ ਵਿਸਥਾਰਪੂਰਵਕ ਅਤੇ ਸਪਸ਼ਟਤਾ ਸਹਿਤ ਬਿਆਨ ਕਰਨਾ। ਯੂਨਾਨੀ ਮਿਥਿਹਾਸ ਵਿੱਚ ‘Hermas’ ਨੂੰ ਇੱਕ ਪੁਰਾਣਾ ਸੰਦੇਸ਼ ਵਾਹਕ ਮੰਨਿਆ ਗਿਆ ਹੈ। ਜਿਸ ਨੂੰ ਰੱਬ ਦਾ ਦੂਤ (messenger) ਕਿਹਾ ਜਾਂਦਾ ਸੀ। ਇਹ ਦੇਵਤਾ ਲੋਕਾਂ ਤੱਕ ਰੱਬੀ ਸੰਦੇਸ਼ ਪਹੁੰਚਾਉਂਦਾ ਸੀ। ਤਦ hermeneutics ਸੰਕਲਪ ਇਲਹਾਮ ਜਾਂ ਰਿਵੀਲੀਸ਼ਨ (revelation) ਵਿੱਚੋਂ ਪ੍ਰਗਟ ਹੋਇਆ। ਰਿਵੀਲੀਸ਼ਨ ਖੁਦ-ਬ-ਖੁਦ ਹੋਣ ਵਾਲਾ ਅਜਿਹਾ ਆਤਮਿਕ ਸੰਦੇਸ਼ ਹੈ ਜਿਸ ਨੂੰ ਗੁਰੂ ਜਾਂ ਪੈਗੰਬਰ ਦੁਆਰਾ ਸੰਚਾਰਿਤ ਕੀਤਾ ਜਾਂਦਾ ਹੈ। ਇਹ ਆਮ ਗਿਆਨ ਨਾਲੋਂ ਵਧੇਰੇ ਸ੍ਰੇਸ਼ਠ, ਵਧੇਰੇ ਡੂੰਘਾ ਅਤੇ ਅੰਤਰ ਅਨੁਭਵੀ ਹੁੰਦਾ ਹੈ।

ਦੂਸਰੇ ਵਿਚਾਰ ਅਨੁਸਾਰ ਯੂਨਾਨ ਦੇ ਸ਼ਹਿਰ ਡਿਲਫ਼ੇ ਵਿੱਚ ਅਪੋਲੋ ਮੰਦਿਰ ਦੇ ਪੁਜਾਰੀ ਨੂੰ 'ਹਰਮਸ' ਕਿਹਾ ਜਾਂਦਾ ਸੀ। ਉਹ ਅਪੋਲੋ ਦੇਵਤੇ ਦੇ ਦੈਵੀ ਉਪਦੇਸ਼ਾਂ ਦੀ ਸਰਲ ਵਿਆਖਿਆ ਕਰਕੇ ਲੋਕਾਂ ਤੱਕ ਪਹੁੰਚਾਉਂਦਾ ਸੀ।

Hremeneutics ਸ਼ਬਦ ਜ਼ਿਆਦਾਤਰ ਬਾਈਬਲ ਵਿਆਖਿਆ ਤੱਕ ਹੀ ਸੀਮਤ ਰਿਹਾ ਹੈ। ਬਾਈਬਲ ਦੀ ਵਿਆਖਿਆ ਦੀ ਤਰ੍ਹਾਂ ਪਵਿੱਤਰ ਕੁਰਾਨ, ਵੇਦ ਆਦਿ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਦਾ ਰੁਝਾਨ ਵੀ ਰਿਹਾ ਹੈ। ਵੈਦਿਕ ਵਿਆਖਿਆ ਵਿੱਚ ਵੇਦਾਂ ਦੇ ਮੰਤਰਾਂ ਦੀ ਵਿਆਖਿਆ ਕੀਤੀ ਗਈ। ਇਸ ਵਿਆਖਿਆ ਸ਼ਾਸਤਰੀ ਸਕੂਲ ਨੂੰ ਮੀਮਾਂਸਾ ਦੁਆਰਾ ਅਗਵਾਈ ਦਿੱਤੀ ਜਾਂਦੀ ਸੀ। ਭਾਰਤੀ ਪਰੰਪਰਾ ਵਿੱਚ ਧਰਮ-ਸ਼ਾਸਤਰ ਅਤੇ ਮੀਮਾਂਸਾ ਦੇ ਕੋਸ਼ਗਤ ਅਰਥ ਹਨ-ਖੋਜ, ਪੜਤਾਲ, ਪੁੱਛਗਿਛ ਅਤੇ ਡੂੰਘੀ ਵਿਚਾਰ। ਇਹ ਛੇ ਮੁੱਖ ਦਰਸ਼ਨ ਸ਼ਾਸਤਰਾਂ ਵਿੱਚੋਂ ਇੱਕ ਹੈ। ਮੀਮਾਂਸਾ ਵੈਦਿਕ ਧਰਮ ਵਿੱਚ ਤਰਕ ਦੀ ਵਰਤੋਂ ਰਾਹੀਂ ਵੈਦਿਕ ਗ੍ਰੰਥਾਂ ਦੇ ਚਿੰਤਨ 'ਤੇ ਅਧਾਰਿਤ ਵਿਆਖਿਆ ਦੀ ਵਿਧੀ ਹੈ।

ਯੂਨਾਨੀ ਦਾਰਸ਼ਨਿਕ ਅਰਸਤੂ ਅਤੇ ਪਲੈਟੋ ਵਰਗੇ ਵਿਦਵਾਨਾਂ ਦੀਆਂ ਲਿਖਤਾਂ ਵਿੱਚੋਂ Hermeneutics ਸ਼ਬਦ ਦੇ ਹਵਾਲੇ ਮਿਲਣਾ ਇਸਦੀ ਪ੍ਰਾਚੀਨਤਾ ਵੱਲ ਸੰਕੇਤ ਕਰਦੇ ਹਨ। ਡਿਕਸ਼ਨਰੀ ਆਫ਼ ਫ਼ਿਲਾਸਫ਼ੀ ਵਿੱਚ ਇਸ ਦੀ ਪਹਿਲੀ ਵਾਰ ਵਰਤੋਂ J.C. Dannhauer ਤੋਂ ਹੋਈ ਮੰਨੀ ਜਾਂਦੀ ਹੈ। ਉਸਨੇ ਇਸ ਦੀ ਵਰਤੋਂ ਸਤਾਰ੍ਹਵੀਂ ਸਦੀ ਦੇ ਮੱਧ ਵਿੱਚ ਕੀਤੀ ਸੀ। ਉਸਨੇ ਇਹ ਜਾਣਿਆ ਕਿ ਪਾਠ ਦੀ ਵਿਆਖਿਆ ਲਈ ਜਿਸ ਥਿਊਰੀ ਦੀ ਲੋੜ ਪੈਂਦੀ ਸੀ ਉਸਦੇ ਤਿੰਨ ਭਾਗ ਸਨ ;

1. ਧਾਰਮਿਕ ਗ੍ਰੰਥ
2. ਕਾਨੂੰਨੀ ਪਾਠ
3. ਪੁਰਾਤਨ ਸਮੇਂ ਦਾ ਉੱਚ-ਕੋਟੀ ਸਾਹਿਤ

ਪੁਰਾਣੇ ਵਿਆਖਿਆ ਸ਼ਾਸਤਰ ਦੀ ਇੱਕ ਮੂਲ ਸਮੱਸਿਆ ਇਹ ਸੀ ਕਿ ਇਸ ਦੇ ਦੋ ਮੂਲ ਸਿਧਾਂਤ ਇੱਕੋ ਖੇਤਰ ਵਿੱਚ ਅਲੱਗ-ਅਲੱਗ ਟੀਚੇ ਰੱਖਦੇ ਸਨ- ਧਰਮ ਸ਼ਾਸਤਰ ਅਤੇ ਨਿਆਂ ਸ਼ਾਸਤਰ। ਇੱਕ ਸਿਧਾਂਤ ਦਾ ਟੀਚਾ ਸੀ ਸਹੀ ਅਤੇ ਸਪਸ਼ਟ ਵਿਆਖਿਆ ਪ੍ਰਸਤੁਤ ਕਰਨਾ ਅਤੇ ਦੂਜੇ ਦਾ ਟੀਚਾ ਕਾਨੂੰਨ ਦੀ ਅਧਿਕਾਰਪੂਰਨ

ਸਥਾਪਤੀ ਕਰਾਉਣਾ। ਇਹ ਇੱਕੋ ਸਮੇਂ ਦੋਨਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਨਹੀਂ ਹੋ ਸਕਦਾ ਸੀ।[15] ਇਸ ਤਰ੍ਹਾਂ ਰਵਾਇਤੀ ਵਿਆਖਿਆ ਸ਼ਾਸਤਰ ਲਿਖਤੀ ਪਾਠਾਂ ਦੀ ਵਿਆਖਿਆ ਕਰਦਾ ਸੀ ਅਤੇ ਇਸ ਦਾ ਘੇਰਾ ਸਾਹਿਤ, ਧਰਮ ਅਤੇ ਕਾਨੂੰਨ ਤੱਕ ਸੀਮਤ ਸੀ।

ਪ੍ਰਾਚੀਨ ਯੂਨਾਨ ਤੋਂ ਲੈ ਕੇ ਹੁਣ ਤੱਕ ਵਿਆਖਿਆ ਸ਼ਾਸਤਰ (Hermeneutics) ਦੇ ਪਿਛੋਕੜ ਵਿੱਚ ਕਾਫ਼ੀ ਲੰਮਾ ਇਤਿਹਾਸ ਪਿਆ ਹੈ। ਇਹ ਸ਼ਬਦ 17ਵੀਂ 18ਵੀਂ ਸਦੀ ਵਿੱਚ ਨਿੱਖਰ ਚੁੱਕਿਆ ਸੀ। ਸ਼ਲਾਇਰਮਾਖਰ (1768-1834 ਈ.) Friedrich Schleiermacher ਇਸ ਦਾ ਪਹਿਲਾ ਵੱਡਾ ਪ੍ਰਸਿੱਧ ਚਿੰਤਕ ਹੋਇਆ ਹੈ, ਜੋ ਕਿ ਜਰਮਨ ਧਰਮ ਸ਼ਾਸਤਰੀ ਦੇ ਨਾਲ-ਨਾਲ ਇੱਕ ਸਫ਼ਲ ਪ੍ਰਚਾਰਕ ਵੀ ਸੀ। ਉਹ ਬਰਲਿਨ ਯੂਨੀਵਰਸਿਟੀ ਵਿੱਚ ਧਰਮ-ਸ਼ਾਸਤਰ ਦਾ ਪ੍ਰੋਫ਼ੈਸਰ ਸੀ। ਉਸਨੂੰ ਈਸਾਈ ਧਰਮ ਸ਼ਾਸਤਰ ਅਤੇ ਖ਼ਾਸ ਕਰ ਧਰਮ ਅਧਿਐਨ ਦੇ ਖੇਤਰ ਵਿੱਚ ਮਾਣ ਵਾਲਾ ਦਰਜਾ ਹਾਸਲ ਸੀ। ਉਸਨੇ ਵਿਆਖਿਆ ਦੀ ਥਿਊਰੀ ਬਾਰੇ ਸੁਝਾਅ ਪੇਸ਼ ਕੀਤੇ। ਉਸ ਨੇ ਪ੍ਰਾਚੀਨ ਪਾਠਾਂ ਨੂੰ ਸਮਝਣ ਲਈ ਬਹੁਪੱਖੀ ਵਿਧੀ ਦੀ ਵਰਤੋਂ ਕੀਤੀ। ਉਸ ਦਾ ਮੰਨਣਾ ਹੈ ਕਿ ਪ੍ਰਾਚੀਨ ਪਾਠਾਂ ਨੂੰ ਸਮਝਣ ਦੀ ਸਮੱਸਿਆ ਨਹੀਂ ਬਲਕਿ ਉਹਨਾਂ ਦੇ ਅਰਥਾਂ ਨੂੰ ਗ੍ਰਹਿਣ ਕਰਨ ਦੀ ਸਮੱਸਿਆ ਹੈ। ਪਾਠ ਦੇ ਅਰਥਾਂ ਨੂੰ ਗ੍ਰਹਿਣ ਕਰਨ ਲਈ ਉਸ ਦੇ ਸਾਰੇ ਪਰਿਪੇਖਾਂ/ਪੱਖਾਂ ਜਿਵੇਂ ਵਿਆਕਰਨ, ਇਤਿਹਾਸ, ਤੁਲਨਾਮਤਮਕ ਅਧਿਐਨ ਆਦਿ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਪਾਠ ਦਾ ਰਚਨਾਕਾਰ ਦੇ ਹੋਰ ਪਾਠਾਂ ਨਾਲ ਕੀ ਸਬੰਧ ਹੈ, ਪਾਠ ਦੀ ਰਚਨਾ ਸਮੇਂ ਦੀ ਭਾਸ਼ਾ ਕਿਹੋ ਜਿਹੀ ਸੀ? ਪਾਠ ਦਾ ਆਪਣੇ ਸਮਕਾਲੀ ਇਤਿਹਾਸ ਨਾਲ ਕੀ ਸਬੰਧ ਹੈ? ਆਦਿ ਪੱਖਾਂ ਨੂੰ ਧਿਆਨ ਗੋਚਰੇ ਕਰਕੇ ਹੀ ਕਿਸੇ ਪਾਠ ਦੇ ਸਹੀ ਅਰਥ ਗ੍ਰਹਿਣ ਕੀਤੇ ਜਾ ਸਕਦੇ ਹਨ। ਸ਼ਲਾਇਰਮਾਖਰ ਅਰਥ ਨੂੰ 'ਅੰਤਹੀਣ' ਮੰਨਦਾ ਹੈ ਕਿਉਂਕਿ ਅਰਥ ਦਾ ਕੋਈ ਅੰਤ ਨਹੀਂ ਹੈ। ਪਾਠ ਦੇ ਕਿਸੇ ਇੱਕ ਅਰਥ ਜਾਂ ਇੱਕ ਤੋਂ ਜਿਆਦਾ ਅਰਥਾਂ ਵਿੱਚੋਂ ਕਿਸੇ ਨੂੰ ਵੀ ਅੰਤਿਮ ਅਰਥ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਹਨਾਂ ਅਰਥਾਂ ਵਿੱਚ ਹੋਰ ਨਵੇਂ ਅਰਥਾਂ ਦੀ ਸੰਭਾਵਨਾ ਛੁੱਪੀ ਰਹਿੰਦੀ ਹੈ। ਇਸੇ ਲਈ ਕੋਈ ਵੀ ਵਿਆਖਿਆ, ਪਾਠ ਦੇ ਸਾਰੇ ਅਰਥਾਂ ਨੂੰ ਸਮੇਟ ਨਹੀਂ ਸਕਦੀ। ਇਸ ਕਾਰਨ ਵਿਆਖਿਆ ਦਾ ਘੇਰਾ ਸੀਮਿਤ ਵੀ ਹੈ ਅਤੇ ਅਸਥਾਈ ਵੀ। ਉਸਨੇ ਵਿਆਖਿਆ ਸਬੰਧੀ ਪਰੰਪਰਾਗਤ ਵਿਚਾਰਾਂ ਦਾ ਖੰਡਨ ਕੀਤਾ ਅਤੇ ਆਪਣੇ ਸੁਝਾਵਾਂ ਵਿੱਚ ਦੱਸਿਆ

ਕਿ ਵਿਆਖਿਆ ਨਾਲ ਸਬੰਧਿਤ ਭਾਸ਼ਾ ਅਤੇ ਇਤਿਹਾਸਕ ਤੱਥਾਂ ਨੂੰ ਸਮਝ ਲੈਣਾ ਹੀ ਕਾਫ਼ੀ ਨਹੀਂ ਬਲਕਿ ਰਚਨਾ ਦੀ ਉਸਾਰੀ ਸਮੇਂ ਰਚਨਾਕਾਰ ਦੀ ਮਾਨਸਿਕਤਾ ਅਤੇ ਉਸਦੇ ਕਾਲਪਨਿਕ ਪੱਧਰ ਬਾਰੇ ਜਾਣਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਸ਼ਲਾਇਰਮਾਖਰ ਨੇ ਜੋ ਵਿਆਖਿਆ ਸ਼ਾਸਤਰ ਦੇ ਸਿਧਾਂਤ ਉਲੀਕੇ ਉਸ ਵਿੱਚ ਵੇਲਹਮ ਡਿਲਥੇ (Wilhelm Dilthey), ਮਾਰਟਿਨ ਹੈਡੇਗਰ (Martin Heidegger) ਅਤੇ ਗੈਡੇਮਰ ਆਦਿ ਵਰਗੇ ਉੱਚ ਕੋਟੀ ਦੇ ਮਹਾਨ ਵਿਦਵਾਨਾਂ ਨੇ ਵੀ ਆਪਣਾ ਘੱਟ ਯੋਗਦਾਨ ਨਹੀਂ ਪਾਇਆ।

ਵੇਲਹਮ ਡਿਲਥੇ (1833-1911) ਵੀ ਇੱਕ ਜਰਮਨ ਫ਼ਿਲਾਸਫ਼ਰ ਸੀ। ਉਹ ਸ਼ਲਾਇਰਮਾਖਰ ਦਾ ਹੀ ਚੇਲਾ ਸੀ। ਉਸਨੇ ਆਪਣੇ ਗੁਰੂ ਸ਼ਲਾਇਰਮਾਖਰ ਦੇ ਅਰਥ ਮੀਮਾਂਸਾ ਸਬੰਧੀ ਕੀਤੇ ਚਿੰਤਨ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਸੀ। ਉਸਨੇ ਆਪਣੀ ਪੁਸਤਕ Studies of Man ਵਿੱਚ ਵਿਆਖਿਆ ਸਬੰਧੀ ਵਿਚਾਰ ਪ੍ਰਗਟਾਏ ਹਨ। ਉਸਦਾ ਵਿਚਾਰ ਸੀ ਕਿ ਵਿਆਖਿਆ ਸ਼ਾਸਤਰ ਵਿਗਿਆਨ ਨਹੀਂ ਕਲਾ ਹੈ।

ਮਾਰਟਿਨ ਹਾਈਡੈਗਰ ਅਸਤਿਤਵਵਾਦ ਦੇ ਪ੍ਰਸਿੱਧ ਦਾਰਸ਼ਨਿਕ ਹੋਏ ਹਨ। ਉਸਨੇ ਆਪਣੀ ਪੁਸਤਕ Being and Time (1927) ਵਿੱਚ ਅਰਥ ਮੀਮਾਂਸਾ ਨੂੰ ਖੋਜ ਦੀ ਵਿਧੀ ਵੀ ਕਿਹਾ ਹੈ ਅਤੇ ਉਹ ਵਸਤੂ ਵੀ ਕਿਹਾ ਹੈ ਜਿਸ ਦੀ ਖੋਜ ਕੀਤੀ ਜਾ ਰਹੀ ਹੈ।

ਇਸ ਤੋਂ ਬਾਅਦ ਗਡੈਮਰ ਨੇ ਹਾਈਡੈਗਰ ਦੀ ਅੰਤਰ ਦ੍ਰਿਸ਼ਟੀ ਅਤੇ ਉਸਦੇ ਚਿੰਤਨ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਹਿੱਸਾ ਪਾਇਆ। ਉਸ ਨੇ ਆਪਣੀ Truth and Methods (1975) ਵਿੱਚ ਅਰਥ ਮੀਮਾਂਸਾ ਦੇ ਫ਼ਲਸਫ਼ੇ ਸਬੰਧੀ ਵਿਚਾਰ ਚਰਚਾ ਕੀਤੀ ਹੈ। ਉਸਨੇ ਅਰਥ ਮੀਮਾਂਸਾ ਨੂੰ ਵਸਤੂ ਪਰਕ ਪ੍ਰਕਿਰਿਆ ਨਾ ਮੰਨ ਕੇ ਇੱਕ ਖੇਡ ਮੰਨਿਆ ਹੈ, ਜਿਸ ਤਰ੍ਹਾਂ ਖੇਡ ਵਿੱਚ ਅਸੀਂ ਪੂਰਨ ਰੂਪ ਵਿੱਚ ਹਿੱਸਾ ਲੈਂਦੇ ਹਾਂ ਅਤੇ ਖੇਡ ਅੰਦਰੋਂ ਹੀ ਸ਼ੁਰੂ ਹੁੰਦੀ ਹੈ। ਠੀਕ ਉਸੇ ਤਰ੍ਹਾਂ ਗੈਡਮਰ ਦਾ ਮੰਨਣਾ ਹੈ ਕਿ ਅਰਥ ਗ੍ਰਹਿਣ ਦੀ ਪ੍ਰਕਿਰਿਆ ਵੀ ਹਮੇਸ਼ਾ ਅੰਦਰੋਂ ਹੀ ਸ਼ੁਰੂ ਹੁੰਦੀ ਹੈ। ਗਡੈਮਰ ਨੇ ਇਸ ਧਾਰਨਾ ਨੂੰ ਨਕਾਰਨ ਦਾ ਯਤਨ ਵੀ ਕੀਤਾ ਕਿ ਵਿਆਖਿਆ ਤੋਂ ਅਜ਼ਾਦ ਜਾਂ ਪਾਰ ਟੈਕਸਟ ਦੇ ਕੋਈ ਆਪਣੇ ਮੌਲਿਕ ਅਰਥ ਹੁੰਦੇ ਹਨ। ਵਿਆਖਿਆਕਾਰ ਦਾ ਟੀਚਾ ਅਜਿਹੇ ਅਖੌਤੀ ਕਿਸਮ ਦੇ ਮੂਲ ਅਰਥਾਂ ਦੀ ਖੋਜ ਨਹੀਂ ਹੁੰਦਾ। ਅਰਥ ਟੈਕਸਟ

ਵਿੱਚ ਨਹੀਂ, ਟੈਕਸਟ ਦੇ ਪਾਠ ਵਿਚ, ਭਾਵ ਪਾਠਕ ਦੇ ਟੈਕਸਟ ਨਾਲ ਸੰਬੰਧਾਂ ਵਿੱਚ ਪਏ ਹੁੰਦੇ ਹਨ। ਪਾਠਕ ਦੇ ਰੂਪ ਵਿੱਚ ਇਕ ਟੈਕਸਟ ਦੂਸਰੀ ਟੈਕਸਟ ਨੂੰ ਪੜ੍ਹਦੀ ਹੈ। ਦੋਨੋਂ ਟੈਕਸਟਾਂ ਇਕ ਦੂਸਰੀ ਨੂੰ ਪੜ੍ਹਦੀਆਂ ਹਨ। ਪੜ੍ਹਤਾਂ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਰਹਿੰਦਾ ਹੈ, ਕਦੇ ਰੁਕਦਾ ਨਹੀਂ।[16]

ਕੁਲ ਮਿਲਾ ਕੇ ਇਹ ਵਿੱਦਿਆ ਨਿਰੋਲ 'ਧਰਮ' ਜਾਂ 'ਬਾਈਬਲ' ਦੀ ਵਿਆਖਿਆ ਸਮਝ ਨਾਲ ਨਾ ਜੁੜੀ ਰਹਿ ਸਕੀ, ਬਲਕਿ ਜੀਵਨ ਦੇ ਹਰ ਖੇਤਰ ਵਿੱਚ ਪ੍ਰਵੇਸ਼ ਕਰ ਗਈ। ਇਸ ਹਵਾਲੇ ਵਿੱਚ ਇਸ ਤਰ੍ਹਾਂ ਇਸ ਵਿਦਿਆ ਨੂੰ ਵਿਆਖਿਆ ਦਾ ਵਿਗਿਆਨ (The Science of Interpretation) ਕਿਹਾ ਜਾਂਦਾ ਹੈ, ਕਿਉਂਕਿ ਇਸ ਨੇ ਵਿਆਖਿਆ ਨੂੰ ਬੌਧਿਕ ਅਨੁਸ਼ਾਸਨ ਵਜੋਂ ਸਥਾਪਿਤ ਕੀਤਾ ਹੈ। ਇਸ ਨੇ ਵਿਆਖਿਆ ਕਰਨ ਦੇ ਨੇਮ ਘੜਨ ਦਾ ਸੁਤੰਤਰ ਰਾਹ ਖੋਲ੍ਹਿਆ, ਇਸ ਲਈ ਇਸ ਨੂੰ 'ਵਿਆਖਿਆ ਸਿਧਾਂਤ (Theory of Interpretation) ਕਿਹਾ ਗਿਆ। ਇਸ ਦਾ ਮੁੱਖ ਕੰਮ ਕਿਉਂਕਿ 'ਧਰਮ ਦੀ ਬੋਲੀ ਨੂੰ 'ਜਗਿਆਸੂ' ਦੀ ਬੋਲੀ ਵਿੱਚ ਸਮਝਗੋਚਰਾ ਕਰਨਾ ਹੈ, ਅਨੁਵਾਦ ਕਰਨਾ ਹੈ, ਇਸ ਕਰਕੇ ਇਸ ਵਿਦਿਆ ਨੂੰ ਇਕ ਤਰ੍ਹਾਂ ਖ਼ਾਸ ਪ੍ਰਕਾਰ ਦੇ ਅਨੁਵਾਦ (Translation) ਦੇ ਅਰਥਾਂ ਵਿੱਚ ਵੀ ਲਿਆ ਗਿਆ। ਵਿਆਖਿਆ ਦੀ ਹਰ ਸਮੱਸਿਆ ਹਰ ਮਸਲੇ ਬਾਰੇ ਵਿਚਾਰ ਚਿੰਤਨ ਕਰਨਾ, ਇਸ ਦੇ ਅਰਥ-ਘੇਰੇ ਵਿਚ ਆਉਣ ਕਾਰਨ ਇਸ ਨੂੰ 'ਵਿਆਖਿਆ ਦਾ ਫ਼ਲਸਫ਼ਾ (Philosophy of Interpretation) ਵੀ ਕਿਹਾ ਗਿਆ। Hermeneutics ਦਾ ਜੇਕਰ ਬੁਨਿਆਦੀ ਉਦੇਸ਼ ਵੇਖਣਾ ਹੋਵੇ ਤਾਂ ਉਹ ਅਰਥ ਵਿਆਖਿਆ 'ਕਰਨ' ਨਾਲੋਂ 'ਸਮਝਣ' ਜਾਂ ਅਰਥ-ਗ੍ਰਹਿਣ ਕਰਨ ਦੀ ਕਿਰਿਆ ਨਾਲ ਜੁੜਿਆ ਹੋਇਆ ਅਨੁਸ਼ਾਸਨ ਹੈ, ਇਸ ਕਰਕੇ ਇਸ ਨੂੰ 'ਸਮਝ ਦਾ ਸਿਧਾਂਤ' (Theory of Understanding) ਦੇ ਅਰਥਾਂ ਵਿਚ ਲਿਆ ਗਿਆ। ਸੋ ਕੁੱਲ ਮਿਲਾ ਕੇ Hermeneutics ਦੀ ਵਿਆਖਿਆ ਹੇਠ ਲਿਖੇ ਅਨੁਸਾਰ ਪ੍ਰਾਪਤ ਹੁੰਦੀ ਹੈ ;

1. ਵਿਆਖਿਆ ਦਾ ਵਿਗਿਆਨ (The Science of Interpretation)
2. ਵਿਆਖਿਆ ਦਾ ਸਿਧਾਂਤ (Theory of Interpretation)
3. ਅਨੁਵਾਦ (Translation)
4. ਵਿਆਖਿਆ ਦਾ ਫ਼ਲਸਫ਼ਾ (Philosophy of Interpretation)

5. ਸਮਝ ਦਾ ਸਿਧਾਂਤ (Theory of Understanding)[17]

ਇਸ ਪ੍ਰਕਾਰ ਵਿਆਖਿਆ ਸ਼ਾਸਤਰ ਦਾ ਸਮੁੱਚਾ ਸਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਵਿਆਖਿਆ ਸ਼ਾਸਤਰ ਵਿਗਿਆਨ, ਸਿਧਾਂਤ, ਅਨੁਵਾਦ, ਫ਼ਲਸਫ਼ੇ ਅਤੇ ਸਮਝ ਦੇ ਸਿਧਾਂਤ ਵਜੋਂ ਕੰਮ ਕਰਦਾ ਹੈ।

### 3.2.1 **ਵਿਆਖਿਆ ਸ਼ਾਸਤਰ ਦਾ ਕਾਰਜ ਖੇਤਰ** :

ਵਿਆਖਿਆ ਸ਼ਾਸਤਰ ਦੇ ਕਾਰਜ ਖੇਤਰ ਵਿੱਚ ਵਿਆਖਿਆਕਾਰੀ ਦੇ ਹਰ ਪੱਖ ਨੂੰ ਚੰਗੀ ਤਰ੍ਹਾਂ ਪਰਿਭਾਸ਼ਤ ਕਰਨ ਦੇ ਨਾਲ ਨਾਲ ਉਸਦਾ ਘੇਰਾ, ਸਥਾਨ ਆਦਿ ਨਿਸ਼ਚਿਤ ਕਰਨ ਦਾ ਯਤਨ ਵੀ ਆ ਜਾਂਦਾ ਹੈ। ਡਾ. ਬਲਕਾਰ ਸਿੰਘ ਅਨੁਸਾਰ ਵਿਆਖਿਆ ਸ਼ਾਸਤਰ ਦਾ ਕਾਰਜ ਖੇਤਰ ਵਿਆਖਿਆ ਦੇ ਅਸੂਲਾਂ/ਸਿਧਾਂਤਾਂ ਤੋਂ ਲੈ ਕੇ ਗਿਆਨ ਵਿਗਿਆਨ ਦੀਆਂ ਵਿਧਾਵਾਂ ਤੱਕ ਪਸਰਿਆ ਹੋਇਆ ਹੈ,

> "ਵਿਆਖਿਆ ਸ਼ਾਸਤਰ ਨੂੰ ਵਿਆਖਿਆ ਦੇ ਸਿਧਾਂਤ ਅਤੇ ਅਸਲ ਵਜੋਂ ਵੀ ਲਿਆ ਜਾਂਦਾ ਹੈ। ਇਹ ਵਿਆਖਿਆ ਦੇ ਅਸੂਲਾਂ ਦਾ ਅਧਿਐਨ ਵੀ ਹੈ। ਵਿਅਖਿਆ ਦੀ ਕਲਾ ਵਜੋਂ ਇਹ ਸਮਝ-ਸਿਧਾਂਤ ਵੀ ਹੈ। ਇਸ ਵਾਸਤੇ ਫ਼ਲਸਫ਼ਾ, ਭਾਸ਼ਾ, ਵਿਆਕਰਣ ਅਤੇ ਇਤਿਹਾਸ ਵੀ ਭੂਮਿਕਾ ਨਿਭਾਉਂਦੇ ਹਨ। ਇਸ ਦਾ ਹਵਾਲਾ ਗਿਆਨ ਅਤੇ ਵਿਗਿਆਨ ਦੀਆਂ ਵਿਧਾਵਾਂ ਵਿੱਚ ਆ ਜਾਂਦਾ ਹੈ। ਪਰ ਇਸ ਦਾ ਪੱਕਾ ਰਿਸ਼ਤਾ, ਪਵਿੱਤਰ-ਸਾਹਿਤ ਦੀ ਵਿਆਖਿਆ ਦੇ ਸਿਧਾਂਤ ਅਤੇ ਖੋਜ-ਵਿਧੀ ਅਰਥਾਤ ਮੈਥੇਡਾਲੋਜੀ ਨਾਲ ਹੀ ਸਥਾਪਿਤ ਹੁੰਦਾ ਹੈ।"[18]

ਪਰ ਵਿਆਖਿਆ ਸ਼ਾਸਤਰ ਦਾ ਗੂੜ੍ਹਾ ਸਬੰਧ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਦੇ ਸਿਧਾਂਤਾਂ ਅਤੇ ਉਨ੍ਹਾਂ ਦੀ ਖੋਜ-ਵਿਧੀ ਨਾਲ ਜਾ ਜੁੜਦਾ ਹੈ।

ਅਸਲ ਵਿਚ ਭਾਰਤੀ ਅਤੇ ਸਾਮੀ ਪਰੰਪਰਾਵਾਂ ਵਿਚ ਵਿਆਖਿਆ ਸ਼ਾਸਤਰ ਦਾ ਮੁੱਢ ਪਾਵਨ ਪਾਠਾਂ ਦੀ ਵਿਆਖਿਆਕਾਰੀ ਨਾਲ ਬੱਝਦਾ ਹੈ। ਪ੍ਰੰਤੂ ਅਜੋਕੇ ਦੌਰ ਵਿੱਚ ਵਿਆਖਿਆ ਸ਼ਾਸਤਰ ਦਾ ਘੇਰਾ ਬਹੁਤ ਵਸੀਹ ਹੋ ਗਿਆ ਹੈ। ਇਹ ਕੇਵਲ ਪਾਵਨ ਪਾਠਾਂ ਦੀ ਵਿਆਖਿਆਕਾਰੀ ਲਈ ਹੀ ਸਿਧਾਂਤ ਪ੍ਰਦਾਨ ਨਹੀਂ ਕਰਵਾਉਂਦਾ ਬਲਕਿ ਹੁਣ ਇਸ ਨੇ ਸਾਹਿਤਕ ਅਤੇ ਸਭਿਆਚਾਰਕ ਪਾਠਾਂ ਨੂੰ ਵੀ ਆਪਣੇ ਕਾਰਜ ਖੇਤਰ ਵਿੱਚ ਲੈ ਲਿਆ ਹੈ। ਇਸੇ ਮੱਤ ਦੀ ਪੁਸ਼ਟੀ ਡਾ. ਜਗਬੀਰ ਸਿੰਘ ਦੁਆਰਾ ਕੀਤੀ ਗਈ ਹੈ,

> "ਵਿਆਖਿਆ ਸ਼ਾਸਤਰ ਦੇ ਅੰਤਰਗਤ ਵਿਕਸਿਤ ਹੋਈਆ ਸਿਧਾਂਤਕ ਅਤੇ ਵਿਧੀ ਮੂਲਕ ਅੰਤਰਦ੍ਰਿਸ਼ਟੀਆਂ ਅੱਜ ਨਿਰੋਲ ਪਾਵਨ ਪਾਠਾਂ ਦੀ ਵਿਆਖਿਆ ਤੱਕ ਸੀਮਤ ਨਾ ਰਹਿ ਕੇ ਸਮੂਹ ਸਾਹਿਤਕ ਅਤੇ ਸਭਿਆਚਾਰਕ ਪਾਠਾਂ ਦੀ ਵਿਆਖਿਆ ਦਾ ਅਧਾਰ ਬਣ ਗਈਆਂ ਹਨ।"[19]

ਡਾ. ਭਾਰਤਵੀਰ ਕੌਰ ਸੰਧੂ ਨੇ ਵਿਆਖਿਆ ਸ਼ਾਸਤਰ ਦਾ ਸਬੰਧ ਸਾਹਿਤਕ ਰਚਨਾ ਦੀ ਸਿਧਾਂਤਕ ਵਿਆਖਿਆ ਨਾਲ ਜੋੜਿਆ ਹੈ। ਜਿਸ ਵਿੱਚ ਰਚਨਾ ਦੇ ਅਰਥ ਤਰਕਮਈ ਢੰਗ ਨਾਲ ਸਪੱਸ਼ਟ ਕੀਤੇ ਜਾਂਦੇ ਹਨ,

> "ਵਿਆਖਿਆ-ਸ਼ਾਸਤਰ ਨੂੰ ਕਿਸੇ ਸਾਹਿਤਕ ਰਚਨਾ ਦੀ ਵਿਆਖਿਆਕਾਰੀ ਦੇ ਸਿਧਾਂਤਕ ਪਰਿਪੇਖ ਨਾਲ ਸਬੰਧਿਤ ਅਨੁਸ਼ਾਸਨ ਮੰਨਿਆ ਗਿਆ ਹੈ। ਜਿਸ ਦੀ ਵਰਤੋਂ ਰਚਨਾ ਦੇ ਅਰਥਾਂ ਨੂੰ ਤਰਕਮਈ ਢੰਗ ਨਾਲ ਸਪੱਸ਼ਟ ਕਰਨ ਲਈ ਕੀਤੀ ਜਾਂਦੀ ਹੈ। ਇਸ ਵਿੱਚ ਵਿਆਖਿਆਕਾਰੀ ਦੇ ਪਿਛੋਕੜ ਵਿੱਚ ਕਾਰਜਸ਼ੀਲ ਨੇਮਾਂ ਉੱਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ, ਜਿਸ ਦੇ ਅਧਾਰ ਤੇ ਰਚਨਾ ਦੀ ਵਿਆਖਿਆ ਸੰਭਵ ਹੈ। ਇਸ ਵਿੱਚ ਤਰਕਮਈ ਢੰਗ ਨਾਲ ਸਬਦਾਂ ਤੇ ਵਾਕਾਂ ਦੇ ਅਰਥਾਂ ਨੂੰ ਨਿਰਧਾਰਿਤ ਕਰਨ ਅਤੇ ਉਹਨਾਂ ਨੂੰ ਉਚਿਤ ਸੰਦਰਭ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਵਿਆਖਿਆ ਵਿਚ ਅਚਾਰ-ਵਿਵਹਾਰ ਦੇ ਸਿਧਾਂਤਾਂ ਨੂੰ ਸਮੇਂ ਅਤੇ ਸਥਾਨ ਦੇ ਬਦਲਦੇ ਸੰਦਰਭ ਦੇ ਅਨੁਕੂਲ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।"[20]

ਉਪਰੋਕਤ ਧਾਰਨਾ ਵਿੱਚ ਵਿਆਖਿਆਕਾਰੀ ਦੇ ਪਿਛੋਕੜ ਵਿੱਚ ਕਾਰਜਸ਼ੀਲ ਨੇਮਾਂ ਦੇ ਅਧਾਰ 'ਤੇ ਹੀ ਰਚਨਾ ਦੀ ਵਿਆਖਿਆ ਨੂੰ ਸੰਭਵ ਦਰਸਾਇਆ ਗਿਆ ਹੈ। ਵਿਆਖਿਆਕਾਰੀ ਪ੍ਰਕਿਰਿਆ ਦੌਰਾਨ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਨੂੰ ਨਿਰਧਾਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਉਚਿਤ ਸੰਦਰਭ ਵਿੱਚ ਤਰਤੀਬ ਦੇ ਕੇ ਪੇਸ਼ ਵੀ ਕੀਤਾ ਜਾਂਦਾ ਹੈ।

ਪੁਰਾਣੇ ਪਾਵਨ ਪਾਠਾਂ ਦੀ ਵਿਆਖਿਆ ਕਰਨਾ ਬਹੁਤ ਜਟਿਲ ਕਾਰਜ ਹੈ ਕਿਉਂਕਿ ਇਹਨਾਂ ਨੂੰ ਹੋਂਦ

ਵਿਚ ਆਇਆ ਸਦੀਆਂ ਬੀਤ ਚੁੱਕੀਆਂ ਹੁੰਦੀਆਂ ਹਨ ਅਤੇ ਜਿਹੜੀਆਂ ਭਾਸ਼ਾਵਾਂ ਜਾਂ ਲਿਪੀਆਂ ਵਿਚ ਇਹਨਾਂ ਦੀ ਮੂਲ ਰੂਪ ਵਿਚ ਰਚਨਾ ਹੋਈ ਹੁੰਦੀ ਹੈ ਉਹ ਵੀ ਖਤਮ ਹੋ ਚੁੱਕੀਆਂ ਹੁੰਦੀਆਂ ਹਨ। ਇਸ ਲਈ ਇਹਨਾਂ ਨੂੰ ਸਮਝ ਕੇ ਜਗਿਆਸੂ ਦੇ ਸਨਮੁੱਖ ਪੇਸ਼ ਕਰਨਾ ਕਾਫ਼ੀ ਕਠਿਨ ਕਾਰਜ ਹੁੰਦਾ ਹੈ। ਇਸ ਕਾਰਜ ਵਿੱਚ ਵਿਆਖਿਆ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਇਸ ਨੂੰ ਸਹੀ ਦਿਸ਼ਾ-ਨਿਰਦੇਸ਼ ਵੀ ਵਿਆਖਿਆ ਸ਼ਾਸਤਰ ਦੁਆਰਾ ਪ੍ਰਦਾਨ ਕਰਾਇਆ ਜਾਂਦਾ ਹੈ।

ਬਾਕੀ ਪਾਵਨ ਗ੍ਰੰਥਾਂ ਦੀ ਦੈਵੀ ਭਾਸ਼ਾ ਦੁਨਿਆਵੀਂ ਭਾਸ਼ਾ ਤੋਂ ਵੱਖਰੀ ਹੁੰਦੀ ਹੈ। ਦੈਵੀ ਅਤੇ ਅਧਿਆਤਮਿਕ ਮਸਲਿਆਂ ਦੀ ਅਭਿਵਿਅਕਤੀ ਲਈ ਵਰਤੀ ਇਸ ਭਾਸ਼ਾ ਨੂੰ ਦੈਵੀ ਭਾਸ਼ਾ ਦਾ ਨਾਮ ਦਿੱਤਾ ਜਾਂਦਾ ਹੈ। ਇਸ ਭਾਸ਼ਾ ਦਾ ਰੁਤਬਾ ਅਤੇ ਸਤਿਕਾਰ ਵਿਸ਼ੇਸ਼ ਰੂਪ ਵਿੱਚ ਹੁੰਦਾ ਹੈ ਕਿਉਂਕਿ ਇਸ ਦੀਆਂ ਆਪਣੀਆਂ ਵਿਲੱਖਣ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਧਾਰਮਿਕ ਅਨੁਭਵ ਵਿੱਚੋਂ ਪ੍ਰਕਾਸ਼ਿਤ ਹੋਈ ਭਾਸ਼ਾ ਨੂੰ ਨਿੱਜੀ ਤੌਰ ਤੇ ਅਨੁਭਵ ਤਾਂ ਕੀਤਾ ਜਾ ਸਕਦਾ ਹੈ, ਪ੍ਰੰਤੂ ਇਸ ਦਾ ਬਿਆਨ ਕਰਨਾ ਕਾਫ਼ੀ ਮੁਸ਼ਕਿਲ ਹੁੰਦਾ ਹੈ। ਜਿਹਨਾਂ ਨੂੰ ਇਸ ਦੇ ਗੁੱਝੇ ਭੇਦ ਸਮਝ ਆ ਜਾਂਦੇ ਹਨ ਉਹਨਾਂ ਦੇ ਬੋਲ ਵੀ ਵਿਆਖਿਆ ਹੋ ਨਿਬੜਦੇ ਹਨ। ਇਸ ਪ੍ਰਕਾਰ ਵਿਆਖਿਆ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ।

ਸਾਮੀ ਅਤੇ ਵੇਦੀ ਪਰੰਪਰਾਵਾਂ ਦੇ ਗ੍ਰੰਥਾਂ ਸਬੰਧੀ ਇੱਕ ਸਮੱਸਿਆ ਇਹ ਵੀ ਖੜ੍ਹੀ ਹੋ ਜਾਂਦੀ ਹੈ ਕਿ ਇਹ ਗ੍ਰੰਥ ਹੋਰਨਾਂ ਦੁਆਰਾ ਸੰਪਾਦਿਤ/ਸੰਗ੍ਰਹਿਤ ਕੀਤੇ ਗਏ ਹਨ। ਇਸ ਲਈ ਅਜਿਹਾ ਵੀ ਹੋ ਸਕਣਾ ਸੰਭਵ ਹੈ ਕਿ ਸੰਪਾਦਕ ਸੁਚੇਤ ਜਾਂ ਅਚੇਤ ਪੱਧਰ ਉੱਪਰ ਕੁਝ ਕਥਨ ਆਪਣੇ ਵੀ ਵਿੱਚ ਸ਼ਾਮਲ ਕਰ ਦਿੰਦੇ ਹੋਣ। ਇਸ ਪ੍ਰਕਾਰ ਇਹਨਾਂ ਗ੍ਰੰਥਾਂ ਵਿਚ ਰਲਾਅ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਬਾਕੀ ਪਾਵਨ ਪਾਠ ਇੱਕ ਵਿਸ਼ੇਸ਼ ਸਮੇਂ, ਸਥਾਨ ਅਤੇ ਸਭਿਆਚਾਰ ਦੀ ਉਪਜ ਹੁੰਦੇ ਹਨ ਜਦ ਕਿ ਵਿਆਖਿਆਕਾਰ ਜਿਸ ਕਾਲ ਖੰਡ ਵਿਚ ਇਸ ਨੂੰ ਵਿਖਿਆਉਂਦਾ ਹੈ ਉਹ ਇਸ ਤੋਂ ਬਿਲਕੁਲ ਵੱਖਰਾ ਹੁੰਦਾ ਹੈ। ਇਸ ਤਰ੍ਹਾਂ ਦੀਆਂ ਅਣਗਣਿਤ ਸਮੱਸਿਆਵਾਂ ਵਿਆਖਿਆਕਾਰੀ ਦੇ ਰਾਹ ਵਿੱਚ ਆਉਂਦੀਆਂ ਹਨ। ਜਿਸ ਨੂੰ ਵਿਆਖਿਆ ਸ਼ਾਸਤਰ ਰਾਹੀਂ ਹੱਲ ਕਰਨ ਦਾ ਯਤਨ ਕੀਤਾ ਜਾਂਦਾ ਹੈ।

### 3.3 ਪਾਠ (Text) :

ਵਿਆਖਿਆਕਾਰੀ ਦਾ ਸੰਕਲਪ ਪਾਠ (ਲਿਖਤ) ਅਤੇ ਉਸ ਦੀ ਪੜ੍ਹਤ ਨਾਲ ਸਬੰਧ ਰੱਖਦਾ ਹੈ। ਅਸਲ ਵਿੱਚ ਹਰ ਲਿਖਤ ਦੀ ਰਚਨਾ-ਸੰਰਚਨਾ ਅੰਦਰ ਅਰਥਾਂ ਦੀਆ ਅਨੇਕਾਂ ਸੰਭਾਵਨਾਵਾਂ ਮੌਜੂਦ ਹੁੰਦੀਆ ਹਨ ਜੋ ਇਕ ਤੋਂ ਬਹੁਤੀਆਂ ਪੜ੍ਹਤਾਂ ਨੂੰ ਜਨਮ ਦਿੰਦੀਆਂ ਹਨ। ਦੇਖਿਆ ਜਾਵੇ ਤਾਂ ਕਿਸੇ ਵੀ ਪਾਠ ਦੀ ਹਰ ਨਵੀਂ ਪੜ੍ਹਤ ਉਸਦਾ ਪੁਨਰ-ਪਾਠ ਉਸਾਰਦੀ ਹੈ ਜੋ ਮੂਲ-ਪਾਠ ਨਾਲ ਨਜ਼ਦੀਕੀ ਸਾਂਝ ਰੱਖਦਾ ਹੋਇਆ ਵੀ ਉਸ ਨਾਲੋਂ ਭਿੰਨ ਅਤੇ ਵਿਲੱਖਣ ਹੋ ਨਿਬੜਦਾ ਹੈ। ਦਿਲਸਚਪ ਗੱਲ ਇਹ ਹੈ ਕਿ ਪੰਜਾਬੀ ਵਿੱਚ 'ਪਾਠ' ਦਾ ਅਰਥ 'ਪੜ੍ਹਨਾ' ਵੀ ਹੈ ਅਤੇ 'ਪੜਨਯੋਗ ਰਚਨਾ ਜਾਂ ਲਿਖਤ (text)' ਵੀ। ਇਸ ਤਰ੍ਹਾਂ ਜੇ ਪਾਠ ਦਾ ਇਕ ਅਰਥ ਪੜ੍ਹਨ ਦੀ ਕਿਰਿਆ ਵੱਲ ਸੰਕੇਤ ਕਰਦਾ ਹੈ ਤਾਂ ਦੂਸਰਾ ਰਚਨਾ ਦੇ ਸਗੰਠਿਤ-ਪ੍ਰਬੰਧ ਵੱਲ। ਇਸੇ ਲਈ ਅਸੀਂ ਕਿਸੇ ਰਚਨਾ ਦੀ ਨਵੀਂ ਪੜ੍ਹਤ ਜਾਂ ਉਸਦੇ ਪੁਨਰ-ਪਾਠ (re-reading) ਨੂੰ ਉਸ ਪਾਠ ਦੀ ਪੁਨਰ-ਵਿਆਖਿਆ (re-interpretation) ਵੀ ਆਖ ਸਕਦੇ ਹਾਂ।[21]

ਪਾਠ ਅੰਗਰੇਜ਼ੀ ਦੇ ਸ਼ਬਦ 'ਟੈਕਸਟ' (text) ਦਾ ਸਮਾਨਾਰਥਕ ਹੈ, ਜਿਸ ਦਾ ਮੁੱਢਲਾ ਅਰਥ ਹੈ- ਸ਼ਬਦ ਦੇ ਮਾਧਿਆਮ ਰਾਹੀਂ ਸਿਰਜੀ ਗਈ ਸਾਰਥਕ ਰਚਨਾ। ਅਮਰੀਕਨ ਹੈਰੀਟੇਜ਼ ਡਿਕਸ਼ਨਰੀ (American Heritage Dictionary) ਅਨੁਸਾਰ ਟੈਕਸਟ (ਪਾਠ) ਸ਼ਬਦ ਦੀ ਨਿਮਨ-ਅੰਕਿਤ ਪਰਿਭਾਸ਼ਾ ਦਿੱਤੀ ਗਈ ਹੈ। ਇਸ ਪਰਿਭਾਸ਼ਾ ਅਨੁਸਾਰ 'ਪਾਠ' ਸ਼ਬਦ ਦੇ ਮੁੱਖ ਅਰਥ ਹਨ-

> ਕਿਸੇ ਲਿਖੀ ਹੋਈ ਜਾਂ ਪ੍ਰਕਾਸ਼ਿਤ ਰਚਨਾ ਦੇ ਮੂਲ ਸ਼ਬਦ ਜੋ ਉਸ ਦੇ ਸ਼ਬਦਾਰਥ, ਅਨੁਵਾਦ ਜਾਂ ਸੋਧੇ-ਸੁਧਾਰੇ ਰੂਪ ਨਾਲੋਂ ਭਿੰਨ ਹੁੰਦੇ ਹਨ; ਕਿਸੇ ਪ੍ਰਕਾਸ਼ਿਤ ਭਾਸ਼ਣ ਦੇ ਸ਼ਬਦ; ਆਲੋਚਨਾਤਮਕ ਵਿਸ਼ਲੇਸ਼ਣ ਹਿਤ ਚੁਣੀ ਗਈ ਕੋਈ ਸਾਹਿਤਕ ਜਾਂ ਸਭਿਆਚਾਰਕ ਰਚਨਾ; ਕਿਸੇ ਪਾਵਨ ਪਾਠ ਦਾ ਕੋਈ ਲੇਖ-ਅੰਸ਼ ਜਿਸ ਨੂੰ ਪ੍ਰਵਚਨ ਦੇ ਵਿਸ਼ੇ ਵਜੋਂ ਜਾਂ ਪ੍ਰਮਾਣ ਵਜੋਂ ਚੁਣਿਆ ਗਿਆ ਹੋਵੇ। ਇਸ ਤਰ੍ਹਾਂ ਪਾਠ ਇਕ ਅਜਿਹੀ ਲਿਖਤੀ ਜਾਂ ਮੌਖਿਕ ਰਚਨਾ ਹੈ ਜਿਸ ਨੂੰ ਪੜ੍ਹ ਕੇ ਜਾਂ ਸੁਣ ਕੇ ਗ੍ਰਹਿਣ ਕੀਤਾ ਜਾ ਸਕਦਾ ਹੈ। ਇਹ ਭਾਸ਼ਾਈ ਚਿਹਨਾਂ ਜਾਂ ਪ੍ਰਤੀਕਾਂ ਦਾ ਅਜਿਹਾ ਇਕ ਸੁਰ ਸਮੂਹ ਹੈ ਜੋ ਕਿਸੇ ਸੂਚਨਾਮਈ ਸੰਦੇਸ਼ ਦਾ ਸੰਚਾਰ ਕਰਦਾ ਹੈ। ਇਕ ਸੰਕਲਪ ਵਜੋਂ ਇਸ ਦੀ ਵਰਤੋਂ ਮੁੱਖ ਤੌਰ 'ਤੇ ਧਾਰਮਿਕ, ਸਾਹਿਤਕ ਜਾਂ ਸਭਿਆਚਾਰਕ ਰਚਨਾਵਾਂ ਦੇ ਸੰਦਰਭ ਵਿੱਚ ਕੀਤੀ

ਜਾਂਦੀ ਹੈ।[22]

ਇਸ ਤੋਂ ਇਲਾਵਾ ਪਾਠ ਨੂੰ ਇੱਕ ਭਾਸ਼ਾ-ਵਿਗਿਆਨਕ ਇਕਾਈ ਦੇ ਰੂਪ ਵਿੱਚ ਵੀ ਗ੍ਰਹਿਣ ਕੀਤਾ ਜਾਂਦਾ ਹੈ। ਪਾਠ-ਭਾਸ਼ਾ ਵਿਗਿਆਨ (text-linguistics) ਦਾ ਜਨਮ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਹੋਇਆ। ਇਸ ਸਮੇਂ ਦੌਰਾਨ ਪਾਠ ਦਾ ਸਿਧਾਂਤਕ ਅਤੇ ਵਿਹਾਰਕ ਅਧਿਐਨ ਕੀਤਾ ਗਿਆ। ਇਸ ਦੀ ਸਿਧਾਂਤਕ ਸਪਸ਼ਟਤਾ ਵਿੱਚ ਬੋਗਰਾਂਦ (beaugrande) ਅਤੇ ਡਰੈਸਲਰ (Dressler 1981) ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਇਹਨਾਂ ਨੇ ਪਾਠ-ਭਾਸ਼ਾ ਵਿਗਿਆਨਿਕ ਅਧਿਐਨ ਦੇ ਇਤਿਹਾਸ ਨੂੰ ਤਿੰਨ ਪੜਾਵਾਂ ਵਿੱਚ ਵੰਡਿਆ ਹੈ- ਪਹਿਲੇ ਪੜਾਅ ਵਿੱਚ ਵਾਕ ਨੂੰ ਇੱਕ ਇਕਾਈ ਮੰਨਦੇ ਹੋਏ ਪਾਠ ਨੂੰ ਵਾਕਾਂ ਦੁਆਰਾ ਸਿਰਜਤ ਪ੍ਰਭਾਵਸ਼ਾਲੀ ਕਿਰਤ ਕਿਹਾ ਗਿਆ। ਦੂਸਰੇ ਪੜਾਅ ਵਿੱਚ ਉਹਨਾਂ ਨੇ ਦੋ ਜਾਂ ਦੋ ਤੋਂ ਵਧੇਰੇ ਵਾਕਾਂ ਦੇ ਮੇਲ ਤੋਂ ਬਣੀ ਵਿਸ਼ਲੇਸ਼ਣਾਤਮਕ ਇਕਾਈ ਨੂੰ ਪਾਠ ਦੇ ਸੰਦਰਭ ਵਿੱਚ ਵੇਖਿਆ ਅਤੇ ਤੀਸਰੇ ਪੜਾਅ ਵਿੱਚ ਉਹਨਾਂ ਨੇ ਭਾਸ਼ਾ-ਵਿਗਿਆਨਕ ਅਧਿਐਨ ਦੀ ਸਭ ਤੋਂ ਵੱਡੀ ਇਕਾਈ 'ਪਾਠ' ਨੂੰ ਤਸੱਵਰ ਕਰ ਲਿਆ ਗਿਆ।

ਸਿੱਟੇ ਵਜੋਂ ਵੀਹਵੀਂ ਸਦੀ ਦੇ ਅੰਤਿਮ ਦਹਾਕਿਆਂ ਤੱਕ ਸਾਹਿਤਕ ਕਿਰਤਾਂ ਦੇ ਪਾਠਾਂ ਦਾ ਅਧਿਐਨ ਭਾਸ਼ਾ ਵਿਗਿਆਨ ਦੇ ਅਧਿਐਨ ਦਾ ਅੰਗ ਬਣ ਗਿਆ। ਇਹ ਇਸ ਕਿਸਮ ਦੇ ਪਹਿਲੇ ਯਤਨ ਨਹੀਂ ਸਨ ਸਗੋਂ ਇਸ ਤੋਂ ਪਹਿਲਾਂ ਭਾਰਤੀ ਭਾਸ਼ਾ-ਦਾਰਸ਼ਨਿਕਾਂ ਅਤੇ ਵਿਆਕਰਨਕਾਰਾਂ ਨੇ ਵੀ ਅਜਿਹੇ ਯਤਨ ਕੀਤੇ ਸਨ। ਜਿਹਨਾਂ ਵਿੱਚ 'ਭਰਤ੍ਰਹਰਿ' (450-500 ਈ.) ਦਾ ਪ੍ਰਮੁੱਖ ਯੋਗਦਾਨ ਹੈ।

ਪਾਠ ਦੀ ਵਜੂਦਾਤਮਕ ਪ੍ਰਕਿਰਤੀ ਵਿੱਚ ਸਿਰਜਕ, ਪਾਠ ਅਤੇ ਪਾਠਕ ਵਿਚਕਾਰ ਅੰਤਰ-ਕਿਰਿਆ ਵਾਪਰਦੀ ਹੈ। ਸਿਰਜਕ ਆਪਣੇ ਦਿਮਾਗ਼ ਵਿੱਚ ਜਮ੍ਹਾਂ ਸੂਚਨਾਵਾਂ ਅਤੇ ਸਮਝ ਨੂੰ ਅਪਣੇ ਨਿਰਾਧਾਰਿਤ ਪ੍ਰਯੋਜਨ ਅਨੁਸਾਰ ਪਾਠ ਰਾਹੀਂ ਅਭਿਵਿਅਕਤ ਕਰਦਾ ਹੈ। ਇਸ ਤੋਂ ਬਾਅਦ ਵੱਖੋ-ਵੱਖਰੇ ਪਾਠਕ ਆਪੋ-ਆਪਣੀ ਪ੍ਰਤਿਭਾ ਜਾਂ ਯੋਗਤਾ ਦੇ ਅਧਾਰ ਤੇ ਇੱਕ ਪਾਠ ਦੇ ਅਲੱਗ-ਅਲੱਗ ਪ੍ਰਵਚਨ ਸਿਰਜ ਲੈਂਦੇ ਹਨ। ਪਾਠ ਵਿੱਚ ਅਰਥ ਦੀਆਂ ਵਿਭਿੰਨ ਵਿਆਖਿਆਵਾਂ ਛੁਪੀਆਂ ਹੁੰਦੀਆਂ ਹਨ। ਇਸੇ ਕਰਕੇ ਕਿਸੇ ਇੱਕ ਵਿਆਖਿਆ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ।

ਪਾਠ ਤਾਂ ਇੱਕ ਅਧਾਰ-ਵਸਤੂ ਹੁੰਦਾ ਹੈ। ਪਾਠਕ ਨੇ ਇਸ ਅਧਾਰ-ਵਸਤੂ ਦੇ ਅਧਾਰ ਤੇ ਹੀ ਅਗਲੇ ਵਿਸਥਾਰਾਂ ਦੀ ਸਿਰਜਣਾ ਕਰਨੀ ਹੁੰਦੀ ਹੈ। ਪਾਠ ਦੀ ਮੂਲ ਪ੍ਰਕਿਰਤੀ ਸੰਚਾਰਮੁੱਖ ਹੈ। ਇਸ ਲਈ ਇਸਨੂੰ ਇੱਕ ਸੰਰਚਨਾਤਮਿਕ ਇਕਾਈ ਵਜੋਂ ਵੀ ਗ੍ਰਹਿਣ ਕੀਤਾ ਜਾਂਦਾ ਹੈ। ਪਾਠ ਦੀ ਸੰਰਚਨਾ ਵਿੱਚ ਇਸ ਦੀ ਬਣਤਰ (structure) ਅਤੇ ਇਸ ਦੀ ਬੁਣਤਰ (texture) ਦਾ ਵਿਸ਼ੇਸ਼ ਮਹੱਤਵ ਹੈ। ਪਾਠ-ਸੰਰਚਨਾ ਮੁੱਢਲੀ ਪੱਧਰ 'ਤੇ ਆਪਣੇ ਰੂਪ (ਬਣਤਰ) ਕਾਰਨ ਹੀ ਆਪਣੀ ਪਛਾਣ ਬਣਾਉਂਦਾ ਹੈ ਪਰ ਇਸ ਦੀ ਅਸਲ ਪ੍ਰਕਿਰਤੀ ਇਸ ਦੀ ਅੰਦਰੂਨੀ ਬੁਣਤਰ ਰਾਹੀਂ ਹੀ ਸਮਝੀ ਜਾ ਸਕਦੀ ਹੈ। ਸੋ, ਪਾਠ ਦੀ ਆਪਣੀ ਇੱਕ ਅਲੱਗ ਬੁਣਤਰ ਜਾਂ ਸੰਰਚਨਾ ਹੁੰਦੀ ਹੈ, ਜਿਹੜੀ ਇਸ ਨੂੰ ਗ਼ੈਰ ਪਾਠ ਤੋਂ ਨਿਖੇੜਦੀ ਹੈ। ਪਾਠ ਵਿਚ ਜਿਸ ਪ੍ਰਸੰਗ ਨੂੰ ਪੇਸ਼ ਕੀਤਾ ਜਾ ਰਿਹਾ ਹੁੰਦਾ ਹੈ। ਉਸ ਵਿੱਚ ਵਿਚਾਰ ਦੀ ਪੂਰੀ ਇਕਾਗਰਤਾ ਅਤੇ ਸੰਗਠਨਤਾ ਮੌਜੂਦ ਹੁੰਦੀ ਹੈ। ਪਾਠ ਹਰ ਖੇਤਰ ਅਤੇ ਹਰ ਵਿਸ਼ੇ (ਸਮਾਜਿਕ, ਧਾਰਮਿਕ, ਰਾਜਨੀਤਿਕ, ਵਿਗਿਆਨਕ ਜਾਂ ਸਾਹਿਤਕ) ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰ ਸਕਦਾ ਹੈ।

ਇਸ ਪ੍ਰਕਾਰ ਪਾਠ ਇਕ ਭਾਸ਼ਾਈ ਪ੍ਰਵਚਨ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਦੀ ਸਮੁੱਚੀ ਬਣਤਰ ਅਤੇ ਬੁਣਤਰ ਸ਼ਬਦ ਰਾਹੀਂ ਆਕਾਰ ਗ੍ਰਹਿਣ ਕਰਦੀ ਹੈ। ਇਸ ਤਰ੍ਹਾਂ ਪਾਠ ਇੱਕ ਪੜ੍ਹਨ, ਸੁਣਨ ਅਤੇ ਵਿਚਾਰਨਯੋਗ ਕ੍ਰਿਤੀ ਬਣ ਜਾਂਦਾ ਹੈ। ਹਰ ਪਾਠ ਦੀ ਆਪਣੀ ਇੱਕ ਅਲੱਗ ਸੰਰਚਨਾ, ਇਕਮੁੱਠਤਾ, ਪ੍ਰਯੋਜਨ ਅਤੇ ਚਰਿੱਤਰ ਹੁੰਦਾ ਹੈ। ਇਹ ਸਾਰੇ ਗੁਣ ਜਦੋਂ ਕਿਸੇ ਭਾਸ਼ਾਈ-ਸਮੂਹ ਵਿੱਚ ਸਮਾ ਜਾਂਦੇ ਹਨ ਤਾਂ ਉਹ ਰਚਨਾ ਪਾਠ ਦਾ ਰੂਪ ਗ੍ਰਹਿਣ ਕਰਨ ਦੇ ਯੋਗ ਹੋ ਜਾਂਦੀ ਹੈ। ਇਸ ਤੋਂ ਇਲਾਵਾ ਪਾਠ ਦੀ ਪੜ੍ਹਤ ਨਾਲ ਸਾਡੀਆਂ ਮਾਨਸਿਕ ਬੌਧਿਕ ਗ੍ਰੰਥੀਆਂ ਕਿਰਿਆਸ਼ੀਲ ਹੋ ਕੇ ਪਾਠ ਦੇ ਮੌਲਿਕ ਪ੍ਰਵਚਨ ਦੀ ਸਿਰਜਣਾ ਕਰਦੀਆਂ ਹਨ।

### 3.4 ਪ੍ਰਵਚਨ (Discourse) :

ਵਚਨ ਅਤੇ ਪ੍ਰਵਚਨ ਦਰਸ਼ਨ, ਨੀਤੀ ਸ਼ਾਸਤਰ ਅਤੇ ਵਿਆਖਿਆ ਖੇਤਰ ਦੇ ਕਾਫ਼ੀ ਜਾਣੇ ਪਛਾਣੇ ਸੰਕਲਪ ਹਨ। ਇਹਨਾਂ ਦਾ ਅਧਾਰ ਆਮ ਕਰਕੇ ਦਰਸ਼ਨ ਅਤੇ ਧਰਮ ਹੁੰਦਾ ਹੈ। ਵਚਨ ਦਾ ਖੇਤਰ ਸਧਾਰਣ ਵਾਰਤਾਲਾਪ ਤੋਂ ਲੈ ਕੇ ਸਾਰਥਕ ਕਥਨ ਦੇ ਅਰਥਾਂ ਤੱਕ ਫ਼ੈਲਿਆ ਹੋਇਆ ਹੈ। ਇਸ ਵਿੱਚ ਕਿਸੇ

ਮਹਾਂਪੁਰਸ਼ ਦੁਆਰਾ ਸੰਗਤ ਨੂੰ ਉਪਦੇਸ਼ਨੁਮਾ ਸ਼ੈਲੀ ਵਿੱਚ ਸੰਬੋਧਨ ਕਰਕੇ ਵਚਨ ਬਿਲਾਸ ਕੀਤਾ ਗਿਆ ਹੁੰਦਾ ਹੈ। ਇਹ ਆਮ ਤੌਰ 'ਤੇ ਕਿਸੇ ਗੁਰੂ-ਭਗਤ, ਸਾਧ-ਫ਼ਕੀਰ ਦੇ ਸਤਿ ਬਚਨਾਂ ਦੁਆਲੇ ਉਸਾਰਿਆ ਗਿਆ ਬਿਰਤਾਂਤ ਹੁੰਦਾ ਹੈ ਅਤੇ ਪ੍ਰਵਚਨਾਂ ਨੂੰ ਵੀ ਮਹਾਂਪੁਰਖਾਂ ਦੇ ਮੁਖਾਰਬਿੰਦ ਵਿੱਚੋਂ ਉਚਾਰੇ ਗਏ ਸ਼ਬਦ ਮੰਨਿਆ ਜਾਂਦਾ ਹੈ। ਪ੍ਰੰਤੂ ਇਸ ਵਿੱਚ ਕਿਸੇ ਦੈਵੀ, ਰੱਬੀ ਅਤੇ ਪਰਾਲੌਕਿਕ ਸੰਦੇਸ਼ ਨੂੰ ਪ੍ਰਸਤੁਤ ਕੀਤਾ ਜਾਂਦਾ ਹੈ। ਇਸ ਵਾਰਤਾਲਾਪ ਜਾਂ ਬਿਰਤਾਂਤ ਦਾ ਮੰਤਵ ਅਗੰਮੀ ਰਹੱਸ ਜਾਂ ਕਦਰਾਂ ਕੀਮਤਾਂ ਨੂੰ ਉਜਾਗਰ ਕਰਨਾ ਹੁੰਦਾ ਹੈ।

ਬ੍ਰਿਹਿਤ ਹਿੰਦੀ ਕੋਸ਼ (814) ਅਨੁਸਾਰ ਪ੍ਰਵਚਨ ਦਾ ਅਰਥ ਹੈ, ਵਿਸ਼ੇਸ਼ ਢੰਗ ਨਾਲ ਕਹਿਣਾ, ਅਰਥ ਸਮਝਾਉਂਦੇ ਹੋਏ ਕਹਿਣਾ, ਵੇਦ, ਪੁਰਾਣ ਜਾਂ ਸ਼ਾਸਤਰ ਆਦਿ ਦਾ ਉਪਦੇਸ਼ ਕਰਨਾ। ਇਸ ਪ੍ਰਕਾਰ ਪ੍ਰਵਚਨ ਦਾ ਸੰਬੰਧ ਬੋਲ ਸੰਸਾਰ ਜਾਂ ਕਹਿਣ ਕਲਾ ਨਾਲ ਹੈ। ਵਚਨ ਅਤੇ ਪ੍ਰਵਚਨ ਦੀ ਅੰਤਰ-ਸਬੰਧਤਾ ਸੰਬੰਧੀ ਤਰਲੋਕ ਸਿੰਘ ਕੰਵਰ ਲਿਖਦੇ ਹਨ,

> "ਵਚਨ, ਪ੍ਰਵਚਨ ਸਾਡੇ ਨਿਤਾਪ੍ਰਤੀ ਜੀਵਨ ਵਿੱਚ ਕਾਰਜਸ਼ੀਲ ਵਿਆਖਿਆ-ਅਭਿਆਸ ਦੇ ਜਾਣੇ-ਪਛਾਣੇ ਸ਼ਬਦ ਹਨ। ਵਚਨ ਨੂੰ ਅਸੀਂ ਸਧਾਰਣ ਗੱਲ ਕੱਥ ਤੋਂ ਲੈ ਕੇ, ਦਿਸ਼ਾਪਰਕ ਸਾਰਥਕ ਉਕਤੀ ਦੇ ਅਰਥਾਂ ਵਿੱਚ ਵਰਤਦੇ ਹਾਂ। ਅਜਿਹੀ ਉਕਤੀ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਸਾਡੇ ਨਿਤਾਪ੍ਰਤੀ ਉਪਯੋਗੀ ਮਸਲਿਆਂ ਸੰਬੰਧੀ ਜਾਣਕਾਰੀ ਦਿੰਦੀ ਹੈ ਜਾਂ ਜੀਵਨ ਵਿੱਚ ਕੰਮ ਆਉਂਦੀ ਸਿਆਣਪ ਬਾਰੇ ਕੋਈ ਪ੍ਰਸਤਾਵ ਪ੍ਰਸਤੁਤ ਕਰਦੀ ਹੈ। ਕਈ ਵਾਰੀ ਇਹ ਉਕਤੀ ਆਪਣੀ ਉਪਰੋਕਤ ਕਥਿਤ ਸੀਮਾ ਨੂੰ ਉਲੰਘ ਕੇ ਮਹਾਂਪੁਰਖਾਂ ਦੇ ਮੁਖਾਰਬਿੰਦ ਵਿੱਚੋਂ ਉਚਰੇ ਪਵਿੱਤਰ ਬਚਨਾਂ ਤੱਕ ਵੀ ਜਾ ਪੁੱਜਦੀ ਹੈ। ਪਰ ਅਜਿਹੇ ਬਚਨਾਂ ਵਿੱਚ ਵੀ ਜੀਵਨ ਦੀ ਵਿਆਪਕ ਚਤੁਰਾਈ ਜਾਂ ਸੱਚਾਈ ਨੂੰ ਸੁਝਾਇਆ ਗਿਆ ਹੰਦਾ ਹੈ।"[23]

ਪਰ ਪ੍ਰਵਚਨ, ਵਚਨ ਦੀ ਉਪਰੋਕਤ ਵਿਆਖਿਆ ਤੋਂ ਰਤਾ ਅਗਾਂਹ ਜਾਣ ਵਾਲਾ ਹੈ। ਇਸ ਦਾ ਖੇਤਰ ਜੀਵਨ ਦੀ ਸਧਾਰਣ ਤੇ ਲੋਕਸਮੂਹੀ ਪੱਧਰ ਉੱਤੇ ਕਾਰਾਮਦ ਹੋਣ ਵਾਲੀ ਸੱਚਾਈ ਤੋਂ ਰਤਾ ਵੱਖਰਾ ਹੁੰਦਾ ਹੈ ਅਤੇ ਇਸ ਦੀ ਵੱਖਰਤਾ ਇਸ ਗੱਲ ਵਿੱਚ ਹੈ ਕਿ ਇਹ ਆਮ ਕਰਕੇ ਧਰਮ ਆਧਾਰੀ ਹੁੰਦਾ ਹੈ। ਭਾਰਤ ਵਿੱਚ ਇੰਦ੍ਰੀਅਤੀਤ ਪਾਸਾਰ ਪ੍ਰਤੀ ਗੱਲ ਆਮ ਕੀਤੀ ਜਾਂਦੀ ਹੈ ਅਤੇ ਇਸ ਪਾਸਾਰ ਨੂੰ ਪਾਰਲੌਕਿਕਤਾ ਅਤੇ

ਪਰਮਾਰਥ ਨਾਲ ਜੋੜਿਆ ਜਾਂਦਾ ਹੈ। ਪ੍ਰਵਚਨ ਇਸੇ ਪਾਰਲੌਕਿਕ ਅਤੇ ਪਰਮਾਰਥੀ ਸਾਰਥਕਤਾ ਨੂੰ ਪ੍ਰਸਤੁਤ ਕਰਦਾ ਹੈ। ਅਸੀਂ ਆਏ ਦਿਨ ਆਪਣੇ ਪਵਿੱਤਰ ਗੁਰਧਾਮਾਂ, ਪਾਵਨ ਮੰਦਰਾਂ ਅਤੇ ਮੁਤਬਰਕ ਮੁਕਾਮਾਂ ਉੱਤੇ, ਧਰਮ ਵਿੱਦਿਆ ਵਿੱਚ ਪਰਪੱਕ ਵਿਦਵਾਨਾਂ ਦੇ ਜੋ ਬਚਨ ਸੁਣਦੇ ਹਾਂ, ਉਹ ਵਚਨ ਦੇ ਨਾਲ ਨਾਲ ਪ੍ਰਵਚਨ ਹੰਦੇ ਹਨ। ਪ੍ਰਵਚਨ ਇਸ ਲਈ ਕਿ ਇਨ੍ਹਾਂ ਵਿੱਚ ਵਿਦਵਾਨ ਅਨੇਕ ਅਯਾਮਾਂ ਵਿੱਚ ਪਸਰੀ ਧਰਮ-ਦ੍ਰਿਸ਼ਟੀ ਦੇ ਕਿਸੇ ਇੱਕ ਪਹਿਲੂ ਦੇ ਇਰਦ ਗਿਰਦ ਆਪਣੇ ਬੱਝਵੇਂ ਅਤੇ ਤਰਕਪੱਧਤੀ ਵਿੱਚ ਪਰਪੱਕ ਵਿਚਾਰ ਪੇਸ਼ ਕਰਦੇ ਹਨ।[24] ਇਸ ਪ੍ਰਕਾਰ ਪ੍ਰਵਚਨ ਇੱਕ ਵਿਆਖਿਆਤਮਕ ਕਥਨ-ਪ੍ਰਬੰਧ ਦੀ ਤਰ੍ਹਾਂ ਕੰਮ ਕਰਦਾ ਹੈ ਜਿਸ ਦਾ ਮੂਲ ਸੰਵਾਦ ਹੁੰਦਾ ਹੈ।

ਸੰਵਾਦ ਸਾਹਿਤਕ ਅਤੇ ਦਾਰਸ਼ਨਿਕ ਖੇਤਰ ਨਾਲ ਸਬੰਧ ਰੱਖਣ ਵਾਲਾ ਸੰਕਲਪਵਾਚੀ ਸ਼ਬਦ ਹੈ। ਇਸ ਦਾ ਮਾਧਿਅਮ ਸ਼ਬਦ ਹੈ। ਇਸ ਤਰ੍ਹਾਂ ਇਸ ਦਾ ਸਬੰਧ ਸੰਚਾਰ ਦੇ ਵਿਹਾਰ ਨਾਲ ਜਾ ਜੁੜਦਾ ਹੈ। ਪਾਠ ਅਤੇ ਪ੍ਰਵਚਨ ਦੇ ਸੰਕਲਪ ਨੂੰ ਸਾਹਿਤ ਵਿੱਚ ਅਲੱਗ-ਅਲੱਗ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ। ਕੁੱਝ ਥਾਂਵਾਂ ਤੇ ਇਹਨਾਂ ਨੂੰ ਇੱਕ-ਦੂਜੇ ਦੇ ਸਮਾਨਾਰਥਕ ਦੇ ਤੌਰ ਤੇ ਵਰਤ ਲਿਆ ਜਾਂਦਾ ਹੈ। ਪ੍ਰੰਤੂ ਜਦੋਂ ਇਹਨਾਂ ਦਾ ਨਿਖੇੜਾ ਕੀਤਾ ਜਾਂਦਾ ਹੈ ਤਾਂ ਪਾਠ ਨੂੰ ਇੱਕ ਅਜਿਹੀ ਇਕਾਈ ਵਜੋਂ ਲਿਆ ਜਾਂਦਾ ਹੈ, ਜਿਸ ਰਾਹੀਂ ਲਿਖਤੀ ਸੰਚਾਰ ਕੀਤਾ ਜਾਂਦਾ ਹੈ। ਜਦਕਿ ਪ੍ਰਵਚਨ ਦਾ ਸਬੰਧ ਮੌਖਿਕ ਸੰਚਾਰ ਨਾਲ ਜਾ ਜੁੜਦਾ ਹੈ। ਜਿਸ ਵਿੱਚ ਪ੍ਰਮੁੱਖ ਤੌਰ ‘ਤੇ ਵਾਰਤਾਲਾਪ, ਗੱਲਬਾਤ ਜਾਂ ਸੰਵਾਦ ਆਉਂਦਾ ਹੈ।

ਪ੍ਰਵਚਨ ਦਾ ਸੰਕਲਪ ਮੂਲ ਰੂਪ ਵਿੱਚ ਤਰਕ ਸ਼ਾਸਤਰ ਨਾਲ ਸਬੰਧਿਤ ਹੈ। ਇਹ ਵਸਤਾਂ, ਵਰਤਾਰਿਆਂ, ਘਟਨਾਵਾਂ ਅਤੇ ਯਥਾਰਥ ਦੀ ਨਿਆਂਇਬੱਧ ਅਤੇ ਨਿਸ਼ਚਿਤ ਵਿਆਖਿਆ ਦਾ ਸੂਚਕ ਹੈ। ਦੂਜੇ ਸ਼ਬਦਾਂ ਵਿੱਚ ਇਹ ਕਿਸੇ ਵਿਚਾਰ, ਵਰਤਾਰੇ ਜਾ ਘਟਨਾ ਪ੍ਰਬੰਧ ਨੂੰ ਬਿਆਨਣ, ਸਮਝਣ-ਸਮਝਾਉਣ ਅਤੇ ਸਪੱਸ਼ਟ ਕਰਨ ਦਾ ਵਿੱਧੀਵਤ ਢੰਗ ਜਾਂ ਯਤਨ ਹੈ। ਸੰਚਾਰ ਕਾਰਜ/ਪੇਸ਼ਕਾਰੀ ਇਸ ਦਾ ਮੂਲ ਧਰਮ ਹੈ।[25] ਇਸ ਤਰ੍ਹਾਂ ਇਸ ਦਾ ਸਬੰਧ ਤਰਕ ਸ਼ਾਸਤਰ ਨਾਲ ਵੀ ਜਾ ਜੁੜਦਾ ਹੈ।

ਪ੍ਰਵਚਨ ਆਪਣੇ ਆਪ ਵਿੱਚ ਇੱਕ ਸੰਪੂਰਨ ਭਾਸ਼ਾਈ ਇਕਾਈ ਦੀ ਸਮਰੱਥਾ ਰੱਖਦਾ ਹੈ। ਪ੍ਰਵਚਨ ਤੋਂ ਭਾਵ ਹੈ- ਪ੍ਰਗਟਾਵੇ ਦੀ ਸਮੁੱਚੀ ਪ੍ਰਕਿਰਿਆ। ਦੂਸਰੇ ਸ਼ਬਦਾਂ ਵਿੱਚ ਪ੍ਰਵਚਨ (discourse) ਦਾ ਅਰਥ ਹੈ

–ਬਿਆਨ ਕਰਨਾ ਜਾਂ ਕਿਸੇ ਗੱਲ ਨੂੰ ਸਮਝਾਉਣਾ। ਇਸ ਤ੍ਰਾਂ ਪ੍ਰਵਚਨ ਤੋਂ ਭਾਵ ਹੋਇਆ ਕਿਸੇ ਵਿਚਾਰਧਾਰਕ ਤੱਥ ਦਾ ਵਿਸ਼ਲੇਸ਼ਣ ਜਾਂ ਵਿਆਖਿਆ ਕਰਕੇ ਗੱਲ ਨੂੰ ਸਮਝਾਉਣਾ। ਪ੍ਰਵਚਨ ਦੇ ਭਾਸ਼ਾਈ ਸਰੂਪ ਨੂੰ ਗੁਰਬਚਨ ਸਿੰਘ ਨੇ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ,

> "ਪ੍ਰਵਚਨ ਤੋਂ ਸਾਡੀ ਮੁਰਾਦ ਹੈ, ਬਿਆਨ ਕਰਨਾ, ਕਿਸੇ ਗੱਲ ਨੂੰ ਸਮਝਾਉਣਾ। ਇਹ ਕਾਰਜ ਚਿਹਨਾਂ ਦੀ ਸੰਜੋਗ ਪ੍ਰਕਿਰਿਆ ਰਾਹੀਂ ਹੁੰਦਾ ਹੈ। ਪ੍ਰਵਚਨ ਆਪਣੇ ਆਪ ਵਿੱਚ ਮੁਕੰਮਲ ਭਾਸ਼ਕ ਉਕਤੀ ਹੈ। ਇਹ ਕਿਸੇ ਵਿਚਾਰ ਨੂੰ ਸਪਸ਼ਟ ਕਰਨ ਦਾ ਯਤਨ ਹੈ। ਪ੍ਰਵਚਨ ਚਿਹਨਾਂ ਦੇ ਸਿਸਟਮ ਅਨੁਕੂਲ ਹੋਣ ਕਰਕੇ ਸਾਰਥਕਤਾ ਦਾ ਸਮੁੱਚ ਹੈ । ਸਮੁੱਚ ਇੱਕ ਵਾਕ ਰਚਨਾ ਦਾ ਵੀ ਹੋ ਸਕਦਾ ਹੈ, ਇੱਕ ਨਿਬੰਧ ਦੇ ਰੂਪ ਵਿੱਚ ਵੀ।.........ਇਹ ਵਾਕ ਆਪਣੇ ਆਪ ਵਿੱਚ ਮੁਕੰਮਲ ਹੋਣ ਕਰਕੇ ਪ੍ਰਵਚਨ ਹੈ।"[26]

ਡਾ. ਜਗਬੀਰ ਸਿੰਘ ਨੇ ਵੀ 'ਪ੍ਰਵਚਨ' ਨੂੰ ਇਕ ਭਾਸ਼ਾ ਵਿਗਿਆਨਕ ਸੰਕਲਪ ਮੰਨਦੇ ਹੋਏ ਇਸ ਨੂੰ 'ਸ਼ਬਦ' ਅਤੇ 'ਵਾਕ' ਤੋਂ ਵੱਡੀ ਇਕਾਈ ਮੰਨਿਆ ਹੈ ਜੋ ਕਿ ਭਾਸ਼ਾਈ ਜਾਂ ਪਰਾਭਾਸ਼ਾਈ ਚਿੰਨ੍ਹ ਪ੍ਰਬੰਧਾਂ ਰਾਹੀਂ ਸਿਰਜੀ ਜਾਂਦੀ ਹੈ,

> "ਪ੍ਰਵਚਨ ਮੂਲ ਰੂਪ ਵਿੱਚ ਭਾਸ਼ਾ ਵਿਗਿਆਨਕ ਸੰਕਲਪ ਹੈ। ਜਿਸਨੂੰ 'ਸ਼ਬਦ' ਅਤੇ 'ਵਾਕ' ਨਾਲੋਂ ਵਡੇਰੀ ਅਰਥ-ਇਕਾਈ ਤਸੱਵਰ ਕੀਤਾ ਜਾਂਦਾ ਹੈ। ਚਿੰਨ੍ਹ ਵਿਗਿਆਨਕ ਦ੍ਰਿਸ਼ਟੀ ਤੋਂ 'ਪ੍ਰਵਚਨ' ਭਾਸ਼ਾਈ ਜਾਂ ਪਰਾਭਾਸ਼ਾਈ ਚਿੰਨ੍ਹ-ਪ੍ਰਬੰਧਾਂ ਦੇ ਮਾਧਿਅਮ ਰਾਹੀਂ ਸਿਰਜੀ ਗਈ ਅਜਿਹੀ ਅਰਥਪੂਰਣ ਇਕਾਈ ਹੈ ਜੋ ਵਕਤੇ ਅਤੇ ਸਰੋਤੇ ਵਿਚਕਾਰ ਸੰਦੇਸ਼ ਸੰਚਾਰ ਦਾ ਸਿਲਸਿਲਾ ਕਾਇਮ ਕਰਦੀ ਹੈ। ਕੌਣ ਕਿਸ ਨੂੰ ਕੀ ਕਹਿ ਰਿਹਾ ਹੈ ਅਤੇ ਕਿਉਂ ਕਹਿ ਰਿਹਾ ਹੈ? ਕਿਸੇ ਵੀ ਸਿਰਜਿਤ ਪ੍ਰਵਚਨ ਦਾ ਅਧਿਐਨ-ਵਿਸ਼ਲੇਸ਼ਣ ਇਨ੍ਹਾਂ ਪ੍ਰਸ਼ਨਾਂ ਨੂੰ ਮੁੱਖ ਰੱਖ ਕੇ ਕੀਤਾ ਜਾ ਸਕਦਾ ਹੈ।"[27]

ਪ੍ਰਵਚਨ ਵਿੱਚ ਭਾਵਾਂ ਜਾਂ ਵਿਚਾਰਾਂ ਨੂੰ ਗੱਲਬਾਤ ਜਾਂ ਬੋਲਾਂ ਰਾਹੀਂ ਅਭਿਵਿਅਕਤ ਕੀਤਾ ਜਾਂਦਾ ਹੈ। ਪ੍ਰਵਚਨ ਦੀ ਕੜੀ ਵਿਸ਼ਲੇਸ਼ਣ ਨਾਲ ਵੀ ਜੁੜੀ ਹੋਈ ਹੈ। ਜਿਹੜਾ ਕਿ ਖ਼ਾਸ ਵਿਸ਼ੇ ਬਾਰੇ ਗੱਲਬਾਤ ਕਰਨ ਲਈ ਭਾਸ਼ਾ

ਪ੍ਰਦਾਨ ਕਰਵਾਉਂਦਾ ਹੈ। ਇਹ ਵਿਸ਼ਾ ਖ਼ਾਸ ਇਤਿਹਾਸਕ ਅਹਿਮੀਅਤ ਜਾਂ ਮਹੱਤਤਾ ਰੱਖਣ ਵਾਲਾ ਹੁੰਦਾ ਹੈ। ਪ੍ਰਵਚਨ, ਗਿਆਨ ਜਾਂ ਵਿਚਾਰ ਦਾ ਉਹ ਖੇਤਰ ਹੈ ਜਿਸ ਲਈ ਖ਼ਾਸ ਜਾਂ ਵਿਸ਼ਿਸ਼ਟ ਭਾਸ਼ਾ ਵਰਤੀ ਜਾਂਦੀ ਹੈ। ਇਸ ਦਾ ਸਬੰਧ ਕਹਿਣ ਕਲਾ ਨਾਲ ਹੈ। ਇਹ ਇੱਕ ਖੁਦਮੁਖਤਿਆਰ ਅਤੇ ਸੁਤੰਤਰ ਹੋਂਦ ਰੱਖਣ ਵਾਲਾ ਸ਼ਬਦ ਹੈ। ਇਹ ਆਪਣੇ ਪ੍ਰਵਾਹ ਨਾਲ ਪਾਠਕ ਨੂੰ ਮੰਤਰ-ਮੁਗਧ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਬੁਨਿਆਦੀ ਤੌਰ ਤੇ ਬੋਲ ਸੰਸਾਰ ਨਾਲ ਸਬੰਧਿਤ ਹੈ। ਪ੍ਰਵਚਨ ਦਾ ਸੰਕਲਪ ਗਿਆਨ ਦੇ ਖੇਤਰ ਨਾਲ ਅਤਿ ਨੇੜਿਉਂ ਜੁੜਿਆ ਹੋਇਆ ਹੈ। ਪ੍ਰਵਚਨ ਨੂੰ ਉਪਦੇਸ਼ ਦੇ ਅਰਥਾਂ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਵਿੱਚ ਕਿਸੇ ਦੈਵੀ ਗ੍ਰੰਥ ਦੀ ਇਲਹਾਮੀ ਸਿੱਖਿਆ ਜਾਂ ਉਪਦੇਸ਼ ਨੂੰ ਸੰਸਾਰੀ ਜੀਵਾਂ ਤੱਕ ਪਹੁੰਚਾਇਆ ਜਾਂਦਾ ਹੈ। ਪ੍ਰਵਚਨ ਵਿਸ਼ੇ ਨੂੰ ਉਸਾਰਦਾ, ਪਰਿਭਾਸ਼ਤ ਕਰਦਾ ਅਤੇ ਗਿਆਨ ਦੇ ਉਦੇਸ਼ ਨੂੰ ਉਤਪੰਨ ਕਰਦਾ ਹੈ। ਇਹ ਵਿਸ਼ੇ ਸਬੰਧੀ ਗੱਲਬਾਤ ਨੂੰ ਅਰਥਮਈ ਬਣਾਉਂਦਾ ਹੈ। ਇਸ ਤਰ੍ਹਾਂ ਪ੍ਰਵਚਨ ਨੂੰ ਕਥਨਾਂ ਜਾਂ ਬਿਆਨਾਂ ਦਾ ਸਮੂਹ ਮੰਨਿਆ ਗਿਆ ਹੈ ਇਸ ਦੇ ਅੰਤਰਗਤ ਵਿਸ਼ੇ ਨੂੰ ਉਸਾਰਿਆ ਜਾਂਦਾ ਹੈ, ਪਰਿਭਾਸ਼ਤ ਕੀਤਾ ਜਾਂਦਾ ਹੈ ਅਤੇ ਗਿਆਨ ਨੂੰ ਉਤਪੰਨ ਕੀਤਾ ਜਾਂਦਾ ਹੈ। ਪ੍ਰਵਚਨ ਦਾ ਸੰਬੰਧ ਵਿਸ਼ਲੇਸ਼ਣ ਜਾਂ ਅਧਿਐਨ ਨਾਲ ਹੈ। ਇਉਂ ਅੰਤਿਮ ਅਰਥਾਂ ਵਿੱਚ ਇਹ ਵਿਚਾਰਧਰਾਈ ਸਿਰਜਣਾ ਹੋ ਨਿਬੜਦਾ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰਵਚਨ ਦਾ ਸਬੰਧ ਸਾਹਿਤ, ਦਰਸ਼ਨ, ਭਾਸ਼ਾ ਵਿਗਿਆਨ ਅਤੇ ਤਰਕ ਸ਼ਾਸਤਰ ਆਦਿ ਖੇਤਰਾਂ ਨਾਲ ਜਾ ਜੁੜਦਾ ਹੈ ਅਤੇ ਇਹ ਇੱਕ ਅਜਿਹੀ ਸੰਪੂਰਨ ਇਕਾਈ ਹੈ, ਜਿਸ ਵਿੱਚ ਕਿਸੇ ਵਿਚਾਰ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਹ ਮਨੁੱਖੀ ਬੁੱਧੀ ਵਿੱਚ ਪ੍ਰਕਾਸ਼ ਕਰਦਿਆਂ ਉਸਦੀਆਂ ਗਿਆਨਪਰਕ ਸੰਭਾਵਨਾਵਾਂ ਦਾ ਰਾਹ ਖੋਲ੍ਹਦਾ ਹੈ। ਪ੍ਰਵਚਨ ਵਿੱਚ ਪ੍ਰਵਚਨ ਕਰਤਾ ਦਾ ਸਮੁੱਚਾ ਅਸਤਿਤਵ ਵੀ ਸਮਾਇਆ ਹੁੰਦਾ ਹੈ। ਪ੍ਰਵਚਨਾਂ ਵਿੱਚ ਵਿਚਾਰ ਦੀ ਇਕਾਗਰਤਾ ਬੱਝਵੇਂ ਤੇ ਤਰਕਬੱਧਤੀ ਦੇ ਰੂਪ ਵਿੱਚ ਪੇਸ਼ ਕੀਤੀ ਜਾਂਦੀ ਹੈ। ਪ੍ਰਵਚਨ ਭਾਸ਼ਾਈ ਪਾਠ ਉੱਪਰ ਆਸ਼ਰਿਤ ਹੁੰਦਾ ਹੈ। ਪਾਠ ਅਤੇ ਪ੍ਰਵਚਨ ਦੀ ਅੰਤਰ ਸਬੰਧਤਾਂ ਬਾਰੇ ਕਿਹਾ ਜਾ ਸਕਦਾ ਹੈ ਕਿ 'ਜਿਥੋਂ ਤੱਕ ਬਿਰਤਾਂਤ, ਘਟਨਾਵਾਂ ਜਾਂ ਵਾਸਤਵਿਕ ਸਮੱਗਰੀ ਪ੍ਰਤੀ ਸੁਚੇਤ ਹੈ, ਉਹ ਪਾਠ ਹੈ; ਜਿਥੋਂ ਤੱਕ ਉਹ ਇਸਦੇ ਸੰਚਾਰ ਪ੍ਰਤੀ ਰੁਚਿਤ ਹੈ, ਉਹ ਪ੍ਰਵਚਨ ਹੈ। ਉਂਝ ਪਾਠ ਅਤੇ ਪ੍ਰਵਚਨ ਇੱਕ ਦੂਜੇ ਵਿੱਚ ਇਉਂ ਉਣੇ-ਬੁਣੇ ਹਨ ਜਿਵੇਂ ਜ਼ਿੰਦਗੀ ਅਤੇ

ਕਲਾਕਾਰੀ।'[28] ਇਸ ਪ੍ਰਕਾਰ ਪਾਠ ਅਤੇ ਪ੍ਰਵਚਨ ਵਿਚਕਾਰ ਡੂੰਘੀ ਅੰਤਰ ਸਬੰਧਤਾ ਨਜ਼ਰ ਆਉਂਦੀ ਹੈ।

### 3.4.1 ਪ੍ਰਵਚਨ ਕਰਤਾ/ਪ੍ਰਚਾਰਕ :

ਜਿੱਥੇ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵਿਆਖਿਆਕਾਰੀ ਦੀ ਭੂਮਿਕਾ ਅਹਿਮ ਹੈ। ਉਥੇ ਧਰਮ ਦੀ ਵਿਆਖਿਆ ਨੂੰ ਆਮ ਲੋਕਾਈ ਤੱਕ ਪਹੁੰਚਾਉਣ ਲਈ ਪ੍ਰਚਾਰਕ ਦੀ ਲੋੜ ਪੈਂਦੀ ਹੈ। ਪ੍ਰਚਾਰਕ ਨੂੰ ਮਿਸ਼ਨਰੀ ਵੀ ਆਖਿਆ ਜਾਂਦਾ ਹੈ। ਮਿਸ਼ਨਰੀ ਸ਼ਬਦ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜਿਹੜਾ ਕਿਸੇ ਖ਼ਾਸ ਮਿਸ਼ਨ ਅਧੀਨ ਕਾਰਜ ਕਰਦਾ ਹੈ। ਧਰਮ ਦੇ ਪ੍ਰਚਾਰਕਾਂ ਲਈ ਆਮ ਤੌਰ 'ਤੇ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਈਸਾਈ ਧਰਮ ਦੇ ਪ੍ਰਚਾਰਕਾਂ ਲਈ ਮਿਸ਼ਨਰੀ ਸ਼ਬਦ ਰੂੜ੍ਹ ਹੋ ਗਿਆ ਹੈ। ਹੁਣ ਹੋਰਨਾਂ ਧਰਮਾਂ ਦੇ ਪ੍ਰਚਾਰਕ ਵੀ ਆਪਣੇ ਆਪ ਨੂੰ ਮਿਸ਼ਨਰੀ ਕਹਿੰਦੇ ਹਨ।

ਪ੍ਰਚਾਰਕ, ਪ੍ਰਚਾਰ ਕਰਨ ਵਾਲਾ, ਦੂਜੇ ਨੂੰ ਸਮਝਾਉਣ ਵਾਲਾ, ਦੂਸਰੇ ਨੂੰ ਪ੍ਰੇਰ ਕੇ ਚੰਗੇ ਪਾਸੇ ਤੋਰਨ ਵਾਲਾ। ਉਪਦੇਸ਼ਕ, ਉਪਦੇਸ਼ ਕਰਨ ਵਾਲਾ। (ਮਹਾਨ ਕੋਸ਼) ਜਿਹੜਾ ਵਿਅਕਤੀ ਕਿਸੇ ਇੱਕ ਵਿਸ਼ੇਸ਼ ਖ਼ਿਆਲ ਜਾਂ ਫ਼ਲਸਫ਼ੇ ਨੂੰ ਦੂਜਿਆਂ ਤੱਕ ਪਹੁੰਚਾਉਣ ਦਾ ਯਤਨ ਕਰਦਾ ਹੈ। ਉਸਨੂੰ ਪ੍ਰਚਾਰਕ ਕਿਹਾ ਜਾਂਦਾ ਹੈ।

ਧਾਰਮਿਕ ਪ੍ਰਵਚਨ, ਪੈਗ਼ੰਬਰ ਨੂੰ ਇਲਾਹੀ ਨਦਰ ਨਾਲ ਪ੍ਰਾਪਤ ਹੋਇਆ ਇਲਹਾਮ ਹੁੰਦਾ ਹੈ। ਇਲਹਾਮੀ ਸ਼ਬਦਾਂ ਦਾ ਪ੍ਰਗਟਾ ਚਿੰਨ੍ਹਾਂ ਅਤੇ ਪ੍ਰਤੀਕਾਂ ਵਿੱਚ ਕੀਤਾ ਜਾਂਦਾ ਹੈ। ਚਿੰਨ੍ਹਾਂ ਅਤੇ ਪ੍ਰਤੀਕਾਂ ਵਾਲੀਆਂ ਰਚਨਾਵਾਂ ਦੇ ਅਰਥ ਗੁਹਜ ਭਰਪੂਰ ਹੁੰਦੇ ਹਨ।

ਪ੍ਰਚਾਰਕ ਪੈਗ਼ੰਬਰਾਂ ਦੀ ਬੋਲੀ ਨੂੰ ਸਮਝਣ ਵਾਲਾ ਪਾਰਖੂ ਵਿਆਖਿਆਕਾਰ ਜਾਂ ਅਜਿਹਾ ਧਰਮ ਚਿੰਤਕ ਹੁੰਦਾ ਹੈ ਜਿਹੜਾ ਗੂੜ੍ਹ ਗਿਆਨ ਵਾਲੀਆਂ ਪਵਿੱਤਰ ਰਚਨਾਵਾਂ ਦੇ ਅਰਥ ਸਰਲ ਬੋਲੀ ਵਿੱਚ ਜਗਿਆਸੂ ਦੇ ਸਨਮੁੱਖ ਕਰਦਾ ਹੈ। ਇਸ ਲਈ ਪ੍ਰਚਾਰਕ ਦਾ ਬਹੁਪੱਖੀ ਗਿਆਨ ਦਾ ਧਾਰਨੀ ਹੋਣਾ ਜ਼ਰੂਰੀ ਹੈ। ਉਹ ਅਟੁੱਟ ਵਿਸ਼ਵਾਸ਼ ਅਤੇ ਬਿਬੇਕੀ ਜਗਿਆਸਾ ਨਾਲ ਭਰਪੂਰ ਅਜਿਹੀ ਸ਼ਖ਼ਸੀਅਤ ਹੁੰਦਾ ਹੈ ਜੋ ਵਿਆਖਿਆ ਦੇ ਸੰਕਲਪ ਨੂੰ ਅਸਲੀ ਪੱਧਰ ਉੱਪਰ ਰੂਪਮਾਨ ਕਰਦਾ ਹੈ। ਉਸ ਦਾ ਦੂਜੇ ਧਰਮਾਂ ਦੇ ਵਿਸ਼ਵਾਸ਼ਾਂ, ਫ਼ਿਲਾਸਫ਼ੀ, ਸਦਾਚਾਰਕ ਜੀਵਨ ਅਤੇ ਪਰੰਪਰਾਵਾਂ ਦੇ ਗਿਆਨ ਦੀ ਸੋਝੀ ਵੀ ਉਸ ਦੇ ਪ੍ਰਚਾਰ ਦਾ ਰਾਹ ਮੋਕਲਾ ਕਰਦਾ ਹੈ।

ਗਿਆਨ ਭਰਪੂਰ ਵਾਕਫ਼ੀਅਤ ਦੇ ਨਾਲ-ਨਾਲ ਵਰਤੀ ਗਈ ਭਾਸ਼ਾ ਦਾ ਬੋਧ ਵੀ ਉਸ ਲਈ ਅਨਿਵਾਰੀ ਹੁੰਦਾ ਹੈ। ਸਬੰਧਿਤ ਭਾਸ਼ਾ ਦੇ ਵਿਕਸਿਤ ਹੋਏ ਅਰਥਾਂ ਦੀ ਪੂਰੀ ਜਾਣਕਾਰੀ ਵੀ ਇੱਕ ਪ੍ਰਚਾਰਕ ਨੂੰ ਰੱਖਣੀ ਪੈਂਦੀ ਹੈ। ਪ੍ਰਚਾਰਕਾਂ ਨੂੰ ਸ਼ਬਦਾਂ ਦੇ ਅਰਥ ਨਿਰਧਾਰਿਤ ਕਰਨ ਸਮੇਂ ਸਮਕਾਲੀ ਸਮਾਜਿਕ ਤੇ ਇਤਿਹਾਸਕ ਸਥਿਤੀ ਅਤੇ ਪਰੰਪਰਾ ਦਾ ਬੋਧ ਵੀ ਚੋਖੀ ਮਾਤਰਾ ਵਿੱਚ ਹੋਣਾ ਚਾਹੀਦਾ ਹੈ ਤਾਂ ਹੀ ਉਹ ਪਾਠ ਦੇ ਅਸਲ ਅਰਥਾਂ ਨੂੰ ਉਸ ਸਮੇਂ ਦੇ ਸੰਦਰਭ ਵਿੱਚ ਵਿਚਾਰ ਸਕੇਗਾ। ਇਸ ਦੇ ਨਾਲ-ਨਾਲ ਪ੍ਰਚਾਰਕ ਨੂੰ ਇੱਕੋ ਸਮੇਂ ਸਾਹਿਤਕ, ਸੰਗੀਤਕ ਅਤੇ ਦਾਰਸ਼ਨਿਕ ਖੇਤਰਾਂ ਦੀਆਂ ਜੁਗਤਾਂ ਦਾ ਗਿਆਨ ਰੱਖਣਾ ਵੀ ਜ਼ਰੂਰੀ ਹੈ ਕਹਿਣ ਤੋਂ ਭਾਵ ਉਹ ਇੱਕੋ ਸਮੇਂ ਚੰਗਾ ਸਾਹਿਤਕਾਰ ਤੇ ਇਤਿਹਾਸਕਾਰ ਹੋਵੇ।

ਕਰਤੇ ਜਾਂ ਲੇਖਕ ਦੀ ਮਾਨਸਿਕ ਸਥਿਤੀ ਤੱਕ ਪਹੁੰਚਣਾ ਪ੍ਰਚਾਰਕ ਦਾ ਪ੍ਰਮੁੱਖ ਕੰਮ ਹੈ। ਜਿਸ ਪ੍ਰਚਾਰਕ ਦੀ ਵਿਅਖਿਆ ਵਿੱਚ ਸ਼ੁੱਧਤਾ, ਰਸਾਤਮਕਤਾ ਅਤੇ ਭਾਸ਼ਾਗਤ ਸੂਝ ਮੌਜੂਦ ਹੁੰਦੀ ਹੈ, ਉਸ ਨੂੰ ਪ੍ਰਬੁੱਧ ਪ੍ਰਚਾਰਕ ਦੀ ਕੋਟੀ ਵਿੱਚ ਰੱਖਿਆ ਜਾਂਦਾ ਹੈ। ਇਸ ਕੰਮ ਲਈ ਉਸਦਾ ਅਧਿਐਨ ਗੰਭੀਰ, ਵਿਚਾਰਵਾਨ ਅਤੇ ਗਹਿਨ ਹੋਣਾ ਜ਼ਰੂਰੀ ਹੈ।

ਉਪਰੋਕਤ ਸਾਰੇ ਗੁਣਾਂ ਦੀ ਮੌਜੂਦਗੀ ਪ੍ਰਚਾਰਕ ਦੀ ਸ਼ਖ਼ਸੀਅਤ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਪ੍ਰਚਾਰਕ ਇੱਕ ਬੁੱਧੀਮਾਨ, ਪ੍ਰਤਿਭਾਸ਼ੀਲ ਅਤੇ ਅਨੁਭਵੀ ਹਸਤੀ ਹੁੰਦਾ ਹੈ। ਪ੍ਰਚਾਰਕ ਹੀ ਰਚਨਾ ਦਾ ਰਹੱਸ ਅਤੇ ਸੰਦੇਸ਼ ਉਹਨਾਂ ਲੋਕਾਂ ਤੱਕ ਵੀ ਪਹੁੰਚਾਉਂਦਾ ਹੈ, ਜਿਹਨਾਂ ਲਈ ਉਹ ਰਚਨਾ ਅਪਹੁੰਚ ਹੁੰਦੀ ਹੈ। ਉਸ ਦੇ ਮੋਢਿਆਂ ਉੱਪਰ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿਉਂਕਿ ਉਸ ਨੇ ਰਚਨਾ ਦੇ ਸਹੀ ਅਰਥ ਜਗਿਆਸੂ ਅੱਗੇ ਪ੍ਰਸਤੁਤ ਕਰਨੇ ਹੁੰਦੇ ਹਨ। ਉਸ ਦੀ ਸ਼ਖ਼ਸੀਅਤ ਵਿੱਚ ਕਥਨੀ ਤੇ ਕਰਨੀ ਦਾ ਸੁਮੇਲ ਹੋਣਾ ਜ਼ਰੂਰੀ ਹੈ। ਪ੍ਰਚਾਰਕ ਦੀ ਆਪਣੀ ਇੱਕ ਨਿਵੇਕਲੀ ਸ਼ਖ਼ਸੀਅਤ ਜਾਂ ਅਸਤਿਤਵ ਹੁੰਦਾ ਹੈ। ਜਿਸ ਕਾਰਨ ਉਹ ਦੂਜਿਆਂ ਲਈ ਚਾਨਣ ਮੁਨਾਰਾ ਅਤੇ ਆਦਰਸ਼ ਸਿਰਜਣ ਵਾਲਾ ਰੋਲ ਮਾਡਲ ਬਣਨ ਦੀ ਯੋਗਤਾ ਰੱਖਣ ਵਾਲਾ ਇਨਸਾਨ ਹੁੰਦਾ ਹੈ। ਉਸ ਦੀ ਸ਼ਖ਼ਸੀਅਤ ਦੀ ਵਿਲੱਖਣਤਾ ਹੀ ਲੋਕਾਂ ਨੂੰ ਉਸ ਵਰਗਾ ਬਣਨ ਲਈ ਪ੍ਰੇਰਿਤ ਕਰਦੀ ਹੈ। ਪ੍ਰਚਾਰਕ ਦਾ ਦ੍ਰਿੜ੍ਹ ਨਿਸ਼ਚਾ, ਸ਼ਹਿਣਸੀਲਤਾ ਅਤੇ ਮਿਸ਼ਨਰੀ ਭਾਵਨਾ ਉਸਨੂੰ ਉਸ ਦੇ ਟੀਚੇ ਤੱਕ ਸਫਲਤਾਪੂਰਵਕ ਪਹੁੰਚਾਉਂਦੀਆਂ ਹਨ। ਇਸ ਤੋਂ ਇਲਾਵਾ ਪ੍ਰਚਾਰਕ ਨੂੰ ਲੋਭ, ਲਾਲਚ, ਹਉਮੈਂ, ਵਿਭਚਾਰ, ਨਸ਼ੇ ਅਤੇ ਮਾੜੀਆਂ ਕੁਰਹਿਤਾਂ ਆਦਿ ਤੋਂ ਆਪਣੇ ਜੀਵਨ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ।

ਕਿਹਾ ਜਾਂਦਾ ਹੈ ਕਿ ਇੱਕ ਪ੍ਰਚਾਰਕ ਦੀ ਸ਼ਖ਼ਸੀਅਤ ਇੱਕ ਹੀਰੇ ਵਰਗੀ ਚਮਕਦਾਰ ਹੋਣੀ ਚਾਹੀਦੀ ਹੈ ਕਿ ਜਿਸ ਕਿਸੇ ਉੱਪਰ ਵੀ ਉਸ ਦੀ ਰੌਸ਼ਨੀ ਪਵੇ ਉਹ ਉਸ ਦਾ ਪ੍ਰਭਾਵ ਜ਼ਰੂਰ ਕਬੂਲੇ ਜਾਂ ਫਿਰ ਉਹ ਇੱਕ ਫੁੱਲ ਵਾਂਗ ਹੋਵੇ ਜੋ ਆਪਣੀ ਖੁਸ਼ਬੋਈ ਨਾਲ ਸਾਰਾ ਆਲਮ ਮਹਿਕਾ ਦੇਵੇ।

ਇਸ ਤਰ੍ਹਾਂ ਪ੍ਰਚਾਰਕ ਦੀ ਸਮੁੱਚੀ ਸ਼ਖ਼ਸੀਅਤ ਬਾਰੇ ਕਿਹਾ ਜਾ ਸਕਦਾ ਹੈ ਕਿ "ਇੱਕ ਪ੍ਰਚਾਰਕ ਦਾ ਕੇਵਲ ਬਾਹਰੋਂ-ਬਾਹਰੋਂ ਹੀ ਨਹੀਂ ਸਗੋਂ ਅੰਦਰੋਂ ਵੀ ਭਰਿਆ-ਭੁਕੰਨਿਆ, ਜਾਗਿਆ, ਸਮਝਦਾਰ ਅਤੇ ਸ਼ਾਂਤ ਹੋਣਾ ਅਤਿ ਜ਼ਰੂਰੀ ਹੈ। ਲੋਕਾਂ ਨੂੰ ਪਰਮਾਤਮਾ ਨਾਲ ਜੋੜਨ, ਇਸ ਬਾਰੇ ਵਿਚਾਰ-ਚਰਚਾ ਕਰਨ ਅਤੇ ਪ੍ਰਵਚਨ ਕਲਾ ਦੇ ਨਾਲ ਨਾਲ, ਪ੍ਰਚਾਰਕ ਦੀ ਸਖ਼ਸ਼ੀਅਤ ਦਾ ਧੁਰ ਅੰਦਰੋਂ ਸਰਸ, ਖਿੱਚ-ਭਰਪੂਰ ਅਤੇ ਸੁਲਝਿਆ ਹੋਇਆ ਹੋਣਾ ਵੀ ਲਾਜ਼ਮੀ ਹੈ। ਧਰਮ ਪ੍ਰਚਾਰ ਦੇ ਔਖੇ ਕੰਮਾਂ ਨੂੰ ਸਹੀ ਅਰਥਾਂ ਵਿੱਚ ਸਰੰਜਾਮ ਤੱਕ ਪਹੁੰਚਾਉਣ ਲਈ, ਜੋਤ ਤੋਂ ਜੋਤ ਜਗਣ ਵਾਂਗ ਪ੍ਰਚਾਰਕ ਦੀ ਅੰਦਰਲੀ ਇਲਾਹੀ ਜੋਤ ਦਾ ਜਾਗਿਆ ਹੋਇਆ ਹੋਣਾ ਜ਼ਰੂਰੀ ਹੈ। ਜਗਦੀਆਂ ਜੋਤਾਂ ਦੀ ਲੋਅ, ਚੁੰਬਕੀ ਅਤੇ ਪਾਰਸੀ ਛੋਹ ਦਾ ਅਸਰ ਬੇਹੱਦ ਜਾਦੂਈ ਹੁੰਦਾ ਹੈ।"[29]

### 3.5 ਸੰਵਾਦਕਾਰ / ਸੰਵਾਦਕਰਤਾ :

ਸੰਵਾਦ ਮਨੁੱਖੀ ਸਮਾਜ ਦਾ ਇੱਕ ਅਜਿਹਾ ਖ਼ਾਸਾ ਹੈ, ਇਸਨੂੰ ਵਿਚਾਰ ਵਟਾਂਦਰਾ, ਗੋਸ਼ਟੀ ਅਤੇ ਬਹਿਸ ਦੇ ਅਰਥਾਂ ਵਿੱਚ ਵੀ ਲਿਆ ਜਾਂਦਾ ਹੈ। ਸੰਵਾਦ ਵਿੱਚ ਦੋ ਧਿਰਾਂ ਆਪਸੀ ਵਿਚਾਰ-ਵਟਾਂਦਰੇ ਦਾ ਆਦਾਨ ਪ੍ਰਦਾਨ ਮੌਖਿਕ ਜਾਂ ਲਿਖਤੀ ਰੂਪ ਵਿੱਚ ਕਰਦੀਆਂ ਹਨ। ਇਸਦਾ ਘੇਰਾ ਸਧਾਰਨ ਗੱਲਬਾਤ ਤੋਂ ਲੈ ਕੇ ਦਾਰਸ਼ਨਿਕ ਗੂੜ੍ਹ ਗਿਆਨ ਵਾਲੇ ਵਿਸ਼ਿਆਂ ਤੱਕ ਫ਼ੈਲਿਆ ਹੋਇਆ ਹੈ। ਇਸ ਵਿੱਚ ਇੱਕ ਧਿਰ ਪ੍ਰਸ਼ਨ ਪੁੱਛਦੀ ਹੈ ਅਤੇ ਦੂਸਰੀ ਧਿਰ ਉੱਤਰ ਦਿੰਦੀ ਹੈ। ਸੰਵਾਦ ਦਾ ਇਹ ਰੂਪ ਇਸਨੂੰ ਗੋਸ਼ਟਿ ਦੇ ਨੇੜੇ ਲੈ ਆਉਂਦਾ ਹੈ। ਗੋਸ਼ਟਿ ਦਾ ਸ਼ਬਦੀ ਅਰਥ ਵੀ ਬਹਿਸ ਜਾਂ ਵਿਚਾਰ ਚਰਚਾ ਕਰਨਾ ਹੈ।

ਗੋਸ਼ਟਿ ਜਾਂ ਸੰਵਾਦ ਦਾ ਆਦਰਸ਼ਕ ਰੂਪ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿੱਧ ਗੋਸ਼ਟਿ' ਦੇ ਅੰਤਰਗਤ ਪੇਸ਼ ਹੋਇਆ ਹੈ। ਇਹ ਇੱਕ ਦਾਰਸ਼ਨਿਕ ਸੰਵਾਦ ਹੈ। ਸੰਵਾਦ ਦੀ ਇਹ ਦਾਰਸ਼ਨਿਕ ਪ੍ਰਕਿਰਿਆ ਗੁਰੂ ਨਾਨਕ ਸਾਹਿਬ ਅਤੇ ਸਿੱਧਾਂ ਜੋਗੀਆ ਦੋ ਧਿਰਾਂ ਵਿਚਕਾਰ ਚੱਲਦੀ ਹੈ। ਇਸ ਗੋਸ਼ਟਿ ਵਿੱਚ ਗੁਰੂ ਜੀ ਇੱਕ ਅਜਿਹੇ ਸਫਲ ਸੰਵਾਦਕਾਰ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ ਜੋ ਆਪਣੇ ਕਹਿਣ ਦੇ ਢੰਗ ਰਾਹੀਂ

ਸਾਹਮਣੀ ਧਿਰ ਦੀ ਜਗਿਆਸਾ ਨੂੰ ਕੇਵਲ ਸ਼ਾਤ ਹੀ ਨਹੀਂ ਕਰਦੇ ਬਲਕਿ ਅਜਿਹੇ ਗਿਆਨ ਭੰਡਾਰ ਦੀ ਸਿਰਜਣਾ ਵੀ ਕਰਦੇ ਹਨ ਜਿਸਦਾ ਮੰਤਵ ਕਿਸੇ ਦੇ ਗਿਆਨ ਨੂੰ ਛੁਟਿਆਉਣ ਦੀ ਬਜਾਇ ਕੁਝ ਕਹਿਣ, ਸੁਣਨ ਅਤੇ ਸਮਝਾਉਣ ਦੀ ਪ੍ਰਵਿਰਤੀ ਨੂੰ ਉਪਜਾਉਣਾ ਹੁੰਦਾ ਹੈ। ਇਸ ਵਿਚਾਰ-ਚਰਚਾ ਵਿੱਚ ਗੁਰੂ ਸਾਹਿਬ ਸਦਭਾਵਨਾ, ਸਦਾਚਾਰ ਅਤੇ ਸਾਂਝ ਆਦਿ ਗੁਣਾਂ ਨੂੰ ਕਾਇਮ ਰੱਖਕੇ ਇੱਕ ਅਸਲੀ ਸੰਵਾਦ ਜਾਂ ਸੰਵਾਦਕਾਰ ਦਾ ਮਾਡਲ ਸਿਰਜਦੇ ਹਨ। ਇੱਕ ਸਫਲ ਸੰਵਾਦਕਾਰ ਦਾ ਕਹਿਣ ਢੰਗ ਤੁਰੰਤ ਦੂਸਰੀ ਧਿਰ ਦੀ ਆਤਮਾ ਨੂੰ ਟੁੰਬਣ ਦੀ ਸ਼ਕਤੀ ਰੱਖਦਾ ਹੈ। ਇਸ ਦੌਰਾਨ ਜੇਕਰ ਸੰਵਾਦ ਦਾ ਘੇਰਾ ਧਾਰਮਿਕ ਹੋਵੇ ਤਾਂ ਕਈ ਵਾਰ ਗੋਸ਼ਟਕਾਰ ਸਿੱਧੀ ਗੱਲ ਕਰਨ ਦੀ ਬਜਾਇ ਚਿੰਨ੍ਹਾਂ, ਪ੍ਰਤੀਕਾਂ ਅਤੇ ਸੰਕੇਤਾਂ ਤੋਂ ਸਹਾਇਤਾ ਵੀ ਪ੍ਰਾਪਤ ਕਰਦਾ ਹੈ। ਇਸ ਤੋਂ ਇਲਾਵਾ ਸੰਵਾਦ ਦੀ ਸਫਲਤਾ ਲਈ ਬਿਬੇਕਸ਼ੀਲ ਤੱਤ ਵੀ ਕਾਫ਼ੀ ਮਹੱਤਵਪੂਰਨ ਹੈ।

### 3.6 ਭਾਰਤੀ ਪ੍ਰਵਚਨ-ਸ਼ਾਸਤਰ :

ਭਾਰਤੀ ਵਿਆਖਿਆ ਪਰੰਪਰਾ ਦਾ ਆਰੰਭ ਵੈਦਿਕ ਸਾਹਿਤ ਦੀ ਵਿਆਖਿਆਕਾਰੀ ਨਾਲ ਹੁੰਦਾ ਹੈ। ਇਸ ਵਿਆਖਿਆ ਪਰੰਪਰਾ ਨੂੰ ਸ਼ਾਸਤਰੀ ਵਿਆਖਿਆ ਪਰੰਪਰਾ ਅਤੇ ਲੌਕਿਕ ਵਿਆਖਿਆ ਪਰੰਪਰਾ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਲੌਕਿਕ ਵਿਆਖਿਆ ਪਰੰਪਰਾ, ਸ਼ਾਸਤਰੀ ਵਿਆਖਿਆ ਪਰੰਪਰਾ ਦੇ ਸਮਾਨੰਤਰ ਚੱਲਦੀ ਹੈ ਅਤੇ ਇਸਨੂੰ ਕਥਾ ਪਰੰਪਰਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਿਆਖਿਆ ਪਰੰਪਰਾ ਸਬੰਧੀ ਡਾ. ਜਗਬੀਰ ਸਿੰਘ ਲਿਖਦੇ ਹਨ,

> "ਇਹ ਲੋਕ ਸਾਹਿਤ ਦੀਆਂ ਵਿਭਿੰਨ ਬਣਤਰਾਂ ਅਤੇ ਬਿਰਤਾਂਤਕ ਵਿਚਾਰਾਂ (ਕਥਾ) ਦੀ ਜੁਗਤ ਦਾ ਪ੍ਰਯੋਗ ਕਰਨ ਵੱਲ ਰੁਚਿਤ ਹੁੰਦੀ ਹੈ। ਲੋਕ ਸਾਹਿਤ ਦੀਆਂ ਵਿਭਿੰਨ ਪੇਸ਼ਕਾਰੀਆਂ ਇੱਕ ਤਰ੍ਹਾਂ ਨਾਲ ਵਿਦਵਤਾ-ਭਰਪੂਰ ਸਾਹਿਤਕ ਪਾਠਾਂ ਦੇ ਵਿਸ਼ਿਆਂ ਦੀ ਵਿਆਖਿਆ ਦਾ ਹੀ ਉਪਰਾਲਾ ਹੁੰਦਾ ਹੈ। ਇਸ ਉਪਰਾਲੇ ਦੇ ਅੰਤਰਗਤ ਮੂਲ ਪਾਠ ਵਿੱਚ ਫੇਰ ਬਦਲ ਕਰਕੇ ਜਾਂ ਉਸ ਵਿਚਲੇ ਦੈਵੀ ਤੱਤ ਨੂੰ ਆਮ ਤੌਰ 'ਤੇ ਮਾਨਵੀ ਤੱਤ ਵਿੱਚ ਰੂਪਾਂਤਰਿਤ ਕਰ ਦਿੱਤਾ ਜਾਂਦਾ ਹੈ।"[30]

ਉਪਰੋਕਤ ਪਰਿਭਾਸ਼ਾ ਵਿੱਚ ਮੰਨਿਆ ਗਿਆ ਹੈ ਕਿ ਲੌਕਿਕ ਵਿਆਖਿਆ ਪਰੰਪਰਾ ਵਿੱਚ ਸਮੁੱਚਾ ਲੋਕ

ਸਾਹਿਤ ਸਮਾਇਆ ਹੁੰਦਾ ਹੈ। ਗੁਹਜ ਭਰਪੂਰ ਸਾਹਿਤਕ ਪਾਠਾਂ ਦੀ ਵਿਆਖਿਆ ਸਮੇਂ ਲੋਕ ਸਾਹਿਤ ਦੀਆਂ ਵਿਭਿੰਨ ਪੇਸ਼ਕਾਰੀਆਂ ਉਸ ਗੁਹਜ ਭਰਪੂਰ ਪਾਠ ਦੀ ਅਸਲ ਵਿੱਚ ਵਿਆਖਿਆ ਹੀ ਕਰ ਰਹੀਆਂ ਹੁੰਦੀਆਂ ਹਨ। ਇਸ ਵਿਆਖਿਆਤਮਕ ਉਪਰਾਲੇ ਤੱਕ ਪੁੱਜਣ ਲਈ ਮੂਲ ਪਾਠ ਵਿੱਚ ਫੇਰ ਬਦਲ ਕਰਕੇ ਜਾਂ ਲੋਕ ਸਾਹਿਤ ਵਿਚਲੇ ਦੈਵੀ ਅੰਸ਼ਾਂ ਨੂੰ ਮਾਨਵੀ ਤੱਤਾਂ ਵਿੱਚ ਰੂਪਾਂਤਰਿਤ ਕਰਕੇ ਵਿਸ਼ੇ ਦੀਆਂ ਗੁੰਝਲਾਂ ਖੋਲ੍ਹਣਾ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਦੂਜੇ ਪਾਸੇ ਸ਼ਾਸਤਰੀ ਵਿਆਖਿਆ ਪਰੰਪਰਾ ਵਿੱਚ ਅਰਥਾਂ ਦਾ ਨਿਰਧਾਰਣ ਕੀਤਾ ਜਾਂਦਾ ਹੈ, ਪ੍ਰਸੰਗਿਕਤਾ ਸਥਾਪਿਤ ਕੀਤੀ ਜਾਂਦੀ ਹੈ ਅਤੇ ਵਿਸ਼ਵਾਸ ਜਾਂ ਧਾਰਣਾ ਆਦਿ ਦੀ ਤਾਰਕਿਕਤਾ ਨਿਸ਼ਚਿਤ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਭਾਰਤੀ ਵਿਆਖਿਆ ਪਰੰਪਰਾ ਵਿੱਚ ਸ਼ਰੁਤੀ ਸਾਹਿਤ ਦੀ ਵਿਆਖਿਆ ਦੇ ਅੰਤਰਗਤ ਵੇਦਾਂ ਅਤੇ ਉਪਨਿਸ਼ਦਾਂ ਦੇ ਪਰਾਭੌਤਿਕ ਮਸਲਿਆਂ ਨੂੰ ਵਿਖਿਆਇਆ ਜਾਂਦਾ ਹੈ। ਸਮ੍ਰਿਤੀ ਸਾਹਿਤ ਦੀ ਵਿਆਖਿਆ ਦਾ ਸੰਬੰਧ ਆਚਾਰ ਵਿਹਾਰ ਨਾਲ ਸਬੰਧਿਤ ਨੇਮਾਂ ਨਾਲ ਹੈ। ਸ਼ਾਸਤਰ ਸਾਹਿਤ ਵਿੱਚ ਵੇਦਾਂਗਾਂ ਦੀ ਵਿਆਖਿਆ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਕਾਵਿ-ਸਬੰਧੀ ਵਿਆਖਿਆ ਵਿੱਚ ਪਰੋਖ ਭਾਸ਼ਾ ਦੇ ਵਿਵੇਚਨ ਦੀ ਸਮੱਸਿਆਂ ਨੂੰ ਵਿਖਿਆਇਆ ਜਾਂਦਾ ਹੈ।

ਸ਼ਰੁਤੀ ਸਾਹਿਤ ਤੋਂ ਇਲਾਵਾ ਹੋਰ ਬਹੁਤ ਸਾਰੇ ਗਿਆਨ-ਪਾਠ ਖ਼ੁਦ ਵੀ ਵਿਆਖਿਆ ਦੀ ਪ੍ਰਕਿਰਤੀ ਵਾਲੇ ਹਨ। ਮਿਸਾਲ ਵਜੋਂ ਵਿਭਿੰਨ ਵਿਸ਼ਿਆਂ ਨਾਲ ਸੰਬੰਧਿਤ ਉਨ੍ਹਾਂ ਸ਼ਾਸਤਰ-ਗ੍ਰੰਥਾਂ ਦੀ ਗੱਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਸਰੋਕਾਰ ਪਰਾਭੌਤਿਕ ਵਿਸ਼ਿਆਂ ਨਾਲ ਨਹੀਂ ਸਗੋਂ ਮਨੁੱਖੀ ਜੀਵਨ ਦੇ ਰੋਜ਼ਾਨਾ ਆਚਾਰ ਵਿਹਾਰ ਨਾਲ ਹੈ। ਇਨ੍ਹਾਂ ਵਿੱਚੋਂ ਬਹੁਤੇ ਸ਼ਾਸਤਰ-ਗ੍ਰੰਥਾਂ ਦੀਆਂ ਵਿਸਤ੍ਰਿਤ ਵਿਆਖਿਆਵਾਂ ਸਾਹਮਣੇ ਆਈਆਂ ਹਨ। ਇਨ੍ਹਾਂ ਦੇ ਅੰਤਰਗਤ ਵਿਆਖਿਆ ਦਾ ਕਾਰਜ ਤਿੰਨ ਪ੍ਰਕਾਰ ਮੰਨਿਆ ਗਿਆ ਹੈ- (1) ਪਾਠ ਦੇ ਅਰਥਾਂ ਨੂੰ ਨਿਰਧਾਰਿਤ ਕਰਨਾ ਅਤੇ ਸਮਝਾਉਣਾ; (2) ਕਿਸੇ ਸ਼ਾਸਤਰ ਦੇ ਮੁੱਖ ਵਿਸ਼ੇ ਜਾਂ ਆਚਾਰ-ਵਿਹਾਰ ਦੇ ਨੇਮਾਂ ਦੀ ਨਿਸ਼ਾਨਦੇਹੀ ਕਰਨਾ, ਉਨ੍ਹਾਂ ਦੀ ਸਾਰਥਕਤਾ ਅਤੇ ਪ੍ਰਸੰਗਿਕਤਾ ਨਿਰਧਾਰਿਤ ਕਰਨਾ ਜਾਂ ਉਨ੍ਹਾਂ ਨੂੰ ਸਮੇਂ ਦੀਆਂ ਪਰਿਵਰਤਨਸ਼ੀਲ ਲੋੜਾਂ ਅਤੇ ਗਿਆਨ ਬਦਲੇ ਹੋਏ ਪ੍ਰਸੰਗ ਅਨੁਸਾਰ ਯੁੱਗ-ਅਨੁਕੂਲ ਬਣਾਉਣ

ਲਈ ਉਨ੍ਹਾਂ ਵਿੱਚ ਲੋੜੀਂਦਾ ਸੰਸ਼ੋਧਨ ਕਰਨਾ ਅਤੇ (3) ਇਨ੍ਹਾਂ ਸ਼ਾਸਤਰਾਂ ਦੇ ਅੰਦਰਲੇ ਵਿਵੇਕ ਨੂੰ ਸਥਾਪਿਤ ਕਰਨਾ ਅਤੇ ਵਿਰੋਧੀ ਦਾਰਸ਼ਨਿਕ ਧਿਰ ਵੱਲੋਂ ਉਠਾਏ ਗਏ ਕਿੰਤੂਆਂ ਦਾ ਸਪੱਸ਼ਟੀਕਰਨ ਪੇਸ਼ ਕਰਨਾ।[31]

ਇਸ ਵਿਆਖਿਆਕਾਰੀ ਦੀ ਦਿੱਕਤ ਇਹ ਹੈ ਕਿ ਇਸਦਾ ਸੰਬੰਧ ਜਿਨ੍ਹਾਂ ਪਾਠਾਂ ਨਾਲ ਹੈ ਉਹ ਸੰਸਾਰ ਦੀ ਪ੍ਰਾਚੀਨਤਮ ਕਵਿਤਾ ਅਤੇ ਗੱਦ ਰਚਨਾ ਦੇ ਨਮੂਨੇ ਹਨ। ਭਾਰਤ ਵਿੱਚ ਵਿਆਖਿਆਕਾਰੀ ਦੀ ਇਸ ਮੰਨੀ-ਪ੍ਰਮੰਨੀ ਪਰੰਪਰਾ ਦੀ ਸ਼ੁਰੂਆਤ ਨਿਰੁਕਤਕਾਰ ਯਾਸਕ ਦੀ ਸੁਪ੍ਰਸਿੱਧ ਰਚਨਾ ਨਿਰੁਕਤ (ਅੱਠਵੀਂ ਸਦੀ ਪੂ. ਈ.) ਨਾਲ ਹੁੰਦੀ ਹੈ। ਇਸ ਵਿਆਖਿਆਕਾਰ ਨੇ ਰਿਗਵੇਦ ਵਿਚਲੇ 2041 ਅਸਪੱਸ਼ਟ ਸ਼ਬਦਾਂ ਦਾ ਅਰਥ ਨਿਰਧਾਰਿਤ ਕਰਨ ਲਈ ਹੀ ਆਪਣੇ ਇਸ ਗ੍ਰੰਥ ਦੀ ਰਚਨਾ ਕੀਤੀ ਸੀ।[32]

ਭਾਰਤ ਦੀ ਵਿਆਖਿਆਕਾਰੀ ਪਰੰਪਰਾ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਇੱਕ ਨਿਰੰਤਰ ਅਤੇ ਪਰਿਵਰਤਨਸ਼ੀਲ ਸੰਚਿਤ ਪੰਰਪਰਾ ਹੈ। ਇਸਦੇ ਨਿਰੰਤਰ ਕਾਲ ਪ੍ਰਵਾਹ ਵਿੱਚ ਨਿੱਤ-ਨਵੀਆਂ ਸਮਾਨ-ਧਰਮੀ ਵਿਆਖਿਆਵਾਂ ਜੁੜਦੀਆਂ ਰਹੀਆਂ ਹਨ ਅਤੇ ਇੱਕ ਦੂਸਰੇ ਨਾਲ ਜੁੜ ਕੇ ਇਸਦੀ ਅਮੀਰੀ ਵਿੱਚ ਵਾਧਾ ਕਰਦੀਆਂ ਹਨ। ਅਰਥਾਤ, ਹਰ ਆਉਣ ਵਾਲੀ ਨਵੀਂ ਟੀਕਾਕਾਰੀ ਆਪਣੀ ਪੂਰਬ-ਵਰਤੀ ਟੀਕਾਕਾਰੀ ਨਾਲ ਸੰਵਾਦ ਰਚਾਉਂਦੀ ਰਹੀ ਹੈ ਅਤੇ ਉਸਦੀਆਂ ਸਥਾਪਨਾਵਾਂ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਆਪਣੇ ਵਿਚਾਰ-ਪ੍ਰਬੰਧ ਦੀ ਉਸਾਰੀ ਕਰਦੀ ਰਹੀ ਹੈ।[33]

### 3.7 ਭਾਰਤੀ ਵਿਆਖਿਆਕਾਰੀ : ਵਿਭਿੰਨ ਪਾਸਾਰ/ਵਿਭਿੰਨ ਪੱਧਤੀਆਂ :

ਭਾਰਤੀ ਧਰਮ ਗ੍ਰੰਥਾਂ ਵਿੱਚ ਛੁਪੇ ਹੋਏ ਰੂਹਾਨੀ ਸੰਦੇਸ਼ ਨੂੰ ਠੀਕ ਰੂਪ ਵਿੱਚ ਪ੍ਰਗਟ ਕਰਨ ਲਈ ਸਿਧਾਂਤਕ ਵਿਆਖਿਆ ਵਿੱਚ ਅਨੇਕ ਪੱਧਤੀਆਂ ਪ੍ਰਾਚੀਨ ਕਾਲ ਤੋਂ ਪ੍ਰਚਲਿਤ ਹਨ। ਜਿਵੇਂ ਨਿਰੁਕਤੀ, ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ, ਉਲਥਾਕਾਰੀ ਅਤੇ ਟੀਕਾਕਾਰੀ ਆਦਿ। ਟੀਕੇ ਲਈ ਸਧਾਰਨ ਤੌਰ 'ਤੇ ਭਾਸ਼, ਵ੍ਰਿਤੀ, ਟਿੱਪਣੀ ਅਤੇ ਪਰਮਾਰਥ ਆਦਿ ਸ਼ਬਦਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਹਨਾਂ ਪਹੁੰਚ ਵਿਧੀਆਂ ਨੂੰ ਜੇਕਰ ਵਿਹਾਰਕ ਪੱਖ ਤੋਂ ਵੇਖੀਏ ਤਾਂ ਇਹ ਸਭ ਇਕਸਾਰ ਅਰਥਾਂ ਦਾ ਗਿਆਨ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ। ਪ੍ਰੰਤੂ ਸਿਧਾਂਤਕ ਪੱਖ ਤੋਂ ਇਹਨਾਂ ਵਿੱਚ ਵੱਖਰਤਾ ਪਾਈ ਜਾਂਦੀ ਹੈ। ਇੱਥੇ ਇਹਨਾਂ ਸਾਰਿਆਂ ਬਾਰੇ ਸੰਖੇਪ ਵਿੱਚ ਜਾਣਕਾਰੀ ਪ੍ਰਾਪਤ ਕਰ ਲੈਣਾ ਮਹੱਤਵਪੂਰਨ ਹੈ।

### 3.7.1 ਨਿਰੁਕਤੀ :

ਭਾਰਤੀ ਸਾਹਿਤ ਵਿੱਚ 'ਨਿਰੁਕਤ' ਵਿਆਖਿਆ ਪੱਧਤੀ ਦੀ ਪਰੰਪਰਾ ਬਹੁਤ ਪ੍ਰਾਚੀਨ ਹੈ। ਇਹ ਪਰੰਪਰਾ ਵਿਸ਼ੇਸ਼ ਕਰਕੇ ਸੰਸਕ੍ਰਿਤ ਭਾਸ਼ਾ ਵਿੱਚ ਮਿਲਦੀ ਹੈ। ਸੰਸਕ੍ਰਿਤ ਭਾਸ਼ਾ ਵਿੱਚ ਨਿਰੁਕਤ ਦਾ ਅਰਥ ਹੈ– ਨਿਸ਼ਚੈ ਨਾਲ ਕਹੀ ਗੱਲ, ਨਿਰਕੁਤ ਕੀਤਾ ਹੋਇਆ ਰੂਪ, ਕਿਸੇ ਸ਼ਬਦ ਦੀ ਛਾਣਬੀਣ ਕਰਕੇ ਉਸ ਦਾ ਠਹਿਰਾਇਆ ਹੋਇਆ ਅਰਥ ਸਰੂਪ। 'ਨਿਰੁਕਤ' ਸ਼ਬਦ ਦੀ ਜ਼ਿਆਦਾਤਰ ਵਰਤੋਂ ਵੇਦ ਦੇ ਸੰਬੰਧ ਵਿੱਚ ਕੀਤੀ ਜਾਂਦੀ ਹੈ। ਯਾਸਕ ਮੁਨੀ ਨੇ ਵੇਦ ਵਿਆਖਿਆ ਸੰਬੰਧੀ ਜੋ ਕੰਮ ਕੀਤਾ ਉਸ ਨੂੰ 'ਨਿਰੁਕਤ ਗ੍ਰੰਥ' ਦਾ ਨਾਮ ਦਿੱਤਾ ਗਿਆ ਹੈ।[34]

ਮਹਾਨ ਕੋਸ਼ ਵਿੱਚ 'ਨਿਰੁਕਤ' ਦਾ ਅਰਥ ਉੱਤਮ ਰੀਤਿ ਨਾਲ ਕੀਤੀ ਹੋਈ ਵਯਾਖਯਾ ਮੰਨਿਆ ਗਿਆ ਹੈ। ਇਸ ਵਿੱਚ ਨਿਰੁਕਤ ਨੂੰ ਚੰਗੀ ਤਰ੍ਹਾਂ ਉੱਕਤ (ਆਖਿਆ ਹੋਇਆ) ਮੰਨਣ ਦੇ ਨਾਲ-ਨਾਲ ਵੇਦਾਂ ਦਾ ਇੱਕ ਅੰਗ ਮੰਨਿਆ ਗਿਆ ਹੈ। ਜਿਸ ਵਿੱਚ ਸ਼ਬਦਾਂ ਦਾ ਅਰਥ ਉੱਤਮ ਰੀਤਿ ਨਾਲ ਕੀਤਾ ਗਿਆ ਹੈ। ਇਹ ਯਾਸਕ ਮੁਨੀ ਦਾ ਰਚਿਆ ਹੋਇਆ ਨਿਘੰਟੁ ਕੋਸ਼ ਤੇ ਵਯਾਖਯਾਰੂਪ ਗ੍ਰੰਥ ਹੈ। ਜਿਸ ਦੇ 12 ਅਧਿਆਇ ਹਨ।[35] ਜਦੋਂ ਵੇਦਾਂ ਦੇ ਮੰਤਰਾਂ ਦੇ ਅਰਥਾਂ ਨੂੰ ਸਮਝਣਾ ਸਰਲ ਕਾਰਜ ਨਾ ਰਿਹਾ ਤਦ ਭਾਰਤੀ ਸੰਸਕ੍ਰਿਤ ਵਿਦਵਾਨਾਂ ਦੁਆਰਾ ਵੇਦਾਂ ਦੇ ਕਠਿਨ ਸ਼ਬਦਾਂ ਦੇ ਸੰਗ੍ਰਹਿ ਰੂਪ ਨਿਘੰਟੁ ਗ੍ਰੰਥ ਲਿਖੇ ਗਏ ਅਤੇ ਨਿਘੰਟੂ ਗ੍ਰੰਥਾਂ ਦੇ ਸ਼ਬਦਾਂ ਦੀ ਵਿਆਖਿਆ ਅਤੇ ਸ਼ਬਦ ਵਿਉਂਤਪਤੀ ਦੇ ਗਿਆਨ ਲਈ ਨਿਰੁਕਤ ਗ੍ਰੰਥਾਂ ਦੀ ਰਚਨਾ ਹੋਈ। ਨਿਘੰਟੁ ਦਾ ਅਰਥ ਨਾਮ ਸੰਗ੍ਰਹਿ ਹੈ। 'ਮਹਾਨ ਕੋਸ਼'(ਪੰਨਾ-706) ਵਿੱਚ ਕਸ਼ਯਪ ਦੁਆਰਾ ਰਚਿਤ ਵੇਦ ਦੇ ਕੋਸ਼ ਦੀ ਜਾਣਕਾਰੀ ਮਿਲਦੀ ਹੈ। ਇਸ ਉੱਤੇ ਹੀ ਯਾਸਕ ਮੁਨੀ ਨੇ ਨਿਰੁਕਤ ਨਾਂ ਦਾ ਟੀਕਾ ਰਚਿਆ ਸੀ। ਨਿਘੰਟੁ ਨੂੰ ਕੋਸ਼ ਦੇ ਸਮਾਨਰਥੀ ਮੰਨਿਆ ਜਾਂਦਾ ਹੈ। ਪ੍ਰੰਤੂ ਨਿਘੰਟੁ ਅਤੇ ਕੋਸ਼ ਵਿੱਚ ਇੱਕ ਫ਼ਰਕ ਜ਼ਰੂਰੀ ਨਜ਼ਰੀ ਆਉਂਦਾ ਹੈ ਕਿ 'ਨਿਘੰਟੁ' ਵਿੱਚ ਅੱਖਰ ਕ੍ਰਮ ਨਹੀਂ ਹੁੰਦਾ ਕੇਵਲ ਪ੍ਰਯਾਯਵਾਚੀ ਸ਼ਬਦਾਂ ਦਾ ਹੀ ਸੰਗ੍ਰਹਿ ਹੁੰਦਾ ਹੈ। ਪੰਜਾਬੀ ਵਿਚਲੇ ਕੋਸ਼ 'ਨਾਮ ਕੋਸ਼' ਅਤੇ 'ਅਨੇਕਾਰਥ ਕੋਸ਼' ਦੋਨੋਂ ਹੀ ਨਿਘੰਟੁ ਦੇ ਬਰਾਬਰ ਹਨ।[36] ਨਿਰੁਕਤ ਸ਼ਾਸਤਰਾਂ ਦੀ ਗਿਣਤੀ 12 ਦੱਸੀ ਜਾਂਦੀ ਹੈ। ਪ੍ਰੰਤੂ ਇਸ ਸਮੇਂ ਅਚਾਰੀਆ ਯਾਸਕ ਦਾ ਇੱਕ ਮਾਤਰ ਨਿਰੁਕਤ ਉਪਲਬੱਧ ਹੈ। ਨਿਰੁਕਤ ਇਕ ਅਜਿਹੀ ਪਹੁੰਚ ਵਿਧੀ ਹੈ ਜਿਸ ਵਿੱਚ ਨਿਘੰਟੂ ਦੇ ਕਠਿਨ ਸ਼ਬਦਾਂ ਦੇ ਅਰਥ ਸਪਸ਼ਟ ਕਰਨ ਦੇ ਨਾਲ-ਨਾਲ ਉਹਨਾਂ ਨੂੰ ਵਿਖਿਆਇਆ ਵੀ ਜਾਂਦਾ ਹੈ।

ਅੰਗਰੇਜ਼ੀ ਭਾਸ਼ਾ ਵਿੱਚ 'ਨਿਰੁਕਤ' ਲਈ Etymology ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ Etymos ਤੋਂ ਬਣਿਆ ਹੈ। ਜਿਸ ਦਾ ਭਾਵ ਹੈ ਯਥਾਰਥ ਜਾਂ ਮੌਲਿਕਤਾ ਤੇ ਅਧਾਰਿਤ Etymology ਦੇ ਹੋਰ ਸਮਾਨਾਰਥਕ ਸ਼ਬਦ Derivation, Origin, Derivative ਆਦਿ ਹਨ, ਜਿਹਨਾਂ ਵਿੱਚ Derivation ਦਾ ਭਾਵ ਵਿਉਂਤਪਤੀ, ਮੂਲ ਸਰੋਤ ਅਤੇ Origin ਸ਼ਬਦ ਦਾ ਅਰਥ ਮੂਲ ਉੱਤਪਤੀ, ਉਦਭਵ, ਆਦਿ, ਆਰੰਭ, ਜਨਮ ਆਦਿ ਹੈ। ਇਸ ਪ੍ਰਕਾਰ ਨਿਰੁਕਤ ਸ਼ਬਦ ਦਾ ਸੰਬੰਧ ਸ਼ਬਦਾਂ ਦੀ ਵਿਉਂਤਪਤੀ ਨਾਲ ਵੀ ਜਾ ਜੁੜਦਾ ਹੈ। ਡਾ. ਸਰਬਜਿੰਦਰ ਸਿੰਘ ਨੇ ਵੀ ਨਿਰੁਕਤੀ ਦਾ ਸਬੰਧ,'ਸ਼ਬਦਾਂ ਦੇ ਮੁੱਢ (Root) ਜਾਂ ਧਾਤੂ ਲੱਭਤ ਪਰੰਪਰਾ' ਨਾਲ ਜੋੜਿਆ ਹੈ।[37] ਸ਼ਬਦ ਵਿਉਂਤਪਤੀ ਵਿੱਚ ਸ਼ਬਦ ਦੇ ਮੂਲ ਧਾਤੂ ਤੱਕ ਪਹੁੰਚਣ ਦਾ ਯਤਨ ਕੀਤਾ ਜਾਂਦਾ ਹੈ। ਮੂਲ ਧਾਤੂ ਤੱਕ ਪਹੰਚੁਣ ਲਈ ਸ਼ਬਦਾਂ ਦਾ ਇਤਿਹਾਸਕ ਕਾਲਕ੍ਰਮ ਤੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਕਿ ਕਿਸੇ ਸ਼ਬਦ ਨੇ ਉਸ ਭਾਸ਼ਾ ਵਿੱਚ ਕਦੋਂ ਅਤੇ ਕਿਵੇਂ ਪ੍ਰਵੇਸ਼ ਕੀਤਾ, ਸ਼ਬਦ ਦਾ ਸ੍ਰੋਤ ਕੀ ਸੀ ਭਾਵ ਉਹ ਕਿਥੋਂ ਆਇਆ? ਇਹ ਵੀ ਅਧਿਐਨ ਕੀਤਾ ਜਾਂਦਾ ਹੈ, ਉਸ ਸ਼ਬਦ ਦਾ ਸਰੂਪ ਅਤੇ ਅਰਥ ਸਮੇਂ ਦੇ ਨਾਲ ਕਿਸ ਤਰ੍ਹਾਂ ਪਰਿਵਰਤਿਤ ਹੋਇਆ।

ਨਿਰਕੁਤ ਦਾ ਸਬੰਧ ਸ਼ਬਦਾਂ ਦੀ ਵਿਉਂਤਪਤੀ ਮੂਲਕ ਵਿਆਖਿਆ ਨਾਲ ਹੈ ਜੋ ਕਿਸੇ ਸ਼ਬਦ ਦਾ ਅਰਥ ਸਪਸ਼ਟ ਕਰਨ ਲਈ ਉਸ ਦੀ ਧਾਤੂ ਨੂੰ ਅਧਾਰ ਬਣਾਉਂਦੀ ਹੈ।[38] ਸੰਥਯਾ (ਭਾਈ ਵੀਰ ਸਿੰਘ) ਵਿੱਚ ਨਿਰੁਕਤ ਪਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ ਕਿ, "ਇਸ ਪਦ ਦੇ ਅੱਖਰੀ ਅਰਥ ਹਨ 'ਵਿਸ਼ੇਸ਼ ਉਕਿਤ' ਅਰਥਾਤ ਕੋਈ ਗੱਲ ਜੋ ਕਹੀ ਗਈ ਉਸ ਸੰਬੰਧੀ ਹੀ ਵਿਸ਼ੇਸ਼ ਯਾ ਹੋਰ ਪਹਿਲੂਆਂ ਤੋਂ ਵਾਕਫ਼ੀਅਤ ਦੇਣੀ।[39] ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਨਿਰੁਕਤ ਸੰਬੰਧੀ ਬਹੁਮੁੱਲੀ ਜਾਣਕਾਰੀ ਦਿੰਦਿਆ ਦੱਸਿਆ ਹੈ,

> "ਟੀਕਾਕਾਰੀ ਦਾ ਸਭ ਤੋਂ ਪਹਿਲਾ ਅਤੇ ਅਤਿ ਪ੍ਰਾਚੀਨ ਨਮੂਨਾ ਨਿਰੁਕਤ ਹੈ। ਇਸ ਸ਼ਰੇਣੀ ਵਿਚ ਯਾਸਕਮੁਨੀ ਦਾ ਗ੍ਰੰਥ "ਨਿਰੁਕਤਮ" ਪ੍ਰਮਾਣਿਕ ਮੰਨਿਆ ਜਾਂਦਾ ਹੈ। ਨਿਰੁਕਤਮ ਦਾ ਰਚਨਾ-ਕਾਲ ਕੋਈ 6ਵੀਂ-7ਵੀਂ ਸਦੀ ਪੂਰਵ ਈਸਵੀ ਹੈ। ਇਸ ਵਿੱਚ ਵੇਦ-ਸੰਹਿਤਾਵਾਂ ਦੇ ਅਪ੍ਰਚਲਿਤ ਦਾ (Obsolete) ਗੂੜ੍ਹ ਤੇ ਦੁਰਗਮ ਮੰਤ੍ਰਾਂ ਦੇ ਸ਼ਬਦਾਂ ਦੀ ਨਿਰੁਕਤੀ, ਵਿਉਂਤਪੱਤੀ, ਵਿਆਖਿਆ ਤੇ ਸ਼ਬਦ ਸਿੱਧੀ ਆਦਿ ਅਨੇਕ ਪਹਿਲੂਆਂ ਉੱਤੇ ਚਾਨਣਾ

ਪਾਇਆ ਗਿਆ ਹੈ।"[40]

ਇਸ ਪ੍ਰਕਾਰ ਨਿਰਕੁਤ ਵੈਦਿਕ ਸਾਹਿਤ ਵਿੱਚ ਸ਼ਬਦ-ਵਿਉਂਤਪਤੀ ਦਾ ਵਿਵੇਚਨ ਵੀ ਹੈ। ਇਸ ਵਿੱਚ ਨਿਘੰਟੂ ਦੇ ਸ਼ਬਦ ਦੇ ਕੇਵਲ ਅਰਥ ਹੀ ਨਹੀਂ ਦਿੱਤੇ ਗਏ, ਸਗੋਂ ਉਨਾਂ ਸ਼ਬਦਾਂ ਦੀ ਵਰਤੋਂ ਦੇ ਪ੍ਰਸੰਗਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਇਸ ਨਾਲ ਹਰੇਕ ਸ਼ਬਦ ਦੀ ਵਿਉਂਤਪਤੀ ਅਤੇ ਪ੍ਰਸੰਗਿਕ ਅਰਥਾਂ ਨੂੰ ਵਧੇਰੇ ਸਪੱਸ਼ਟਤਾ ਨਾਲ ਸਮਝਣ ਵਿੱਚ ਮਦਦ ਮਿਲਦੀ ਹੈ।[41] ਪਰੰਪਰਾਗਤ ਰੂਪ ਵਿੱਚ ਸੰਸਕ੍ਰਿਤ ਦੇ ਪ੍ਰਾਚੀਨ ਵਿਆਕਰਣਕਾਰ ਯਾਸਕ ਨੂੰ 'ਨਿਰੁਕਤ ਗ੍ਰੰਥ' ਦਾ ਜਨਮਦਾਤਾ ਮੰਨਿਆ ਗਿਆ ਹੈ। ਯਾਸਕ ਦੇ ਵੱਡਮੁੱਲੇ ਯੋਗਦਾਨ ਕਾਰਨ ਉਸ ਨੂੰ ਨਿਰੁਕਤਕਾਰ (Maker of Nirukta) ਵੀ ਕਿਹਾ ਜਾਂਦਾ ਹੈ।

### 3.7.2 ਕਥਾਕਾਰੀ :

ਧਾਰਮਿਕ ਖੇਤਰ ਵਿੱਚ ਮੌਖਿਕ ਅਰਥ ਵਿਆਖਿਆ ਨੂੰ ਕਥਾਕਾਰੀ ਦਾ ਨਾਂ ਦਿੱਤਾ ਜਾਂਦਾ ਹੈ। ਇਸ ਦੀ ਵਰਤੋਂ ਮੁੱਖ ਰੂਪ ਵਿੱਚ ਕਿਸੇ ਅਧਿਆਤਮਕ ਬਚਨ, ਉਪਦੇਸ਼ਾਤਮਿਕ ਪ੍ਰਸੰਗ ਜਾਂ ਬਿਰਤਾਂਤ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਜਾਗਰ ਕਰਨ ਲਈ ਕੀਤੀ ਜਾਂਦੀ ਹੈ।

ਕਥਾ ਸ਼ਬਦ ਦੇ ਅਰਥ ਰਿੜਕਣਾ, ਮਥਨਾ, ਵਿਲੋਵਨਾ, ਬਿਲੋਨਾ, ਬਾਰ-ਬਾਰ ਕਿਸੇ ਹਰਕਤ ਦੁਆਰਾ ਜਾਂ ਅਨਿਕ ਵਿਚਾਰ ਦੇ ਆਸਰੇ ਕਿਸੇ ਖ਼ਾਸ ਨਤੀਜੇ ਤੇ ਪੁੱਜਣਾ। ਜਿਵੇਂ ਬਾਰ-ਬਾਰ, ਕਦਮ ਪੁੱਟਣ ਤੇ ਜਾਂ ਉਲਾਂਘਾਂ ਮਾਰਨ ਤੇ ਅਪਣੀ ਮਿਥੀ ਹੋਈ ਮਨਜ਼ਲੇ ਮਕਸੂਦ ਤੇ ਪੁੱਜ ਜਾਣਾ।[42]

ਡਾ. ਵਣਜਾਰਾ ਬੇਦੀ ਨੇ ਕਥਾ ਪਦ ਨੂੰ ਕਹਾਣੀ, ਵਾਰਤਾ, ਉਪਦੇਸ਼, ਬਾਤ, ਪ੍ਰਸੰਗ, ਧਾਰਮਿਕ ਵਿਖਿਆਨ ਨਾਲ ਜੋੜਦੇ ਹੋਏ ਇਸ ਦਾ ਪਿਛੋਕੜ ਸੰਸਕ੍ਰਿਤ ਕਥਾ ਪਰੰਪਰਾ ਨਾਲ ਜੋੜਿਆ ਹੈ। ਪੰਜਾਬੀ ਵਿੱਚ ਕਹਾਣੀ ਨੂੰ ਇਸ ਦਾ ਸਮਾਨਾਰਥਕ ਸ਼ਬਦ ਮੰਨਿਆ ਜਾਂਦਾ ਹੈ। ਇਸ ਦਾ ਸੰਬੰਧ ਡਾ. ਬੇਦੀ ਨੇ ਖਾਸ ਪ੍ਰਕਾਰ ਦੇ ਉਪਦੇਸ਼ਾਤਮਿਕ ਪ੍ਰਸੰਗ ਜਾਂ ਬਿਰਤਾਂਤ ਨਾਲ ਜੋੜਿਆ ਹੈ ਜੋ ਧਾਰਮਿਕ ਕਥਾ-ਕੀਰਤਨ ਸਮੇਂ ਕਿਸੇ ਸੰਕਲਪ ਦਾ ਪੂਰਨ ਖ਼ੁਲਾਸਾ ਕਰਨ ਲਈ ਅਤੇ ਜਗਿਆਸੂ ਅੰਦਰ ਨੈਤਿਕਤਾ ਅਤੇ ਅਧਿਆਤਮਕਤਾ ਨੂੰ ਦਿੜ੍ਹ ਕਰਨ ਲਈ ਸੁਣਾਇਆ ਜਾਂਦਾ ਹੈ,

"ਕਥਾ ਪਦ ਇੱਕ ਖ਼ਾਸ ਪ੍ਰਕਾਰ ਦੇ ਉਪਦੇਸ਼ਾਤਮਿਕ ਪ੍ਰਸੰਗ ਜਾਂ ਬਿਰਤਾਂਤ ਲਈ ਪ੍ਰਯੋਗ ਹੁੰਦਾ ਹੈ ਜੋ ਧਾਰਮਿਕ ਵਿਖਿਆਨ ਅਤੇ ਕੀਰਤਨ ਸਮੇਂ ਕਿਸੇ ਸੰਕਲਪ ਦੀ ਵਿਆਖਿਆ ਜਾਂ ਦਿੜ੍ਹਤਾ ਵਜੋਂ ਜਾਂ ਫਿਰ ਸਰੋਤਿਆਂ ਅੰਦਰ ਅਧਿਆਤਮਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਲਈ ਸੁਣਾਏ ਜਾਂਦੇ ਹਨ। ਇਸ ਵਿੱਚ ਬਿਰਤਾਂਤ, ਵਿਆਖਿਆ, ਟੀਕਾ-ਟਿੱਪਣੀ ਆਦਿ ਤੱਤ ਸ਼ਾਮਲ ਹੁੰਦੇ ਹਨ। ਕਥਾ ਕਿਸੇ ਦੇਵ-ਪੁਰਸ਼ ਗੁਰੂ ਵਿਅਕਤੀ ਅਤੇ ਸੰਤ-ਪੁਰਸ਼ ਦੇ ਜੀਵਨ ਦਾ ਅਜਿਹਾ ਉਪਦੇਸ਼ਾਤਮਿਕ ਪ੍ਰਸੰਗ ਹੈ ਜੋ ਸਰੋਤਿਆਂ ਵਿੱਚ ਅਧਿਆਤਮਕ ਭਾਵ ਜਾਂ ਨੈਤਿਕਤਾ ਦੀ ਭਾਵਨਾ ਉਜਾਗਰ ਕਰੇ।"[43]

ਡਾ. ਬੇਦੀ ਨੇ ਕਥਾ ਵਿੱਚ ਬਿਰਤਾਂਤ, ਵਿਆਖਿਆ, ਟੀਕਾ-ਟਿੱਪਣੀ ਆਦਿ ਤੱਤਾਂ ਦੀ ਸ਼ਮੂਲੀਅਤ ਦਾ ਵਰਣਨ ਕੀਤਾ ਹੈ। ਇਸ ਦਾ ਮੁੱਖ ਪ੍ਰਯੋਜਨ ਕਿਸੇ ਦੈਵੀ ਪੁਰਸ਼, ਸੰਤ ਅਤੇ ਗੁਰੂ ਦੇ ਜੀਵਨ ਵਿਚਲੇ ਉਪਦੇਸ਼ਤਾਮਿਕ ਪ੍ਰਸੰਗ ਨੂੰ ਬਿਆਨ ਕਰਕੇ ਸਰੋਤਿਆਂ ਵਿੱਚ ਅਧਿਆਤਮਕਤਾ ਜਾਂ ਨੈਤਿਕਤਾ ਦੀ ਭਾਵਨਾ ਨੂੰ ਪ੍ਰਬਲ ਕਰਨਾ ਹੁੰਦਾ ਹੈ।

ਡਾ. ਤਾਰਨ ਸਿੰਘ ਨੇ ਕਥਾ ਦੀ ਪਰਿਭਾਸ਼ਾ ਕਰਦੇ ਹੋਏ ਲਿਖਿਆ ਹੈ ਕਥਾ ਇੱਕ ਅਜਿਹਾ ਮੌਖਿਕ ਹੁਨਰ ਹੈ ਜਿਸ ਵਿੱਚ ਸ਼ਬਦਾਂ ਦੀ ਵਿਚਾਰ ਕੀਤੀ ਜਾਂਦੀ ਹੈ। ਇਹ ਪੱਧਤੀ ਬਾਣੀ ਦੇ ਇੱਕ ਪਦ ਨੂੰ ਵਿਖਿਆਉਣ ਲਈ ਟੀਕਾ, ਵਿਆਖਿਆ, ਪਰਮਾਰਥ, ਸਾਰ, ਭਾਵ, ਪ੍ਰਮਾਣ ਆਦਿ ਸਾਰੇ ਰੂਪਾਂ ਨੂੰ ਕਲਾਵੇ ਵਿੱਚ ਲੈ ਲੈਂਦੀ ਹੈ,

"ਸ਼ਬਦ ਵਿਚਾਰ ਜਾਂ ਕਥਾ ਮੌਖਿਕ ਹੁਨਰ ਹੈ ਜਿਸ ਦੁਆਰਾ ਬਾਣੀ ਦੇ ਇਕ ਪਦ ਆਦਿ ਦਾ ਟੀਕਾ, ਵਿਆਖਿਆ, ਪਰਮਾਰਥ, ਸਾਰ, ਭਾਵ, ਪ੍ਰਮਾਣ (ਬਾਣੀ ਵਿੱਚੋਂ ਟੂਕਾਂ ਦੇ ਕੇ) ਕੀਤੇ ਅਤੇ ਦੱਸੇ ਜਾਂਦੇ ਹਨ।"[44]

ਇੰਞ ਕਥਾਕਾਰੀ ਦੀ ਆਪਣੀ ਇੱਕ ਅਲੱਗ ਵਿਖਿਆਨ ਪਰੰਪਰਾ ਹੈ। ਇਸ ਵਿੱਚ ਵਿਸ਼ੇਸ਼ ਅਧਿਆਤਮਕ/ਧਾਰਮਿਕ ਪ੍ਰਸੰਗ ਨੂੰ ਬਹੁਤ ਹੀ ਸਰਲ ਸ਼ਬਦਾਂ ਵਿੱਚ ਜਗਿਆਸੂ ਤੱਕ ਜ਼ਬਾਨੀ ਰੂਪ ਵਿੱਚ ਪਹੁੰਚਾਉਣ ਦਾ ਯਤਨ ਕੀਤਾ ਜਾਂਦਾ ਹੈ। ਕਥਾਕਾਰ ਵਿਆਖਿਆ ਕਰਦੇ ਸਮੇਂ ਆਪਣੇ ਕਥਨਾਂ ਦੀ ਪੁਸ਼ਟੀ ਲਈ ਪ੍ਰਮਾਣ ਵਜੋਂ ਸਬੰਧਿਤ ਧਰਮ ਦੀਆਂ ਕੁੱਝ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਅਤੇ ਸਾਖੀਆਂ ਦਾ

ਹਵਾਲਾ ਦਿੰਦਾ ਹੈ। ਇਹਨਾਂ ਸਾਖੀਆਂ ਰਾਹੀਂ ਇੱਕ ਬਿਰਤਾਂਤ ਸਿਰਜਿਆ ਜਾਂਦਾ ਹੈ ਜਿਸ ਦਾ ਮੁੱਖ ਮਕਸਦ ਜਗਿਆਸੂ ਦੇ ਮਨ ਉੱਪਰ ਡੂੰਘਾ ਅਸਰ ਪਾ ਕੇ ਉਸ ਦੀ ਚੇਤਨਾ ਦਾ ਹਿੱਸਾ ਬਣਾਉਣਾ ਹੁੰਦਾ ਹੈ। ਸਿੱਖ ਧਰਮ ਵਿੱਚ ਕਥਾਕਾਰੀ ਦੀ ਆਪਣੀ ਇੱਕ ਅਲੱਗ ਮਜ਼ਬੂਤ ਪਰੰਪਰਾ ਹੈ। ਜਦੋਂ ਤੋਂ ਗੁਰਬਾਣੀ ਵਿਆਖਿਆ ਦਾ ਜਨਮ ਹੋਇਆ ਉਸ ਸਮੇਂ ਤੋਂ ਹੀ ਗੁਰੂ-ਘਰ ਦੇ ਉੱਚੀ-ਸੁੱਚੀ ਬਿਰਤੀ ਵਾਲੇ ਮਹਾਂਪੁਰਖ ਵਿਦਵਾਨ ਕਥਾ-ਰੂਪ ਵਿੱਚ ਗੁਰਬਾਣੀ ਦੀ ਵਿਆਖਿਆ ਕਰਦੇ ਆਏ ਹਨ।

ਪ੍ਰੰਤੂ ਡਾ. ਬਲਕਾਰ ਸਿੰਘ ਨੇ ਕਥਾਕਾਰੀ ਨੂੰ ਵਿਆਖਿਆ ਸਾਹਿਤ ਦੀ ਕੋਟੀ ਵਿੱਚ ਨਹੀਂ ਰੱਖਿਆ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਕਥਾਕਾਰੀ ਵਿਆਖਿਆ ਵੱਲ ਸਿਰਫ਼ ਇੱਕ ਯਤਨ ਮਾਤਰ ਹੀ ਕਿਹਾ ਜਾ ਸਕਦਾ ਹੈ। ਇਹ ਵਿਆਖਿਆ-ਸ਼ਾਸਤਰ ਦੇ ਮਾਪਦੰਡਾਂ ਉੱਪਰ ਪੂਰੀ ਨਹੀਂ ਉੱਤਰਦੀ। ਉਨ੍ਹਾਂ ਅਨੁਸਾਰ,

> "ਕਥਾਕਾਰੀ ਨੂੰ ਵਿਆਖਿਆਕਾਰੀ ਤਾਂ ਕਹਿ ਸਕਦੇ ਹਾਂ ਪਰ ਵਿਆਖਿਆ-ਸਾਹਿਤ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਕਥਾਕਾਰੀ ਨੂੰ ਵਿਆਖਿਆ ਵੱਲ ਯਤਨ ਵਜੋਂ ਤਾਂ ਵੇਖਿਆ ਜਾ ਸਕਦਾ ਹੈ। ਪਰ ਇਹ ਧਿਆਨ ਵਿੱਚ ਰਹਿਣਾ ਚਾਹੀਦਾ ਹੈ ਕਿ ਕਥਾਕਾਰੀ, ਵਿਆਖਿਆ ਸ਼ਾਸਤਰ ਦੇ ਮਾਪਦੰਡਾਂ ਉੱਤੇ ਵਿਧਾ ਵਜੋਂ ਇਸ ਕਰਕੇ ਪੂਰੀ ਨਹੀਂ ਉੱਤਰ ਸਕਦੀ ਕਿਉਂਕਿ ਕਥਾਕਾਰ, ਨਾ ਹੀ ਇਸ ਵਾਸਤੇ ਚੇਤੰਨ ਜਾਂ ਸੁਸਿੱਖਿਅਤ ਸਨ ਅਤੇ ਨਾ ਹੀ ਉਨ੍ਹਾਂ ਦੀ ਕੋਈ ਅਜਿਹੀ ਲੋੜ ਸੀ।"[45]

ਪਰ ਮੌਖਿਕ ਵਿਆਖਿਆ ਪਰੰਪਰਾ ਵਿੱਚ ਕਥਾਕਾਰੀ ਸਭ ਤੋਂ ਵੱਧ ਪ੍ਰਸਿੱਧ ਅਤੇ ਲੋਕਪ੍ਰਿਯ ਵਿਆਖਿਆ ਪੱਧਤੀ ਹੈ।

### 3.7.3 **ਕੋਸ਼ਕਾਰੀ** :

'ਕੋਸ਼' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸ ਨੂੰ ਹਵਾਲਾ, ਸੰਦਰਭ ਜਾਂ ਰੈਫ਼ਰੈਂਸ਼ ਬੁੱਕ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕੋਸ਼ ਵਿੱਚ ਸ਼ਬਦਾਂ ਦੇ ਅਰਥਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਇਸ ਦੀ ਵਰਤੋਂ ਇਕ ਵਿਆਖਿਆ ਸੰਦ ਵਜੋਂ ਵੀ ਕੀਤੀ ਜਾਂਦੀ ਹੈ। ਕੋਸ਼ਕਾਰੀ ਦਾ ਸੰਕਲਪ ਮੁੱਖ ਰੂਪ ਵਿੱਚ ਇੱਕ ਕੋਸ਼ ਨਿਰਮਾਣ ਨਾਲ ਸਬੰਧਿਤ ਸੰਕਲਪ ਹੈ ਪ੍ਰੰਤੂ ਇਸ ਦਾ ਮੁੱਖ ਕਾਰਜ ਵੀ ਅਰਥ ਪ੍ਰਦਾਨ ਕਰਵਾਉਣਾ ਹੀ ਹੁੰਦਾ

ਹੈ। ਇਸ ਵਿੱਚ ਕਿਸੇ ਵਿਸ਼ੇਸ਼ ਭਾਸ਼ਾ ਦੇ ਸ਼ਬਦਾਂ ਦੇ ਅੱਖਰ ਕ੍ਰਮ ਨੂੰ ਤਰਤੀਬ ਅਨੁਸਾਰ ਪੇਸ਼ ਕਰਕੇ ਉਹਨਾਂ ਦੇ ਉਚਾਰਨ, ਨਿਰੁਕਤੀ ਅਤੇ ਅਰਥਾਂ ਸਬੰਧੀ ਜਾਣਕਾਰੀ ਵੀ ਪ੍ਰਦਾਨ ਕਰਵਾਈ ਜਾਂਦੀ ਹੈ।

ਭਾਰਤ ਵਿੱਚ ਕੋਸ਼ਕਾਰੀ ਪਰੰਪਰਾ ਕਾਫ਼ੀ ਸਦੀਆਂ ਪੁਰਾਣੀ ਹੈ। ਵੈਦਿਕ ਪਰੰਪਰਾ ਦੌਰਾਨ ਕੋਸ਼ਾਂ ਦੀ ਸਮੱਗਰੀ ਦਾ ਸੰਕਲਨ ਕਾਵਿ (ਕਵਿਤਾ) ਦੇ ਰੂਪ ਵਿੱਚ ਕੀਤਾ ਜਾਂਦਾ ਸੀ। ਕੋਸ਼ਕਾਰੀ ਦੀ ਪਰੰਪਰਾ ਦਾ ਵਿਆਕਰਣਕ ਪਰੰਪਰਾ ਤੋਂ ਪਹਿਲਾਂ ਹੋਂਦ ਵਿੱਚ ਆਉਣਾ ਇਸ ਦੀ ਮਹੱਤਤਾ ਵੱਲ ਸਪੱਸ਼ਟ ਰੂਪ ਵਿੱਚ ਸੰਕੇਤ ਕਰਦਾ ਹੈ। ਕੋਸ਼ਕਾਰੀ ਦਾ ਮੁੱਢਲਾ ਸਰੂਪ ਸ਼ਬਦ-ਸੂਚੀਆਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਪਿੱਛੋਂ ਇਹਨਾਂ ਸ਼ਬਦ ਸੂਚੀਆਂ ਨੂੰ ਅੱਖਰ ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ। ਇਸ ਤਰ੍ਹਾਂ ਕੋਸ਼ਕਾਰੀ ਦਾ ਆਰੰਭ ਹੋਇਆ ਮੰਨਿਆ ਜਾਂਦਾ ਹੈ।

ਕੋਸ਼ਕਾਰੀ ਲਈ ਅੰਗਰੇਜ਼ੀ ਵਿੱਚ Lexicography ਸ਼ਬਦ ਵਰਤਿਆਂ ਜਾਂਦਾ ਹੈ। ਇਹ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ Lexico ਅਤੇ graphy ਤੋਂ ਹੋਂਦ ਵਿੱਚ ਆਇਆ ਹੈ। Lexico ਦਾ ਅਰਥ ਸ਼ਬਦ ਹੈ ਅਤੇ graphy ਦਾ ਅਰਥ ਲਿਖਣ ਕਲਾ ਹੈ। ਇਸ ਤਰ੍ਹਾਂ ਇਸ ਦਾ ਅਰਥ ਹੋਇਆ ਸ਼ਬਦ ਲਿਖਣ ਦੀ ਕਲਾ ਭਾਵ ਸ਼ਬਦਾਂ ਜਾਂ ਅੱਖਰਾਂ ਨੂੰ ਸਹੀ ਕ੍ਰਮ ਅਨੁਸਾਰ ਲਿਖਣਾ।

ਸੰਸਕ੍ਰਿਤ ਭਾਸ਼ਾ ਵਿੱਚ ਰਚੇ ਨਿਘੰਟੂ ਕੋਸ਼ਕਾਰੀ ਦਾ ਮੁੱਢਲਾ ਰੂਪ ਮੰਨੇ ਜਾਂਦੇ ਹਨ। ਵੈਦਿਕ ਸ਼ਬਦਾਂ ਦੇ ਸੰਗ੍ਰਹਿ ਜਾ ਸੂਚੀਆਂ ਨੂੰ ਨਿਘੰਟੂ ਕਿਹਾ ਜਾਂਦਾ ਹੈ। ਕਿਉਂਕਿ ਪੁਰਾਤਨ ਅਚਾਰੀਆ ਜਾਂ ਵਿਦਵਾਨਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਆਉਣ ਵਾਲੀਆ ਪੀੜ੍ਹੀਆਂ ਲਈ ਵੇਦਾਂ ਦੀ ਭਾਸ਼ਾ ਬਿਲਕੁੱਲ ਉਪਰੀ ਹੋਵੇਗੀ। ਇਸ ਲਈ ਉਹਨਾਂ ਨੇ ਸੁਚੇਤ ਜਾਂ ਅਚੇਤ ਰੂਪ ਵਿੱਚ ਸ਼ਬਦਾਂ ਦੇ ਸੰਗ੍ਰਹਿ ਤਿਆਰ ਕੀਤੇ ਜਿਹਨਾਂ ਨੂੰ ਬਾਅਦ ਵਿੱਚ ਨਿਘੰਟੂ ਕਿਹਾ ਜਾਣ ਲੱਗਾ। ਫਿਰ ਯਾਸਕ ਮੁਨੀ ਨੇ ਇਹਨਾਂ ਨਿਘੰਟੂਆਂ ਦੀ ਵਿਆਖਿਆ ਲਈ ਗ੍ਰੰਥ ਨਿਰੁਕਤ ਦੀ ਰਚਨਾ ਕੀਤੀ ਸੀ। ਨਿਰੁਕਤ ਨੂੰ ਨਿਘੰਟੂਆਂ ਦਾ ਟੀਕਾ ਕਿਹਾ ਜਾਂਦਾ ਹੈ। ਭਾਰਤੀ ਕੋਸ਼ਕਾਰੀ ਦਾ ਅਗਲਾ ਪੜਾਅ ਨਿਰੁਕਤ ਮੰਨੇ ਜਾਂਦੇ ਹਨ।

ਪ੍ਰੋ. ਪਿਆਰਾ ਸਿੰਘ ਪਦਮ ਕੋਸ਼ਕਾਰੀ ਸਬੰਧੀ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ, 'ਕੋਸ਼ਕਾਰੀ' ਉਹ ਵਿੱਦਿਆ ਹੈ ਜਿਸ ਦੁਆਰਾ ਕਿਸੇ ਦੇਸ਼ ਦੀ ਜ਼ਬਾਨ, ਸਾਹਿਤਕ ਭਾਸ਼ਾ ਜਾਂ ਕਿਸੇ ਗ੍ਰੰਥ-ਵਿਸ਼ੇਸ਼ ਦੇ ਸ਼ਬਦ-

ਸੰਗ੍ਰਹਿ ਨੂੰ ਕਿਸੇ ਖ਼ਾਸ ਤਰਤੀਬ ਵਿੱਚ ਪਰੋ ਕੇ ਅਰਥਾਂ ਸਮੇਤ ਦਰਸਾਇਆ ਜਾਂਦਾ ਹੈ। ਕੋਸ਼ ਦਾ ਅੱਖਰੀ ਅਰਥ ਖਜ਼ਾਨਾ ਜਾਂ ਭੰਡਾਰ ਹੈ ਅਰਥਾਤ ਅਜੇਹਾ ਸ਼ਬਦ-ਭੰਡਾਰ, ਜਿਸ ਦੇ ਨਾਲ ਅਰਥ ਵਿਆਖਿਆ ਵੀ ਹੋਵੇ। ਇਹ ਅਰਥ ਦੱਸਣ ਸਮੇਂ ਵਿਆਖਿਆ, ਵਿਉਂਤਪਤੀ, ਉਚਾਰਣ ਤੇ ਹੋਰ ਜਾਣਕਾਰੀ ਤਕ ਦਾ ਵਿਸਤਾਰ ਵੀ ਦਿੱਤਾ ਜਾਂਦਾ ਹੈ ਤੇ ਕਿਤੇ ਕੇਵਲ ਸਮਾਨਾਰਥ ਯਾ ਪ੍ਰਯਾਯ ਮਾਤ੍ਰ ਦੇ ਕੇ ਹੀ ਬਸ ਕੀਤੀ ਜਾਂਦੀ ਹੈ। ਇਹ ਹਰ ਕੋਸ਼ਕਾਰ ਦੀ ਆਪਣੀ ਵਿਉਂਤਬੰਦੀ ਤੇ ਵਿਵੇਕਬੰਦੀ 'ਤੇ ਨਿਰਭਰ ਕਰਦਾ ਹੈ ਕਿ ਉਹ ਕੋਸ਼ ਨੂੰ ਕਿਹੋ ਜੇਹਾ ਸਰੂਪ ਪ੍ਰਦਾਨ ਕਰੇ। ਅੱਜ ਕੱਲ੍ਹ ਆਮ ਤੌਰ ਤੇ ਦੋ ਕਿਸਮ ਦੇ ਕੋਸ਼ ਮਿਲਦੇ ਹਨ-ਅਰਥ ਕੋਸ਼ ਤੇ ਗਿਆਨ ਕੋਸ਼। ਅਰਥ-ਕੋਸ਼ਾਂ ਵਿਚ ਇਕ ਜ਼ਬਾਨ ਦੇ ਦੂਜੀ ਜ਼ਬਾਨ ਵਿੱਚ ਜਾਂ ਉਸੇ ਵਿੱਚ ਹੀ ਅਰਥ ਕੀਤੇ ਹੁੰਦੇ ਹਨ ਤੇ ਗਿਆਨ-ਕੋਸ਼ਾਂ ਵਿਚ ਇਕ ਸ਼ਬਦ ਜਾਂ ਸੰਕੇਤ ਬਾਰੇ ਕਈ ਤਰ੍ਹਾਂ ਦਾ ਪਰਿਚਯ ਦਿੱਤਾ ਹੁੰਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਦੋਵੇਂ ਤਰ੍ਹਾਂ ਦੇ ਕੋਸ਼ ਪ੍ਰਾਪਤ ਹਨ ਅਤੇ ਇਸ ਕੋਸ਼ਕਾਰੀ ਦਾ ਇਤਿਹਾਸ ਪੁਰਾਣਾ ਹੈ।[46]

ਪ੍ਰਾਚੀਨ ਭਾਰਤੀ ਕੋਸ਼-ਪਰੰਪਰਾ ਵਿੱਚ ਅੱਖਰ ਕ੍ਰਮ ਅਨੁਸਾਰ ਸ਼ਬਦਾਂ ਦੇ ਅਰਥ ਦਰਸਾਉਣ ਦੀ ਬਜਾਏ ਵਿਸ਼ੇ ਦੇ ਅਨੁਸਾਰ ਇੱਕੋ ਅਰਥ ਵਾਲੇ ਸ਼ਬਦਾਂ ਦੀ ਸੂਚੀ ਨੂੰ ਇਕੱਠਾ ਕੀਤਾ ਜਾਂਦਾ ਸੀ। ਕੋਸ਼ ਨੂੰ ਪਰਯਾਯਾਂ ਦਾ ਹੀ ਅਗਲੇਰਾ ਰੂਪ ਮੰਨਿਆ ਜਾਂਦਾ ਹੈ। ਇਹ ਕੋਸ਼ ਤਾਂ ਨਹੀਂ ਕਹੇ ਜਾ ਸਕਦੇ, ਪਰ ਜਿਸ ਤਰ੍ਹਾਂ ਪਰਯਾਯ ਦਾ ਸੰਬੰਧ ਵਿਆਖਿਆਕਾਰੀ ਦੀ ਇੱਕ ਪੱਧਤੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਠੀਕ ਉਸੇ ਤਰ੍ਹਾਂ ਇਸ ਦਾ ਸੰਬੰਧ ਕੋਸ਼ਕਾਰੀ ਨਾਲ ਜਾ ਜੁੜਦਾ ਹੈ। ਪਰਯਾਯ ਵਿੱਚ ਅਰਬੀ ਸੰਸਕ੍ਰਿਤ ਮੂਲ ਦੇ ਸ਼ਬਦਾਂ ਦੇ ਅਰਥ ਅਤੇ ਲੋਕ ਸਭਿਆਚਾਰ ਨਾਲ ਸੰਬੰਧਿਤ ਸ਼ਬਦਾਵਲੀ ਦੇ ਸੌਖੇ ਸਮਾਨਾਰਥਕ ਪਦ ਕੀਤੇ ਮਿਲਦੇ ਹਨ। ਡਾ. ਪਿਆਰ ਸਿੰਘ ਅਨੁਸਾਰ,

> "ਪਰਯਾਯ" ਭਾਵਰਥ ਵਲ ਨਾ ਜਾਂਦਿਆ ਔਖੇਰੇ ਸ਼ਬਦਾਂ ਦੇ ਸਮਾਨਾਰਥ ਸੁਖੈਨ ਪਦਾਂ ਵਿੱਚ ਦੇਣ ਦੀ ਵਿਧੀ ਹੈ। ਭਾਰਤ ਵਿੱਚ ਪਰਯਾਯ ਲਿਖਣ ਦੀ ਪਰਪਾਟੀ ਢੇਰ ਪੁਰਾਣੀ ਹੈ। ਸੰਸਕ੍ਰਿਤ ਵਿਚ ਮਿਲਦਾ 'ਅਮਰਕੋਸ਼' (ਚੌਥੀ ਸਦੀ ਈ.) ਪਰਯਾਯਾਂ ਦਾ ਹੀ ਸੰਗ੍ਰਹਿ ਹੈ। ਇਸ ਵਿੱਚ ਸੰਸਕ੍ਰਿਤ ਦੇ ਨਾਮ ਰੂਪ ਸ਼ਬਦਾਂ ਦੇ ਸਮਾਨ ਅਰਥ ਵਾਚੀ ਸ਼ਬਦ, ਜਿਨ੍ਹਾਂ ਨੂੰ

ਅੰਗਰੇਜ਼ੀ ਵਿੱਚ synonyms ਅਤੇ ਫ਼ਾਰਸੀ ਵਿੱਚ ਮੁਤਰਾਦਿਫ਼ਾਤ ਕਹਿੰਦੇ ਹਨ, ਕਾਵਿ ਰੂਪ ਵਿੱਚ ਦਿੱਤੇ ਹੋਏ ਹਨ। ਇਹ ਅੱਖਰ ਕ੍ਰਮ ਅਨੁਸਾਰ ਨਹੀਂ, ਮੁਤਰਾਦਿਫ਼ਾਤ ਵਰਗਾਂ ਅਨੁਸਾਰ ਹਨ।"[47]

ਇਸ ਪ੍ਰਕਾਰ ਕੋਸ਼ ਅਤੇ ਪਰਯਾਯ ਵਿੱਚ ਮੁੱਖ ਤੌਰ ਤੇ ਇਹ ਅੰਤਰ ਨਜ਼ਰ ਆਉਂਦਾ ਹੈ ਕਿ ਕੋਸ਼ਕਾਰੀ ਵਿੱਚ ਕਠਿਨ ਪਦਾਂ ਜਾਂ ਸ਼ਬਦਾਂ ਦੇ ਅਰਥ ਦਰਸਾਉਣ ਦਾ ਯਤਨ ਕੀਤਾ ਜਾਂਦਾ ਹੈ ਅਤੇ ਅਰਥਾਂ ਨੂੰ ਅੱਖਰ ਕ੍ਰਮ ਦੇ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ। ਜਦਕਿ ਪਰਯਾਯ ਵਿੱਚ ਕੇਵਲ ਸਮਾਨਾਰਥ ਸ਼ਬਦ ਦੇਣ ਦਾ ਹੀ ਯਤਨ ਕੀਤਾ ਜਾਂਦਾ ਹੈ।

ਕੋਸ਼ ਦਾ ਮੁੱਖ ਉਦੇਸ਼ ਜਾਂ ਕਾਰਜ ਸ਼ਬਦ ਦੇ ਅਰਥ ਪਾਠਕ ਦੇ ਸਨਮੁੱਖ ਪੇਸ਼ ਕਰਨਾ ਹੁੰਦਾ ਹੈ। ਇਹ ਪਾਠਕ ਦੀਆਂ ਵਿਵਹਾਰਕ ਲੋੜਾਂ ਦੀ ਪੂਰਤੀ ਕਰਨ ਹਿੱਤ ਪਾਠਕ ਨੂੰ ਕਿਸੇ ਸ਼ਬਦ ਦਾ ਅਰਥ ਲੱਭਣ ਵਿੱਚ ਸਹੂਲਤ ਪ੍ਰਦਾਨ ਕਰਵਾਉਂਦਾ ਹੈ। ਕੋਸ਼ਕਾਰ ਦਾ ਮੁੱਖ ਮੰਤਵ ਸ਼ਬਦ ਦੇ ਅਰਥ ਨੂੰ ਵਧੇਰੇ ਸਪਸ਼ਟਤਾ ਅਤੇ ਸਰਲ ਢੰਗ ਨਾਲ ਪੇਸ਼ ਕਰਨਾ ਹੁੰਦਾ ਹੈ। ਕੋਸ਼ ਵਿਚਲੀ ਜਾਣਕਾਰੀ ਦਾ ਵਿਗਿਆਨਕ ਹੋਣਾ ਵੀ ਲਾਜ਼ਮੀ ਹੈ। ਕਿਉਂਕਿ ਕੋਸ਼ ਨੂੰ ਇੱਕ ਪ੍ਰਮਾਣਿਕ ਸਰੋਤ ਵਜੋਂ ਵਰਤਿਆ ਜਾਂਦਾ ਹੈ। ਕੋਸ਼ਕਾਰ ਨੂੰ ਹਰ ਵਿਸ਼ੇ ਬਾਰੇ ਗਹਿਰ ਗੰਭੀਰ ਅਤੇ ਪੂਰਣ ਜਾਣਕਾਰੀ ਹੋਣੀ ਚਾਹੀਦੀ ਹੈ। ਤਾਂ ਹੀ ਉਹ ਅਰਥ ਨੂੰ ਵਧੇਰੇ ਸਪਸ਼ਟਤਾ ਸਹਿਤ ਪ੍ਰਗਟ ਕਰ ਸਕੇਗਾ। ਇਸ ਪ੍ਰਕਾਰ ਕੋਸ਼ ਨਿਰਮਾਣ ਕਾਫ਼ੀ ਜ਼ਿੰਮੇਵਾਰੀ ਅਤੇ ਬਾਰੀਕਬੀਨੀ ਵਾਲਾ ਕਾਰਜ ਹੈ।

### 3.7.4 **ਵਿਆਖਿਆਕਾਰੀ** :

ਵਿਆਖਿਆਕਾਰੀ ਅਤਿ ਬਿਖਮ ਕਾਰਜ ਮੰਨਿਆ ਜਾਂਦਾ ਹੈ। ਇਸ ਵਿੱਚ ਕਿਸੇ ਦੈਵੀ, ਕਠਿਨ, ਅਸਪੱਸ਼ਟ, ਪਦ, ਵਾਕ, ਸੂਤਰ ਜਾਂ ਗ੍ਰੰਥ ਦਾ ਬਹੁਤ ਹੀ ਸੌਖੇ ਅਤੇ ਸਰਲ ਸ਼ਬਦਾਂ ਵਿੱਚ ਵਿਸਤਾਰਪੂਰਵਕ ਬਿਆਨ ਕੀਤਾ ਜਾਂਦਾ ਹੈ। ਟੀਕੇ ਅਤੇ ਵਿਆਖਿਆ ਵਿੱਚ ਖ਼ਾਸ ਅੰਤਰ ਨਹੀਂ ਮੰਨਿਆ ਜਾਂਦਾ ਪ੍ਰੰਤੂ ਜਿੱਥੇ ਟੀਕੇ ਵਿੱਚ ਮੂਲ ਰਚਨਾ ਦੇ ਸਰਲ ਅਤੇ ਸੁਗਮ ਅਰਥ ਕੀਤੇ ਜਾਂਦੇ ਹਨ ਉੱਥੇ ਵਿਆਖਿਆ ਵਿੱਚ ਗੰਭੀਰ

ਅਰਥਾਂ ਨੂੰ ਵਿਸਥਾਰਪੂਵਕ ਬਿਆਨ ਕੀਤਾ ਜਾਂਦਾ ਹੈ। ਟੀਕੇ ਅਤੇ ਵਿਆਖਿਆ ਵਿੱਚ ਵਿਸਥਾਰ ਅਤੇ ਆਕਾਰ ਦਾ ਅੰਤਰ ਹੁੰਦਾ ਹੈ। ਟੀਕਾ ਆਕਾਰ ਦੀ ਦ੍ਰਿਸ਼ਟੀ ਤੋਂ ਸੰਖੇਪ ਅਤੇ ਸਰਲ ਹੈ ਜਦਕਿ ਵਿਆਖਿਆ ਵਿਸਤਾਰਪੂਰਵਕ ਅਤੇ ਭਾਵਪੂਰਕ ਹੁੰਦੀ ਹੈ।

ਵਿਸਥਾਰ ਦੀ ਦ੍ਰਿਸ਼ਟੀ ਤੋਂ ਵਿਆਖਿਆ ਟੀਕੇ ਅਤੇ ਭਾਸ਼ਯ ਦੇ ਕਾਫ਼ੀ ਨਜ਼ਦੀਕ ਹੈ ਪਰ ਭਾਸ਼ਯ ਦੀ ਆਪਣੀ ਵਿਸ਼ੇਸ਼ ਸ਼ੈਲੀ ਹੈ ਅਤੇ ਭਾਸ਼ਯ ਦਾ ਵਿਸਥਾਰ ਭਾਸ਼ਯਕਾਰ ਦੇ ਆਪਣੇ ਵੱਲੋਂ ਪ੍ਰਯੋਗ ਕੀਤੇ ਪਦਾਂ ਦੀ ਵਿਆਖਿਆ ਕਰਨ ਨਾਲ ਹੁੰਦਾ ਹੈ। ਜਦਕਿ ਵਿਆਖਿਆ ਕੇਵਲ ਮੂਲ-ਰਚਨਾ ਦੇ ਪਦਾਂ ਦਾ ਹੀ ਵਿਸਥਾਰਪੂਰਵਕ ਵਿਸ਼ਲੇਸ਼ਣ ਹੁੰਦਾ ਹੈ। ਜਿੱਥੇ ਟਿੱਪਣੀ ਵਿੱਚ ਕਠਿਨ ਸ਼ਬਦ ਦੇ ਸਾਰ ਰੂਪ ਵਿੱਚ ਅਰਥ ਵਿਅਕਤ ਹੁੰਦੇ ਹ0ਨ ਉੱਥੇ ਵਿਆਖਿਆ ਵਿੱਚ ਸਾਰੀ ਰਚਨਾ ਦੇ ਅਰਥ ਵਿਸਥਾਰਪੂਰਵਕ ਕੀਤੇ ਜਾਂਦੇ ਹਨ। ਟਿੱਪਣੀ ਸੰਕੁਚਿਤ ਹੁੰਦੀ ਹੈ ਅਤੇ ਵਿਆਖਿਆ ਵਿਸ਼ਾਲ।

ਵਿਆਖਿਆ ਵਿੱਚ ਕਠਿਨ ਅਤੇ ਗੰਭੀਰ ਵਿਚਾਰਾਂ ਨੂੰ ਸਪਸ਼ਟ ਵੀ ਕੀਤਾ ਜਾਂਦਾ ਹੈ। ਜਦੋਂ ਵਿਆਖਿਆ ਦਾ ਕਾਰਜ ਖੇਤਰ ਕੋਈ ਧਾਰਮਿਕ ਗ੍ਰੰਥ ਜਾਂ ਰਚਨਾ ਹੋਵੇ ਤਾਂ ਇਹ ਹੋਰ ਵੀ ਕਠਿਨ ਹੋ ਜਾਂਦੀ ਹੈ। ਵਿਆਖਿਆਕਾਰੀ ਸੰਬੰਧੀ ਅਸੀਂ ਕਾਫ਼ੀ ਵਿਸਥਾਰਪੂਰਵਕ ਚਰਚਾ ਪਿੱਛੇ ਕਰ ਆਏ ਹਾਂ ਹੱਥਲੇ ਥੀਸਿਸ ਦਾ ਮੁੱਖ ਮਕਸਦ ਵਿਆਖਿਆਕਾਰੀ ਸੰਕਲਪ ਨੂੰ ਪੇਸ਼ ਕਰਨਾ ਹੈ ਇਸ ਲਈ ਇਸ ਦੀ ਚਰਚਾ ਇੱਥੇ ਸੰਖੇਪ ਰੂਪ ਵਿੱਚ ਹੀ ਕੀਤੀ ਜਾ ਰਹੀ ਹੈ।

### 3.7.5 **ਉਲਥਾਕਾਰੀ** :

ਇਸ ਵਿੱਚ ਕਿਸੇ ਰਚਨਾ ਦੇ ਅਰਥਾਂ, ਭਾਵਾਂ, ਵਿਚਾਰਾਂ ਨੂੰ ਦੂਜੀ ਭਾਸ਼ਾ ਵਿੱਚ ਅਨੁਵਾਦ ਕਰਨ ਨੂੰ ਉਲਥਾਕਾਰੀ ਦਾ ਨਾਂ ਦਿੱਤਾ ਜਾਂਦਾ ਹੈ। ਮਹਾਨ ਕੋਸ਼ (ਪੰਨਾ-18) ਵਿੱਚ ਇਸ ਦਾ ਭਾਵ ਅਨੁਵਾਦ, ਤਰਜੁਮਾ ਕੀਤਾ ਗਿਆ ਹੈ। ਡਾ. ਜੋਧ ਸਿੰਘ ਨੇ ਅਨੁਵਾਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ,

> "ਅਨੁਵਾਦ ਦਾ ਅਰਥ ਹੈ ਕਿ ਭਾਸ਼ਾ ਵਿੱਚ ਲਿਪੀਬੱਧ ਵਿਚਾਰਾਂ ਅਤੇ ਭਾਵਾਂ ਨੂੰ ਦੂਜੀ ਭਾਸ਼ਾ ਵਿੱਚ ਉਤਾਰਨਾ। ਇਸ ਲਈ ਅਨੁਵਾਦ ਦਾ ਪਹਿਲਾ ਸਿਧਾਂਤ ਇਹ ਹੈ ਕਿ ਅਨੁਵਾਦਕ ਮੂਲ ਦੇ ਭਾਵਾਂ ਨੂੰ ਚੰਗੀ ਤਰ੍ਹਾਂ ਸਮਝ ਲਵੇ ਅਤੇ ਫਿਰ ਉਸ ਨੂੰ ਆਪਣੀ ਭਾਸ਼ਾ ਵਿੱਚ

ਪ੍ਰਗਟਾਵੇ।"[48]

ਉਪਰੋਕਤ ਪਰਿਭਾਸ਼ਾ ਵਿੱਚ ਅਨੁਵਾਦ ਦਾ ਅਰਥ ਕਿਸੇ ਇੱਕ ਭਾਸ਼ਾ ਦੇ ਲਿਪੀਬੱਧ ਭਾਵਾਂ, ਵਿਚਾਰਾਂ ਨੂੰ ਦੂਜੀ ਭਾਸ਼ਾ ਵਿੱਚ ਉਲਟਾਉਣਾ ਹੁੰਦਾ ਹੈ। ਪਰ ਇਸ ਲਈ ਅਨੁਵਾਦਕ ਇਹ ਯਕੀਨੀ ਬਣਾ ਲਵੇ ਕਿ ਪਹਿਲਾ ਉਹ ਮੂਲ ਦੇ ਭਾਵਾਂ ਨੂੰ ਚੰਗੀ ਤਰ੍ਹਾਂ ਸਮਝੇ ਫਿਰ ਹੀ ਉਸ ਦਾ ਤਰਜਮਾ ਕਰੇ। ਇਸ ਸਿਲਸਿਲੇ ਵਿਚ ਡਾ. ਪ੍ਰੇਮ ਪ੍ਰਕਾਸ਼ ਦਾ ਕਥਨ ਵੀ ਦੇਖਿਆ ਜਾ ਸਕਦਾ ਹੈ, ਉਨ੍ਹਾਂ ਅਨੁਸਾਰ,

> "ਉਲਥਾਕਾਰੀ ਇਕ ਅਜਿਹਾ ਹੁਨਰ ਹੈ ਜਿਸ ਵਿੱਚ ਮੂਲ ਦਾ ਸਿਰਫ਼ ਭਾਸ਼ਾਂਤਰ ਤੇ ਲਿਪੀਅੰਤਰ ਕਰਨਾ ਹੁੰਦਾ ਹੈ ਅਤੇ ਵਿਸ਼ੈ ਵਸਤੂ ਜਿਥੋਂ ਤੱਕ ਹੋ ਸਕੇ, ਬਿਨਾਂ ਵਾਧੇ-ਘਾਟੇ ਦੇ ਮੂਲ ਦੇ ਐਨ ਨੇੜੇ ਰੱਖਣੀ ਹੁੰਦੀ ਹੈ।"[49]

ਉਲਥਾਕਾਰੀ/ਅਨੁਵਾਦ ਵੀ ਇੱਕ ਔਖੀ ਪ੍ਰਕਿਰਿਆ ਹੈ ਕਿਉਂਕਿ ਇਸ ਪ੍ਰਕਿਰਿਆ ਵਿੱਚ ਇੱਕ ਭਾਸ਼ਾ ਦੇ ਭਾਵਾਂ, ਵਿਚਾਰਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਦੂਜੀ ਭਾਸ਼ਾ ਵਿੱਚ ਬਿਆਨ ਕਰਨਾ ਹੁੰਦਾ ਹੈ। ਜੇਕਰ ਸ਼ਬਦ ਦੀ ਮੂਲ ਭਾਵਨਾ ਸਮਝ ਨਾ ਆਏ ਤਾਂ ਅਰਥ ਦਾ ਅਨਰਥ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਸ ਕਰਕੇ ਇਹ ਕਾਫ਼ੀ ਜ਼ਿੰਮੇਵਾਰੀ ਵਾਲਾ ਕੰਮ ਹੈ। ਉਲਥਾਕਾਰ ਦਾ ਇੱਕ ਜ਼ਿੰਮੇਵਾਰ ਵਿਅਕਤੀ ਹੋਣ ਦੇ ਨਾਲ-ਨਾਲ ਉਸ ਨੂੰ ਉਸ ਰਚਨਾ ਜਿਸ ਦਾ ਅਨੁਵਾਦ ਕਰਨਾ ਹੈ ਅਤੇ ਜਿਸ ਭਾਸ਼ਾ ਵਿੱਚ ਅਨੁਵਾਦ ਹੋਣਾ ਹੈ ਉਸ ਦਾ ਪੂਰਨ ਗਿਆਨ ਹੋਣਾ ਜ਼ਰੂਰੀ ਹੈ। ਸ਼ਬਦੀ ਅਨੁਵਾਦ ਦੀ ਬਜਾਇ ਰਚਨਾ ਦੀ ਮੂਲ ਭਾਵਨਾ ਅਨੁਸਾਰ ਅਨੁਵਾਦ ਕਰਨਾ ਚਾਹੀਦਾ ਹੈ। ਸਰਲਤਾ ਅਤੇ ਸ਼ਪੱਸ਼ਟਤਾ ਕਿਸੇ ਚੰਗੇ ਅਨੁਵਾਦ ਦੇ ਮੀਰੀ ਗੁਣ ਹਨ। ਇੱਕ ਹੋਰ ਧਿਆਨ ਰੱਖਣਯੋਗ ਗੱਲ ਹੈ ਕਿ ਉਲਥਾਕਾਰ ਨੂੰ ਅਨੁਵਾਦ ਕਰਦੇ ਸਮੇਂ ਅਨੁਵਾਦ ਦੇ ਮੂਲ ਉਦੇਸ਼ ਤੋਂ ਦੂਰ ਨਹੀਂ ਜਾਣਾ ਚਾਹੀਦਾ। ਅਨੁਵਾਦ ਵਿਚਲੀ ਮੌਲਿਕਤਾ ਦੇ ਗੁਣ ਸਬੰਧੀ ਸਵਾਮੀ ਈਸ਼ਵਰ ਦਾਸ ਸ਼ਾਸਤਰੀ ਲਿਖਦੇ ਹਨ,

> "ਕਿਸੇ ਵੀ ਪੁਸਤਕ ਦਾ ਅਨੁਵਾਦ ਕਰਨਾ ਤੇ ਫਿਰ ਉਸ ਦੀ ਮੌਲਿਕਤਾ ਨੂੰ ਕਾਇਮ ਰੱਖਣਾ ਵੀ ਇੱਕ ਕਲਾ ਹੈ। ਅਨੁਵਾਦ ਸਦਾ ਰੂਹ ਦਾ ਹੁੰਦਾ ਹੈ ਸ਼ਬਦਾਂ ਦਾ ਨਹੀਂ। ਅਨੁਵਾਦ ਉਹੀ ਸਫਲ ਕਿਹਾ ਜਾ ਸਕਦਾ ਹੈ। ਜਿਸ ਵਿੱਚ ਮੌਲਿਕਤਾ ਪ੍ਰਗਟ ਹੋਵੇ।"[50]

### 3.7.6 ਟੀਕਾਕਾਰੀ :

ਜ਼ਿਆਦਾਤਰ ਵਿਆਖਿਆ ਟੀਕਾ ਰੂਪ ਵਿੱਚ ਸਾਹਮਣੇ ਆਉਂਦੀ ਹੈ। ਇਸ ਲਈ ਟੀਕਾ ਰੂਪ ਸਬੰਧੀ ਭਰਵੀਂ ਜਾਣਕਾਰੀ ਪ੍ਰਾਪਤ ਕਰ ਲੈਣਾ ਲਾਹੇਵੰਦ ਸਿੱਧ ਹੋਵੇਗਾ। ਟੀਕਾਕਾਰੀ ਭਾਰਤ ਦੀ ਇੱਕ ਬਹੁਤ ਪੁਰਾਣੀ ਅਤੇ ਪ੍ਰਸਿੱਧ ਸਾਹਿਤਕ ਪਰੰਪਰਾ ਹੈ। ਗੂੜ੍ਹ ਅਰਥਾਂ ਵਾਲੀਆ ਰਚਨਾਵਾਂ ਦਾ ਚੰਗੀ ਤਰ੍ਹਾਂ ਭਾਵ ਸਮਝਾਉਣ ਲਈ ਟੀਕਿਆਂ ਦੀ ਰਚਨਾ ਕੀਤੀ ਜਾਂਦੀ ਹੈ।

ਸ਼ੈਲੀ ਪੱਖੋਂ, ਭਾਰਤੀ ਸਾਹਿਤ ਵਿੱਚ ਇੱਸ ਸਾਹਿਤ ਵਿਧੀ ਦੇ ਕਈ ਭੇਦ ਹਨ ਜਿਵੇਂ ਟੀਕਾ, ਵਿਆਖਿਆ, ਭਾਸ਼, ਪਰਮਾਰਥ ਆਦਿ। ਪੰਜਾਬੀ ਸਾਹਿਤ ਵਿੱਚ ਟੀਕਾ, ਵਿਆਖਿਆ, ਭਾਸ਼, ਪਰਮਾਰਥ ਆਦਿ ਦੀ ਸੂਖ਼ਮ ਭਿੰਨਤਾ ਵੱਲ ਬਹੁਤਾ ਧਿਆਨ ਨਾ ਦੇ ਕੇ ਟੀਕਾ ਸ਼ਬਦ ਹੀ ਵਰਤਿਆ ਜਾਂਦਾ ਹੈ। ਇਹਨਾਂ ਟੀਕਿਆਂ ਵਿੱਚ ਉੱਪਰਲੀਆਂ ਸਾਰੀਆਂ ਸ਼ੈਲੀਆਂ ਦਾ ਮਿਲਗੋਭਾ ਦੇਖਿਆ ਜਾ ਸਕਦਾ ਹੈ। ਪੰਜਾਬੀ ਵਿੱਚ ਟੀਕੇ ਰਚਣ ਦੀ ਪ੍ਰੇਰਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਤੋਂ ਮਿਲੀ ਪ੍ਰਤੀਤ ਹੁੰਦੀ ਹੈ। ਜ਼ਿਆਦਾਤਰ ਟੀਕੇ ਗੁਰਬਾਣੀ ਦੀ ਵਿਆਖਿਆ ਸਬੰਧੀ ਹੀ ਲਿਖੇ ਗਏ ਹਨ। ਭਾਵਨਾ ਅਤੇ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੀ ਟੀਕਾਕਾਰੀ ਦੇ ਵੀ ਅੱਗੋਂ ਕਈ ਸਕੂਲ ਹੋ ਗਏ, ਜਿਵੇ ਸੰਪਰਦਾਇ ਜਾਂ ਗਿਆਨੀ ਸ਼ਾਖਾ, ਉਦਾਸੀ ਸ਼ਾਖਾ, ਮੀਣੇ ਸੋਢੀਆਂ ਵਾਲੀ ਸ਼ਾਖਾ, ਨਿਰਮਲੇ ਸਾਧਾਂ ਦੀ ਸ਼ਾਖਾ ਅਤੇ ਆਧੁਨਿਕ ਵਿਦਵਾਨਾਂ ਦੀ ਸ਼ਾਖਾ ਆਦਿ।[51]

ਪ੍ਰਾਚੀਨ ਕਾਲ ਤੋਂ ਹੀ ਭਾਰਤ ਵਿੱਚ ਟੀਕਾਕਾਰੀ ਦੀ ਪਰੰਪਰਾ ਵਿਆਪਕ ਰੂਪ ਵਿੱਚ ਪ੍ਰਚਲਿਤ ਹੈ। ਭਾਵੇਂ ਦੈਵੀ ਜਾਂ ਗੂੜ੍ਹ ਮੁਹਾਂਦਰੇ ਵਾਲੀਆਂ ਰਚਨਾਵਾਂ ਦੇ ਅਰਥਾਂ ਦੀਆਂ ਪੱਕੀਆਂ ਗੰਢਾਂ ਨੂੰ ਖੋਲ੍ਹਣ ਲਈ ਵੱਖ-ਵੱਖ ਵਿਧੀਆਂ ਪ੍ਰਚਲਿਤ ਰਹੀਆਂ ਹਨ। ਪਰ ਇਹਨਾਂ ਵਿੱਚੋਂ ਟੀਕਾਕਾਰੀ ਦਾ ਆਪਣਾ ਇੱਕ ਅਲੱਗ ਅਤੇ ਵਿਲੱਖਣ ਸਥਾਨ ਹੈ।

ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿੱਚ ਟੀਕੇ ਦੇ ਕਈ ਅਰਥ ਦੱਸੇ ਹਨ, ਜਿਵੇਂ-ਧਿਆਨ ਕਰਨਾ, ਕੁੱਦਣਾ, ਇਸਤਰੀਆਂ ਦੇ ਮੱਥੇ ਦਾ ਗਹਿਣਾ, ਤਿਲਕ, ਟਿੱਕਾ, ਗ੍ਰੰਥ ਦੀ ਵਯਾਖਯਾ, ਸ਼ਰਹ "ਮੁੱਖ ਤੇ ਪੜਤਾ ਟੀਕਾ ਸਾਹਿਤ" (ਪੰਨਾ-551)। ਜੇਕਰ ਅਸੀਂ ਟੀਕਾਕਾਰੀ ਦੇ ਅਰਥ ਬਿਆਨ ਕਰਨਾ,

ਕੁੱਦਣਾ ਆਦਿ ਨੂੰ ਵੇਖਦੇ ਹਾਂ ਤਾਂ 'ਬਿਆਨ ਕਰਨ' ਤੋਂ ਭਾਵ ਅਸਪਸ਼ਟ ਸ਼ਬਦ ਜਾਂ ਵਾਕ ਨੂੰ ਖੋਲ੍ਹ ਕੇ ਬਿਆਨ ਕਰਨਾ, ਟੀਕੇ ਦੇ ਇੱਕ ਅਰਥ 'ਕੁੱਦਣ' ਨੂੰ 'ਮੂਲ ਅਰਥ ਵੱਲ ਜਾਣਾ ਜਾਂ ਕੁੱਦਣਾ' ਕਿਹਾ ਜਾ ਸਕਦਾ ਹੈ। ਜਿਸ ਤਰ੍ਹਾਂ ਤਿਲਕ ਜਾਂ ਟਿੱਕੇ ਨੂੰ ਵਡਿਆਈ ਦੇ ਚਿੰਨ੍ਹ ਵਜੋਂ ਦੇਖਿਆ ਜਾਂਦਾ ਹੈ ਠੀਕ ਉਸੇ ਤਰ੍ਹਾਂ ਟੀਕਾਕਾਰੀ ਵਿੱਚ ਰਚਨਾ ਦੇ ਹਰ ਪੱਖ ਦੀ ਵਡਿਆਈ ਨੂੰ ਉਘਾੜਨ ਦਾ ਯਤਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਟੀਕੇ ਵਿੱਚ ਕਿਸੇ ਸੂਤ੍ਰਿਕ, ਜਟਿਲ ਜਾਂ ਕਠਿਨ, ਰਹੱਸਮਈ ਸ਼ਬਦ, ਵਾਕ ਜਾਂ ਗ੍ਰੰਥ ਦੀ ਸੰਖੇਪ ਰੂਪ ਵਿੱਚ ਵਿਆਖਿਆ ਕੀਤੀ ਜਾਂਦੀ ਹੈ।

ਡਾ. ਰਤਨ ਸਿੰਘ ਜੱਗੀ ਨੇ ਸੂਤ੍ਰਿਕ ਜਾਂ ਕਲਿਸ਼ਟ ਰਚਨਾਵਾਂ ਨੂੰ ਸਰਲ ਅਤੇ ਸੰਖੇਪ ਰੂਪ ਵਿੱਚ ਅਰਥ ਕਰਨ ਵਾਲੀ ਵਿਧਾ ਨੂੰ ਟੀਕਾ ਕਿਹਾ ਹੈ।[52] 'ਟੀਕਾ' ਸ਼ਬਦ ਦੀ ਵਿਉਂਤਪਤੀ ਸੰਸਕ੍ਰਿਤ ਭਾਸ਼ਾ ਦੇ 'ਟੀਕ੍' ਧਾਤੂ ਤੋਂ ਹੋਈ ਅਤੇ ਇਸ ਦਾ ਅਰਥ ਹੈ-ਕਿਸੇ ਵਸਤੂ ਜਾਂ ਤੱਥ ਦਾ ਬੋਧ ਅਥਵਾ ਪ੍ਰਕਾਸ਼ਨ ਕਰਵਾਉਣ ਵਾਲਾ ਵਾਕ ਸਾਧਨ।[53]

ਡਾ. ਪਿਆਰ ਸਿੰਘ ਨੇ ਟੀਕਾਕਾਰੀ ਦੇ ਪ੍ਰਕਾਰਜ ਨੂੰ ਬਿਆਨ ਕਰਦਿਆਂ ਲਿਖਿਆ ਹੈ ਕਿ ਇਸ ਦਾ ਕੰਮ ਸੂਤ੍ਰਿਕ, ਰਹੱਸਮੈ ਤੇ ਦੁਰਬੋਧ ਰਚਨਾ ਦੀ ਇਸ ਤਰ੍ਹਾਂ ਵਿਆਖਿਆ ਕਰਨਾ ਹੈ ਕਿ ਉਸ ਨਾਲ ਨਾ ਕੇਵਲ ਉਸ ਵਿੱਚ ਪ੍ਰਸਤੁਤ ਸੰਦੇਸ਼ ਆਪਣੇ ਸਾਰੇ ਪਸਾਰਾਂ ਸਹਿਤ ਉਘੜ ਕੇ ਅੱਖਾਂ ਸਾਹਮਣੇ ਆ ਜਾਵੇ, ਸਗੋਂ ਰਚਨਾ ਵਿੱਚ ਮੂਰਤੀਮਾਨ ਅਨੁਭਵ ਵੀ ਸਾਖਿਆਤ ਹੁੰਦਾ ਪ੍ਰਤੀਤ ਹੋਵੇ।[54]

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਟੀਕਾਕਾਰੀ ਨੂੰ ਇੱਕ ਬਿਖਮ ਬਹੁ-ਅਨੁਸ਼ਾਸਨੀ ਵਿਆਖਿਆਤਮਕ ਵਿਧੀ ਦੇ ਤੌਰ 'ਤੇ ਦਰਸਾਇਆ ਹੈ ਕਿ ਇੱਕ ਟੀਕਾਕਾਰੀ ਨੂੰ ਆਪਣੀ ਕ੍ਰਿਤੀ ਦੇ ਅਰਥ ਬੋਧ ਨੂੰ ਪ੍ਰਗਟਾਉਣ ਲਈ ਅਲੱਗ ਵਿਗਿਆਨਾਂ, ਸ਼ਾਸਤਰਾਂ, ਇਤਿਹਾਸਾਂ ਅਤੇ ਸਭਿਆਚਾਰਾਂ ਦਾ ਵੀ ਚੋਖਾ ਗਿਆਨ ਹਾਸਲ ਕਰਨਾ ਪੈਂਦਾ ਹੈ,

> "ਟੀਕਾਕਾਰੀ ਇੱਕ ਅਜਿਹੀ ਬਹੁਅੰਗੀ ਕਲਾ ਹੈ ਜਿਥੇ ਮੂਲ ਭਾਸ਼ਾ ਤੇ ਮੂਲ ਵਸਤੂ ਨੂੰ ਵੱਧ ਤੋਂ ਵੱਧ ਸੁਗਮ ਤੇ ਸੁਬੋਧ ਬਣਾਉਣ ਲਈ ਕਈ ਹੋਰ ਮਿਲਦੇ ਜੁਲਦੇ (ਅਲਾਈਡ) ਵਿਗਿਆਨਾਂ ਜਿਵੇਂ ਭਾਸ਼ਾ ਵਿਗਿਆਨ, ਸੌਂਦਰਯ-ਸ਼ਾਸਤ੍ਰ, ਇਤਿਹਾਸ, ਦਰਸ਼ਨ-ਸ਼ਾਸਤ੍ਰ,

ਛੰਦ ਸ਼ਾਸਤ੍ਰ, ਫੋਕਲੋਰ, ਲਿਪੀ ਵਿਗਿਆਨ ਆਦਿ ਦੀ ਸਰਗਰਮ ਸਹਾਇਤਾ ਲੈਣੀ ਪੈਂਦੀ ਹੈ। ਇਸ ਲਈ ਟੀਕਾਕਾਰੀ ਇੱਕ ਬੜੀ ਬਿਖਮ ਕਲਾ ਹੈ। ਟੀਕਾਕਾਰੀ ਹੋਰ ਵੀ ਬਿਖਮ ਹੋ ਜਾਂਦੀ ਹੈ ਜਦੋਂ ਕਿਸੇ ਕਲਾਸੀਕਲ ਭਾਸ਼ਾ ਦੇ ਗ੍ਰੰਥ ਦੀ ਟੀਕਾ ਅਜੋਕੀ ਭਾਸ਼ਾ ਦੇ ਮੁਹਾਵਰੇ ਵਿੱਚ ਕਰਨੀ ਪਵੇ।"[55]

ਟੀਕੇ ਦੀ ਰਚਨਾ ਗੱਦ ਅਤੇ ਪਦ ਦੋਵਾਂ ਰੂਪਾਂ ਵਿੱਚ ਕੀਤੀ ਜਾ ਸਕਦੀ ਹੈ ਪ੍ਰੰਤੂ ਆਮਤੌਰ ਤੇ ਜ਼ਿਆਦਾਤਰ ਟੀਕੇ ਗੱਦ ਰੂਪ ਵਿੱਚ ਪ੍ਰਾਪਤ ਹੁੰਦੇ ਹਨ। ਟੀਕਾਕਾਰੀ ਇੱਕ ਬੜਾ ਹੀ ਸੂਖ਼ਮ ਜਟਿਲ ਜਾਂ ਕਠਿਨ ਅਤੇ ਅਕੇਵੇਂ ਭਰਪੂਰ ਕਾਰਜ ਹੈ ਕਿਉਂਕਿ ਕੋਈ ਵੀ ਰਚਨਾ ਇੱਕ ਪਸਾਰੀ ਨਹੀਂ ਬਲਕਿ ਬਹੁਪਸਾਰੀ ਪਹੁੰਚ ਰੱਖਣ ਵਾਲੀ ਹੁੰਦੀ ਹੈ। ਉਸ ਵਿੱਚ ਇਤਿਹਾਸਕ, ਸਭਿਆਚਾਰਕ, ਸਮਾਜਿਕ, ਆਰਥਿਕ, ਰਾਜਨੀਤਿਕ, ਦਾਰਸ਼ਨਿਕ ਤੇ ਅਧਿਆਤਮਕਤਾ ਵਰਗੇ ਅਨੇਕਾਂ ਪਸਾਰ ਹੋ ਸਕਦੇ ਹਨ। ਬਾਕੀ ਮੂਲ ਲੇਖਕ ਵਰਗਾ ਅਨੁਭਵ ਹੋਣ ਦੀ ਮੰਗ ਵੀ ਇੱਕ ਟੀਕਾਕਾਰ ਕੋਲੋਂ ਕੀਤੀ ਜਾਂਦੀ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਇੱਕ ਟੀਕਾਕਾਰ ਕੋਲੋਂ ਬਹੁਪੱਖੀ ਪੂਰਨ ਗਿਆਨ ਹੋਣਾ ਲਾਜ਼ਮੀ ਹੈ ਤਾਂ ਹੀ ਉਹ ਰਚਨਾ ਨਾਲ ਨਿਆਂ ਕਰ ਸਕਦਾ ਹੈ। ਡਾ. ਰਤਨ ਸਿੰਘ ਜੱਗੀ ਗੁਰਬਾਣੀ ਟੀਕੇ : ਆਨੰਦ ਘਣ ਵਿੱਚ ਟੀਕਾਕਾਰੀ ਸਬੰਧੀ ਲਿਖਦੇ ਹਨ,

"ਟੀਕਾਕਾਰੀ ਕੋਈ ਸਰਲ ਕੰਮ ਨਹੀ, ਬੜੀ ਕਠੋਰ ਅਤੇ ਅਕਾ ਦੇਣ ਵਾਲੀ ਸਾਧਨਾ ਹੈ। ਇਹ ਕੇਵਲ ਮੂਲ ਕ੍ਰਿਤੀ ਦਾ ਕੋਸ਼ ਦੇ ਅਧਾਰ ਤੇ ਸਰਲ ਅਰਥ ਜਾਂ ਵਿਸ਼ਲੇਸ਼ਣ ਕਰਨਾ ਨਹੀਂ, ਸਗੋਂ ਇਹ ਵਿਧੀ ਤਾਂ ਉਸਦਾ ਇੱਕ ਸਧਾਰਨ ਰੂਪ ਹੈ। ਟੀਕਾਕਾਰੀ ਦੀ ਵਿਸ਼ੇਸ਼ਤਾ ਤਾਂ ਇਹ ਹੈ ਕਿ ਉਹ ਸ਼ਬਦ ਦੇ ਮਰਮ ਨੂੰ ਸਮਝਦਾ ਹੋਵੇ ਅਤੇ ਟੀਕੇ ਦੇ ਮਾਧਿਅਮ ਦੁਆਰਾ ਮੂਲ ਲੇਖਕ ਦੀ ਭਾਵਧਾਰਾ ਦਾ ਗਿਆਨ ਪਾਠਕ ਨੂੰ ਕਰਾਏ। ਇੱਕ ਸ਼ਬਦ ਦਾ ਇੱਕ ਨਹੀਂ ਅਨੇਕ ਅਰਥ ਹੋ ਸਕਦੇ ਹਨ ਅਤੇ ਸ਼ਬਦ ਸ਼ਕਤੀਆਂ ਦੁਆਰਾ ਉਸ ਦੇ ਅਰਥਾਂ ਦਾ ਘੇਰਾ ਬੜਾ ਅਸੀਮ ਬਣਿਆ ਰਹਿੰਦਾ ਹੈ। ਮੂਲ ਰਚੈਤਾ ਦੇ ਮਨ ਵਿੱਚ ਰਚਣ ਕਰਨ ਵੇਲੇ ਕਿਸੇ ਸ਼ਬਦ ਦੇ ਪ੍ਰਯੋਗ ਪਿੱਛੇ ਕਿਹੜੀ ਭਾਵ-ਧਾਰਾ ਅਥਵਾ ਅਰਥ ਪ੍ਰੇਰਨਾ ਦੇ

ਰਿਹਾ ਹੈ, ਇਹ ਅਨੁਮਾਨ ਲਗਾ ਸਕਣਾ ਸਰਲ ਨਹੀਂ। ਟੀਕਾਕਾਰ ਨੂੰ ਨਾ ਕੇਵਲ ਵਿਸ਼ੇ ਅਤੇ ਭਾਸ਼ਾ ਦਾ ਗੰਭੀਰ ਗਿਆਨ ਹੋਣਾ ਚਾਹੀਦਾ ਹੈ। ਸਗੋਂ ਉਸ ਨੂੰ ਵਿਆਕਰਨ ਦੀ ਵੀ ਆਵੱਸ਼ਕ ਸੋਝੀ ਚਾਹੀਦੀ ਹੈ। ਨਾਲੇ ਉਸ ਨੂੰ ਸ਼ਬਦਾਂ ਦਾ ਅਰਥਗਤ ਤੇ ਭਾਸ਼ਾ ਵਿਗਿਆਨਗਤ ਇਤਿਹਾਸ ਪਤਾ ਹੋਣਾ ਚਾਹੀਦਾ ਹੈ। ਇਤਨਾ ਹੀ ਨਹੀਂ, ਲੇਖਕ ਦੀਆਂ ਹੋਰ ਰਚਨਾਵਾਂ ਅਤੇ ਉਸ ਵਿੱਚ ਹੋਏ ਸ਼ਬਦਾਂ ਦੇ ਵਿਸ਼ਿਸਟ ਪ੍ਰਯੋਗ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨਾਲ ਕਈ ਵਾਰ ਅਰਥ ਦਾ ਅਨਰਥ ਹੋਣ ਤੋਂ ਬਚ ਜਾਂਦਾ ਹੈ।"[56]

ਇਸ ਪ੍ਰਕਾਰ ਟੀਕਾਕਾਰੀ ਕਿਸੇ ਰਚਨਾ ਦੇ ਸਰਲ ਅਰਥਾਂ ਦੀ ਸੰਖੇਪ ਪੇਸ਼ਕਾਰੀ ਕਰਨ ਦੇ ਨਾਲੋਂ ਨਾਲ ਉਸ ਕ੍ਰਿਤੀ ਵਿਚਲੇ ਸੰਦੇਸ਼ ਦੇ ਸਾਰੇ ਪੱਖਾਂ ਨੂੰ ਮੂਰਤੀਮਾਨ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਆਮ ਤੌਰ ਤੇ ਭਾਸ਼, ਵ੍ਰਿਤੀ, ਟਿੱਪਣੀ ਅਤੇ ਪਰਮਾਰਥ ਆਦਿ ਸ਼ਬਦਾਂ ਨੂੰ ਵੀ ਟੀਕੇ ਦੇ ਅਰਥਾਂ ਵਿੱਚ ਵਰਤ ਲਿਆ ਜਾਂਦਾ ਹੈ। ਇਹਨਾਂ ਸੰਬੰਧੀ ਵੀ ਸੰਖੇਪ ਜਾਣਕਾਰੀ ਕਰ ਲੈਣਾ ਮਹੱਤਵਪੂਰਨ ਹੋਵੇਗਾ।

### 3.7.7 ਭਾਸ਼ :

ਭਾਸ਼ ਨੂੰ ਸੰਸਕ੍ਰਿਤ ਭਾਸ਼ਾ ਵਿੱਚ 'ਭਾਸ਼ਯ' ਕਿਹਾ ਜਾਂਦਾ ਹੈ। ਪੁਰਾਤਨ ਸੰਸਕ੍ਰਿਤ ਗ੍ਰੰਥਾਂ ਦੇ ਭਾਵ ਅਰਥ ਪ੍ਰਗਟ ਕਰਨ ਵਾਲੀ ਪੱਧਤੀ ਨੂੰ 'ਭਾਸ਼' ਦਾ ਨਾਂ ਦਿੱਤਾ ਜਾਂਦਾ ਹੈ। 'ਭਾਸ਼' ਸ਼ਬਦ ਦੀ ਵਰਤੋਂ ਟੀਕੇ ਦੇ ਸਮਾਨਾਰਥਕ ਵਜੋਂ ਵੀ ਕੀਤੀ ਜਾਂਦੀ ਹੈ। ਇਸ ਗੱਲ ਦਾ ਪੁਖਤਾ ਸਬੂਤ ਸਾਨੂੰ 'ਮਹਾਨਕੋਸ਼' ਵਿੱਚੋਂ ਪ੍ਰਾਪਤ ਹੁੰਦਾ ਹੈ ਜਿਸ ਵਿੱਚ ਭਾਸ਼ ਨੂੰ ਇੱਕ ਟੀਕਾਰੂਪ ਗ੍ਰੰਥ ਕਿਹਾ ਗਿਆ ਹੈ।

"ਭਾਸ਼ਯ ਉਹ ਟੀਕਾਰੂਪ ਗ੍ਰੰਥ ਹੁੰਦਾ ਹੈ, ਜਿਸ ਵਿੱਚ ਕਿਸੇ ਸੂਤਰ ਆਦਿ ਵਾਕਾਂ ਦਾ ਖੋਲ੍ਹ ਕੇ ਅਰਥ ਲਿਖਿਆ ਜਾਵੇ ਜਾਂ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੋਵੇ।"[57]

ਸੰਸਕ੍ਰਿਤ ਪੰਜਾਬੀ ਕੋਸ਼ ਵਿੱਚ ਭਾਸ਼ਯ ਦਾ ਅਰਥ,

"ਕਿਸੇ ਸੂਤਰ ਜਾਂ ਮੂਲ ਗ੍ਰੰਥ ਦੀ ਵਿਆਖਿਆ ਜਾਂ ਟੀਕਾ-ਟਿੱਪਣੀ, ਸਮੀਖਿਆ ਬੋਲੀ ਜਾਂ ਭਾਸ਼ਾ ਦੀ ਕੋਈ ਰਚਨਾ, ਵਿਆਖਿਆ ਕੀਤੇ ਹਨ।"[58]

ਟੀਕਾ ਪ੍ਰਣਾਲੀ ਤੋਂ ਬਾਅਦ ਭਾਸ਼ਯ-ਪ੍ਰਣਾਲੀ ਹੀ ਵਧੇਰੇ ਲੋਕਪ੍ਰਿਯ ਰਹੀ ਹੈ। ਭਾਸ਼ਯ ਵਿਚ ਮੂਲ ਗ੍ਰੰਥ ਦਾ ਆਸ਼ਾ ਹੀ ਪ੍ਰਗਟ ਕੀਤਾ ਜਾਂਦਾ ਹੈ ਕੋਈ ਵਾਧੂ ਟਿੱਪਣੀ ਨਹੀਂ ਕੀਤੀ ਜਾਂਦੀ। ਸੰਸਕ੍ਰਿਤ ਵਿੱਚ ਸਭ ਤੋਂ ਪੁਰਾਤਨ ਭਾਸ਼ਯ ਰਿਸ਼ੀ ਸਾਯਣ ਦੁਆਰਾ ਰਚਿਤ ਵੈਦਿਕ ਭਾਸ਼ ਹੈ। ਜਿਸ ਵਿੱਚ ਸਾਯਣ ਨੇ ਵੇਦਵਾਣੀ ਦੀ ਵਿਆਖਿਆ, ਭਾਵਅਰਥ ਅਤੇ ਸਿਧਾਂਤ ਵੀ ਨਿਰੂਪਣ ਕੀਤੇ ਹਨ। ਸਾਯਣ ਤੋਂ ਪਿਛੋਂ ਮਹਾਂਰਿਸ਼ੀ ਪਤੰਜਲੀ ਦਾ ਮਹਾਂਭਾਸ਼ ਬਹੁਤ ਹੀ ਮਸ਼ਹੂਰ ਹੈ ਜੋ ਪਾਣਿਨੀ ਦੇ ਵਿਆਕਰਣ "ਅਸ਼ਟਾਧਿਆਈ" ਦਾ ਸ਼ਪਸ਼ਟੀਕਰਣ ਹੀ ਹੈ।[59]

ਭਾਸ਼ ਵਿੱਚ ਭਾਸ਼ਕਾਰ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਦੇ ਅੰਤਰਗਤ ਰਚਨਾ ਨੂੰ ਵਿਖਿਆਉਣ ਦਾ ਯਤਨ ਕਰਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਭਾਸ਼ ਦੀ ਵਿਆਖਿਆ ਟੀਕੇ ਨਾਲੋ ਵਧੇਰੇ ਵਿਸਤ੍ਰਿਤ, ਗੰਭੀਰ ਵਿਸਥਾਰਪੂਰਵਕ ਅਤੇ ਕਠਿਨ ਹੁੰਦੀ ਹੈ। ਜਦਕਿ ਟੀਕੇ ਦੀ ਵਿਆਖਿਆ ਸਹਿਜ, ਸਰਲ ਅਤੇ ਸੁਗਮ ਹੁੰਦੀ ਹੈ। ਬਲਕਿ ਭਾਸ਼ ਇੱਕ ਹੋਰ ਵਿਆਖਿਆ ਦੀ ਮੰਗ ਕਰਦਾ ਹੈ। ਭਾਸ਼ ਨੂੰ ਵਿਆਖਿਆ ਦੀ ਸਿਖਰਲੀ ਪ੍ਰਾਪਤੀ ਵੀ ਮੰਨਿਆ ਜਾਂਦਾ ਹੈ।

### 3.7.8 ਵ੍ਰਿਤੀ :

ਟੀਕੇ ਅਤੇ ਭਾਸ਼ ਦੀ ਤਰ੍ਹਾਂ ਵ੍ਰਿਤੀ ਵੀ ਇੱਕ ਵਿਆਖਿਆ ਪੱਧਤੀ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਮਹਾਨਕੋਸ਼ ਵਿੱਚ ਵ੍ਰਿਤੀ ਨੂੰ 'ਗ੍ਰੰਥ ਦੇ ਹਾਸ਼ੀਏਪੁਰ ਲਿਖਿਆ ਹੋਇਆ ਅਰਥ ਅਤੇ ਟਿੱਪਣੀ ਦੱਸਿਆ ਹੈ।[60]

ਵਿਆਕਰਣ ਅਨੁਸਾਰ ਵ੍ਰਿਤੀ ਉਹ ਗੂੜ੍ਹ ਸ਼ਬਦ ਰਚਨਾ ਹੈ, ਜਿਹੜੀ ਇੱਕ ਅਰਥ ਦੇ ਦੂਜਿਆਂ ਅਰਥਾਂ ਨੂੰ ਪ੍ਰਗਟਾਉਂਦੀ ਹੈ। ਵੈਸੇ ਵ੍ਰਿਤੀ ਟੀਕੇ ਨਾਲੋਂ ਸੂਖ਼ਮ ਹੁੰਦੀ ਹੈ। ਸ਼ੰਕਰਚਾਰੀਆਂ ਨੇ ਉਪਨਿਸ਼ਦਾਂ ਦੇ ਵਿਖਿਆਨਾਂ ਨੂੰ ਵ੍ਰਿਤੀ ਕਿਹਾ ਹੈ।[61]

ਵ੍ਰਿਤੀ ਦਾ ਇੱਕ ਅਰਥ ਭਾਈ ਕਾਹਨ ਸਿੰਘ ਨੇ ਟਿੱਪਣੀ ਵੀ ਦੱਸਿਆ ਹੈ ਜਿਸ ਵਿੱਚ ਲੇਖਕ ਕਿਸੇ ਕ੍ਰਿਤੀ ਦੇ ਅਰਥਾਂ ਨੂੰ ਸਾਰ ਅੰਸ਼ (ਸਾਰੰਸ਼) ਰੂਪ ਵਿੱਚ ਪੇਸ਼ ਕਰਦਾ ਹੈ। ਸੰਖੇਪਤਾ ਦੀ ਦ੍ਰਿਸ਼ਟੀ ਤੋਂ ਟਿੱਪਣੀ ਅਤੇ ਵ੍ਰਿਤੀ ਵਿੱਚ ਕਾਫ਼ੀ ਨੇੜਤਾ ਪਾਈ ਜਾਂਦੀ ਹੈ। ਇਸ ਵਿਆਖਿਆ ਦੀ ਪੱਧਤੀ ਦੀ ਵਰਤੋਂ ਜ਼ਿਆਦਾਤਰ

ਸੰਸਕ੍ਰਿਤ ਗ੍ਰੰਥਾਂ ਵਿੱਚ ਹੋ ਰਹੀ ਹੈ।

### 3.7.9 **ਪਰਮਾਰਥ** :

ਪਰਮਾਰਥ ਦਾ ਆਰੰਭ ਵੀ ਜਨਮ ਸਾਖੀ ਪਰੰਪਰਾ ਤੋਂ ਹੋਇਆ ਮੰਨਿਆ ਜਾਂਦਾ ਹੈ। ਪਰਮਾਰਥ ਵਿੱਚ ਮੂਲ ਰਚਨਾ ਵਿਚਲੇ ਅਧਿਆਤਮਕ ਤੱਥਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।[62] ਪਰਮਾਰਥ ਅਪਣੇ ਭਾਵ-ਅਰਥਾਂ ਨੂੰ ਸਪਸ਼ਟ ਕਰਨ ਲਈ ਸ਼ਬਦ ਅਤੇ ਵਾਕ ਦੇ ਅਨੁਸ਼ਾਸ਼ਨ ਨੂੰ ਵਿਆਖਿਆ ਕਰਨ ਵੇਲੇ, ਮੂਲ ਰੂਪ ਵਿਚ ਕੇਂਦਰ ਬਿੰਦੂ ਨਹੀਂ ਬਣਾਉਂਦਾ। ਇਸ ਦਾ ਮੁੱਖ ਉਦੇਸ਼ ਅਧਿਆਤਮਕ ਚਿੰਤਨ ਦਾ ਦਾਰਸ਼ਨਿਕ ਵਿਸ਼ਲੇਸ਼ਣ ਕਰਨਾ ਹੁੰਦਾ ਹੈ।[63]

ਪਰਮਾਰਥ ਦੇ ਅਰਥ ਹਨ, ਪਰਮ ਉੱਤਮ ਪਦਾਰਥ, ਸਾਰ ਵਸਤੂ, ਆਤਮ ਵਿਦਿਆ, ਸਿਧਾਂਤ, ਨਿਚੋੜ ਅਤੇ ਵਾਕ ਦੇ ਭਾਵ ਅਰਥ। ਇਸ ਪ੍ਰਕਾਰ ਕਿਸੇ ਗੂੜ੍ਹ ਰਚਨਾ ਜਾਂ ਵਾਕ ਦੇ ਭਾਵ ਅਰਥ ਨੂੰ ਪ੍ਰਗਟ ਕਰਨ ਵਾਲੀ ਰਚਨਾ ਦਾ ਨਾਂ ਪਰਮਾਰਥ ਹੈ।[64] ਇਸ ਵਿੱਚ ਅਰਥ ਸਲੋਕ ਜਾਂ ਪਉੜੀ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ ਅਤੇ ਉਹਨਾਂ ਨੂੰ ਭਾਵਪੂਰਤ ਰੂਪ ਦੇਣ ਲਈ ਉਥਾਨਕਾ ਵੀ ਨਾਲ ਦਿੱਤੀ ਜਾਂਦੀ ਹੈ। ਪੰਜਾਬੀ ਵਿੱਚ ਸੋਢੀ ਮਿਹਰਬਾਨ ਦੇ ਹੀ ਪਰਮਾਰਥ ਮਿਲਦੇ ਹਨ। ਹੋ ਸਕਦਾ ਹੈ ਪਰਮਾਰਥਾਂ ਦੇ ਪ੍ਰਚਲਿਤ ਨਾ ਹੋ ਸਕਣ ਦਾ ਕਾਰਣ, ਭਾਰਤੀ ਪਰੰਪਰਾ ਵਿਚ ਪਰਮਾਰਥ ਵਿਧੀ ਦੀ ਅਣਹੋਂਦ ਹੋਵੇ ਜਾਂ ਮੀਣਿਆਂ ਪ੍ਰਤੀ ਘਿਰਣਾ ਕਾਰਣ ਗੁਰਮਤ ਸਾਹਿਤ ਦੇ ਵਿਆਖਿਆਕਾਰਾਂ ਨੇ ਇਸ ਨੂੰ ਤਿਆਗ ਦਿੱਤਾ ਹੋਵੇ। ਜਿਵੇਂ ਕਿਵੇਂ ਵੀ ਹੈ, ਪਰਮਾਰਥਾਂ ਦੀ ਕੋਈ ਵੱਖਰੀ ਪਰੰਪਰਾ ਨਹੀਂ ਬਣ ਸਕੀ।[65]

ਪਰਮਾਰਥ ਰਚਨਾ ਦੇ ਅਨੁਸ਼ਾਸ਼ਨ ਨੂੰ ਉਸੇ ਪ੍ਰਕਾਰ ਸਵੀਕਾਰ ਕਰਦਾ ਹੈ ਜਿਸ ਪ੍ਰਕਾਰ ਟੀਕਾ ਪੱਧਤੀ ਅਪਣਾਉਂਦੀ ਹੈ। ਕਿਉਂਕਿ ਟੀਕਾ ਮੂਲ ਰਚਨਾ ਦੀਆਂ ਇਕਾਈਆਂ ਨੂੰ ਭੰਗ ਨਾ ਕਰਕੇ ਮੁੱਖ ਵਿਚਾਰ ਬਿੰਦੂਆਂ ਨੂੰ ਸੰਗਠਿਤ ਰੂਪ ਵਿੱਚ ਪੇਸ਼ ਕਰਦਾ ਹੈ। ਜਦਕਿ ਪਰਮਾਰਥ ਆਪਣੇ ਭਾਵਾਰਥ ਨੂੰ ਸਪੱਸ਼ਟ ਕਰਨ ਲਈ ਸ਼ਬਦ ਅਤੇ ਵਾਕ ਦੇ ਅਨੁਸ਼ਾਸ਼ਨ ਨੂੰ ਵਿਆਖਿਆ ਕਰਦੇ ਸਮੇਂ ਮੂਲ ਰੂਪ ਵਿੱਚ ਕੇਂਦਰੀ ਬਿੰਦੂ ਨਹੀਂ ਬਣਾਉਂਦਾ। ਇਸਦਾ ਮੁੱਖ ਉਦੇਸ਼ ਅਧਿਆਤਮਕ ਚਿੰਤਨ ਦਾ ਦਾਰਸ਼ਨਿਕ ਵਿਸ਼ਲੇਸ਼ਣ ਕਰਨਾ ਹੁੰਦਾ ਹੈ।

ਪਰਮਾਰਥ ਦੁਆਰਾ ਸ਼ਬਦ ਜਾਂ ਬਾਣੀ ਦੇ ਪ੍ਰਕਰਣ ਉੱਪਰ ਪਹਿਲਾ ਉਥਾਨਕਾ ਦੁਆਰਾ ਪ੍ਰਕਾਸ਼

ਪਾਇਆ ਜਾਂਦਾ ਹੈ ਅਤੇ ਅੰਤ ਵਿੱਚ ਵਿਆਖਿਆ ਦੇ ਬਾਅਦ ਉਸਦਾ ਸਾਰੰਸ਼ ਇੱਕ ਸਲੋਕ ਵਿੱਚ ਦਿੱਤਾ ਜਾਂਦਾ ਹੈ। ਇਸ ਵਿੱਚ ਵਿਸ਼ੇਸ਼ ਜਾਂ ਪਰਿਭਾਸ਼ਕ ਸ਼ਬਦਾਂ ਦੇ ਅਰਥ ਦੱਸ ਕੇ ਭਾਵ ਸਪੱਸ਼ਟ ਕੀਤਾ ਜਾਂਦਾ ਹੈ। ਇਸ ਵਿੱਚ ਭਾਰਤੀ ਇਤਿਹਾਸਕ, ਮਿੱਥਕ, ਧਾਰਮਿਕ ਪਰੰਪਰਾਵਾਂ ਅਤੇ ਅਧਿਆਤਮਕ ਸਾਧਨਾ ਪੱਧਤੀਆਂ ਸਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਲਈ ਇਸ ਵਿੱਚ ਗੋਸ਼ਟਾਂ ਦਾ ਅੰਸ਼ ਵੀ ਸ਼ਾਮਿਲ ਹੋ ਗਿਆ ਹੈ।

ਇਸ ਪ੍ਰਕਾਰ ਉਪਰੋਕਤ ਸਾਰੀਆਂ ਵਿਆਖਿਆ ਪੱਧਤੀਆਂ ਆਪੋ-ਆਪਣੇ ਸੁਭਾਅ ਅਨੁਸਾਰ ਵਿਆਖਿਆਕਾਰੀ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਇਹ ਵਿਆਖਿਆ ਪੱਧਤੀਆਂ ਥੋੜ੍ਹੇ-ਬਹੁਤੇ ਰੂਪ ਨਾਲ ਇੱਕ ਦੂਜੇ ਨਾਲ ਮਿਲਦੀਆਂ-ਜੁਲਦੀਆਂ ਵੀ ਹਨ ਅਤੇ ਆਪਣੇ ਵੱਖਰੇ ਸੁਭਾਅ ਅਤੇ ਲੱਛਣਾਂ ਕਾਰਨ ਵੱਖ ਵੀ ਹਨ। ਪਰ ਸਾਰੀਆਂ ਇੱਕੋ ਇੱਕ ਟੀਚੇ ਨੂੰ ਲੈ ਕੇ ਅੱਗੇ ਵੱਧਦੀਆਂ ਹਨ ਉਹ ਹੈ ਪਾਠ ਦੇ ਅਰਥਾਂ ਤੱਕ ਪਹੁੰਚ ਕਰਨੀ।

## ਹਵਾਲੇ ਅਤੇ ਟਿੱਪਣੀਆਂ

1. ***ਗੁਰਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ-1112
2. ਤਰਲੋਚਨ ਸਿੰਘ ਬੇਦੀ (ਡਾ.), ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ***, ਪੰਨਾ-201
3. ***ਪੰਜਾਬੀ ਯੂਨੀਵਰਸਿਟੀ ਫ਼ਾਰਸੀ-ਪੰਜਾਬੀ ਕੋਸ਼***, ਪੰਨਾ-193
4. ਦਰਸ਼ਨ ਸਿੰਘ (ਡਾ.), ***ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ***, ਪੰਨਾ 89.
5. ***ਮਾਨਕ ਹਿੰਦੀ ਕੋਸ਼***, ਪਾਂਚਵਾਂ ਖੰਡ, 1966.
6. ਜਗਬੀਰ ਸਿੰਘ (ਡਾ.), ***ਗੁਰਬਾਣੀ : ਵਿਸ਼ਵ ਦ੍ਰਿਸ਼ਟੀ ਤੇ ਵਿਚਾਰਧਾਰਾ***, ਪੰਨਾ-85.
7. ਤਾਰਨ ਸਿੰਘ (ਡਾ.), ***ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ***, ਪੰਨਾ-1.
8. ਸਰਬਜਿੰਦਰ ਸਿੰਘ (ਡਾ.), ***ਨਾਨਕ ਪ੍ਰਕਾਸ਼ ਪੱਤ੍ਰਿਕਾ (ਅੰਕ ਪਹਿਲਾ)***, ਪੰਨਾ-7(ਭੂਮਿਕਾ)
9. ਗੁਰਮੇਲ ਸਿੰਘ (ਡਾ.), ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਇਤਿਹਾਸ ਅਤੇ ਮੁਲਾਂਕਣ***, ਪੰਨਾ-23
10. ***ਉਹੀ***, ਪੰਨਾ-23
11. ਜਗਬੀਰ ਸਿੰਘ (ਡਾ.), ***ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ***, ਪੰਨਾ-27
12. ਸਰਬਜਿੰਦਰ ਸਿੰਘ (ਡਾ.), ***ਨਾਨਕ ਪ੍ਰਕਾਸ਼ ਪੱਤ੍ਰਿਕਾ (ਅੰਕ ਪਹਿਲਾ)***, ਪੰਨਾ-ਭੂਮਿਕਾ
13. ਗੁਰਮੇਲ ਸਿੰਘ (ਡਾ.), ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਇਤਿਹਾਸ ਅਤੇ ਮੁਲਾਂਕਣ***, ਪੰਨਾ-23
14. ***Shorter Oxford Dictionary on Historical Principles, vol.1***, p-1231.

    "The branch of knowledge that deals with theories of interpretation, especially of scripture."
15. Thomas Moutner, ***The Penguin Dictionary of Philosophy***, p-274.

16. ਅਮਰਜੀਤ ਸਿੰਘ ਗਰੇਵਾਲ (ਡਾ.), ***ਨਾਨਕ ਪ੍ਰਕਾਸ਼ ਪੱਤ੍ਰਿਕਾ (ਅੰਕ-ਪਹਿਲਾ),*** ਪੰਨਾ-33

17. ਗੁਰਮੇਲ ਸਿੰਘ (ਡਾ.), ***ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ***, ਪੰਨਾ-139.

18. ਬਲਕਾਰ ਸਿੰਘ (ਡਾ.), ***ਉਹੀ***, ਪੰਨਾ-139.

19. ਜਗਬੀਰ ਸਿੰਘ (ਡਾ.), ***ਉਹੀ***, ਪੰਨਾ-30.

20. ਭਾਰਤਵੀਰ ਕੌਰ ਸੰਧੂ (ਡਾ.), **ਧਰਮ ਅਧਿਐਨ ਪਤ੍ਰਿਕਾ (ਜਿਲਦ ਚੌਥੀ),** ਪੰਨਾ-19

21. ਜਗਬੀਰ ਸਿੰਘ (ਡਾ.)***, ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ,*** ਪੰਨਾ-26

22. ***ਉਹੀ***, ਪੰਨਾ-27-28.

    "The original words of something written or printed, as opposed to a paraphrase, translation, revision or condensation. The words of a speech appearing in print............something such as a literary work or other cultural product, regarded as an object of critical analysis. A passage from the scriptures or another authoritative source chosen for the subject of a discourse or cited for support in argument. a passage from a written work used as the starting point of a discussion.

23. ਤਰਲੋਕ ਸਿੰਘ ਕੰਵਰ, ***ਪ੍ਰਪੰਚ / ਪ੍ਰਬੰਧ / ਪ੍ਰਵਾਹ***, ਪੰਨਾ-9

24. ***ਉਹੀ***

25. ਜਗਜੀਵਨ ਸਿੰਘ (ਡਾ.), ***ਖੋਜ ਪੱਤ੍ਰਿਕਾ (ਅੰਕ 71),*** ਪੰਨਾ-149

26. ਗੁਰਬਚਨ ਸਿੰਘ (ਡਾ.), ***ਸੰਰਚਨਾਵਾਦ ਦੇ ਆਰ ਪਾਰ,*** ਪੰਨਾ-15

27. ਜਗਬੀਰ ਸਿੰਘ (ਡਾ.), ***ਗੁਰਬਾਣੀ : ਵਿਸ਼ਵ-ਦ੍ਰਿਸ਼ਟੀ ਤੇ ਵਿਚਾਰਧਾਰਾ***, ਪੰਨਾ-100

28. ਹਰਭਜਨ ਸਿੰਘ (ਡਾ.), ***ਪਿਆਰ ਅਤੇ ਪਰਿਵਾਰ***, ਪੰਨਾ 20

29. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-241

30. ਜਗਬੀਰ ਸਿੰਘ (ਡਾ.), ***ਗੁਰਬਾਣੀ : ਵਿਆਖਿਆ ਅਤੇ ਵਿਆਖਿਆ ਸ਼ਾਸਤਰ***, ਪੰਨਾ-31

31. ***ਉਹੀ***, ਪੰਨਾ-33-34

32. ***ਉਹੀ***, ਪੰਨਾ-34-35

33. ***ਉਹੀ***, ਪੰਨਾ-36

34. ***ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ-1

35. ***ਮਹਾਨਕੋਸ਼***, ਪੰਨਾ-714

36. ***ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ-ਭੂਮਿਕਾ

37. ਸਰਬਜਿੰਦਰ ਸਿੰਘ (ਡਾ.), ***ਨਾਨਕ ਪ੍ਰਕਾਸ਼ ਪੱਤ੍ਰਿਕਾ***, ਪੰਨਾ-9

38. ਜਗਬੀਰ ਸਿੰਘ (ਡਾ.), ***ਉਹੀ,*** ਪੰਨਾ-5

39. ਭਾਈ ਵੀਰ ਸਿੰਘ, ***ਸੰਥਯਾ (ਭਾਗ-ਪਹਿਲਾ),*** ਸੰਥਯਾ ਕ੍ਰਮ 'ਛ' ਤੋਂ ਅੱਗੇ

40. ਪ੍ਰੇਮ ਪ੍ਰਕਾਸ਼ ਸਿੰਘ (ਡਾ.), ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ***, ਪੰਨਾ-134

41. ਰਮਨਪ੍ਰੀਤ ਕੌਰ (ਡਾ.), ***ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ***, ਪੰਨਾ-251

42. ਜੋਗਿੰਦਰ ਸਿੰਘ ਸੋਢੀ (ਡਾ.), ***ਕਥਾ ਵਿਖਿਆਨ ਤੇ ਲੈਕਚਰ ਫ਼ਿਲਾਸਫ਼ੀ***, ਪੰਨਾ-107

43. ਵਣਜਾਰਾ ਬੇਦੀ (ਡਾ.), ***ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ***, ਪੰਨਾ-75

44. ਤਾਰਨ ਸਿੰਘ (ਡਾ.), ***ਨਾਨਕ ਪ੍ਰਕਾਸ਼ ਪੱਤ੍ਰਿਕਾ (ਅੰਕ ਦੂਜਾ)***, ਪੰਨਾ-55

45. ਬਲਕਾਰ ਸਿੰਘ (ਡਾ.), ***ਨਾਨਕ ਪ੍ਰਕਾਸ਼ ਪੱਤ੍ਰਿਕਾ (ਅੰਕ ਪਹਿਲਾ)***, ਪੰਨਾ-27.

46. ਪ੍ਰੋ. ਪਿਆਰਾ ਸਿੰਘ ਪਦਮ, ***ਉਹੀ (ਅੰਕ ਦੂਜਾ)***, ਪੰਨਾ-123

47. ਪਿਆਰ ਸਿੰਘ (ਡਾ.), ***ਉਹੀ***, ਪੰਨਾ-72

48. ਜੋਧ ਸਿੰਘ (ਡਾ.), ***ਗੁਰਬਾਣੀ : ਵਿਆਖਿਆ ਅਤੇ ਵਿਆਖਿਆ - ਸ਼ਾਸਤਰ***, ਪੰਨਾ-105

49. ਪ੍ਰੇਮ ਪ੍ਰਕਾਸ਼ ਸਿੰਘ (ਡਾ.), ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ,*** ਪੰਨਾ-129

50. ਮਨਮੋਹਨ ਸਹਿਗਲ (ਡਾ.), ਜਗਦੀਸ਼ ਕੌਰ ਵਾਡੀਆ(ਡਾ.), (ਅਨੁ.), ***ਸ਼ਿਵ ਸਰੂਪ ਸ੍ਰੀਚੰਦਰ***, ਪੰਨਾ-ਭੂਮਿਕਾ

51. ਰਤਨ ਸਿੰਘ ਜੱਗੀ (ਡਾ.), ***ਗੁਰਬਾਣੀ ਟੀਕੇ : ਆਨੰਦ ਘਣ***, ਪੰਨਾ-ਦੋ ਸ਼ਬਦ

52. ਉਹੀ, ***ਸਿੱਖ ਪੰਥ ਵਿਸ਼ਵਕੋਸ਼***, ਪੰਨਾ-865

53. ਉਹੀ, ***ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ***, ਪੰਨਾ-448

54. ਪਿਆਰ ਸਿੰਘ (ਡਾ.), ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ***, ਪੰਨਾ-103

55. ਪ੍ਰੇਮ ਪ੍ਰਕਾਸ਼ ਸਿੰਘ (ਡਾ.), ***ਉਹੀ,*** ਪੰਨਾ-129

56. ਰਤਨ ਸਿੰਘ ਜੱਗੀ (ਡਾ.), ***ਗੁਰਬਾਣੀ ਟੀਕੇ : ਆਨੰਦ ਘਣ***, ਪੰਨਾ-2

57. ***ਮਹਾਨਕੋਸ਼***, ਪੰਨਾ-911

58. ***ਸੰਸਕ੍ਰਿਤ ਪੰਜਾਬੀ ਕੋਸ਼***, ਪੰਨਾ-616

59. ਪ੍ਰੇਮ ਪ੍ਰਕਾਸ਼ ਸਿੰਘ (ਡਾ.), ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ***, ਪੰਨਾ-134

60. ***ਮਹਾਨਕੋਸ਼,*** ਪੰਨਾ-1114

61. ਹਰਮਿੰਦਰ ਸਿੰਘ ਬੇਦੀ (ਡਾ.), ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ***, ਪੰਨਾ-187

62. ਤਰਲੋਚਨ ਸਿੰਘ ਬੇਦੀ(ਡਾ.), ***ਉਹੀ***, ਪੰਨਾ-201

63. ਹਰਮਿੰਦਰ ਸਿੰਘ ਬੇਦੀ (ਡਾ.), ***ਉਹੀ***, ਪੰਨਾ-187

64. ***ਗੁਰਸ਼ਬਦ ਰਤਨਾਕਰ ਮਹਾਨਕੋਸ਼*** , ਪੰਨਾ-748

65. ਬਲਬੀਰ ਸਿੰਘ ਨੰਦਾ (ਡਾ.), ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ***, ਪੰਨਾ-115

# ਅਧਿਆਇ ਚੌਥਾ

# ਗੁਰਬਾਣੀ ਦੀ ਉਦਾਸੀ ਵਿਆਖਿਆਕਾਰੀ : ਨਿਖੜਵੇਂ ਪਹਿਲੂ

**4.0 ਵਿਸ਼ਾ ਪ੍ਰਵੇਸ਼ :** ਧਰਮ ਇੱਕ ਵਿਸ਼ਵਿਆਪੀ ਅਤੇ ਸਦੀਵੀ ਸੱਚ ਹੈ। ਧਰਮ ਦੀ ਹੋਂਦ ਗੁਰੂਆਂ, ਅਵਤਾਰਾਂ, ਭਗਤਾਂ ਅਤੇ ਪੈਗ਼ੰਬਰਾਂ ਨੂੰ ਪ੍ਰਾਪਤ ਹੋਏ ਰੱਬੀ ਇਲਹਾਮ ਉੱਪਰ ਟਿਕੀ ਹੁੰਦੀ ਹੈ। ਰੱਬੀ ਇਲਹਾਮ ਨੂੰ ਉਸੇ ਸੰਦਰਭ ਵਿੱਚ ਸਮਝ ਸਕਣਾ ਜਨ-ਸਧਾਰਨ ਦੇ ਵੱਸ ਦੀ ਗੱਲ ਨਹੀਂ ਹੁੰਦੀ। ਕਿਉਂਕਿ ਇਸ ਦੀ ਭਾਸ਼ਾ ਰਹੱਸਵਾਦੀ ਅਨੁਭਵ ਨਾਲ ਭਰਪੂਰ ਕਾਫ਼ੀ ਜਟਿਲ ਅਤੇ ਗੁੰਝਲਦਾਰ ਹੁੰਦੀ ਹੈ। ਇਸ ਭਾਸ਼ਾ ਦੀਆਂ ਰਹੱਸਮਈ ਅਤੇ ਪ੍ਰਤੀਕਾਤਮਕ ਰਮਜ਼ਾਂ ਨੂੰ ਖੋਲ੍ਹਣ ਲਈ ਵਿਆਖਿਆਕਾਰਾਂ ਦੀ ਲੋੜ ਪੈਂਦੀ ਹੈ। ਵਿਆਖਿਆਕਾਰੀ ਦੀ ਇਸ ਲੋੜ ਸਬੰਧੀ ਕਿਹਾ ਜਾ ਸਕਦਾ ਹੈ ਕਿ ਸੰਸਾਰ ਦੇ ਹਰ ਧਰਮ ਵਿੱਚ ਉਸ ਦੇ ਮੂਲ ਪ੍ਰੇਰਕਾਂ, ਪੈਗ਼ੰਬਰਾਂ ਅਤੇ ਗੁਰੂਆਂ ਦੀ ਦੇਣ ਅਵੱਸ਼ ਹੁੰਦੀ ਹੈ, ਜੋ ਆਪਣੇ ਦੈਵੀ ਆਵੇਸ਼ ਦੇ ਆਧਾਰ ਉੱਤੇ ਧਰਮ ਦਾ ਸੰਚਾਲਨ ਕਰਦੇ ਹਨ, ਨਾਲ ਹੀ ਧਰਮ ਦੇ ਉਨ੍ਹਾਂ ਬੁੱਧੀਮਾਨ ਵਿਆਖਿਆਕਾਰਾਂ ਦੀ ਦੇਣ ਵੀ ਮਹਾਨ ਹੁੰਦੀ ਹੈ ਜੋ ਅਧਿਆਤਮਿਕ ਰਾਹਬਰਾਂ ਵਲੋਂ ਉਲੀਕੇ ਮਾਰਗ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਜਨ-ਸਧਾਰਨ ਦੇ ਸਨਮੁੱਖ ਪੇਸ਼ ਕਰਦੇ ਹਨ।[1]

ਗੁਰਬਾਣੀ ਦੀ ਵਿਆਖਿਆ ਪਰੰਪਰਾ ਵਿੱਚ ਉਦਾਸੀ ਪ੍ਰਣਾਲੀ ਦਾ ਵੱਡਮੁੱਲਾ ਯੋਗਦਾਨ ਹੈ। ਇਨ੍ਹਾਂ ਰਮਤੇ ਸਾਧੂਆਂ ਨੇ ਗੁਰਬਾਣੀ ਦੀਆਂ ਬੀੜਾਂ ਸਮੇਤ ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਗੁਟਕੇ ਹੱਥੀਂ ਲਿਖ ਕੇ ਲੋਕਾਂ ਤੱਕ ਪਹੁੰਚਾਏ। ਇਨ੍ਹਾਂ ਸਾਧੂਆਂ ਨੇ ਇਹ ਨਿਸ਼ਕਾਮ ਸੇਵਾ ਉਦੋਂ ਨਿਭਾਈ ਜਦੋਂ ਛਾਪੇਖਾਨੇ ਦੀ ਬੜੀ ਵੱਡੀ ਘਾਟ ਸੀ। ਉਦਾਸੀ ਪ੍ਰਣਾਲੀ ਦੇ ਵਿਆਖਿਆਕਾਰਾਂ ਵਿੱਚ ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ, ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ ਨਾਲ ਸੰਬੰਧਿਤ ਉਦਾਸੀ ਮਹਾਤਮਾਵਾਂ ਤੋਂ ਇਲਾਵਾ ਸਾਧੂ ਆਨੰਦਘਣ, ਸਦਾਨੰਦ, ਪੰਡਤ ਹਰਿਪ੍ਰਸਾਦ ਵੈਦਿਕ ਮੁਨੀ, ਬਿਸ਼ਨ ਦਾਸ ਉਦਾਸੀ ਅਤੇ ਪਰਮਾਨੰਦ ਆਦਿ ਦਾ ਜ਼ਿਕਰ ਆਉਂਦਾ ਹੈ। ਸ਼ੁਰੂ-ਸ਼ੁਰੂ ਵਿੱਚ ਇਸ ਸੰਪਰਦਾਇ ਦੀ ਵਿਆਖਿਆ ਸ਼ੈਲੀ ਵਧੇਰੇ ਕਰਕੇ ਮੌਖਿਕ ਰਹੀ। ਪਰ ਸੁਆਮੀ ਆਨੰਦਘਨ ਦੇ ਟੀਕਿਆਂ ਨਾਲ ਇਸ ਵਿਆਖਿਆ ਪਰੰਪਰਾ ਦਾ ਰੁਖ਼ ਲਿਖਤੀ ਵਿਆਖਿਆ ਪਰੰਪਰਾ ਵੱਲ ਮੁੜ ਜਾਂਦਾ ਹੈ।

ਬਾਬਾ ਸ੍ਰੀ ਚੰਦ ਦੇ ਮੁਖਾਰਬਿੰਦ 'ਚੋਂ ਉਚਰੇ ਸ਼ਬਦਾਂ ਨੂੰ ਹੀ ਉਦਾਸੀ ਸੰਤ ਬੋਲਾਂ ਤੋਂ ਬੋਲਾਂ ਰਾਹੀਂ ਪ੍ਰਚਾਰਦੇ ਰਹੇ ਪਰ ਜਦੋਂ ਇਹ ਪ੍ਰਚਾਰ ਲੇਖਨ ਸੰਸਾਰ ਨਾਲ ਜੁੜਿਆ ਤਾਂ ਇਸ ਦੇ ਨਿਵੇਕਲੇ ਗੁਣ ਲੱਛਣ ਉੱਭਰ ਕੇ ਸਾਹਮਣੇ ਆਏ।

ਇਨ੍ਹਾਂ ਵਿਆਖਿਆਕਾਰਾਂ ਦੇ ਵਿਆਖਿਆਤਮਕ ਕਾਰਜ ਦੇ ਅਧਾਰ 'ਤੇ ਇਨ੍ਹਾਂ ਨੂੰ ਦੋ ਕੋਟੀਆਂ ਵਿੱਚ ਵੰਡਿਆ ਗਿਆ ਹੈ-

4.1 ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰ

4.2 ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰ

ਇਨ੍ਹਾਂ ਵਿਆਖਿਆਕਾਰਾਂ ਸਬੰਧੀ ਵਿਸਤਾਰਪੂਰਵਕ ਜਾਣਕਾਰੀ ਨਿਮਨ ਅਨੁਸਾਰ ਹੈ-

### 4.1 ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰ :

ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰਾਂ ਦੀ ਕੋਟੀ ਵਿੱਚ ਉਹਨਾਂ ਉਦਾਸੀ ਵਿਆਖਿਆਕਾਰਾਂ ਨੂੰ ਰੱਖਿਆ ਗਿਆ ਹੈ ਜੋ ਵਿਆਖਿਆਕਾਰ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਹੋਏ ਹਨ। ਜਿਵੇਂ – ਬਾਬਾ ਸ੍ਰੀ ਚੰਦ ਜੀ, ਬਾਬਾ ਗੁਰਦਿੱਤਾ ਜੀ, ਚਾਰ ਧੂਣੇ ਅਤੇ ਛੇ ਬਖਸ਼ਿਸ਼ਾਂ ਨਾਲ ਸੰਬੰਧਿਤ ਉਦਾਸੀ ਵਿਆਖਿਆਕਾਰ।

### 4.1.1 ਪਹਿਲੇ ਉਦਾਸੀ ਵਿਆਖਿਆਕਾਰ : ਬਾਬਾ ਸ੍ਰੀ ਚੰਦ ਜੀ (1494-1643)

ਇਤਿਹਾਸ ਗਵਾਹ ਹੈ ਕਿ ਬਾਬਾ ਸ੍ਰੀ ਚੰਦ ਜੀ ਆਪਣੇ ਗੁਰੂ-ਪਿਤਾ ਦੀ ਵਿਚਾਰਧਾਰਾ ਦੇ ਪਹਿਲੇ ਵੱਡੇ ਪੈਰੋਕਾਰ ਅਤੇ ਸਸ਼ਕਤ ਪ੍ਰਚਾਰਕ/ਵਿਆਖਿਆਕਾਰ ਸਨ।[2] 1494 ਈ. ਵਿੱਚ ਨਿਰੰਕਾਰ ਸਰੂਪ ਗੁਰੂ ਨਾਨਕ ਸਾਹਿਬ ਅਤੇ ਪਵਿੱਤਰ ਰੂਹ ਮਾਤਾ ਸੁਲੱਖਣੀ ਜੀ ਦੇ ਘਰ ਇਸ ਮਹਾਨ ਆਤਮਾ ਦਾ ਆਗਮਨ ਹੋਇਆ। ਬਾਬਾ ਸ੍ਰੀ ਚੰਦ ਜੀ ਬਹੁ-ਪੱਖੀ, ਨਿਰਾਲੀ ਅਤੇ ਅਨੂਠੀ ਸ਼ਖ਼ਸੀਅਤ ਦੇ ਮਾਲਕ ਸਨ। ਇਸ ਮਹਾਨ ਤਪੱਸਵੀ ਅਤੇ ਮਹਾਨ ਤਿਆਗੀ ਰੂਹ ਨੂੰ 'ਸੰਤਨ ਕੋ ਟੀਕੋ' ਅਤੇ ਸੰਤਾਂ ਵਿੱਚੋਂ ਸ਼੍ਰੋਮਣੀ ਸੰਤ ਆਖ ਕੇ ਵਡਿਆਇਆ ਜਾਂਦਾ ਹੈ। ਉਹਨਾਂ ਨੇ ਇੱਕ ਮਿਸ਼ਨਰੀ ਵਜੋਂ ਸਿੱਖ ਪੰਥ ਲਈ ਜੋ ਕਾਰਜ ਕੀਤਾ ਉਸਦੀ ਪ੍ਰੇਰਨਾ ਉਹਨਾਂ ਨੇ ਆਪਣੇ ਗੁਰੂ ਪਿਤਾ ਤੋਂ ਹੀ ਲਈ ਸੀ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਜੀ ਦੀ ਚੌਥੀ ਉਦਾਸੀ ਤੱਕ ਅਧਿਆਤਮਕ ਪੱਖੋਂ ਕਾਫ਼ੀ ਨਿਪੁੰਨਤਾ ਹਾਸਲ ਕਰ ਲਈ ਸੀ ਅਤੇ ਨਾਲੋਂ-ਨਾਲ ਵੇਦ-ਪੁਰਾਣ ਅਤੇ

ਸ਼ਾਸਤਰਾਂ ਦਾ ਗਿਆਨ ਵੀ ਹਾਸਲ ਕਰ ਲਿਆ ਸੀ। ਬਾਬਾ ਸ੍ਰੀ ਚੰਦ ਨੇ ਇਹ ਗਿਆਨ ਕਸ਼ਮੀਰ ਰਹਿੰਦਿਆਂ ਪ੍ਰਾਪਤ ਕੀਤਾ ਸੀ।

ਰਚਨਾ ਦਾ ਰਚਨਾਕਾਰ ਨਾਲ ਬਹੁਤ ਨੇੜਲਾ ਸਬੰਧ ਹੁੰਦਾ ਹੈ। ਰਚਨਾਕਾਰ ਦੀ ਹਰ ਰਚਨਾ ਵਿੱਚ ਉਸਦੀ ਸਮੁੱਚੀ ਸ਼ਖ਼ਸੀਅਤ ਸਮਾਈ ਹੁੰਦੀ ਹੈ ਜਾਂ ਫਿਰ ਕਿਹਾ ਜਾ ਸਕਦਾ ਹੈ ਕਿ ਕਿਸੇ ਵਿਅਕਤੀ ਦੀ ਰਚਨਾ ਉਸਦੇ ਮਨ, ਵਿਅਕਿਤਤਵ ਅਤੇ ਜੀਵਨ ਚਰਿੱਤਰ ਨੂੰ ਸਹੀ ਅਰਥਾਂ ਵਿੱਚ ਦਰਸਾਉਣ ਵਾਲਾ ਸਭ ਤੋਂ ਉੱਤਮ, ਠੋਸ, ਪ੍ਰਭਾਵਸ਼ਾਲੀ ਅਤੇ ਪ੍ਰਮਾਣਿਕ ਸਬੂਤ ਹੁੰਦੀ ਹੈ।[3] ਜਦੋਂ ਬਾਬਾ ਸ੍ਰੀ ਚੰਦ ਜੀ ਦੇ ਜੀਵਨ ਬਿਰਤਾਂਤ ਅਤੇ ਰਚਨਾਵਾਂ ਨੂੰ ਵਾਚਿਆ ਜਾਂਦਾ ਹੈ ਤਾਂ ਇਹ ਤੱਥ ਭਲੀਭਾਂਤ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਉਹ ਬਚਪਨ ਤੋਂ ਹੀ ਪਿਤਾ ਪ੍ਰੇਮੀ ਸਨ ਉਨ੍ਹਾਂ ਲਈ ਗੁਰੂ ਨਾਨਕ ਦੇਵ ਜੀ ਕੇਵਲ ਇੱਕ ਪਿਤਾ ਹੀ ਨਹੀਂ ਸਨ ਬਲਕਿ ਸੱਚੇ ਗੁਰੂ ਅਤੇ ਪਰਮੇਸ਼ਰ ਸਰੂਪ ਵੀ ਸਨ।

ਉਨ੍ਹਾਂ ਦਾ ਗੁਰੂ ਨਾਨਕ ਦੇਵ ਜੀ ਨਾਲ ਇੰਨਾ ਪਿਆਰ ਸੀ ਕਿ ਉਹ ਰਾਤ ਨੂੰ ਆਪਣੇ ਪਿਤਾ ਜੀ ਨਾਲ ਹੀ ਸੌਣਾ ਪਸੰਦ ਕਰਦੇ ਸਨ। ਜਦੋਂ ਅੰਮ੍ਰਿਤ ਵੇਲੇ ਗੁਰੂ ਨਾਨਕ ਸਾਹਿਬ ਨੇ ਇਸ਼ਨਾਨ ਕਰਨ ਉਪਰੰਤ ਸਮਾਧੀ ਵਿੱਚ ਜੁੜਨਾ ਤਾਂ ਕਦੇ-ਕਦੇ ਬਾਬਾ ਸ੍ਰੀ ਚੰਦ ਜੀ ਦੀ ਅੱਖ ਖੁੱਲ੍ਹ ਜਾਣੀ, ਉਨ੍ਹਾਂ ਨੇ ਆਪਣੇ ਪਿਤਾ ਗੁਰੂ ਨੂੰ ਅਕਾਲ ਪੁਰਖ ਦੀ ਉਸਤਤਿ ਵਿੱਚ ਜੁੜੇ ਦੇਖਣਾ ਤਾਂ ਉਨ੍ਹਾਂ ਦੇ ਬਾਲ ਮਨ ਉੱਪਰ ਇਸ ਦਾ ਪ੍ਰਭਾਵ ਪੈਣਾ ਸੁਭਾਵਕ ਹੀ ਸੀ। ਪਿਤਾ ਦੇ ਨਕਸ਼ੇ ਕਦਮਾਂ ਉੱਪਰ ਚੱਲਦਿਆਂ ਉਨ੍ਹਾਂ ਨੇ ਵੀ ਸਮਾਧੀਆਂ ਲਾਉਣੀਆਂ ਆਰੰਭ ਕਰ ਦਿੱਤੀਆਂ। ਉਨ੍ਹਾਂ ਨੂੰ ਪ੍ਰਭੂ ਨਾਮ ਦੀ ਚੇਟਕ ਆਪਣੇ ਪਿਤਾ ਗੁਰੂ ਨੂੰ ਵੇਖ ਕੇ ਹੀ ਲੱਗੀ ਸੀ। ਉਨ੍ਹਾਂ ਨੂੰ ਪਿਤਾ ਕੋਲ ਜਾ ਕੇ ਬੈਠਣਾ, ਉਨ੍ਹਾਂ ਦੇ ਬਚਨ ਸੁਣਨਾ, ਉਨ੍ਹਾਂ ਨੂੰ ਕਾਰ ਵਿਹਾਰ ਕਰਦਿਆਂ ਵੇਖਣਾ, ਬਹੁਤ ਚੰਗਾ ਲੱਗਦਾ ਸੀ। ਹੁਣ ਉਹ ਪਿਤਾ ਪਾਸੋਂ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛਣ ਲੱਗ ਪਏ ਸਨ। ਪਿਤਾ ਪਾਸੋਂ ਗੱਲ ਸਮਝਣੀ ਉਨ੍ਹਾਂ ਨੂੰ ਚੰਗੀ ਚੰਗੀ ਲੱਗਦੀ, ਉਹ ਅਕਸਰ ਸਮਾਧੀ ਵਿੱਚ ਲਿਵਲੀਨ ਰਹਿਣ ਲੱਗੇ। ਅਸਲ ਵਿੱਚ ਵਿਰਕਤਾ, ਬੇਲਾਗਤਾ, ਨਿਰਲੇਪਤਾ ਅਤੇ ਉਪਰਾਮਤਾ ਵਰਗੀ ਆਤਮਿਕ ਅਵਸਥਾ ਉਹਨਾਂ ਨੂੰ ਜਣਨਿਕ ਵਿਰਾਸਤ ਵਿੱਚੋਂ ਮਿਲੀ ਸੀ।

ਗੁਰੂ ਨਾਨਕ ਸਾਹਿਬ ਮੋਦੀਖ਼ਾਨੇ ਵਿੱਚ ਨੌਕਰੀ ਕਰਨ ਅਤੇ ਹੋਰ ਦੁਨਿਆਵੀ ਕਾਰ ਵਿਹਾਰ ਕਰਨ

ਦੇ ਨਾਲ-ਨਾਲ ਇੱਕ ਪਿਤਾ ਦਾ ਫ਼ਰਜ਼ ਵੀ ਬਾਖ਼ੂਬੀ ਨਿਭਾਉਂਦੇ ਸਨ। ਉਨ੍ਹਾਂ ਨੇ ਖ਼ੁਦ ਬਾਬਾ ਸ੍ਰੀ ਚੰਦ ਜੀ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਅੱਖਰ ਬੋਧ ਦਾ ਮੁੱਢਲਾ ਗਿਆਨ ਗੁਰੂ ਨਾਨਕ ਸਾਹਿਬ ਨੇ ਆਪ ਆਪਣੇ ਪੁੱਤਰ ਸ੍ਰੀ ਚੰਦ ਨੂੰ ਦਿੱਤਾ। ਉਹ ਅਜੇ ਮਸਾਂ ਸੱਤ ਕੁ ਸਾਲਾਂ ਦੇ ਹੀ ਹੋਏ ਸਨ, ਜਦੋਂ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਬੇਬੇ ਨਾਨਕੀ ਦੀ ਝੋਲੀ ਵਿੱਚ ਪਾ ਕੇ ਆਪ ਜਗਤ ਦੇ ਉਧਾਰ ਲਈ ਉਦਾਸੀਆਂ ਦਾ ਆਗਾਜ਼ ਕੀਤਾ। ਉਨ੍ਹਾਂ ਨੇ ਬੇਬੇ ਨਾਨਕੀ ਨੂੰ ਬਾਲ ਸ੍ਰੀ ਚੰਦ ਜੀ ਦੀ ਪੜ੍ਹਾਈ ਨੂੰ ਅੱਗੇ ਜਾਰੀ ਰੱਖਣ ਲਈ ਕਿਹਾ।

ਬਾਲ ਸ੍ਰੀ ਚੰਦ ਜੀ ਉੱਪਰ ਪਿਤਾ ਦੀ ਸੰਗਤ ਦਾ ਚੋਖਾ ਅਸਰ ਪਿਆ। ਉਹ ਆਂਢ ਗੁਆਂਢ ਦੇ ਬੱਚਿਆਂ ਨੂੰ ਇਕੱਠੇ ਕਰਕੇ ਸਮਾਧੀ ਲਾਉਣ ਅਤੇ ਸਤਿਨਾਮੁ ਦਾ ਜਾਪ ਕਰਨ ਦੀ ਜਾਚ ਸਿਖਾਉਣ ਲੱਗੇ। ਜਦੋਂ ਬੇਬੇ ਨਾਨਕੀ ਬਾਲ ਸ੍ਰੀਚੰਦ ਜੀ ਨੂੰ ਸਮਾਧੀ ਲਾਉਂਦੇ ਵੇਖਦੇ ਤਾਂ ਉਨ੍ਹਾਂ ਨੂੰ ਆਪਣੇ ਭਰਾ ਗੁਰੂ ਨਾਨਕ ਸਾਹਿਬ ਦੁਆਰਾ ਬਾਬਾ ਸ੍ਰੀ ਚੰਦ ਬਾਰੇ ਕੀਤੀ ਭਵਿੱਖਬਾਣੀ ਸੱਚ ਹੁੰਦੀ ਜਾਪਦੀ ਕਿ ਇਹ ਬਾਲ ਜਤੀ ਹੋਵੇਗਾ, ਵੱਡਾ ਪ੍ਰਤਾਪੀ ਹੋਵੇਗਾ। ਇਹ ਆਪਣਾ ਇੱਕ ਨਿਆਰਾ ਪੰਥ ਚਲਾਏਗਾ। ਇਸ ਦੀ ਸਿੱਖਿਆ ਨੂੰ ਸਾਧੂ ਸੰਤਾਂ ਅਤੇ ਸਿੱਧ ਪੁਰਖਾਂ ਦੁਆਰਾ ਵੀ ਮੰਨਿਆ ਜਾਵੇਗਾ।

ਬਾਲ ਸ੍ਰੀ ਚੰਦ ਪਿਤਾ ਗੁਰੂ ਦੇ ਜਾਣ ਤੋਂ ਦੋ ਸਾਲਾਂ ਤੱਕ ਭੂਆ ਬੇਬੇ ਨਾਨਕੀ ਕੋਲ ਰਹਿ ਕੇ ਮਾਤਾ ਸੁਲੱਖਣੀ ਨਾਲ ਆਪਣੇ ਨਾਨਕੇ 'ਪੱਖੋਵਾਲ' ਚਲੇ ਗਏ। ਪੱਖੋਵਾਲ ਮਾਤਾ ਸੁੱਲਖਣੀ ਜੀ ਦਾ ਜੱਦੀ ਪਿੰਡ ਸੀ। ਜੋ ਬਟਾਲੇ ਤੋਂ 25 ਕਿਲੋਮੀਟਰ ਦੀ ਵਿੱਥ ਉੱਤੇ ਸਥਿਤ ਸੀ। ਉੱਥੇ ਵੀ ਉਹ ਖਾਣ ਪੀਣ ਵੱਲੋਂ ਉਪਰਾਮ, ਖੇਡਣ ਵੱਲੋਂ ਉਦਾਸੀਨ, ਮਾਨੋ ਸੰਸਾਰਕ ਪਦਾਰਥਾਂ ਵੱਲੋਂ ਉਨ੍ਹਾਂ ਦਾ ਚਿੱਤ ਹੀ ਉੱਠ ਗਿਆ ਹੋਵੇ, ਉਹ ਵਿਰਕਤ ਹੋਏ ਕੇਵਲ ਪ੍ਰਭੂ ਨਾਮ ਸਿਮਰਨ ਵਿੱਚ ਹੀ ਜੁੜੇ ਰਹਿੰਦੇ। ਉਹ ਦੁਨੀਆਂਦਾਰਾਂ ਵਿੱਚ ਰਹਿੰਦਿਆਂ ਉਨ੍ਹਾਂ ਦੇ ਕੋਲੋਂ ਹੀ ਗੁਜ਼ਰ ਜਾਂਦੇ ਪਰ ਆਪ ਤਿਆਗੀਆਂ ਵਾਂਗ ਕਿਸੇ ਗੱਲ ਵਿੱਚ ਖਚਿਤ ਨਾ ਹੁੰਦੇ, ਉਹ ਤਾਂ ਸੱਚਮੁੱਚ 'ਘਰ ਹੀ ਮਾਹਿ ਉਦਾਸਾ' ਵਾਲੀ ਅਵਸਥਾ ਵਿੱਚ ਪੁੱਜੇ ਹੋਏ ਸਨ।[4]

ਪਹਿਲੀ ਉਦਾਸੀ ਪੂਰੀ ਕਰਨ ਉਪਰੰਤ ਜਦੋਂ ਗੁਰੂ ਨਾਨਕ ਸਾਹਿਬ 8 ਸਾਲਾਂ ਮਗਰੋਂ ਘਰ ਪੁੱਜੇ ਤਾਂ ਉਸ ਸਮੇਂ ਤੱਕ ਬਾਬਾ ਸ੍ਰੀ ਚੰਦ ਜੀ ਕਿਸ਼ੋਰ ਅਵਸਥਾ ਵਿੱਚ ਪਹੁੰਚ ਚੁੱਕੇ ਸਨ। ਗੁਰੂ ਨਾਨਕ ਸਾਹਿਬ ਨੇ ਆਪਣੇ 15 (ਪੰਦਰਾਂ) ਸਾਲ ਦੇ ਬਾਲਕ ਨੂੰ ਅਜੇ ਹੋਰ ਅਧਿਆਤਮਕ ਗਿਆਨ ਨਾਲ ਨਿਵਾਜਣਾ ਸੀ, ਬੇਸ਼ੱਕ

ਬਾਬਾ ਸ਼੍ਰੀ ਚੰਦ ਜੀ ਉਸ ਸਮੇਂ 15 (ਪੰਦਰਾਂ) ਸਾਲਾਂ ਦੇ ਭਰ ਜਵਾਨ ਵੀ ਹੋ ਚੁੱਕੇ ਸਨ ਪਰ ਫਿਰ ਵੀ ਆਪਣੇ ਪਿਤਾ ਜੀ ਦੇ ਨਾਲ ਹੀ ਸੁੱਤੇ ਸਨ। ਪਿਤਾ ਗੁਰੂ ਨਾਲ ਸੌਣਾ ਤਾਂ ਸਿਰਫ਼ ਇੱਕ ਬਹਾਨਾ ਸੀ, ਅਸਲ ਵਿੱਚ ਬਾਲ ਸ਼੍ਰੀ ਚੰਦ ਜੀ ਪਿਤਾ ਪਾਸੋਂ ਅਧਿਆਤਮਕ ਜਗਤ ਦੀਆਂ ਡੂੰਘੀਆਂ ਰਮਜ਼ਾਂ ਦਾ ਗਿਆਨ ਹਾਸਲ ਕਰਨਾ ਚਾਹੁੰਦੇ ਸਨ। ਬਾਬਾ ਸ਼੍ਰੀ ਚੰਦ ਜੀ ਨੇ ਸਾਧਕ ਰੂਪ ਵਿੱਚ ਗੁਰੂ ਪਿਤਾ ਪਾਸੋਂ ਡੂੰਘਾ ਅਧਿਆਤਮਕ ਗਿਆਨ ਹਾਸਲ ਕੀਤਾ ਸੀ।

ਇਸ ਪ੍ਰਕਾਰ ਸਪੱਸ਼ਟ ਹੁੰਦਾ ਹੈ ਕਿ ਬਾਬਾ ਸ਼੍ਰੀ ਚੰਦ ਜੀ ਦੀ ਸਮੁੱਚੀ ਵਿਅਕਤਤਿਤਵ ਘਾੜਤ ਉੱਪਰ ਮਾਤਾ-ਪਿਤਾ, ਘਰੇਲੂ ਮਾਹੌਲ, ਪਰਿਵਾਰਕ ਪਿਛੋਕੜ ਅਤੇ ਜਣਨਿਕ ਵਿਰਾਸਤ ਦਾ ਚੋਖਾ ਪ੍ਰਭਾਵ ਸੀ। ਗੁਰੂ ਨਾਨਕ ਸਾਹਿਬ ਦੇ ਜੀਵਨ-ਬ੍ਰਿਤਾਂਤ ਤੋਂ ਇਹ ਸੰਕੇਤ ਪ੍ਰਾਪਤ ਹੁੰਦੇ ਹਨ ਕਿ ਉਹਨਾਂ ਆਪਣੇ ਸਪੂਤ ਬਾਬਾ ਸ਼੍ਰੀ ਚੰਦ ਜੀ ਦੀ ਨਿਰਬਾਣ ਬਿਰਤੀ ਨੂੰ ਵੇਖਦੇ ਹੋਏ ਉਹਨਾਂ ਨੂੰ ਅਦਵੈਤ-ਚਿੰਤਨ ਵੱਲ ਪ੍ਰੇਰਿਆ ਸੀ। ਬਾਬਾ ਸ਼੍ਰੀ ਚੰਦ ਨੇ ਚਾਰ ਬਾਣੀਆਂ- (ੳ)ਆਰਤਾ (ਅ) ਸਹੰਸਰ ਨਾਮਾ (ੲ) ਗੁਰ ਗਾਇਤ੍ਰੀ (ਸ) ਮਾਤ੍ਰਾ ਬਾਣੀ ਦੀ ਰਚਨਾ ਕੀਤੀ। ਜਿਨ੍ਹਾਂ ਦਾ ਪਾਠਗਤ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**(ੳ) ਬਾਬਾ ਸ਼੍ਰੀ ਚੰਦ ਜੀ ਮੁਖ ਵਾਕ ਆਰਤਾ**

ਚਾਰੁ ਕੁੰਟ ਜਾਕੀ ਧਰਮ ਸਾਲਾ।।

ਸੰਗਤ ਗਾਵੈ ਸਬਦ ਰਸਾਲਾ।।

ਆਰਤਾ ਕੀਜੈ-ਨਾਨਕ ਸਹਿ-ਪਾਤਸ਼ਾਹ ਕਾ।।

ਹਰਿ ਹਰਿ ਦੀਨ ਦੁਨੀਆ ਕੇ ਸ਼ਾਹਿਨ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਸ਼ਾਹ ਕਾ ।।1।।

ਕੋਟ ਦੇਵੀ ਜਾਂਕੀ ਜੋਤ ਜਗਾਵੈ।।

ਕੋਟਿ ਤੇਤੀਸ ਜਾਂਕੀ ਉਸਤਿਤ ਗਾਵੈ।

ਆਰਤਾ ਕੀਜੈ ਨਾਨਕ ਸ਼ਾਹਿ ਪਾਤਿਸ਼ਾਹਿ ਕਾ ।।

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ ।।2।।

ਛਿਨਵੇ ਕ੍ਰੋੜ ਜਾਂਕੇ ਚਰਨ ਪਖਾਰੇ ।।

ਭਾਰ ਅਠਾਰਹਿ ਜਾਂ ਕੀ ਪੁਹੁਪ ਕੀ ਮਾਲਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹਾ ਕਾ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।

ਹਰਿ ਹਰਿ ਦੀਨ ਦੁਨੀਆਂ ਕੇ ਸਾਹਿਨਿਸਾਹ ਕਾ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।।।3।।

ਪਵਨ ਰਾਇ ਜਾਂ ਕੋ ਚੰਵਰ ਝੁਲਾਵੈ ।।

ਰਿਖ ਮੁਨ ਜਾਂਕੋ ਧਿਆਨ ਲਗਾਵੈ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹਿ ਕਾ ।।

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ ।।4।।

ਪੰਚ ਪਰਵਾਨ ਹੈ 'ਸਤਿਗੁਰੂ ਪੂਰਾ'।।

ਵਾਜੈ ਸਬਦੁ ਅਨਾਹਦ ਤੂਰਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹਿ ਕਾ ।।

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।5।।

ਘੰਟਾ ਵਾਜੇ ਧੁਨ ਉਅੰਕਾਰਾ।।

ਅਧਰ ਅਖੰਡ ਜਾ ਕੋ ਝਿਲਮਿਲ ਕਾਰਾ।

ਆਰਤਾ ਕੀਜੈ ਨਾਨਕ ਸਾਹਿ ਪਾਤਿ ਸਾਹਿ ਕਾ ।।

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।6।।

ਸਤਿਨਾਮੁ-ਹੈ-ਸੋਹੰ ਸਾਰਾ।।

ਨਾਨਕ ਨਾਮ ਸੰਤਨ ਅਧਾਰਾ।।

ਆਰਤਾ ਕੀਜੈ ਨਾਨਕ ਸਾਹਿ ਪਾਤਿ ਸਾਹਿ ਕਾ

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।7।।

ਸ੍ਰੀ ਚੰਦ ਵਿਖਾਣੇ ਸਤਿਗੁਰੂ ਨਾਨਕ ਪੂਤਾ।।

ਅਗਮ ਅਗਾਧ ਅਡੋਲ ਅਵਧੂਤਾ।।

ਆਰਤਾ ਕੀਜੈ ਨਾਨਕ ਸਾਹਿ ਪਾਤਿ ਸਾਹਿ ਕਾ ।।

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।8।।

ਜੋ ਜਨ ਨਾਨਕ ਸਾਹ ਕਾ ਆਰਤਾ ਗਾਵੈ।।

ਬਸੈ ਬੈਕੁੰਠ ਪਰਮ ਗਤ ਪਾਵੈ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹਿ ਕਾ ।।

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।9।।

ਸਰਨ ਪਰੇ ਕੀ ਰਾਖ ਦਿਆਲਾ।।

ਨਾਨਕ ਤੁਮਰੇ ਬਾਲ ਗੁਪਾਲਾ।।

ਆਰਤਾ ਕੀਜੈ ਨਾਨਕ ਸਾਹਿ ਪਾਤਿ ਸਾਹਿ ਕਾ ।।

ਹਰਿ ਹਰਿ ਦੀਨ ਦੁਨੀਆਂ ਦੇ ਸਾਹਿਨਿ ਸਾਹ ਕਾ ।।

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ।।10।।[5]

**(ਅ) ਗੁਰੂ ਨਾਨਕ ਸਹੰਸਰਨਾਮਾ**

ਮੂਲ-ਉਅੰ ਸਤਿਦੇਵਾ, ਸਤਿਰੂਪਾ, ਨਿਗਮ ਬੰਸ ਕਰਾ ਸੁਚੀ।।

ਸਤ ਕਰਤਾ, ਸਤ ਨਾਮਾ, ਸਤਚਾਰੀ, ਸਤੋਧਰਾ।।1।।

-ਕਰਤਾਰੀ, ਕ੍ਰਿਤਨਾਮਾ, ਕਾਲਹਾਰੀ, ਕਲਿਹ ਜਿੱਤਾ।।

ਬਿਧ ਰੂਪਾ, ਬੰਧੁ ਮੋਚਾ, ਲੀਲਾ ਰੂਪ ਧਿਯਾਇਕਾ।।2।।

-ਕਾਮ ਰਾਰੀ ਮਨੋਹਰਤਾ, ਪਥ ਗਾਮੀ, ਧਰੋਧਰਾ।।

ਬਿਰਧ ਰੂਪਾ, ਖੰਚਾਰੀ, ਦੇਵ, ਜਿਤਾਸੁਰਾ ਜਿਤੀ।।3।।

-ਪਰਮਿਤਾ ਪਰੋਲੋਕਾ ਦੇਵ ਨਾਨਕ ਮਲਾ ਹਰੀ।।

ਭੂਮਚਾਰੀ, ਬਿਸਵ ਨਾਥਾ, ਬਿਸ ਕਰਤਾ, ਧਰਾ ਬਿੱਸੀ।।4।।

-ਰਾਮ ਰੂਪਾ, ਬਨੇਚਾਰੀ, ਦੇਵ ਪੂਜਨਰੋਤਮਾ।।

ਸੂਨ ਅਲੂ, ਜਨਮ ਧਾਰੀ, ਸਿਖ ਸਾਧ ਉਧਾਰਕਾ।।5।।

-ਸਾਧ ਨੇਮੀ, ਨੇਮਹਾਰੀ, ਬੇਦ ਬੰਸ ਪਰਵਰਧਨਾ।।

ਮਨੁਜਾ, ਮਨੁਜ ਬੇਖੇ, ਨਿਰੰਕਾਰੀ, ਪਰਮੇਸਵਰਾ।।6।।

-ਪਰੋ ਦੇਵਾ, ਪੰਥ ਕਰਤਾ, ਬਹੁ ਰੂਪ, ਬਿਰੂਪਕਾ।।

ਨਾਮ ਜਾਪੀ, ਨਾਮ ਥਾਪੀ, ਨਾਮ ਨਾਵ, ਕਰੋਧਰਾ।।7।।

-ਸਮਤਾ, ਸੋਮਲਾ, ਸਬਾਮੀ, ਮਨੋ ਵਾਂਛਤ ਦਾਯਕਾ।।

ਵਾਸ ਨਾਸੀ, ਮਨੋਨਾਸੀ, ਤਤ ਗਿਆਨ ਪ੍ਰਬੋਧਨਾ।।8।।

-ਜੱਗ ਜੀਵਾਂ, ਜੱਗ ਵੀਜਾਂ, ਜਗ ਹਾਰੀ, ਜੱਗ ਨਾਯਕਾ।।

ਜੱਗ ਪਿਤਾ, ਜੱਗ ਜਿਤਾ, ਜਗ ਨਾਥੋ, ਤ੍ਰੈ ਕਾਰ ਹਾਂ।।9।।

-ਜੋਗ ਰੂਪਾ, ਜੋਗ ਜੁਗਤਾ, ਜੋਗੰਗਾ, ਧਯਾਨ ਧਾਰਨਾ।।

ਜੋਗ ਪਦ, ਧਰਾ ਜੁਗਤੀ, ਜੋਗ ਕਾਰੰ ਮਨੋਗਤੀ।।10।।

-ਤਪੋ ਨਿਸਾਂ, ਤਪੋ ਜੁਗਤਾ, ਤਾਪਸੀਚ, ਤਪੋ ਪ੍ਰਿਯਾ।।

ਤਪੋ ਧਨਾ, ਤਪੋ ਮਨਾ, ਤਪਸਾ, ਤਾਪ ਜੀਤਨਾ।।11।।

-ਕਰਤਾ ਕਾਰਨੋ ਸਾਰਾ ਪੁਰਕਰਤਾਰ ਸੁਖੇਲਕਾ।।

ਧਾਮੀ ਧਾਮ ਸਜਾ ਧਾਰੀ, ਸਾਂਤ ਰੂਪਾਵਨੀ ਧਰਾ।।12।।

-ਵੈਕੁੰਠਾ ਕੁੰਠ ਗਾਮੀ ਚਪੰ ਚਕਾਪੰਚ ਸੇਵਕਾ।।

ਪੰਚ ਮਾਨਾ ਪੰਚ ਜਾਨਾ ਪੰਚਹਾ ਪੰਚਮ ਪ੍ਰਿਯਾ।।13।।

-ਚਤ੍ਰਬ੍ਰਹੀਂ ਚੱਤ੍ਰਰੂਪਾ ਚਾਰ ਨੈਨ ਸੁਸੁੰਦ੍ਰਾ।।

ਚਾਰ ਬਾਹੂ ਚਾਰ ਪਾਦਾ ਚਾਰ ਚੀਰ ਬਡੋ ਜਸੀ।।14।।

-ਕੰਜ ਬਦਨਾ ਚਾਰ ਹਾਸੀ ਸੇਤ ਭਾਸਿ ਸੇਤੰਬਰਾ।।

ਸੇਵਤ ਮੱਸੂ ਸੇਵਤ ਨਾਮਾ ਸੇਵਤ ਜਾਪੀ ਬਨਾਯਨਾ।।15।।

-ਰਘੁਬੰਸੀ ਜਸੋ ਅਸੀ ਰਾਘਵਾਨੋ ਰਘੁਨੰਦਨਾ।।

ਰਘੁਤਮ ਕੁਲ ਦੀਪਾਂਢੀਪੋ ਦੀਪਤ ਪਾਵਕਾ।।16।।

-ਭੂਪਾਲੋ ਭੂਪ ਰੂਪਾ ਕਰਮੋ ਕਰਮ ਨਾਸਨਾ।।

ਭੂਤ ਭਥਿ ਭਵਿਖਯਾਚ ਸੁਤ੍ਰੈਕਾਲ ਵਿਯਾਪਕਾ।।17।।

-ਕਾਲ: ਕਾਲ ਕਲਾ ਰੂਪਾ ਕਾਲ ਚੱਕ੍ਰ ਵਿਡਾਰਣਾ।।

ਕਾਲ ਰਹਤ: ਕਾਲ ਹਰਤਾ ਕਾਲ ਨਾਸੀ ਕਰ, ਮਹਾਂ।।18।।

-ਪਰਮਾ ਨੰਦਾ, ਨੰਦ ਰੂਪਾ, ਪਵਿਤ੍ਰੰ, ਸ੍ਰਬ ਉਤਮੰ।।

ਸਰਬ ਜਾਪੀ, ਸਰਬ ਤਾਪੀ, ਸਾਰ ਮੂਰਤਿ ਸਤੋ ਬ੍ਰਤਾ।।19।।

-ਪਰਧਾਨੰ ਪਰਸ ਰੂਪੰ, ਨਿਧਾਨ ਗੁਣ ਪੂਰਕੰ।।

ਸਾਧਕਾ ਸਾਧਨਾ ਮੂਰਤੀ ਸਾਧ ਬੇਖ ਮਨੋਹਰਾ।।20।।

-ਸ੍ਰੀ ਚੰਦਾ, ਲਖਮੀ ਦਾਸਾ, ਦਾਸ ਕਰਿ ਦਸ ਨਾਸਕਾ।।

ਪਰਮ ਚੰਦਾ ਧਰਮ ਕੇਤਾ, ਸਤਿਵਾਦੀ ਸਨਾਤਨਾ।।21।।

-ਰਵਿ ਰੂਪਾ ਰਵਿ ਤੇਜਾ ਕ੍ਰਿਤ ਰਵਿ ਪ੍ਰੇਰਕਾ।।

ਤੱਗੋ ਅੱਗ ਹਰਾ ਭਾਰੀ, ਤਮ ਨਾਸੀ ਕਰਨਾਲਯਾ।।22।।

-ਪ੍ਰਜਾ ਕਰਤਾ, ਪ੍ਰਜਾ ਪਾਲਾ, ਪ੍ਰਜਾ ਰੂਪੀ, ਪ੍ਰਜਾ ਪਤੀ।।

ਸ੍ਰੇਸਟਾ ਸ੍ਰੇਸਟ ਮਾਨਾ ਚ ਸ੍ਰੇਸਟ ਰੂਪ ਸ੍ਰਿਸੇਟ ਕਰਾ।।23।।

-ਜਤ ਧਾਰੀ ਸੁਭਾਖਯਾ ਚ ਸੁਭ ਵਾਕ, ਸੁਭ ਲਖਣਾ।।

ਸੁਭ ਦ੍ਰਿਸਟੀ ਸਿਵ ਰੂਪਾ ਸੁਭ ਨੈਨ ਸੁਭੋਪਮਾ।।24।।

-ਗਿਆਨੀ ਗਿਆਨ ਮਈ ਕਾਇਆ ਗਿਆਨ ਸੂਰ ਪੁਰਾਤਨਾ।।

ਭਵ ਕਰਤਾ, ਭਵ ਨਾਸਾ, ਭਵ ਵਿਆਪੀ ਭਵੇਸਵਰਾ।।25।।

-ਨਿਗਮ ਵੇਤਾ ਨਿਗਮ ਕ੍ਰਾਤਾ ਨਿਗਮ ਨਿਗਮੋਧਰਾ।।

ਪ੍ਰਾਣ ਏਸਾ ਪ੍ਰਾਣ ਮੂਰਤੀ, ਪ੍ਰਾਣ ਕ੍ਰਿਤ ਪ੍ਰਾਣ ਬਲੱਭਾ।।26।।

-ਭਦ੍ਰ ਰੂਪੋ ਹਰਿਵਾਸੋ,ਅੱਪ੍ਰਮੇਯ ਸੁਲੋਚਨਾਂ।।

ਲੋਚਾ ਪ੍ਰੱਤ ਗਯਾਤਾ ਆਤਮਾ ਹਰਿ ਪਾਲਕਾ।।27।।

-ਰਿਖੀ ਕੇਸੋ, ਵਿਸੁੱ ਕਰਮਾ ਯੱਗ ਕ੍ਰਿਤਯਾਂ ਗਾਤਕਾ ।।

ਏਕ ਰੂਪਾ, ਨੇਕਧਾਰੀ, ਅਮ੍ਰਿਤੀਚ ਦੁਤੋ ਧਾਰਾ।।28।।

-ਮਹਾਂ ਵੀਰਯੋ, ਮਹਾਂ ਬੁਧੀ ਮਹੇਸੋਜਨ ਵਤਸਲਾ ।।

ਮਹਾਂ ਕ੍ਰਮਾ, ਮਹਾਂ ਤੇਜੋ, ਮਹੇਵੋ ਦ੍ਰਿਗ ਪਾਲਕਾ।।29।।

-ਗੋਵਿੰਦੋ ਸੁਰਨੰਦੋ ਪ੍ਰਮ ਹੰਸੋ, ਪਦਮਾਣਸਾ।।

ਅਚੁੱਤਾ ਕ੍ਰੋਧ ਹਾਰੀਚ, ਵਾਸਦੇਵੋ ਵਿਸ ਰੁਚਤਾ।।30।।

-ਸਤ ਸੰਗੀ ਔਧੂਤਾਚ ਸਿਧ ਰੂਪ ਸਿਧ ਰੂਪ ਸਿਧਾ ਜਿਤੀ।।

ਬਾਬਾ, ਪਰਖੁ ਰੂਪਾਚ, ਅਨੰਤੰ ਰੂਪ ਵਿਸਤਰਾ।।31।।

ਪ੍ਰੇਮਸਵਰੰ ਪਰਾਬ੍ਰਮ ਜਗਤ ਸਵਾਮੀ ਜਗ ਪਿਤਾ।।

ਰਿਖ ਰੂਪੋ ਰਿਖ ਕ੍ਰਿਤੀ ਸੋਮੋਨੀ ਭੂਤ ਕਾਰਨਾ।।32।।

-ਆਦ ਦੇਵੋ ਪ੍ਰਮਾਤਮਾ, ਅਚਲਾ, ਵਰ ਦਾਮਕਾ।।

ਸੰਭੂ, ਸੰਕਰਾ ਰੂਪਾ, ਨਿਰ ਭੋ ਨਿਰਵੈਰਕਾ।।33।।

-ਲੋਕ ਨਾਥੰ ਮਹਦ ਭੂਤ, ਭੀਮ ਕ੍ਰਾਮ ਸੁਭ ਪ੍ਰਦਾ।।

ਆਧਰਾ ਧਾਰਨੋ ਭੂਤ ਪ੍ਰਮਾਣੰ ਬਬਿਸ ਬਿੱਤਾ।।34।।

-ਅਸੋਕਾ ਰੋਗ ਆਰੀਚ ਭੂਚ ਸਾਂਛੀ ਮਹੀਧਰਾ।।

ਮਹਾਂ ਭਾਗੋ, ਮਹਾਂ ਯੋਗੋ ਖਟ ਜਿਤ ਖਟੇ ਸਹਾ।।35।।

-ਛਿਤ ਪਤੀ ਪ੍ਰਭਾ ਰੂਪਾ, ਗੋਸਾਈ ਨਾਰਾਇਣਾ।।

ਸਤਿਗੁਰਾ, ਏਕੰਕਾਰੀ, ਕੂਟਸਥਾ, ਸਿਧੀ ਕਰਾ।।36।।

-ਅਬਾਨਾਸ਼ੀ ਤੇਜ ਪੁੰਜੋ ਕਿਪਾਲਾ ਸਸਆਨਨਾਂ।।

ਗੁਣਾਕੋਰ ਸਿੱਧ ਰੂਪਾ ਵੇਦਮਯ ਸਬਦ ਕਰਾ।।37।।

-ਚਿੱਦ ਰੂਪੀ, ਚਿਦਾ ਨੰਦਾ, ਮਾਧਵੋ, ਜਨ ਬਲੱਭਾ।।

ਜਨਕੋ, ਛੱਤ੍ਰ ਧਾਰੀ, ਚ ਸ੍ਰੀ ਪਤਿ ਸ੍ਰੀ ਸੋਭਨਾ।।38।।

-ਮੰਗਲਾ ਮੰਗਲੋ ਰੂਪਾ ਪਾਵਨਾ ਪਵਨ ਜੀਤਕਾ।।

ਸੋਮੋ, ਪਵਨ ਹਾਰੀ, ਭਗਵਾਨੋ, ਜੁਗਾਦਿਆ।।39।।

-ਅਜਾਚੀ, ਜਾਚਨਾ ਦਾਤਾ ਅਦੈਵਤ ਹਾਰਕਾ।।

ਦੁਰਲਭਾ ਦ੍ਰਗਮੇ ਨਿਤਯੰ, ਨੇਤਰੂਪ, ਪ੍ਰਪੂਰਕਾ।।40।।

-ਕੁਮਾਰੋ ਕਾਮਨਾਚ ਗੌਰਦੇਹ ਗੁਰੋਤਮਾ।।

ਪੰਥ ਨਾਤੋ ਜਾਪਕਾਰੀ ਜਗ ਮਿੱਤ੍ਰ ਪਰਾਪ੍ਰਭੂ।।41।।

-ਤੀਰਥੋ ਤੀਰਥਾ ਸੇਵੀ, ਤਪਾ ਬਾਲਾ, ਸਖਾ ਸੁਭਾ।।

ਲਾਲੋ ਮਿਤ੍ਰਾ, ਦੀਨ ਵੰਧੂ, ਦਦਿਬੋ ਦੇਵ ਲੂਤ ਪੂਜਕਾ।।42।।

-ਦੁਰਾਧ੍ਰ ਸੋ, ਦੁਰਾਗਾਧੋ ਦੁਰਮਦੋ, ਕੋਡਾ ਕ੍ਰਿਤੀ।।

ਨ੍ਰਿਮ ਪੂਜੋ ਗਣੇਸਾਚ ਗਣ ਕ੍ਰਿਤ ਗਣ ਨਾਸਨਾ।।43।।

-ਧ੍ਰਮਿੱ ਸ੍ਰੀ, ਧਰਮਾ ਧਾਰੀ, ਧਾਤਾ ਧਰਮ ਨਾਯਕਾ।।

ਨਰੇਸੋ ਨਗਰਾ ਚਾਰੀ, ਨਵੋ ਦ੍ਰੋਨਵ, ਵਸਾ ਕ੍ਰਿਤੀ।।44।।

-ਗੋਪਤਾ ਗੋਪਤੋ ਨਾਮੀ ਮਰਦਾਨੇ ਪ੍ਰਤਪਾਲਕਾ।।

ਅਨੀਹਾ ਸਈਹਾ ਖਿਆਮਾ ਕਾਵਰੂ ਬਿੱਜਾਗਨਾਂ।।45।।

-ਅਨਸੂਤਾ, ਜਗੰਨਾਥੋ "ਸੇਲੀਧਰ" ਸੁਰ ਸਤਮਾ।।

ਪਤੰਗਾ, ਪਤੰਗ ਵੰਸਾ, ਸ੍ਰਬੇਸਵਰ ਨਿਰੰਜਨਾ।।46।।

-ਤੁਰੀਆ ਰੂਪਾ, ਤੁਰੀ ਤੀਤਾ, ਅਜਿਤੋ, ਨਿਰੰਗਾ।।

ਗਵੇਸੋ ਗੁਰੂਯੋ ਵਿੱਸਨੋ ਰਾਵੀ ਤੀਰ ਬਿਰਾਜਕਾ।।47।।

-ਡੰਡ ਕੋ, ਡੰਡਗਾਮੀ ਚਪਰ ਤਾਪੋ ਵਲਾਹਕਾ।।

ਚੰਮੂੰ ਨਾਥੋ, ਚੰਮੂ ਪਾਲਾ, ਚਤੁਰ ਬੇਦ ਚਤੁਰਾਨਨਾ।।48।।

-ਤਾਪਸੀਚ, ਤਪੋ ਤੇਜਾ, ਸਮਾਸੋਨ ਤਾਪੋ ਨਿਸਟਕਾ।।

ਦਯਾ ਮਯੋ, ਦਯਾ ਦਾਨੋ, ਨਿੰਦ੍ਰਾ ਹਾਰੀ, ਮਹਾਸਨਾ।।49।।

-ਭੂਧਰੋ, ਭੂਹਰੋ, ਭੂਮੀਸ ਚਰਾ ਚਰ ਪੂਜਕਾ।।

ਮਹਾ ਮਾਯੋ, ਮਹਾ ਕਾਯੋ, ਮਹਾ ਤੇਜੋ, ਮਹਾਂ ਬਲਾ।।50।।

-ਯੋਗੋ ਸੋ ਯੋਗ ਰੂਪਾ ਚ ਸੱਤ ਕ੍ਰਿਤ ਸਤ ਵਾਸਨਾ।।

ਦਿੱਬ ਦੇਹਿ ਨਰੋਵਾ ਚ ਪਦਮਾਖੋ ਪਰਾਤ ਪਰਾ।।51।।

-ਪੂਰਾਣੋ ਪੂਰਾ ਵਾਚਾ ਭਵਨੰਦੋ ਭਵੀਸਰਾ।।

ਭੂੰਵ ਤਾਰੋ, ਭਾਰ ਨਾਸੀ, ਭੂੰ ਨਾਥੋ ਪ੍ਰਜਾਗਰਾ।।52।।

-ਸਿੱਖ ਸੋ ਗੁਰੂ ਰੂਪੋ, ਲੀਲਮਯ ਵਿਦਿਯਾ ਦਿਆ।।

ਕੇਸਵੋ ਪੂਰਣ ਤੇਜਾ ਮਦਨਾਰੀ ਜੁਗਤਾ ਕਰਾ।।53।।

-ਸੁਭਾਗੋ ਵਿਸਵਾਧਾਰੋ ਜਲ ਸਾਂਈ ਜਨਾਰਦਨਾ।।

ਵਿਕ੍ਰਤਾ, ਵਿਕ੍ਰਤ ਰੂਪੋ, ਦੁਸ਼ਟ ਦੰਮਨ ਤ੍ਰਿਕਾਲਗੰ।।54।।

-ਕੀਰਤਾ ਕੀਰਤੋ ਦਾਤਾ, ਪੁਰਾਣੰ, ਕੀਰਿਤਿ ਭਾਜਨਾ।।

ਸੇਵਤ ਵਾਸੰ, ਪਾਣ ਮਾਲਾ, ਅਖਲੰ ਸੁਧ ਰੂਪਣੰ।।55।।

-ਮੁਕਤੋ ਨਰਾਧਿਖੰ ਗਯਾਨ ਘਨ ਜਨ ਰਖਕਾ।।

ਸਾਧੇਸੋ, ਸਾਧ ਰੂਪੋ, ਸਾਧਨਾ, ਸਾਧ ਅਰਿਚਤਾ।।56।।

-ਗਤਿ ਕਰੋ, ਬਿਗਤ ਨਾਸੀ, ਗਯਾਤਵਾ, ਸਜਨੰ ਗਤੀ।।

ਆਸ੍ਰਮਾਸ੍ਰਮਾ ਕਰਤਾ, ਸ੍ਰਮ ਨਾਸਾ ਸ੍ਰਮ ਰਖਕਾ।।57।।

-ਭਾਵ ਰੂਪੋ ਭਾਵ ਹਾਰੀ, ਭਾਸਕੋ ਭਵ ਪ੍ਰੇਰਕਾ।।

ਬੈਰਾਠੋ, ਬ੍ਰਿਧ ਮਾਨਾ ਚ ਬ੍ਰਿੱਧ ਪੂਜੋ, ਬ੍ਰਿਧ ਕਰਾ।।58।।

-ਧ੍ਰਵ ਤੇਜਾ, ਧ੍ਰਵੋ ਨਾਮਾ, ਧ੍ਰਵਾਚਾਰੀ ਧ੍ਰਵ ਪੂਜਕਾ।।

ਉਤਪਤੋ, ਥਿਤਾਚਾਰਾ, ਪਾਲਨੋ, ਸੰਹਰਤਕਾ।।59।।

-ਸ੍ਰਤੇਸੋ ਸ੍ਰਤਕਿਰਤੀ ਸ੍ਰਤੱਗਯਾ ਸ੍ਰਤਿਧਾਰਨਾ।।

ਖੇਤ੍ਰਗੱਯੋ, ਖੇਤ੍ਰੱ ਰੂਪਾ ਚ ਖੇਤ੍ਰਪਾਲ ਖੇਤ੍ਰਾਂਤਕਾ।।60।।

-ਅਲਿ ਬਯਾਪੀ ,ਆਦਿ ਨਾਥੋ, ਅਨਾਥੋ ਨਾਥ, ਜੀਤਨਾ।।

ਸਚ ਦਰਸੀ ਸਚ ਰੂਪਾ ਸਚਾ ਵਾਸੋ ਸਚੀਸਵਰਾ।।61।।

-ਰਿਗ ਜੁਜਰੋ ਸਿਯਾਮਾਏ ਤ੍ਰਿਈ ਬੇਦ ਸੁ ਕੱਥਕਾ।।

ਸੰਨਯਾਸੋ, ਸੰਨਯਾਸ ਕਾਰੀ, ਸੰਸਹਾਰੀ ਧ੍ਰਵਾਸਨਾ।।62।।

-ਈਸਵਰੋ ਵਿਕ੍ਰਮੀ ਕ੍ਰਮਾ ਜਗਾਦੰਯਗ ਥਾਪਕਾ।।

ਸੁੱਧੋ ਸੁੱਧ ਕਰਤਾ ਚ ਅਮਲੋ, ਪਰ ਬੁਧਕਾ।।63।।

-ਅਭੇਵੋ ਭੇਵ ਨਾਸੀ, ਸੁਸੰਗੀ, ਸੰਗ ਵਰਜਿਤਾ।।

ਅਨਤੋ, ਨਿਤ ਬਯਾਪੀ ਸਚ ਧ੍ਰਿਤ ਨੇਮੀ ਅਨੇਗਾ।।64।।

-ਧੀਰਜੋ, ਧੀਰਜ ਧਾਰੀ, ਸੁਧਾਰੋ ਚ ਧਰਤਿਕਾ।।

ਨਰਾਕਾਰਾ, ਸੁਰ ਪੂਜੋ, ਵਰਿਸਟੰਚ ਪਰੇਸਨਾ।।65।।

-ਅਤੀਤੋ, ਅਤੀਤੇਸਾ ਚ ਅਤਿਵਾਸੋ ਅਤਿੰਦ੍ਰਤਾ।।

ਅਖਲੇਸੋ ਅਖਲਾਵਾਸਾਖਲ ਪਾਲ, ਅਰਿੰਦਮਾ।।66।।

-ਅਛੂਤੋ ਦੁੰਦ ਹਾਰੀਚ ਜਿਤਾ ਮਿੱਤ੍ਰਾ ਪ੍ਰਮੋਦਨਾ।।

ਰੂੜੋ ਆਰੂੜਾਸਨਾ ਚ ਦੁਤੀ ਅਦੁਤੀ ਰੂਪਕਾ।।67।।

-ਅੱਕ੍ਰੀ, ਕਿਰਿਆ ਵੰਤਾ ਚ ਕਾਰਕੋ ਸਕਤਾਪਤੀ।।

ਸੁਯੰ ਜੋਤੀ ਸੁ ਸੰ ਬੇਦ ਅਧਿਸਾਨੋ ਕੋਡੇਸਵਰਾ।।68।।

-ਹਿਰਨ ਗਰਭੰ, ਪ੍ਰਭਾਏ, ਪ੍ਰਭਾਕਰੋ, ਸੁ ਅੱਖਰਾ।।

ਅਨਾਸਰੋ ਆਸਰਾ, ਮੂਲੋਅਨ ਬੀਜੋ ਰਿਖੀਸਵਰਾ।।69।।

-ਵਿਰੁਜਾ ਰੁਜੋ ਹਰਤਾ, ਵਰ ਦਾਤਾ ਵਹੋ ਪਰਾ।।

ਬੋਧ ਨਿੱਧੀ, ਸਬਦ ਰੂਪਾ, ਸਰਬਗਯੋ ਗੁਣੇਸਵਰਾ।।70।।

-ਨਿੱਧੀ ਸੋ ਨਿੱਧ ਕਰਤਾ, ਧਨਦੋ ਧਨਦਾਰ ਚਿਤਾ।।

ਪ੍ਰਬੀਨੋ, ਸੰਤੋਖਾਤਮਾ, ਕ੍ਰਾਂਤਹਾਰੀ, ਵਿਸੇਖਣਾ।।71।।

-ਪਰਮੇਸੀ, ਸੱਤ ਸਾਰੋਪ੍ਰ, ਰਿਧੀਕਿਲਾਲਾਟਨਾ।।

ਨਾਕੇਸੋ, ਨਾਕਚਾਰੀ ਨਵ ਵੰਸਾ, ਵੰਸ ਦੀਪਕਾ।।72।।

-ਅਕਲੰਕੀ, ਕਲੰਕ ਹਾਰੀ ਕਵੇਸੋ, ਕਮਲਾਪਤੀ।।

ਖੇਚਰਾ, ਖਲਾਤ ਕਾਰਾ-ਧ੍ਰਕੇਸਾ ਧ੍ਰ ਥਾਪਕਾ।।73।।

-ਪੂਤਾਤਮਾ ਪਾਪ ਹਾਰੀ ਚ ਜੀਵੇਸੋ ਜਨਪ੍ਰਿਯਾ।।

ਪੰਚ ਸਾਧੋ ਵਿੱਸ ਭ੍ਰਤਾ ਵਿਸ ਪਤਿ ਵਿਸੰਵਾਂਤਕਾ।।74।।

-ਬਨ ਪ੍ਰਿਯੋ, ਮਹਾਤਮਾਨੋ ਮੁਖੋ, ਪ੍ਰਸਾਦਿ ਦਾਯਕਾ।।

ਪਰਾਵਰੋ ਅਨਾਰੰਭਾ ਰੰਭ ਨਾਸੋ ਰੰਭੇਸਵਰਾ।।75।।

-ਗੂੜੋੜ ਪ੍ਰਾਕ੍ਰਿਤ ਮੂਲਾ ਚ ਅਚਿਤੋ ਮਧੇਸਵਰਾ।।

ਸਨਾਤਨੋ ਪੂਰਬੋ ਦੇਵਾ ਸੁਭਾਵੋ ਸੁਭ ਕੋ ਬੁੱਧੀ।।76।।

-ਅਜੋਨੀ ਜਾਨ ਬਾਹੂ ਚ, ਸੁੱਯ ਸੋਯੱਸ ਕਾਰਕਾ।।

ਅਸੰਖੇਯੋ, ਵਿਭੋਧਾਰੀ, ਧ੍ਰਮਾਵਾਸੋ, ਧ੍ਰਮੀਸਵਰਾ।।77।।

-ਅਨਾਬ੍ਰਿਤੋ, ਪ੍ਰੇਮ ਲੱਖੀ ਅਵੰਸੋ ਵੰਸ ਉਤਮਾਂ।।

ਸੂਤ੍ਰੋ-ਸਕਤਾ ਵਿਯਾਪੀ, ਨਿਰਾਸੀ ਚ ਬੇਦੀ ਪਤੋ।।78।।

-ਬੇਦੀ ਨੰਦੋ, ਬੇਦੀ ਭਰੋ, ਬੇਦੀ ਸੁ ਬੇਦ ਆਯਨਾ।।

ਸ੍ਰਿਸਟ ਪ੍ਰਾਕੋ, ਸਾਰ ਭੂਤਾ, ਆਦੇਸੇ ਭਵ ਭੰਗਕਾ।।79।।

-ਭਗਤੇ ਸੋ ਭਗਤਾ ਪਾਲੋ, ਭਗਤੋ ਬੁਧਿ ਦਾਯਕਾ।।

ਆਭੀਤੋ, ਭੀਤ ਹਾਰੀ, ਚ ਅਰੂਪੋ ਰੂਪ ਉਤਮਾ।।80।।

-ਅਭੇਖੋ, ਭੇਖ ਕਰਤਾਰਾ, ਰਾਜਿੰਦਰੋ, ਰਾਜ ਥਾਪਕਾ।।

ਅਛੇਦ ਪਾਰ ਰੂਪਾ ਚ ਅਮਾਨੀ ਮਾਨ ਦਾਯਕਾ।।81।।

-ਭੂਪੇਸ, ਭੂਪਨੋ ਪੂਜੋ, ਮਾਹੰਤੋ ਚ ਅਰੀਤਕਾ।।

ਤ੍ਰਿਵਰਗੋ, ਸ੍ਰਗਧਾਰੀ, ਵਰਨੋ ਵਰਨੇਸਵਰਾ।।82।।

-ਆਬੰਧੋ, ਧੁੰਧ ਨਾਸੀਚ ਅਲੰਬੋ, ਜਗਲੰਬਕਾ।।

ਪ੍ਰੋਗਿਆਤਾ, ਲੋਕ ਤ੍ਰਾਤਾ, ਜੰਤ੍ਰਕੋਤਾਤ ਜੀਤਨਾਂ।।83।।

-ਅੰਮੰਤ੍ਰੋ, ਮੰਤ੍ਰ ਕਰਤਾ, ਸੁਦੇਸੀ ਇਸਟ ਦੇਵਤਾ।।

ਅਸਤੋ, ਭਾਂਤ ਬਿਯਾਪੀ, ਚ ਉਦਾਰੋ ਦਾਰਿ ਬੰਧਕਾ।।84।।

-ਕਾਲੂ ਜਾ, ਕਾਲੂ ਨੰਦੋ, ਜੁਗਾਵਤੋ ਜੋਗੇਸਵਰਾ।।

ਆਦੇਸੀ, ਕਾਲ ਰਹਿਤਾ, ਅਗਾਧੋ ਮੱਛ ਤਾਰਕਾ।।85।।

-ਸੁਯੰਭਵੋ, ਸੁਯੰਜੋਤੀ, ਅਖੋਭੋ ਖੋਭ ਜੀਤਨਾ।।

ਅਮਿਤੇਜੋ ਮਿੱਤ ਸੂਰਾ ਅਜਨਮੋ ਅਕਾਯਨਾ।।86।।

-ਅਧਾਮੋ ਧਾਮ ਕ੍ਰਤਾ ਚ ਧਾਮਹਾ ਧਾਮ ਬਿਆਪਕਾ

ਜਰਾ ਜੀਤਾ ਜਰਾ ਰਹਿਤਾ ਅਥਾਪੋ ਲੋਕ ਥਾਪਕਾ।।87।।

-ਅਵਾਚੋ, ਵਾਚ ਕੋ ਬਿਯਾਪੀ, ਅਜਾਲੇ ਜਾਲ ਨਾਸਨਾ।।

ਅਲੇ ਰੂਪੋ, ਲੈ ਕਰਤਾ ਸੁ ਸੀਲੋ ਛਬਿ ਧਾਰਕਾ।।88।।

-ਜਗ ਧਾਤ੍ਰੋ ਜਿਤੇਂਦ੍ਰਾ ਚ ਸਤ ਭੂਤੋ ਸੁ ਸਤ ਗਤੀ।।

ਤ੍ਰਿਸਕਤੋ ਦਯਾਰੰਭੋ ਕਲ ਪਾਦੋ, ਕਲ ਪੀਤਕਾ।।89।।

-ਸੁਭੀਬਰੋ, ਗੌਰ ਤੁੰਡੋ, ਅਖੈ ਕ੍ਰੀੜੋ ਦਿਗੰਬਰਾ।।

ਜਿਤਾ ਹਾਰਾ, ਭਿਰਾਮਾ ਚ ਅਪੱਰ ਮਤੋ ਮਤੇਸ੍ਰਰਾ।।90।।

-ਅਨੁਗੋ ਭਿਗਹਾਰੀ ਚ ਆਪ ਰੂਪ ਅਪੋਚਰਾ।।

ਪ੍ਰਜੇਸੋ ਪਾਰਜਾਤਯ ਪੰਚ ਯੱਗ ਪੰਚਏਸਵਰਾ।।91।।

-ਠਾਕਰੋ, ਪੰਨਯ ਰੂਪਾ, ਚ ਸੁਧ ਵਾਕ ਸੁਧਾਂਕ੍ਰਮਾ।।

ਤੱਤ੍ਵਾਦੋ, ਤੱਤ ਕਿਰਤਾ ਚ ਤੱਤੇਸੋ, ਤੱਤ ਬਿਯਾਪਕਾ।।92।।

-ਨਿਰਵਾਣੋ, ਹੱਥ ਭੋਗੀ, ਤ੍ਰਿਪਤੋ ਮਹਾਂ ਰਣ ਵਤੇ।।

ਕੁਸੱਲੋ, ਭਗਤਾ ਕੰਪੋ ਧਯਾਨ ਗੱਮ ਸੁ ਨਿਸਚਲਾ।।93।।

-ਚੰਦ੍ਰਾਰਕੋ ਨਿਛੱਤ੍ਰਾ ਚ ਸੁਧਰ ਸੈਨ ਸੋ ਥਾਪਕਾ।।

ਗੋਰਖ ਮਿਤ੍ਰੋ ਗਿਆਨ ਦੀਪਾ ਸ੍ਰੀ ਮਤੋ ਗਿਰਾਟਨਾ।।94।।

-ਜਨਾਨੰਦੋ, ਸੁਗੋਪਾਂਚ ਨਿਰਲੇਪੋ ਪ੍ਰਸੰਸਨਾ।।

ਭਵਾਤੀਤੋ ਧਨਾਖਯ ਸੱਮ੍ਰਿਧੋ ਸਾਮ ਗਾਯਨਾ।।95।।

-ਸੁਕੇਸਾ ਸਰੀਰਾ ਚ ਸਰਬ ਸਾਖੀ ਅਗੋਚਰਾ।।

ਸਾਂਤ ਰਾਗੋ ਭੰਗਾਸਨੰ ਅਤਿ ਦੁੱਤੋ ਖੰਡੇ ਸ੍ਰਰਾ।।96।।

-ਮੁਕੰਦੋ ਸੁਧੀਰਾ ਚ ਰਵਨੋ ਰਵਨ ਜੀਤਕਾ।।

ਬ੍ਰਹਮਚਾਰ ਗ੍ਰਿਹਸਤੀ ਚ ਬਾਨ ਪ੍ਰਸਤ ਸੰਨ ਯਾਸਕਾ।।97।।

-ਬਿਦੇਹੋ ਸਰਬੰਗਾ ਚ ਮਹਾਂ ਦੇਵੋ ਦਯੋ ਦਯਾ ।।

ਕਲੇਸੋ ਦ੍ਰਿੱਸ ਕਾਯੋ ਜਨਨੋ ਚ ਜਨਕਾਧਿਪਾ।।98।।

-ਨਿਰਾਂਤਕੋ ਬਯੋਮ ਕਾਰਾ ਜਯ ਦਾ ਵਿੱਸ੍ਰ ਮੋਹਿਨਾ।।

ਅੰਮ੍ਰਤੇ ਸੋ ਬੋਧ, ਰੂਪਾਖਲ, ਭੌਨੋ ਬੁਧਾਤਮਨੇ।।99।।

ਮੇਖ ਫਲੋ, ਮਹਾਂਦਾਂਤਾ, ਸਾਂਤਾਂ ਚ ਸਰਬੋਤਮ॥

ਪਰਾ ਚਿਤਯੋਗ ਗਮਯਾ ਅੰਤਰ ਜਾਮਿ ਨਿਸੰਗਕਾ॥100॥

-ਓਅੰਕਾਰੋ, ਤ੍ਰਿਵਰਣਾ, ਵਿਦ੍ਵਾਨੋ ਵਿਦ੍ਵੇਸਰਾ॥

ਲਾਭਾਤਮਾ ਧਰੁਵ ਗੋਸਟੀ, ਗੋ ਭਰਾ ਗੋਧਾਰਨਾ॥101॥

-ਵਾਗੀ ਸਾਚ, ਸਦਾ ਚਾਰਾ ਬੀਤ ਸੋਕ ਭੂੰ ਵਾਸਕਾ॥

ਗੰਭੀਰੋ ਸਿਧ ਰੂਪਾਂ ਚ ਅਚਲੋਸੋ ਬਿਸੰਭਰਾ॥102॥

-ਵਾਹਿਰੰਤ੍ਰੋ ਹੰਸ ਰੂਪੋ, ਸ੍ਰਬ ਦੀਖੋ, ਸਿਧਾਟਨਾ॥

ਗਜ ਗਾਮੀ ਮਹੀ ਪਾਲੋ ਕਾਮਿਦਾ ਕਮਲਾ ਨਿਧੀ॥103॥

-ਹਿਦ੍ਰਾ ਨੰਦੋ, ਯੋਗ ਯਗੋ, ਛੰਡੇਸੋ ਰੁਚਰੋ ਵਿਭੋ॥

ਚੋਣੀ ਪਤੋ, ਚੋਣੀ ਨਾਥੋ, ਸੱਤ ਭਾਖੋ ਪ੍ਰਿਯੰਕਰਾ॥104॥

-ਅੰਕਸੋ, ਭੂ ਸੁਰੋ ਭਾਸੋ, ਕਵਲ ਨੈਨੋ ਪੂਜਕਾ॥

ਮਹਾਂ ਧਨੋ, ਮਹਾਂ ਵੀਰੋ, ਪ੍ਰੇਮਦਾ ਪ੍ਰੇਮ ਕਾਰਨਾ॥105॥

-ਦੱਤ ਗੋਸਟੀ, ਨਿਰਾਭਾਸੋ ਭਾਰਨਾਸਮ ਦੱਖਯਾ॥

ਅਸਮੇਧਵਾ, ਜਪੇ ਯੋਗੋ, ਮੇਧੋਨਰ ਮੇਧਵਾਨ॥106॥

-ਸਾਲਸੋ ਰਾਇ ਥਾਪੀ ਚ ਭ੍ਰਾਮਕੋਸਟਾ ਸਤੋ ਹਰੀ॥

ਸੁਪ੍ਰਸਾਦਾ ਪ੍ਰਸੰਨਾਤਮਤਾ ਪਰੱਗਯੋ ਸਜਨਾਰ ਹਾਂ॥107॥

-ਅਤਿ ਮੰਤ੍ਰੀ ਅਨਿੰਦਾ ਚ ਕੋਵਿਕਦੋਸੁਕੁਸ ਕੁਲੀ॥

ਪ੍ਰਧਾਨੋ ਸਥਾਣ ਭੂਤਾ, ਬਿਧਾਤਾ ਧਾਤ ਉਤਮਾ॥108॥

-ਸੰਭਵੋ ਭਾਵਨੋ ਭ੍ਰਾਤਾ ਮਧੁਰਬੈਨ ਸੁ ਪੂਜਕਾ॥

ਅਗ੍ਰਾਹੀਯੋ ਕ੍ਰਿੱਤਗਿਯਾ ਚ ਵਿਸਮਨਾ ਵਿਨਿਸ੍ਰੱਤਾ॥109॥

-ਸੁਰੇਸਾ ਸਰਣੰ ਸ੍ਰਮਵਿੱਸਰੇ ਪੂਜਾ ਭਵਾ॥

ਬਹੁ ਸਿਰਾ, ਬਹੁ ਨੈਨਾ, ਨਾ ਨੈਨੋ ਨ ਕੋ ਸਿਰਾ॥110॥

-ਲੋਕਧਿਖਆ, ਸੁਰਧਿਖਯੋ, ਧ੍ਰਮਾਧਿਖਆ ਕ੍ਰਿਤਾ ਹਰੀ॥

ਸੁਤਪਾ, ਮਹੀ ਭਰਤਾ, ਸ੍ਰੀ ਨਿਵਾਸਾ, ਸਤਾਂ ਗਤੀ॥111॥

-ਰਿਧਾਂ ਸਪਸਟਾਂਖਰੋ ਅਦ੍ਰਿਸਯੋ, ਚਉਦਾ ਰਿਧੀ॥

ਸੁ ਦਰਸਨੋ ਵਿਸੁੱਤਾਰਾ ਮਹਾਂਕੇਸੋ ਸੁਭੇਖਣਾ॥112॥

-ਪਰੇ ਕੋ ਪਰੋਪਕਾਰੀ ਚ ਪ੍ਰਭੂਵਾ ਪ੍ਰਸੰਨਾਨਨਾ॥

ਯੋਗਾਵਾਸੋ ਪੰਚਯਗੋ ਅਜੇਉ ਗਿਆਨ ਸਾਗਰਾ॥113॥

-ਲੋਕ ਵੰਧੂ, ਲੋਕ ਪੂਜੋ, ਲੋਕ ਸੁਵਾਮੀ ਤ੍ਰਿਲੋਕਮਾਨ॥

ਨਿਸਪ੍ਰੇਹੀ ਸਪ੍ਰੇਹਾ ਚ ਚਿਰਾ ਰਚੁਤੋ ਸੁਰਾਰਿਹਾ॥114॥

ਸਾਂਤਕੀ ਰਾਜਸੀ ਰੂਪਾ ਤਮਮਾਰੀਸਲੋਚਨਾਂ॥

ਪ੍ਰਾਗ ਵੇਸੋ, ਪ੍ਰਾਗ ਦਾਤਾ, ਪ੍ਰਾਗ ਪ੍ਰਿਯੋਗ ਕਰਾ॥115॥

-ਅਭੀਸਟੋ ਅਭੀਸਟ ਦਾਤਾਂ ਮਨੋਹਰਾਂਬਜਾ ਮੁਖੀ॥

ਗੁਣਾ ਸ੍ਰਿਯੋ ਗੁਣਾ ਨਾਥੋ ਸੁਰ ਜੇਸਟੀ ਸੁਰਾ ਪਤੀ॥116॥

-ਮੁਦਾਮਯਾਮ੍ਰਿਤ ਮਯੋ ਸ੍ਰਬਾਂਗੋ, ਸ੍ਰਬ ਲੋਚਨਾਂ॥

ਦੱਖਯ ਜੀਤੋਂ, ਮਹਾਂ ਦਖਯੋ ਧਾਰਕੋਚ ਪਿਤਾਮ ਹਾਂ॥117॥

-ਸੁਵਸਤੋ ਸੁਵਸਤਕਾਰੀ ਸੁਵੀਰੋ ਰੁਚ ਰੰਗਦਾ॥

ਵਿਲਾਸੀ ਵਿਲਾਸ ਦਾਤਾ ਕਮਨੀਯੋ ਤਪੋਮਈ॥118॥

-ਮਹਾਂ ਮਨਾ, ਮਹਾਂ ਧਨਾ, ਗੋ ਗੋ ਪਰਾ ਪਰਮਾਂਗਤੀ॥

ਸਦਾ ਯੋਗੀ, ਹਰਾ ਭੋਗੋ, ਸਦਾ ਗਿਆਨ ਵੈਰਾਗ ਦਾ॥119॥

-ਬਿਆਸੋ ਵਿਸਨੋ ਭੂਤਾ ਬੇਦ ਸਾਰ ਕਲੇ ਸੁਹਾਂ॥

ਨਿਰਾਲਸੋ ਪਾਪ ਹਾਰੀ, ਅਨੁਰੁਧੋ, ਅਜੇਸ੍ਰਰਾ॥120॥

-ਸਬ੍ਰ ਸਿਧੋ, ਸ੍ਰਬ ਬ੍ਰਿਧੋ੍, ਬ੍ਰਿਧਾਨੋ ਬ੍ਰਿਧਾਨਨਾ॥

ਜਾਪ ਕੇਤੋ, ਮਹਾਂ ਤਾਪੀ ਸੁਬ੍ਰਿਤੋਚ ਬ੍ਰਿਤਾ ਧਰਾ॥121॥

-ਪ੍ਰਸਸਤੋ ਧਰਾਸੀਲੋ ਔਖਦੰ ਜਗਸੇਤਕਾ॥

ਵਿਸ੍ਰ ਚਖੂ, ਵਿਸ੍ਰ ਬਾਹੂ ਵਿਸਕੇਤ ਵਿਸ੍ਰਾਪਤੀ ॥122॥

-ਧਾਮ ਗੋਪੀ ਧ੍ਰਮ ਧਾਮੀ, ਸੁਖੇਣਾ ਚ ਚਿੰਤਾਮਣੀ॥

ਸੁਮਿਤ੍ਰੋ ਅਮਿੱਤ੍ਰਨਾਸੋ, ਭਗਾਂਨੰਦ ਮਹਾਂ ਅਲੰ॥123॥

-ਬ੍ਰਹਮਗਯੋ ਸੁ ਬ੍ਰਹਮਾਚ ਪੁੰਨ ਕੀਰਤੀ ਨਾਮਯਾ॥

ਵਿੱਸਤੈਜਸਾ ਬਯਾਪੀ ਪ੍ਰਾਗੰਯ ਚਤੁਰੀਯਕਾ॥124॥

-ਤਿਪੁਰੋ ਜਾਤਿ ਤਿਪਰੋ ਨੰਦਾ ਖਿਤੀਸਾ ਪਾਪ ਨਾਸਨਾ॥

ਭਰਨੋ, ਹਰਨੋ, ਪੂਜੋ, ਜਗਤੇਸੋ, ਨਮੋ ਨਮਾਂ॥125॥

**ਸਹੰਸ੍ਰ ਨਾਮਾ ਸਮਾਪਤ** [6]

**(ੲ) ਗੁਰੂ ਗਾਇਤ੍ਰੀ**

ਗੁਰੂ ਗਾਇਤ੍ਰੀ ਬਾਣੀ ਦਾ ਮੂਲ ਪਾਠ ਇਸ ਪ੍ਰਕਾਰ ਹੈ:-

ੴ ਸਤਿਗੁਰ ਪ੍ਰਸਾਦਿ॥

ਅਥ ਗੁਰੂ ਗਾਇਤ੍ਰੀ ਕਥਨੰ॥

॥ਪ੍ਰਿਥਮ ਧਿਆਨ॥

ਉਅੰ: ਸੋਹੰ: ਪਰਮਹੰਸ: ਅਖੰਡ ਸਚਦਾਨੰਦ

ਤੁਰੀਆ ਪਦੰ ਨਮ: ਪਰਮਾਤਮੰ ਨਮਸਕਾਰੰ॥

ਓਅੰ ਹਰੀ ਹਰ ਬ੍ਰਹਮਾਏ ਨਮ: ਇਤੀ ਪਰਮ ਹੰਸ ਮੰਤ੍ਰ ਸਮਾਪੰਤੰ॥

"ਅਥ ਅਵਾਵਹਿਨ"

ਓਅੰ ਅਸਯਾ ਸ੍ਰੀ ਮਹਾਂ ਜਪ ਅਸਤੋਤ੍ਰ ਮਾਲਾ ਮੰਤ੍ਰਸਯਾ॥

ਨਾਰਾਇਣ ਰਿਸੀ॥

ਗਾਇਤ੍ਰੀ ਛੰਦੰ॥

ਸ੍ਰੀ ਗੁਰੂ ਨਾਨਕ ਨਿਰੰਕਾਰ ਦੇਵਤਾ

ਸਰਵੇਸਟ ਪ੍ਰਸਿਧ ਅਰਥੇ ਜਪੇ ਵਿਨਯੋਗਾ॥

ਅਰਥ ਆਰੰਭ- ਉਅੰ ਸਤਿਨਾਮੁ ਇਤੀ ਵੀਜੰ॥

ਓਅੰ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ॥

ਅਜੂਨੀ ਸੈਭੰ॥ ਇਤੀ ਸ਼ਕਤੀ॥ ਓਅੰ ਗੁਰਪ੍ਰਸਦਿ: ਇਤੀ ਕੀਲਕੰ॥

ਅਥ ਕਰਨ ਨਿਆਸਾ- ਓਅੰ ਸਤਿਨਾਮੁ ਅੰਗਸੁਟਕਾ ਭਿਯੰ ਨਮ:

ਓਅੰ ਮਹਾ ਕਰਤਾ ਤਰਜਨੀ ਭਿਯੰ ਨਮ:

ਓਅੰ ਮਹਾਂਪੁਰਖਾ ਮਧਮਾ ਭਿਯੰ ਨਮ:

ਓਅੰ ਨਿਰਭਉ ਅਨਾਮਕਾ ਭਿਯੰ ਨਮ:

ਓਅੰ ਨਿਰਵੈਰ ਕਨਿਸਟਕਾ ਭਿਯੰ ਨਮ:

ਓਅੰ ਅਕਾਲ ਮੂਰਤੀ ਕੂਰਪਾ ਪਾਦਾਦੀ ਮਸਤਾਕ ਵੰਧੀ ਭਿਅੰ ਨਮ:

ਇਤੀ ਕਰਨ ਨਿਆਸਾ॥

ਅਥ ਹਿਰਦੇ ਨਿਆਸਾ-

ਉਅੰ ਸਤਿਨਾਮ ਹਿਰਦਯਾਏ ਨਮ:॥

ਉਅੰ ਮਹਾਂ ਪੁਰਖਾ ਸਿਖਾਯੈਵ ਖਟ॥

ਉਅੰ ਨਿਰਭਉ ਕਵਚਾਹਊ॥

ਉਅੰ ਨਿਰਵੈਰ ਨੇਤ੍ਰਾਤ੍ਰਿਉ॥

ਉਅੰ ਅਕਾਲ ਮੂਰਤੀ ਕੁਰਪੰ ਪਾਦਾਦੀ ਮਸਤਕਾ ਵੰਧੀ ਭਿਯੰ ਨਮ:॥

ਉਅੰ ਅਜੂਨੀ ਮਣੀ ਬੰਧ ਮਸਤਕਾ ਚਰਣਾ ਵੰਧੀ ਨਮ:॥

ਉਅੰ ਸੈਭੰ ਇਸਤਰਾਏ ਫਟ॥

ਇਤੀ ਹਿਰਦੇ ਨਿਆਸਾ॥

ਅਥ ਪਾਦ ਨਿਆਸ ਕਵਚੰ-

ਉਅੰ ਸਤਿ ਪਾਦਊ: ਉਅੰ ਨਾਮ ਜੰਘੇ:॥

ਉਅੰ ਕਰਤਾ ਕਟੀ: ਉਅੰ ਪੁਰਖ ਨਾਭਊ:॥

ਉਅੰ ਨਿਰਭਉ ਹਿਰਦੇ: ਉਅੰ ਨਿਰਵੈਰ ਕੰਠੇ॥

ਉਅੰ ਅਕਾਲ ਨਾਸਕਾ ਅਗ੍ਰੇ: ਉਅੰ ਮੂਰਤੀ ਨੇਤ੍ਰੇਤ੍ਰਿਉ॥

ਉਅੰ ਅਜੂਨੀ ਲਿਲਾਟੇ: ਉਅੰ ਸੈਭੰ ਸ੍ਰਿਸ੍ਰਿ: ॥ਇਤੀ ਕਵਚ:॥

ਅਥ ਧਿਆਨਾ-

ਉਅੰ ਸਤਿਯੰ ਸਤਿਯੰ ਮਹਾਂ ਸਤਿਯੰ॥

ਮਧ ਸਤਿਯੰ ਸ੍ਵੇਸਰਾ ਯਗ ਆਦੰ॥

ਯਗ ਪੁਰਸੰਚਰਵਤਮਾਨਛ ਸਤਤਾ:॥

ਸ੍ਰੀ ਗੁਰੂ ਨਾਨਕੰ ਨਿਰੰਕਾਰੰ ਨਾਰਾਇਣੰ ਨਿਰਗੁਣੰ

ਸਰਵਗਯੰ ਸੂਖਮੰ ਮੈਕੰ ਦੇਵਤੰ ਨਮਸਤਤੇ॥

ਇਤੀ ਧਿਆਨੰ॥

ਅਥ ਸੰਕਲਪ:

ਉਅੰ ਉਅੰ ਉਅੰ ਉਅੰ ਆਕਾਰਣੰ ਸਕਲੰ

ਸੁਖ ਸੰਪਦਾ ਨਮਾਹਾ: ਇਤੀ ਸੰਕਲਪਾ॥

ਅਥ ਮੰਤ੍ਰਾ-

ਉਅੰ ਆਦਿ ਸਚੁ ਜੁਗਾਦਿ ਸਚੁ ਹੈ ਭਿ ਸਚੁ

ਨਾਨਕ ਹੋਸੀ ਭੀ ਸਚੁ ਨਮ: ਇਤੀ ਮੰਤ੍ਰਾ॥[7]

**(ਸ) ਸ੍ਰੀ ਮਾਤ੍ਰਾ ਸਾਹਿਬ**

ਮਾਤ੍ਰਾ ਬਾਣੀ ਦਾ ਪਾਠ ਇਸ ਪ੍ਰਕਾਰ ਹੈ-

ਸ੍ਰੀ ਗੁਰੂ ਸ੍ਰੀ ਚੰਦ੍ਰਾ ਏ ਨਮਹ:॥

ਭਗਵਾਨ ਸ੍ਰੀ ਚੰਦ੍ਰ ਜੀ ਮਹਾਰਾਜ ਦਾ

ਕਹੁ ਰੇ ਬਾਲੇ ਕਿਨ ਮੁੰਡਿਆ, ਕਿਨ ਮੁੰਡਾਇਆ॥

ਕਿਸ ਕਾ ਭੇਜਿਆ ਨਗਰੀ ਆਇਆ॥

ਸਤਿਗੁਰ ਮੁੰਡਿਆ, ਲੇਖ ਮੁੰਡਾਇਆ॥

ਗੁਰ ਕਾ ਭੇਜਿਆ, ਨਗਰੀ ਆਇਆ॥

ਚੇਤੋ ਨਗਰੀ, ਤਾਰੋ ਗਾਮ॥

ਅਲੱਖ ਪੁਰਖ ਕਾ ਸਿਮਰੋ ਨਾਮ॥

ਗੁਰ ਅਵਿਨਾਸ਼ੀ ਖੇਲ ਰਚਾਇਆ॥

ਅਗਮ ਨਿਗਮ ਕਾ ਪੰਥ ਬਤਾਇਆ॥1॥

ਗਿਆਨ ਕੀ ਗੋਦੜੀ ਖਿਮਾ ਕੀ ਟੋਪੀ॥

ਜਤ ਕਾ ਆੜਬੰਦ ਸ਼ੀਲ ਲੰਗੋਟੀ॥2॥

ਅਕਾਲ ਖਿੰਥਾ ਨਿਰਾਸ ਝੋਲੀ॥

ਜੁਗਤ ਕਾ ਟੋਪ ਗੁਰਮੁਖੀ ਬੋਲੀ॥3॥

ਧਰਮ ਕਾ ਚੋਲਾ ਸੱਤ ਕੀ ਸੇਲੀ॥

ਮਰਯਾਦ ਮੇਖਲੀ ਲੈ ਗਲੇ ਮੇਲੀ॥4॥

ਧਿਆਨ ਕਾ ਬਟੂਆ ਨਿਰਤ ਕਾ ਸੂਈ ਦਾਨ॥

ਬ੍ਰਹਮ ਅੰਚਲਾ ਲੇ ਪਹਿਰੇ ਸੁਜਾਨ॥5॥

ਬਹੁ ਰੰਗੀ ਮੋਰ ਛੜ ਨਿਰਲੇਪ ਦਿਸਟੀ॥

ਨਿਰਭਉ ਜੰਗ ਡੋਰਾ ਨ ਕੋ ਦੁਸ਼ਟੀ॥6॥

ਜਾਪ ਜੰਗੋਟਾ ਸਿਫ਼ਤ ਉਡਾਨੀ॥

ਸਿੰਙੀ ਸ਼ਬਦ ਅਨਾਹਦ ਗੁਰਬਾਣੀ॥7॥

ਸ਼ਰਮ ਕੀ ਮੁੰਦਰਾ, ਸ਼ਿਵ ਵਿਭੂਤਾ॥

ਹਰਿ ਭਗਤ ਮ੍ਰਿਗਾਨੀ ਲੈ ਪਹਿਰੈ ਗੁਰ ਪੂਤਾ॥8॥

ਸੰਤੋਖ ਸੂਤ ਵਿਵੇਕ ਧਾਗੇ॥

ਅਨੇਕ ਟੱਲੀ ਤਾਹਿ ਲਾਗੇ॥9॥

ਸੁਰਤ ਕੀ ਸੂਈ ਲੈ ਸਤਿਗੁਰ ਸੀਵੇ॥

ਜੋ ਰਾਖੇ ਸੋ ਨਿਰਭਉ ਥੀਵੇ॥10॥

ਸ਼ਾਹ, ਸੁਪੈਦ, ਜ਼ਰਦ ਸੁਰਖਾਈ॥

ਜੋ ਲੈ ਪਹਿਰੇ ਸੋ ਗੁਰ ਭਾਈ॥11॥

ਤ੍ਰੈਗੁਣ ਚਕਮਕ ਅਗਨ ਮਥ ਪਾਈ॥

ਦੁੱਖ ਸੁੱਖ ਧੂਣੀ ਦੇਹ ਜਲਾਈ॥12॥

ਸੰਜਮ ਕ੍ਰਿਪਾਲੀ ਸੋਭਾ ਧਾਰੀ॥

ਚਰਨ ਕੰਵਲ ਮਹਿ ਸੁਰਤ ਹਮਾਰੀ॥13॥

ਭਾਉ ਭੋਜਨ ਅੰਮ੍ਰਿਤ ਕਰ ਪਾਇਆ॥

ਭਲਾ ਬੁਰਾ ਨਹੀਂ ਮੰਨ ਵਸਾਇਆ॥14॥

ਪਾਤਰ ਵਿਚਾਰ ਫਰੂਆ ਬਹੁ ਗੁਣਾ॥

ਕਰਮੰਡਲ ਤੂੰਬਾ ਕਿਸ਼ਤੀ ਘਣਾ॥15॥

ਅੰਮ੍ਰਿਤ ਪਿਆਲਾ ਉਦਕ ਮਣ ਦਇਆ॥

ਜੋ ਪੀਵੈ ਸੋ ਸੀਤਲ ਭਇਆ॥16॥

ਇੜਾ ਮੇਂ ਆਵੈ ਪਿੰਗਲਾ ਮੈਂ ਧਾਵੈ॥

ਸੁਖਮਨਾ ਕੇ ਘਰ ਸਹਿਜ ਸਮਾਵੈ॥17॥

ਨਿਰਾਸ ਮੱਠ ਨਿਰੰਤਰ ਧਿਆਨ॥

ਨਿਰਭਉ ਨਗਰੀ ਗੁਰ ਦੀਪਕ ਗਿਆਨ॥18॥

ਅਸਥਿਰ ਰਿੱਧ ਅਮਰਪਦ ਦੰਡਾ॥

ਧੀਰ ਫਹੁੜੀ ਤਪ ਕਰ ਖੰਡਾ॥19॥

ਵਸ ਕਰ ਆਸਾ ਸਮ ਦ੍ਰਿਸ਼ਟ ਚੌਗਾਨ॥

ਹਰਖ ਸੋਗ ਮਨਿ ਮਹਿ ਨਹੀਂ ਆਨ॥20॥

ਸਹਿਜ ਵੈਰਾਗੀ ਕਰੇ ਵੈਰਾਗ॥

ਮਾਯਾ, ਮੋਹਣੀ ਸਗਲ ਤਿਆਗ॥21॥

ਨਾਮ ਕੀ ਪਾਖਰ ਪਵਨ ਕਾ ਘੋੜਾ॥

ਨਿਹ ਕਰਮ ਜੀਨ ਤਤ ਕਾ ਜੋੜਾ॥22॥

ਨਿਰਗੁਣ ਢਾਲ ਗੁਰ ਸ਼ਬਦ ਕਮਾਨ॥

ਅਕਲ ਸੰਜੋਯ ਪ੍ਰੀਤ ਕੇ ਬਾਨ॥23॥

ਅਕਲ ਕੀ ਬਰਛੀ ਗੁਣਾਂ ਕੀ ਕਟਾਰੀ॥

ਮਨ ਕੋ ਮਾਰ ਕਰੋ ਅਸਵਾਰੀ॥24॥

ਬਿਖਮ ਗੜ ਤੋੜ ਨਿਰਭਉ ਘਰ ਆਵੈ॥

ਨੌਬਤ ਸੰਖ ਨਗਾਰਾ ਵਾਵੈ॥25॥

ਗੁਰ ਅਬਿਨਾਸੀ ਸੂਖਮ ਵੇਦ॥

ਨਿਰਬਾਣ ਵਿਦਿਯਾ ਅਪਾਰ ਭੇਦ॥26॥

ਅਖੰਡ ਜਨੇਊ ਨਿਰਮਲ ਧੋਤੀ॥

ਸੋਹੰ ਜਾਪ ਸਚ ਮਾਲ ਪਰੋਤੀ॥27॥

ਸਿਖਿਆ ਗੁਰ ਮੰਤਰ ਗਾਇਤ੍ਰੀ ਹਰਿਨਾਮ॥

ਨਿਹਚਲ ਆਸਨ ਕਰ ਬਿਸਰਾਮ॥28॥

ਤਿਲਕ ਸੰਪੂਰਣ ਤਰਪਣ ਜਸ॥

ਪੂਜਾ ਪ੍ਰੇਮ ਭੋਗ ਮਹਾ ਰਸ॥29॥

ਨਿਰਵੈਰ ਸੰਧਿਆ ਦਰਸ਼ਨ ਛਾਪਾ॥

ਵਾਦ ਵਿਵਾਦ ਮਿਟਾਵੋ ਆਪਾ॥30॥

ਪੀਤ ਪੀਤਾਂਬਰ ਮਨ ਮ੍ਰਿਗਸ਼ਾਲਾ॥

ਚੀਤ ਚੀਤਾਂਬਰ ਰੁਣ ਝੁਣ ਮਾਲਾ॥31॥

ਬੁਧ ਬਾਘੰਬਰ ਕੁਲਾ ਪੋਸਤੀਨ॥

ਖੌਂਸ ਖੜਾਵਾਂ ਏਹ ਮਤਿ ਲੀਨ॥32॥

ਤੋੜਾ ਚੂੜਾ ਔਰ ਜੰਜੀਰ॥

ਲੈ ਪਹਿਰੇ ਨਾਨਕ ਸ਼ਾਹ ਫਕੀਰ॥33॥

ਜਟਾ ਜੂਟ ਮੁਕਟ ਸਿਰ ਹੋਇ॥

ਮੁਕਤਾ ਫਿਰੇ ਬੰਧਨ ਨਹੀਂ ਕੋਇ॥34॥

ਨਾਨਕ ਪੂਤਾ ਸ੍ਰੀ ਚੰਦ ਬੋਲੇ॥

ਜੁਗਤ ਪਛਾਣੈ ਸੋ ਤਤਿ ਵਿਰੋਲੇ॥35॥

ਐਸੀ ਮਾਤ੍ਰਾ ਲੈ ਪਹਿਰੇ ਕੋਇ॥

ਆਵਾਗਵਨ ਮਿਟਾਵੇ ਸੋਇ॥36॥[8]

ਇਹਨਾਂ ਬਾਣੀਆਂ ਵਿੱਚੋਂ ਬਾਬਾ ਸ੍ਰੀ ਚੰਦ ਜੀ ਦੀ ਅਜਿਹੀ ਦਾਰਸ਼ਨਿਕ ਵਿਚਾਰਧਾਰਾ ਉੱਭਰ ਕੇ ਸਾਹਮਣੇ ਆਉਂਦੀ ਹੈ ਜੋ ਗੁਰਮਤਿ ਵਿਚਾਰਧਾਰਾ ਨਾਲ ਕਿਤੇ ਵੀ ਸਿਧਾਂਤਕ ਮਤਭੇਦ ਪੈਦਾ ਨਹੀਂ ਕਰਦੀ ਬਲਕਿ ਗੁਰਮਤਿ-ਸਿਧਾਂਤਾਂ ਦੀ ਹੀ ਪ੍ਰੋੜ੍ਹਤਾ ਕਰਦੀ ਹੈ। ਬ੍ਰਹਮ ਸਬੰਧੀ ਬਾਬਾ ਸ੍ਰੀ ਚੰਦ ਜੀ ਦਾ ਮੱਤ ਹੈ ਕਿ ਬ੍ਰਹਮ ਅਕਾਲ ਹੈ, ਨਿਰਗੁਣ ਹੈ, ਅਕਾਲ ਪੁਰਖ ਹੈ ਅਤੇ ਸਾਰੇ ਜੀਵਾਂ ਵਿੱਚ ਸਰਬ ਵਿਆਪਕ ਹੈ, ਮਾਤਰਾ ਬਾਣੀ ਵਿਚਲੇ ਸ਼ਬਦ ਅਕਾਲ ਖਿੰਥਾ, ਨਿਰਗੁਣ ਢਾਲ ਅਤੇ ਅਲਖ ਪੁਰਖ ਕਾ ਸਿਮਰੋ ਨਾਉ ਆਦਿ ਸ਼ਬਦ ਬ੍ਰਹਮ ਦਾ ਸਰੂਪ ਸਪਸ਼ਟ ਕਰਦੇ ਹਨ। ਜਿਵੇਂ-

(ੳ) ਅਕਾਲ ਖਿੰਥਾ ਨਿਰਾਸ਼ ਝੋਲੀ।

(ਅ) ਨਿਰਗੁਣ ਢਾਲ ਗੁਰ ਸ਼ਬਦ ਕਮਾਨ।

(ੲ) ਚੇਤੋ ਨਗਰੀ ਤਾਰੋ ਗਾਉ
ਅਲਖ ਪੁਰਖ ਕਾ ਸਿਮਰੋ ਨਾਉ।

'ਅਲਖ ਪੁਰਖ ਕਾ ਸਿਮਰੋ ਨਾਉ 'ਪੰਕਤੀ ਤੋਂ ਭਾਵ ਹੈ ਕਿ ਜੋ ਨਿਰੰਕਾਰ ਕਹਿਣ ਸੁਣਨ ਤੋਂ ਪਰੇ ਹੈ, ਹਰ ਜੀਵ ਵਿੱਚ ਆਪ ਵਸਦਾ ਹੈ। ਉਸਦੇ ਸਿਮਰਨ ਭਾਵ ਉਸਦੀ ਯਾਦ ਨੂੰ ਹਿਰਦੇ ਵਿੱਚ ਵਸਾਉਣਾ ਚਾਹੀਦਾ ਹੈ। ਜੀਵ ਅਤੇ ਬ੍ਰਹਮ ਦੀ ਅਭੇਤਤਾ ਉਦੋਂ ਸੰਪੂਰਨ ਹੁੰਦੀ ਹੈ। ਜਦੋਂ ਜੀਵ ਸਥਿਰ ਮਨ ਨਾਲ ਆਪਣੇ ਅੰਦਰ

ਪ੍ਰਕਾਸ਼ਮਾਨ ਬ੍ਰਹਮ ਦੀ ਜੋਤ ਨੂੰ ਪਛਾਣ ਲੈਂਦਾ ਹੈ। ਉਦੋਂ ਜੀਵ ਆਪਣੇ ਮੂਲ ਨਾਲ ਮਿਲ ਕੇ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ। ਜੀਵ ਬ੍ਰਹਮ ਦਾ ਹਿੱਸਾ ਹੈ। ਬ੍ਰਹਮ ਸਾਰੀ ਸ੍ਰਿਸ਼ਟੀ ਵਿੱਚ ਆਪ ਵਿਆਪਕ ਹੈ। ਬ੍ਰਹਮ ਦਾ ਚੇਤਨ ਸਰੂਪ ਹੀ ਜੀਵ ਹੈ। ਬ੍ਰਹਮ ਅੰਸ਼ੀ ਹੈ ਅਤੇ ਜੀਵ ਉਸਦਾ ਅੰਸ਼ ਹੈ। ਪਰ ਮਾਇਆ ਦੇ ਪੈਦਾ ਕੀਤੇ ਅਗਿਆਨ ਕਾਰਨ ਜੀਵ ਨੂੰ ਬ੍ਰਹਮ ਦੀ ਸੋਝੀ ਨਹੀਂ ਹੁੰਦੀ। ਜਦੋਂ ਅਗਿਆਨ ਦਾ ਪਰਦਾ ਹਟ ਜਾਵੇਗਾ ਅਤੇ ਜੀਵ ਨੂੰ ਇਹ ਗਿਆਨ ਹੋ ਜਾਵੇਗਾ ਕਿ ਉਹ ਬ੍ਰਹਮ ਦਾ ਅੰਸ਼ ਹੈ ਤਦ ਉਹ ਬ੍ਰਹਮ ਵਿੱਚ ਮਿਲ ਕੇ ਬ੍ਰਹਮ ਦਾ ਰੂਪ ਹੋ ਜਾਵੇਗਾ। ਉਹਨਾਂ ਨੇ ਆਪਣੇ ਗੁਰੂ ਪਿਤਾ ਗੁਰੂ ਨਾਨਕ ਸਾਹਿਬ ਨੂੰ 'ਬ੍ਰਹਮ ਰੂਪ' ਮੰਨਿਆ ਹੈ। ਉਹਨਾਂ ਨੇ ਆਪਣੀ ਰਚਨਾ 'ਆਰਤਾ' ਵਿੱਚ ਸਾਰੀ ਸ੍ਰਿਸਟੀ ਨੂੰ ਗੁਰੂ ਸਾਹਿਬ ਦੀ ਆਰਤੀ ਕਰਦੇ ਦਰਸਾਇਆ ਹੈ। ਉਹਨਾਂ ਅਨੁਸਾਰ 33 ਕਰੋੜ ਦੇਵੀ ਦੇਵਤੇ, 96 ਕਰੋੜ ਮੇਘ ਮਾਲਾ, 324 ਮਣ ਵਜ਼ਨ ਦੀ ਬਨਸਪਤੀ ਅਤੇ ਬ੍ਰਿਛ ਬੂਟੇ ਸਾਰੇ ਗੁਰੂ ਸਾਹਿਬ ਦੀ ਉਸਤਤੀ ਕਰ ਰਹੇ ਹਨ। ਇਸ ਬਾਣੀ ਵਿੱਚ ਉਹਨਾਂ ਨੇ ਆਪਣੇ ਗੁਰੂ ਪਿਤਾ ਦੇ ਵਿਰਾਟ ਸਰੂਪ ਦਾ ਬਖਾਨ ਕੀਤਾ ਹੈ। ਉਹਨਾਂ ਦੀ ਆਰਤੀ ਕੋਈ ਇੱਕ ਜੀਵ ਨਹੀਂ ਕਰ ਰਿਹਾ ਸਗੋਂ ਕੁਲ ਕਾਇਨਾਤ ਕਰ ਰਹੀ ਹੈ। ਇੱਥੇ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਸਾਹਿਬ ਦੇ ਵਿਰਾਟ ਸਰੂਪ ਨੂੰ ਉਸੇ ਤਰ੍ਹਾਂ ਬਿਆਨ ਕੀਤਾ ਹੈ ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਪਉੜੀ ਸਤਾਈਵੀਂ ਵਿੱਚ ਕੀਤਾ ਹੈ,

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਣਿ ਸੋਆ।
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ।
ਗੁਰਮੁਖਿ ਕਲਿ ਵਿਚ ਪਰਗਟੁ ਹੋਆ।

(ਵਾਰ 1, ਪਉੜੀ:27)

ਉਹਨਾਂ ਨੇ ਗੁਰੂ ਨਾਨਕ ਸਾਹਿਬ ਨੂੰ ਜਿੱਥੇ ਬ੍ਰਹਮ ਰੂਪ ਮੰਨਿਆ ਹੈ ਉੱਥੇ ਉਹਨਾਂ ਨੂੰ ਸਤਿਗੁਰੂ ਦਾ ਦਰਜਾ ਵੀ ਦਿੱਤਾ ਹੈ। ਅਜਿਹਾ ਸਤਿਗੁਰੂ ਪੰਚ ਪਰਵਾਨ ਹੈ। ਉਹ ਪੂਰਾ ਸਤਿਗੁਰੂ ਹੈ। ਉਸਦੀ ਮਹਿਮਾ ਨੂੰ ਅਨਹਦ ਸ਼ਬਦ ਵੀ ਗਾ ਰਹੇ ਹਨ। ਉਹ ਤਾਂ ਹੈ ਹੀ ਲੋਕ ਪਰਲੋਕ ਦਾ ਮਾਲਕ, ਅਜਿਹੇ ਗੁਰੂ ਦਾ ਆਰਤਾ ਕਰਨਾ ਹੀ ਚਾਹੀਦਾ ਹੈ। ਓਅੰਕਾਰ ਦੇ ਘੰਟੇ ਦੀ ਧੁਨੀ ਨਿਰੰਤਰ ਉਹਨਾਂ ਦੀ ਸ਼ਤੁਤੀ ਵਿੱਚ ਵੱਜ ਰਹੀ ਹੈ। ਉਹ ਧੁਨੀ ਫੜੀ ਨਹੀਂ ਜਾ ਸਕਦੀ ਪਰ ਅਖੰਡ ਰੂਪ ਵਿੱਚ ਵੱਜ ਰਹੀ ਹੈ। ਉਸ ਦਾ ਝਿਲਮਿਲ ਕਰਦਾ ਨਾਦ ਸਦਾ ਨਿਰੰਤਰ ਗੁਰੂ ਨਾਨਕ ਜੀ ਦੀ ਮਹਿਮਾ ਗਾ ਰਿਹਾ ਹੈ। ਅਜਿਹੇ ਉਸਤਤਿ ਰੂਪ ਸਤਿਗੁਰੂ ਦਾ ਆਰਤਾ ਉਤਾਰਨਾ ਹੀ ਚਾਹੀਦਾ ਹੈ।[9] ਉਹ ਗੁਰੂ ਨਾਨਕ ਦੇਵ ਜੀ ਨੂੰ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਵਿੱਚ ਵੇਖਦੇ ਹਨ।

ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਪਾਠ ਵਿਚਲੀ ਪਉੜੀ 'ਮੁੰਦਾ ਸੰਤੋਖ ਸਰਮ ਪਤਿ ਝੋਲੀ' ਵਿੱਚ ਜੋਗੀ ਸਾਧਕ ਨਾਲ ਸੰਬੰਧਿਤ ਹਰ ਵਸਤੂ ਦਾ ਅਧਿਆਤਮੀਕਰਨ ਕੀਤਾ ਹੈ, ਠੀਕ ਇਸੇ ਤਰ੍ਹਾਂ ਬਾਬਾ ਸ਼੍ਰੀ ਚੰਦ ਜੀ ਦੀ ਮਾਤਰਾ ਬਾਣੀ ਵਿੱਚ ਨਜ਼ਰ ਆਉਂਦਾ ਹੈ,

ਅਕਾਲ ਖਿੰਥਾ ਨਿਰਾਸ਼ ਝੋਲੀ।

ਯੁਕਤਿ ਕਾ ਟੋਪ ਗੁਰਮੁੱਖੀ ਬੋਲੀ॥

ਧਰਮ ਦਾ ਚੋਲਾ ਸਤਯ ਕੀ ਸੇਲੀ,

ਮਰਿਯਾਦਾ ਮੇਖਲੀ ਲੇ ਗਲੇ ਮੇਲੀ॥

ਇਹਨਾਂ ਉਪਰੋਕਤ ਪੰਕਤੀਆਂ ਵਿੱਚ ਬਾਬਾ ਸ਼੍ਰੀ ਚੰਦ ਜੀ ਝੋਲੀ, ਖਿੰਥਾ, ਮੁੰਦਰਾਂ, ਜੁਗਤਿ, ਡੰਡਾ, ਬਿਭੂਤਿ, ਮੋਰਛੜ, ਸਿੰਗੀ ਆਦਿ ਸਾਰੀਆਂ ਵਸਤੂਆਂ ਨੂੰ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੇ ਹਨ। ਬਾਬਾ ਸ਼੍ਰੀ ਚੰਦ ਜੀ ਨੇ ਵੀ ਜੋਗੀ ਸਾਧਕ ਦੀ ਅੰਦਰੂਨੀ ਸ਼ੁੱਧਤਾ ਉੱਪਰ ਜ਼ੋਰ ਦਿੱਤਾ ਹੈ ਨਾ ਕਿ ਬਾਹਰੀ ਭੇਖ ਉੱਪਰ। ਉਹਨਾਂ ਅਨੁਸਾਰ ਮ੍ਰਿਤੂ ਦੇ ਭੈਅ ਤੋਂ ਪਰੇ ਦੀ ਰੁਚੀ ਜੋਗੀ ਦਾ ਖਿੰਥਾ ਹੈ ਅਤੇ ਇੱਛਾ ਰਹਿਤ ਹੋਣਾ, ਝੋਲੀ ਹੈ। ਜੁਕਤ ਹੀ ਸਿਰ ਉੱਪਰ ਪਾਏ ਟੋਪ ਦੇ ਸਾਮਾਨ ਹੈ, ਧਰਮ ਉਸਦਾ ਚੋਲਾ ਹੈ ਅਤੇ ਜੋ ਸੱਚ ਦੀ ਸੇਲੀ ਨੂੰ ਧਾਰਨ ਕਰਦਾ ਹੈ, ਉਹੀ ਸੱਚਾ ਜੋਗੀ ਹੈ।

ਅਸਲ ਵਿੱਚ ਉਦਾਸੀ ਮੱਤ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਅਧਾਰ ਨਾਨਕ ਬਾਣੀ ਹੀ ਹੈ। ਨਾਨਕ-ਬਾਣੀ ਵਾਂਗ ਉਦਾਸੀਆਂ ਦਾ ਅਧਿਆਤਮਕ ਮਾਰਗ ਵੀ ਨਾਮ-ਸਿਮਰਨ ਦੀ ਕਮਾਈ ਉੱਪਰ ਟਿਕਿਆ ਹੋਇਆ ਹੈ। ਨਾਮ-ਸਿਮਰਨ ਤੋਂ ਪ੍ਰਾਪਤ ਤੱਤ-ਗਿਆਨ ਨਾਲ ਹੀ ਮਾਇਆ ਰੂਪੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਉਪਰੰਤ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਜੀਵ-ਆਤਮਾ ਆਵਾਗਮਨ ਦੇ ਚੱਕਰ ਵਿੱਚੋਂ ਛੁੱਟ ਕੇ ਨਿਰਵਾਣ ਦੀ ਪ੍ਰਾਪਤੀ ਕਰ ਲੈਂਦਾ ਹੈ।

ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਦੀ ਬਾਣੀ ਵਿਚੋਂ ਹੇਠ ਲਿਖੀਆਂ ਮੁੱਖ ਵਿਆਖਿਆਤਮਕ ਵਿਸ਼ੇਸ਼ਤਾਵਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ-

**4.1.1.1 ਉਸਤਤ ਭਰਪੂਰ ਵਿਆਖਿਆ** :

ਗੁਰੂ ਨਾਨਕ ਦੇਵ ਸਾਹਿਬ ਅਤੇ ਬਾਬਾ ਸ੍ਰੀ ਚੰਦ ਜੀ ਦਾ ਆਪਸ ਵਿੱਚ ਡੂੰਘਾ ਸਨੇਹ ਸੀ। ਉਹ ਆਪਣੇ ਪਿਤਾ ਜੀ ਪਾਸੋਂ ਹਰ ਕਦਮ-ਕਦਮ ਉਪਰ ਰੂਹਾਨੀਅਤ ਦੀਆਂ ਗੁੱਝੀਆਂ ਰਮਜ਼ਾਂ ਦੀ ਯੋਗ ਅਗਵਾਈ ਲੈ ਰਹੇ ਸਨ। ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਨੂੰ 'ਬ੍ਰਹਮ ਰੂਪ' ਵੀ ਮੰਨਿਆ ਹੈ। ਜਿਸ ਦਾ ਪੁਖਤਾ ਪ੍ਰਮਾਣ ਉਨ੍ਹਾਂ ਦੁਆਰਾ ਰਚਿਤ 'ਆਰਤਾ' ਹੈ। ਇਸ ਦਾ ਉਚਾਰਨ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦੀ ਤੀਸਰੀ ਉਦਾਸੀ ਸਮਾਪਤ ਕਰਕੇ 1522 ਈ. ਵਿੱਚ ਪੱਖੋਕੇ ਪਹੁੰਚਣ ਦੀ ਖੁਸ਼ੀ ਵਿੱਚ ਕੀਤਾ ਸੀ। ਪੂਰਾ ਪਰਿਵਾਰ 21 (ਇੱਕੀ) ਸਾਲਾਂ ਮਗਰੋਂ ਗੁਰੂ ਨਾਨਕ ਦੇਵ ਜੀ ਨੂੰ ਮਿਲ ਰਿਹਾ ਸੀ। ਇਹ ਆਰਤਾ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਨਾਲ ਭਰਪੂਰ ਹੈ।

ਗੁਰਮਤਿ ਵਿੱਚ ਆਰਤੀ ਰੀਤ ਨਾਲੋਂ ਆਰਤੀ ਦੇ ਸੰਕਲਪ ਨੂੰ ਵਧੇਰੇ ਮਹੱਤਵ ਪ੍ਰਾਪਤ ਹੋਇਆ ਹੈ। ਸ਼ਾਇਦ ਇਹੋ ਕਾਰਨ ਹੈ ਬਾਬਾ ਸ੍ਰੀ ਚੰਦ ਜੀ ਨੇ ਪਿਤਾ ਗੁਰੂ ਦਾ ਆਰਤਾ ਕਰਦੇ ਸਮੇਂ ਵਿਰਾਟ ਸਰੂਪ ਦਾ ਬਖਾਨ ਕੀਤਾ ਹੈ। ਉਨ੍ਹਾਂ ਦੀ ਆਰਤੀ ਕੋਈ ਇੱਕ ਜੀਵ ਨਹੀਂ ਕਰ ਰਿਹਾ ਸਗੋਂ ਕੁੱਲ ਕਾਇਨਾਤ ਕਰ ਰਹੀ ਹੈ। ਬਾਬਾ ਸ੍ਰੀ ਚੰਦ ਜੀ 'ਆਰਤਾ' ਰਚਨਾ ਵਿੱਚ ਮਹਿਮਾ ਕਰਨ ਵਾਲਿਆਂ ਦੀ ਵਿਰਾਟਤਾ ਦੇ ਸਨਮੁੱਖ ਕਰਦੇ ਹੋਏ, ਆਰਤਾ ਕਰਨ ਵਿੱਚ ਆਨੰਦ ਵਿਭੋਰ ਹੋਣ ਦਾ ਅਤੇ ਮਹਿਮਾ ਗਾਉਣ ਦਾ ਪ੍ਰਭਾਵ ਸਿਰਜਦੇ ਹਨ। ਜੋ ਅਸਲੋਂ ਵਿਲੱਖਣ ਅਤੇ ਅਨੂਠਾ ਹੈ।[10]

ਆਰਤੇ ਦੇ ਪਹਿਲੇ ਪਦ ਵਿੱਚ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਨੂੰ ਸ਼ਹਿਨਸ਼ਾਹ ਭਾਵ ਸਭ ਤੋਂ ਵੱਡੇ

ਫ਼ਕੀਰ ਮੰਨਦੇ ਹੋਏ ਚਾਰ ਕੁੰਟਾਂ ਦੇ ਮਾਲਕ ਦਰਸਾਇਆ ਹੈ। ਉਹ ਦੀਨ ਅਤੇ ਦੁਨੀਆ ਦੇ ਮਾਲਕ ਹਨ, ਜਿਨ੍ਹਾਂ ਦਾ 'ਆਰਤਾ' ਪੂਰੀ ਕਾਇਨਾਤ ਵਿੱਚ ਹੋ ਰਿਹਾ ਹੈ,

ਚਾਰ ਕੁੰਟ ਜਾਕੀ ਧਰਮ ਸਾਲਾ॥

ਸੰਗਤ ਗਾਵੈ ਸਬਦ ਰਸਾਲਾ॥

ਆਰਤਾ ਕੀਜੈ ਨਾਨਕ ਸਾਹਿ-ਪਾਤਸ਼ਾਹ ਕਾ॥

ਹਰਿ ਹਰਿ ਦੀਨ ਦੁਨੀਆਂ ਕੇ ਸ਼ਾਹਿਨਿ ਸ਼ਾਹ ਕਾ॥

ਆਰਤਾ ਕੀਜੈ ਨਾਨਕ ਸ਼ਾਹਿ ਪਾਤਸ਼ਾਹ ਕਾ॥

ਜ਼ਾਹਿਰ ਹੈ ਕਿ ਆਰਤਾ ਗੁਰੂ ਨਾਨਕ ਸਾਹਿਬ ਦੀ ਮਹਿਮਾ ਨਾਲ ਭਰਪੂਰ ਹੈ, ਬਾਬਾ ਸ੍ਰੀ ਚੰਦ ਜੀ ਜਿੱਥੇ ਆਪਣੇ ਉਚੇਰੀ ਅਧਿਆਤਮਕ ਅਵਸਥਾ ਨੂੰ ਪ੍ਰਾਪਤ ਸਨ ਉੱਥੇ ਆਪਣੇ ਪਿਤਾ ਨੂੰ 'ਸਾਹਿਨ ਸ਼ਾਹ' ਕਹਿ ਕੇ ਮੁਖਾਤਬ ਹੋਏ। ਗੁਰੂ ਘਰ ਵਿੱਚ ਸਰਬ ਪ੍ਰਥਮ ਗੁਰੂ ਨਾਨਕ ਸਾਹਿਬ ਨੂੰ 'ਸ਼ਹਿਨਸ਼ਾਹ' ਸ਼ਬਦ ਨਾਲ ਸੰਬੋਧਨ ਉਨ੍ਹਾਂ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਕੀਤਾ। ਇਹ ਆਰਤਾ ਇੱਕ ਤਰ੍ਹਾਂ ਦਾ ਸਤੁਤੀ ਗਾਨ ਹੈ ਜੋ ਆਮ ਪ੍ਰਚਲਿਤ ਆਰਤੀ ਵਿੱਚ ਕੀਤਾ ਜਾਂਦਾ ਹੈ। ਗੁਰੂ ਸਪੁੱਤਰ ਇਸ ਪੱਖੋਂ ਸੁਚੇਤ ਸਨ ਕਿ ਉਨ੍ਹਾਂ ਦੁਆਰਾ ਉਚਾਰੀ ਬਾਣੀ ਵਿੱਚ ਕਿਸੇ ਤਰ੍ਹਾਂ ਦਾ ਭੁਲੇਖਾ ਨਾ ਜੁੜ ਜਾਵੇ। ਸੋ ਉਨ੍ਹਾਂ ਨੇ ਸਵੈ ਉੱਚਰਿਤ ਰਚਨਾ ਨੂੰ 'ਆਰਤਾ' ਦਾ ਨਾਮ ਦਿੱਤਾ।[11]

ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਸਰੂਪ ਨੂੰ ਅਨੇਕ ਪੱਖਾਂ ਤੋਂ ਚਿਤਰਿਆ ਹੈ। ਜਿਵੇਂ-ਬ੍ਰਹਮ ਸਰੂਪ, ਨਿਰੰਕਾਰ, ਆਕਾਲ ਪੁਰਖ, ਗੁਰੂ, ਸਰਵ ਸ਼੍ਰੇਸਠ ਦੇਵਤਾ ਆਦਿ। ਬਾਬਾ ਸ੍ਰੀ ਚੰਦ ਜੀ ਦੀ ਦ੍ਰਿਸ਼ਟੀ ਵਿੱਚ ਗੁਰੂ ਨਾਨਕ ਸਾਹਿਬ ਜੀ ਨਿਰੰਕਾਰ ਸਰੂਪ ਸਨ। ਉਹ ਉਨ੍ਹਾਂ ਦੀ ਹੋਂਦ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਵਿੱਚ ਤਸੱਵਰ ਕਰਦੇ ਹਨ,

ਸ੍ਰੀ ਗੁਰੂ ਨਾਨਕੰ ਨਿਰੰਕਾਰੰ ਨਾਰਾਇਣੰ ਨਿਰਗੁਣੰ

ਸਰਵਗਯੰ ਸੂਖਮੰ ਮੈਕੰ ਦੇਵਤੰ

ਨਮਸਤਤੇ।।

ਇਤੀ ਧਿਆਨੰ।।

ਸਤਿਨਾਮੁ-ਹੈ-ਸੋਹੰ ਸਾਰਾ॥

ਨਾਨਕ ਨਾਮ ਸੰਤਨ ਅਧਾਰਾ॥

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹਿ ਕਾ॥

ਹਰਿ ਹਰਿ ਦੀਨ ਦੁਨੀਆਂ ਕੇ ਸ਼ਾਹਿਨ ਸਾਹਿ ਕਾ॥

ਆਰਤਾ ਕੀਜੈ ਨਾਨਕ ਸਾਹਿ ਪਾਤਸ਼ਾਹਿ ਕਾ॥7॥

ਬਾਬਾ ਸ਼੍ਰੀ ਚੰਦ ਜੀ ਨੇ ਸਾਰੀ ਸ੍ਰਿਸ਼ਟੀ ਨੂੰ ਸੋਹੰ ਦਾ ਹੀ ਪਸਾਰਾ ਮੰਨਿਆ ਹੈ ਜਿਸ ਦਾ ਨਾਉਂ 'ਸਤਿਨਾਮ' ਹੈ। ਇਹ ਨਾਉਂ ਸੋਹੰ ਹੈ ਜਾਂ ਸਤਿਨਾਮ ਇਹ ਸੰਤਾਂ ਦਾ ਮੂਲ ਆਸਰਾ ਹੈ। ਕੁਲ ਲੋਕਾਈ ਦਾ ਨਾਮ ਆਧਾਰ ਸੋਹੰ ਹੀ ਹੈ। ਸੋਹੰ ਗੁਰੂ ਨਾਨਕ ਰੂਪ ਹੈ। ਅਜਿਹੇ ਸੋਹੰ ਰੂਪ ਗੁਰੂ ਨਾਨਕ ਸਾਹਿਬ ਦੀ ਮਹਿਮਾ ਕਰਨੀ ਹੀ ਚਾਹੀਦੀ ਹੈ।[12]

ਇਹੀ ਨਹੀਂ ਉਨ੍ਹਾਂ ਨੇ ਹਜ਼ਾਰਾਂ ਗੁਣਾਂ ਵਿਸ਼ੇਸ਼ਣਾਂ ਭਰੇ ਨਾਵਾਂ ਨਾਲ 125 ਸਲੋਕ ਗੁਰੂ ਨਾਨਕ ਪਿਤਾ ਜੀ ਦੀ ਉਸਤਤੀ ਵਿੱਚ ਉਚਾਰੇ ਹਨ। ਬਾਬਾ ਸ਼੍ਰੀ ਚੰਦ ਜੀ ਨੇ ਜੋ 'ਸਹੰਸਰ ਨਾਮਾ' ਉਚਾਰਿਆ ਉਸ ਦਾ ਸਿਰਲੇਖ 'ਗੁਰੂ ਨਾਨਕ ਸਹੰਸਰ ਨਾਮਾ' ਹੈ। ਜਿਸ ਤੋਂ ਇਹ ਟੂਹ ਪ੍ਰਾਪਤ ਹੁੰਦੀ ਹੈ ਕਿ ਉਨ੍ਹਾਂ ਨੇ ਆਪਣੇ ਪਿਤਾ ਨੂੰ ਅਕਾਲ ਪੁਰਖ ਦੇ ਸਮਵਿੱਥ ਰੱਖ ਕੇ ਉਨ੍ਹਾਂ ਦੀ ਅਪਾਰ ਮਹਿਮਾ ਕੀਤੀ ਹੈ। ਇਸ ਰਚਨਾ ਵਿੱਚ ਉਨ੍ਹਾਂ ਨੇ ਆਪਣੇ ਗੁਰੂ ਪਿਤਾ ਦੀ ਭਰਪੂਰ ਸਿਫ਼ਤ ਅਤੇ ਸ਼ਲਾਘਾ ਕੀਤੀ ਹੈ।

ਬਾਬਾ ਸ਼੍ਰੀ ਚੰਦ ਜੀ ਨੇ ਆਪਣੀ ਇੱਕ ਹੋਰ ਬਾਣੀ 'ਗੁਰੂ ਗਾਇਤ੍ਰੀ' ਵਿੱਚ ਵੀ ਗੁਰੂ ਨਾਨਕ ਸਾਹਿਬ ਨੂੰ ਬ੍ਰਹਮ ਰੂਪ ਸਵੀਕਾਰ ਕਰਦੇ ਹੋਏ ਉਨ੍ਹਾਂ ਦੇ ਸਰੂਪ, ਗੁਣਾਂ ਅਤੇ ਲੱਛਣਾਂ ਦੀ ਉਸਤਤ ਕੀਤੀ ਹੈ। ਇਸ ਬਾਣੀ ਦੇ ਦੂਸਰੇ ਚਰਨ ਵਿੱਚ ਗੁਰੂ ਨਾਨਕ ਸਾਹਿਬ ਨੂੰ ਸਰਵ ਸ੍ਰੇਸ਼ਠ ਦੇਵਤੇ ਦੇ ਰੂਪ ਵਿੱਚ ਚਿਤਰਦੇ ਹੋਏ ਲਿਖਦੇ ਹਨ,

ਸ਼੍ਰੀ ਗੁਰੂ ਨਾਨਕ ਨਿਰੰਕਾਰ ਦੇਵਤਾ

ਸਰਵਸ਼੍ਰੇਸ਼ਟ ਪ੍ਰਸਿੱਧ ਅਰਥੇ ਜਪੇ ਵਿਨਯੋਗਾ।

ਇਸ ਤੋਂ ਇਲਾਵਾ ਉਹਨਾਂ ਦੀ ਬਾਣੀ 'ਗੁਰ ਗਾਇਤ੍ਰੀ' ਦਾ ਮੂਲ ਸੰਕਲਪ ਵੀ ਮੂਲ ਮੰਤਰ ਵਾਲਾ ਹੀ ਹੈ,

ਓਅੰ ਸਤਿਨਾਮੁ ਇਤੀ ਵੀਜੰ॥

ਓਅੰ ਕਰਤਾ ਪੁਰਖ ਨਿਰਭਉ ਨਿਰਵੈਰ

ਅਕਾਲ ਮੂਰਤਿ ਅਜੂਨੀ ਸੈਭੰ॥ ਇਤੀ ਸ਼ਕਤੀ॥

ਓਅੰ ਗੁਰਪ੍ਰਸਾਦਿ: ਇਤੀ ਕੀਲਕੰ॥

ਅਥ ਮੰਤ੍ਰਾ-

ਓਅੰ ਆਦਿ ਸਚੁ ਜੁਗਾਦਿ ਸਚੁ ਹੈ ਭਿ ਸਚੁ।

ਨਾਨਕ ਹੋਸੀ ਭੀ ਸਚੁ ਨਮ: ਇਤੀ ਮੰਤ੍ਰਾ।।

ਇੱਥੋਂ ਹੀ ਇਹ ਟੂਹ ਵੀ ਪ੍ਰਾਪਤ ਹੁੰਦੀ ਹੈ ਬਾਬਾ ਸ੍ਰੀ ਚੰਦ ਜੀ ਨੂੰ ਆਪਣੇ ਪਿਤਾ ਗੁਰੂ ਨਾਨਕ ਸਾਹਿਬ ਦੀ ਬਾਣੀ ਯਾਦ ਸੀ। ਨਾ ਕੇਵਲ ਉਨ੍ਹਾਂ ਨੇ ਯਾਦ ਹੀ ਕੀਤੀ ਸਗੋਂ ਇਸ ਨੂੰ ਸਰਬ ਸ਼੍ਰੇਸ਼ਠ ਜਾਣ ਕੇ ਇਸ ਦੀ ਮਹਿਮਾ ਵੀ ਕੀਤੀ ਤੇ ਉਪਾਸਨਾ ਵੀ। ਇਹ ਬਾਣੀ ਸਰਬ ਸ਼ਕਤੀ ਸੰਪੰਨ ਸੀ ਇਸ ਨੂੰ ਜਪਣਾ, ਹਿਰਦੇ ਵਿੱਚ ਧਾਰਨਾ, ਉੱਤਮ ਹੈ।[13] "ਓਅੰ ਸਤਿਨਾਮ" ਸਤਿਨਾਮ ਸ੍ਰਿਸਟੀ ਦਾ ਮੂਲ ਸ੍ਰੋਤ ਹੈ। ਇਸ ਤੋਂ ਹੀ ਅੰਡਜ, ਜੇਰਜ, ਸੇਤਜ, ਉਤਭੁਜ ਚਾਰ ਪ੍ਰਕਾਰੀ ਸ੍ਰਿਸ਼ਟੀ ਰੂਪ ਗ੍ਰਹਿਣ ਕਰ ਸਕੀ ਹੈ। ਪਰਮਾਤਮਾ ਦਾ ਸਰੂਪ ਅਨੇਕ ਗੁਣਾਂ ਦਾ ਧਾਰਨੀ ਹੈ। ਧਿਆਨ ਰਹੇ "ਓਅੰ ਗੁਰਪ੍ਰਸਾਦਿ" ਨੂੰ ਬਾਬਾ ਸ੍ਰੀ ਚੰਦ ਜੀ ਅਧਿਆਤਮਕਤਾ ਦਾ ਮੂਲ ਸਤੰਭ ਕਰਕੇ ਬਿਆਨਦੇ ਹਨ। ਇਸ ਦੇ ਦੁਆਲੇ ਹੀ ਕੁਲ ਕਾਇਨਾਤ ਤੇ ਸਰਬ ਸ੍ਰਿਸ਼ਟੀ ਦੇ ਧਰਮ ਘੁੰਮਦੇ ਹਨ।"[14]

ਧਰਮ ਚਿੰਤਕਾਂ ਦੁਆਰਾ ਪਰਮਾਤਮਾ ਦੀ ਹੋਂਦ ਨੂੰ ਨਿਰਗੁਣ ਅਤੇ ਸਰਗੁਣ ਦੋ ਰੂਪਾਂ ਵਿੱਚ ਤਸੱਵਰ ਕੀਤਾ ਜਾਂਦਾ ਹੈ। ਨਿਰਗੁਣ ਸਰੂਪ ਵਿੱਚ ਪਰਮਾਤਮਾ ਦੀ ਹੋਂਦ ਨਿਰਾਕਾਰ, ਅਪ੍ਰਤੱਖ, ਸੂਖ਼ਮ ਅਤੇ ਅਨਾਮ ਆਦਿ ਹੈ। ਪ੍ਰੰਤੂ ਉਸਦਾ ਸਰਗੁਣ ਸਰੂਪ ਸਾਕਾਰ ਅਤੇ ਪ੍ਰਤੱਖ ਹੈ। ਉਸਦਾ ਸਭ ਤੋਂ ਪਵਿੱਤਰ ਨਾਮ "ਓਅੰ" ਹੈ। ਓਅੰ ਸ਼ਬਦ ਵਿੱਚੋਂ ਅਕਾਲ ਪੁਰਖ ਦੀਆਂ ਤਿੰਨ ਪ੍ਰਮੁੱਖ ਖੂਬੀਆਂ ਪ੍ਰਗਟ ਹੁੰਦੀਆਂ ਹਨ-(1).ਉਹ ਖ਼ਾਲਿਕ ਹੈ;(2).ਉਹ ਪਾਲਿਕ ਹੈ;(3).ਉਹ ਘਾਲਿਕ ਹੈ। ਇਨ੍ਹਾਂ ਤੋਂ ਭਾਵ ਹੈ ਕਿ ਉਹ ਸ੍ਰਿਸ਼ਟੀ ਦੀ ਉਤਪੱਤੀ ਕਰਦਾ ਹੈ, ਉਸਦੀ ਪਾਲਣਾ ਕਰਦਾ ਹੈ ਅਤੇ ਅੰਤ ਵਿੱਚ ਸਾਰੀ ਸ੍ਰਿਸ਼ਟੀ ਨੂੰ ਆਪਣੇ ਸਰੂਪ ਵਿੱਚ ਸਮੋ ਲੈਂਦਾ ਹੈ।

ਉਸਦਾ ਇਹ ਕਾਰਜ ਚੱਲ ਵੀ ਰਿਹਾ ਹੈ ਅਤੇ ਸਦੀਵ ਕਾਲ ਤੱਕ ਚੱਲਦਾ ਵੀ ਰਹੇਗਾ। ਗੁਰਮਤਿ ਵਿਚਾਰਧਾਰਾ ਵਿੱਚ "ਓ" ਦੇ ਆਰੰਭ "੧" ਅੱਖਰ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸਦਾ ਅਸਲੀ ਰੂਪ '੧ਓਂ' ਇੱਕ ਓਅੰਕਾਰ ਹੈ। ਇਸ ਸੰਬੰਧੀ ਗੁਰਬਾਣੀ ਵਿੱਚ ਮਿਲਦੇ ਹਵਾਲੇ ਇਸ ਪ੍ਰਕਾਰ ਹਨ-

(ੳ) ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥

(ਮਾਰੂ ਮ:5, 1003-17)

(ਅ) ਓਅੰ ਗੁਰਮੁਖਿ ਕੀਉ ਅਕਾਰਾ॥ ਏਕਹਿ ਸੂਤ ਪਰੋਵਨਹਾਰਾ॥

ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ॥

ਨਿਰਗੁਨ ਤੇ ਸਰਗੁਨ ਦ੍ਰਿਸਟਾਰੰ॥

(ਗਉੜੀ ਬਾਵਨ ਅੱਖਰੀ ਮ:5, 250-72)

ਇਸ ਪ੍ਰਕਾਰ ਬਾਬਾ ਸ਼੍ਰੀ ਚੰਦ ਜੀ ਦੀ ਓਅੰ ਸੰਬੰਧੀ ਵਿਚਾਰਧਾਰਾ ਬਿਲਕੁਲ ਗੁਰਮਤਿ ਆਸ਼ੇ ਅਨੁਕੂਲ ਹੈ।

**4.1.1.2 ਭਾਉ-ਭਗਤੀ** :

ਪ੍ਰਭੂ ਭਗਤੀ ਜਾਂ ਪ੍ਰੇਮਾ ਭਗਤੀ ਪਿਆਰ ਦੀ ਉਹ ਸਿਖਰਲੀ ਅਤੇ ਸਮੱਗਰ ਵਿਸਮਾਦਮਈ ਅਵਸਥਾ ਹੈ। ਜਿਸ ਵਿੱਚ ਪ੍ਰੇਮ ਦੇ ਸਾਰੇ ਰੰਗ ਪਿਆਰ, ਨੇਹੁ, ਭਾਉ, ਅਨੁਰਾਗ, ਰਤੀ ਆਦਿ ਸਮਾਏ ਹੁੰਦੇ ਹਨ।[15] ਠੀਕ ਇਸੇ ਤਰ੍ਹਾਂ ਦੀ ਪ੍ਰੇਮਾ-ਭਗਤੀ ਦਾ ਰੰਗ ਬਾਬਾ ਸ਼੍ਰੀ ਚੰਦ ਦੀ ਬਾਣੀ ਵਿੱਚੋਂ ਨਜ਼ਰ ਆਉਂਦਾ ਹੈ। ਜਦੋਂ ਬਾਬਾ ਸ਼੍ਰੀ ਚੰਦ ਜੀ ਨੇ ਆਪਣੇ ਗੁਰੂ ਪਿਤਾ ਦੇ ਦੂਸਰੀ ਉਦਾਸੀ ਤੋਂ ਮੁੜਨ ਉਪਰੰਤ 21 ਸਾਲਾਂ ਪਿੱਛੋਂ ਦਰਸ਼ਨ ਕੀਤੇ ਤਾਂ ਉਨ੍ਹਾਂ ਦਾ ਹਿਰਦਾ ਫੁੱਲ ਵਾਂਗ ਖਿੜ ਗਿਆ। ਉਨ੍ਹਾਂ ਨੇ ਅਤਿਅੰਤ ਸ਼ਰਧਾ ਅਤੇ ਪਿਆਰ ਨਾਲ ਗੁਰੂ ਨਾਨਕ ਸਾਹਿਬ ਨੂੰ ਮੱਥਾ ਟੇਕਿਆ, ਪਿਤਾ ਗੁਰੂ ਉੱਪਰ ਫੁੱਲਾਂ ਦੀ ਵਰਖਾ ਕੀਤੀ ਅਤੇ ਨਾਲ ਹੀ 'ਆਰਤਾ' ਪੜ੍ਹਿਆ। ਇਸ 'ਆਰਤੇ' ਦੇ ਦੂਸਰੇ ਪਦ ਵਿੱਚ ਬਾਬਾ ਸ਼੍ਰੀ ਚੰਦ ਜੀ ਨੇ ਬਿਆਨ ਕੀਤਾ ਕਿ ਕਰੋੜਾਂ ਦੇਵੀਆਂ ਗੁਰੂ ਜੀ ਦੇ ਸਨਮੁੱਖ ਜੋਤ ਜਗਾਉਂਦੀਆਂ ਹਨ, ਤੇਤੀ ਕਰੋੜ ਦੇਵੀ ਦੇਵਤੇ ਉਨ੍ਹਾਂ ਦੀ ਮਹਿਮਾ ਵਿੱਚ ਰੁੱਝੇ ਹੋਏ ਹਨ। ਛਿਆਨਵੇਂ ਕਰੋੜ ਮੰਨੀ ਜਾਂਦੀ ਮੇਘ ਮਾਲਾ ਭਾਵ ਛਿਆਨਵੇਂ ਕਰੋੜ ਬੱਦਲ ਗੁਰੂ ਸਾਹਿਬ ਦੇ ਚਰਨ ਧੋ ਰਹੇ

ਹਨ। ਕਹਿਣ ਤੋਂ ਭਾਵ ਕਿ ਪੂਰੀ ਕਾਇਨਾਤ ਗੁਰੂ ਸਾਹਿਬ ਦੀ ਉਸਤਤ ਵਿੱਚ ਮਗਨ ਹੈ,

ਕੋਟ ਦੇਵੀ ਜਾਕੀ ਜੋਤਿ ਜਗਾਵੈ॥

ਕੋਟਿ ਤੇਤੀਸ ਜਾਕੀ ਉਸਤਤਿ ਗਾਵੈ॥

ਆਰਤਾ ਕੀਜੈ ਨਾਨਕ ਸ਼ਾਹਿ ਪਾਤਿਸ਼ਾਹਿ ਕਾ॥

ਹਰਿ ਹਰਿ ਦੀਨ ਦੁਨੀਆਂ ਦੇ ਸ਼ਾਹਿਨਿ ਸ਼ਾਹ ਕਾ॥

ਆਰਤਾ ਕੀਜੈ ਨਾਨਕ ਸਾਹਿ ਪਾਤਿਸਾਹ ਕਾ॥

**4.1.1.3 ਅਸੀਮ ਸ਼ਰਧਾ :**

ਬਾਬਾ ਸ੍ਰੀ ਚੰਦ ਜੀ ਦੀ ਨਜ਼ਰ ਵਿੱਚ ਗੁਰੂ ਨਾਨਕ ਸਾਹਿਬ ਅਗਮ, ਆਗਾਧ, ਅਡੋਲ ਅਤੇ ਅਵਧੂਤ ਬਿਰਤੀ ਦੇ ਮਾਲਕ ਸੱਚੇ ਸਤਿਗੁਰੂ ਹਨ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਲਈ ਉਚਾਰੇ ਇਸ ਆਰਤੇ ਦੇ ਮਹਾਤਮ ਫਲ ਸੰਬੰਧੀ ਬਿਆਨ ਕੀਤਾ ਹੈ ਕਿ ਜੋ ਵੀ ਇਸ ਮਹਿਮਾ ਭਰਪੂਰ ਆਰਤੇ ਦਾ ਗਾਇਨ ਕਰੇਗਾ ਉਸ ਨੂੰ ਬੈਕੁੰਠ ਪ੍ਰਾਪਤ ਹੋਵੇਗਾ। ਇਸ ਪ੍ਰਕਾਰ ਉਹਨਾਂ ਦੀ ਗੁਰੂ ਪਿਤਾ ਉੱਪਰ ਅਟੁੱਟ ਸ਼ਰਧਾ ਸੀ। ਉਹ ਆਪਣੇ ਆਪ ਨੂੰ 'ਨਾਨਕ ਪੂਤਾ' ਕਹਿ ਕੇ ਵੀ ਕਾਫ਼ੀ ਫਖ਼ਰ ਮਹਿਸੂਸ ਕਰਦੇ ਸਨ। ਜਿਵੇਂ-

ਸ੍ਰੀ ਚੰਦ ਵਿਖਾਣੇ ਸਤਿਗੁਰੂ ਨਾਨਕ ਪੂਤਾ॥

ਅਗਮ ਅਗਾਹ ਅਡੋਲ ਅਵਧੂਤਾ॥

ਆਰਤਾ ਕੀਜੈ ਨਾਨਕ ਸਾਹਿ ਪਾਤਸਾਹਿ ਕਾ॥

ਇਸ 'ਆਰਤਾ' ਬਾਣੀ ਦੇ ਅੰਤ ਵਿੱਚ ਬਾਬਾ ਸ੍ਰੀ ਚੰਦ ਜੀ ਆਪਣੇ ਆਪ ਨੂੰ ਅਭੋਲ, ਅੰਞਾਣਾ ਬਾਲ ਘੋਸ਼ਿਤ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਦੇ ਸਾਹਮਣੇ ਸ਼ਰਨ ਪਏ ਅੰਞਾਣੇ ਬਾਲ ਦੀ ਰੱਖਿਆ ਕਰਨ ਲਈ ਅਰਦਾਸ ਬੇਨਤੀ ਕਰਦੇ ਹਨ,

ਸਰਨ ਪਰੇ ਕੀ ਰਾਖ ਦਿਆਲਾ॥

ਨਾਨਕ ਤੁਮਰੇ ਬਾਲ ਗੋਪਾਲਾ॥

ਆਰਤਾ ਕੀਜੈ ਸਾਹਿ ਪਾਤਸ਼ਾਹਿ ਕਾ॥

ਹਰਿ ਹਰਿ ਦੀਨ ਦੁਨੀਆਂ ਕੇ ਸ਼ਾਹਿਨ ਸਾਹ ਕਾ॥

ਆਰਤਾ ਕੀਜੈ ਨਾਨਕ ਸਾਹਿ ਪਾਤਿਸ਼ਾਹ ਕਾ॥10॥

ਭਾਵੇਂ ਬਾਬਾ ਸ੍ਰੀ ਚੰਦ ਜੀ ਅਧਿਆਤਮਕ ਜਗਤ ਦੀ ਸਿਖਰ ਨੂੰ ਛੂਹ ਰਹੇ ਸਨ ਪਰ ਫਿਰ ਵੀ ਉਹ ਆਪਣੇ ਆਪ ਨੂੰ ਗੁਰੂ ਪਿਤਾ ਦਾ ਅੰਞਾਣਾ ਬਾਲਕ ਹੀ ਸਮਝਦੇ ਸਨ। ਇਹ ਸ਼ਬਦ ਉਹਨਾਂ ਦੀ ਨਿਰਮਾਣਤਾ ਦਾ ਪ੍ਰਤੀਕ ਹਨ।

**4.1.1.4 ਸੂਤਰਿਕ ਵਿਆਖਿਆ ਵਿਧੀ** :

ਬਾਬਾ ਸ੍ਰੀ ਚੰਦ ਜੀ ਪੰਰਪਰਾਗਤ ਸੂਤਰਿਕ ਵਿਆਖਿਆ ਵਿਧੀ ਦੀ ਵਰਤੋਂ ਆਪਣੀ ਹਰ ਰਚਨਾ ਵਿੱਚ ਕਰਦੇ ਹਨ ਤਾਂ ਕਿ ਵਿਸ਼ੇ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਸਮਝਾਇਆ ਜਾ ਸਕੇ। ਉਨ੍ਹਾਂ ਦੀ ਹਰ ਬਾਣੀ ਨੂੰ ਇੱਕ ਸਿਰਲੇਖ ਪ੍ਰਾਪਤ ਹੈ। ਜਿਸ ਤਰ੍ਹਾਂ 'ਸ੍ਰੀ ਸਤਗੁਰੂ ਨਾਨਕ ਜੀ ਕਾ ਆਰਤਾ' ਗੁਰੂ ਨਾਨਕ ਸਹੰਸਰਨਾਮਾ, 'ਗੁਰੂ ਗਾਇਤ੍ਰੀ ਕਥਨੰ', 'ਸ੍ਰੀ ਮਾਤ੍ਰਾ ਸਾਹਿਬ, ਸਿਰਲੇਖਾਂ ਵਿੱਚ ਵੰਡਿਆ ਗਿਆ ਹੈ। ਇਹ ਮੁੱਖ ਸਿਰਲੇਖ ਹਨ। ਇਸ ਤੋਂ ਇਲਾਵਾ 'ਗੁਰੂ ਗਾਇਤ੍ਰੀ' ਬਾਣੀ ਵਿੱਚ ਕੁੱਝ ਗੌਣ ਸਿਰਲੇਖ ਵੀ ਵੇਖਣ ਨੂੰ ਮਿਲਦੇ ਹਨ,

ਪਹਿਲੀ ਇਕਾਈ ਦਾ ਸਿਰਲੇਖ ਹੈ- ਪ੍ਰਿਥਮ ਧਿਆਨ

ਦੂਸਰੀ ਇਕਾਈ ਦਾ ਸਿਰਲੇਖ ਹੈ- ਅਥ ਅਵਾਵਹਿਨ

ਤੀਸਰੀ ਇਕਾਈ ਦਾ ਸਿਰਲੇਖ ਹੈ- ਅਥ ਆਰੰਭ

ਚੌਥੀ ਇਕਾਈ ਦਾ ਸਿਰਲੇਖ ਹੈ- ਅਥ ਕਰਨ ਨਿਆਸਾ

ਪੰਜਵੀਂ ਇਕਾਈ ਦਾ ਸਿਰਲੇਖ ਹੈ- ਅਥ ਹਿਰਦੇ ਨਿਆਸਾ

ਛੇਵੀਂ ਇਕਾਈ ਦਾ ਸਿਰਲੇਖ ਹੈ- ਅਥ ਪਾਦ ਨਿਆਸਾ ਕਵਚੰ

ਸਤਵੀਂ ਇਕਾਈ ਦਾ ਸਿਰਲੇਖ ਹੈ- ਆਰੰਭ ਵਿੱਚ 'ਅਥ ਧਿਆਨਾ' ਅੰਤ ਵਿੱਚ

'ਇਤੀ ਧਿਆਨੰ'

ਅੱਠਵੀਂ ਇਕਾਈ ਦਾ ਸਿਰਲੇਖ ਹੈ- ਅਥ ਸੰਕਲਪ

ਨੌਵੀਂ ਇਕਾਈ ਦਾ ਸਿਰਲੇਖ ਹੈ- ਅਥ ਮੰਤ੍ਰ

**4.1.1.5 ਸਿਰਜਨਾਤਮਕ ਵਿਆਖਿਆਕਾਰੀ** :

ਇੱਥੇ ਇਹ ਸਪੱਸ਼ਟ ਕਰ ਦੇਣਾ ਲਾਜ਼ਮੀ ਹੈ ਕਿ ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆਕਾਰੀ ਨਾਨਕ ਬਾਣੀ ਦੇ ਸਰਲ ਅਰਥ ਬਿਆਨ ਨਹੀਂ ਕਰਦੀ ਬਲਕਿ ਇਸ ਬਾਣੀ ਵਿਚਲੇ ਭਾਵਾਂ, ਵਿਚਾਰਾਂ ਅਤੇ ਮੂਲ ਦਾਰਸ਼ਨਿਕ ਸੰਕਲਪਾਂ ਨੂੰ ਆਪਣੀ ਸਿਰਜਣਾਤਮਕ ਸਮਰੱਥਾ ਰਾਹੀਂ ਰੂਪਮਾਨ ਕਰਦੀ ਹੈ। ਬਾਬਾ ਸ੍ਰੀ ਚੰਦ ਜੀ ਅਤੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਕ ਸਮਾਨਤਾ "ਦਇਆ ਕਪਾਹ ਸੰਤੋਖ ਸਤ ਜਤੁ ਗੰਢੀ ਸਤੁ ਵਟੁ।। ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ" ਪੰਕਤੀ ਵਿੱਚ ਵੀ ਵੇਖੀ ਜਾ ਸਕਦੀ ਹੈ।

**4.1.1.6 ਮੰਗਲਾਚਰਣ** :

ਬਾਬਾ ਸ੍ਰੀ ਚੰਦ ਜੀ ਦੀ ਬਾਣੀ 'ਗੁਰ ਗਾਇਤ੍ਰੀ' ਵਿੱਚ '੧ਓ ਸਤਿਗੁਰ ਪ੍ਰਸਾਦਿ' ਮੰਗਲ ਵਾਕ ਅੰਕਿਤ ਕੀਤਾ ਗਿਆ ਹੈ। ਇਹ ਮੰਗਲ ਵਿਧੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੰਗਲਵਿਧੀ ਨਾਲ ਮੇਲ ਖਾਂਦੀ ਹੈ। ਜਿਵੇਂ:-

੧ਓ ਸਤਿਗੁਰ ਪ੍ਰਸਾਦਿ॥

ਅਥ ਗੁਰੂ ਗਾਇਤ੍ਰੀ ਕਥਨੰ॥

'ਗੁਰ ਗਾਇਤ੍ਰੀ' ਬਾਣੀ ਦਾ ਮੂਲ ਪਾਠ ਸੰਸਕ੍ਰਿਤ ਵਿੱਚ ਹੈ। ਇਸ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ ਹੈ।

**4.1.1.7 ਰਹਾਉ** :

ਰਹਾਉ ਵਾਲੇ ਬੰਦ ਵਿੱਚ ਸ਼ਬਦ ਜਾਂ ਰਚਨਾ ਦਾ ਕੇਂਦਰੀ ਭਾਵ ਛੁਪਿਆ ਹੁੰਦਾ ਹੈ। ਬਾਕੀ ਦੇ ਬੰਦਾਂ ਵਿੱਚ ਕੇਂਦਰੀ ਭਾਵ ਦੀ ਵਿਆਖਿਆ ਹੁੰਦੀ ਹੈ। ਬਾਬਾ ਸ੍ਰੀ ਚੰਦ ਜੀ ਦੀ ਬਾਣੀ ਵਿੱਚ ਆਰੰਭਲਾ ਪਦ ਇੱਕ ਸੰਕਲਪ ਵੱਲ ਸੰਕੇਤ ਕਰਦਾ ਹੈ, ਉਸ ਉਪਰੰਤ ਸਾਰਾ ਸਲੋਕ ਉਸੇ ਸੰਕਲਪ ਦੇ ਇਰਦ-ਗਿਰਦ ਘੁੰਮਦਾ ਹੈ।

ਜਿਵੇਂ:-

ਮੂਲ-ਉਅੰ ਸਤਿਦੇਵਾ, ਸਤਿਰੂਪਾ, ਨਿਗਮ ਬੰਸ ਕਰਾ ਸੁਚੀ॥

ਸਤ ਕਰਤਾ ਸਤ ਨਾਮਾ, ਸਤਚਾਰੀ, ਸਤੋਧਰਾ॥1॥

ਇਸ ਤਰ੍ਹਾਂ ਇਹ 'ਸਹੰਸਰਨਾਮਾ' ਬਾਣੀ ਦਾ ਪਹਿਲਾ ਸਲੋਕ ਹੈ ਜਿਸ ਵਿੱਚ ਇਸ਼ਟ ਦੇਵ ਦੇ ਸਰੂਪ, ਗੁਣ ਅਤੇ ਕਰਮਾਂ ਉੱਪਰ ਚਾਨਣਾ ਪਾਇਆ ਗਿਆ ਹੈ ਕਿ ਇਸੇ ਤਰ੍ਹਾਂ 'ਗੁਰ ਗਾਇਤ੍ਰੀ' ਵਿੱਚ ਲਿਖਦੇ ਹਨ:-

ਉਅੰ : ਸੋਹੰ : ਪਰਮਹੰਸ : ਅਖੰਡ ਸਚਦਾਨੰਦ

ਤੁਰੀਆ ਪਦੰ ਨਮ : ਪਰਮਾਤਮੰ ਨਮਸਕਾਰੰ॥

ਓਅੰ ਹਰੀ ਹਰ ਬ੍ਰਹਮਾਏ ਨਮ: ਇਤੀ ਪਰਮ ਹੰਸ

ਇਸ ਵਿੱਚ ਸਭ ਤੋਂ ਪਹਿਲਾਂ ਪਾਰਬ੍ਰਹਮ ਦਾ ਧਿਆਨ ਧਰਨ ਦੀ ਹਦਾਇਤ ਕੀਤੀ ਗਈ ਹੈ। ਉਹੀ ਓਅੰ ਹੈ, ਸੋਹੰ ਹੈ, ਪਰਮਹੰਸ ਹੈ, ਅਖੰਡ ਅਤੇ ਸਤ, ਚਿਤ, ਅਨੰਦ ਹੈ। ਉਹ ਹੀ ਤੁਰੀਆ ਅਥਵਾ ਚਉਥੇ ਪਦ ਦਾ ਅਧਿਕਾਰੀ ਹੈ। ਓਸੇ ਪਾਰਬ੍ਰਹਮ ਪਰਮੇਸ਼ਰ ਨੂੰ ਨਮਸਕਾਰ ਕਰਨੀ ਚਾਹੀਦੀ ਹੈ। ਜਿਸੇ ਨੇ ਬ੍ਰਹਮਾ ਰੂਪ ਪੈਦਾ ਕਰਕੇ ਸਾਰੀ ਸ੍ਰਿਸ਼ਟੀ ਨੂੰ ਸਾਜਿਆ ਹੈ। ਇਸ ਵਿੱਚ ਪਾਰਬ੍ਰਹਮ ਦੇ ਗੁਣਾਂ ਅਤੇ ਲੱਛਣਾਂ ਦਾ ਬਿਆਨ ਕਰਕੇ ਉਸ ਨੂੰ ਸਦਾ ਨਮਸਕਾਰ ਕਰਨ ਦੀ ਸਿੱਖਿਆ ਦਿੱਤੀ ਗਈ ਹੈ।

**4.1.1.8 ਪ੍ਰਸ਼ਨੋਤਰੀ ਸ਼ੈਲੀ** :

ਬਾਬਾ ਸ਼੍ਰੀਚੰਦ ਜੀ ਦੀ ਬਾਣੀ ਵਿੱਚ ਪ੍ਰਸ਼ਨ-ਉੱਤਰ ਸ਼ੈਲੀ ਦਾ ਪ੍ਰਯੋਗ ਹੋਇਆ ਮਿਲਦਾ ਹੈ। ਉਹ ਇਸ ਜੁਗਤ ਰਾਹੀਂ ਸੰਵਾਦ ਰਚਾ ਕੇ ਮੂਲ ਸਿਧਾਤਾਂ ਨੂੰ ਦ੍ਰਿੜ ਕਰਵਾਉਂਦੇ ਹਨ। 'ਮਾਤਰਾ ਬਾਣੀ' ਵਿੱਚ ਪਹਿਲੇ ਬੰਦ ਵਿੱਚ ਪ੍ਰਸ਼ਨੋਤਰੀ ਸ਼ੈਲੀ ਦੀ ਝਲਕ ਮਿਲਦੀ ਹੈ। ਪਹਿਲਾ ਪ੍ਰਸ਼ਨ ਕੀਤਾ ਗਿਆ ਹੈ-

ਕਹੁ ਰੇ ਬਾਲੇ ਕਿਸ ਮੂੰਡਿਆ, ਕਿਨ ਮੂੰਡਾਇਆ॥

ਕਿਸ ਕਾ ਭੇਜਿਆ ਨਗਰੀ ਆਇਆ॥

ਫਿਰ ਉੱਤਰ ਵਿੱਚ ਬਾਬਾ ਜੀ ਕਹਿੰਦੇ ਹਨ-

ਸਤਿਗੁਰ ਮੂੰਡਿਆ, ਲੇਖ ਮੂੰਡਾਇਆ॥

ਗੁਰ ਕਾ ਭੇਜਿਆ, ਨਗਰੀ ਆਇਆ॥

ਇਸ ਉਪਰੰਤ ਆਦੇਸ਼ ਰੂਪ ਵਿੱਚ ਕਿਹਾ ਗਿਆ ਹੈ-

ਚੇਤੋ ਨਗਰੀ ਤਾਰੋ ਗਾਮ॥

ਅਲਖ ਪੁਰਖ ਕਾ ਸਿਮਰੋ ਨਾਮ॥

ਗੁਰ ਅਵਿਨਾਸ਼ੀ ਖੇਲ ਰਚਾਇਆ॥

ਆਗਮ ਨਿਗਮ ਕਾ ਪੰਥ ਬਤਾਇਆ॥1॥

ਇਸ ਪ੍ਰਕਾਰ ਇੱਕ ਧਿਰ ਕਹਿਣ ਵਾਲੀ ਤੇ ਦੂਸਰੀ ਧਿਰ ਸੁਣਨ ਵਾਲੀ। ਇਹ ਦੁਧਿਰਾ ਸੰਬਾਦ ਜਿਥੇ ਮਾਤ੍ਰਾ-ਬਾਣੀ ਦੀ ਬੀਜ ਬਣਤਰ ਵੱਲ ਸੰਕੇਤ ਕਰਦਾ ਹੈ। ਉੱਥੇ ਨਾਲ ਹੀ ਇਸ ਦੇ ਬੀਜ ਸੰਦੇਸ਼ ਨੂੰ ਵੀ ਰੂਪਮਾਨ ਕਰ ਦੇਂਦਾ ਹੈ। ਬ੍ਰਹਮ ਨੂੰ ਨਿਰਗੁਣ, ਨਿਰੰਕਾਰ ਮੰਨ ਲੈਣ ਅਤੇ ਇੱਕ ਈਸ਼ਵਰਵਾਦ ਨੂੰ ਸਵੀਕਾਰ ਕਰਨ ਉੱਪਰ ਜ਼ੋਰ ਦਿੱਤਾ ਗਿਆ ਹੈ। ਇੱਕ ਈਸ਼ਵਰ ਜੋ ਅਲਖ ਹੈ, ਉਸਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

**4.1.1.9 ਭਾਸ਼ਾ :**

ਆਪਣੇ ਗੁਰੂ-ਪਿਤਾ ਵਾਂਗ ਬਾਬਾ ਸ੍ਰੀ ਚੰਦ ਜੀ ਵੀ ਕਈ ਭਾਸ਼ਾਵਾਂ ਦੇ ਗਿਆਤਾ ਸਨ। ਉਹਨਾਂ ਨੇ 'ਗੁਰੂ ਗਾਇਤ੍ਰੀ' ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿੱਚ ਕੀਤੀ ਅਤੇ 'ਗੁਰੂ ਨਾਨਕ ਸਹੰਸਰਨਾਮਾ' ਬਾਣੀ ਨੂੰ ਸਹਸਕ੍ਰਿਤੀ ਭਾਸ਼ਾ ਵਿੱਚ ਕਲਮਬੱਧ ਕੀਤਾ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਦੀਆਂ ਰਚਨਾਵਾਂ ਦੀ ਭਾਸ਼ਾ ਸਾਧ ਭਾਖਾ ਹੈ।

**4.1.1.10 ਕਾਵਿਕ ਸ਼ੈਲੀ :**

ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆ ਸ਼ੈਲੀ ਦਾ ਰੂਪ ਕਾਵਿਕ ਹੈ। ਬੇਸ਼ੱਕ ਕਵਿਤਾ ਨੂੰ ਵਿਆਖਿਆਕਾਰੀ ਲਈ ਕੋਈ ਬਹੁਤਾ ਢੁੱਕਵਾਂ ਨਹੀਂ ਮੰਨਿਆ ਜਾਂਦਾ ਪਰ ਫਿਰ ਵੀ ਬਾਬਾ ਸ੍ਰੀ ਚੰਦ ਜੀ ਦੀ ਕਲਾਤਮਿਕ ਪ੍ਰਤਿਭਾ ਸਲਾਹੁਣਯੋਗ ਹੈ। ਉਹਨਾਂ ਦੀ ਕਲਾਤਮਿਕ ਪ੍ਰਤਿਭਾ ਉਦੋਂ ਸਿਖਰ ਉੱਤੇ ਹੁੰਦੀ ਹੈ ਜਦੋਂ ਉਹ ਦਾਰਸ਼ਨਿਕ ਨੁਕਤਿਆਂ ਨੂੰ ਬਹੁਤ ਹੀ ਸਰਲਤਾ ਅਤੇ ਸੰਖੇਪਤਾ ਸਹਿਤ ਬਿਆਨ ਕਰ ਦਿੰਦੇ ਹਨ।

ਉਦਾਹਰਣ ਵਜੋਂ:-

-ਪ੍ਰੇਮਸ੍ਵਰੰ ਪਰਾਬ੍ਰਮ ਜਗਤ ਸ੍ਵਾਮੀ ਜਗ ਪਿਤਾ॥

ਰਿਖ ਰੂਪੋ ਰਿਖ ਕ੍ਰਿਤੀ ਸੋਮੋਨੀ ਭੂਤ ਕਾਰਨਾ॥32।।

**4.1.1.11 ਪ੍ਰਤੀਕਾਤਮਕਤਾ :**

ਧਰਮ ਜਗਤ ਵਿੱਚ ਆਤਮਿਕ ਅਨੁਭਵ ਨੂੰ ਚਿਹਨਾਂ/ਪ੍ਰਤੀਕਾਂ ਰਾਹੀਂ ਪ੍ਰਗਟਾਇਆ ਜਾਂਦਾ ਹੈ। ਬਾਹਰੀ ਚਿਹਨਾਂ ਦੇ ਸਮਰੂਪ ਅੰਦਰਲੇ ਗੁਣਾਂ ਨੂੰ ਦਰਸਾਉਣ ਲਈ ਚਿਹਨਾਤਮਕ/ਪ੍ਰਤੀਕਾਤਮਕ ਭਾਸ਼ਾ ਦੀ ਵਰਤੋਂ ਖੁੱਲ੍ਹ ਕੇ ਕੀਤੀ ਜਾਂਦੀ ਹੈ। ਅਧਿਆਤਮ ਮਾਰਗ ਅਸਲ ਵਿੱਚ ਉਸ ਯਾਤਰਾ ਦਾ ਨਾਂ ਹੈ ਜੋ ਬਾਹਰ ਤੋਂ ਅੰਦਰ ਵੱਲ ਨੂੰ ਜਾਂਦੀ ਹੈ। ਬਾਹਰਲੇ ਚਿਹਨ ਅੰਦਰਲੇ ਗੁਣਾਂ ਨਾਲ ਇਕਰੂਪਤਾ ਸਥਾਪਿਤ ਕਰਕੇ ਹੀ ਪਰਮ ਤੱਤ ਦੀ ਪ੍ਰਾਪਤੀ ਕਰ ਸਕਦੇ ਹਨ। 'ਮਾਤ੍ਰਾ ਬਾਣੀ' ਦੇ ਪਹਿਲੇ ਪੰਜ ਸਲੋਕਾਂ ਵਿੱਚ ਇਹਨਾਂ ਦਾ ਜ਼ਿਕਰ ਇਸ ਪ੍ਰਕਾਰ ਹੈ,

| | | |
|---|---|---|
| ਗਿਆਨ | - | ਗੋਦੜੀ |
| ਖਿਮਾ | - | ਟੋਪੀ |
| ਜਤ | - | ਆੜਬੰਦ (ਤੜਾਗੀ) |
| ਸ਼ੀਲ | - | ਲੰਗੋਟੀ |
| ਅਕਾਲ | - | ਖਿੰਥਾ |
| ਨਿਰਾਸ਼ | - | ਝੋਲੀ ਆਦਿ। |

ਇਹ ਵਿਧੀ 'ਮਾਤਰਾ ਬਾਣੀ' ਦਾ ਪ੍ਰਾਣ ਤੱਤ ਹੈ। ਇਸ ਬਾਣੀ ਵਿੱਚ ਅਨੇਕਾਂ ਹੀ ਹੋਰ ਇਸ ਤਰ੍ਹਾਂ ਦੇ ਜੁੱਟ ਮਿਲਦੇ ਹਨ ਜੋ ਸਥੂਲਤਾ ਤੋਂ ਸੂਖਮਤਾ ਵੱਲ ਨੂੰ ਵੱਧਦੇ ਹਨ। ਇਹ ਜੁੱਟ-ਸਿਰਜਣਾ ਬਾਬਾ ਸ੍ਰੀ ਚੰਦ ਜੀ ਦੇ ਗਹਿਰੇ ਚਿੰਤਕ ਹੋਣ ਦਾ ਪ੍ਰਤੱਖ ਪ੍ਰਮਾਣ ਹੈ।

**4.1.1.12 ਯੋਗ ਸਾਧਨਾ ਦੇ ਬੁਨਿਆਦੀ ਸੰਕਲਪਾਂ ਦੀ ਵਿਆਖਿਆ :**

ਬਾਬਾ ਸ੍ਰੀ ਚੰਦ ਜੀ ਨੇ ਜੋਗ ਮਤ ਨਾਲ ਸੰਬੰਧਿਤ ਅਨੇਕਾਂ ਬੁਨਿਆਦੀ ਸੰਕਲਪਾਂ ਉੱਪਰ ਪ੍ਰਕਾਸ਼

ਪਾਇਆ ਹੈ। ਇੜਾ, ਪਿੰਗਲਾ, ਸੁਖਮਨਾ ਦਾ ਜੋ ਉਲੇਖ ਗੁਰੂ ਨਾਨਕ ਸਾਹਿਬ ਨੇ ਰਾਮਕਲੀ ਰਾਗ ਵਿੱਚ ਕੀਤਾ ਹੈ। ਠੀਕ ਉਸੇ ਤਰ੍ਹਾਂ ਦਾ ਉਲੇਖ ਬਾਬਾ ਸ੍ਰੀ ਚੰਦ ਜੀ ਦੀ 'ਮਾਤ੍ਰਾ ਬਾਣੀ' ਵਿੱਚ ਮਿਲਦਾ ਹੈ,

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਖੇ ਅਲਖੁ ਲਖਾਏ॥

(ਰਾਮਕਲੀ ਮ. 1, ਅੰਗ 944)

ਇੜਾ ਮੈਂ ਆਵੈ ਪਿੰਗਲਾ ਮੈ ਧਾਵੈ॥

ਸੁਖਮਨਾ ਕੇ ਘਰਿ ਸਹਿਜ ਸਮਾਵੈ॥

ਇਸ ਤੋਂ ਇਲਾਵਾ ਜੋਗ ਮੱਤ ਨਾਲ ਜੁੜੇ ਹੋਰ ਅਨੇਕਾਂ ਸੰਕਲਪਾਂ ਦਾ ਵੇਰਵਾ ਇਸ ਬਾਣੀ ਵਿੱਚ ਕ੍ਰਮਵਾਰ ਮਿਲਦਾ ਹੈ। ਉਹ ਸਿਧਾਂਤ ਬਿਲਕੁਲ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨਾਲ ਮੇਲ ਖਾਂਦੇ ਹਨ। ਜਿਵੇਂ 'ਮਾਤ੍ਰਾ ਬਾਣੀ' ਦੇ 17 ਤੋਂ 30 ਪਦ ਯੋਗ ਸਾਧਨਾਂ ਨਾਲ ਜੁੜੇ ਬੁਨਿਆਦੀ ਸੰਕਲਪਾਂ ਦੀ ਵਿਆਖਿਆ ਕਰਦੇ ਨਜ਼ਰ ਆਉਂਦੇ ਹਨ। ਉਦਾਹਰਨ ਵਜੋਂ:-

| | | |
|---|---|---|
| ਅਠਾਰਵਾਂ ਬੰਦ | - | ਧਿਆਨ ਸੰਕਲਪ |
| ਉਨ੍ਹੀਵਾਂ ਬੰਦ | - | ਤਪ ਸਾਧਨਾ |
| ਵੀਹਵਾਂ ਬੰਦ | - | ਸੁਖ ਦੁਖ ਵਸੀਕਰਨ |
| ਇੱਕੀਵਾਂ ਬੰਦ | - | ਵੈਰਾਗ - ਸੰਕਲਪ |
| ਬਾਈਵਾਂ ਬੰਦ | - | ਨਿਸ਼ਕਾਮ ਸੰਕਲਪ |
| ਤੇਈਵਾਂ ਬੰਦ | - | ਸ਼ਬਦ - ਸੰਕਲਪ |
| ਚੌਵੀਵਾਂ ਬੰਦ | - | ਮਨ ਸੰਕਲਪ |
| ਪੱਚੀਵਾਂ ਬੰਦ | - | ਨਿਰਭਉ ਘਰ ਦਾ ਸੰਕਲਪ |
| ਛੱਬੀਵਾਂ ਬੰਦ | - | ਨਿਰਬਾਣ ਵਿੱਦਿਆ ਦਾ ਸੰਕਲਪ |
| ਸਤਾਈਵਾਂ ਬੰਦ | - | ਸੋਹੰ-ਸੰਕਲਪ |
| ਅਠਾਈਵਾਂ ਬੰਦ | - | ਗੁਰਮੰਤ੍ਰ - ਸੰਕਲਪ |
| ਉਨਤੀਵਾਂ ਬੰਦ | - | ਪ੍ਰੇਮ-ਸੰਕਲਪ |

ਤੀਹਵਾਂ ਬੰਦ - ਆਪਾ ਮਿਟਾਉਣ ਦਾ ਸੰਕਲਪ[16]

ਇਹ ਉਪਰੋਕਤ ਪਦ ਯੋਗ ਸਾਧਨਾ ਨਾਲ ਜੁੜੇ ਹੋਏ ਸੰਕਲਪਾਂ ਦਾ ਇਕ ਪਾਸੇ ਖੁਲਾਸਾ ਕਰਦੇ ਹਨ ਅਤੇ ਦੂਜੇ ਪਾਸੇ, ਉਪਦੇਸ਼ਮੁਖ ਹਨ। ਇਹਨਾਂ ਦਾਰਸ਼ਨਿਕ ਸੰਕਲਪਾਂ ਨੂੰ ਸਮਝ ਕੇ ਹੀ ਅਧਿਆਤਮਕ ਮਾਰਗ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਦੀ ਮਾਤਰਾ ਬਾਣੀ ਵਿੱਚ ਜੋਗੀ ਸਾਧਕ ਨਾਲ ਸੰਬੰਧਿਤ ਹਰ ਵਸਤੂ ਦਾ ਅਧਿਆਤਮੀਕਰਨ ਉਸੇ ਤਰ੍ਹਾਂ ਕੀਤਾ ਨਜ਼ਰ ਆਉਂਦਾ ਹੈ ਜਿਸ ਤਰ੍ਹਾਂ ਜਪਜੀ ਸਾਹਿਬ ਦੇ ਪਾਠ ਵਿਚਲੀ ਪਉੜੀ 'ਮੁੰਦਾ ਸੰਤੋਖ ਸਰਮ ਪਤਿ ਝੋਲੀ' ਵਿੱਚ ਕੀਤਾ ਗਿਆ ਹੈ। ਮਾਤ੍ਰਾ ਬਾਣੀ ਵਿੱਚ ਜ਼ਿਕਰ ਆਉਂਦਾ ਹੈ,

ਅਕਾਲ ਖਿੰਥਾ ਨਿਰਾਸ਼ ਝੋਲੀ॥

ਯੁਕਤਿ ਕਾ ਟੋਪ ਗੁਰਮੁੱਖੀ ਬੋਲੀ॥

ਧਰਮ ਕਾ ਚੋਲਾ ਸਤਯ ਕੀ ਸੇਲੀ

ਮਰਿਯਾਦ ਮੇਖਲੀ ਲੇ ਗਲੇ ਮੇਲੀ॥

ਬਾਬਾ ਸ੍ਰੀ ਚੰਦ ਜੀ ਦੁਆਰਾ ਦੱਸੇ ਜੋਗ ਮੱਤ ਦੇ ਇਨ੍ਹਾਂ ਮੂਲ ਸਿਧਾਂਤਾਂ ਦਾ ਪਿਤਾ ਗੁਰੂ ਨਾਲ ਕਿਤੇ ਵੀ ਸਿਧਾਂਤਕ ਮਤਭੇਦ ਨਹੀਂ ਹੈ। ਇਸੇ ਬਾਣੀ ਦੇ ਅਖੀਰਲੇ ਬੰਦਾਂ ਵਿੱਚ ਆਪਣੀ ਬਾਣੀ ਦੀ ਪ੍ਰਮਾਣਿਕਤਾ ਨੂੰ ਆਪਣੇ ਪਿਤਾ ਗੁਰੂ ਨਾਲ ਜੋੜਦੇ ਹੋਏ ਲਿਖਦੇ ਹਨ-

ਨਾਨਕ ਪੂਤਾ ਸ੍ਰੀ ਚੰਦ ਬੋਲੇ

ਜੁਗਤ ਪਛਾਣੇ ਸੋ ਤਤਿ ਵਿਰੋਲੇ।

ਇਸ ਪ੍ਰਕਾਰ "ਬਾਬਾ ਸ੍ਰੀ ਚੰਦ ਜੀ ਸੰਸਕ੍ਰਿਤ ਦੇ ਮਹਾਂ ਪੰਡਿਤ ਸਨ। ਸਨਾਤਨੀ ਵਿਦਿਆ ਦੇ ਬਹੁਤ ਉੱਚ ਕੋਟੀ ਦੇ ਵਿਦਵਾਨ ਸਨ। ਇਸੇ ਲਈ ਗੁਰਬਾਣੀ ਦੇ ਗੁਹਜ ਨੂੰ ਬਹੁਤ ਕੁਸ਼ਲਤਾ ਨਾਲ ਨਿਖਾਰ ਸਕਦੇ ਸਨ। ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆ ਪਰਪਾਟੀ ਹੀ ਉਦਾਸੀ ਸੰਤਾਂ ਦੀ ਪ੍ਰਚਾਰ ਸ਼ੈਲੀ ਬਣੀ। ਗੁਰਬਾਣੀ ਦੀ ਅਨੇਕ ਮੁੱਖ ਵਿਆਖਿਆ ਉਦਾਸੀ ਸੰਤਾਂ ਦੀ ਵਡਮੁੱਲੀ ਦੇਣ ਹੈ। ਗੁਰਮਤਿ ਦੇ ਮੂਲ ਬੁਨਿਆਦੀ ਦਾਰਸ਼ਨਿਕ ਨੁਕਤਿਆਂ ਦੀ ਸਹੀ ਵਿਆਖਿਆ ਪਹਿਲੋਂ ਪਹਿਲ ਉਦਾਸੀ ਸੰਤਾਂ ਨੇ ਹੀ ਕੀਤੀ। ਗੁਰਮਤਿ ਅਤੇ ਉਦਾਸੀ ਮੱਤ ਦਾ ਸੰਕਲਪਕ ਧਰਾਤਲ ਇੱਕੋ ਹੀ ਹੈ ਗੁਰੂ ਨਾਨਕ ਦੇਵ ਜੀ ਦੀ ਬਿਰਤੀ ਸਿਰਜਨਾਤਮਕ ਸੀ ਬਾਬਾ ਸ੍ਰੀ

ਚੰਦ ਜੀ ਦੀ ਵਿਆਖਿਆਤਮਕ। ਇਸੇ ਕਰਕੇ ਉਦਾਸੀ ਸੰਤ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੀ ਵਿਆਖਿਆ ਦੂਰ ਦਰਾਜ ਕਰਦੇ ਰਹੇ। ਭਾਰਤ ਦੇ ਕੋਨੇ ਕੋਨੇ ਵਿੱਚ ਗੁਰੂ ਮਿਸ਼ਨ ਨੂੰ ਪਹੁੰਚਾਉਣ ਵਿੱਚ ਉਦਾਸੀ ਸੰਤਾਂ ਦੀ ਮਹੱਤਵਪੂਰਨ ਦੇਣ ਹੈ।"[17]

### 4.1.2 ਦੂਸਰੇ ਵਿਆਖਿਆਕਾਰ - ਬਾਬਾ ਗੁਰਦਿੱਤਾ ਜੀ (1613-1688) :

ਬਾਬਾ ਸ੍ਰੀ ਚੰਦ ਜੀ ਨੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਨਿਰੰਤਰਤਾ ਬਣਾਈ ਰੱਖਣ ਲਈ ਬਾਬਾ ਗੁਰਦਿੱਤਾ ਜੀ (1613-1688) ਨੂੰ ਆਪਣਾ ਉੱਤਰਧਿਕਾਰੀ ਸਥਾਪਿਤ ਕੀਤਾ। ਉਹਨਾਂ ਦਾ ਜਨਮ 1613 ਈ. ਵਿੱਚ ਕੱਤਕ ਦੇ ਮਹੀਨੇ ਵਿੱਚ ਮਾਤਾ ਦਮੋਦਰੀ ਅਤੇ ਪਿਤਾ ਹਰਿਗੋਬਿੰਦ ਸਾਹਿਬ ਦੇ ਘਰ ਡਰੌਲੀ (ਜ਼ਿਲ੍ਹਾ ਫਿਰੋਜ਼ਪੁਰ) ਵਿੱਚ ਹੋਇਆ। ਉਹ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਵੱਡੇ ਸਪੁੱਤਰ ਸਨ। ਉਹਨਾਂ ਨੇ ਧਾਰਮਿਕ ਵਿੱਦਿਆ ਅਤੇ ਸ਼ਸ਼ਤਰ ਵਿੱਦਿਆ ਵੀ ਗੁਰੂ ਸਾਹਿਬ ਦੀ ਨਿਗਰਾਨੀ ਵਿੱਚ ਹੀ ਪੂਰੀ ਕੀਤੀ। 1624 ਈ. ਵਿੱਚ ਉਹਨਾਂ ਦਾ ਵਿਆਹ ਰਾਮੇ ਸਿਲ ਖੱਤਰੀ ਦੀ ਸਪੁੱਤਰੀ ਅਨੰਤੀ ਜੀ ਨਾਲ ਬਟਾਲੇ ਵਿਖੇ ਹੋਇਆ। ਉਹਨਾਂ ਦੇ ਘਰ ਅੱਗੋਂ ਦੋ ਪੁੱਤਰਾਂ ਬਾਬਾ ਧੀਰਮੱਲ ਅਤੇ ਗੁਰੂ ਹਰਿਰਾਇ ਸਾਹਿਬ ਜੀ ਨੇ ਜਨਮ ਲਿਆ।[18]

ਬਾਬਾ ਗੁਰਦਿੱਤਾ ਜੀ ਨੂੰ 'ਦੀਨ ਦੁਨੀ ਦੇ ਟਿੱਕੇ' ਦੇ ਨਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜਦੋਂ ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਲਈ ਬਾਰਠ ਗਏ ਤਾਂ ਉੱਥੇ ਉਹਨਾਂ ਨੇ ਆਪਣੇ ਪਿਆਰੇ ਜੇਠੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਦੇ ਚਰਣਾਂ ਵਿੱਚ ਅਰਪਿਤ ਕਰਕੇ ਮੀਰੀ-ਪੀਰੀ ਦੇ ਨਾਲ-ਨਾਲ ਫ਼ਕੀਰੀ ਵਰਗੀ ਅਲੌਕਿਕ ਬਖ਼ਸ਼ਿਸ਼ ਨੂੰ ਵੀ ਗੁਰੂ ਘਰ ਦੀ ਝੋਲੀ ਵਿੱਚ ਪਵਾ ਲਿਆ। ਬਾਬਾ ਗੁਰਦਿੱਤਾ ਜੀ ਗ੍ਰਹਿਸਥੀ ਸਨ। ਬਾਬਾ ਸ੍ਰੀ ਚੰਦ ਜੀ ਦੁਆਰਾ ਗ੍ਰਹਿਸਥੀ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਉੱਤਰਾਧਿਕਾਰੀ ਚੁਣਨਾ, ਉਹਨਾਂ ਦੀ ਗ੍ਰਹਿਸਥ ਵਿਰੋਧੀ ਹੋਣ ਦੀ ਮਿੱਥ ਨੂੰ ਤੋੜਦਾ ਹੈ। ਸਤਹੀ ਪੱਧਰ 'ਤੇ ਦੇਖਿਆ ਬਾਬਾ ਸ੍ਰੀ ਚੰਦ ਜੀ ਨਿਰੋਲ ਉਦਾਸੀ/ਸੰਨਿਆਸੀ ਨਜ਼ਰ ਆਉਂਦੇ ਹਨ ਪਰੰਤੂ ਜਦੋਂ ਇਸ ਨੂੰ ਵਿਸ਼ਾਲ-ਦ੍ਰਿਸ਼ਟੀ ਤੋਂ ਵਾਚਿਆ ਜਾਂਦਾ ਹੈ ਤਾਂ ਵਿਚਾਰਧਰਾਈ ਪੱਧਰ ਉੱਪਰ ਗੁਰਮਤਿ ਨਾਲੋਂ ਕਿਤੇ ਵੀ ਕੋਈ ਵੱਖਰਤਾ ਨਜ਼ਰ ਨਹੀਂ ਆਉਂਦੀ।

ਇਸ ਪ੍ਰਕਾਰ ਬਾਬਾ ਗੁਰਦਿੱਤਾ ਜੀ ਯੋਗੀਰਾਜ ਬਾਬਾ ਸ੍ਰੀ ਚੰਦ ਜੀ ਦੇ ਚੇਲੇ ਬਣੇ। ਅੱਗੋਂ ਉਹਨਾਂ ਨੇ ਚਾਰ ਚੇਲੇ ਸਥਾਪਿਤ ਕਰਕੇ ਉਦਾਸੀ ਮਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਚੇਲੇ

ਸਥਾਪਿਤ ਕਰਨ ਦੀ ਪ੍ਰਕਿਰਿਆ 1649 ਈ: ਦੇ ਮੱਧ ਵਿੱਚ ਸ਼ੁਰੂ ਹੋਈ ਜਦੋਂ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਰਸ਼ਨਾਂ ਲਈ ਇੱਕ ਸੰਤ ਮੰਡਲੀ ਆਈ ਜਿਹਨਾਂ ਵਿੱਚ ਚਾਰ ਸੰਤ ਸਨ- ਬਾਲੂ, ਅਲਮਸਤ, ਗੋਇੰਦ ਅਤੇ ਫੂਲ ਜੀ। ਇਹ ਚਾਰੋਂ ਆਪਸ ਵਿੱਚ ਗਹਿਰੀ ਮਿੱਤਰਤਾ ਰੱਖਦੇ ਸਨ। ਇਹਨਾਂ ਨੇ ਬਾਬਾ ਸ਼੍ਰੀ ਚੰਦ ਜੀ ਦੁਆਰਾ ਚੁਣੇ ਉੱਤਰਾਧਿਕਾਰੀ ਪਾਸੋਂ ਬੜੀ ਨਿਮਰਤਾ ਸਹਿਤ ਚਾਰਾਂ ਵੇਦਾਂ ਦੇ ਮਹਾਂਵਾਕ ਸੁਣਨ ਦੀ ਖਾਹਿਸ਼ ਜ਼ਾਹਿਰ ਕੀਤੀ। ਬਾਬਾ ਗੁਰਦਿੱਤਾ ਜੀ ਨੇ ਵੇਦਾਂ ਦੇ ਮਹਾਂਵਾਕਾਂ ਦਾ ਉਚਾਰਣ ਕਰਨ ਦੇ ਨਾਲ-ਨਾਲ ਇਹਨਾਂ ਮਹਾਂਵਾਕਾਂ ਨਾਲ ਇਕਰੂਪਤਾ ਰੱਖਣ ਵਾਲੇ ਗੁਰਬਾਣੀ ਦੇ ਸ਼ਬਦਾਂ ਦਾ ਉਚਾਰਣ ਕਰਕੇ ਉਹਨਾਂ ਦੀ ਉੱਤਮ ਗਿਆਨ ਜਗਿਆਸਾ ਨੂੰ ਪੂਰਾ ਕੀਤਾ। ਇਹ ਉੱਤਮ ਗਿਆਨ ਉਨ੍ਹਾਂ ਨੂੰ ਬਾਬਾ ਗੁਰਦਿੱਤਾ ਜੀ ਨੇ ਸਤਲੁਜ ਦੇ ਕਿਨਾਰੇ ਇਕਾਂਤ ਵਿੱਚ ਬਿਠਾ ਕੇ ਸਮਝਾਇਆ ਸੀ। ਬਾਬਾ ਗੁਰਦਿੱਤਾ ਜੀ ਦੇ ਚਾਰ ਮਹਾਂਵਾਕਾਂ ਉੱਪਰ ਚਾਨਣਾ ਪਾਉਣ ਤੋਂ ਪਹਿਲਾਂ 'ਮਹਾਂਵਾਕ' ਸੰਬੰਧੀ ਸੰਖੇਪ ਜਾਣਕਾਰੀ ਪ੍ਰਾਪਤ ਕਰ ਲੈਣਾ ਲਾਹੇਵੰਦ ਹੈ।

ਉਪਨਿਸ਼ਦ ਕਾਲ ਤੋਂ ਹੀ 'ਮਹਾਂਵਾਕ' ਦੀ ਮਹਿਮਾ ਤੁਰੀ ਆ ਰਹੀ ਹੈ। ਆਰੰਭ ਵਿੱਚ ਇਸ ਦਾ ਅਰਥ ਸੀ ਵੇਦਾਂ ਦਾ ਨਚੋੜ, ਜੋ ਇਕ ਦੋ ਵਾਕਾਂ ਵਿੱਚ ਹੀ ਪ੍ਰਗਟ ਕਰ ਦਿੱਤਾ ਹੋਵੇ। ਪਰ ਸਮੇਂ ਦੀ ਚਾਲ ਨਾਲ ਇਹ 'ਸੰਪ੍ਰਦਾਇ-ਵਿਸ਼ੇਸ਼' (Particular Religious Sect) ਦਾ ਮੁੱਖ ਵਾਕ ਜਾਂ ਗੁਰੂ ਵਾਕ ਬਣ ਗਿਆ। ਮਹਾਂਵਾਕ ਚਾਹੇ ਕੋਈ ਵੀ ਹੋਵੇ ਉਸ ਦਾ ਮੰਤਵ ਅਤੇ ਮਹਿਮਾ ਜ਼ਰੂਰ ਦੱਸੀ ਜਾਂਦੀ ਹੈ।[19]

ਬਾਬਾ ਗੁਰਦਿੱਤਾ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਰਿਗਵੇਦ ਦਾ ਮਹਾਂਵਾਕ ਹੈ "ਪ੍ਰਗਯਾਨੰਚਬ੍ਰਹਮ" ਜਿਸਦਾ ਅਰਥ ਹੈ, ਹੇ ਜਗਿਆਸੂ! ਰਿਗਵੇਦ ਤੈਨੂੰ ਬ੍ਰਹਮ ਦਾ ਗਿਆਨ ਕਰਾ ਰਿਹਾ ਹੈ। ਇਸੇ ਤਰ੍ਹਾਂ ਗੁਰਬਾਣੀ ਵਿੱਚ ਲਿਖਿਆ ਹੈ:-

ਬ੍ਰਹਮ ਦੀਸੈ ਬ੍ਰਹਮ ਸੁਨੀਐ ਏਕ, ਏਕ ਵਖਾਣੀਐ॥

ਆਤਮ ਪਸਾਰਾ ਕਰਣੈਹਾਰਾ ਪ੍ਰਭ ਬਿਨਾਂ ਨਹੀਂ ਜਾਣੀਐ॥

(ਬਿਲਾਵਲ ਮ: 4, ਅੰਗ 846)

ਯੁੱਜਰਵੇਦ ਦਾ ਮਹਾਂਵਾਕ ਹੈ "ਅਹੰ ਬ੍ਰਹਮਾਸਮਿ" ਭਾਵ ਮੈਂ ਹੀ ਸ਼ੁੱਧ ਬ੍ਰਹਮ ਹਾਂ। ਇਸਦੀ ਤੁਲਨਾ ਵਿੱਚ ਸੁਖਮਨੀ ਸਾਹਿਬ ਵਿੱਚ ਲਿਖਿਆ ਹੈ:-

ਬ੍ਰਹਮ ਮਹਿ ਜਨੁ ਜਨ ਮਹਿ ਪਾਰ ਬ੍ਰਹਮ॥

ਏਕਹਿ ਆਪ ਨਹੀ ਕਛੁ ਭਰਮੁ॥

(ਸੁਖਮਨੀ ਸਾਹਿਬ, ਅੰਗ 287)

ਸਾਰੀ ਕਾਇਨਾਤ ਦੀ ਉਤਪੱਤੀ ਦਾ ਆਧਾਰ ਅਕਾਲ-ਪੁਰਖ (ਓਅੰਕਾਰ) ਆਪ ਹੈ। ਉਤਪੱਤੀ ਉਪਰੰਤ ਅਕਾਲ-ਪੁਰਖ ਆਪ ਸ੍ਰਿਸ਼ਟੀ ਦੇ ਕਣ-ਕਣ ਵਿੱਚ ਸਮਾ ਜਾਂਦਾ ਹੈ। ਉਹ ਆਪਣੀ ਸਿਰਜਣਾ ਦਾ ਜੀਵਨ-ਆਧਾਰ ਆਪ ਹੀ ਹੈ। ਸਾਮਵੇਦ ਦਾ ਮਹਾਂਵਾਕ ਹੈ "ਤਤੰਵ ਅਸਿ" ਭਾਵ ਮੈਂ ਹੀ ਤਤਵ ਸਰੂਪ ਹਾਂ। ਗੁਰਬਾਣੀ ਦਾ ਸ਼ਬਦ ਹੈ:-

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦ ਨ ਕੋਈ ਜੀਉ॥

ਅਪਰੰਪਾਰ ਪਾਰਬ੍ਰਹਮ ਪਰਮੇਸਰ ਨਾਨਕ ਗੁਰੁ ਮਿਲਿਆ ਸੋਈ ਜੀਉ॥

(ਸੋਰਠ ਮਹਲਾ 1, ਅੰਗ 599)

ਚੌਥੇ ਵੇਦ ਅਥਰਬਣ ਵੇਦ ਦਾ ਮਹਾਂਵਾਕ ਹੈ "ਅਯੰ ਆਤਮ ਬ੍ਰਹਮ" ਜਿਸਦਾ ਅਰਥ ਹੈ:- ਮੇਰੀ ਆਤਮਾ ਸਹੀ ਬ੍ਰਹਮ ਸਰੂਪ ਹੈ। ਗੁਰਬਾਣੀ ਦਾ ਕਥਨ ਹੈ:-

ਅਚਰਜ ਕਥਾ ਮਹਾ ਅਨੂਪ

ਪ੍ਰਾਤਮਾ ਪ੍ਰਾਰਬ੍ਰਹਮ ਕਾ ਰੂਪੁ॥ ਰਹਾਓ॥

(ਗੋਂਡ ਮਹਲਾ 4, ਅੰਗ 868)

ਇਹਨਾਂ ਚੌਹਾਂ ਮਹਾਂਵਾਕਾਂ ਦੀ ਇਸ ਪ੍ਰਕਾਰ ਤੁਲਨਾਤਮਿਕ ਪੇਸ਼ਕਾਰੀ ਦਾ ਉਹਨਾਂ ਚੌਹਾਂ ਪ੍ਰਸ਼ਨਕਾਰਾਂ ਦੀਆਂ ਸ਼ੁੱਧ ਆਤਮਾਵਾਂ ਉੱਪਰ ਭਰਪੂਰ ਅਤੇ ਡੂੰਘਾ ਅਸਰ ਹੋਇਆ। ਇਹਨਾਂ ਮਹਾਂਵਾਕਾਂ ਵਿੱਚ ਬਾਬਾ ਗੁਰਦਿੱਤਾ ਜੀ ਆਤਮਾ ਅਤੇ ਪਰਮਾਤਮਾ ਦੀ ਏਕਤਾ ਨੂੰ ਵੀ ਦਰਸਾ ਰਹੇ ਹਨ। ਬਾਬਾ ਗੁਰਦਿੱਤਾ ਜੀ ਨੇ ਜਗਿਆਸੂਆਂ ਨੂੰ ਇਹਨਾਂ ਮਹਾਂਵਾਕਾਂ ਦੇ ਭਾਵ ਅਰਥ ਜਾਂ ਗਿਆਨ ਨੂੰ ਮਨ ਵਿੱਚ ਚੰਗੀ ਤਰ੍ਹਾਂ ਵਸਾਉਣ ਦਾ ਉਪਦੇਸ਼ ਦਿੱਤਾ। ਕਿਉਂਕਿ ਕੇਵਲ 'ਸੋਹੰ' ਆਖ ਕੇ ਕੋਈ ਰੱਬ ਨਹੀਂ ਹੋ ਜਾਂਦਾ। ਉਸ ਦੇ ਲਈ ਤਾਂ ਉਦਾਸੀ ਰੀਤ ਵਾਲੀ ਮਰਿਯਾਦਾ ਵਾਲੀ ਆਤਮ ਕੀ ਜੁਗਤਿ ਲੋੜੀਂਦੀ ਹੈ। ਭਗਤੀ, ਵੈਰਾਗ ਅਤੇ ਨਿਸ਼ਚਾ ਜ਼ਰੂਰੀ ਹੈ। ਫਿਰ ਭਾਵੇਂ ਕੋਈ ਗ੍ਰਿਹਸਤੀ ਹੋਵੇ, ਭਾਵੇਂ ਤਿਆਗੀ, ਸਿਮਰਨ ਕਰੇ ਤੇ ਮਨ ਕਰਕੇ ਉਦਾਸ ਰਹੇ : ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕ ਭਇਆ ਉਦਾਸੀ (ਮਾਰੂ ਮਹਲਾ:1, ਪੰਨਾ 112) ਇਸ ਤਰ੍ਹਾਂ ਦੀ ਉਦਾਸ ਬਿਰਤੀ ਵਿੱਚ ਵਿਚਰਦਿਆਂ ਸੁਆਸ ਸੁਆਸ ਪਰਮਾਤਮਾ ਦੇ ਪਰਾ ਪੂਰਬਲੇ-ਸਤਿਨਾਮ ਹੈ ਸੋਹੰਸਾਰਾ ਸੋਹੰ ਨੂੰ ਸਾਰ ਸਮਝ

ਕੇ ਜਪਣਾ ਅਤੇ ਸਰਬੱਤ ਦਾ ਭਲਾ ਲੋਚਣਾ ਹੀ ਆਤਮ ਕੀ ਜੁਗਤਿ ਹੈ। ਇਉਂ ਜਦ ਬਾਬਾ ਗੁਰਦਿੱਤਾ ਜੀ ਨੇ ਆਤਮ ਦੀ ਜੁਗਤਿ ਦੀ ਵਿਆਖਿਆ ਕੀਤੀ ਤਾਂ ਉਹਨਾਂ ਚੌਹਾਂ ਮਿੱਤਰਾਂ ਨੂੰ ਹਮੇਸ਼ਾਂ ਵਾਸਤੇ ਆਪਣਾ ਜੀਵਨ ਸ੍ਰੀ ਬਾਬਾ ਗੁਰਦਿੱਤਾ ਜੀ ਦੇ ਸਮਰਪਣ ਕਰ ਦਿੱਤਾ।[20]

ਬਾਬਾ ਗੁਰਦਿੱਤਾ ਜੀ ਦਾ ਮੰਨਣਾ ਸੀ ਕਿ ਚਾਰੇ ਪਾਸੇ ਉਸ ਇੱਕ ਸਤ ਚਿੱਤ ਆਨੰਦ ਸਰੂਪ ਦਾ ਹੀ ਪਸਾਰਾ ਹੈ। ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਉਦਾਸੀ ਮਤ ਜਿੱਥੇ ਜੀਵ ਤੇ ਬ੍ਰਹਮ ਦੀ ਇਕਰੂਪਤਾ ਦਾ ਹਾਮੀ ਹੈ ਉਥੇ ਜਗਤ ਨੂੰ ਬ੍ਰਹਮ ਰੂਪ ਹੀ ਮੰਨਦੇ ਹਨ। ਇਹ ਸਰਬ ਜਗਤ ਬ੍ਰਹਮ ਰੂਪ ਹੀ ਹੈ, ਦੂਸਰਾ ਕੋਈ ਭੀ ਨਹੀਂ।[21] ਬ੍ਰਹਮ ਨੂੰ ਜਾਨਣ ਵਾਲਾ ਵੀ ਬ੍ਰਹਮ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ। ਇਸ ਪ੍ਰਕਾਰ ਬਾਬਾ ਗੁਰਦਿੱਤਾ ਜੀ ਨੇ ਅਦਵੈਤਵਾਦੀ ਸਿਧਾਂਤ ਨੂੰ ਅਪਣਾਇਆ ਹੈ। ਬਾਬਾ ਗੁਰਦਿੱਤਾ ਜੀ ਦੀਆਂ ਪ੍ਰਾਪਤ ਮਾਤਰਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ-

(ੳ) ਡਾਲੰ ਨਾ ਮੂਲ ਕਲਯਾਣ ਫੂਲੰ ਸੁੰਨ ਮੰਦਰ ਮੈ ਦੀਪਕ ਜਾਗੈ।।
ਮਛੰਦ੍ਰੀ ਪੂਤਾ ਗੋਰਖ ਨਾਥ ਪੜ ਪੜ ਥਾਕੈ।।
ਸ੍ਰੀ ਗੁਰੂ ਨਾਨਕ ਭਏ ਦਯਾਲ।।
ਛੁਟ ਗਏ ਭਰਮ ਕੇ ਜਾਲ।।
ਸੁਨ ਗੋਰਖ ਜੋ ਅਕਲ ਕੇ ਪੂਰੇ।।
ਸਤਿਗੁਰ ਮਿਲੈ ਬਜਾਵੈ ਤੂਰੇ।।
ਗੁਰੂ ਸ੍ਰੀ ਚੰਦ ਇਹੁ ਮੰਤਰ ਦੀਨਾ।।
ਸਤਿਨਾਮ ਕਾ ਜਪਿਆ ਜਾਪ।।
ਸਤਿਗੁਰ ਨਾਨਕ ਸ਼ਬਦ ਅਲਾਪ।।
ਕਹੈ ਗੁਰਦਿਤਾ ਸੁਨ ਗੋਰਖਨਾਥਾ ਜੋਗ ਜੁਗਤ ਸਤਿਗੁਰ ਕੇ ਹਾਥਾ।।[22]

ਇਸ 'ਮਾਤਰਾ' ਵਿੱਚ ਬਾਬਾ ਗੁਰਦਿੱਤਾ ਜੀ ਨੇ ਗੁਰੂ ਨਾਨਕ ਸਾਹਿਬ ਦੇ ਦਇਆਲ ਹੋ ਕੇ ਸਾਰੇ ਭਰਮ-ਭੁਲੇਖੇ ਕੱਟਣ ਦੀ ਗੱਲ ਕੀਤੀ ਹੈ। ਉਹ ਗੋਰਖਨਾਥ ਨੂੰ ਸੰਬੋਧਨ ਹੋ ਕੇ ਆਖਦੇ ਹਨ ਕਿ ਪੂਰੇ ਗੁਰੂ ਬਿਨਾਂ ਗਤਿ ਨਹੀਂ ਹੈ। ਉਨ੍ਹਾਂ ਦੇ ਗੁਰੂ ਸ੍ਰੀ ਚੰਦ ਨੇ ਉਨ੍ਹਾਂ ਨੂੰ ਸਤਿਨਾਮ ਦਾ ਮੰਤਰ ਦੇ ਕੇ ਨਿਵਾਜ਼ਿਆ ਹੈ। ਬਾਬਾ ਗੁਰਦਿੱਤਾ ਜੀ ਨੇ

ਇਹ ਵੀ ਸਪਸ਼ਟ ਕੀਤਾ ਹੈ ਕਿ ਜੋਗ ਦੀ ਜੁਗਤੀ ਦੇਣੀ ਕਿਸੇ ਹੋਰ ਦੇ ਹੱਥ ਵਿੱਚ ਨਹੀਂ ਬਲਕਿ ਸਿਰਫ਼ ਤੇ ਸਿਰਫ਼ ਸਤਿਗੁਰੂ ਦੇ ਹੱਥ ਵਿੱਚ ਹੀ ਹੈ।

**(ਅ) ਮਾਤ੍ਰਾ ਬਾਬਾ ਗੁਰਦਿਤੇ ਜੀ ਕੀ**

ਓਅੰ ਟੋਪੀ ਕਹੈ ਖਿਮਾ ਨਾਮ ਮੇਰਾ। ਧਰਤੀ ਮਾਹਿ ਬਸੇਰਾ ਮੇਰਾ।

ਧਰਤਿ ਮਾਰਗ ਕੋ ਲੇਹੁ ਪਛਾਣ। ਹਰਖ ਸੋਗ ਨਹੀਂ ਮਨ ਮੇਂ ਆਣਿ।

ਇਹ ਮਾਰਗ ਟੋਪੀ ਕਾ ਭਾਈ, ਨਾਨਕ ਜੋ ਚਾਹੈ ਸੋ ਲਏ ਪਾਈ।1।

ਸੇਲੀ ਕਹੈ ਸੀਲ ਕਉ ਰਾਖ। ਐਸਾ ਮਾਰਗ ਮਨ ਮੈਂ ਭਾਖ।

ਚੋਰੀ ਯਾਰੀ ਨਿੰਦਿਆ ਪਰਹਰੈ। ਕਾਮ ਕਰੋਧ ਮਦ ਮੂਲ ਨ ਧਰੈ।

ਸੀਲ ਮਾਰਗ ਕਾ ਪੈਂਡਾ ਏਹੁ। ਨਾਨਕ ਕਹੈ ਸੇਲੀ ਸਮਝ ਕਰਿ ਲੇਹੁ।2।

ਖ਼ਫਨੀ ਨਾਮ ਮੇਰਾ ਸੁਨਿ ਲੇਹੁ। ਮਿਰਤਕ ਮਾਰਗ ਤਾਂ ਕੋ ਕਹੀਐ।

ਖਾਣ ਪੀਣ ਤੇ ਸਬਰ ਕਰਿ ਰਹੀਐ। ਕੋਈ ਲੈ ਆਵੈ ਕੋਈ ਖਿਲਾਵੈ।

ਕਹੁ ਨਾਨਕ ਇਹ ਮਾਰਗ ਖ਼ਫਨੀ ਸਮਝਾਵੈ।3।

ਗੋਦੜੀ ਕਹੈ ਸਮਝ ਮਨਿ ਧਿਆਇ, ਗੋਦੜ ਹੁਇ ਮਾਟੀ ਰਲਿ ਜਾਇ।

ਗੋਦੜੀ ਮਾਰਗ ਖਾਕ ਹੈ ਨਾਮ, ਕਲਰ ਧਰਨੀ ਕਰ ਬਿਸਰਾਮ।

ਗੋਦੜੀ ਕਹੈ ਏਹੁ ਨੀਸਾਣੀ, ਨਾਨਕ ਪ੍ਰਗਟ ਕਰ ਦਿਖਲਾਨੀ।4।

ਫਾਹੁੜੀ ਕਹੈ ਸੁਨੋ ਭਾਈ ਸਾਧੋ! ਐਸਾ ਨਾਮ ਲੇ ਮਨਹਿ ਅਰਾਧੋ।

ਸ਼ਾਦੀ ਗ਼ਮੀ ਤੇ ਮੁਖ ਨ ਮੋੜਹੁ। ਕਰ ਮਸਤਕ ਹਥ ਸੀਧੇ ਜੋੜਹੁ।

ਐਸਾ ਸੇਵਕ ਹੋਵੈ ਕੋਈ, ਨਾਨਕ ਸਹਿਜੇ ਮੁਕਤਾ ਸੋਈ।5।

ਓਅੰ ਅਗਨ ਕਾ ਕੋਟ ਪਵਨ ਕਾ ਗੋਲਾ, ਧਰਤੀ ਸੇਜ ਵਿਛਾਈ।

ਊਪਰਿ ਆਇ ਬੈਠੇ ਨਾਨਕ ਅਬਨਾਸ਼ੀ ਦਸਤ ਫਾਹੌੜੀ ਕੰਧੇ ਲਤਾ।

ਨੌ ਨਾਥ ਚੌਰਾਸੀ ਸਿਧਹਿੰ ਮਿਲਿ ਕੀਆ ਧੂਣੀ ਕਾ ਮਤਾ।

ਕਵਣ ਕਵਣ ਕੀ ਧੂਣੀ-ਲਕੜੀ ਕੀ ਧੂਣੀ ਮੈਂਗਣ ਕੀ ਧੂਣੀ।

ਗੋਬਰ ਕੀ ਧੂਣੀ, ਬਡੇ ਜਨਾਵਰ ਕੀ ਲਿੱਦ ਕੀ ਧੂਣੀ।

ਕਵਣ ਆਸਣ ਆਣੀ, ਕਵਣ ਆਸਣ ਮੇਲੀ।

ਕਵਣ ਆਸਣ ਸੁਲਘਾਈ ਕਵਣ ਆਸਣ ਤਾਪੀ।

ਕਪਾਲ ਆਸਣ ਆਣੀ ਕਾਗ ਆਸਣ ਮੇਲੀ।

ਸਹਿਜ ਆਸਣ ਸੁਲਘਾਈ ਸੁਖ ਆਸਣ ਤਾਪੀ।

ਚਾਰਹੁ ਧੂਣੀ ਸੰਪੂਰਨ ਹੋਈ। ਜੀਅ ਜੰਤ ਜਲੇ ਮੋਖ ਮੁਕਤ ਪਾਵੈ।

ਤਉ ਨਾਨਕ ਬਾਲ ਗੁਪਾਲ ਧੂਣੀ ਆਣਿ ਲਗਾਵੈ।6।

ਫਰੂਆ ਪਤ੍ਰ ਔਰ ਕਪਾਲੀ, ਸਰਦੀ ਗਰਮੀ ਸਿਰ ਪਰ ਝਾਲੀ।

ਅਉਰ ਬਿਚਾਰ ਮਨ ਮੈਂ ਨ ਕਰਉ, ਚਰਨ ਕਮਲ ਪਰ ਲੈ ਚਿਤ ਧਰਉ।

ਸੀਲ ਸੰਤੋਖ ਕੀ ਭਿਛਿਆ ਖਾਇ, ਤਉ ਨਾਨਕ ਜੋਗੀ ਜੋਗ ਕਮਾਇ।

ਮੋਰ-ਛੜ ਲੈ ਐਸੀ ਸਾਖ ਬਤਾਵੈ। ਬਹੁ ਰੂਪ ਰੰਗ ਮਿਲਿ ਏਕ ਧਿਆਣ।

ਇਕ ਮਨ ਇਕ ਚਿਤ ਹੋਇਕੈ ਗਾਵੈ। ਗੁਰਮੁਖਿ ਹੋਇ ਸੁਮਾਰਗ ਪਾਵੈ।

ਕਹੁ ਨਾਨਕ ਗੁਰਮੁਖਿ ਕੀ ਬਾਤ, ਬਿਨ ਸਤਿਗੁਰ ਕਿਨੈ ਨ ਪਾਈ ਗਿਆਤ।

ਝੋਲੀ ਕਉ ਲੇ ਸੰਗਿ ਚਲਾਵੈ, ਤਾਂਕਾ ਅਰਥ ਏਹੀ ਕਹਾਵੈ।

ਝੋਲੀ ਕਾਇਆ ਨਾਮ ਭਣਿਜੈ, ਦਸ ਇੰਦ੍ਰੀ ਕੀ ਮੈਲ ਕਟਿਜੈ।

ਦਸ ਇੰਦ੍ਰੀ ਕੀ ਮੈਲ ਜਿਨ ਖੋਈ, ਨਾਨਕ ਝੋਲੀ ਰਾਖਹੁ ਸੋਈ।

ਧੂਣੀ ਕਹੈ ਜੋ ਮੁਝ ਕੋ ਤਾਪ, ਸਤਿਨਾਮ ਲੇ ਮਨ ਮੇਂ ਭਾਖ।

ਅਵਧੂਤ ਹੋਇ ਮਸਾਣ ਜਗਾਵੈ, ਕਾਇਆ ਮਾਰਗ ਮਨ ਨਾ ਡੁਲਾਵੈ।

ਸੁੰਨ ਮੰਡਲ ਮਹਿੰ ਧਿਆਨ ਲਗਾਵੈ, ਤਉ ਨਾਨਕ ਅਗਮ ਨਿਗਮ ਕੀ ਧੂਣੀ ਤਪਾਵੈ।

ਸਤ ਕੀ ਮੁੰਦ੍ਰਾ ਲੈ ਕੰਨੀ ਪਾਇ, ਧਿਆਨ ਬਿਭੂਤਿ ਲੇ ਅੰਗ ਚੜ੍ਹਾਇ।

ਅਕਾਲ ਖਿੰਥਾ ਲੇ ਪਹਿਰੇ ਕੋਈ, ਸਿੰਗੀ ਸ਼ਬਦ ਅਨਾਹਦ ਦ੍ਰਿੜ ਹੋਈ।

ਕੁਆਰੀ ਕਾਇਆ ਜੋਗ ਵਰ ਪਾਇਆ।

ਤਉ ਨਾਨਕ ਆਦਿ ਪੁਰਖ ਕਾ ਦਰਸ਼ਨ ਪਾਇਆ।

ਮਾਲਾ ਕਹੈ ਜੁ ਮੁਝ ਕੋ ਫੇਰਿ, ਇਸ ਮਨ ਗਢ ਕੋ ਉਲਟ ਕਰ ਘੇਰਿ।

ਮਨ ਮਵਾਸ ਕੋ ਬੰਧਨ ਪਾਇ, ਸਗਲੀ ਕਾਇਆ ਲਏ ਠਹਿਰਾਇ।

ਦੋਹੀ ਸਤਿਨਾਮ ਕੀ ਹੋਈ, ਨਾਨਕ ਮਾਲਾ ਰਾਖੈ ਸੋਈ।

ਸੋਹਾਗਣਿ ਹੋਇ ਕੈ ਚੂੜਾ ਪਾਵੈ, ਮੌਲੀ ਮਹਿੰਦੀ ਸੁਰਮਾ ਮਟਕਾਵੈ।

ਬਿਨ ਸੁਹਾਗ ਜੋ ਚੂੜਾ ਪਾਵੈ, ਦੁਰਾਚਾਰ ਉਹ ਨਾਰਿ ਕਹਾਵੈ।

ਕਰਿ ਸ਼ੀਂਗਾਰ ਪੀਆ ਅੰਗ ਲਗਾਵੈ, ਥਿਰ ਸੁਹਾਗ ਨਾਨਕ ਜਨੁ ਪਾਵੈ।

ਮ੍ਰਿਗਛਾਲਾ ਕਹੈ, ਮੁਝ ਕੋ ਲੇਹੁ, ਦੂਜੇ ਸੇਤੀ ਅੰਗ ਨ ਦੇਹਿ।

ਉਡੇ ਪੋਸਤੀਨ ਔਰ ਚਿਤੰਬਰ,.... ਸ਼ੇਰ ਬਘੰਬਰ ਰਹੈ ਬਿਬਾਣੀ ਮੜ੍ਹੀ ਮਸਾਣੀ।

ਤ ਘਾਮ ਲੇ ਸਿਰ ਪਰ ਝਾਲ, ਮ੍ਰਿਗ ਮਾਰਿ ਮ੍ਰਿਗਾਨਿ ਚਲਾਏ।

ਉ ਨਾਨਕ ਐਸਾ ਜੋਗੀ ਮੁਕਤ ਸਦਾਏ।14।

ਕੋਈ ਲੇ ਪਹਿਰੈ ਜੰਜ਼ੀਰ, ਦੁਖ ਸੁਖ ਸਮ ਕਰਿ ਸਹੈ ਸਰੀਰ।

ਰਣ ਨਿਆਈਂ ਇਹ ਮਨ ਕਰੈ, ਸ਼ਬਦ ਹਥੌੜਾ ਲੈ ਹਥਿ ਧਰੈ।

ਹੇ ਵਾਂਗੂ ਇਹ ਮਨ ਘੜੈ, ਨਾਨਕ ਸਤਿਗੁਰ ਪੂਰਾ ਮਿਲੈ ਤਾਂ ਸੋਝੀ ਪੜੈ।15।[23]

ਉਪਰੋਕਤ ਮਾਤਰਾ ਵਿੱਚ ਬਾਬਾ ਗੁਰਦਿੱਤਾ ਜੀ ਨੇ ਟੋਪੀ, ਸੇਲੀ, ਖਫ਼ਨੀ, ਗੋਦੜੀ, ਗੋਲਾ, ਧੂਣੀ, ਆਸਣ, ਫਹੋੜੀ, ਮੋਰਛੜ, ਝੋਲੀ, ਮੁੰਦਰਾਂ, ਖਿੰਥਾ, ਸਿੰਘੀ, ਮਾਲਾ, ਮ੍ਰਿਗਛਾਲਾ, ਜ਼ੰਜੀਰ, ਬਿਭੂਤੀ ਆਦਿ ਬਾਹਰਮੁਖੀ ਚਿੰਨ੍ਹਾਂ ਨੂੰ ਅਧਿਆਤਮਕ ਰਹਿਣੀ ਦੀ ਪਾਣ ਚਾੜ੍ਹੀ ਹੈ।

### 4.1.3 ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਨਾਲ ਸਬੰਧਿਤ ਉਦਾਸੀ ਵਿਆਖਿਆਕਾਰ :

ਇਸ ਤੋਂ ਇਲਾਵਾ ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਨਾਲ ਸੰਬੰਧਿਤ ਉਦਾਸੀ ਮਹਾਤਮਾਵਾਂ ਦੀਆਂ ਰਚਨਾਵਾਂ ਦਾ ਜ਼ਿਕਰ ਵੀ ਮਿਲਦਾ ਹੈ। ਉਦਾਸੀ ਸਾਧੂਆਂ ਨੇ ਆਪਣੀਆਂ ਰਚਨਾਵਾਂ ਨੂੰ ਬਾਣੀ ਨਾ ਕਹਿ ਕੇ

'ਮਾਤ੍ਰਿਆਂ' ਦਾ ਨਾਂ ਦਿੱਤਾ ਹੈ। 'ਮਾਤ੍ਰਿਆਂ' ਤੋਂ ਭਾਵ ਹੈ ਕਿ ਇਹਨਾਂ ਦਾ ਸੁਰ ਮੁਕਤੇ ਅੱਖਰ ਤੋਂ ਵੀ ਲਘੂ ਹੁੰਦਾ ਹੈ, ਕੇਵਲ ਇੱਕ ਮਾਤ੍ਰਾ ਜਿਹਾ-ਬੜਾ ਛੋਟਾ, ਇੱਕ ਛਿਨ ਤੋਂ ਵੀ ਨਿੱਕਾ। ਇਸ ਵਿੱਚੋਂ ਉਦਾਸੀ ਸਾਧੂਆਂ ਦੀ ਨਿਰਮਾਣਤਾ ਝਲਕਦੀ ਹੈ।

ਬਾਬਾ ਅਲਮਸਤ, ਬਾਲੂ ਹਸਨਾ ਅਤੇ ਬਾਬਾ ਗੋਇੰਦ ਜੀ ਦੀਆਂ ਬਾਣੀਆਂ ਮਾਤ੍ਰਿਆਂ ਦੇ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਇਹਨਾਂ ਸਾਧਕਾਂ ਦੇ ਸ਼ਿਸ਼ਾਂ ਨੇ ਵੀ ਅੱਗੋਂ ਮਾਤਰਿਆਂ ਦੀ ਹੀ ਰਚਨਾ ਕੀਤੀ ਹੈ ਜਿਵੇਂ-ਮੀਹਾਂ ਸਾਹਿਬ ਜੀ ਦੀ ਮਾਤਰਾ, ਬਾਬਾ ਗੋਇੰਦ ਸਾਹਿਬ ਜੀ ਦੇ ਸ਼ਿਸ਼ ਕਮਲ ਨੈਨ ਜੀ ਦੀ ਮਾਤਰਾ ਆਦਿ। ਇਹਨਾਂ ਮਾਤਰਿਆਂ ਨੂੰ ਉਦਾਸੀ ਸੰਪਰਦਾ ਦੇ 'code of conduct' ਮੰਨਿਆ ਜਾਂਦਾ ਹੈ। ਜਿਸਤੋਂ ਇੱਕ ਉਦਾਸੀ ਸਾਧਕ ਸਮੁੱਚੀ ਜੀਵਨ-ਜਾਚ ਗ੍ਰਹਿਣ ਕਰਦਾ ਹੈ। ਇਹਨਾਂ ਸੰਤਾਂ ਦੀਆਂ ਪ੍ਰਾਪਤ ਮਾਤਰਾਵਾਂ ਦਾ ਵੇਰਵਾ ਇਸ ਪ੍ਰਕਾਰ ਮਿਲਦਾ ਹੈ-

**4.1.3.1 ਬਾਬਾ ਅਲਮਸਤ ਜੀ ਦੀ ਮਾਤਰਾ :**

ਬਾਬਾ ਅਲਮਸਤ ਚਾਰ ਧੂਣਿਆਂ ਵਿੱਚੋਂ ਪ੍ਰਮੁੱਖ ਧੂਣੇ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀਆਂ ਦੋ ਮਾਤਰਾਵਾਂ ਪ੍ਰਾਪਤ ਹੁੰਦੀਆਂ ਹਨ। ਜੋ ਇਸ ਪ੍ਰਕਾਰ ਹਨ-

(ੳ) ੧ਓਂ ਸਤਿਗੁਰ ਪ੍ਰਸਾਦਿ।।

ਮਾਤ੍ਰਾ ਬਾਬੇ ਅਲਮਸਤ ਜੀ ਕੀ।। ਓਅੰ।। ਖਪਨੀ ਕਰ ਕਰ ਤਨ ਖਪਨਾਵੈ।।

ਅਹੰਬੁਧਿ ਤਨ ਮਾਹਿ ਮਿਟਾਵੈ।। ਚਾਰ ਦਿਸਾ ਕੀ ਖਬਰ ਸੁਨਾਵੈ।।

ਤੌਂ ਚੱਕ੍ਰ ਚੌਪਲਾ ਲੇ ਗਲੈ ਮੋ ਪਾਵੈ।। ਸੇਲੀ ਸਿੰਗ ਅਰੁ ਮ੍ਰਿਗਾਨ।।

ਨਗਰੀ ਬੈਠੇ ਗੁਰ ਕੀ ਆਨ।। ਸੇਲੀ ਸਿੰਗੀ ਅਰੁ ਭੁਜਦੰਡ।।

ਗੁਰ ਕੇ ਸਬਦ ਫਿਰੈ ਨਉ ਖੰਡ।। ਮੁੰਦ੍ਰਾ ਮੇਖਲਾ ਜਟਾ ਬਿਭੂਤ ਅਰੁ ਭੇਖ।।

ਨਾਨਕ ਬੋਲਨਹਾਰਾ ਏਕ ਹੈ ਜਾ ਕਾ ਰੂਪ ਨਾ ਰੇਖ।। ਆਡਬੰਦ ਕਮਰ ਬੰਦ ਖੂਬ ਹੈ ਜਵਾਨ ਗੁਰ ਜਿਸਕਾ, ਅਕਲਬੰਦ ਚੇਲਾ ਅਲਮਸਤ ਹੈ ਮਸਤਾਨਾ।।

ਕਾਗ ਕੁਰੰਗਾ ਕੋ ਸੋਧੈ।। ਹੰਸ ਹੰਸ ਖੋਜੈ ਦਰਆਵੈ।।

ਤਾਲਬ ਮੁਰਸ਼ਦ ਕੋ ਖੋਜੇ ਪੂਛੋ ਜਾਇ ਉਲਮਾਵਾ।। ਹਕ ਹਕੀਕਤ ਸਰਾ ਸਰੀਅਤ ਪੂਛੋ ਜਾਪ ਕਰਾਵਾ।।

ਝੋਲੀ ਪਤ੍ਰਾ ਬਿਭੂਤ ਕਾ ਬਟਵਾ ਕੋਈ ਚਲਾਵੈ ਅਲਮਸਤ ਅਵਧੂਤ ਦਿਵਾਨਾ।।

ਗੁਰੂ ਜਿਸਦਾ ਅਕਲਬੰਦ ਚੇਲਾ ਦੁਰਸਤੇ ਹੈ ਦਾਨਾ।।

ਲੰਗ ਲੰਗੋਟੀ ਖਪਨੀ ਟੋਪੀ ਤੂੰਬਾ ਜਬੀਲ ਜੰਗ ਜੜਾਉ ਨੇਜਾ ਬਾਜਾ ਨੀਸਾਨ।। ਕਲਗੀ ਦੁਤਾਰਚਾ।।

ਲੋਹ ਲੰਗਰ ਪੁਸਤੋ ਖਰ।। ਖਪਰ ਖਪਰੀ ਚਮਕ ਪਥਰੀ।।

ਝੋਲੀ ਝੰਡਾ ਸਾਥ ਮੋਰਛੜ ਕਿਸਤੀ।। ਪਾਹੁੜੀ ਤੋੜਾ ਕੰਗਣ ਔਰ ਜੰਜੀਰ।।

ਤਿਸ ਕੋ ਧੋਖਾ ਕਿਆ ਕਰੈ ਜਿਸ ਕਾ ਗੁਰੂ ਨਾਨਕ ਪੀਰ।। ਹੋਇ ਫਕੀਰ ਫਕੀਰੀ ਕਮਾਵੈ।।

ਪੰਚੋ ਇੰਦ੍ਰੀ ਦ੍ਰਿੜ ਕਰ ਰਾਖੈ।। ਅਤਰਗਤ ਕੀ ਲਿੰਗ ਚੜਾਵੈ।।

ਚਰਨੀ ਚਲੇ ਨਾ ਪਰ ਘਰ ਜਾਵੈ।। ਤਉ ਅਉਧੂ ਅਵਲ ਬਲੀ ਕਹਾਵੈ।।

ਕਹੁ ਨਾਨਕ ਏਥੈ ਉਥੈ ਮੁਖ ਮੰਗੇ ਸੋ ਪਾਵੈ।।10।।[24]

**(ਅ) ਬਾਬਾ ਅਲਮਸਤ ਜੀ ਦੀ ਦੂਜੀ ਮਾਤਰਾ**

ੴ ਸਤਿਗੁਰ ਪ੍ਰਸਾਦਿ

ਕਵਨ ਦਾਰਾ ਕਵਨ ਦਰਵੇਸ।। ਕਵਨ ਗੁਰੂ ਨੇ ਮੂੰਡੇ ਕੇਸ।।

ਦਿਲਦਾਰਾ ਅਰੁ ਮਨ ਦਰਵੇਸ।। ਸਬਦ ਗੁਰੂ ਨੇ ਮੂੰਡੇ ਕੇਸ।।

ਕਵਨ ਮੁਖ ਆਵੈ ਕਵਨ ਮੁਖ ਜਾਇ।। ਕਵਨ ਮੁਖ ਮਾਗੇ ਕਵਨ ਮੁਖ ਖਾਇ।।

ਹਸਤ ਮੁਖ ਮਾਗੈ ਕਵਲ ਮੁਖ ਖਾਇ।। ਕਾਹੇ ਊਪਰਿ ਪਾਵ ਤੁਮਾਰੇ ਕਾਹੈ ਊਪਰ ਖੜੋਇ।।

ਕਾਹੇ ਊਪਰ ਬੈਠੇ ਪੁਰਖਾ ਕਾਹੇ ਊਪਰਿ ਸੋਇ।। ਹਕ ਊਪਰ ਪਾਵ ਹਮਾਰੇ ਰਹਾ

ਊਪਰ ਖੜੋਇ।।

ਧੀਰਜ ਊਪਰ ਬੈਠੇ ਪੁਰਖਾ ਏਕ ਦੇ ਕੇ ਲੇ ਸੋਇ।।

ਕਵਨ ਕੀ ਖਾਲ ਕਵਨ ਕੇ ਕਾਂਧੇ।। ਕਵਨ ਪੁਰਖ ਕੋ ਬੈਠੇ ਅਰਾਧੈ।।

ਅਪਨੀ ਖਾਲ ਕੀ ਖਬਰ ਨ ਪਾਈ।। ਸਿੰਘ ਕੀ ਖਾਲ ਲੈ ਤਲੈ ਬਿਛਾਈ।।

ਸਿੰਘ ਕੀ ਖਾਲ ਬ੍ਰਹਮ ਕੈ ਕਾਂਧੇ।। ਅਲਖ ਪੁਰਖ ਕੋ ਬੈਠਾ ਅਰਾਧੈ।।

ਅਪਨੀ ਖਾਲ ਲੇ ਖਾਕ ਮੈ ਰਲਾਈ।। ਤੋ ਸਿੰਘ ਕੀ ਖਾਲ ਲੇ ਤਲੇ ਬਿਛਾਈ।।

ਮਾਂਗੋ ਨਗਰੀ ਤਾਗੋ ਗਾਉ।। ਨਾਨਕ ਅਲਖ ਪੁਰਖ ਕਾ ਸਿਮਰੋ ਨਾਉ।।11।।[25]

ਬਾਬਾ ਅਲਮਸਤ ਦੀ ਪਹਿਲੀ ਮਾਤਰਾ ਵਿੱਚ ਉਦਾਸੀ ਸਾਧਕ ਦੀ ਰਹਿਣੀ ਦੇ ਬਾਹਰਲੇ ਚਿੰਨ੍ਹਾਂ(ਖਫ਼ਨੀ, ਸੇਲੀ, ਮੁੰਦਰਾਂ, ਜੂਟ, ਆੜਬੰਦ, ਝੋਲੀ, ਟੋਪੀ, ਬਿਭੂਤ, ਮੋਰਛੜ, ਲੰਗੋਟੀ ਆਦਿ)ਬਾਹਰਲੇ ਚਿੰਨ੍ਹਾਂ ਦੇ ਅੰਤਰੀਵ ਅਰਥਾਂ ਦੀ ਪੇਸ਼ਕਾਰੀ ਕੀਤੀ ਹੈ। ਦੂਸਰੀ ਮਾਤਰਾ ਵਿੱਚ ਗੁਰੂ ਨਾਨਕ ਸਾਹਿਬ ਦਾ ਜ਼ਿਕਰ ਅਕਾਲ ਪੁਰਖ ਅਤੇ ਇੱਕ ਸਮਰੱਥ ਗੁਰੂ ਦੇ ਰੂਪ ਵਿੱਚ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹ ਮਾਤਰਾਵਾਂ ਬਾਬਾ ਸ੍ਰੀ ਚੰਦ ਦੁਆਰਾ ਦਿੱਤੇ ਸੰਦੇਸ਼ ਦਾ ਹੋਕਾ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ।

**4.1.3.2 ਬਾਲੂ ਹਸਨਾ ਦੀ ਮਾਤਰਾ** :

ਬਾਬਾ ਅਲਮਸਤ ਤੋਂ ਬਾਅਦ ਉਦਾਸੀਆਂ ਦੇ ਦੂਜੇ ਧੂਣੇ ਬਾਬਾ ਬਾਲੂ ਹਸਨਾ ਦੀ ਇੱਕ ਮਾਤਰਾ ਪ੍ਰਾਪਤ ਹੁੰਦੀ ਹੈ-

ਉਅੰ ਉਅੰ ਰਸਨਾ ਰਹੰਤ।। ਨਾਨਕ ਮਿਲਤ ਤ੍ਰਿਨ ਭਗਵੰਤ।।

ਉਅੰ ਸੋਹੰ ਸ੍ਰੀ ਸਤ (ਨਾਮ) ਪੂਰਕ ਕੁੰਭਕ ਰੇਚਕ ਬਿਸਰਾਮ।।

ਨਿਰੰਕਾਰ ਅਕਾਰ ਬਨਾਇਉ।। ਜਟਾ ਜੂਟ ਧਰ ਧਰਨੀ ਆਇਉ।।

ਕਲ ਮੈਂ ਨਾਨਕ ਨਾਮ ਕਹਾਇਉ।। ਸਭ ਸੰਤਨ ਕੋ ਚਰਨ ਲਗਾਇਉ।।

ਜਬ ਚਰਨ ਸੰਤਨ ਗੁਰਪੂਰੇ ਲਾਗੇ।। ਜਟਾ ਜੂਟ ਮੁਕਟ ਅਨਰਾਗੇ।।

ਜਟਾ ਮੰਤ੍ਰ ਯੇਹ ਪਰਮ ਪੁਨੀਤ ਅਛੂਤਾ।। ਪੂਛਤ ਸ੍ਰੀ ਚੰਦ ਜਤੀ ਬਧਤ ਨਾਨਕ

ਅਵਧੂਤਾ।।

ਚੜ੍ਹੀ ਬਭੂਤ ਭਈ ਅਬ ਭਾਰੀ।। ਸ੍ਰੀ ਚੰਦ ਨਾਨਕ ਪੈਜ ਸਵਾਰੀ।।

ਹਰ ਅਵਤਾਰ ਨਾਨਕ ਗੁਰ ਪੂਰਾ।। ਸ਼ੰਕਰ ਸ੍ਰੀ ਚੰਦ ਗੁਰ ਸੂਰਾ।।

ਗੁਰਮੁਖ ਗਿਆਨ ਸੋ ਗਹਿਉ ਅਮੋਲਾ।। ਸ੍ਰੀ ਭਸਮੰਤ ਬ੍ਾਦ ਚਲਾਇਉ ਗੋਲਾ।।

ਉਲਟ ਪਲਟ ਮਨ ਭਇਆ ਜੁ ਛਾਈ।। ਗੁਰੂ ਨਾਨਕ ਬਚਨ ਮਨ ਮੁਕਤੀ ਪਾਈ।।

ਸ੍ਰੀ ਗੁਰੂ ਨਾਨਕ ਸ੍ਰੀ ਚੰਦ ਜੀ ਕੇ ਚਰਨ ਪਾਦਕੋ ਨਮਸਤਯੰ ਨਮਸਤਯੰ ਨਮਸਤਯੰ ਨਮੋ ਨਮਹਿ।।

ਸੰਪੂਰਨ ਸਮਾਪਤੰ ਇਤ ਸ੍ਰੀ ਚੰਦ ਬਾਬੇ ਬਾਲੂ ਹਸਨੇ ਜੀ ਕੀ ਮਾਤ੍ਰਾ।।[26]

ਇਸ ਮਾਤਰਾ ਵਿੱਚ ਬਾਲੂ ਹਸਨਾ ਜੀ ਨੇ ਗੁਰੂ ਨਾਨਕ ਪਾਤਸ਼ਾਹ ਪ੍ਰਤੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕੀਤਾ ਹੈ। ਬਾਲੂ ਹਸਨਾ ਦੱਸਦੇ ਹਨ ਕਿ ਗੁਰੂ ਨਾਨਕ ਸਾਹਿਬ ਨਿਰੰਕਾਰ ਰੂਪ ਵਿੱਚ ਜਟਾ-ਜੂਟ ਅਕਾਰ ਬਣਾ ਕੇ ਧਰਤੀ ਉੱਤੇ ਆਏ ਹਨ। ਬਾਬਾ ਸ਼੍ਰੀ ਚੰਦ ਜੀ ਨੇ ਸਮੇਂ ਸਮੇਂ ਉੱਪਰ ਅਧਿਆਤਮਕਤਾ ਸਬੰਧੀ ਜੋ ਗਿਆਨ ਹਾਸਲ ਕਰਨਾ ਚਾਹਿਆ ਉਹ ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਰੂਪ ਵਿੱਚ ਦਿੱਤਾ। ਬਾਬਾ ਸ਼੍ਰੀ ਚੰਦ ਜੀ ਨੇ ਪੂਰੇ ਗੁਰੂ ਤੋਂ ਜੋ ਅਮੋਲਕ ਗਿਆਨ ਹਾਸਲ ਕੀਤਾ ਉਸ ਦੇ ਨਾਲ ਆਪਣੀ ਨਿਸ਼ਾਨੀ ਵਜੋਂ ਬਿਭੂਤੀ ਦਾ ਗੋਲਾ ਰੱਖਣਾ ਵੀ ਚਲਾਇਆ।

**4.1.3.3 ਮਾਤਰਾ ਸ਼੍ਰੀ ਮਾਨ ਬਾਵਾ ਗੋਇੰਦ ਸਾਹਿਬ ਜੀ :**

ਉਦਾਸੀ ਸੰਪਰਦਾਇ ਦੇ ਤੀਜੇ ਧੂਣੇ 'ਧੂਣਾ ਬਾਬਾ ਗੋਇੰਦ' ਦੀ ਵੀ ਮਾਤਰਾ ਪ੍ਰਾਪਤ ਹੁੰਦੀ ਹੈ,

ਬਸਤਰ ਤਿਆਗ ਵਿਭੂਤ ਲਪੇਟੰ, ਜਟਾਜੂਟ ਧਰ ਸੀਸੰ

ਹੋਏ ਨਿਸੰਗ ਬਿਚਰੈ ਜੋ ਧਰਨੀ, ਜਪੇ ਜਾਪ ਜਗਦੀਸੰ

ਗੁਰੂ ਈਸਰ ਮਾਯਾ ਮੋਹ ਸਗਲ ਤਿਆਗ ਸਬਤੇ ਰਹੇ ਅਤੀਤੰ

ਜਟਾਧਾਰ ਪੰਚ ਏਕ ਬਸ ਰਖਿਅੰ ਸੋ ਮੁਕਤਾ ਜਗਜੀਤੰ॥1॥

ਓਮ ਸਿੱਧ ਪਦਮਾਸਨ ਲਾਵੇ, ਚੌਗਾਨ ਭੁਜ ਥਾਂਪ

ਮੇਰੂਦੰਡ ਸੁਧੀ ਕਰ ਰਾਖੇ, ਓਮ ਸ਼ਬਦ ਪ੍ਰਾਣ ਮਨ ਜਾਂਪ

ਤ੍ਰਿਕੁਟੀ ਧਿਆਨ ਸਕਲ ਪੇਖੇ, ਅਨਾਹਦ ਲੇਖੰ।

ਦਸਵੇਂ ਦੁਆਰ ਪਵਨ ਕੋ ਰੋਕੇ, ਏਕ ਨਿਰੰਜਨ ਦੇਖੰ॥2॥

ਓਮ ਕੋਪੀਨ ਨਾਗਫਨੀ ਲੰਗੋਟ ਕਰ ਬਜਰੰ

ਬੰਦ ਲਗਾਏ ਨਕਸਿਕ ਮਨ ਲਿਆਵੈ

ਮਨਵਾ ਤ੍ਰਿਕੁਟੀ ਧਿਆਨ ਲਗਾਵੈ

ਤ੍ਰਿਯ ਸ਼ਬਦ ਨਹੀ ਸੁਨੈ ਨਿਰਭੈ ਬਸੇ ਏਕਾਂਤ ਅਵਧੂਤੰ

ਬਾਂਧ ਲੰਗੋਟ ਦ੍ਰਿੜ ਤਪ ਸਾਧੇ ਸਿਮਰੇ ਅਲਖ ਅਭੂਤੰ॥3॥

ਸਦਾ ਸਿਵ ਜਬ ਭਏ ਪ੍ਰਸੀਨਾ, ਤੂੰਬਾ ਪਾਤਰ ਸਤਗੁਰੂ ਕੋ ਦੀਨਾ

ਓਮ ਤੂੰਬਾ ਅਗਮ ਤੇ ਆਯਾ, ਓਮ ਤੂੰਬਾ ਪ੍ਰੇਮ ਸੋ ਪਾਯਾ

ਤੂੰਬੇ ਮੇਲ ਜੂਠ ਨਹੀ ਪਰਸੇ, ਤੂੰਬਾ ਪਾਤਰ ਸਤਗੁਰੂ ਦਰਸੇ

ਓਮ ਤੂੰਬਾ ਲੀਯਾ ਪਖਾਲ, ਗੁਰ ਕੀ ਦੀਖਿਆ ਭਏ ਨਿਹਾਲ

ਸਤਗੁਰੂ ਮੰਤਰ ਦੀਆਂ ਬਤਾਏ, ਲਾਗੇ ਸੰਤ ਸਭ ਚਰਨੀ ਜਾਏ॥4॥

ਓਮ ਆਸਨ ਬੈਠ ਕੇ ਧਿਆਨ ਲਗਾਵੇ, ਅਨਹਦ ਨਾਦ ਕੇ ਬੀਚ ਸਮਾਵੇ।

ਆਦਿ ਬ੍ਰਹਮ ਜਪੇ ਮਨ ਮਗਨਾ, ਅਹਿਨਿਸ ਸੁਰਤ ਲਗਾਵੇ ਗਗਨਾ।

ਓਮ ਜਾਪ ਨ ਜਾਪੈ ਜੋਈ, ਮਹਾਂ ਪਾਤਕ ਨਰ ਜਾਨੋਂ ਸੋਈ।

ਓਮ ਮ੍ਰਿਗਾਨ ਸਦਾ ਕੁਸ਼ ਪਾਸ, ਤ੍ਰਿਕੁਟੀ ਧਿਆਨ ਮਗਨ ਪ੍ਰਗਾਸ।

ਜਪਤੰ ਨਿਤ ਜਗਤ ਉਦਾਸ, ਅਦਵੈਤ ਜਾਪ ਜੋਤ ਪ੍ਰਕਾਸ॥5॥

ਓਮ ਪਾਦੁਕਾ ਧਾਰਨ ਕੀਜੈ, ਪੇਖ ਪੇਖ ਪਗ ਧਰਨੀ ਦੀਜੈ।

ਆਪ ਸਮਾਨ ਜੀਵ ਸਬ ਜਾਨੇ, ਪੇਖ ਸਬਨ ਕੀ ਰਿਛਿਆ ਠਾਨੇ।

ਐਸੇ ਜੋ ਜਨ ਪਾਦੁ ਕੋ ਧਾਰੇ, ਮੁਕਤ ਆਪ ਅਵਰਾ ਨਿਸਤਾਰੇ।

ਓਮ ਉਲਟੰਤ ਵਿਭੂਤ ਪਲਟੰਤ ਕਾਯਾ

ਸਿੱਧੋ ਕਾ ਮਾਰਗ ਸਾਦਿਕੋਂ ਨੇ ਪਾਯਾ

ਉਲਟੇ ਪਲਟੇ ਖੰਡੇ ਰੋਗ, ਸੱਤ ਹੈ ਸ਼ਬਦ ਤੱਤ ਹੈ ਜੋਗ

ਜਬ ਉਲਟੇ ਤਬ ਰੰਗ ਦਿਖਾਵੇ, ਜਬ ਪਲਟੇ ਤਬ ਸਹਿਜ ਘਰ ਆਵੇ

ਉਲਟ ਪਲਟ ਮਨ ਭਿਆ ਛਾਈ

ਪ੍ਰਣਵਤ ਸਦਾ ਪਰਮ ਗਤ ਪਾਈ।[27]

ਇਸ ਮਾਤਰਾ ਵਿੱਚ ਗੋਇੰਦ ਸਾਹਿਬ ਨੇ ਵਿਭੂਤ, ਜਟਾਜੂਟ, ਜਾਪ, ਆਸਣ, ਸ਼ਬਦ, ਪ੍ਰਾਣ, ਤ੍ਰਿਕੁਟੀ, ਧਿਆਨ, ਅਨਾਹਦ, ਦਸਵਾਂ ਦੁਆਰ, ਕੋਪੀਨ, ਲੰਗੋਟ, ਪਾਤਰ, ਆਸਣ, ਸਹਿਜ ਆਦਿ ਅਧਿਆਤਮਕ ਚਿੰਨ੍ਹਾਂ ਦੀ ਚਰਚਾ ਕੀਤੀ ਹੈ।

### 4.1.4 ਛੇ ਬਖ਼ਸ਼ਿਸ਼ਾਂ ਨਾਲ ਸਬੰਧਿਤ ਮਹਾਤਮਾਵਾਂ ਦੀਆਂ ਰਚਨਾਵਾਂ :

ਇਹਨਾਂ ਬਖ਼ਸ਼ਿਸ਼ਾਂ ਵਿੱਚੋਂ ਸੁਥਰੇ ਸ਼ਾਹ, ਭਗਤ ਭਗਵਾਨ, ਭਾਈ ਫੇਰੂ ਜੀ(ਸੰਗਤ ਸਾਹਿਬੀਏ), ਬਾਬਾ ਬਖ਼ਤ ਮੱਲ (ਬਖ਼ਤਮੱਲੀਏ) ਆਦਿ ਦੀਆਂ ਕਾਵਿ-ਰਚਨਾਵਾਂ ਸਾਹਮਣੇ ਆਉਂਦੀਆਂ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ,

#### 4.1.4.1 ਭਾਈ ਸੁਥਰੇ ਸ਼ਾਹ :

ਫ਼ਕੀਰ ਸੁਥਰੇ ਸ਼ਾਹ ਜੀ ਕੇਵਲ ਹਾਸ-ਵਿਨੋਦ ਅਤੇ ਵਿਅੰਗ ਕਰਨ ਵਾਲੇ ਬੇਪਰਵਾਹ ਮਸਤ-ਮੌਲਾ ਦਰਵੇਸ਼ ਹੀ ਨਹੀਂ ਸਨ ਸਗੋਂ ਬੜੇ ਆਜ਼ਾਦ ਤਬੀਅਤ ਵਾਲੇ ਸੰਵੇਦਨਸ਼ੀਲ, ਜ਼ਹੀਨ ਅਤੇ ਰੰਗ-ਰੰਗੀਲੇ ਸ਼ਾਇਰ ਵੀ ਸਨ। ਉਹਨਾਂ ਦੀ ਸ਼ਾਇਰੀ ਲੋਕ ਸਿਆਣਪ, ਹਾਸ ਰਸ ਅਤੇ ਬੇਬਾਕੀ ਦੀ ਤ੍ਰਿਵੈਣੀ ਸੀ। ਸੁਭਾਅ ਵਾਂਗ ਉਹਨਾਂ ਦੀ ਕਵਿਤਾ ਵੀ ਖੁੱਲ੍ਹੀ-ਡੁੱਲ੍ਹੀ ਅਤੇ ਦਰਿਆਦਿੱਲ ਸੀ। ਪਿੰਗਲ ਦੇ ਨਿਯਮਾਂ ਦੀ ਬੇਲੋੜੀ ਸਖ਼ਤੀ, ਮਰਯਾਦਾ ਅਤੇ ਸ਼ਾਬਦਿਕ ਬਣਾਵਟ ਨੂੰ ਉਹ ਆਪਣੇ ਨੇੜੇ ਨਹੀਂ ਸਨ ਫਟਕਣ ਦਿੰਦੇ। ਮਾਸੂਮੀਅਤ, ਬੇਬਾਕੀ ਅਤੇ ਵਿਅੰਗ ਜਾਂ ਚੋਭ ਉਨ੍ਹਾਂ ਦੀ ਕਵਿਤਾ ਦੇ ਗਹਿਣੇ ਸਨ। ਉਨ੍ਹਾਂ ਦੀ ਅਤਿ ਭਾਵਪੂਰਤ ਫ਼ਕੀਰਾਨਾ ਸ਼ਾਇਰੀ

ਅੰਦਰ ਮੁੱਖ ਰੂਪ ਵਿੱਚ ਦੋ ਪ੍ਰਕਾਰ ਦੇ ਵਿਸ਼ੇ ਰੂਪਮਾਨ ਹੋਏ ਦਿਸਦੇ ਹਨ। ਪਹਿਲੇ ਵਿਸ਼ੇ ਅਤੇ ਉਦੇਸ਼ ਅਧੀਨ ਇੱਕ ਉਦਾਸੀਨ ਦਰਵੇਸ਼ ਹੋਣ ਦੇ ਨਾਤੇ ਉਹ ਸੰਸਾਰੀ ਲੋਕਾਂ ਨੂੰ ਇਸ ਠੋਸ ਹਕੀਕਤ ਤੋਂ ਜਾਣੂ ਕਰਵਾਉਂਦੇ ਵਿਖਾਈ ਪੈਂਦੇ ਹਨ ਕਿ ਕਾਮਨਾਵਾਂ ਅਤੇ ਪਦਾਰਥਕ ਲਾਲਸਾਵਾਂ (ਸੰਸਾਰਕਤਾ) ਵਿੱਚ ਅਤਿ ਖਚਿਤ ਮਨੁੱਖ ਪਰਮਾਤਮਾ (ਅੰਤਰ ਯਾਤਰਾ) ਵਾਲੇ ਪਾਸੇ ਨਹੀਂ ਤੁਰ ਸਕਦਾ। ਆਤਮਿਕ ਆਨੰਦ ਅਤੇ ਪਰਮ-ਸੁੱਖ ਹਾਸਲ ਕਰਨ ਲਈ ਉਸ ਦਾ ਸੰਜਮੀ ਅਤੇ ਤਿਆਗੀ ਬਿਰਤੀ ਵਾਲਾ ਹੋਣਾ ਅਤੇ ਲਗਾਤਾਰ ਬੰਦਗੀ ਕਰਨਾ ਅਤਿ ਲਾਜ਼ਮੀ ਹੈ।[28] ਉਹਨਾਂ ਦੁਆਰਾ ਰੂਹਾਨੀ ਮੌਜ ਵਿੱਚ ਉਚਾਰੀਆਂ ਕਵਿਤਾਵਾਂ ਮੌਖਿਕ ਰੂਪ ਵਿੱਚ ਹੁਣ ਤੱਕ ਲੋਕ ਸਿਮਰਤੀ ਦਾ ਅੰਗ ਹਨ। ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਮਿਲਦਾ ਹੈ-

**(ੳ) ਸਲੋਕ**

ਹਾਥੀ ਘੋੜੇ ਮਾਲ-ਧਨ, ਇਹ ਖਤਰਾ ਹੀ ਜਿੰਦ ਕਾ।

ਜੇ ਸੁਖ ਲੋੜੈਂ 'ਸੁਥਰਿਆ' ਸਿਮਰ ਨਾਮ ਗੋਬਿੰਦ ਕਾ।।1।।

ਢੋਲ ਵਜੈ ਘਰ ਲੁਟੀਐ, ਲੋਕ ਜਾਣੈ ਵੀਆਹੁ।

ਸਾਹਿਬ ਅਰਥਿ ਨ ਬੀਜਿਓ, ਹੋਇਓ ਮੁਖ ਸਿਆਹੁ।

ਜਿਤ ਵੇਲੈ ਲੇਖਾ ਮੰਗੀਐ, ਗਲਿ ਪਲੂ ਤੇ ਮੁਹਿ ਘਾਹੁ।

ਰਾਹੋਂ ਘੁਥੇ 'ਸੁਥਰਿਆ' ਤਿਨ੍ਹਾਂ ਨੂ ਵੱਡਾ ਦਾਹੁ।।2।।

ਆਈ ਰੰਨ ਤਾਂ ਹੋਏ ਕੰਨ।

ਘਰ ਲੁੱਟਣ ਤੇ ਆਖੈ ਧੰਨ।

ਲੋਕਾਂ ਆਖਿਆ ਉਡਿਆ ਘਰੁ।

ਹੋਇਆ ਵੰਨੀ ਸੰਦਾ ਵਰੁ।

ਜਿਉਂ ਜਿਉਂ ਲਗਣ ਕੁਟੰਬ ਦੀਆਂ ਲੀਕਾਂ।

ਦੇ ਦੇਇ ਰੋਸੀ ਉਚੀਆਂ ਚੀਕਾਂ।।3।।

ਮੁਕਟ ਬਣਾਇ ਸੰਧੂਰੀਆ, ਹੁਇ ਬੈਠਾ ਰਾਉ।

'ਸੁਥਰਿਆ' ਨੱਸ ਦਈ ਦਿਆ ਮਾਰਿਆ; ਜੇ ਲੱਗੀ ਦਾਉ।।4।।

ਸਭਿ ਦੁਖੁ ਲੱਗੇ, ਜਾਂ ਕੀਤੋ ਘਰੁ।

ਇਕੈ ਤ ਘਰ ਦੇ ਕੰਮ ਕਰ; ਇਕੈ ਤ ਵਿਚੋਂ ਮਰੁ।।5।।

ਵਿਆਹਿਆ ਲਾਹੂ ਲਾਹਿਆ; ਲਏ ਲਾਹਿਆ ਘਰ ਬੋੜ।

ਸੁਥਰਿਆ' ਨੱਸ ਦਈ ਦਿਆ ਮਾਰਿਆ; ਜੈ ਲੱਗਿ ਬੰਧਨ ਤੋੜ।।6।।

ਇਸ ਸੈਂਸਾਰ ਸਮੁੰਦ ਵਿਚਿ, ਨਾਰੀ ਘੁੱਮਣ-ਘੇਰਿ।

ਲਹਿਰੀਂ ਧੀਆਂ ਪੁੱਤ ਹੈਨਿ, ਪਾਰਹੁ ਭੀ ਲਿਆਵਨ ਫੇਰਿ।।7।।

ਧੀਆਂ ਧਾੜ ਤੇ ਪੁੱਤ੍ਰ ਫਾਹਾ; ਰੰਨ ਦੁੱਖਾਂ ਦਾ ਖੂਹ।

ਇਸ ਘਾਣੀ ਤੇ 'ਸੁਥਰਿਆ'; ਕੋਈ ਹਰਿਜਨ ਕੱਢ ਧੂਹਿ।।8।।

ਗੱਲ ਸਾਈਂ ਦੀ ਸਭ ਸੈਂ ਪਿਆਰੀ।

ਖੋਟੇ ਕਰਮੁ ਨ ਦੇਂਦੇ ਵਾਰੀ।

ਜੇ ਇਹੁ ਗੱਲੁ ਆਪਣੇ ਹੱਥ ਹੋਵੈ;

ਤਾਂ ਇਸ ਨਾਲਹੁੰ ਕੁਈ ਵਿਛੁੜਿ ਨ ਰੋਵੈ।।

'ਸੁਥਰਿਆ' ਅੱਜਿਜ਼ ਹੋਇ ਕੀਚੈ ਫਰਿਆਦ।

ਸਾਂਈ ਪਤਿਤ ਉਧਾਰਨ ਆਦਿ ਜੁਗਾਦਿ।।9।।

ਖਾਣੇ ਖਾਧੇ ਪਹਿਰਿ ਦੁਪੱਟੇ ਰੱਖਿ ਨ ਕੀਤੇ ਸੁਆਹ।

ਇਨ੍ਹੀ ਗੱਲੀ 'ਸੁਥਰਿਆ' ਕਿਥਹੁੰ ਹੋਈਐ ਬੇ ਪਰਵਾਹ।।10।।

ਸ਼ਾਬਸ਼ ਪੱਟੇ, ਸ਼ਾਬਸ਼ ਮੁੱਠੇ, ਸ਼ਾਬਸ਼ ਲੀਤੇ ਲੁੱਟ।

ਸ਼ਾਬਸ਼ ਦਾ ਮਾਰਿਆ 'ਸੁਥਰਿਆ'; ਕਹੀਂ ਨ ਲਹਿਸੈਂ ਛੁੱਟ।।11।।

ਨਰਕੁ ਭੀ ਛੂਠਾ, ਸੁਰਗ ਭੀ ਛੂਠਾ, ਛੂਠੇ ਨੀ ਬੇਦ ਚਾਰੇ।

ਅਗਲੀ ਗੱਲੁ ਜਿ ਆਖਹਿ 'ਸੁਥਰਿਆ'; ਤ ਖ਼ਲਲ ਪਵੀ ਸੈਂ ਸਾਰੇ।।12।।

ਜਾਂ ਜਾਂ ਤਾਂਈ ਇਹੁ ਹੈ; ਤਾਂ ਤਾਂ ਤਾਂਈ ਉਹੁ।

ਜੇ ਇਹੁ ਵਿੱਚਹੁੰ ਮਿਟਿ ਗਇਆ, ਨਾਂ ਤਦ ਏਹੁ ਨ ਉਹੁ।।13।।

'ਸੁਥਰਿਆ' ਲੋਕਾਂ ਦੀਆਂ ਕਹਾਣੀਆਂ, ਸਰੈ ਕੰਮੁ ਨ ਕੋਇ।

ਜੇ ਤੈਂ ਕੰਮੁ ਸਵਾਰਨਾ; ਸਿਮਰ ਸਵੇਰੇ ਸੋਇ।।14।।

'ਸੁਥਰਿਆ' ਜੰਞ ਦੁਆਰੈ ਆਈਆ ਜਿਉਂ ਲੁਟਣ ਨੂੰ ਧਾੜ।

ਅੰਧੇ ਸੋਝੀ ਨਾ ਪਈ ਲੀਤੀ ਅੰਦਰਿ ਵਾੜ।15।

ਵੱਡੇ ਵੇਲੇ ਉਠ ਕੇ, ਨਾਂ ਕਰ ਮੁਰਦੇ ਯਾਦ।

ਏਹੁ ਜੁ ਦਿੱਸਨ ਜੀਂਵਦੇ, ਸੱਭੋ ਵਾਦ ਵਿਬਾਦ।।16।।

'ਸੁਥਰਾ' ਸਾਹਿਬ ਆਰਸੀ, ਪੇਖੇ ਸਭਿ ਸੰਸਾਰ।

ਛੁਪਿਆ ਹੋਇਆ ਸਾਹਮਣੇ ਆਪਨੜਾ ਦੀਦਾਰ।।17।।

ਜਿਉਂ ਦਸ ਗੱਲਾਂ ਹੋਰ ਨਿ; 'ਰਾਮ', 'ਕ੍ਰਿਸ਼ਨ' ਭੀ ਗੱਲ।

ਝਗੜਾ ਚੁੱਕਾ ਸੁਥਰਿਆ, ਘਟ ਘਟ ਬੈਠਾ ਮੱਲਿ।।18।।

'ਅਜਪਾ' ਜਾਪੁ ਜਪੁ 'ਸੁਥਰਿਆ'; ਨਿੱਛਿ, ਪੱਦਿ, ਡੀਕਾਰਿ।

ਖਾਣਾ, ਹਗਣਾ, ਮੂਤਣਾ, ਸਉਣਾ ਪੈਰ ਪਸਾਰਿ।।19।।

ਅੱਠੇ ਦਾਣੇ ਸਿਮਰਨੀ, ਰੱਖੇ ਪਉਣ ਪਰੋਇ।

ਘਟ ਘਟਿ ਅੰਤਰਿ ਪੂਰਿਆ; ਸਹਜੇ ਸਿਮਰਨ ਹੋਇ।।20।।

ਧਾਗਾ ਟੁੱਟਾ ਪਉਣ ਦਾ, ਮਣਕੇ ਲੈ ਗਈ ਬਿਲਾਇ।

ਖਾਲੀ ਖੱਪਰ 'ਸੁਥਰਿਆ', ਆਏ ਦੱਬਿ ਜਲਾਇ।।21।।

ਕੋਈ ਸਮਝੈ ਮਸਖਰੀ, ਕੋਈ ਬ੍ਰਹਮ-ਗਿਆਨ।

ਏਹੀ ਦੇਹੀ 'ਸੁਥਰਿਆ' ਰਾਮ, ਕਿਸ਼ਨ, ਭਗਵਾਨ।।22।।

ਅਣਗਿਣਤੀ ਹੋਇ ਪਸਰਿਆ, ਗਿਣਤੀ ਪਾਇਆ ਰੋਲ।

ਰਹੰਦਾ ਖੁਹੰਦਾ 'ਸੁਥਰਿਆ' ਕਾਗਦ ਵਿਚਿ ਘਚੋਲ।।23।।

ਆਰ ਗੰਗਾ ਪਾਰ ਗੰਗਾ ਵਿਚ ਮੈਂ ਤੇ ਤੂੰ

ਲਹਿਣਾ ਲੈਣਾ ਸੁਥਰਿਆ ਵਿਚ ਵਾਸੀ ਦੇਕੇ ਧੂੰ।24।

ਲੋਕ ਡਰਾਵਨਿ ਕਾਰਣੇ, ਕੀ ਤੈਂ ਭੇਖ ਬਣਾਇਆ।

ਨਿਰ ਉੱਦਮ ਟੁਕੜਾ ਖਾਉਣਾ; 'ਬਾਬਾ' ਨਾਮ ਸਦਾਇਆ।

ਜਿਉਂ ਜਿਉਂ ਚੜ੍ਹਨ ਸ਼ਰੀਣੀਆਂ; ਤਿਉਂ ਤਿਉਂ ਵਧਦਾ ਜਾ।

ਦੇਇ ਦੁਆਈਂ ਖੁੱਲ੍ਹੀਆਂ; ਅਗਲੀ ਗੱਲ ਨ ਕਾ।।25।।

**(ਅ) ਸ਼ਬਦ**

**ਰਾਗ ਰਾਮਕਲੀ**

ਸਾਧੋ! ਆਪਾ ਹੀ ਮੈ ਸੋਧਉਂ!

ਤਾਂ ਮਹਿ ਤਤ ਨਿਰੰਜਨ ਬਸਿਆ, ਮਨ ਹੀ ਮਨ ਪਰਬੋਧਉਂ।।1 ਰਹਾਉ।।

ਕਾਸਟਿ ਮਾਹਿ ਜੈਸੇ ਅਗਨਿ ਬਸਤਿ ਹੈ, ਮਥਨ ਕੀਏ ਤੇ ਜਾਰੈ।

ਤੈਸੇ ਕਾਇਆਂ ਮਹਿ ਬ੍ਰਹਮ ਬਸਤ ਹੈ, ਜੇ ਕੋਊ ਆਪ ਬੀਚਾਰੈ।।1।।

ਦੂਧ ਮਾਹਿ ਜੈਸੇ ਘ੍ਰਿਤ(ਰਹਤ) ਹੈ; ਮਥਨ ਕੀਏ ਤੇ ਜਾਪੈ।

ਦੁਧੁ ਮਥਿਆ ਘ੍ਰਿਤ ਪ੍ਰਗਟ ਦਿਖਾਨਾ; ਮਨਿ ਮਥਿਆ ਹਰਿ ਆਪੈ।।2।।

ਫੂਲ ਮਹਿ ਜੈਸੇ ਬਾਸ ਬਸਤ ਹੈ, ਤੈਸੇ ਰਹੈ ਨਿਰੰਤਰ।

ਜਿਨਿ ਜਿਨਿ ਖੋਜਿਆ, ਤਿਨਿ ਤਿਨਿ ਪਾਇਆ, ਪੂਰੈ ਗੁਰੁ ਕੈ ਮੰਤ੍ਰਿ।।3।।

ਧਰਣਿ ਪਰਿ ਨੀਰੁ, ਨੀਰੁ ਪਰ ਧਰਣੀ; ਇਹੀ ਬ੍ਰਹਮ ਅਰ ਮਾਇਆ।

'ਸੁਥਰੇ' ਕਾ ਗੁਰੁ ਸੁਥਰਾ ਕਹੀਐ; ਸੁਥਰੇ ਪ੍ਰਗਟ ਦਿਖਾਇਆ।।4।।1

**ਰਾਗ ਖਟ**

ਹੋਵਨਾ ਨਾ ਰਹੈ; ਕਾਲ ਕੈਸੇ ਬਚੈ; ਭਰਮੁ ਕੀ ਕੋਟਿ ਸਿਰਿ ਭਾਰੁ ਭਾਰੀ। ਰਹਾਉ।।

ਅਨੇਕ ਸਿੱਧਾ ਭਏ; ਭੇਖ ਮੋਂ ਪਚਿ ਮੁਏ; ਛਾਨਿ ਕੇ ਛਾਰਿ ਸਿਰਿ ਬਹੁਤ ਵਾਰੀ।

ਕਾਨਿ ਫੂਕਾਇ ਕੈ, ਭੇਖ ਦਰਸਨ ਲੀਓ, ਏਕ ਮਨ ਮਾਹਿ ਜੋ ਰਹੇ ਤਾਰੀ।।1।।

ਕਲਾ ਕੇ ਕੋਟ ਮੋ ਹੁਨਰ ਕਾ ਖੇਲ ਹੈ; ਸੁਰਤਿ ਅਰੁ ਨਿਰਤਿ ਲੈ ਫਿਰਤਿ ਡੋਲੈ।

ਗਿਆਨੁ ਅਰੁ ਧਿਆਨੁ ਕਰਿ ਅੰਤਿ ਨਹੀਂ ਪਾਈਐ; ਕਉਣ ਇਹੁ ਰੂਪੁ ਜੋ ਸਬਦੁ ਬੋਲੈ!!2।।

ਆਪ ਮੋਂ ਅਵਰ ਹੈ; ਅਵਰ ਮੋ ਆਪ ਹੈ; ਏਕ ਅਨੇਕ ਕਹੁ ਕਿਸਹਿ ਟੋਲੈ!

ਉਰਝਕੈ ਸੁਰਝਿ ਮੋ, ਸਿਖੁ ਅਰੁ ਗੁਰੁ ਕੀਆ; ਸਬਦੁ ਕੀ ਗਾਂਠ ਕੋ ਸਬਦੁ ਖੋਲ੍ਹੈ।।3।।

ਜਨਮੁ ਅਰੁ ਮਰਨੁ ਕੀ ਖਬਰ ਨਹੀਂ ਪਾਈਐ; ਜਿਮੀਂ ਅਸਮਾਨ ਕਾ ਤੋਲੁ ਤੋਲੈ।

ਅਜਬ ਹੈਰਾਨਗੀ ਦੇਖੀਐ 'ਸੁਥਰਿਆ'; ਪੰਡਿਤਾ ਪੜ੍ਹਿ ਪੜ੍ਹਿ ਪਏ ਭੋਲੈ।।4।।[29]

**(ੲ) ਵਾਰ**

**ਰਾਗ ਮਾਰੂ। ਪਉੜੀ**

ਸਿਮਰਉਂ ਸਚੈ ਸਾਹਿਬੈ, ਮਉਜੈਂ ਦਰੀਆਵੈਂ।

ਲਖ ਚਉਰਾਸੀਹ ਜੀਅ-ਜੰਤੁ, ਸਭਿ ਤੁਧ ਨੋ ਧਿਆਵੈਂ।

ਬ੍ਰਹਮਾ ਥਾਕਾ, ਨਿਗਮ ਥਕੇ; ਕਛੁ ਪਾਰ ਨ ਪਾਵੈਂ।

ਪਾਰ ਨ ਪਾਵੈ ਸੰਕਰਾ ਬਹੁ ਧਿਆਨ ਲਗਾਵੈਂ।

ਤੂੰ ਬਿਅੰਤਿ ਬੇ-ਪਰਵਾਹੁ ਜੀ! ਤੇਰਾ ਅੰਤਿ ਨ ਪਾਵੈਂ।

ਵਾਹ ਵਾਹ ਕੀ ਕੇਤੀ ਮੁਖਿ ਗਾਵੈਂ।1।

ਸਿਮਰਹੁ ਆਦਿ ਨਿਰੰਝਣਾ; ਜਿਨਿ ਦੇਹ ਬਣਾਇਆ।

ਲਖ ਚਉਰਾਸੀਹ ਭ੍ਰਮਦਿਆਂ, ਨਰੁ-ਦੇਹੀ ਪਾਇਆ

ਕਾਮ ਕ੍ਰੋਧ(ਅਰੁ) ਲੋਭੁ ਮਹਿ, ਬਹੁ ਜਨਮੁ ਗਵਾਇਆ।

ਤਬ ਅਉਸਰ ਗਇਆ ਵਿਹਾਇਕੈ, ਫਿਰ ਪੱਛੋਤਾਇਆ।

ਨਾਮ ਵਿਹੂਣਾ ਪ੍ਰਾਨੀਆ, ਜਮਿ ਬੰਨ੍ਹਿ ਚਲਾਇਆ।

ਉਹੋ! ਦੇਖਹੁ ਜੀ! ਪਤਿ ਬਿਨੁ ਆਇਆ।।2।।

ਉਥੈ ਤ੍ਰੀਮਤ ਰਹੀ ਖੜੋਤੀਆ, ਪੁੱਤ੍ਰ ਸਣਿ ਭਾਈ।

ਹਸਤੀ, ਘੋੜੇ, ਮਾਲ-ਧਨ, ਕਛੁ ਨਾਲਿ ਨ ਜਾਈ।

ਤਦਹੁੰ ਸਿਮਰਿਆ ਦੇਵੀ ਦੇਵਤਾ, ਕਉਣ ਸਹਾਈ!

ਤਦ ਨ ਸਵੇਰੈ ਚੇਤਿਓ, ਹੁਣਿ ਬਣੈ ਨ ਕਾਈ!

ਉਹੁ ਦੇਖਹੁ ਜੀ! ਮਨਮੁਖ ਮਾਰੀਅਨੁ, ਬਹੁ ਲਹਹਿੰ ਸਜਾਈ।।3।।

ਜਿੱਥੈ ਲੇਖਾ ਮੰਗੀਐ, ਖੜ ਉਥੈ ਪਹੁੰਚਾਇਆ।

ਅਗੋਂ ਕਾਗਦੁ ਕੱਢਿਆ ਕਾਗਦੀ, ਮੂੰਹ ਮੁਗਧਿ ਛਪਾਇਆ।

ਉਸ ਦਰਿ ਮੁਹੋਂ ਮੂੰਹੁ ਮਾਰੀਐ, ਮਨ ਮਹਿ ਪਛੁਤਾਇਆ।

ਓਥੈ ਦੇਵੀ, ਸਿੱਧ ਨ ਮੰਨੀਐਂ, ਨਹੀਂ ਲੈਨ ਛਡਾਇਆ।

ਵਾਹਿ ਵਾਹਿ ਜੀ! ਚਉਰਾਸੀ ਭਰਮਾਇਆ।।4।।

ਜਿਨ੍ਹਾਂ ਸਤਿਗੁਰੁ ਸਿਮਰਿਆ; ਸੁਨਹੁ ਜੀ! ਤਿਨ੍ਹਾ ਦੀ ਵਡਿਆਈ।

ਮੇਰਾ ਮੂੰਹ ਛੋਟਾ, ਉਨ੍ਹਾਂ ਦਾ ਗੁਣ ਅੱਗਲਾ; ਮੈਂ ਕਿਤਨਾ ਕੁ ਗਾਈ।

ਉਨ੍ਹਾਂ ਦੇਵੀ ਸਿੱਧ ਨ ਜਾਨਿਆ; ਲਿਵ ਇੱਕੋ ਲਾਈ।

ਆਵਾ-ਗਉਣੀ ਤੋਂ ਰਹੇ, ਮਿਲਿ ਜੋਤੀ ਜੋਤਿ ਸਮਾਈ।

ਦੇਖਹੁ ਜੀ! ਕਾਂਮੇ ਦੀ ਵਡਿਆਈ!!5।।

ਉਹੁ ਚਾਕਰ ਵਡੀ ਠਉਰ ਦਾ, ਕਰਨੀ ਹੈ ਪੂਰਾ।

ਘੋੜਾ ਉਸ ਦਾ ਲੱਖ ਦਾ; ਹਥਿਆਰੀ ਸੂਰਾ।

ਘਾਉ ਨ ਖਾਇ ਮਗਰ ਵਿਚਿ; ਸਨਮੁਖਿ ਮਗਰੂਰਾ।

ਖਵਈਆ ਸਾੜੇ ਦੁਧ ਦਾ; ਕਦੇ ਖਾਇ ਨ ਕੂਰਾ।

ਸਭੇ ਗੱਲਾਂ ਊਣੀਆਂ, ਨਾਉਂ ਤੇਰਾ ਪੂਰਾ।।6।।

ਉਸਤਤਿ ਹਰਿ ਕੇ ਨਾਮ ਕੀ, ਮੁਖਿ ਕਹਾ ਬਖਾਨਾ।

ਸਤਿਗੁਰ ਸਰਣੀ ਆਇਕੇ, ਮਿਟਿ ਗਿਆ ਆਵਣ-ਜਾਣਾ।

ਦੁਖ ਸੁਖ ਕਦੇ ਨ ਵਿਆਪਈ, ਮਿਟੀ ਜਮ-ਕਾਣਾ।

ਨਰਕੁ ਸੁਰਗੁ ਬੈਕੁੰਠ ਤਜਿ, ਨਿਰਭਉ ਪੁਰਿ ਜਾਣਾ।

ਜਿਥੈ ਵਸਣਿ ਨਿਰੰਜਨਾਂ; ਉਹੁ ਦਿੱਤਾ ਥਾਣਾ।।7।।

ਸੰਤ ਜਨਾਂ ਕੇ ਚਰਨ ਕਾ ਇਕ ਕੀਟੁ ਕਹਾਵਾਂ!

ਹਉਂ ਢਾਢੀ ਪਰਵਰਦਿਗਾਰ ਦਾ; ਤਿਸਦਾ ਜਸੁ ਗਾਵਾ!

ਤੂੰ ਗੁਣੀ ਬਿਅੰਤ ਅਥਾਹੁ ਜੀ; ਕੀ ਕਹੁ ਆਖ ਸੁਨਾਵਾਂ!

ਏਕੋ ਨਾਮ ਧਿਆਵਈ; ਦੂਜਾ ਨਹੀਂ ਭਾਵਾਂ!!8।।[30]

ਇਹ ਵਾਰ ਭਾਈ ਸੁਥਰੇ ਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਲਭੰਜਨ ਸੂਰਮੇ ਦੀ ਸਿਫ਼ਤ-ਸਲਾਹ ਵਿੱਚ ਉਚਾਰਨ ਕੀਤੀ ਹੈ। ਵਾਰ ਕਾਵਿ-ਰੂਪ ਦੇ ਨਾਲ ਨਾਲ ਸੁਥਰੇ ਸ਼ਾਹ ਨੇ ਸ਼ਬਦ ਅਤੇ ਸਲੋਕ ਕਾਵਿ-ਰੂਪਾਂ ਦੀ ਵਰਤੋਂ ਵੀ ਕੀਤੀ ਹੈ।

**4.1.4.2 ਮਾਤਰਾ ਭਗਤ ਭਗਵਾਨ ਜੀ ਦੀ :**

ੴ ਸਤਿਗੁਰ ਪ੍ਰਸਾਦਿ।।

ਅਬ ਮਾਤ੍ਰਾ ਬਾਵੇ ਭਗਤ ਭਗਵਾਨ ਜੀ ਕੀ।।

ਤੇਲੀਆ ਅਵਧੂਤ ਜੋਗੀ।। ਅਵਤ ਜਾਤ ਨਿਰਤ ਕਰ ਖੇਲੀ।

ਮੋਰ ਕਾ ਦਸਤਾਰ ਮਸਤਕ ਬਿਰਾਜੈ।। ਸਿਰ ਜਟਾਜੂਟ ਜੋਗੀਆ ਲੈ ਸਾਜੈ।।

ਕਿਸਤੀ ਛੁਰੀ ਫਹੌੜੀ ਚਿਤੰਬਰ ਬਘੰਬਰ।। ਗਲਬੋਧ ਗੋਦੜਾ ਗਲ ਵਿਚ ਫੂਲ ਮਾਲਾ।।

ਗਠੰਤ ਮਾਤ੍ਰਾ ਭਗਤ ਭਗਵਾਨ ਬਾਲਾ।।[31]

**4.1.4.3 ਬਾਬਾ ਫੇਰੂ ਜੀ (ਸੰਗਤ ਸਾਹਿਬੀਏ) ਦੀਆਂ ਕਾਵਿ ਵੰਨਗੀਆਂ :**

ਭਾਈ ਫੇਰੂ ਜੀ ਉਦਾਸੀ ਸੰਪਰਦਾਇ ਦੇ ਮੋਹਰੀ ਉਦਾਸੀਨ ਸਾਧੂ ਹੋਣ ਤੋਂ ਇਲਾਵਾ ਰਾਗ, ਸੰਗੀਤ ਅਤੇ ਸਾਹਿਤ ਦੀ ਡੂੰਘੀ ਸਮਝ ਰੱਖਣ ਵਾਲੇ ਆਪਣੇ ਸਮੇਂ ਦੇ ਬੜੇ ਵਿਦਵਾਨ ਸੰਗੀਤ ਆਚਾਰਯ ਅਤੇ ਰਸੀਲੇ ਕਵੀ ਵੀ ਸਨ। ਆਪ ਜੀ ਦੀਆਂ ਰਾਗਮਈ ਕਵਿਤਾਵਾਂ ਵਿੱਚ ਵੈਰਾਗ ਅਤੇ ਪ੍ਰੇਮਾ-ਭਗਤੀ ਦੇ ਗੂੜ੍ਹੇ ਰੰਗ ਤੋਂ ਇਲਾਵਾ ਸਾਈਂ ਸ਼ਾਹ ਹੁਸੈਨ ਅਤੇ ਬਾਬਾ ਬੁੱਲ੍ਹੇ ਸ਼ਾਹ ਦੀ ਕਵਿਤਾ ਵਰਗੀ ਸੂਫ਼ੀਆਨਾ ਮਸਤੀ, ਲੈਅਕਾਰੀ ਅਤੇ ਖੁਸ਼ਬੋਈ ਮਿਲਦੀ ਹੈ,[32]

**(ੳ) ਰਾਗ ਸ਼ਾਮ ਕਲਿਆਣ**

ਸਾਡੇ ਸੱਜਣ ਜੀਉ! ਅਸਾਨੋ ਤੇਰੀ ਮਣੀ
ਨਿਮਾਣਿਆ ਦਾ ਮਾਣ ਸਦੀਵੇਂ, ਅਸਾਂ ਇਹ ਤਾਂਘ ਤਣੀ
ਤੈਂ ਜੇਹਾ ਸਾਨੂੰ ਹੋਰ ਨ ਕੋਈ, ਅਸਾਂ ਢੂੰਡੀ ਵਣੀਂ ਵਣੀਂ
'ਫੇਰੂ' ਜਾਨ ਜਾਨੀ ਤੋਂ ਵਾਰੀ, ਵਾਰੀ ਤਾਂ ਭਲੀ ਬਣੀ ।1।

**(ਅ) ਰਾਗ ਕਾਨੜਾ**

ਮਾਏ ਨੀ ਮਾਏ! ਮੇਰਾ ਕਉਣ ਕੱਤੇ ਹੁਣ ਪੂਣੀਆਂ
ਸੁਧ ਬਿਸਰੀ ਮੇਰੀ ਮਤਿ ਬਉਰਾਨੀ, ਪ੍ਰੀਤਮ ਪ੍ਰੇਮ ਝੰਜੂਣੀਆਂ ।1। ਰਹਾਉ
ਨੇਹੁ ਲਗਾ ਲਗਿ ਤੁਟਦਾ ਨਾਹੀ, ਸ਼ਾਹੁ ਬਾਝਹੁੰ ਗੱਲਾਂ ਊਣੀਆਂ
'ਫੇਰੂ' ਜੀਉਦਿਆਂ ਨਿਹੁੰ ਵਿਸਰਹਿ ਨਾਹੀਂ, ਮੁਇਆਂ ਭਿ ਦੂਣ ਚਊਣੀਆਂ ।2।[33]

**(ੲ) ਰਾਗ ਸੂਹੀ ਲਲਿਤ**

ਸ਼ਹੁ ਦੀਆਂ ਰਜ਼ਾਈ ਮੰਨ ਵੇ ਅੜਿਆ।
ਦਰਦਵੰਦਾ ਦੇ ਦਰ ਤੇ ਧੂੰਏਂ ਧੁੱਖਣ ਸੰਝ ਸਬਾਹੀਂ ਵੇ ਅੜਿਆ।
ਡਰਦਾ ਰਹੇਂ ਤੂੰ ਜਬ ਲਗਿ ਜੀਵੇਂ ਉਹ ਭਾਣੇ ਦਾ ਸਾਈਂ ਵੇ ਅੜਿਆ।
ਯਾਦ ਕਰੀਂ ਇੱਕ ਪਲ ਨਾ ਵਿਸਾਰੀਂ ਕਦੇ ਨ ਕੰਡ ਵਲਾਈਂ ਵੇ ਅੜਿਆ।

'ਫੇਰੂ' ਹਾਸਲ ਕੀਆ ਲੋੜੇ ਤੂੰ ਮੂਲ ਨ ਕੱਢੇ ਆਹੀਂ ਵੇ ਅੜਿਆ।[34]

ਇਹਨਾਂ ਉਪਰੋਕਤ ਤੁਕਾਂ ਵਿੱਚ ਭਾਈ ਫੇਰੂ ਦਾ ਆਪਣੇ ਗੁਰੂ ਪ੍ਰਤੀ ਸਿਦਕ, ਭਰੋਸੇ ਅਤੇ ਸੱਚੇ ਪਿਆਰ ਦਾ ਅਨੂਠਾ ਰੰਗ ਉੱਭਰ ਕੇ ਸਾਹਮਣੇ ਆਇਆ ਹੈ। ਇਹ ਰਚਨਾਵਾਂ ਪੰਜਾਬੀ ਬੋਲੀ ਦਾ ਇੱਕ ਸੁੰਦਰ ਨਮੂਨਾ ਪੇਸ਼ ਕਰਦੀਆਂ ਹਨ।

**4.1.4.4 ਬਾਬਾ ਬਖ਼ਤ ਮੱਲ :**

ਬਾਬਾ ਬਖ਼ਤ ਮੱਲ ਨੇ ਵੱਖੋ-ਵੱਖਰੇ ਰਾਗਾਂ ਵਿੱਚ ਆਪਣੀਆਂ ਕਾਵਿ-ਕ੍ਰਿਤੀਆਂ ਦੀ ਰਚਨਾ ਕੀਤੀ ਹੈ। ਇਹ ਰਾਗ ਹਨ- ਸਾਰੰਗ ਬਿਲਾਵਲ, ਧਨਾਸਰੀ, ਸੋਰਠਿ, ਭੀਮ ਪਲਾਸੀ ਅਤੇ ਬਿਹਾਗੜਾ ਆਦਿ।

**(ੳ) ਸਾਰੰਗ ਬਿਲਾਵਲ**

ਕਵਨ ਕਹਹੁੰ ਤੇਰੇ ਉਪਕਾਰ।

ਬਚਨ ਸੁਨਤ ਬੁਧਿ ਰਹੈ ਹਿਰਾਨੇ ਵਾਰ ਵਾਰ ਜਾਉਂ ਬਲਹਾਰ ।1। ਰਹਾਉ

ਮਨ ਤਨ ਰੋਮ ਰੋਮ ਸੁਖ ਸਾਗਰ, ਚਿਦਾਨੰਦ ਕਿਛੁ ਵਾਰਿ ਨਾ ਪਾਰਿ

ਮੇਲਾ ਗੁਰ ਮਿਲਿ ਭਯਾ ਸੁਹੇਲਾ, ਨਿਰਾਕਾਰ ਸੁਖ ਧਰੇ ਅਧਾਰ ।1।

ਸਫਲ ਜਨਮ ਜੀਵਨ ਪਲ ਮੂਰਤ, ਗੁਰੂ ਗੁਰੂ ਜਪਿ ਦਿਨ ਰੈਣਾਰੁ

ਗੁਰ ਮਿਲਿ ਭਈ ਸਹੇਲੀ ਜਾਤ੍ਰਾ, ਸਾਧ ਸੰਗਤਿ ਕੈ ਚਰਣ ਰਵਾਰੁ ।2।

ਦੀਜੈ ਦਾਨ ਮੋਹਿ ਦੀਨ ਕਉ, ਸਭ ਕੇ ਚਰਨ ਕਮਲ ਕੋ ਪਿਆਰ

ਸਾਧ ਸੰਗਤਿ ਮਹਿ ਵਾਸਾ ਪਾਵਉ, ਮਨ ਤਨ ਰਹੈ ਨਾ ਕੋਈ ਭਾਰ।3।

ਬਖਤ ਗੁਲਾਮ ਤੇਰਾ ਕੁਲ ਢਾਢੀ, ਕਿਸੈ ਨਾ ਜੋਗਾ ਖਰਾ ਨਿਕਾਰ

ਦਰਿ ਪਰਿਆ ਕੋ ਰਹੈ ਨਾ ਖਾਲੀ, ਪਰਮ ਦਯਾਲ ਜਜਮਾਨ ਉਦਾਰ।4।

**(ਅ) ਧਨਾਸਰੀ**

ਪ੍ਰਭ ਜੀ! ਮੈ ਮਤਿਹੀਨ ਤੁਮ੍ਹਾਰਾ

ਭਾਇ ਭਗਤਿ ਨੋ ਮਹਾਂ ਆਲਸੀ, ਖਾਵਣ ਨੋ ਹੁਸ਼ੀਆਰਾ।1। ਰਹਾਉ

ਕਰਮ ਧਰਮ ਕਛੁ ਹੋਇ ਨ ਆਵਹਿ, ਲਾਲਚਿ ਲੰਪਟਿ ਸਾਰਾ

ਬਿਖੈ ਬਾਸਨਾ ਲੀਏ ਡੋਰੀ, ਬਹੁਤਾ ਰਾਖਹੁੰ ਗਾਰਾ।2।

ਗਿਆਨ ਧਿਆਨ ਬਿਦਿਆ ਬੁਧਿ ਨਾਹੀ, ਗੁਣ ਸੰਜਮ ਨਹੀਂ ਸੇਵਾ

ਪਸ਼ੂਪਾਲ ਪਤਿਤਨ ਕੇ ਪਾਵਨ, ਸਤਿਗੁਰ ਸੁਆਮੀ ਦੇਵਾ।3।

ਬਖਤ ਗੁਲਾਮ ਕਹਾਂ ਲੈ ਗਾਵਹਿ, ਤੇਰੇ ਦਾਨ ਅਪਾਰ

ਪਤਿਤਨ ਕੇ ਸੰਗਾਤੀ ਦੇਖੇ, ਪਾਵਨ ਬਿਰਦ ਸੰਮਾਰ।4।

**(ੲ) ਧਨਾਸਰੀ**

ਮੈ ਸਭ ਪਤਿਤਨ ਕੋ ਸਿਰਦਾਰ

ਅਓਰ ਸਭੈ ਕਛੁ ਸੁਕਚਿ ਕਮਾਵੈਂ, ਮੈ ਸਭ ਮਾਹਿ ਉਦਾਰੁ।1। ਰਹਾਉ

ਕੁਰੂਪ ਕੁਦਰਸ਼ਨਿ ਅਜਾਨ ਅਗਿਆਨੀ, ਬਹੁਤਾ ਰਾਖੋਂ ਭਾਰ

ਸ਼ਰਣਾਗਤਿ ਕੀ ਲਾਯਕ ਨਾਹੀਂ, ਜਿਉਂ ਭਾਵੀ ਤਿਉਂ ਸਾਰ।2।

ਹਾਥਿ ਦੁ ਮਾਲਾ ਕਾਢੇ ਫਿਰਹੋਂ, ਢੀਠੁ ਅਧਮੁ ਬੇਕਾਰੁ

ਖਲੜ ਅੰਦਰਿ ਮਾਵਾਂ ਨਾਹੀਂ, ਪਾਵਨ ਬਿਰਦ ਸੰਭਾਰ।3।

ਬਖਤ ਗੁਲਾਮ ਬਿਚਾਰਾ ਤੇਰਾ, ਪਰਿਓ ਰਹਤ ਹੈ ਦੁਆਰਿ

ਜੈਸਾ ਕੈਸਾ ਤੁਮਰਾ ਕਹੀਅਤ, ਰਾਖਉ ਸ਼ਰਣਿ ਮੁਰਾਰਿ ।4।

**(ਸ) ਸੋਰਠਿ**

ਸਤਿਗੁਰ ਭਲੀ ਕੀਨੀਂ ਮੀਤ!

ਕ੍ਰਿਪਾ ਕਰਕੈ ਲਾਇ ਲੀਓ, ਚੀਤੁ ਅਪਨੈ ਚੀਤਿ।1। ਰਹਾਉ

ਨੈਨ ਨੈਨਨ ਲਾਇ ਰਾਖੈ, ਬੈਨ ਬੈਨਨ ਮਾਹਿ

ਸੁਰਤਿ ਸਬਦ ਵਿਵਾਹ ਦੀਨੀ, ਆਪ ਅਪਨੇ ਦਾਇ ।1।

ਹਾਥ ਹਾਥਨ ਲਾਇ ਰਾਖੇ,ਪਾਂਇ ਪਾਂਇਨ ਸਾਥਿ

ਅੰਗਿ ਅੰਗਿ ਸਰਬੰਗ ਸੁਆਮੀ, ਭਲੇ ਦੀਨਾਨਾਥ।2।

ਸੀਸੁ ਅਪਨੇ ਚਰਣ ਸੇਤੀ, ਪਕੜਿ ਕੀਨੋ ਜੂਟ।

ਵਾਹੁ ਵਾਹੁ ਇਹ ਦਾਨ ਤੇਰੇ, ਲੂਟ ਊਪਰਿ ਲੂਟ ।3।

ਬਖਤ ਗੁਲਾਮ ਨਿਜ ਦਾਨ ਤੇਰੇ, ਕਰੈ ਕਹਾਂ ਉਚਾਰ

ਮੁਖ ਥੋਰਾ ਏਹੁ ਗੱਲ ਵੱਡੀ, ਵਾਰ ਵਾਰ ਭੀ ਵਾਰਿ।4।

**(ਹ) ਭੀਮ ਪਲਾਸੀ**

ਛੁਰਮਟ ਖੇਡ ਲੈ ਖੇਡਿ ਪਈ ਦਿਨ ਚਾਰਿ

ਖੇਡਿ ਖੇਡਿ ਸਹੀਆਂ ਘਰਿ ਗਈਆਂ, ਆਪੋ ਆਪਣੀ ਵਾਰਿ ।1। ਰਹਾਉ

ਚਾਉ ਪਇਆ ਮੂੰਹ ਮੰਗਵਾਂ ਮਿਲ ਜੁਗਾਂ ਤਾਈਂ ਘਰ ਸਾਰਿ

ਪਗ ਪਈ ਪਿੜ ਵਖਤ ਪਰਿ, ਗੁਰ ਮੁਰਸ਼ਦ ਲਈ ਸੰਭਾਰਿ।2।

**(ਕ) ਬਿਹਾਗੜਾ**

ਤੇਰੀ ਚਰਣ ਧੂੜਿ ਦਾ ਚਾਉ

ਗਿਆਨ ਧਿਆਨ ਜਪ ਤਪ ਸਭ ਸੰਜਮ, ਵਾਹੁ ਤੁਸਾਡਾ ਭਾਉ

ਪ੍ਰੇਮ ਤੁਸਾਡਾ ਨੇਮ ਅਸਾਡਾ, ਦਾਉ ਦਾਉ ਪਰਿ ਦਾਉ

ਬਖਤ ਗੁਲਾਮ ਪੈਰਾਂ ਦਾ ਤਕੀਆਂ, ਹੋਰ ਥਾਂਉਂ ਨਹੀਂ ਗਾਉਂ।[35]

## 4.2 ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰ :

ਆਧੁਨਿਕ ਯੁੱਗ ਦੇ ਉਦਾਸੀਨ ਵਿਆਖਿਆਕਾਰਾਂ ਵਿੱਚ ਸਾਧੂ ਆਨੰਦਘਨ, ਸਾਧੂ ਸਦਾਨੰਦ, ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ, ਬਿਸ਼ਨ ਦਾਸ ਉਦਾਸੀ ਅਤੇ ਪਰਮਾਨੰਦ ਆਦਿ ਦਾ ਨਾਂ ਸਾਹਮਣੇ ਆਉਂਦਾ ਹੈ। ਉਹਨਾਂ ਦੀ ਵਿਆਖਿਆਕਾਰੀ ਵਿੱਚੋਂ ਉਭਰਦੇ ਖ਼ਾਸ ਪਹਿਲੂਆਂ ਦਾ ਵੇਰਵਾ ਨਿਮਨ ਅਨੁਸਾਰ ਹੈ:-

### 4.2.1 ਸਾਧੂ ਆਨੰਦਘਨ :

ਸਾਧੂ ਆਨੰਦਘਨ ਨੇ ਅਠਾਰਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਗੁਰਬਾਣੀ ਵਿਆਖਿਆਕਾਰੀ ਵਿੱਚ ਉਲੇਖਨੀਯ ਯੋਗਦਾਨ ਪਾਇਆ। ਬਾਬਾ ਸੁਖਬਾਸੀ ਰਾਮ ਬੇਦੀ ਦੀ ਕ੍ਰਿਤ ‘ਗੁਰੂ ਨਾਨਕ ਬੰਸ ਪ੍ਰਕਾਸ਼’

ਵਿੱਚ ਉਹਨਾਂ ਦੇ ਜੀਵਨ ਬਾਰੇ ਕਾਫ਼ੀ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਾਈ ਗਈ ਹੈ। ਬਾਬਾ ਸੁਖਬਾਸੀ ਰਾਮ ਬੇਦੀ ਜੀ ਗੁਰੂ ਨਾਨਕ ਵੰਸ਼ ਦੇ ਦਸਵੇਂ ਵਾਰਸ* ਸਨ ਜਿਹਨਾਂ ਦੇ ਵਿਦਿਆ ਗੁਰੂ ਹੋਣ ਦਾ ਮਾਣ ਸਾਧੂ ਆਨੰਦਘਨ ਨੂੰ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਇਹ ਵੀ ਪਤਾ ਲੱਗਦਾ ਹੈ ਕਿ ਸਾਧੂ ਆਨੰਦਘਨ ਜੀ ਬਾਬਾ ਸ੍ਰੀ ਚੰਦ ਜੀ ਦੀ ਗੱਦੀ ਉੱਤੇ ਬਿਰਾਜਮਾਨ ਬਾਬਾ ਰਾਮ ਦਿਆਲ ਜੀ ਦੇ ਚੇਲੇ ਸਨ। 'ਗੁਰੂ ਨਾਨਕ ਬੰਸ ਪ੍ਰਕਾਸ਼' ਵਿੱਚ ਉਹਨਾਂ ਦੇ ਜੀਵਨ ਬਾਰੇ ਪ੍ਰਚਲਿਤ ਕਈ ਸ਼ੰਕਿਆਂ ਦੀ ਨਵਿਰਤੀ ਕੀਤੀ ਗਈ ਹੈ ਜਿਵੇਂ ਕਿ ਵਿਦਵਾਨਾਂ ਦਾ ਮੰਨਣਾ ਹੈ ਕਿ ਸਾਧੂ ਆਨੰਦਘਨ ਜੀ ਕਾਸ਼ੀ ਦੇ ਬ੍ਰਾਹਮਣ ਸਨ। ਪ੍ਰੰਤੂ ਸੁਖਬਾਸੀ ਰਾਮ ਬੇਦੀ ਨੇ ਉਹਨਾਂ ਨੂੰ ਦੇਹਰਾ ਬਾਬਾ ਨਾਨਕ ਦੇ ਬੇਦੀ ਦੱਸਿਆ ਹੈ ਜਿਹਨਾਂ ਦੇ ਪਿਤਾ ਜੀ ਦਾ ਨਾਂ ਦ੍ਰਿਬਜੋਤਿ ਸੀ। ਆਨੰਦਘਨ ਜੀ ਬਚਪਨ ਤੋਂ ਹੀ ਬੈਰਾਗੀ ਬਿਰਤੀ ਦੇ ਧਾਰਨੀ ਸਨ। ਜਦੋਂ ਉਹਨਾਂ ਦਾ ਮਿਲਾਪ ਕਾਸ਼ੀ ਵਿੱਚ ਰਾਮ ਦਿਆਲ ਨਾਲ ਹੋਇਆ ਤਾਂ ਉਹਨਾਂ ਨੇ ਰਾਮ ਦਿਆਲ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਆਪਣੇ ਗੁਰੂ ਦੇ ਹੁਕਮ ਅਨੁਸਾਰ ਤਪ ਸਾਧਨਾ ਸ਼ੁਰੂ ਕੀਤੀ। ਇਸ ਉਪਰੰਤ ਉਹਨਾਂ ਨੇ ਵੇਦਾਂਤ ਤੇ ਵਿਆਕਰਣ ਆਦਿ ਦਾ ਗਿਆਨ ਹਾਸਲ ਕੀਤਾ ਅਤੇ ਕਾਸ਼ੀ ਵਿੱਚ ਸਮਾਂ ਬਤੀਤ ਕੀਤਾ। ਸਾਧੂ ਆਨੰਦਘਨ ਜੀ ਦੁਆਰਾ ਰਚਿਤ ਵਾਰਤਕ ਸਾਹਿਤ ਟੀਕਾਕਾਰੀ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦਾ ਹੈ। ਉਹਨਾਂ ਨੇ ਛੇ ਬਾਣੀਆਂ ਦੇ ਟੀਕੇ ਕੀਤੇ ਹਨ। (1) ਜਪੁ ਟੀਕਾ (2) ਆਰਤੀ ਟੀਕਾ (3) ਓਅੰਕਾਰ ਟੀਕਾ (4) ਸਿੱਧ ਗੋਸ਼ਟਿ ਟੀਕਾ (5) ਆਸਾ ਦੀ ਵਾਰ ਦਾ ਟੀਕਾ (6) ਆਨੰਦ ਸਾਹਿਬ ਦਾ ਟੀਕਾ। ਆਨੰਦਘਨ ਦੀ ਵਿਆਖਿਆਕਾਰੀ ਵਿੱਚੋਂ ਉੱਭਰਦੇ ਮੀਰੀ ਗੁਣ ਇਸ ਤਰ੍ਹਾਂ ਹਨ :-

(ੳ) ਸਾਧੂ ਆਨੰਦਘਨ ਦੀ ਵਿਆਖਿਆ ਵਿੱਚ ਕਾਵਿਮਈ ਅੰਸ਼ਾਂ ਦੀ ਪੇਸ਼ਕਾਰੀ ਵੀ ਵੇਖਣ ਨੂੰ ਮਿਲਦੀ ਹੈ। ਉਹਨਾਂ ਨੇ ਕਈ ਥਾਂਵਾਂ ਉੱਪਰ ਆਪਣੇ ਟੀਕਿਆਂ ਦੇ ਆਰੰਭ ਜਾਂ ਅੰਤ ਵਿੱਚ ਕਾਵਿਮਈ ਟੂਕਾਂ ਦੇ ਕੇ ਕਾਵਿਕ ਅੰਸ਼ਾਂ ਨੂੰ ਟੀਕਾਕਾਰੀ ਰਾਹੀਂ ਪੇਸ਼ ਕਰਨ ਦਾ ਨਵੀਨ ਯਤਨ ਕੀਤਾ ਹੈ। ਆਨੰਦਘਨ ਦੀ ਟੀਕਾਕਾਰੀ ਵਿਚਲੀ ਕਾਵਿ ਸਿਰਜਨ ਪ੍ਰਕਿਰਿਆਂ ਸੰਬੰਧੀ ਡਾ. ਰਤਨ ਸਿੰਘ ਜੱਗੀ ਲਿਖਦੇ ਹਨ,

---

* ਗੁਰੂ ਨਾਨਕ ਦੇਵ ਜੀ-ਬਾਬਾ ਲਖਮੀ ਦਾਸ ਜੀ-ਬਾਬਾ ਧਰਮ ਚੰਦ ਜੀ-ਬਾਬਾ ਮਾਣਕ ਚੰਦ ਜੀ-ਬਾਬਾ ਦਾਤਾਰ ਚੰਦ ਜੀ-ਬਾਬਾ ਗੁਰਦਿੱਤ ਚੰਦ ਜੀ- ਬਾਬਾ ਜਗਜੋਤਿ ਚੰਦ ਜੀ- ਬਾਬਾ ਦਰਸ਼ਨ ਦਾਸ ਜੀ- ਬਾਬਾ ਕਾਬਲੀ ਮਲ ਜੀ-ਬਾਬਾ ਸੁਖਬਾਸੀ ਰਾਮ ਜੀ (***ਗੁਰੂ ਨਾਨਕ ਬੰਸ ਪ੍ਰਕਾਸ਼,*** ਪੰਨਾ-2)

"ਅਸਲ ਵਿੱਚ ਜਦੋਂ ਉਨ੍ਹਾਂ ਦਾ ਮਨ ਟੀਕਾਕਾਰ ਦੀਆਂ ਸੀਮਾਵਾਂ ਤੋਂ ਉੱਚਾ ਉੱਠਕੇ ਭਾਵਨਾ ਦੇ ਵਹਿਣ ਵਿੱਚ ਵਹਿੰਦਾ ਹੈ ਤਾਂ ਉਨ੍ਹਾਂ ਦਾ ਸੁਪਤ ਕਵੀ ਜਾਗ ਉਠਦਾ ਹੈ ਅਤੇ ਇਸ ਤਰ੍ਹਾਂ ਕਾਵਿ ਸਿਰਜਨ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਉਨ੍ਹਾਂ ਨੇ ਅਧਿਕਤਰ ਕਬਿੱਤ, ਦੋਹਰਾ, ਸੋਰਠਾ, ਚਤੁਸ਼ਪਦੀ ਆਦਿ ਛੰਦਾਂ ਦੀ ਰਚਨਾ ਕੀਤੀ ਹੈ। ... ਜਪੁਜੀ ਵਿੱਚ 'ਗੁਰੂ ਨਾਨਕ ਮਹਿਮਾ' ਨੂੰ ਬੜੀ ਦਲੀਲ ਭਰੀ ਸ਼ੈਲੀ ਵਿੱਚ ਵਰਣਿਤ ਕਰਦਿਆਂ ਲਿਖਦੇ ਹਨ:-

ਕਬਿਤ : ਪਾਪ ਹੂੰ ਤੇ ਮੋੜਨ ਅਰ ਜੋੜਨ ਹਰਿ ਨਾਮ ਹੂੰ ਮੌ,
ਲੋੜਨ ਸਤਸੰਗ ਤਬੀ ਗੁਰੂ ਨਾਮ ਪਾਏ ਹੈ।
ਫੋੜਨ ਭ੍ਰਮ ਜਾਲ ਅਰ ਮੋੜਨ ਮਹਾ ਮੋਹ ਹੂੰ ਕੇ,
ਤੋੜਨ ਤੋ ਅਨਕ ਤਬੀ ਨਾਨਕ ਕਹਾਏ ਹੈ। ..."[36]

(ਅ) ਉਹਨਾਂ ਨੇ ਗੁਰੂ ਨਾਨਕ ਬਾਣੀ ਦੀ ਵਿਆਖਿਆ ਵਿੱਚ ਦਿਲਚਸਪੀ ਦੇ ਨਾਲ ਨਾਲ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' (ਰਾਗ ਰਾਮਕਲੀ) ਦਾ ਟੀਕਾ ਕਰਨ ਦੀ ਪਹਿਲ ਕੀਤੀ। ਇਸ ਤਰ੍ਹਾਂ ਉਹਨਾਂ ਨੇ ਆਉਣ ਵਾਲੇ ਟੀਕਾਕਾਰਾਂ ਲਈ ਰਾਹ ਪੱਧਰਾ ਕਰ ਦਿੱਤਾ। 'ਆਨੰਦ ਸਾਹਿਬ' ਦੀ ਬਾਣੀ ਤੋਂ ਬਿਨਾਂ ਸਾਰੀਆਂ ਬਾਣੀਆਂ ਪ੍ਰਥਮ ਗੁਰੂ ਦੀਆਂ ਹੀ ਹਨ।

(ੲ) ਇੱਕ ਸੁਬੁੱਧ ਵਿਦਵਾਨ ਦੀ ਇਹ ਪਹਿਚਾਣ ਹੁੰਦੀ ਹੈ ਕਿ ਉਹ ਆਪਣੀ ਕਾਰਜ-ਵਿਧੀ ਦੀ ਪ੍ਰਮਾਣਿਕਤਾ ਦਾ ਸੰਕੇਤ ਵੀ ਨਾਲੋਂ-ਨਾਲ ਦਿੰਦਾ ਜਾਂਦਾ ਹੈ। ਇਸੇ ਕਾਰਨ ਸਾਧੂ ਆਨੰਦਘਨ ਨੇ ਗੁਰੂ ਨਾਨਕ ਬਾਣੀ ਨੂੰ ਸ਼ਾਸਤਰੀ ਰੀਤੀ ਦੀ ਬਾਣੀ ਦੱਸਿਆ ਹੈ ਅਤੇ ਖੁਦ ਇਸ ਬਾਣੀ ਦੀ ਤਾਸੀਰ ਅਨੁਸਾਰ ਸ਼ਾਸਤਰੀ ਰੀਤੀ ਵਿੱਚ ਟੀਕਾ ਕਰਨ ਦਾ ਯਤਨ ਕੀਤਾ ਹੈ। ਆਨੰਦਘਨ ਨੇ ਇਸ ਟੀਕਾ-ਵਿਧੀ ਵੱਲ ਕੇਵਲ ਸੰਕੇਤ ਹੀ ਨਹੀਂ ਕੀਤਾ ਬਲਕਿ ਇਸ ਉੱਪਰ ਪੂਰਾ ਉਤਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਆਪਣੇ ਵਿਆਖਿਆਤਮਕ ਕਾਰਜ ਦੌਰਾਨ ਉਹ ਸ਼ਬਦ ਤੋਂ ਅਰਥ, ਅਰਥ ਤੋਂ ਪ੍ਰਕਰਣ ਵੱਲ ਯਾਤਰਾ ਕਰਦੇ ਹੋਏ ਲੇਖਕ ਦੇ ਮੂਲ ਆਸ਼ੇ ਨੂੰ ਪਾਠਕ ਤੱਕ ਪਹੁੰਚਾਉਣ ਦਾ ਯਤਨ ਕਰਦਾ ਹੈ। ਨਾਲ ਹੀ ਇਹ ਵੀ ਸੰਕੇਤ ਕਰਦਾ ਹੈ ਕਿ ਇਹ ਵਿਧੀ ਕੋਈ ਮਨਘੜਤ ਵਿਧੀ ਨਹੀਂ ਬਲਕਿ

ਸ਼ਾਸਤਰੀ ਵਿਧੀ ਹੈ। ਇਹ ਵਿਆਖਿਆ ਵਿਧੀ ਆਨੰਦਘਨ ਦੀ ਟੀਕਾਕਾਰੀ ਦੀ ਵਿਸ਼ੇਸ਼ ਪ੍ਰਾਪਤੀ ਹੈ।

(ਸ) ਉਹਨਾਂ ਦੀ ਟੀਕਾਕਾਰੀ ਵਿੱਚੋਂ 'ਸਾਖ' (ਕਿਸੇ ਵਿਆਖਿਆ ਦੀ ਪੁਸ਼ਟੀ ਲਈ ਪ੍ਰਮਾਣ ਦੇਣੇ) ਭਾਵ ਗਵਾਹੀ ਦੇਣ ਦੀ ਵਿਧੀ ਵੀ ਸਾਹਮਣੇ ਆਉਂਦੀ ਹੈ। ਉਹਨਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਵੇਦਾਂ, ਸ਼ਾਸਤਰਾਂ, ਸਿਮ੍ਰਤੀਆਂ, ਪੁਰਾਣਾਂ, ਗੀਤਾ, ਮਹਾਂਭਾਰਤ ਆਦਿ ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥਾਂ ਦੇ ਥਾਂ ਥਾਂ ਹਵਾਲੇ ਦਿੱਤੇ ਹਨ। 'ਵੇਦ ਸ਼ਾਸਤਰ ਮੇਂ ਲਿਖਾ ਹੈ, ਗੀਤਾ ਮੇਂ ਭਗਵਾਨ ਕਾ ਵਚਨ ਹੈ, ਜੇਹੇ ਵਾਕੰਸ਼ ਉਨ੍ਹਾਂ ਦੇ ਟੀਕਿਆਂ ਵਿੱਚ ਆਮ ਮਿਲ ਜਾਂਦੇ ਹਨ।[37] ਉਨ੍ਹਾਂ ਨੇ ਆਪਣੇ ਟੀਕਿਆਂ ਵਿੱਚ ਚਾਰ ਦਰਜਨ ਤੋਂ ਵੱਧ ਪੁਰਾਤਨ ਗ੍ਰੰਥਾਂ ਦੇ ਹਵਾਲੇ ਦਿੱਤੇ ਹਨ, ਜਿਵੇਂ:- ਬ੍ਰਹਮ ਪੁਰਾਣ, ਭਗਵਤ ਪੁਰਾਣ, ਭਵਿੱਖ ਪੁਰਾਣ, ਨਾਰਦ ਪੁਰਾਣ, ਕੂਰਮ ਪੁਰਾਣ, ਸਿਕੰਦ ਪੁਰਾਣ, ਭਗਵਦ ਗੀਤਾ, ਪਾਤੰਜਲ ਸ਼ਾਸਤਰ, ਵੇਦਾਂਤ ਸ਼ਾਸਤਰ, ਵਸ਼ਿਸ਼ਟ ਤੰਤ੍ਰ, ਯਾਗਵਲਕ ਸ਼ਾਸਤ੍ਰ, ਮੇਦਨੀ ਕੋਸ਼, ਨਾਰਦ ਪੰਚ-ਰਾਤ੍ਰ, ਹਰਿਵੰਸ਼, ਮਹਾਂਭਾਰਤ ਆਦਿ।[38] ਇਸ ਪ੍ਰਕਾਰ ਉਹਨਾਂ ਕੋਲ ਦਰਸ਼ਨ ਸ਼ਾਸਤਰ ਦੀ ਚੋਖੀ ਸੂਝ ਸੀ ਅਤੇ ਉਹ ਵੇਦਾਂ, ਪੁਰਾਣਾਂ ਅਤੇ ਸ਼ਾਸਾਤਰਾਂ ਦੇ ਸੁਗਿਆਤਾ ਸਨ।

(ਹ) ਸਾਧੂ ਆਨੰਦਘਨ ਜੀ ਨੇ ਆਪਣੇ ਟੀਕਿਆਂ ਵਿੱਚ ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਪਰਮਾਤਮਾ ਦੀ ਏਕਤਾ, ਗੁਰੂ-ਭਗਤੀ, ਨਾਮ ਸਿਮਰਨ, ਪਾਪ-ਪੁੰਨ ਤੇ ਸਦਾਚਾਰ ਦੀ ਪੇਸ਼ਕਾਰੀ ਵੀ ਕੀਤੀ ਹੈ। ਜਿਵੇਂ-ਸਾਧ-ਸੰਗ ਦੀ ਮਹਾਨਤਾ ਨੂੰ ਪੇਸ਼ ਕਰਦੇ ਹੋਏ ਉਹਨਾਂ ਨੇ ਇਹੋ ਮੰਨਿਆ ਹੈ ਕਿ ਨਾਮ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੁੰਦੀ ਹੈ ਤੇ ਨਾਮ ਹੀ ਕਲਿਆਣ ਦਾ ਇਕ ਮਾਤਰ ਸਾਧਨ ਹੈ। ਉਹਨਾਂ ਨੇ ਸਤਿਸੰਗ ਉੱਤੇ ਉਂਨਾਂ ਹੀ ਜ਼ੋਰ ਦਿੱਤਾ ਹੈ ਜਿੰਨਾ ਕਿ ਗੁਰਮਤਿ ਮਾਰਗ ਵਿੱਚ ਦਿੱਤਾ ਗਿਆ ਹੈ। ਵੈਸੇ ਵੀ ਅਧਿਆਤਮਕ ਉਦਾਰ ਲਈ ਸਤਿਸੰਗ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ।

(ਕ) ਸਾਧੂ ਆਨੰਦਘਨ ਨੇ ਜੋਗ ਮਾਰਗ ਨੂੰ ਰੱਦ ਨਹੀਂ ਕੀਤਾ ਪਰ ਨਾਮ ਤੋਂ ਬਿਨਾਂ ਮੁਕਤੀ ਨੂੰ ਵੀ ਸੰਭਵ ਨਾ ਮੰਨਦਿਆਂ ਨਾਮ ਮਾਰਗ ਨੂੰ ਪ੍ਰਮੁੱਖਤਾ ਦਿੱਤੀ ਹੈ। ਉਹਨਾਂ ਦੇ ਟੀਕੇ ਜਪੁਜੀ ਸਾਹਿਬ ਵਿੱਚ ਪੰਨਾ 105-107 ਉੱਪਰ ਨਾਮ ਸੰਕਲਪ ਬਾਰੇ ਗਹਿਰੀ ਚਰਚਾ ਕੀਤੀ ਗਈ ਹੈ। ਇਸ ਪ੍ਰਕਾਰ ਉਹ ਨਾਮ ਨੂੰ ਸਰਬੋਤਮ ਰੂਪ ਵਿੱਚ ਵੇਖਦੇ ਹੋਏ ਵੱਖ-ਵੱਖ ਗ੍ਰੰਥਾਂ ਦਾ ਸਹਾਰਾ ਲੈ ਕੇ ਮਨੁੱਖ ਨੂੰ ਨਾਮ ਮਾਰਗ ਵੱਲ ਪ੍ਰੇਰਿਤ ਕਰਦੇ ਹਨ।

(ਖ) ਉਹਨਾਂ ਦੀ ਟੀਕਾਕਾਰੀ ਵਿੱਚ ਗੁਰਬਾਣੀ ਦੇ ਪਰਿਭਾਸ਼ਕ ਸ਼ਬਦਾਂ ਦੀ ਵੀ ਵਿਆਖਿਆ ਕੀਤੀ ਮਿਲਦੀ ਹੈ ਜਿਵੇਂ-ਜੀਵ ਤੇ ਬ੍ਰਹਮ, ਗੁਰੂ ਤੇ ਗੁਰਬਾਣੀ, ਨਾਮ ਮਾਰਗ, ਸਤਿਸੰਗ, ਕ੍ਰਿਪਾ, ਨਦਰ, ਭੇਖ ਆਦਿ। ਇਹਨਾਂ ਦੀ ਪੇਸ਼ਕਾਰੀ ਉਹਨਾਂ ਦੀ ਟੀਕਾਕਾਰੀ ਵਿੱਚ ਗੁਰਮਤਿ ਦੇ ਅਨੁਸਾਰ ਹੀ ਹੋਈ ਹੈ। ਉਦਾਹਾਰਨ ਵਜੋਂ- ਸੁਆਮੀ ਆਨੰਦਘਨ ਨੇ ਜਪੁਜੀ ਸਾਹਿਬ ਵਿਚਲੀ ਪਉੜੀ 'ਮੁੰਦਾ ਸੰਤੋਖ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ' ਦੀ ਵਿਆਖਿਆ ਕਰਦੇ ਹੋਏ ਭੇਖ ਨੂੰ ਨਿਰਾਰਥਕ ਘੋਸ਼ਿਤ ਕੀਤਾ ਹੈ, "ਜੋ ਮੁੰਦ੍ਰਾ ਤੁਮ ਨੇ ਕਾਨੋ ਮੋ ਧਾਰਣ ਕਰੀ ਏ ਇਸ ਕਾ ਅਰਥ ਕਿਆ? ਇਹੀ ਕਹੋਗੇ ਮੁੰਦਾ ਕੇ ਧਾਰਣ ਕਰਣੇ ਤੇ ਇਹ ਮਲੂਮ ਹੋਤਾ ਹੈ (ਜੋ) ਇਹ ਜੋਗੀ ਹੈ। ਅਰ ਔਰ ਭੇਖ ਕੇ ਧਾਰਣੇ ਕਰਣੇ ਤੇ ਇਹ ਮਲੂਮ ਹੋਤਾ ਹੈ ਇਹ ਔਰ ਭੇਖ ਦਾ ਫਕੀਰ ਹੈ। ਔਰ ਤੇ ਕਛੁ ਭੀ ਨ ਕਹਿ ਸਕੋਗੇ। ਭੇਖ ਜਿਸ ਨੇ ਧਾਰਣ ਕੀਆ ਤਿਸ ਕੋ ਭੇਖ ਕੇ ਪੀਛੇ ਟੁਕੜਾ ਮਿਲਾ। ਭੇਖ ਕੇ ਪੀਛੇ ਮੁਕਤਿ ਨ ਹੋਵੇਗਾ। 'ਅਰ ਜਿਸ ਨੇ ਭੇਖ ਨਹੀਂ ਧਾਰਣ ਕੀਆ, ਕਿਆ ਤਿਸ ਕੋ ਨਹੀਂ ਖਾਣੇ ਕੋ ਮਿਲਤਾ? ਤਾਂ ਤੇ ਇਹ ਬਾਹਰ ਕਾ ਜੋ ਭੇਖ ਹੈ ਸੋ ਨਿਕੰਮਾ ਹੀ ਹੈ। ਜੋ ਅੰਤ੍ਰ ਕਾ ਭੇਖ ਕਾਮ ਕਾ ਹੈ ਸੋ ਸ੍ਰਵਣ ਕਰੋ। ਸਤਿ ਕੀ ਮੁੰਦ੍ਰਾ ਸੰਤੋਖ ਹੈ, ਜੈਸਾ ਸੰਤੋਖ ਸਾਧ ਕਾ ਲਖਣ ਹੈ ਤੈਸਾ ਔਰ ਭੇਖ ਤੇ ਨਹੀਂ। ਜੋ ਫਲ ਸੰਤੋਖ ਤੇ ਹੋਵੇਗਾ ਸੋ ਫਲ ਔਰ ਭੇਖ ਕੇ ਧਾਰਣੇ ਤੇ ਕਬੀ ਹੀ ਨਾ ਹੋਵੇਗਾ। ਮੈਂ ਕਿਸਿ ਨਿਮਤਿ ਆਇਆ ਹੋਂ ਅਰ ਕਿਆ ਕਰਤਾ ਹੋਂ। ਜਬ ਧਰਮ ਰਾਜਾ ਲੇਖਾ ਪੁੱਛੈਗਾ ਤਬ ਕਿਆ ਜਬਾਬ ਕਰੇਂਗਾ। ਇਸ ਬਾਤ ਕੀ (ਚਿੰਤਾ ਕਰਣੀ) ਸ੍ਰਮ ਕਰਣੀ ਅਰ ਜਬ ਯਮ ਦੀਆ ਪੈਜਾਰਾਂ ਪੜੇਗੀਆਂ ਤਬ ਕਿਆ ਪਤਿ ਰਹੇਗੀ। ਸਰਮ ਅਰ ਪਤ ਕੋ ਜਮਾ ਕਰਣਾ ਇਸਕਾ ਨਾਮ ਝੋਲੀ ਹੈ। ਜਿਸ ਗੁਥਲੀ ਕੋ ਤੁਮ ਨੇ ਝੋਲੀ ਮਾਨਾ ਹੈ ਸੋ ਝੋਲੀ ਨਹੀਂ। ਅਰ ਸਾਧਿ ਕੀ ਜੋ ਵਿਭੂਤਿ ਹੈ ਸੋ ਧਿਆਨ ਹੈ। ਪਰਮੇਸਵਰ ਕੇ ਧਿਆਨ ਮੋ ਮਗਨ ਹੋਇ ਜਾਣਾ ਜਿਸ ਤੇ ਅੰਦਰ ਬਾਹਰ ਦੋਨੋਂ ਰੰਗੇ ਜਾਏ....ਇਸ ਵਿਭੂਤਿ ਕੋ ਧਾਰਣ ਕਰੋ। ਰਾਖ ਮਲਨੇ ਸੇ ਕਿਆ ਹੋਤਾ ਹੈ।"[39]

ਦਾਰਸ਼ਨਿਕ ਤੱਥਾਂ ਦਾ ਵਿਸ਼ਲੇਸ਼ਣ ਸ਼ਾਸਤ੍ਰਾਰਥ ਸ਼ੈਲੀ ਰਾਹੀਂ ਕੀਤਾ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਪ੍ਰਾਚੀਨ ਗ੍ਰੰਥਾਂ ਦੀ ਵਿਚਾਰਧਾਰਾ ਆਮ ਲੋਕਾਈ ਦੇ ਨੇੜੇ ਪਹੁੰਚੀ ਹੈ। ਵੇਦ-ਸਾਹਿਤ ਨੂੰ ਗੁਰਬਾਣੀ ਦੀ ਪ੍ਰੋੜ੍ਹਤਾ

ਕਰਨ ਲਈ ਵਰਤਿਆ ਗਿਆ ਹੈ। ਗਿਆਨ-ਵਿਗਿਆਨ ਦੇ ਵੇਰਵਿਆਂ ਰਾਹੀਂ ਟੀਕਿਆਂ ਵਿੱਚ ਰੋਚਿਕਤਾ ਵੀ ਪੈਦਾ ਕੀਤੀ ਗਈ ਹੈ।

(ਗ) ਆਨੰਦਘਨ ਦੀ ਟੀਕਾ ਸ਼ੈਲੀ ਦਾ ਪ੍ਰਮੁੱਖ ਪਛਾਣ ਉਹਨਾਂ ਦੀ ਮੰਗਲ ਵਿਧੀ ਹੈ ਜੋ ਕਿ ਪੂਰਬਲੇ ਟੀਕਾਕਾਰਾਂ ਤੋਂ ਵੱਖਰੀ ਹੈ। ਸਨਾਤਨੀ ਮੰਗਲ ਵਿਧੀ ਅਤੇ ਗੁਰਮਤਿ ਪਰੰਪਰਾ ਵਿਧੀ ਦੋਵਾਂ ਨੂੰ ਲੈ ਕੇ ਚੱਲਣ ਦੇ ਨਾਲ-ਨਾਲ ਆਪਣੀ ਮੌਲਿਕ ਵਿਧੀ ਸਥਾਪਿਤ ਕਰਨ ਦਾ ਯਤਨ ਵੀ ਕੀਤਾ ਗਿਆ ਹੈ।

(ਘ) ਸਾਧੂ ਆਨੰਦਘਨ ਨੇ ਸ਼ੰਕਾ ਤੇ ਸਮਾਧਾਨ ਨੂੰ ਉਭਾਰਨ ਵਾਲੀ ਨਨੂ-ਜੁਗਤ ਦਾ ਪ੍ਰਯੋਗ ਵੀ ਆਪਣੀ ਟੀਕਾਕਾਰੀ ਵਿੱਚ ਕੀਤਾ ਹੈ ਜੋ ਕਿ ਉਹਨਾਂ ਦੀ ਟੀਕਾਕਾਰੀ ਦਾ ਨਿਵੇਕਲਾ ਪਛਾਣ ਚਿੰਨ੍ਹ ਹੈ। ਇਹ ਜੁਗਤ ਸ਼ੰਕਿਆਂ ਦੀ ਨਵਿਰਤੀ ਅਤੇ ਸਪੱਸ਼ਟੀਕਰਨ ਦਾ ਮਾਧਿਅਮ ਵੀ ਬਣਦੀ ਹੈ। ਅਜਿਹਾ ਕਿਹਾ ਜਾ ਸਕਦਾ ਹੈ ਕਿ ਨਨੂ-ਜੁਗਤ ਉਹਨਾਂ ਦੀ ਟੀਕਾਕਾਰੀ ਦੀ ਜਿੰਦ-ਜਾਨ ਹੈ।

(ਙ) ਸਾਧੂ ਆਨੰਦਘਨ ਜੀ ਨੇ ਆਪਣੇ ਟੀਕਿਆਂ ਵਿੱਚ ਕੁੱਝ ਟੀਕਾਕਾਰਾਂ ਵੱਲ ਸੰਕੇਤ ਕੀਤਾ ਹੈ ਅਤੇ ਉਨ੍ਹਾਂ ਦੀ ਕਰੜੀ ਆਲੋਚਨਾ ਕੀਤੀ ਹੈ ਕਿ ਉਨ੍ਹਾਂ ਨੂੰ ਟੀਕਾਕਾਰੀ ਦੀ ਮਰਯਾਦਾ ਦਾ ਪਤਾ ਨਹੀਂ ਹੈ। ਗਲਤ ਮਲਤ ਅਰਥ ਕੀਤੇ ਹਨ ਤੇ ਆਪਣੇ ਆਪ ਨੂੰ ਵਿਦਵਾਨ ਅਖਵਾਉਂਦੇ ਹਨ। ਪਰ ਖੋਜ ਦੁਆਰਾ ਕਿਸੇ ਟੀਕੇ ਦਾ ਪਤਾ ਨਹੀਂ ਲੱਗਾ ਜਿਸ ਵੱਲ ਆਨੰਦਘਨ ਜੀ ਇਸ਼ਾਰਾ ਕਰਦੇ ਹਨ।[40]

(ਚ) ਆਪਣੇ ਟੀਕਿਆਂ ਵਿੱਚ ਕਈ ਥਾਵਾਂ ਉੱਪਰ ਆਨੰਦਘਨ ਨੇ ਕਹੀਏ, ਕਿਆ ਕਹੀਏ ਆਦਿ ਨਿਰਾਰਥਕ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਹੈ। ਜੋ ਕਿ ਲਿਖਤ ਵਿੱਚ ਕੋਈ ਜ਼ਿਆਦਾ ਵਧੀਆਂ ਪ੍ਰਭਾਵ ਨਹੀਂ ਪਾਉਂਦੇ।

(ਛ) ਸੁਆਮੀ ਆਨੰਦਘਨ ਵਿਆਕਰਣ ਦੀ ਸੋਝੀ ਵੀ ਰੱਖਦਾ ਸੀ। ਜਿਸ ਦੀ ਝਲਕ ਉਨ੍ਹਾਂ ਦੇ ਟੀਕਿਆਂ ਵਿੱਚ ਮਿਲਦੀ ਹੈ। ਵਿਆਖਿਆ ਕਰਨ ਸਮੇਂ ਉਹ ਕੋਸ਼ ਅਤੇ ਵਿਆਕਰਣ ਦੇ ਅਨੁਰੂਪ ਅਰਥ ਸਪੱਸ਼ਟ ਕਰਦੇ ਹਨ ਅਤੇ ਉਸ ਵਿੱਚ ਕਿਸੇ ਪ੍ਰਕਾਰ ਸੰਦੇਹ ਨਹੀਂ ਰਹਿਣ ਦਿੰਦੇ।

ਉਪਰੋਕਤ ਵਿਚਾਰ ਚਰਚਾ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਸਾਧੂ ਆਨੰਦਘਨ ਸ਼ਾਸਤਰੀ ਟੀਕਾਕਾਰੀ ਦੀਆਂ ਸਾਰੀਆਂ ਵਿਧੀਆਂ ਤੋਂ ਵਾਕਫ਼ ਸਨ। ਉਹਨਾਂ ਨੇ ਪ੍ਰਾਚੀਨ ਗ੍ਰੰਥਾਂ ਦਾ ਗਹਿਰ ਗੰਭੀਰ ਅਧਿਐਨ ਕੀਤਾ

ਹੋਇਆ ਸੀ ਜਿਸ ਦਾ ਪ੍ਰਤੱਖ ਪ੍ਰਮਾਣ ਟੀਕਿਆਂ ਵਿੱਚ ਦਿੱਤੇ 44 ਦੇ ਲਗਭਗ ਗ੍ਰੰਥਾਂ ਦੇ ਹਵਾਲੇ ਹਨ। ਗੁਰਬਾਣੀ ਦੀ ਪ੍ਰੋੜ੍ਹਤਾ ਲਈ ਵੇਦਾਂ, ਪੁਰਾਣਾਂ, ਸ਼ਾਸਤਰਾਂ ਦਾ ਪ੍ਰਯੋਗ ਕੀਤਾ ਹੈ। ਉਹਨਾਂ ਨੇ ਹਰ ਸ਼ਬਦ ਦੀ ਵਿਆਖਿਆ ਬੜੀ ਬਾਰੀਕੀ ਨਾਲ ਕੀਤੀ ਹੈ ਅਤੇ ਉਦਾਸੀ ਚਿੰਤਨ ਦਾ ਅਰਥ ਸਰੂਪ ਸਪਸ਼ਟ ਕਰਨ ਦਾ ਯਤਨ ਕੀਤਾ ਹੈ।

### 4.2.2 ਸਾਧੂ ਸਦਾਨੰਦ :

ਉਦਾਸੀ ਪ੍ਰਣਾਲੀ ਦੇ ਇੱਕ ਹੋਰ ਵਿਆਖਿਆਕਾਰ ਸਦਾਨੰਦ ਦੁਆਰਾ ਰਚਿਤ `ਜਪੁਜੀ ਸਟੀਕ` ਦੀ ਜਾਣਕਾਰੀ ਵੀ ਮਿਲਦੀ ਹੈ। ਉਹਨਾਂ ਦੇ ਜੀਵਨ ਸੰਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਉਹਨਾਂ ਦੁਆਰਾ ਰਚਿਤ 'ਜਪੁਜੀ ਸਟੀਕ` ਦੀ ਹਸਤਲਿਖਤ ਪੱਤਰੀ ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿੱਚ ਕ੍ਰਮਾਂਕ ਏ.ਸੀ 7595 ਤੇ ਸੰਕਲਿਤ ਹੈ, ਜਿਸ ਉੱਤੇ ਸੰਮਤ 1890 ਬ੍ਰਿਕਰਮੀ (1833ਈ.) ਅੰਕਿਤ ਹੈ। ਉਨ੍ਹਾਂ ਦੇ ਟੀਕੇ ਦੀ ਬੋਲੀ 'ਸਾਧ ਭਾਖਾ' ਹੈ। ਪਰ ਉਹਨਾਂ ਦੇ ਟੀਕੇ ਸਾਧੂ ਆਨੰਦਘਨ ਦਾ ਅਨੁਸਰਣ ਕਰਦੇ ਪ੍ਰਤੀਤ ਨਹੀਂ ਹੁੰਦੇ ਬਲਕਿ ਉਹਨਾਂ ਉੱਪਰ ਸੋਢੀ ਹਰਿ ਜੀ ਦੀ ਦੁਆਰਾ ਰਚਿਤ 'ਜਪੁ-ਪਰਮਾਰਥ' ਦਾ ਪ੍ਰਭਾਵ ਵਿਸ਼ੇਸ਼ ਰੂਪ ਵਿੱਚ ਵੇਖਣ ਨੂੰ ਮਿਲਦਾ ਹੈ। ਸ਼ੁਭ ਅਤੇ ਨੇਕ ਜੀਵਨ ਉੱਪਰ ਜ਼ੋਰ ਦਿੱਤਾ ਗਿਆ ਹੈ। ਉਹਨਾਂ ਦੇ ਟੀਕਿਆਂ ਵਿੱਚੋਂ ਗੁਰਮਤਿ ਦੇ ਬੁਨਿਆਦੀ ਸਿਧਾਂਤ ਗੁਰੂ ਭਗਤੀ, ਨਾਮ-ਸਿਮਰਨ, ਸਦਾਚਾਰ ਆਦਿ ਦਾ ਪ੍ਰਗਟਾਵਾ ਕੀਤਾ ਮਿਲਦਾ ਹੈ।

ਸਾਧੂ ਸਦਾਨੰਦ ਨੇ ਆਪਣੇ ਟੀਕੇ ਵਿੱਚ ਹਰ ਸ਼ਬਦ ਦੀ ਵਿਆਖਿਆ ਅਤਿਅੰਤ ਸਪੱਸ਼ਟਤਾ ਨਾਲ ਕੀਤੀ ਹੈ ਜਿਸ ਨਾਲ ਉਸ ਸ਼ਬਦ ਦਾ ਅਰਥ ਸਰੂਪ ਨਿਸ਼ਚਿਤ ਹੁੰਦਾ ਹੈ। ਜਿਸ ਤਰ੍ਹਾਂ ਉਹਨਾਂ ਨੇ 'ਸੰਤੋਖ' ਸ਼ਬਦ ਦਾ ਅਰਥ ਕੀਤਾ ਹੈ- ਅਪ੍ਰਾਪਤ ਦੀ ਇੱਛਾ ਨਾ ਕਰਨੀ ਅਤੇ ਪ੍ਰਾਪਤ ਵਿੱਚੋਂ ਰਾਜ ਦੋਖ ਤੋਂ ਮੁਕਤ ਰਹਿਣਾ ਹੈ। ਉਹਨਾਂ ਨੇ ਚਿੰਨ੍ਹਾਂ ਪ੍ਰਤੀਕਾਂ ਨੂੰ ਬਹੁਤ ਹੀ ਬਾਰੀਕਬੀਨੀ ਅਤੇ ਸੂਝ-ਬੂਝ ਨਾਲ ਖੋਲ੍ਹ ਕੇ ਉਹਨਾਂ ਦੇ ਭਾਵ, ਭਾਵਨਾਵਾਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਚਿੰਨ੍ਹਾਂ ਪ੍ਰਤੀਕਾਂ ਨੂੰ ਖੋਲ੍ਹਣ ਦੀ ਇਹ ਵਿਧੀ ਬਹੁਤ ਪ੍ਰਾਚੀਨ ਹੈ। ਇਸ ਵਿਧੀ ਦੀ ਵਰਤੋਂ ਸਾਧੂ ਆਨੰਦਘਨ, ਸੋਢੀ ਮਿਹਰਬਾਨ ਅਤੇ ਸੰਪ੍ਰਦਾਈ ਗਿਆਨੀਆਂ ਨੇ

ਵੀ ਕੀਤੀ ਹੈ। ਸਾਧੂ ਸਦਾਨੰਦ ਨੇ ਵੀ 'ਸਾਖ' ਦੇਣ ਦੀ ਵਿਧੀ ਵਰਤੀ ਹੈ। ਪਰ ਉਹਨਾਂ ਨੇ ਕਿਸੇ ਭਾਵ ਦੀ ਵਿਆਖਿਆ ਲਈ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦੇਣ ਦਾ ਢੰਗ ਵਰਤਿਆ ਹੈ।

ਆਨੰਦਘਨ ਨੇ ਹੋਰ ਟੀਕਾਕਾਰੀ ਵੱਲ ਅਨਿਸ਼ਚਿਤ ਜਿਹਾ ਸੰਕੇਤ ਹੀ ਕੀਤਾ ਹੈ। ਪਰ ਸੁਆਮੀ ਸਦਾਨੰਦ ਨੇ ਹੋਰ ਟੀਕਾਕਾਰੀ ਦਾ ਕੀਤਾ ਅਰਥ ਨਾਲ ਦੱਸਿਆ ਹੈ। ਇਸ ਨੇ ਹੋਰ ਟੀਕਾਕਾਰਾਂ ਦਾ ਨਾਮ ਨਹੀਂ ਦੱਸਿਆ ਪਰ ਉਨ੍ਹਾਂ ਦਾ ਟੀਕਾ ਦੱਸਿਆ ਹੈ। ਅਰਥ ਵਿਆਖਿਆ ਵਿੱਚ ਪ੍ਰਮੁੱਖ ਬਿਰਤੀ ਨੈਤਿਕ ਤੇ ਸਦਾਚਾਰਕ ਹੈ।[41] ਜਿਵੇਂ-ਜਪੁਜੀ ਸਾਹਿਬ ਦੀ ਮੁੰਦਾ ਸੰਤੋਖ ਸਰਮੁ ਪਤੁ ਝੋਲੀ.... ਵਾਲੀ ਪਉੜੀ ਦੀ ਵਿਆਖਿਆ ਕਰਦੇ ਹੋਏ ਸਾਧੂ ਸਦਾਨੰਦ ਜੀ ਲਿਖਦੇ ਹਨ "ਮੁੰਦ੍ਰਾ ਤੋਂ ਹਮਾਰੀ ਸੰਤੋਖ ਹੈ ਜੋ ਅਪ੍ਰਾਪਤ ਦੀ ਇੱਛਾ ਨ ਕਰਣੀ ਪਰ ਪ੍ਰਾਪਤ ਵਿਖੇ ਰਾਜ ਦੋਖ ਤੇ ਰਹਿਤ ਰਹਣਾ। ਸੋ ਤਿਸ ਕਰ ਪਾਚੋਂ ਹੀ ਇੰਦ੍ਰੀ ਮੂੰਦੀ ਜਾਤੀ ਹੈ। ਪਰ ਸਰਮ ਹਮਾਰਾ ਪਤ੍ਰ ਅਰ ਝੋਲੀ ਹੈ। ਕਾਹੇ ਤੇ ਪਾਤ੍ਰ ਝੋਲੀ ਵਿਖੇ ਕਛ ਅੰਨ ਕਾ ਸੰਗ੍ਰਹ ਕਰੀਜੈ ਹੈ। ਸੋ ਗੁਰਹੁ ਸੰਤਹੁ ਤੇ ਸਜਾ ਕਰ ਅਸ਼ੁਭ ਕਰਮੋਂ ਤੇ ਰਹਤ ਰਹਿਣਾ ਅਰ ਸ਼ੁਭ ਕੋ ਗ੍ਰਹਣ ਕਰਨਾ। ਅਰ ਧਿਆਨ ਕੀ ਕਰਤੇ ਹੈਂ ਬਿਭੂਤ। ਜੋ ਭੂਭਤ ਨਾਮ ਭਸਮ ਕਾ ਦੇਹ ਪਰ ਮਰਦਨੇ ਕਾ ਹੈ। ਸੌ ਮਨ ਕੌ ਗ੍ਯਾਨ ਰੂਪ ਅਗਨ ਸਾਥ ਜਲਾਇ ਕਰ ਆਤਮਾ ਕੇ ਅਕਾਰ ਕਰ ਛੋਡਿਆ। ਅਰ ਖਿੰਥਾ ਤੋਂ ਹਮਾਰੀ ਕਾਲ ਚਕ੍ਰ ਜੋ ਖਗੋਲ ਹੈ। ਅਰਥ ਯਹ ਵੈਰਾਟਾਕਾਸ ਹੈ। ਅਰ ਅਯੰ ਕੁਆਰੀ ਯਹ ਜੋ ਅਸੰਗ ਪਿੰਡਾਤਮਾ ਹੈ। ਅਵਰ ਟੀਕਾਕਾਰੋਂ ਐਸੇ ਭੀ ਕਰਯਾ ਹੈ। ਜੋ ਜਬ ਲਗ ਕਾਲ ਤੇ ਕਾਇਆ ਕੁਆਰੀ ਹੈ ਜੋ ਵਿਵਾਹ ਕਰ ਨਹੀਂ ਲੈ ਗਯਾ। ਸੋ ਵਹੀ ਖਿੰਥਾ ਕਹੀਯੇ ਵਸਤ੍ਰ ਹੈ ਪਰ ਜੁਗਤ ਕਾ ਡੰਡਾ ਹੈ ਪਰਤੀ ਤੀ ਕਹੀਯੇ ਨਿਸ਼ਚੇ ਕਰਕੇ। ਅਥਵਾ ਨਿਸ਼ਚਾ ਹੂੰ ਡੰਡਾ। ਕਾਹੇ ਤੇ ਡੰਡਾ ਕੂਕਰਾਦਿ ਕੇ ਭਜਾਵਣੈ ਨਿਮਿਤ ਹੈ। ਸੋ ਜੁਗਤਾਹਾਰਾ ਵਿਹਾਰ ਕਰ ਆਲਸ ਅਰ ਨੀਂਦ ਕਾਮ ਕ੍ਰੋਧਾਦਿਕ ਭਾਗ ਜਾਤੇ ਹੈ। ਅਰ ਨਿਸ਼ਚੇ ਰੂਪ ਡੰਡੇ ਕਰ ਭੀ ਸੰਸੇ ਵਿਪਰਯੇ ਕਰਮਾਕਰਮ ਕੇ ਅਭਿਮਾਨ ਤੇ ਅਸੰਗ ਨਿਰਭੈ ਰਹਿਣਾ ਹੈ॥ਸਾਖ॥ ਮਨ ਕਾ ਸੁਭਾਇ ਸਭ ਕੋਈ ਕਰੈ। ਕਰਤਾ ਹੋਇ ਸੁ ਅਨਭੈ ਰਹੈ। ਅਰਥ ਯਹ ਮਨ ਕਾ ਸੁਭਾਵ ਤੋਂ ਸਭ ਕੋਈ ਪੜਤਾ ਕਰਤਾ ਹੈ। ਪਰੰਤੂ ਜੋ ਕਰਤਾ ਸੁ ਅਨੁਭਵ ਵਿਖੇ ਇਸਥਿਤ ਸਾਖੀ ਅਸੰਗ ਅਕ੍ਰੈ ਰਹੈ। ਅਰ ਪੰਥ ਤੋਂ ਹਮਾਰਾ ਆਈ ਪੰਥ ਹੈ। ਜੋ ਬਾਰਹ ਪੰਥਹੁ ਜੋਗੀਅਹੁੰ ਵਿਖੇ ਉਤਮ ਹੈ। ਅਰ ਸਗਨੀਆ ਜਮਾਤੀ ਕਹੀਯੇ ਜੇਤੇ ਕਛ ਮਤ ਪੰਥ ਹੈ ਚਵਰਾਸੀ ਲੱਖ ਜੂਨ ਰੂਪ ਸੋ ਸਭ

ਹਮਾਰਾ ਆਈ ਪੰਥ ਹੈ। ਕਾਹੇ ਤੇ ਜੋ ਪੰਜ ਭੂਤਕ ਸ੍ਰਿਸਟ ਕਲਪਿਤ ਅਧਿਸ਼ਟਾਨ ਬ੍ਰਹਮ ਵਿਖੇ ਹੈ।।ਸਾਖ।। ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ।।1।। ਅਰ ਮਨ ਕੇ ਜੀਤਣੇ ਕਰ ਸਰਬ ਜਗਤ ਕੋ ਜੀਤ ਛੋਡਾ ਹੈ। ਜੇਸੈ ਚਰਨ ਦਾਸੀ ਕੇ ਪਾਵਣੇ ਕਰ ਸੰਪੂਰਨ ਪ੍ਰਿਥਵੀ ਚਾਮ ਕਰ ਲਪੇਟੀ ਜਾਤੀ ਹੈ। ਅਰ ਆਦੇਸ ਤੋਂ ਹਮਾਰੀ ਤਿਸ ਕੋ ਹੈ ਆਦੇਸ ਜੋ ਸਰਵ ਕੀ ਆਦ ਹੈ। ਅਰ ਅਨੀਲ ਕਹੀਯੇ ਨੀਲ ਤੇ ਆਦ ਲੈ ਕਰ ਜੋ ਹਰਿ ਤਰਕਤ ਸੇਤ ਪੀਤ ਪਾਂਚੋ ਤਤੌ ਕੇ ਰੂਪ ਹੈ। ਸੋ ਭਿੰਨ ਤੇ ਰਹਿਤ ਸੁ ਪ੍ਰਕਾਸ਼ ਹੈ। ਅਥਵਾ ਕਾਲ ਕਲਪਨਾ ਕੀ ਗਿਣਤੀ ਜੋ ਪਦਮ ਨੀਲ ਹੈ ਸੋ ਤਿਨ ਤੇ ਰਹਿਤ ਹੈ ਤਾਂ ਤੇ ਅਨਾਦ ਹੈ। ਅਰ ਅਨਾਹਤ ਕਹੀਯੇ ਅਵਿਨਾਸੀ ਹੈ। ਅਰੁ ਜੁਗ ਜੁਗ ਵਿਖੇ ਹੈ ਏਕੋ ਵੇਸ ਜਿਸ ਕਾ ਅਰਥ ਯਹ ਪਰਣਾਮ ਤੇ ਰਹਿਤ ਏਕ ਰਸ ਨਿਰ ਵਿਕਾਰ ਹੈ।।28।।"[42]

### 4.2.3 **ਪੰਡਤ ਹਰਿਪ੍ਰਸਾਦ ਵੈਦਿਕ ਮੁਨੀ** :

ਉਦਾਸੀ ਮਹਾਤਮਾ ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਦਾ ਨਾਂ ਵੀ ਉਦਾਸੀ ਵਿਆਖਿਆਕਾਰਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਉਹਨਾਂ ਨੇ `ਜਪੁ ਸਹਿੰਤਾ` ਨਾਮੀ ਕ੍ਰਿਤ ਵਿੱਚ ਜਪੁਜੀ ਸਾਹਿਬ ਦੀ ਬਾਣੀ ਦਾ ਭਾਸ਼ ਪ੍ਰਸਤੁਤ ਕੀਤਾ ਹੈ। ਹਰਿਪ੍ਰਸਾਦ ਜੀ ਦੇ ਜੀਵਨ ਬਾਰੇ ਜਾਣਕਾਰੀ ਮਿਲਦੀ ਹੈ ਕਿ ਉਹਨਾਂ ਦਾ ਜਨਮ ਸਿੱਖ ਘਰਾਣੇ ਵਿੱਚ ਹੋਇਆ ਸੀ। ਉਹ ਸੁਡੋਲ ਸਰੀਰ ਅਤੇ ਉੱਚੇ ਲੰਮੇ ਕੱਦ ਦੇ ਮਾਲਕ ਸਨ। ਉਹਨਾਂ ਨੇ ਆਪਣੀ ਵਿੱਦਿਆ ਸਵਾਮੀ ਜਵਾਹਰਦਾਸ ਤੋਂ ਪ੍ਰਾਪਤ ਕੀਤੀ ਸੀ ਅਤੇ ਸਵਾਮੀ ਆਤਮਾ ਰਾਮ ਜੀ ਤੋਂ ਉਦਾਸੀ ਦੀਖਿਆ ਪ੍ਰਾਪਤ ਕੀਤੀ ਸੀ। ਉਨ੍ਹਾਂ ਨੂੰ ਗੁਰਮਤਿ, ਵੈਦਿਕ ਅਤੇ ਦਾਰਸ਼ਨਿਕ ਸਾਹਿਤ ਦੀ ਚੋਖੀ ਸੂਝ ਸੀ। ਉਹਨਾਂ ਨੇ ਵੇਦਾਂ ਸ਼ਾਸਤਰਾਂ ਦਾ ਨਿੱਠ ਕੇ ਗਹਿਰ ਗੰਭੀਰ ਅਧਿਐਨ ਕੀਤਾ ਹੋਇਆ ਸੀ। 'ਜਪੁ ਸਹਿੰਤਾ' ਉਨ੍ਹਾਂ ਦੀ ਸ਼ਾਸਤਰੀ ਅਤੇ ਗੰਭੀਰ ਇਤਿਹਾਸਕ ਖੋਜ ਦਾ ਹੀ ਸਿੱਟਾ ਹੈ। ਉਹ ਗੁਰਬਾਣੀ ਅਤੇ ਸੰਤ ਬਾਣੀ ਦਾ ਪਾਠ ਜਿੱਥੇ ਸ਼ਰਧਾ ਨਾਲ ਸੁਣਦੇ ਸਨ ਉੱਥੇ ਉਹ ਵੇਦ ਪੁਰਾਣ ਆਦਿ ਪ੍ਰਾਚੀਨ ਸ਼ਾਸਤਰਾਂ ਪ੍ਰਤੀ ਵੀ ਖ਼ਾਸ ਸ਼ਰਧਾ ਅਤੇ ਪ੍ਰੇਮ ਰੱਖਦੇ ਸਨ।

'ਜਪੁਜੀ ਸਾਹਿਬ' ਦੀ ਬਾਣੀ ਨੇ ਲਗਭਗ ਹਰੇਕ ਸਦੀ ਦੇ ਟੀਕਾਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸੇ ਕਾਰਨ ਹੀ ਇਕੱਲੇ ਜਪੁਜੀ ਸਾਹਿਬ ਦੇ ਲਗਭਗ ਸੌ ਤੋਂ ਵਧੇਰੇ ਟੀਕੇ ਹੋਏ ਮਿਲਦੇ ਹਨ।

ਉਦਾਸੀ ਸੰਤਾਂ ਦੀ ਵੀ ਇਸ ਬਾਣੀ ਵਿੱਚ ਖ਼ਾਸ ਦਿਲਚਸਪੀ ਰਹੀ ਹੈ। ਲਗਭਗ ਹਰ ਉਦਾਸੀ ਨੇ ਜਪੁਜੀ ਸਾਹਿਬ ਦਾ ਟੀਕਾ ਕਰਨ ਦਾ ਯਤਨ ਕੀਤਾ ਹੈ। ਠੀਕ ਇਸੇ ਤਰ੍ਹਾਂ ਪੰਡਿਤ ਹਰਿਪ੍ਰਸਾਦ ਜੀ ਨੇ ਵੀ ਇਸ ਬਾਣੀ ਦਾ ਪਹਿਲਾ ਭਾਸ਼ ਪ੍ਰਸਤੁਤ ਕੀਤਾ ਹੈ। ਸਭ ਤੋਂ ਪਹਿਲਾਂ ਉਹ ਜਪੁਜੀ ਸਾਹਿਬ ਦੇ ਪਾਠ ਦਾ ਦੇਵਨਾਗਰੀ ਲਿਪੀ ਵਿੱਚ ਅਨੁਵਾਦ ਕਰਦੇ ਹਨ ਫਿਰ ਹਿੰਦੀ ਤੋਂ ਸੰਸਕ੍ਰਿਤ ਭਾਸ਼ਾ ਵਿੱਚ ਅਨੁਵਾਦ ਕਰਦੇ ਹਨ। ਇਸ ਉਪਰੰਤ ਉਹ 'ਹਿੰਦੀ ਭਾਸ਼ਯ ਅਨੁਵਾਦ' ਸਿਰਲੇਖ ਹੇਠ ਪਾਠ ਦੇ ਅਰਥ ਕਰਦੇ ਹਨ। ਇਸ ਪਿੱਛੋਂ ਭਾਸ਼ ਦੇ ਸਿਰਲੇਖ ਹੇਠ ਪਾਠ ਦੀ ਵਿਆਖਿਆ ਕਰਦੇ ਹਨ।

'ਜਪੁ ਸਹਿੰਤਾ' ਦਾ ਪਹਿਲਾਂ ਸੰਸਕਰਣ 1930 ਈ. ਵਿੱਚ ਛਪਿਆ ਸੀ। ਦੂਸਰਾ ਸੰਸਕਰਣ 1933 ਈ. ਵਿੱਚ ਲਾਹੌਰ ਤੋਂ ਪ੍ਰਕਾਸ਼ਿਤ ਹੋਇਆ ਸੀ। ਇਸੇ ਦਾ ਤੀਸਰਾ ਸੰਸਕਰਣ ਭਾਸ਼ਾ ਵਿਭਾਗ, ਪੰਜਾਬ ਦੀ ਸਹਾਇਤਾ ਨਾਲ 1963 ਈ. ਵਿੱਚ ਵਿਸ਼ਵੇਸ਼ਵਰਾਨੰਦ ਵੈਦਿਕ ਸ਼ੋਧ ਸੰਸਥਾਨ, ਸਾਧੂ ਆਸ਼ਰਮ, ਹੁਸ਼ਿਆਰਪੁਰ ਦੁਆਰਾ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਹ ਭਾਸ਼ ਵਿਸਤ੍ਰਿਤ ਭੂਮਿਕਾ ਸਹਿਤ 270 ਪੰਨਿਆਂ ਉੱਪਰ ਫ਼ੈਲਿਆ ਹੋਇਆ ਹੈ। ਪਹਿਲੇ 60 ਪੰਨਿਆਂ ਉੱਪਰ ਵਿਸਤ੍ਰਿਤ ਭੂਮਿਕਾ ਹੈ ਅਤੇ ਪੰਨਾ 63 ਤੋਂ ਜਪੁਜੀ ਸਾਹਿਬ ਦੀ ਵਿਆਖਿਆ ਸ਼ੁਰੂ ਹੁੰਦੀ ਹੈ। ਵੈਦਿਕ ਮੁਨੀ ਦੁਆਰਾ ਪ੍ਰਸਤੁਤ ਭਾਸ਼ ਦੇ ਅਰਥਾਂ ਵਿੱਚ ਕਾਫ਼ੀ ਮੌਲਿਕਤਾ ਹੈ।

ਭੂਮਿਕਾ ਵਿੱਚ 10 ਗੁਰੂ ਸਾਹਿਬਾਨ ਸੰਖਿਪਤ ਜੀਵਨੀ ਅਤੇ ਸਿੱਖ ਧਰਮ ਨਾਲ ਸੰਬੰਧਿਤ ਵਿਵਰਣ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਮੂਲ ਮੰਤਰ ਦੀ ਵਿਸਤ੍ਰਿਤ ਵਿਆਖਿਆ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਪ੍ਰਾਕਿਤ ਭਾਸ਼ਾ ਅਤੇ ਸੰਸਕ੍ਰਿਤ ਭਾਸ਼ਾ ਸਬੰਧੀ ਵਿਚਾਰ ਚਰਚਾ ਵੀ ਕੀਤੀ ਮਿਲਦੀ ਹੈ। ਵੈਦਿਕ ਮੁਨੀ ਜੀ ਨੇ 'ਜਪੁ ਸਹਿੰਤਾ' ਵਿੱਚ ਸਿਰਲੇਖਾਂ ਦੀ ਵਰਤੋਂ ਵੀ ਕੀਤੀ ਹੈ। ਉਹਨਾਂ ਨੇ ਮੂਲ ਮੰਤਰ ਨੂੰ 'ਗੁਰਮੰਤਰ' ਦਾ ਸਿਰਲੇਖ ਅਤੇ ਪਹਿਲੇ ਸਲੋਕ ਨੂੰ 'ਸਿਰੋਮੰਤਰ' ਅਤੇ ਪਹਿਲੀ ਪਉੜੀ ਨੂੰ 'ਈਸ਼ਵਰ ਨਿਸ਼ਚਾਪਰਵ' ਆਦਿ ਸਿਰਲੇਖ ਦਿੱਤੇ ਹਨ। ਇਸੇ ਤਰ੍ਹਾਂ ਸਾਰੀਆਂ ਪਉੜੀਆਂ ਨੂੰ ਸਿਰਲੇਖਬੱਧ ਕਰਦੇ ਹੋਏ ਅੰਤਿਮ ਸਲੋਕ ਨੂੰ 'ਉਪਸੰਹਾਰ ਸਲੋਕ' ਸਿਰਲੇਖ ਦਿੱਤਾ ਹੈ। ਉਹਨਾਂ ਨੇ 'ਜਪੁ ਸਹਿੰਤਾ' ਦੇ ਸਿਰਲੇਖ ਸਬੰਧੀ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਜਪੁਜੀ ਨੂੰ ਸੰਗ੍ਰਹਿਤ ਕਰ ਕੇ ਇਸ ਦਾ ਨਾਮ 'ਜਪੁ' ਰੱਖਿਆ। ਕ੍ਰਮਬੱਧ

ਸੰਗ੍ਰਹਿ ਦਾ ਹੀ ਦੂਸਰਾ ਨਾਮ ਸਹਿੰਤਾ ਦੱਸਿਆ ਹੈ।

ਉਹਨਾਂ ਦੇ ਇੱਕ ਚੰਗੇ ਭਾਸ਼ਾ ਵਿਗਿਆਨੀ ਹੋਣ ਦਾ ਪਤਾ ਵੀ ਇਸ ਗੱਲ ਤੋਂ ਚੱਲਦਾ ਹੈ ਕਿ ਉਹਨਾਂ ਨੇ ਸ਼ਬਦਾਂ ਦੇ ਨਿਰੁਕਤ ਅਤੇ ਵਿਆਕਰਨਕ ਸਰੂਪਾਂ ਸਬੰਧੀ ਚਰਚਾ ਕਰਦਿਆਂ ਉਹਨਾਂ ਦੇ ਉਚਾਰਨ ਪੱਖ ਨੂੰ ਵੀ ਲੋੜ ਅਨੁਸਾਰ ਪੇਸ਼ ਕੀਤਾ ਹੈ। ਉਹਨਾਂ ਦੀ ਵਿਆਖਿਆ ਪੱਧਤੀ ਸਾਧੂ ਆਨੰਦਘਨ ਅਤੇ ਸਦਾਨੰਦ ਤੋਂ ਵੱਖਰੀ ਕਿਸਮ ਦੀ ਹੈ। ਭਾਸ਼ ਦੀ ਭਾਸ਼ਾ ਵੀ ਹਿੰਦੀ ਹੈ। 'ਜਪੁ ਸਹਿੰਤਾ' ਗੁਰਬਾਣੀ ਦੀ ਹਿੰਦੀ ਟੀਕਾਕਾਰੀ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ।

### 4.2.4 ਬਿਸ਼ਨ ਦਾਸ ਉਦਾਸੀ :

ਉਦਾਸੀ ਵਿਆਖਿਆਕਾਰਾਂ ਦੁਆਰਾ ਗੁਰਬਾਣੀ ਦੇ ਟੀਕੇ ਲਿਖਣ ਦੇ ਨਾਲ-ਨਾਲ ਉਹਨਾਂ ਦੁਆਰਾ ਕੋਸ਼ ਰਚਣ ਦਾ ਸੰਕੇਤ ਵੀ ਮਿਲਦਾ ਹੈ। ਇਸ ਦਿਸ਼ਾ ਵੱਲ ਸ੍ਰੀ ਬਿਸ਼ਨ ਦਾਸ ਉਦਾਸੀ ਨੇ 'ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਰਾਹੀਂ ਸਫ਼ਲ ਉੱਦਮ ਕੀਤਾ ਸੀ। ਬ੍ਰਿਕਮੀ ਸੰਮਤ 1955 ਮੁਤਾਬਕ ਇਹ ਕੋਸ਼ ਸੰਨ 1898 ਈ: ਵਿੱਚ ਛਪਿਆ ਸੀ। ਇਹ ਗ੍ਰੰਥ ਦੋ ਜਿਲਦਾਂ ਵਿੱਚ ਮਿਲਦਾ ਹੈ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਸ਼ਬਦਾਂ ਨੂੰ ਅੱਖਰ ਲਗ ਕ੍ਰਮ ਅਨੁਸਾਰ ਤਰਤੀਬ ਦਿੱਤੀ ਹੈ ਅਤੇ ਸ਼ਬਦ ਦਾ ਅਰਥ ਦਿੱਤਾ ਹੈ, ਸ਼ਬਦ ਦੀ ਵਰਤੋਂ ਤੁਕਾਂ ਜਾਂ ਪ੍ਰਮਾਣ ਦੇ ਕੇ ਨਹੀਂ ਦੱਸੀ। ਇਸ ਕੋਸ਼ ਦੇ ਕੁੱਝ ਅਰਥ ਗੁਰਮਤਿ ਦੇ ਅਨੁਕੂਲ ਤਾਂ ਹਨ, ਪਰ ਆਮ ਵਿਅਕਤੀ ਲਈ ਅਪ੍ਰਚਲਤ ਹੋਣ ਦੇ ਬਾਵਜੂਦ ਬੜੇ ਰੌਚਕ ਜਾਪਦੇ ਹਨ।

**ਜਿਵੇਂ :-**

(ੳ) ਦਾਦੀ -ਫਰਿਆਦ ਕਰਨੇ ਵਾਲਾ, ਨਿਆਉ ਚਾਹੁਨੇ ਵਾਲਾ

(ਅ) ਦਾਦ-ਨਿਆਉ

(ੲ) ਦਿਸਾਪੁਰ-ਪਰਦੇਸ[43]

### 4.2.5 ਪਰਮਾਨੰਦ :

ਸ਼ੋਭਾ ਪਰਾਸ਼ਰ ਨੇ ਆਪਣੇ ਸ਼ੋਧ ਪ੍ਰਬੰਧ 'ਉਦਾਸੀ ਸੰਪ੍ਰਦਾਇ ਕਾ ਹਿੰਦੀ ਸਾਹਿਤਯ' ਵਿੱਚ 'ਜਪੁਜੀ ਸਾਹਿਬ ਸਟੀਕ ਪਰਮਾਨੰਦੀ ਟੀਕਾ' ਸੰਤ ਕਵੀ ਪਰਮਾਨੰਦ ਦਾ ਵੇਰਵਾ ਦਿੱਤਾ ਹੈ। ਇਹ ਟੀਕਾ ਨਵਲ

ਕਿਸ਼ੋਰ ਪ੍ਰੈੱਸ ਲਖਨਊ ਨੇ ਤੀਸਰੀ ਵਾਰ 1919 ਉਪਰੋਕਤ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਸੀ। ਲੇਖਕ ਨੇ ਇਸ ਦਾ ਰਚਨਾ ਕਾਲ 1852 ਅਨੁਮਾਨਿਤ ਕੀਤਾ ਹੈ। ਸੰਤ ਪਰਮਾਨੰਦ ਜੀ ਦੇ ਜੀਵਨ ਬਾਰੇ ਪ੍ਰਮਾਣਿਤ ਜਾਣਕਾਰੀ ਨਹੀਂ ਮਿਲਦੀ। ਟੀਕਿਆਂ ਦੀ ਅੰਤਿਮ ਸਾਖ ਦੇ ਆਧਾਰ 'ਤੇ ਉਹ ਉਦਾਸੀਨ ਸਨ ਅਤੇ ਉਹਨਾਂ ਦੇ ਦਾਦਾ ਜੀ ਦਾ ਨਾਮ ਰਾਮਦਾਸ ਸੀ ਜੋ ਉਹਨਾਂ ਦੇ ਗੁਰੂ ਜੀ ਵੀ ਸਨ ਉਹ ਅਤਿਅੰਤ ਆਤਮ ਸੰਜਮੀ ਉੱਚ ਆਦਰਸ਼ਯੁਕਤ, ਆਤਮ ਗਿਆਨੀ ਮਹਾਤਮਾ ਸਨ।[44] ਪਰਮਾਨੰਦ ਜੀ ਨੇ ਆਪਣੇ ਨਿਵਾਸ ਪਰਸ਼ੂਰਾਮ 'ਪਰਸਰਾਮਪੁਰ' ਦੱਸਿਆ ਹੈ ਜੋ ਕਿ ਸਿੰਧ ਨਦੀ ਦੇ ਦੂਜੇ ਪਾਸੇ ਹੈ।

ਪਰਮਾਨੰਦ ਜੀ ਸੱਚੇ ਸਾਧਕ ਸਨ। ਸ੍ਰਿਸ਼ਟੀ ਦੇ ਕਣ-ਕਣ ਵਿੱਚ ਪਾਰਬ੍ਰਹਮ ਦੀ ਉਪਸਥਿਤੀ ਮਹਿਸੂਸ ਕਰਦੇ ਸਨ। ਸੁਆਮੀ ਪਰਮਾਨੰਦ ਆਪਣੇ ਟੀਕੇ 'ਸ੍ਰੀ ਜਪੁਜੀ ਸਾਹਿਬ' ਵਿੱਚ ਵਾਹਿਗੁਰੂ ਸੰਕਲਪ ਸਬੰਧੀ ਲਿਖਦੇ ਹਨ, "ਸ੍ਰੀ ਕਾ ਅਰਥ ਮੋਕਸ਼ਰੂਪੀ ਲਕਸ਼ਮੀ ਹੈ ਜੋ ਇਸ ਮੋਕਸ਼ਰੂਪੀ ਲਕਸ਼ਮੀ ਕੋ ਅਪਨੇ ਭਗਤੋਂ ਕੇ ਲਿਯ ਪ੍ਰਾਪਤ ਕਰੇ ਅਰਥਾਤ ਜੋ ਅਪਨੇ ਭਗਤੋਂ ਕੋ ਮੋਕਸ਼ਰੂਪੀ ਲਕਸ਼ਮੀ ਦੇਵੇ ਉਸੀ ਕਾ ਨਾਮ ਹੈ "ਸ੍ਰੀਵਾਹ" ਯਾਨੇ ਮੋਕਸ਼ ਦੇਨੇ ਵਾਲਾ। ਐਸਾ ਕੌਨ ਹੈ? ਵਿਸ਼ਣੂ! ਵਹੀ ਵਿਸ਼ਣੂ ਹੀ ਜੋ ਗੁਰੂ ਰੂਪ ਹੋਕਰ ਸੰਸਾਰ ਸੇ ਲੋਗੋਂ ਕੇ ਉਧਾਰ ਕੇ ਲਿਯੇ ਪ੍ਰਕਟ ਹੋਤੇ ਹੈਂ, ਉਸੀ ਕਾ ਨਾਮ ਸ੍ਰੀਵਾਹਗੁਰੂ ਹੈ। ਐਸੇ ਗੁਰੂ ਕੌਨ ਹੈਂ? ਨਾਨਕ ਜੀ। ਓਨਹੀਂ ਕਾ ਨਾਮ ਵਾਹਗੁਰੂ ਹੈ। ਸ੍ਰੀ ਵਾਹਿਗੁਰੂ ਇਸ ਮੰਤ੍ਰ ਕੇ ਅਰਥ ਸੇ ਹੀ ਸਿੱਧ ਹੋਤਾ ਹੈ ਕਿ ਆਪ ਹੀ ਵਿਸ਼ਣੂ ਨੇ ਗੁਰੂ ਰੂਪ ਹੋਕਰ ਸੰਸਾਰ ਮੇਂ ਜੀਵੋਂ ਕੇ ਕਲਯਾਣ ਕੇ ਲਿਯਾ ਅਵਤਾਰ ਲਿਯਾ ਹੈ। ਨਾਨਕ ਸ਼ਬਦ ਕੇ ਅਰਥ ਸੇ ਭੀ ਗੁਰੂ ਨਾਨਕ ਜੀ ਈਸ਼ਵਰ ਅਵਤਾਰ ਸਾਬਿਤ ਹੋਤੇ ਹੈਂ, ਕਿਉਂਕਿ ਨ 1 ਅਨ 2 ਕ 3 ਇਨ ਤੀਨੋਂ ਮੇਂ ਨਕਾਰ ਕਾ ਅਰਥ ਨਿਸ਼ੇਧ ਹੈ, ਅਨ ਕਾ ਅਰਥ ਪ੍ਰਾਣ ਹੈ, ਯਾਨੇ ਸ਼ਰੀਰ ਕੋ ਇਦ੍ਰਿਯਾਦਿਕ ਉਪਾਧਿਯਾਯੋਂ ਕਾ ਧਾਰਣ ਕਰਨੇਵਾਲਾ ਹੈ ਔਰ ਕਕਾਰ ਕਾ ਅਰਥ ਸੁਖ ਹੈ। ਤੀਨੋਂ ਪਦੋਂ ਕਾ ਮਿਲ ਕਰਕੇ ਯਹ ਅਰਥ ਹੂਆ 'ਨਾਨਭਚਾਸੈਕਭਚੇਤਿਨਾਨਕ' ਜੋ ਸ਼ਰੀਰ ਆਦਿ ਉਪਾਧੀਓਂ ਸੇ ਰਹਿਤ ਹੋ ਔਰ ਸੁਖ ਰੂਪ ਹੋ, ਉਸੀ ਕਾ ਨਾਮ ਨਾਨਕ ਹੈ।"[45]

ਸੁਆਮੀ ਪਰਮਾਨੰਦ ਗੁਰੂ ਨਾਨਕ ਦੇਵ ਜੀ ਨੂੰ ਅਵਤਾਰ ਮੰਨਣ ਅਤੇ ਨਾਨਕ ਨਾਮ ਦੇ ਅਰਥ ਪ੍ਰਗਟਾਉਣ ਦੇ ਨਾਲ-ਨਾਲ ਦੀ ਉਹਨਾਂ ਦੀ ਮਹਿਮਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ-

1) ਲੋਕਲ ਹਿਤ ਉਪਕਾਰ ਕੋ॥

ਸ੍ਰੀ ਗੁਰੂ ਨਾਨਕ ਕੋ ਸਫਲ ਕਰੇ ਵੰਦਨਾ,

ਲੋਕ ਨਾਮ ਲੇਤ ਅਧ ਟਰਤ ਹੈ,

ਧਿਆਨ ਧਰਤ ਕੋ ਮੋਖ,

ਵੇਦ ਅਨਕ ਕਾ ਅਰਥ ਹੈ,

ਨੈ ਨਿਸ਼ਕਰਸ਼ ਤੂੰ ਜਾਨ,

ਭੇਦ ਰਹਿਤ ਜੋ ਨਿਤਯ ਹੈ ਸੋ ਨਾਨਕ ਪਹਿਚਾਨ

ਨਿਰੰਕਾਰ ਨਿਰਭੈ ਜੋ ਪੁਰ ਰੱਖਯੋ ਸਭ ਥਾਹਿ,

ਲੋਕਨ ਹਿਤ ਉਪਕਾਰ ਕੋ ਪ੍ਰਗਟ ਭਯੋ ਜਗ ਮਾਹਿ॥

ਉਹ ਨਿਰਗੁਣ, ਨਿਰੰਕਾਰ, ਈਸ਼ਵਰ ਸੰਸਾਰੀਆਂ ਦੇ ਉਪਕਾਰ ਲਈ ਅਵਤਾਰ ਲੈ ਕੇ ਸੰਸਾਰ ਵਿੱਚ ਪ੍ਰਗਟ ਹੋਏ। ਇਸ ਦਾ ਧਿਆਨ ਧਰਨ ਨਾਲ ਬ੍ਰਹਮ ਦਾ ਸਰੂਪ ਸਾਕਾਰ ਹੋ ਜਾਦਾ ਹੈ ਅਤੇ ਸਾਰੇ ਸੰਸਾਰਿਕ ਕਸ਼ਟ ਨਸ਼ਟ ਹੋ ਜਾਂਦੇ ਹਨ। ਸੰਤ ਪਰਮਾਨੰਦ ਦੀ ਭਾਸ਼ਾ ਸ਼ੈਲੀ ਵਿੱਚ ਸੰਸਕ੍ਰਿਤ ਦੀ ਝਲਕ ਵਿਖਾਈ ਦਿੰਦੀ ਹੈ ਭਾਵ ਤਤਸਮ ਸ਼ਬਦਾਂ ਦੀ ਬਹੁਲਤਾ ਹੈ ਜੋ ਉਹਨਾਂ ਦੇ ਭਾਸ਼ਾ ਵਿਗਿਆਨੀ ਹੋਣ ਦਾ ਪ੍ਰਮਾਣ ਹੈ।[46]

ਵਰਤਮਾਨ ਸਮੇਂ ਵਿੱਚ ਕਈ ਉਦਾਸੀ ਸੰਤ ਮਹਾਤਮਾ ਐਸੇ ਵੀ ਹਨ ਜੋ ਅੱਜ ਵੀ ਗੁਰਬਾਣੀ ਦੀ ਕਥਾ ਵਿਆਖਿਆ ਦੁਆਰਾ ਗੁਰੂ ਨਾਨਕ ਮਤ ਦਾ ਪ੍ਰਚਾਰ ਕਰਨ ਵਿੱਚ ਜੁਟੇ ਹਨ। ਇਨ੍ਹਾਂ ਵਿੱਚ ਸੁਆਮੀ ਈਸ਼ਵਰ ਦਾਸ ਸ਼ਾਸਤਰੀ ਮਹਾਂ ਮੰਡਲੇਸ਼ਵਰ ਉਦਾਸੀਨ ਨਯਾ ਅਖਾੜਾ ਹਰਿਦੁਆਰ ਵਾਲਿਆਂ ਦਾ ਨਾਂ ਵਰਣਨਯੋਗ ਹੈ। ਜਿਨ੍ਹਾਂ ਨੇ ਮਹਾਨ ਕੀਰਤਨੀਏ ਸੁਆਮੀ ਸੰਤ ਜੀ ਝੰਗ ਵਾਲਿਆਂ ਤੋਂ ਸਿੱਖਿਆ ਪਾਈ ਤੇ ਜਲੰਧਰ ਸ਼ਹਿਰ ਦੀ ਗੋਪਾਲ ਨਗਰ ਬਸਤੀ ਵਿੱਚ ਆਪਣਾ ਅਸਥਾਨ ਸਥਾਪਤ ਕਰਕੇ ਧਰਮ ਪ੍ਰਚਾਰ ਦੀ ਜੋਤਿ ਜਗਾਈ।[47]

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਬਾਬਾ ਸ੍ਰੀ ਚੰਦ ਇੱਕ ਉੱਚ-ਕੋਟੀ ਦੇ ਵਿਆਖਿਆਕਾਰ ਅਤੇ ਗਹਿਰ-ਗੰਭੀਰ ਚਿੰਤਕ ਹਨ। ਉਹਨਾਂ ਨੇ ਨਾਨਕ ਬਾਣੀ ਦੀ ਵਿਆਖਿਆ ਨੂੰ ਸਿਰਜਨਾਤਮਕ ਵਿਆਖਿਆ ਰਾਹੀਂ ਪੁਨਰ ਸੁਰਜੀਤ ਕਰਨ ਦਾ ਇੱਕ ਅਨੋਖਾ ਯਤਨ ਕੀਤਾ

ਹੈ। ਉਹਨਾਂ ਦੀ ਵਿਆਖਿਆ ਮਹਿਮਾ ਭਰਪੂਰ ਹੈ। ਉਹਨਾਂ ਨੂੰ ਗੁਰੂ ਨਾਨਕ ਪਾਤਸ਼ਾਹ ਵਿੱਚੋਂ ਹੀ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਬਾਬਾ ਸ੍ਰੀ ਚੰਦ ਜੀ ਕਿੰਨੇ ਵੱਡੇ ਵਿਦਵਾਨ ਹਨ? ਇਸ ਗੱਲ ਦਾ ਅੰਦਾਜ਼ਾ ਉਹਨਾਂ ਦੀ ਸੂਤਰਿਕ ਵਿਆਖਿਆ ਵਿਧੀ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮੰਗਲਾਚਰਣ, ਪ੍ਰਸ਼ਨੋਤਰੀ ਸ਼ੈਲੀ, ਕਾਵਿਕ ਸ਼ੈਲੀ, ਪ੍ਰਤੀਕਾਤਮਕਤਾ ਅਤੇ ਯੋਗ ਸਾਧਨਾ ਦੇ ਬੁਨਿਆਦੀ ਸੰਕਲਪਾਂ ਦੀ ਵਿਆਖਿਆ ਉਹਨਾਂ ਦੀ ਵਿਆਖਿਆਕਾਰੀ ਦੇ ਮੁੱਖ ਪਛਾਣ-ਚਿੰਨ੍ਹ ਹਨ। ਅੱਗੋਂ ਬਾਬਾ ਗੁਰਦਿੱਤਾ ਜੀ ਨੇ ਚਾਰੋਂ ਵੇਦਾਂ ਦੇ ਮਹਾਂਵਾਕਾਂ ਨਾਲ ਗੁਰਬਾਣੀ ਦੇ ਮਹਾਂਵਾਕਾਂ ਦੀ ਪੁਸ਼ਟੀ ਕਰਵਾ ਕੇ ਚਾਰ ਧੂਣਿਆਂ ਨੂੰ ਸੁਣਾਈ ਸੀ। ਚਾਰ ਧੂਣਿਆਂ ਦੁਆਰਾ ਰਚਿਤ ਮਾਤਰਾ ਸਾਹਿਤ ਅਤੇ ਛੇ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਵਿਚੋਂ ਗੁਰਮਤਿ ਵਿਆਖਿਆਕਾਰੀ ਦੇ ਵਿਭਿੰਨ ਰੰਗ ਉੱਭਰਕੇ ਸਾਹਮਣੇ ਆਉਂਦੇ ਹਨ। ਛੇ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਰਾਗਬੱਧ ਹੋ ਕੇ ਪਾਠਕ ਦੇ ਸਨਮੁੱਖ ਪੇਸ਼ ਹੁੰਦੀ ਹੈ। ਇਹਨਾਂ ਬਾਣੀਆਂ ਦੇ ਪ੍ਰਮੁੱਖ ਰਾਗ ਹਨ- ਸਾਰੰਗ, ਬਿਲਾਵਲ, ਧਨਾਸਰੀ, ਸੋਰਠਿ, ਭੀਮ ਪਲਾਸੀ, ਸ਼ਾਮ ਕਲਿਆਣ ਅਤੇ ਬਿਹਾਗੜਾ ਆਦਿ। ਇਸ ਤੋਂ ਇਲਾਵਾ ਸਲੋਕ, ਸ਼ਬਦ ਅਤੇ ਵਾਰ ਆਦਿ ਕਾਵਿ-ਰੂਪਾਂ ਦੀ ਝਲਕ ਵੀ ਇਹਨਾਂ ਰਚਨਾਵਾਂ ਵਿਚੋਂ ਵੇਖਣ ਨੂੰ ਮਿਲਦੀ ਹੈ। ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਦੇ ਸਾਧੂਆਂ ਦੁਆਰਾ ਪ੍ਰਚਾਰ ਦੌਰਾਨ ਸਿੱਖ ਸੰਗਤ ਨੂੰ ਦਿੱਤਾ ਗਿਆ ਉਪਦੇਸ਼ ਵੀ ਗੁਰਬਾਣੀ ਦੀ ਵਿਆਖਿਆ ਹੋ ਨਿਬੜਦਾ ਹੈ। ਜਿੱਥੇ ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰਾਂ ਦੀ ਗੁਰਮਤਿ ਵਿਆਖਿਆਕਾਰੀ ਕਾਵਿਕ ਸ਼ੈਲੀ ਰਾਹੀਂ ਸਾਹਮਣੇ ਆਉਂਦੀ ਹੈ ਉੱਥੇ ਗੁਰੂ ਕਾਲ ਤੋਂ ਬਾਅਦ ਦੇ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਵਾਰਤਕ ਸ਼ੈਲੀ ਰਾਹੀਂ ਰੂਪਮਾਨ ਹੁੰਦੀ ਹੈ। ਇਹਨਾਂ ਸਾਧੂ-ਮਹਾਤਮਾਂਵਾਂ ਦੀ ਵਿਆਖਿਆਕਾਰੀ ਵਿਚੋਂ ਉੱਭਰਦੇ ਮੀਰੀ ਗੁਣ ਇਸ ਪ੍ਰਕਾਰ ਹਨ - ਸਾਖ (ਭਾਵ ਕਿਸੇ ਵਿਆਖਿਆ ਦੀ ਪੁਸ਼ਟੀ ਲਈ ਪ੍ਰਮਾਣ) ਦੇਣ ਦੀ ਵਿਧੀ, ਟੀਕਿਆਂ ਦੇ ਆਰੰਭ ਜਾਂ ਅੰਤ ਵਿਚ ਕਾਵਿਮਈ ਟੂਕਾਂ ਦੇਣ ਦਾ ਨਵੀਨ ਯਤਨ, ਦਾਰਸ਼ਨਿਕ ਤੱਥਾਂ ਦਾ ਵਿਸ਼ਲੇਸ਼ਣ, ਨਨੂ-ਜੁਗਤ(ਸ਼ੰਕਾ-ਸਮਾਧਾਨ ਜੁਗਤ) ਦਾ ਪ੍ਰਯੋਗ, ਨਾਨਕ ਬਾਣੀ ਵਿਚ ਖ਼ਾਸ ਦਿਲਚਸਪੀ, ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਦੀ ਪੇਸ਼ਕਾਰੀ, ਜੋਗ-ਮਾਰਗ ਨੂੰ ਰੱਦ ਨਾ ਕਰਕੇ ਨਾਮ-ਮਾਰਗ ਨੂੰ ਪ੍ਰਮੁੱਖਤਾ, ਭਾਰਤੀ ਗਿਆਨ-ਵਿਗਿਆਨ ਦੇ ਵੇਰਵਿਆਂ ਨਾਲ ਟੀਕਿਆਂ ਵਿਚ ਰੌਚਿਕਤਾ, ਅਦਵੈਤਵਾਦੀ ਦ੍ਰਿਸ਼ਟੀਕੋਣ, ਹਰ ਸ਼ਬਦ ਦੀ ਵਿਆਖਿਆ ਵਿਚ

ਅਤਿਅੰਤ ਸਪੱਸ਼ਟਤਾ, ਪ੍ਰਤੀਕਾਂ-ਚਿੰਨ੍ਹਾਂ ਨੂੰ ਬਾਰੀਕਬੀਨੀ ਅਤੇ ਸੂਝ-ਬੂਝ ਨਾਲ ਖੋਲ੍ਹਣਾ ਆਦਿ। ਇਸ ਤੋਂ ਇਲਾਵਾ ਨਾਨਕ ਬਾਣੀ ਉਦਾਸੀ ਸੰਤਾਂ ਦੀ ਵਿਆਖਿਆਕਾਰੀ ਦਾ ਮਨਭਾਉਂਦਾ ਵਿਸ਼ਾ ਰਿਹਾ ਹੈ। ਸਵਾਮੀ ਆਨੰਦਘਨ ਨੇ ਛੇ ਬਾਣੀਆਂ ਦੇ ਟੀਕੇ ਕੀਤੇ। ਜਿਨ੍ਹਾਂ ਵਿੱਚੋਂ ਆਨੰਦ ਸਾਹਿਬ ਦੇ ਟੀਕੇ ਨੂੰ ਛੱਡ ਕੇ ਬਾਕੀ ਦੇ ਪੰਜ ਟੀਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਸੰਬੰਧਤ ਹਨ। ਆਨੰਦਘਣ ਤੋਂ ਬਾਅਦ ਸਾਧੂ ਸਦਾਨੰਦ, ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਅਤੇ ਪਰਮਾਨੰਦ ਨੇ ਵੀ 'ਜਪੁਜੀ ਸਾਹਿਬ' ਦੀ ਬਾਣੀ ਦੇ ਟੀਕੇ ਅਤੇ ਭਾਸ਼ ਹੀ ਲਿਖੇ ਹਨ। ਇਸ ਤਰ੍ਹਾਂ ਉਦਾਸੀ ਸੰਤਾਂ ਦਾ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀ ਬਾਣੀ ਨਾਲ ਖ਼ਾਸ ਸਨੇਹ ਸੀ। ਟੀਕਿਆਂ ਤੋਂ ਇਲਾਵਾ ਉਦਾਸੀ ਸੰਤ ਕਵੀਆਂ ਨੇ ਵੀ ਗੁਰੂ ਨਾਨਕ ਦੇਵ ਜੀ ਦੀ ਬੇਅੰਤ ਮਹਿਮਾ ਗਾਈ ਹੈ। ਜਿਨ੍ਹਾਂ ਵਿੱਚੋਂ ਕਵੀ ਸੰਤ ਰੇਣ (1741-1871 ਈ.) ਦੀਆਂ ਰਚਨਾਵਾਂ 'ਸ੍ਰੀਮਤਿ ਨਾਨਕ ਵਿਜਯ ਗ੍ਰੰਥ' ਅਤੇ 'ਨਾਨਕ ਬੋਧ' ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ।

# ਹਵਾਲੇ ਅਤੇ ਟਿੱਪਣੀਆਂ


1. ਦਰਸ਼ਨ ਸਿੰਘ, ***ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ***, ਪੰਨਾ-ਮੁੱਖ ਬੰਧ

2. ਜਗਜੀਵਨ ਸਿੰਘ (ਡਾ.), **ਸ੍ਰੀ *ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-54

3. ***ਉਹੀ***, ਪੰਨਾ-62

4. ਮਹਿੰਦਰ ਕੌਰ (ਡਾ.), ***ਬਾਬਾ ਸ੍ਰੀ ਚੰਦ ਤੇ ਉਦਾਸੀ ਮੱਤ***, ਪੰਨਾ-43

5. ਉਧਰਿਤ, ਮਹਿੰਦਰ ਕੌਰ (ਡਾ.), ***ਬਾਬਾ ਸ੍ਰੀ ਚੰਦ ਤੇ ਉਦਾਸੀ ਮੱਤ***, ਪੰਨਾ-59-60

6. ***ਉਹੀ***, ਪੰਨਾ-66-74

7. ***ਉਹੀ***, ਪੰਨਾ-76-78

8. ***ਉਹੀ***, ਪੰਨਾ-87-89

9. ***ਉਹੀ***, ਪੰਨਾ-62

10. ***ਉਹੀ***, ਪੰਨਾ-59

11. ***ਓਹੀ***, ਪੰਨਾ-60-61

12. ***ਉਹੀ***, ਪੰਨਾ-62

13. ***ਉਹੀ***, ਪੰਨਾ-79

14. ***ਉਹੀ***

15. ਜਗਜੀਵਨ ਸਿੰਘ (ਡਾ.), **ਧਰਮ, ਦਰਸ਼ਨ ਅਤੇ ਭਾਰਤੀ ਸਮਾਜ**, ਪੰਨਾ-92

16. ਮਹਿੰਦਰ ਕੌਰ (ਡਾ.), ***ਬਾਬਾ ਸ੍ਰੀ ਚੰਦ ਤੇ ਉਦਾਸੀ ਮੱਤ***, ਪੰਨਾ-85

17. ਮਹਿੰਦਰ ਕੌਰ (ਡਾ.), ***ਬਾਬਾ ਸ੍ਰੀ ਚੰਦ ਤੇ ਉਦਾਸੀ ਮੱਤ***, ਪੰਨਾ-9(ਭੂਮਿਕਾ)

18. ਭਾਈ ਕਾਹਨ ਸਿੰਘ ਨਾਭਾ, ***ਗੁਰਸ਼ਬਦ ਰਤਨਾਕਰ ਮਹਾਨਕੋਸ਼***, ਪੰਨਾ-416

19. ਨਵਰਤਨ ਕਪੂਰ (ਡਾ.), ***ਸਾਧੂ ਗੁਲਾਬ ਦਾਸ: ਜੀਵਨ ਤੇ ਰਚਨਾ***, ਪੰਨਾ-85

20. ਜਸਵੰਤ ਸਿੰਘ ਨੇਕੀ, ***ਸਦਾ ਵਿਗਾਸ***, ਪੰਨਾ-201

21. ***ਟੀਕਾ ਜਪੁਜੀ***, ਪਉੜੀ1

22. ਪ੍ਰੋ. ਪਿਆਰਾ ਸਿੰਘ ਪਦਮ, ***ਸਿੱਖ ਸੰਪ੍ਰਦਾਵਲੀ***, ਪੰਨਾ-44-47

***23. ਉਹੀ***

24. ਨਰਿੰਦਰ ਸਿੰਘ ਸੋਚ, ***ਭਗਵਾਨ ਸ੍ਰੀ ਚੰਦ੍ਰ ਦਰਸ਼ਨ***, ਪੰਨਾ-18-20

***25. ਉਹੀ***

26. ਗਿਆਨੀ ਈਸ਼ਰ ਸਿੰਘ ਨਾਰਾ, ***ਇਤਿਹਾਸ ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ***, ਪੰਨਾ-491-492

27. ਮਹੰਤ ਅਨੰਤਾਨੰਦ ਉਸਾਸੀਨ, ***ਨਿਰਵਾਣ-ਪ੍ਰੀਤਮ-ਚਰਿਤ***, ਪੰਨਾ-38-39

28. ਜਗਜੀਵਨ ਸਿੰਘ (ਡਾ.), ***ਸ੍ਰੀ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-232-233

29. ਉਧਰਿਤ, ਸਰਬਜਿੰਦਰ ਸਿੰਘ (ਡਾ.), ***ਵਿਸ਼ਵ ਧਰਮ ਬਾਨੀ ਗ੍ਰੰਥ, ਸੰਪਰਦਾਇ ਅਤੇ ਚਿੰਤਕ (ਭਾਗ ਤੀਜਾ),*** ਪੰਨਾ-291-295

30. ਉਧਰਿਤ, ***ਉਦਾਸੀ ਸਿੱਖਾਂ ਦੀ ਵਿਥਿਆ***, ਪੰਨਾ-232-237

31. ਨਰਿੰਦਰ ਸਿੰਘ ਸੋਚ, ***ਭਗਵਾਨ ਸ੍ਰੀ ਚੰਦ੍ਰ ਦਰਸ਼ਨ***, ਪੰਨਾ-20-21

32. ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ***, ਪੰਨਾ-256

33. ਪ੍ਰੋ. ਪਿਆਰਾ ਸਿੰਘ ਪਦਮ, ***ਸਿੱਖ ਸੰਪ੍ਰਦਾਵਲੀ***, ਪੰਨਾ 174-175

34. ਉਧਰਿਤ, ਜਗਜੀਵਨ ਸਿੰਘ (ਡਾ.), ***ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ*** , ਪੰਨਾ 257

35. ਪ੍ਰੋ. ਪਿਆਰਾ ਸਿੰਘ ਪਦਮ, ***ਸਿੱਖ ਸੰਪ੍ਰਦਾਵਲੀ***, ਪੰਨਾ 172-173

36. ***ਆਸਾ ਦੀ ਵਾਰ ਦਾ ਟੀਕਾ***, ਟੀਕਾਕਾਰ ਸੁਆਮੀ ਆਨੰਦਘਨ, ਪੰਨਾ-10

37. ਗੁਰਨਾਮ ਕੌਰ (ਡਾ.), ***ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ***, ਪੰਨਾ-41

38. ***ਆਸਾ ਦੀ ਵਾਰ ਦਾ ਟੀਕਾ***, ਪੰਨਾ-9

39. ***ਟੀਕਾ ਜਪੁਜੀ***, ਪਉੜੀ 28

40. ਤਾਰਨ ਸਿੰਘ (ਡਾ.), ***ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ***, ਪੰਨਾ 93

41. ***ਉਹੀ***, ਪੰਨਾ-112

42. ਤਾਰਨ ਸਿੰਘ (ਡਾ.), ***ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ***, ਪੰਨਾ-113-114

43. ਨਵਰਤਨ ਕਪੂਰ (ਡਾ.), ***ਉਦਾਸੀ ਸੰਪਰਦਾ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ***, ਪੰਨਾ-8

44. ਸ਼ੋਭਾ ਪਰਾਸ਼ਰ, ***ਉਦਾਸੀ ਸੰਪ੍ਰਦਾਇ ਕਾ ਹਿੰਦੀ ਸਾਹਿਤਯ***, ਪੰਨਾ-146-152 (ਅਪ੍ਰਕਾਸ਼ਿਤ ਸ਼ੋਧ ਪ੍ਰਬੰਧ)

45. ਸੁਆਮੀ ਸ੍ਰੀ ਪਰਮਾਨੰਦ, ***ਸ੍ਰੀ ਜਪੁਜੀ ਸਾਹਿਬ (ਹਿੰਦੀ),*** ਪੰਨਾ-3

46. ਉਧਰਿਤ, ***ਪੰਜਾਬ ਕੇ ਸਾਹਿਤਯ ਕੋ ਉਦਾਸੀ ਸੰਪਰਦਾਇ ਕੀ ਦੇਨ (ਸ਼ੋਧ ਪ੍ਰਬੰਧ),*** ਪੰਨਾ-216.

47. ਪ੍ਰੋ. ਪਿਆਰਾ ਸਿੰਘ ਪਦਮ, ***ਸਿੱਖ ਸੰਪ੍ਰਦਾਵਲੀ***, ਪੰਨਾ-34

# ਸਿੱਟੇ ਅਤੇ ਸਥਾਪਨਾਵਾਂ

ਉਦਾਸੀ ਸੰਪ੍ਰਦਾਇ ਸਿੱਖ ਧਰਮ ਦਾ ਸਭ ਤੋਂ ਪ੍ਰਾਚੀਨ ਅਤੇ ਮਹੱਤਵਪੂਰਨ ਪ੍ਰਚਾਰਕ ਸਕੂਲ ਹੈ। ਇਸ ਸੰਪਰਦਾ ਨੇ ਜਿੱਥੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਉੱਥੇ ਮੌਖਿਕ ਵਿਆਖਿਆ ਪਰੰਪਰਾ ਵਿਚ ਕਥਾ-ਵਾਰਤਾ ਰਾਹੀਂ ਅਤੇ ਲਿਖਤੀ ਵਿਆਖਿਆ ਪਰੰਪਰਾ ਵਿੱਚ ਗੁਰਬਾਣੀ ਦੇ ਟੀਕੇ, ਭਾਸ਼ ਅਤੇ ਕੋਸ਼ ਰਚ ਕੇ ਗੁਰਬਾਣੀ ਵਿਆਖਿਆ ਦਾ ਘੇਰਾ ਵਿਸ਼ਾਲ ਕਰਨ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਹੈ।

ਗੁਰਮਤਿ ਪ੍ਰਤੀ ਉਦਾਸੀ ਮਤ ਦੀ ਵਿਆਖਿਆਤਮਕ ਭਾਵ-ਭੂਮੀ ਦੇ ਉਭਰਦੇ ਨਿਵੇਕਲੇ ਅਤੇ ਨਿਖੜਵੇਂ ਪਹਿਲੂਆਂ ਅਤੇ ਪ੍ਰਾਪਤ ਸਿੱਟਿਆਂ ਤੱਕ ਪਹੁੰਚ ਕਰਨ ਲਈ ਮੈਂ ਆਪਣੇ ਖੋਜ ਪ੍ਰਬੰਧ '**ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦਾ ਯੋਗਦਾਨ**' ਨੂੰ ਚਾਰ ਅਧਿਆਵਾਂ ਵਿੱਚ ਵੰਡ ਕੇ ਸੰਪੂਰਨ ਕਰਨ ਦਾ ਯਤਨ ਕੀਤਾ ਹੈ।

ਖੋਜ ਪ੍ਰਬੰਧ ਦੇ ਪਹਿਲੇ ਅਧਿਆਇ '**ਉਦਾਸੀ ਸੰਪਰਦਾਇ : ਜਨਮ, ਸਰੂਪ ਅਤੇ ਵਿਕਾਸ**' ਵਿੱਚ ਉਦਾਸੀ ਸੰਪਰਦਾ ਦੇ ਉਦਭਵ ਅਤੇ ਇਸ ਦੀ ਪ੍ਰਾਚੀਨਤਾ ਸਬੰਧੀ ਦੋ ਮੱਤ ਉੱਭਰ ਕੇ ਸਾਹਮਣੇ ਆਉਂਦੇ ਹਨ। ਪਹਿਲੇ ਮੱਤ ਵਿੱਚ ਉਦਾਸੀ ਵਿਦਵਾਨ 'ਉਦਾਸੀਨ' ਸ਼ਬਦ ਦੇ ਸੰਸਕ੍ਰਿਤ ਭਾਸ਼ਾ ਵਿੱਚੋਂ ਆਏ ਹੋਣ ਕਾਰਨ ਇਸ ਦਾ ਸਬੰਧ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜਦੇ ਹੋਏ ਇਸ ਨੂੰ ਪੁਰਾਤਨ ਅਤੇ ਸਨਾਤਨ ਸੰਪਰਦਾ ਮੰਨਦੇ ਹਨ। ਇਸ ਵਿਚਾਰ ਨੂੰ ਸਿੱਧ ਕਰਨ ਲਈ ਉਹ ਪਦਮ ਪੁਰਾਣ, ਬ੍ਰਹਮ ਸੂਤਰ, ਸ੍ਰੀ ਮਦ ਭਗਵਤ ਗੀਤਾ, ਰਮਾਇਣ ਅਤੇ ਮਹਾਂਭਾਰਤ ਆਦਿ ਗ੍ਰੰਥਾਂ ਵਿੱਚ ਜਿੱਥੇ ਕਿਤੇ ਵੀ ਉਦਾਸੀ ਜਾਂ ਉਦਾਸੀਨ ਸ਼ਬਦ ਦਾ ਪ੍ਰਯੋਗ ਹੋਇਆ ਹੈ, ਉਸਨੂੰ ਅਧਾਰ ਬਣਾਉਂਦੇ ਹਨ।

ਦੂਸਰੇ ਮੱਤ ਵਿੱਚ ਕੁਝ ਉਦਾਸੀ ਵਿਦਵਾਨ ਜਿਵੇਂ – ਕਵੀ ਸੰਤਰੇਣ (ਸ੍ਰੀਮਤ ਨਾਨਕ ਦਿਗ ਵਿਜਯ ਗ੍ਰੰਥ), ਬੀਬੀ ਲੱਛਮੀ (ਸ੍ਰੀ ਚੰਦਰ ਪ੍ਰਕਾਸ਼), ਸ੍ਰੀ ਪ੍ਰਤਾਪ ਹਰੀ ਸਿੰਘ ਬੇਦੀ (ਸ੍ਰੀ ਚੰਦਰ ਪ੍ਰਕਾਸ਼), ਉਦਾਸੀ ਕਲਿਆਣ ਦਾਸ (ਸੱਚੀ ਖੋਜ), ਬਾਬਾ ਸ੍ਰੀ ਚੰਦ ਜੀ ਦੀ ਪੁਰਾਤਨ ਮਾਤਰਾ (ਗੋਸ਼ਟ ਸਮੇਤ), ਮਾਤਰਾ ਬਾਬਾ ਗੁਰਦਿੱਤਾ ਜੀ, ਭਾਈ ਗੁਰਦਾਸ ਦੱਖਣੀ (ਬਾਬਾ ਅਲਮਸਤ ਦੇ ਧੂਣੇ ਵਿੱਚ ਚੌਥੇ ਸਥਾਨ ਉੱਪਰ) ਆਦਿ ਨੇ

ਉਦਾਸੀ ਸੰਪਰਦਾ ਦਾ ਆਰੰਭ ਬਾਬਾ ਸ੍ਰੀ ਚੰਦ ਜੀ ਤੋਂ ਹੋਇਆ ਮੰਨਿਆ ਹੈ ਅਤੇ ਨਾਲ ਇਹ ਵੀ ਸਪੱਸ਼ਟ ਕੀਤਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਦੀਖਿਆ ਪਿਤਾ ਗੁਰੂ ਨਾਨਕ ਤੋਂ ਹੀ ਲਈ ਸੀ।

ਵਿਸ਼ਲੇਸ਼ਣ ਕਰਨ ਉਪਰੰਤ ਇਹੀ ਸਿੱਟਾ ਨਿਕਲਦਾ ਹੈ ਕਿ ਜਿਸ 'ਉਦਾਸੀਨ' ਸ਼ਬਦ ਦਾ ਪ੍ਰਯੋਗ ਵਿਦਵਾਨ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜ ਕੇ ਕਰਦੇ ਹਨ। ਉਹ ਅਸਲ ਵਿੱਚ ਪ੍ਰਾਚੀਨ 'ਉਦਾਸੀ ਭੇਖ' ਹੈ ਨਾ ਕਿ ਉਦਾਸੀ ਸੰਪਰਦਾ। ਦਰਅਸਲ ਇਹ ਪ੍ਰਾਚੀਨ ਉਦਾਸੀ ਭੇਖ ਚਾਰ ਆਸ਼ਰਮਾਂ (ਬ੍ਰਹਮਚਾਰਯ, ਗ੍ਰਹਿਸਥ, ਬਾਨਪ੍ਰਸਤ, ਸੰਨਿਆਸ) ਵਿੱਚੋਂ ਸੰਨਿਆਸ ਆਸ਼ਰਮ ਉੱਤੇ ਆਧਾਰਿਤ ਹੈ। ਇਸ ਆਸ਼ਰਮ ਦੌਰਾਨ ਉਦਾਸੀ ਮਹਾਤਮਾ ਘਰ-ਬਾਰ ਤਿਆਗ ਕੇ, ਸਮਾਜ ਨਾਲੋਂ ਟੁੱਟ ਕੇ ਜੰਗਲਾਂ ਵਿੱਚ ਜਾ ਕੇ ਤਪੱਸਿਆ ਕਰਦੇ ਸਨ। ਜਦਕਿ ਸੰਪਰਦਾ ਵਿੱਚ ਉਪਦੇਸ਼ ਨੂੰ ਧਾਰਨ ਕਰਨ ਦਾ ਕ੍ਰਮ ਸਿਲਸਿਲੇਵਾਰ ਚੱਲਦਾ ਹੈ। ਜਿਸ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੁਆਰਾ ਸਥਾਪਿਤ ਉਦਾਸੀ ਸੰਪਰਦਾ ਸੰਗਠਿਤ ਸੰਪਰਦਾ ਦੇ ਰੂਪ ਵਿੱਚ ਉਪਦੇਸ਼ ਗ੍ਰਹਿਣ ਕਰਕੇ ਅੱਗੇ ਚੱਲਦੀ ਹੈ। ਪਹਿਲਾਂ ਇਹ ਉਪਦੇਸ਼ ਬਾਬਾ ਸ੍ਰੀ ਚੰਦ ਗੁਰੂ ਨਾਨਕ ਸਾਹਿਬ ਤੋਂ ਗ੍ਰਹਿਣ ਕਰਦੇ ਹਨ। ਇਸ ਤੋਂ ਬਾਅਦ ਬਾਬਾ ਗੁਰਦਿੱਤਾ ਜੀ ਇਹ ਉਪਦੇਸ਼ ਬਾਬਾ ਸ੍ਰੀ ਚੰਦ ਤੋਂ ਧਾਰਨ ਕਰਦੇ ਹਨ। ਇਸ ਉਪਰੰਤ ਬਾਬਾ ਗੁਰਦਿੱਤਾ ਜੀ ਅੱਗੋਂ ਇਹ ਉਪਦੇਸ਼ ਚਾਰ ਧੂਣਿਆਂ ਦੀ ਝੋਲੀ ਪਾਉਂਦੇ ਹਨ। ਇਸੇ ਤਰ੍ਹਾਂ ਛੇ ਬਖ਼ਸ਼ਿਸ਼ਾਂ ਵੀ ਵੱਖ-ਵੱਖ ਗੁਰੂ ਸਾਹਿਬਾਨਾਂ ਤੋਂ ਉਪਦੇਸ਼ ਗ੍ਰਹਿਣ ਕਰਕੇ ਅੱਗੇ ਵੱਧਦੀਆਂ ਹਨ।

ਹਥਲੇ ਖੋਜ-ਕਾਰਜ ਵਿੱਚ ਪਿਛਲੇ ਕੁੱਝ ਸਮੇਂ ਤੋਂ ਕੁੱਝ ਕੁ ਮਿਥਿਆ ਮਨੌਤਾਂ ਘੜ ਕੇ ਉਦਾਸੀ ਸੰਪਰਦਾਇ ਨੂੰ ਸਿੱਖ ਧਰਮ ਤੋਂ ਵੱਖਰਾ ਸਾਬਤ ਕਰਨ ਦੇ ਅਸਫਲ ਯਤਨ ਨੂੰ ਵੀ ਧਿਆਨਗੋਚਰੇ ਲਿਆਂਦਾ ਗਿਆ ਹੈ। ਇਨ੍ਹਾਂ ਮਨੌਤਾਂ ਦੇ ਖੰਡਨ ਲਈ ਗਿਆਨੀ ਈਸ਼ਰ ਸਿੰਘ ਨਾਰਾ ਦੀ ਪੁਸਤਕ 'ਇਤਿਹਾਸ ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ' ਵਿਚਲੇ ਤੱਥਾਂ ਨੂੰ ਆਧਾਰ ਬਣਾਇਆ ਗਿਆ ਹੈ।

ਇਨ੍ਹਾਂ ਮਨੌਤਾਂ ਵਿੱਚੋਂ ਪਹਿਲੀ ਮਨੌਤ ਹੈ ਕਿ ਉਦਾਸੀ ਸਿੱਖ ਨਹੀਂ ਹਨ ਬਲਕਿ ਸਾਧੂ ਸੰਪ੍ਰਦਾਇ ਨਾਲ ਸਬੰਧ ਰੱਖਦੇ ਹਨ। ਇੱਥੇ ਇਹ ਵਿਚਾਰਨ ਦੀ ਲੋੜ ਹੈ ਕਿ ਜੇਕਰ ਉਦਾਸੀ ਸਿੱਖ ਧਰਮ ਦਾ ਅੰਗ ਨਾ ਹੁੰਦੇ ਤਾਂ ਸਿੱਖ ਗੁਰੂ ਸਮੇਂ-ਸਮੇਂ 'ਤੇ ਜਾ ਕੇ ਬਾਬਾ ਸ੍ਰੀ ਚੰਦ ਪ੍ਰਤੀ ਅਥਾਹ ਸਤਿਕਾਰ ਅਤੇ ਸਨੇਹ ਪ੍ਰਗਟ ਨਾ ਕਰਦੇ ਅਤੇ ਨਾ ਹੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਆਪਣਾ ਪੁੱਤਰ ਬਾਬਾ ਸ੍ਰੀ ਚੰਦ ਨੂੰ ਭੇਟ ਕਰਦੇ। ਬਾਕੀ ਗੁਰੂ

ਸਾਹਿਬਾਨ ਦੇ ਵੇਲੇ ਅਤੇ ਗੁਰੂ ਸਾਹਿਬਾਨ ਤੋਂ ਬਾਅਦ ਸਿੱਖ ਰਾਜਿਆਂ ਅਤੇ ਸਰਦਾਰਾਂ ਜਾਂ ਸਿੱਖ ਜਨਤਾਂ ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਬਹੁ-ਗਿਣਤੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕਾਰਜ ਵੀ ਇਨ੍ਹਾਂ ਉਦਾਸੀਆਂ ਦੇ ਹੱਥਾਂ ਵਿੱਚ ਨਾ ਦਿੱਤਾ ਜਾਂਦਾ। ਸੋ ਬਿਨਾਂ ਸ਼ੱਕ ਨਿਰਮਲ ਸੰਪ੍ਰਦਾਇ ਵਾਂਗੂੰ ਉਦਾਸੀ ਸੰਪ੍ਰਦਾਇ ਵੀ ਸਿੱਖ ਧਰਮ ਦਾ ਜ਼ਰੂਰੀ ਅੰਗ ਹੈ। ਇਸ ਦੇ ਨਾਲ-ਨਾਲ ਇਹ ਸਿੱਖ ਧਰਮ ਦੇ ਪਹਿਲੇ ਪ੍ਰਚਾਰਕ ਵੀ ਹਨ।

ਦੂਜੀ ਮਨੌਤ ਹੈ ਕਿ ਬਾਬਾ ਸ੍ਰੀ ਚੰਦ ਦੇ ਗੁਰੂ ਅਬਿਨਾਸ਼ੀ ਮੁਨੀ ਹਨ। ਕਿਉਂਕਿ ਉਨ੍ਹਾਂ ਦੀ ਮਾਤ੍ਰਾ ਵਿਚ ਦੋ ਵਾਰ ਇਸ ਦਾ ਜ਼ਿਕਰ ਕੀਤਾ ਮਿਲਦਾ ਹੈ। ਇੱਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਇੱਥੇ ਅਬਿਨਾਸ਼ੀ ਸ਼ਬਦ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਬਲਕਿ 'ਗੁਰੂ ਪਰਮੇਸ਼ਵਰ' ਦੇ ਲਈ ਵਰਤਿਆ ਗਿਆ ਹੈ। ਕਿਉਂਕਿ ਗੁਰਬਾਣੀ ਵਿੱਚ ਅਨੇਕਾਂ ਥਾਂਵਾਂ ਉੱਪਰ 'ਅਬਿਨਾਸ਼ੀ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਜੇਕਰ ਬਾਬਾ ਸ੍ਰੀ ਚੰਦ ਨੇ ਆਪਣੀ 'ਮਾਤਰਾ' ਬਾਣੀ ਵਿੱਚ ਕਿਸੇ ਅਬਿਨਾਸ਼ੀ ਮੁਨੀ ਨੂੰ ਕੇਂਦਰ ਬਣਾਇਆ ਹੈ ਤਾਂ ਸਵਾਲ ਇਹ ਉੱਠਦਾ ਹੈ ਕਿ ਉਸ ਮੁਨੀ ਨੇ ਕੀ ਖੇਲ ਰਚਾਇਆ ਹੈ? ਅਤੇ ਅਗਮ ਨਿਗਮ ਦਾ ਪੰਥ ਕੀ ਦੱਸਿਆ ਹੈ? ਅਸਲ ਵਿੱਚ ਬਾਬਾ ਸ੍ਰੀ ਚੰਦ ਆਪਣੇ ਗੁਰੂ-ਪਿਤਾ ਗੁਰੂ ਨਾਨਕ ਸਾਹਿਬ ਨੂੰ ਹੀ 'ਗੁਰ ਅਬਿਨਾਸ਼ੀ' ਅਸਚਰਜ ਖੇਲ ਵਰਤਾਉਣ ਵਾਲਾ ਅਤੇ ਅਗਮ ਨਿਗਮ ਦਾ ਮਾਰਗ ਦੱਸਣ ਵਾਲਾ ਨਿਸ਼ਚਿਤ ਕਰਕੇ 'ਮਾਤਰਾ' ਬਾਣੀ ਰਚੀ ਹੈ। ਇਸ ਤੋਂ ਬਗੈਰ 'ਗੁਰ ਅਬਿਨਾਸ਼ੀ' ਅਤੇ 'ਅਗਮ ਨਿਗਮ' ਗੁਰਮਤਿ ਵਿੱਚ ਕਾਫ਼ੀ ਪ੍ਰਚਲਿਤ ਸ਼ਬਦ ਹਨ। ਜਿਨ੍ਹਾਂ ਦੀ ਵਰਤੋਂ ਗੁਰ-ਪਰਮੇਸ਼ਵਰ ਅਤੇ ਸਤਿਗੁਰ ਦੇ ਭਾਵ-ਅਰਥਾਂ ਵਿੱਚ ਹੋਈ ਹੈ। ਇਸ ਲਈ ਇਸ ਸ਼ਬਦ ਨੂੰ ਕਿਸੇ ਅਬਿਨਾਸ਼ੀ ਮੁਨੀ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ।

ਤੀਜੀ ਮਨੌਤ ਇਹ ਸਾਹਮਣੇ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਬਾਬਾ ਸ੍ਰੀ ਚੰਦ ਦੇ ਕੇਵਲ ਪਿਤਾ ਮੰਨਿਆ ਹੈ, ਗੁਰੂ ਨਹੀਂ ਮੰਨਿਆ ਕਿਉਂਕਿ ਸ਼ਾਸ਼ਤਰ ਮੁਤਾਬਿਕ ਕੋਈ ਪਿਤਾ ਆਪਣੇ ਪੁੱਤਰ ਦਾ ਗੁਰੂ ਨਹੀਂ ਬਣ ਸਕਦਾ। ਇਸ ਦਲੀਲ ਵਿੱਚ ਕੋਈ ਦਮ ਨਹੀਂ ਹੈ ਕਿਉਂਕਿ ਸਾਮਵੇਦ ਦੇ ਵਿੱਚ ਸਾਫ਼-ਸਾਫ਼ ਲਿਖਿਆ ਹੈ ਕਿ ਆਰਣਿ ਰਿਖੀ ਨੇ ਆਪਣੇ ਪੁੱਤਰ ਸ੍ਵੈਤ ਕੇਤੂ ਨੂੰ ਗੁਰੂ ਰੂਪ ਵਿੱਚ ਗਿਆਨ ਪ੍ਰਦਾਨ ਕਰਾਇਆ ਸੀ। ਵੈਸੇ ਵੀ ਸ਼ਾਸ਼ਤਰਾਂ ਨਾਲੋਂ ਵੇਦਾਂ ਨੂੰ ਵਧੇਰੇ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇੱਕ ਗਿਆਨਵਾਨ ਗੁਰੂ-ਪਿਤਾ ਆਪਣੇ ਹੱਥੀਂ ਪਾਲੇ ਪੁੱਤਰ ਦੀ ਬੁੱਧੀ ਅਤੇ ਸੂਝ-ਬੂਝ ਤੋਂ ਚੰਗੀ ਤਰ੍ਹਾਂ ਵਾਕਿਫ਼ ਹੁੰਦਾ ਹੈ। ਇਸ ਲਈ ਪਿਤਾ ਤੋਂ ਚੰਗਾ ਅਤੇ ਵੱਡਾ ਗੁਰੂ ਹੋਰ ਕੋਈ ਹੋ ਹੀ ਨਹੀਂ ਸਕਦਾ।

ਚੌਥੀ ਮਨੌਤ ਹੈ ਕਿ ਬਾਬਾ ਸ੍ਰੀ ਚੰਦ ਦਾ ਸ਼ਬਦ ਮੰਤ੍ਰ 'ਸੋਹੰ' ਹੈ ਜਦਕਿ ਸਿੱਖਾਂ ਦਾ ਮੂਲ ਮੰਤ੍ਰ ੧ਓ ਸਤਿਨਾਮ ਵਾਲਾ ਹੈ ਅਤੇ ਗੁਰਮੰਤ੍ਰ 'ਵਾਹਿਗੁਰੂ' ਹੈ। ਬਾਬਾ ਸ੍ਰੀ ਚੰਦ ਜੀ ਦੁਆਰਾ ਆਪਣੀ ਮਾਤਰਾ ਬਾਣੀ ਵਿੱਚ ਵਰਤੇ 'ਸੋਹੰ ਜਾਪ ਸਚ ਮਾਲ ਪ੍ਰੋਤੀ' ਸ਼ਬਦ ਨਾਲ ਇਹ ਸਾਬਿਤ ਨਹੀਂ ਹੋ ਜਾਂਦਾ ਹੈ 'ਸੋਹੰ' ਸ਼ਬਦ ਉਨ੍ਹਾਂ ਦਾ ਮੂਲ ਮੰਤ੍ਰ ਜਾਂ ਗੁਰ ਮੰਤ੍ਰ ਹੈ। ਪੂਰਨ ਮਹਾਂਪੁਰਸ਼ ਅਦੈਵਤਵਾਦੀ ਸਿਧਾਂਤ ਉੱਪਰ ਨਿਸ਼ਠਾ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਪਰਮੇਸ਼ਰ ਦੇ ਸਾਰੇ ਨਾਮ ਹੀ ਚੰਗੇ ਲੱਗਦੇ ਹਨ। ਕਿਉਂਕਿ ਉਨ੍ਹਾਂ ਦੀ ਟੇਕ ਕੇਵਲ ਤੇ ਕੇਵਲ ਨਾਮਾਂ ਦੇ ਮਾਲਕ-ਪ੍ਰਭੂ ਉੱਪਰ ਹੀ ਟਿਕੀ ਹੁੰਦੀ ਹੈ ਜਾਂ ਉਨ੍ਹਾਂ ਦੁਆਰਾ ਗ੍ਰਹਿਣ ਕੀਤੇ ਗੁਰਮੰਤ੍ਰ ਉੱਪਰ ਟਿਕੀ ਹੁੰਦੀ ਹੈ। ਪ੍ਰੰਤੂ ਫਿਰ ਵੀ ਜਦੋਂ ਉਹ ਬਾਣੀ ਦਾ ਉਚਾਰਨ ਕਰਦੇ ਹਨ ਤਾਂ ਨਿਰੰਕਾਰ ਦੇ ਢੁੱਕਵੇਂ ਨਾਂ ਨੂੰ ਉੱਥੇ ਵਰਤ ਲੈਂਦੇ ਹਨ। ਇਸੇ ਤਰ੍ਹਾਂ ਬੇਸ਼ੱਕ ਗੁਰੂ ਨਾਨਕ ਸਾਹਿਬ ਦੀ ਸ਼ਬਦ ਟੇਕ ਮੂਲ ਮੰਤ੍ਰ ਹੈ ਪ੍ਰੰਤੂ ਫਿਰ ਵੀ ਉਨ੍ਹਾਂ ਦੀ ਬਾਣੀ ਅੰਦਰ ਪਰਮਾਤਮਾ ਦੇ ਬੇਅੰਤ ਨਾਂ ਆਉਂਦੇ ਹਨ। ਗੁਰੂ ਨਾਨਕ ਸਾਹਿਬ ਨੇ ਵੀ ਸੋਹੰ ਸ਼ਬਦ ਨੂੰ ਕਾਫ਼ੀ ਸਤਿਕਾਰਿਆ ਹੈ। ਸੋ 'ਸੋਹੰ' ਸ਼ਬਦ ਬਾਬਾ ਸ੍ਰੀ ਚੰਦ ਜੀ ਨੂੰ ਵਿਰਸੇ ਵਿੱਚ ਮਿਲਿਆ ਹੈ ਅਤੇ ਉਨ੍ਹਾਂ ਦੀ ਬਾਣੀ ਵਿੱਚ ਇਸ ਸ਼ਬਦ ਦਾ ਆ ਜਾਣਾ ਸੁਭਾਵਿਕ ਹੈ।

ਇਨ੍ਹਾਂ ਮਨੌਤਾਂ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੇ ਗੁਰੂ ਪ੍ਰਤੀ ਵੀ ਮਨੌਤ ਘੜੀ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦੇ ਗੁਰੂ ਪ੍ਰਤੀ ਉਦਾਸੀਆਂ ਦੀ ਮਨੌਤ ਹੈ ਕਿ ਗੁਰੂ ਨਾਨਕ ਸਾਹਿਬ ਨੇ ਸੱਚੇ ਸੌਦੇ ਦੌਰਾਨ ਚੂਹੜਕਾਣੇ ਦੇ ਜੰਗਲ ਵਿੱਚ ਜਿਨ੍ਹਾਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ ਸੀ। ਉਨ੍ਹਾਂ ਵਿੱਚ 'ਮਹੰਤ ਸੰਤ ਰੇਣ' ਨੂੰ ਗੁਰੂ ਨਾਨਕ ਸਾਹਿਬ ਨੇ ਆਪਣਾ ਗੁਰੂ ਧਾਰਨ ਕੀਤਾ ਸੀ। ਉਦਾਸੀਆਂ ਦੀ ਇਹ ਧਾਰਨਾ ਬਿਲਕੁਲ ਗ਼ਲਤ ਹੈ ਕਿਉਂਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਸਪੱਸ਼ਟ ਰੂਪ ਵਿੱਚ ਲਿਖਿਆ ਹੈ ਕਿ ਉਨ੍ਹਾਂ ਦਾ ਗੁਰੂ ਪਾਰਬ੍ਰਹਮ ਪਰਮੇਸ਼ਵਰ ਹੈ। ਜਦੋਂ ਗੁਰੂ ਨਾਨਕ ਸਾਹਿਬ ਨੂੰ ਸੁਮੇਰ ਪਰਬਤ ਉੱਪਰ ਸਿੱਧਾਂ ਨੇ ਪੁੱਛਿਆ ਸੀ ਕਿ "ਕਉਣ ਗੁਰੂ ਕਿਸਕਾ ਤੂੰ ਚੇਲਾ" ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ ਸੀ- "ਸ਼ਬਦ ਗੁਰੂ ਸੁਰਤ ਧੁਨ ਚੇਲਾ" ਇੱਥੇ ਗੁਰੂ ਸਾਹਿਬ ਦਾ ਸ਼ਬਦ ਗੁਰੂ ਤੋਂ ਭਾਵ ਨਾਮੀ ਪਰਮੇਸ਼ਵਰ ਦੇ ਨਾਮ ਤੋਂ ਹੈ। ਇਸ ਪ੍ਰਕਾਰ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਪਾਰਬ੍ਰਹਮ ਨਿਰੰਕਾਰ ਹੈ।

ਇਸ ਉਪਰੰਤ ਇਸ ਅਧਿਆਇ ਵਿੱਚ ਚਾਰ ਧੂਣਿਆਂ (ਧੂਣਾ ਬਾਬਾ ਅਲਮਸਤ ਜੀ, ਧੂਣਾ ਬਾਬਾ ਬਾਲੂ ਹਸਨਾ ਜੀ, ਧੂਣਾ ਗੋਇੰਦ ਸਾਹਿਬ, ਧੂਣਾ ਫੂਲ ਸਾਹਿਬ) ਅਤੇ ਛੇ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ

ਭਗਵਾਨੀਏ, ਸੰਗਤ ਸਾਹਿਬੀਏ, ਮੀਹਾਂ ਸ਼ਾਹੀਏ, ਬਖ਼ਤ ਮੱਲੀਏ, ਜੀਤ ਮੱਲੀਏ) ਦੁਆਰਾ ਉਦਾਸੀ ਸੰਪਰਦਾਇ ਦੇ ਵਿਕਾਸ ਵਿੱਚ ਪਾਏ ਯੋਗਦਾਨ ਨੂੰ ਵਿਸਥਾਰਪੂਰਵਕ ਪ੍ਰਗਟਾਇਆ ਗਿਆ ਹੈ। ਇਸ ਵਿਕਾਸ ਕ੍ਰਮ ਵਿੱਚ ਬਾਬਾ ਸ੍ਰੀ ਚੰਦ ਦੇ ਬਾਕੀ ਗੁਰੂ ਸਾਹਿਬਾਨਾਂ ਨਾਲ ਸਬੰਧਾਂ ਨੂੰ ਵਾਚਣ ਦਾ ਯਤਨ ਵੀ ਕੀਤਾ ਗਿਆ ਹੈ। ਇਹ ਸਬੰਧ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਸਾਹਿਬ ਤੱਕ ਫ਼ੈਲੇ ਹੋਏ ਹਨ। ਇਹ ਸਬੰਧ ਕਾਫ਼ੀ ਗੂੜ੍ਹੇ, ਸੁਖਾਵੇਂ, ਸਨੇਹ-ਭਰਪੂਰ ਅਤੇ ਸਤਿਕਾਰਤ ਸਨ। 1704ਈ. ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਉਨ੍ਹਾਂ ਨੇ ਸੀਸ ਗੰਜ ਸਾਹਿਬ ਅਤੇ ਕੇਸਗੜ੍ਹ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ਵੀ ਗੁਰਬਖਸ਼ ਉਦਾਸੀ ਨੂੰ ਸੌਂਪਿਆ ਸੀ। ਇੰਨਾ ਹੀ ਨਹੀਂ ਭੰਗਾਣੀ ਦੇ ਯੁੱਧ ਵਿੱਚ ਮਹੰਤ ਕਿਰਪਾਲ ਦਾਸ ਉਦਾਸੀ ਦੁਆਰਾ ਹਯਾਤ ਖ਼ਾਂ ਨੂੰ ਆਪਣੇ ਕੁਤਕੇ ਨਾਲ ਮੌਤ ਦੇ ਘਾਟ ਉਤਾਰਨ ਦੇ ਇਸ ਸਾਹਸਪੂਰਨ ਦ੍ਰਿਸ਼ ਨੂੰ ਗੁਰੂ ਗੋਬਿੰਦ ਸਿੰਘ ਨੇ 'ਬਚਿੱਤਰ ਨਾਟਕ' ਵਿੱਚ ਬਿਆਨ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਇਨ੍ਹਾਂ ਮਹੰਤਾਂ ਨੇ ਸੰਮਤ 1770 ਤੱਕ ਗੁਰੂ ਨਾਨਕ ਮੱਤ ਦਾ ਪ੍ਰਚਾਰ ਰੂਸ ਤੱਕ ਕਰਨ ਦਾ ਯਤਨ ਕੀਤਾ। ਜਿਸਦੀ ਖੋਜ 'ਰਾਇਲ ਏਸ਼ੀਆਟਕ ਸੁਸਾਇਟੀ' ਦੇ ਮੈਂਬਰ ਐਚ. ਬਲੈਟਾਂਇਨ ਅਲੇਕ ਜ਼ੰਡਰ ਡਯੂਮਾਂ ਨੇ (ਸੋਵੀਅਤ) ਬਾਕੂ ਜਵਾਲਾ ਮੰਦਰ ਦੀ ਪੂਰੀ ਖੋਜ ਕਰਦਿਆਂ ਕੀਤੀ ਸੀ। ਉਸ ਨੇ ਰੂਸ ਦੇ ਪੁਰਾਤੱਤਵ ਵਿਭਾਗ ਜਿਸ ਦਾ ਨਾਂ 'ਰੂਸੀ ਅਜ਼ਰ ਬੇਜ਼ਾਨ ਪ੍ਰਾਤੱਤ੍ਰ ਵਿਭਾਗ' ਸੀ। ਇਸ ਵਿਭਾਗ ਪਾਸੋਂ ਉਸ ਨੇ ਮੰਦਰ ਦੇ ਪੱਥਰਾਂ ਉੱਪਰ ਵੱਖ-ਵੱਖ ਭਾਸ਼ਾਵਾਂ ਵਿੱਚ ਉੱਕਰੇ ਅੱਖਰਾਂ ਦੀਆਂ 16 ਫੋਟੋਆਂ ਲੈ ਕੇ ਵੇਖੀਆਂ। ਇਨ੍ਹਾਂ ਪੱਥਰਾਂ ਉੱਪਰ 13 ਅੱਖਰ ਦੇਵਨਾਗਰੀ ਭਾਸ਼ਾ ਦੇ, 1 ਪਾਰਸੀ ਭਾਸ਼ਾ ਦਾ ਅਤੇ 2 ਅੱਖਰ ਪੰਜਾਬੀ(ਗੁਰਮੁਖੀ)ਭਾਸ਼ਾ ਵਿੱਚ ਲਿਖੇ ਮਿਲੇ। ਪੰਜਾਬੀ ਭਾਸ਼ਾ ਵਿੱਚ ਉੱਕਰੇ ਦੋ ਪੱਥਰਾਂ ਉੱਪਰ ਉਦਾਸੀ ਸੰਤਾਂ ਦੁਆਰਾ ਗੁਰਮੁਖੀ ਵਿੱਚ ਮੂਲ-ਮੰਤਰ ਲਿਖਿਆ ਗਿਆ। ਉਨ੍ਹਾਂ ਨੇ ਨਾਲ ਹੀ ਆਪਣਾ ਨਾਂ ਪਤਾ ਵੀ ਲਿਖਿਆ ਹੈ। ਦੂਸਰੇ ਪੱਥਰ ਉੱਪਰ ਵੀ ਸਾਰਾ ਮੂਲ ਮੰਤਰ ਅਤੇ ਵਾਹਿਗੁਰੂ ਗੁਰਮੰਤਰ ਲਿਖ ਕੇ ਫੇਰ ਸਿਰਫ਼ "ਬਾਵਾ ਕਾ ਚੇਲਾ ਧਰਮ ਕੀ ਜਗਾ ਬਨਾਈ॥" ਲਿਖਿਆ ਹੈ।

ਇਸ ਪ੍ਰਕਾਰ ਉਦਾਸੀ ਸਿੱਖਾਂ ਨੇ ਰੂਸ ਦੀ ਜਨਤਾ ਨੂੰ ਵੀ ਮੂਲ ਮੰਤਰ ਅਤੇ ਗੁਰਮੰਤਰ ਤੋਂ ਜਾਣੂ ਕਰਵਾਇਆ ਨਾਲ ਹੀ ਉਸ ਧਰਤੀ ਉੱਪਰ ਧਾਰਮਿਕ ਅਸਥਾਨਾਂ ਦੀ ਸਥਾਪਨਾ ਵੀ ਕੀਤੀ। ਜੋ ਕਿ ਹੁਣ ਤੱਕ ਮੌਜੂਦ ਹਨ।

ਉਦਾਸੀ ਸੰਤਾਂ ਨੇ ਕੇਵਲ ਭਾਰਤ ਤੋਂ ਬਾਹਰ ਹੀ ਨਹੀਂ ਬਲਕਿ ਭਾਰਤ ਵਿੱਚ ਵੀ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਰਜ ਕੀਤਾ। ਇਨ੍ਹਾਂ ਨੂੰ ਸਿੱਖ ਧਰਮ ਦੇ ਚਾਨਣ-ਮੁਨਾਰੇ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਨੇ ਸਿੱਖ ਧਰਮ ਦੀ ਜੋਤ ਨੂੰ ਉਸ ਸਮੇਂ ਵਿੱਚ ਵੀ ਜਗਾਈ ਰੱਖਿਆ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਅਤੇ ਸਿੱਖ ਜੰਗਲਾਂ ਵਿਚ ਲੁਕ ਕੇ ਮੁਗਲਾਂ ਦਾ ਟਾਕਰਾ ਕਰਦੇ ਸਨ।

ਪ੍ਰੰਤੂ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਸਿੱਖਾਂ ਅਤੇ ਉਦਾਸੀਆਂ ਦੇ ਆਪਸੀ ਸੰਬੰਧਾਂ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਲੈ ਕੇ ਬੜਾ ਵੱਡਾ ਪਰਿਵਰਤਨ ਵਾਪਰਿਆ। ਜਿਸ ਦੇ ਸਿੱਟੇ ਵਜੋਂ ਕਈ ਮੋਰਚੇ ਲੱਗੇ। ਜਿਨ੍ਹਾਂ ਵਿੱਚੋਂ ਬਾਬੇ ਦੀ ਬੇਰ ਦਾ ਮੋਰਚਾ, ਗੁਰਦੁਆਰਾ ਤਰਨ ਤਾਰਨ ਦਾ ਮੋਰਚਾ, ਨਨਕਾਣਾ ਸਾਹਿਬ ਦਾ ਮੋਰਚਾ, ਗੁਰੂ ਕੇ ਬਾਗ਼ ਦਾ ਮੋਰਚਾ ਆਦਿ ਪ੍ਰਮੁੱਖ ਹਨ। ਇਹਨਾਂ ਮੋਰਚਿਆਂ ਸਬੰਧੀ ਜਾਣਕਾਰੀ ਇਸ ਅਧਿਆਇ ਵਿਚ ਪ੍ਰਦਾਨ ਕਰਵਾਈ ਗਈ ਹੈ। ਇਸ ਅਧਿਆਇ ਦੇ ਅੰਤ ਵਿੱਚ ਇਹੀ ਸਿੱਟਾ ਕੱਢਿਆ ਗਿਆ ਹੈ ਕਿ ਉਦਾਸੀਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਪਾਏ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸਿੱਖ ਧਰਮ ਦੀ ਨਿਰੰਤਰਤਾ ਵਿੱਚ ਵੇਖੇ ਜਾਣ ਦੀ ਲੋੜ ਹੈ। ਸੋ ਉਦਾਸੀ ਸੰਪਰਦਾ ਨੂੰ ਸਿੱਖ ਧਰਮ ਦਾ ਪ੍ਰਥਮ ਸੰਗਠਿਤ ਪ੍ਰਚਾਰਕ ਸਕੂਲ ਮੰਨਣ ਵਿੱਚ ਦੋ ਰਾਵਾਂ ਨਹੀਂ ਹੋਣੀਆਂ ਚਾਹੀਦੀਆਂ।

ਖੋਜ ਪ੍ਰਬੰਧ ਦਾ ਦੂਜਾ ਅਧਿਆਇ **'ਉਦਾਸੀ ਸੰਪ੍ਰਦਾਇ ਸੰਬੰਧੀ ਪ੍ਰਾਪਤ ਖੋਜ-ਕਾਰਜਾਂ ਦਾ ਸਰਵੇਖਣ'** ਹੈ। ਜੇਕਰ ਉਦਾਸੀ ਸੰਪ੍ਰਦਾਇ ਸਬੰਧੀ ਹੋਏ ਉਪਾਧੀ ਸਾਪੇਖ ਖੋਜ-ਕਾਰਜਾਂ ਨੂੰ ਵੇਖਿਆ ਜਾਵੇ ਤਾਂ ਇਸ ਸੰਪ੍ਰਦਾਇ ਉੱਪਰ 2 ਡੀ.ਲਿਟ. ਦੇ ਖੋਜ-ਪ੍ਰਬੰਧ, 17 ਪੀਐਚ.ਡੀ. ਦੇ ਸ਼ੋਧ ਪ੍ਰਬੰਧ, 1 ਐਮ.ਫਿਲ. ਦਾ ਨਿਬੰਧ-ਪ੍ਰਬੰਧ ਅਤੇ 1 ਐਮ.ਏ. ਪੱਧਰ ਉੱਪਰ ਖੋਜ-ਕਾਰਜ ਹੋਇਆ ਮਿਲਦਾ ਹੈ। ਇਨ੍ਹਾਂ ਖੋਜ-ਕਾਰਜਾਂ ਵਿੱਚ ਜ਼ਿਆਦਾਤਰ ਖੋਜ-ਕਾਰਜ ਉਦਾਸੀਨ ਕਵੀਆਂ ਉੱਪਰ ਹੋਏ ਮਿਲਦੇ ਹਨ। ਜਿਵੇਂ-ਕਵੀ ਸੰਤ ਰੇਣ, ਕਵੀ ਗੰਗਾਦਾਸ, ਕਵੀ ਨਿਗਮਾਨੰਦ ਅਤੇ ਕਵੀ ਗੋਪਾਲਦਾਸ (ਕ੍ਰਿਸ਼ਨ ਕਵੀ) ਆਦਿ। ਇਨ੍ਹਾਂ ਖੋਜ ਕਾਰਜਾਂ ਵਿੱਚ

ਇਨ੍ਹਾਂ ਉਦਾਸੀਨ ਕਵੀਆਂ ਦੀਆਂ ਰਚਨਾਵਾਂ ਨੂੰ ਗਿਣਾਤਮਕ ਅਤੇ ਗੁਣਾਤਮਕ ਦੋਨਾਂ ਪੱਖਾਂ ਤੋਂ ਇਤਿਹਾਸਕ ਮਹੱਤਵ ਵਾਲੀਆਂ ਘੋਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ। ਜਿੱਥੋਂ ਤੱਕ ਇਸ ਸੰਪਰਦਾ ਨਾਲ ਸਬੰਧਿਤ ਉਪਾਧੀ ਨਿਰਪੇਖ ਖੋਜ-ਕਾਰਜਾਂ ਦਾ ਸਵਾਲ ਹੈ ਤਾਂ ਇਸ ਸੰਪਰਦਾ ਨਾਲ ਜੁੜੀਆਂ ਲਗਪਗ 22 ਆਲੋਚਨਾਤਮਕ ਪੁਸਤਕਾਂ ਸਾਹਮਣੇ ਆਉਂਦੀਆਂ ਹਨ। ਜਿਨ੍ਹਾਂ ਵਿੱਚੋਂ 13 ਪੁਸਤਕਾਂ ਪੰਜਾਬੀ ਭਾਸ਼ਾ ਵਿੱਚ, 8 ਪੁਸਤਕਾਂ ਹਿੰਦੀ ਭਾਸ਼ਾ ਵਿੱਚ ਅਤੇ 1 ਪੁਸਤਕ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ 3 ਖੋਜ ਪੱਤ੍ਰਿਕਾ, 1 ਆਲੋਚਨਾ, 1 ਪੰਜਾਬੀ ਦੁਨੀਆਂ, 2 ਨਾਨਕ ਪ੍ਰਕਾਸ਼ ਪੱਤ੍ਰਿਕਾ, 3 ਪੰਜਾਬ ਹਿਸਟਰੀ ਕਾਨਫ਼ਰੰਸ ਪਰੋਸੀਡਿੰਗਜ਼ ਵਿਚਲੇ ਖੋਜ-ਪੱਤਰ ਵੀ ਉਪਾਧੀ ਨਿਰਪੇਖ ਖੋਜ-ਕਾਰਜ ਵਿੱਚ ਸ਼ਾਮਲ ਹਨ। ਇਨ੍ਹਾਂ ਖੋਜ-ਕਾਰਜਾਂ ਵਿੱਚ ਆਲੋਚਨਾਤਮਕ ਪੁਸਤਕਾਂ ਦਾ ਕੇਂਦਰ ਬਿੰਦੂ ਉਦਾਸੀ ਸੰਪਰਦਾਇ ਦਾ ਇਤਿਹਾਸ ਰਿਹਾ ਹੈ। ਪ੍ਰੰਤੂ ਡਾ. ਰਤਨ ਸਿੰਘ ਜੱਗੀ ਦੁਆਰਾ ਸੰਪਾਦਿਤ ਕੀਤੇ 'ਗੁਰਬਾਣੀ ਟੀਕੇ : ਆਨੰਦਘਨ' ਅਤੇ 'ਆਸਾ ਦੀ ਵਾਰ ਦਾ ਟੀਕਾ' ਇਸ ਖੋਜ-ਕਾਰਜ ਦਾ ਰੁਖ਼ ਉਦਾਸੀ ਵਿਆਖਿਆਕਾਰੀ ਵੱਲ ਮੋੜਦੇ ਹਨ। ਇਨ੍ਹਾਂ ਪੁਸਤਕਾਂ ਰਾਹੀਂ ਸੁਆਮੀ ਆਨੰਦਘਨ ਦੀ ਵਿਆਖਿਆਕਾਰੀ ਦੇ ਵੱਖਰੇ-ਵੱਖਰੇ ਪਹਿਲੂਆਂ ਨੂੰ ਜਾਣਨ ਵਿੱਚ ਸਹਾਇਤਾ ਮਿਲੀ ਹੈ ਅਤੇ ਨਾਲ ਹੀ ਉਦਾਸੀ ਸੰਪਰਦਾ ਦੁਆਰਾ ਕੀਤੀ ਟੀਕਾਕਾਰੀ ਦੀ ਗੁਰਬਾਣੀ ਪ੍ਰਤੀ ਭਾਵ-ਭੂਮੀ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ।

ਖੋਜ ਪ੍ਰਬੰਧ ਦੇ ਤੀਸਰੇ ਅਧਿਆਇ **'ਵਿਆਖਿਆਕਾਰੀ : ਸਿਧਾਂਤਕ ਪੱਖ'** ਵਿੱਚ ਵਿਆਖਿਆਕਾਰੀ ਦੇ ਸਿਧਾਂਤਕ ਪੱਖ ਉੱਪਰ ਚਾਨਣਾ ਪਾਇਆ ਗਿਆ ਹੈ। ਇਸ ਅਧਿਆਇ ਵਿੱਚ ਵਿਆਖਿਆਕਾਰੀ, ਵਿਆਖਿਆਕਾਰੀ : ਅਰਥ ਵਿਸਥਾਰ, ਵਿਆਖਿਆ ਸ਼ਾਸਤਰ, ਵਿਆਖਿਆ ਸ਼ਾਸਤਰ ਦਾ ਕਾਰਜ ਖੇਤਰ, ਪਾਠ (text), ਪ੍ਰਵਚਨ (Discouse), ਪ੍ਰਵਚਨ ਕਰਤਾ/ਪ੍ਰਚਾਰਕ, ਸੰਵਾਦਕਰ/ਸੰਵਾਦਕਰਤਾ, ਭਾਰਤੀ ਪ੍ਰਵਚਨ ਸ਼ਾਸਤਰ ਤੋਂ ਇਲਾਵਾ ਭਾਰਤੀ ਵਿਆਖਿਆਕਾਰੀ ਦੇ ਵਿਭਿੰਨ ਪਾਸਾਰ/ਵਿਭਿੰਨ ਪੱਧਤੀਆਂ (ਨਿਰੁਕਤੀ, ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ, ਉਲਥਾਕਾਰੀ ਅਤੇ ਟੀਕਾਕਾਰੀ) ਆਦਿ ਸਿਰਲੇਖਾਂ ਅਧੀਨ ਵਿਆਖਿਆਕਾਰੀ ਨਾਲ ਜੁੜੇ ਤਕਰੀਬਨ ਹਰ ਪੱਖ ਨੂੰ ਸਪੱਸ਼ਟਤਾ ਸਹਿਤ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

ਸਭ ਤੋਂ ਪਹਿਲਾਂ 'ਵਿਆਖਿਆ' ਸੰਕਲਪ ਸਬੰਧੀ ਵੱਖ-ਵੱਖ ਵਿਦਵਾਨਾਂ ਦੁਆਰਾ ਪਰਿਭਾਸ਼ਕ ਰੂਪ ਵਿੱਚ ਪ੍ਰਗਟਾਏ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ 'ਵਿਆਖਿਆ' ਸੰਕਲਪ ਸਬੰਧੀ ਇਹੀ ਤੱਥ ਉੱਭਰ ਕੇ ਸਾਹਮਣੇ ਆਇਆ ਹੈ ਕਿ ਵਿਆਖਿਆਕਾਰੀ ਦਾ ਮੁੱਖ ਮਕਸਦ ਕਠਿਨ ਅਤੇ ਗੁੱਝੇ ਅਰਥਾਂ ਨੂੰ ਸਰਲਤਾ ਅਤੇ ਸਪੱਸ਼ਟਤਾ ਸਹਿਤ ਪ੍ਰਗਟਾਉਣਾ ਹੁੰਦਾ ਹੈ। ਧਰਮ ਗ੍ਰੰਥਾਂ ਦੀ ਵਿਆਖਿਆ ਸਮੇਂ ਇਹ ਪ੍ਰਕਿਰਿਆ ਕਾਫ਼ੀ ਜਟਿਲ ਹੋ ਜਾਂਦੀ ਹੈ।

'ਵਿਆਖਿਆ' ਸੰਕਲਪ ਤੋਂ ਬਾਅਦ 'ਵਿਆਖਿਆ' ਅਤੇ 'ਵਿਆਖਿਆ ਸ਼ਾਸਤਰ ਦੀ ਆਪਸੀ ਸਾਂਝ ਨੂੰ ਦੇਖਦਿਆਂ ਇਹੀ ਸਪੱਸ਼ਟ ਹੋਇਆ ਹੈ ਕਿ 'ਵਿਆਖਿਆ ਸ਼ਾਸਤਰ' ਵਿੱਚ ਵਿਆਖਿਆਕਾਰੀ ਨਾਲ ਸਬੰਧਿਤ ਸਾਰੇ ਸਿਧਾਂਤਾਂ ਨੂੰ ਸੰਗ੍ਰਹਿਤ ਕਰਕੇ ਵਿਆਖਿਆਕਾਰੀ ਲਈ ਇੱਕ ਦ੍ਰਿਸ਼ਟੀ ਪ੍ਰਦਾਨ ਕਰਵਾਈ ਜਾਂਦੀ ਹੈ। ਅਸਲ ਵਿੱਚ ਇਹ ਵਿਆਖਿਆਕਾਰੀ ਦੀ ਅਧਾਰ-ਭੂਮੀ ਵਜੋਂ ਕਾਰਜ ਕਰਦਾ ਹੈ। ਇਸ ਦਾ ਸਬੰਧ ਵਿਆਖਿਆਕਾਰੀ ਦੀਆਂ ਸਮੱਸਿਆਵਾਂ, ਸਿਧਾਂਤਾਂ ਅਤੇ ਉਦੇਸ਼ਾਂ ਨਾਲ ਵੀ ਹੈ। ਇਸ ਲਈ ਵਿਆਖਿਆ ਸ਼ਾਸਤਰ ਨੂੰ ਵਿਆਖਿਆਕਾਰੀ ਦੀ ਇੱਕ ਵਿਧਾ, ਅੰਤਰਦ੍ਰਿਸ਼ਟੀ, ਵਿਗਿਆਨ ਅਤੇ ਗਿਆਨ-ਅਨੁਸ਼ਾਸ਼ਨ ਦੇ ਰੂਪ ਵਿੱਚ ਵੀ ਵੇਖਿਆ ਜਾਂਦਾ ਹੈ।

ਧਾਰਮਿਕ ਗ੍ਰੰਥਾਂ ਦੇ ਪਾਠਾਂ ਨੂੰ ਵਿਖਿਆਉਣ ਲਈ ਵਿਆਖਿਆ ਸ਼ਾਸਤਰੀ ਪਰੰਪਰਾ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਹੈ। ਬਾਈਬਲ ਦੀ ਵਿਆਖਿਆ ਕਰਨ ਵਾਲੀ ਵਿਆਖਿਆ ਸ਼ਾਸਤਰੀ ਵਿਧੀ ਨੂੰ 'ਹਰਮੇਨਿਉਟਿਕਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜਦਕਿ ਵੇਦਾਂ ਦੀ ਵਿਆਖਿਆ ਕਰਨ ਵਾਲੇ ਵਿਆਖਿਆ ਸ਼ਾਸਤਰੀ ਸਕੂਲ ਨੂੰ ਮੀਮਾਂਸਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪਾਠ (Text) ਦਾ ਵਿਆਖਿਆਕਾਰੀ ਨਾਲ ਅਤਿ ਨੇੜਲਾ ਸਬੰਧ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਵਿਆਖਿਆਕਾਰੀ ਦੀ ਉਤਪੱਤੀ ਨਿਰਭਰ ਹੀ ਪਾਠ ਉੱਪਰ ਕਰਦੀ ਹੈ। ਪਾਠ ਸ਼ਬਦ ਦੇ ਮਾਧਿਅਮ ਰਾਹੀਂ ਸਿਰਜੀ ਗਈ ਇੱਕ ਅਜਿਹੀ ਸਾਰਥਕ ਰਚਨਾ ਹੁੰਦੀ ਹੈ, ਜਿਸ ਦਾ ਸਬੰਧ ਪੜ੍ਹਨਯੋਗ ਰਚਨਾ ਜਾਂ ਲਿਖਤ ਨਾਲ ਵੀ ਹੁੰਦਾ ਹੈ ਅਤੇ ਰਚਨਾ ਦੇ ਸੰਗਠਿਤ ਪ੍ਰਬੰਧ ਨਾਲ ਵੀ ਹੁੰਦਾ ਹੈ। ਪਾਠ ਇੱਕ ਆਧਾਰ ਵਸਤੂ ਹੈ ਜਦਕਿ ਵਿਆਖਿਆਕਾਰੀ ਇਸ ਅਧਾਰ ਵਸਤੂ ਉੱਪਰ ਉਸਰੀ ਅਗਲੀ ਵਿਸਥਾਰਕ ਸਿਰਜਣਾ ਹੁੰਦੀ ਹੈ।

ਵਚਨ ਅਤੇ ਪ੍ਰਵਚਨ, ਵਿਆਖਿਆ ਖੇਤਰ ਦੇ ਨਾਲ-ਨਾਲ ਦਰਸ਼ਨ ਅਤੇ ਨੀਤੀ ਸ਼ਾਸਤਰ ਦੇ ਕਾਫ਼ੀ ਜਾਣੇ-ਪਛਾਣੇ ਸੰਕਲਪ ਹਨ। ਵਚਨ ਵਿੱਚ ਸਧਾਰਣ ਵਾਰਤਾਲਾਪ ਤੋਂ ਲੈ ਕੇ ਸਾਰਥਕ ਕਥਨ ਦੇ ਅਰਥਾਂ ਤੱਕ ਪਹੁੰਚ ਕੀਤੀ ਜਾਂਦੀ ਹੈ ਜਦਕਿ ਪ੍ਰਵਚਨ ਕਿਸੇ ਮਹਾਂਪੁਰਖ ਦੇ ਮੁਖਾਰਬਿੰਦ ਵਿੱਚੋਂ ਉਚਰੇ ਅਜਿਹੇ ਸ਼ਬਦ ਹੁੰਦੇ ਹਨ ਜਿਨ੍ਹਾਂ ਵਿੱਚ ਕਿਸੇ ਦੈਵੀ, ਰੱਬੀ ਅਤੇ ਪਰਾਲੌਕਿਕ ਸੰਦੇਸ਼ ਨੂੰ ਪ੍ਰਸਤੁਤ ਕੀਤਾ ਜਾਂਦਾ ਹੈ। ਪ੍ਰਵਚਨ ਦਾ ਘੇਰਾ ਕਾਫ਼ੀ ਵਿਸ਼ਾਲ ਹੈ ਇਸ ਦਾ ਸਬੰਧ ਸਾਹਿਤ, ਦਰਸ਼ਨ, ਭਾਸ਼ਾ ਵਿਗਿਆਨ ਆਦਿ ਨਾਲ ਜਾ ਜੁੜਦਾ ਹੈ।

ਕਿਸੇ ਪਾਠ ਦੀ ਕੀਤੀ ਗਈ ਵਿਆਖਿਆ ਨੂੰ ਜਗਿਆਸੂਆਂ ਤੱਕ ਲੈ ਕੇ ਜਾਣ ਵਿੱਚ ਪ੍ਰਵਚਨ ਕਰਤਾ ਅਤੇ ਸੰਵਾਦਕਰਤਾ ਦੀ ਅਹਿਮ ਭੂਮਿਕਾ ਹੁੰਦੀ ਹੈ। ਪ੍ਰਚਾਰਕ ਜਾਂ ਪ੍ਰਵਚਨ ਕਰਤਾ ਪੈਗੰਬਰਾਂ ਦੀ ਬੋਲੀ ਸਮਝਣ ਵਾਲਾ ਅਜਿਹਾ ਪਾਰਖੂ ਵਿਆਖਿਆਕਾਰ ਜਾਂ ਧਰਮ ਚਿੰਤਕ ਹੁੰਦਾ ਹੈ, ਜੋ ਕਿ ਗੂੜ੍ਹ ਗਿਆਨ ਵਾਲੀਆਂ ਪਵਿੱਤਰ ਰਚਨਾਵਾਂ ਨੂੰ ਸਰਲ ਬੋਲੀ ਵਿੱਚ ਜਗਿਆਸੂ ਦੇ ਸਨਮੁੱਖ ਪੇਸ਼ ਕਰਦਾ ਹੈ। ਇੱਕ ਸਫ਼ਲ ਸੰਵਾਦਕਾਰ ਵਿਚਾਰ-ਵਟਾਂਦਰੇ, ਗੋਸ਼ਟੀ ਅਤੇ ਬਹਿਸ ਰਾਹੀਂ ਦੂਸਰੀ ਧਿਰ ਨਾਲ ਗਿਆਨ ਦਾ ਆਦਾਨ-ਪ੍ਰਦਾਨ ਕਰਦਾ ਹੈ। ਸੰਵਾਦ ਜਾਂ ਗੋਸ਼ਟਿ ਦਾ ਆਦਰਸ਼ਕ ਰੂਪ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿੱਧ ਗੋਸ਼ਟਿ' ਦੇ ਅੰਤਰਗਤ ਪੇਸ਼ ਹੋਇਆ ਹੈ।

ਇਸ ਅਧਿਆਇ ਦੇ ਅੰਤ ਵਿੱਚ ਭਾਰਤੀ ਵਿਆਖਿਆਕਾਰੀ ਦੇ ਵਿਭਿੰਨ ਪਾਸਾਰਾਂ ਜਾਂ ਵਿਭਿੰਨ ਪੱਧਤੀਆਂ ਜਿਵੇਂ ਨਿਰੁਕਤੀ, ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ, ਉਲਥਾਕਾਰੀ, ਟੀਕਾਕਾਰੀ, ਭਾਸ਼, ਵ੍ਰਿਤੀ ਅਤੇ ਪਰਮਾਰਥ ਆਦਿ ਨੂੰ ਸਿਧਾਂਤਕ ਅਤੇ ਵਿਹਾਰਕ ਪੱਖੋਂ ਵਿਚਾਰਿਆ ਗਿਆ ਹੈ। ਵਿਹਾਰਕ ਪੱਖੋਂ ਇਹ ਪਹੁੰਚ ਵਿਧੀਆਂ ਇਕਸਾਰ ਅਰਥਾਂ ਦਾ ਗਿਆਨ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ ਪ੍ਰੰਤੂ ਸਿਧਾਂਤਕ ਪੱਖੋਂ ਇਹਨਾਂ ਵਿੱਚ ਵੱਖਰਤਾ ਪਾਈ ਜਾਂਦੀ ਹੈ।

ਇਸ ਖੋਜ ਕਾਰਜ ਦਾ ਕੇਂਦਰੀ ਬਿੰਦੂ ਚੌਥਾ ਅਧਿਆਇ ਹੈ। ਇਸ ਅਧਿਆਇ ਦਾ ਨਾਮ '**ਗੁਰਬਾਣੀ ਦੀ ਉਦਾਸੀ ਵਿਆਖਿਆਕਾਰੀ : ਨਿਖੜਵੇਂ ਪਹਿਲੂ**' ਹੈ। ਸਭ ਤੋਂ ਪਹਿਲਾਂ ਇਸ ਅਧਿਆਇ ਵਿੱਚ ਗੁਰਬਾਣੀ ਦੇ ਉਦਾਸੀ ਵਿਆਖਿਆਕਾਰਾਂ ਨੂੰ ਦੋ ਕਾਲਖੰਡਾਂ ਵਿੱਚ ਵੰਡ ਕੇ ਵਰਗੀਕ੍ਰਿਤ ਕੀਤਾ ਗਿਆ ਹੈ। ਇਹ ਕਾਲਖੰਡ ਹਨ:

**(ੳ) ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰ**

**(ਅ) ਗੁਰੂ ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰ।**

ਗੁਰੂ ਕਾਲ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਬਾਬਾ ਸ੍ਰੀ ਚੰਦ ਜੀ (1494-1643) ਬਾਬਾ ਗੁਰਦਿੱਤਾ ਜੀ (1613-1688), ਚਾਰ ਧੂਣਿਆਂ (ਬਾਬਾ ਅਲਮਸਤ, ਬਾਲੂ ਹਸਨਾ, ਫੂਲਸ਼ਾਹ ਅਤੇ ਗੋਇੰਦ ਜੀ) ਅਤੇ ਛੇ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਮੀਹਾਂ ਸ਼ਾਹੀਏ, ਬਖ਼ਤਮੱਲੀਏ ਅਤੇ ਜੀਤ ਮੱਲੀਏ) ਨਾਲ ਸਬੰਧਿਤ ਉਦਾਸੀ ਸਾਧੂਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਉਨ੍ਹਾਂ ਸਾਧੂਆਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਗੁਰੂ ਸਾਹਿਬਾਨ ਤੋਂ ਪਿੱਛੋਂ ਹੋਏ ਹਨ। ਇਨ੍ਹਾਂ ਨੂੰ ਆਧੁਨਿਕ ਯੁੱਗ ਦੇ ਉਦਾਸੀ ਵਿਆਖਿਆਕਾਰਾਂ ਦੀ ਕੋਟੀ ਵਿੱਚ ਵੀ ਰੱਖਿਆ ਜਾ ਸਕਦਾ ਹੈ। ਇਹ ਵਿਆਖਿਆਕਾਰ-ਸਾਧੂ ਆਨੰਦਘਨ, ਸਾਧੂ ਸਦਾਨੰਦ, ਪੰਡਿਤ ਹਰਿ ਪ੍ਰਸਾਦ ਵੈਦਿਕ ਮੁਨੀ, ਬਿਸ਼ਨ ਦਾਸ ਉਦਾਸੀ, ਪਰਮਾਨੰਦ ਆਦਿ ਹਨ।

ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆਤਮਕ ਪ੍ਰਵਿਰਤੀ ਨੂੰ ਦੇਖਣ ਲਈ ਉਨ੍ਹਾਂ ਦੀਆਂ ਚਾਰ ਪ੍ਰਮੁੱਖ ਬਾਣੀਆਂ (1) ਆਰਤਾ (2) ਸਹੰਸਰਨਾਮਾ (3) ਗੁਰ ਗਾਇਤ੍ਰੀ (4) ਮਾਤ੍ਰਾ ਬਾਣੀ ਨੂੰ ਅਧਾਰ ਸ੍ਰੋਤ ਬਣਾਇਆ ਗਿਆ ਹੈ। ਭਾਈ ਗੁਰਦਾਸ ਜੀ ਵਾਂਗ ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆਕਾਰੀ ਵੀ ਨਾਨਕ ਬਾਣੀ ਦੇ ਸਰਲ ਅਰਥ ਬਿਆਨ ਨਹੀਂ ਕਰਦੀ ਬਲਕਿ ਇਸ ਬਾਣੀ ਵਿਚਲੇ ਭਾਵਾਂ, ਵਿਚਾਰਾਂ ਅਤੇ ਮੂਲ ਦਾਰਸ਼ਨਿਕ ਸੰਕਲਪਾਂ ਨੂੰ ਆਪਣੀ ਸਿਰਜਣਾਤਮਕ ਸਮਰੱਥਾ ਰਾਹੀਂ ਰੂਪਮਾਨ ਕਰਦੀ ਹੈ।

ਉਨ੍ਹਾਂ ਦੀ ਸਿਰਜਣਾਤਮਕ ਸਮੱਰਥਾ ਦੀ ਝਲਕ 'ਜਨੇਊ' ਪਹਿਨਣ ਸਬੰਧੀ ਕੀਤੀ ਤਾਕੀਦ ਵਿੱਚ ਵੇਖੀ ਜਾ ਸਕਦੀ ਹੈ। ਜਿਸ ਤਰ੍ਹਾਂ ਦਾ ਜਨੇਊ ਪਹਿਨਣ ਦਾ ਉਪਦੇਸ਼ ਗੁਰੂ ਨਾਨਕ ਸਾਹਿਬ ਨੇ "ਦਇਆ ਕਪਾਹ ਸੰਤੋਖ ਸਤ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ" ਪੰਕਤੀ ਵਿੱਚ ਦਿੰਦੇ ਹਨ। ਠੀਕ ਉਸੇ ਤਰ੍ਹਾਂ ਦਾ ਜਨੇਊ ਪਹਿਨਣ ਦਾ ਉਪਦੇਸ਼ ਬਾਬਾ ਸ੍ਰੀ ਚੰਦ ਜੀ ਆਪਣੀ 'ਮਾਤਰਾ ਬਾਣੀ' ਵਿੱਚ 'ਅਖੰਡ ਜਨੇਊ ਨਿਰਮਲ ਧੋਤੀ' ਅਤੇ 'ਸੰਤੋਖ ਸੂਤ ਵਿਵੇਕ ਧਾਗੇ' ਪੰਕਤੀਆਂ ਰਾਹੀਂ ਕਰਦੇ ਹਨ। ਇਨ੍ਹਾਂ ਵਿੱਚ ਉਹ ਸੰਤੋਖ ਰੂਪੀ ਸੂਤ ਅਤੇ ਗਿਆਨ ਰੂਪੀ ਧਾਗੇ ਵਿੱਚ ਪਰੋਏ ਅਖੰਡ ਜਨੇਊ ਨੂੰ ਧਾਰਨ ਕਰਨ ਦੀ

ਹਦਾਇਤ ਕਰਦੇ ਹਨ। ਜੋ ਕਿ ਇੰਨ-ਬਿੰਨ ਨਾਨਕ ਬਾਣੀ ਦੀ ਪ੍ਰੋੜ੍ਹਤਾ ਹੈ।

ਬਾਬਾ ਸ਼੍ਰੀ ਚੰਦ ਜੀ ਪਰੰਪਰਾਗਤ ਸੂਤਰਿਕ ਵਿਆਖਿਆ ਵਿਧੀ ਦੀ ਵਰਤੋਂ ਤਕਰੀਬਨ ਆਪਣੀ ਹਰ ਰਚਨਾ ਵਿੱਚ ਕਰਦੇ ਹਨ ਤਾਂ ਕਿ ਵਿਸ਼ੇ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਸਮਝਾਇਆ ਜਾ ਸਕੇ। ਉਨ੍ਹਾਂ ਦੀ ਹਰ ਬਾਣੀ ਨੂੰ ਇੱਕ ਸਿਰਲੇਖ ਪ੍ਰਾਪਤ ਹੈ। ਜਿਵੇਂ:- ਸ੍ਰੀ ਸਤਗੁਰੂ ਨਾਨਕ ਜੀ ਕਾ ਆਰਤਾ, ਗੁਰੂ ਨਾਨਕ ਸਹੰਸਰਨਾਮਾ, ਗੁਰੂ ਗਾਇਤ੍ਰੀ ਕਥਨ, ਸ੍ਰੀ ਮਾਤ੍ਰਾ ਸਾਹਿਬ। ਇਹ ਬਾਣੀਆਂ ਦੇ ਮੁੱਖ ਸਿਰਲੇਖ ਹਨ। ਇਸ ਤੋਂ ਇਲਾਵਾ 'ਗੁਰ ਗਾਇਤ੍ਰੀ' ਬਾਣੀ ਵਿੱਚ ਕੁਝ ਗੌਣ ਸਿਰਲੇਖ ਵੀ ਵੇਖਣ ਨੂੰ ਮਿਲਦੇ ਹਨ।

ਬਾਬਾ ਸ਼੍ਰੀ ਚੰਦ ਦੀ ਦਾਰਸ਼ਨਿਕ ਵਿਚਾਰਧਾਰਾ ਵਿੱਚੋਂ ਪੰਜ ਤੱਤ ਉੱਭਰ ਕੇ ਸਾਹਮਣੇ ਆਉਂਦੇ ਹਨ:- ਬ੍ਰਹਮ, ਮਾਇਆ, ਸਤਿ, ਗਿਆਨ ਅਤੇ ਸਦਾਚਰਣ। ਉਦਾਸੀ ਸਿਧਾਂਤ ਇਨ੍ਹਾਂ ਪੰਜ ਤੱਤਾਂ ਉੱਪਰ ਹੀ ਨਿਰਭਰ ਕਰਦੇ ਹਨ। ਬ੍ਰਹਮ ਸਬੰਧੀ ਬਾਬਾ ਸ਼੍ਰੀ ਚੰਦ ਜੀ ਦਾ ਮੱਤ ਹੈ ਕਿ ਬ੍ਰਹਮ ਅਕਾਲ ਹੈ, ਨਿਰਗੁਣ ਹੈ, ਅਲੱਖ ਹੈ ਅਤੇ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੈ। ਚਾਰੇ ਪਾਸੇ ਉਸ ਇੱਕ ਸਤ ਚਿੱਤ ਆਨੰਦ ਸਰੂਪ ਦਾ ਹੀ ਪਸਾਰਾ ਹੈ। ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਉਦਾਸੀ ਮਤ ਜਿੱਥੇ ਜੀਵ ਤੇ ਬ੍ਰਹਮ ਦੀ ਇਕਰੂਪਤਾ ਦਾ ਹਾਮੀ ਹੈ ਉੱਥੇ ਜਗਤ ਨੂੰ ਵੀ ਬ੍ਰਹਮ ਰੂਪ ਹੀ ਮੰਨਦੇ ਹਨ। ਇਹ ਸਰਬ ਜਗਤ ਬ੍ਰਹਮ ਰੂਪੀ ਹੀ ਹੈ, ਦੂਸਰਾ ਕੋਈ ਵੀ ਨਹੀਂ ਹੈ। ਉਨ੍ਹਾਂ ਦੀ 'ਮਾਤਰਾ ਬਾਣੀ' ਵਿਚਲੀ ਪੰਕਤੀ 'ਅਲੱਖ ਪੁਰਖ ਕਾ ਸਿਮਰੋ ਨਾਉਂ' ਅਕਾਲ ਪੁਰਖ ਦੇ ਨਾਮ ਸਿਮਰਨ ਵੱਲ ਸੰਕੇਤ ਕਰਦੀ ਹੈ। ਇੱਥੇ 'ਅਲੱਖ ਪੁਰਖ' ਤੋਂ ਭਾਵ ਹੈ ਕਿ ਜੋ ਅਕਾਲ-ਪੁਰਖ ਕਹਿਣ-ਸੁਣਨ ਤੋਂ ਪਰੇ ਹੈ, ਹਰ ਜੀਵ ਵਿੱਚ ਵੱਸਦਾ ਹੈ, ਉਸ ਅਕਾਲ-ਪੁਰਖ ਦੇ ਨਾਮ ਨੂੰ ਸਿਮਰਨਾ ਚਾਹੀਦਾ ਹੈ। ਇੱਥੇ ਇਹ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਬਾਬਾ ਸ਼੍ਰੀ ਚੰਦ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਹੀ ਬ੍ਰਹਮ ਸਰੂਪ ਮੰਨਿਆ ਹੈ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਨੂੰ ਨਿਰੰਕਾਰ, ਗੁਰੂ, ਅਕਾਲ-ਪੁਰਖ ਅਤੇ ਸਰਵ-ਸ੍ਰੇਸ਼ਠ ਦੇਵਤਾ ਵੀ ਮੰਨਿਆ ਹੈ। ਉਹ ਉਨ੍ਹਾਂ ਦੀ ਹੋਂਦ ਨੂੰ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਵਿੱਚ ਤਸੱਵਰ ਕਰਦੇ ਹਨ।

ਸ੍ਰੀ ਗੁਰੂ ਨਾਨਕੰ ਨਿਰੰਕਾਰੰ ਨਾਰਾਇਣੰ ਨਿਰਗੁਣੰ

ਸਰਵਗਯੰ ਸੂਖਮੰ ਮੈਕੰ ਦੇਵਤੰ ਨਮਸਤਤੇ॥

(ਬਾਬਾ ਸ੍ਰੀ ਚੰਦ ਤੇ ਉਦਾਸੀ ਮਤ, ਪੰਨਾ 78)

ਮਾਇਆ ਦੇ ਸੰਕਲਪ ਸਬੰਧੀ ਬਾਬਾ ਸ੍ਰੀ ਚੰਦ ਜੀ ਦੀ 'ਮਾਤਰਾ ਬਾਣੀ' ਵਿੱਚ ਆਉਂਦਾ ਹੈ 'ਮਾਯਾ ਮੋਹਣੀ ਸਗਲ ਤਿਆਗ' ਭਾਵ ਜੀਵ ਨੂੰ ਮਾਇਆ ਦੇ ਮੋਹ ਜਾਲ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਸਤਿ ਗਿਆਨ ਅਤੇ ਸਦਾਚਰਣ ਨੂੰ ਭਗਤੀ ਭਾਵਨਾ ਵਿੱਚ ਉਚੇਚਾ ਸਥਾਨ ਦਿੱਤਾ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿੱਚ ਸੁਰਤ ਅਤੇ ਸ਼ਬਦ ਦਾ ਮੇਲ ਸਹਿਜ ਭਾਵ ਵਿੱਚ ਕਰਾਉਣ ਦੀ ਗੱਲ ਵੀ ਬੜੀ ਦ੍ਰਿੜਤਾ ਨਾਲ ਕਹੀ ਹੈ:- 'ਸੁਰਤ ਕੀ ਸੂਈ ਲੈ ਸਤਿਗੁਰ ਸੀਵੈ॥ ਜੋ ਰਾਖੇ ਸੋ ਨਿਰਭਉ ਥੀਵੈ॥ ਇਸ ਪ੍ਰਕਾਰ ਉਦਾਸੀ-ਮਤ ਦਾ ਦਰਸ਼ਨ ਬ੍ਰਹਮ ਗਿਆਨ ਦੇ ਚਰਿੱਤਰ ਦਾ ਧਾਰਣੀ ਹੈ।

ਬਾਬਾ ਸ੍ਰੀ ਚੰਦ ਦੀ ਮੰਗਲ ਵਿਧੀ ਗੁਰੂ ਗ੍ਰੰਥ ਸਾਹਿਬ ਦੀ ਮੰਗਲਵਿਧੀ ਨਾਲ ਮੇਲ ਖਾਂਦੀ ਹੈ। ਉਨ੍ਹਾਂ ਦੀ ਬਾਣੀ 'ਗੁਰ ਗਾਇਤ੍ਰੀ' ਵਿੱਚ '੧ਓਂ ਸਤਿਗੁਰ ਪ੍ਰਸਾਦਿ' ਮੰਗਲ ਵਾਕ ਅੰਕਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਦਾ ਆਰੰਭਲਾ ਪਦ ਇੱਕ ਸੰਕਲਪ ਵੱਲ ਸੰਕੇਤ ਕਰਦਾ ਹੈ, ਉਸ ਉਪਰੰਤ ਸਾਰਾ ਸਲੋਕ ਉਸੇ ਸੰਕਲਪ ਦੇ ਇਰਦ-ਗਿਰਦ ਘੁੰਮਦਾ ਹੈ। ਉਨ੍ਹਾਂ ਦੀ ਬਾਣੀ ਵਿਚਲੀ ਪ੍ਰਸ਼ਨੋਤਰੀ ਸ਼ੈਲੀ ਉਨ੍ਹਾਂ ਦੀ ਵਿਆਖਿਆ ਦਾ ਖ਼ਾਸਾ ਹੈ। ਇਸ ਵਿੱਚ ਇੱਕ ਧਿਰ ਕਹਿਣ ਵਾਲੀ ਤੇ ਦੂਸਰੀ ਧਿਰ ਸੁਣਨ ਵਾਲੀ ਹੈ। ਇਸ ਤਰ੍ਹਾਂ ਦੁਧਿਰਾ ਸੰਬਾਦ ਚੱਲਦਾ ਹੈ। ਇਹ ਦੁਧਿਰਾ ਸੰਬਾਦ ਉਸੇ ਪ੍ਰਕਾਰ ਦੀ ਉਦਾਹਰਨ ਪੇਸ਼ ਕਰਦਾ ਹੈ। ਜਿਸ ਪ੍ਰਕਾਰ ਦਾ ਸੰਬਾਦ 'ਸਿੱਧ ਗੋਸ਼ਟਿ' ਵਿੱਚ ਗੁਰੂ ਨਾਨਕ ਸਾਹਿਬ ਅਤੇ ਸਿੱਧਾਂ-ਜੋਗੀਆਂ ਵਿਚਕਾਰ ਚੱਲਦਾ ਹੈ।

ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆ ਸ਼ੈਲੀ ਦਾ ਰੂਪ ਕਾਵਿਕ ਹੈ। ਬੇਸ਼ੱਕ ਕਵਿਤਾ ਨੂੰ ਵਿਆਖਿਆਕਾਰੀ ਲਈ ਕੋਈ ਬਹੁਤਾ ਢੁੱਕਵਾਂ ਨਹੀਂ ਮੰਨਿਆ ਜਾਂਦਾ ਪਰ ਫਿਰ ਵੀ ਬਾਬਾ ਸ੍ਰੀ ਚੰਦ ਦੀ ਕਲਾਤਮਿਕ ਪ੍ਰਤਿਭਾ ਸਲਾਹੁਣਯੋਗ ਹੈ। ਉਨ੍ਹਾਂ ਦੀ ਕਲਾਤਮਿਕ ਪ੍ਰਤਿਭਾ ਉਦੋਂ ਸਿਖਰ ਉੱਤੇ ਹੁੰਦੀ ਹੈ, ਜਦੋਂ ਉਹ ਦਾਰਸ਼ਨਿਕ ਨੁਕਤਿਆਂ ਨੂੰ ਬਹੁਤ ਹੀ ਸਰਲਤਾ ਅਤੇ ਸੰਖੇਪਤਾ ਸਹਿਤ ਬਿਆਨ ਕਰ ਦਿੰਦੇ ਹਨ।

ਉਦਾਹਰਣ ਵਜੋਂ:-

ਪ੍ਰੇਮਸ੍ਵਰੰ ਪਰਾਬ੍ਰਮ ਜਗਤ ਸ੍ਵਾਮੀ ਜਗ ਪਿਤਾ॥

ਰਿਖ ਰੂਪੋ ਰਿਖ ਕ੍ਰਿਤੀ ਸੋਮੋਨੀ ਭੂਤ ਕਾਰਨਾ॥32॥

(ਬਾਬਾ ਸ੍ਰੀ ਚੰਦ ਤੇ ਉਦਾਸੀ ਮਤ, ਪੰਨਾ 68)

ਧਰਮ ਜਗਤ ਵਿੱਚ ਆਤਮਿਕ ਅਨੁਭਵ ਨੂੰ ਚਿਹਨਾਂ/ਪ੍ਰਤੀਕਾਂ ਰਾਹੀਂ ਪ੍ਰਗਟਾਇਆ ਜਾਂਦਾ ਹੈ। ਅਧਿਆਤਮ ਮਾਰਗ ਅਸਲ ਵਿੱਚ ਉਸ ਯਾਤਰਾ ਦਾ ਨਾਂ ਹੈ ਜੋ ਬਾਹਰ ਤੋਂ ਅੰਦਰ ਵੱਲ ਨੂੰ ਜਾਂਦੀ ਹੈ। ਬਾਹਰਲੇ ਚਿਹਨ ਅੰਦਰਲੇ ਗੁਣਾਂ ਨਾਲ ਇਕਮਿਕਤਾ ਸਥਾਪਿਤ ਕਰਕੇ ਹੀ ਪਰਮ ਤੱਤ ਦੀ ਪ੍ਰਾਪਤੀ ਕਰ ਸਕਦੇ ਹਨ। ਬਾਬਾ ਸ਼੍ਰੀ ਚੰਦ ਦੀ 'ਮਾਤਰਾ ਬਾਣੀ' ਵਿੱਚ ਗਿਆਨ ਰੂਪੀ ਗੋਦੜੀ, ਖਿਮਾ ਰੂਪੀ ਟੋਪੀ, ਜਤ ਰੂਪੀ ਆੜਬੰਦ (ਤੜਾਗੀ), ਸ਼ੀਲ ਰੂਪੀ ਲੰਗੋਟੀ, ਅਕਾਲ ਰੂਪੀ ਖਿੰਥਾ, ਨਿਰਾਸ਼ ਝੋਲੀ ਆਦਿ ਬਾਹਰਲੇ ਚਿੰਨ੍ਹਾਂ ਨੂੰ ਅੰਦਰਲੇ ਗੁਣਾਂ ਨਾਲ ਇਕਰੂਪ ਕਰਨ ਦਾ ਉਪਦੇਸ਼ ਮਿਲਦਾ ਹੈ। ਇਸ ਬਾਣੀ ਵਿੱਚ ਅਨੇਕਾਂ ਹੀ ਹੋਰ ਇਸ ਤਰ੍ਹਾਂ ਦੇ ਜੁੱਟ ਮਿਲਦੇ ਹਨ ਜੋ ਸਥੂਲਤਾ ਤੋਂ ਸੂਖ਼ਮਤਾ ਵੱਲ ਵੱਧਦੇ ਹਨ। ਇਹ ਜੁੱਟ-ਸਿਰਜਣਾ ਬਾਬਾ ਸ਼੍ਰੀ ਚੰਦ ਜੀ ਦੇ ਗਹਿਰੇ ਚਿੰਤਕ ਹੋਣ ਦਾ ਪ੍ਰਤੱਖ ਪ੍ਰਮਾਣ ਹੈ।

ਬਾਬਾ ਸ਼੍ਰੀ ਚੰਦ ਜੀ ਨੇ ਜੋਗ ਮਤ ਨਾਲ ਸਬੰਧਿਤ ਅਨੇਕਾਂ ਬੁਨਿਆਦੀ ਸੰਕਲਪਾਂ ਉੱਪਰ ਪ੍ਰਕਾਸ਼ ਪਾਇਆ ਹੈ। ਜੋਗ ਮਤ ਨਾਲ ਸਬੰਧਿਤ ਇੜਾ, ਪਿੰਗਲਾ, ਸੁਖਮਨਾ ਨਾੜੀਆਂ ਸਬੰਧੀ ਜੋ ਉਲੇਖ ਗੁਰੂ ਨਾਨਕ ਸਾਹਿਬ 'ਰਾਮਕਲੀ ਰਾਗ' ਵਿੱਚ ਕਰਦੇ ਹਨ। ਠੀਕ ਉਸੇ ਤਰ੍ਹਾਂ ਦਾ ਬਿਆਨ ਬਾਬਾ ਸ਼੍ਰੀ ਚੰਦ ਜੀ ਦੀ 'ਮਾਤਰਾ ਬਾਣੀ' ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਬਾਬਾ ਸ਼੍ਰੀ ਚੰਦ ਜੀ ਦੀ ਮਾਤਰਾ ਬਾਣੀ ਵਿੱਚ ਜੋਗੀ ਸਾਧਕ ਨਾਲ ਸਬੰਧਿਤ ਹਰ ਵਸਤੂ ਦਾ ਅਧਿਆਤਮੀਕਰਨ ਉਸੇ ਤਰ੍ਹਾਂ ਕੀਤਾ ਨਜ਼ਰ ਆਉਂਦਾ ਹੈ। ਜਿਸ ਤਰ੍ਹਾਂ ਜਪੁਜੀ ਸਾਹਿਬ ਦੇ ਪਾਠ ਵਿਚਲੀ ਪਉੜੀ 'ਮੁੰਦਾ ਸੰਤੋਖ ਸਰਮ ਪਤ ਝੋਲੀ' ਵਿੱਚ ਕੀਤਾ ਮਿਲਦਾ ਹੈ।

ਇਸ ਪ੍ਰਕਾਰ ਬਾਬਾ ਸ਼੍ਰੀ ਚੰਦ ਦੁਆਰਾ ਦੱਸੇ ਜੋਗ ਮੱਤ ਦੇ ਇਨ੍ਹਾਂ ਮੂਲ ਸਿਧਾਂਤਾਂ ਦਾ ਗੁਰੂ-ਪਿਤਾ ਨਾਲ ਕਿਤੇ ਵੀ ਸਿਧਾਂਤਕ ਮਤਭੇਦ ਨਹੀਂ ਹੈ। ਬਾਬਾ ਸ਼੍ਰੀ ਚੰਦ ਤੋਂ ਪਿੱਛੋਂ ਉਨ੍ਹਾਂ ਦੇ ਉੱਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਦੇ ਚਾਰ ਮਹਾਂਵਾਕਾਂ ਦੇ ਅਧਾਰ ਉੱਤੇ ਉਨ੍ਹਾਂ ਦੁਆਰਾ ਕੀਤੀ ਗੁਰਮਤਿ ਵਿਆਖਿਆ ਨੂੰ ਵਾਚਿਆ

ਗਿਆ ਹੈ। ਇਹ ਮਹਾਂਵਾਕ ਬਾਬਾ ਗੁਰਦਿੱਤਾ ਜੀ ਨੇ ਚਾਰ ਧੂਣਿਆਂ ਨੂੰ ਸੁਣਾ ਕੇ ਚਾਰੋਂ ਵੇਦਾਂ ਦੇ ਮਹਾਂਵਾਕਾਂ ਨਾਲ ਗੁਰਬਾਣੀ ਦੇ ਮਹਾਂਵਾਕਾਂ ਦੀ ਪੁਸ਼ਟੀ ਕਰਵਾਈ ਸੀ। ਇਸ ਪ੍ਰਕਾਰ ਬਾਬਾ ਗੁਰਦਿੱਤਾ ਜੀ ਦੀ ਵਿਆਖਿਆਤਮਕ ਪ੍ਰਵਿਰਤੀ ਅਦਵੈਤਵਾਦੀ ਹੈ।

ਚਾਰ ਧੂਣਿਆਂ ਦੁਆਰਾ ਰਚਿਤ ਮਾਤਰਾ ਸਾਹਿਤ ਵਿੱਚ ਬਾਬਾ ਸ੍ਰੀ ਚੰਦ ਜੀ ਦੁਆਰਾ ਦ੍ਰਿੜ੍ਹ ਕਰਵਾਏ ਉਦਾਸੀ ਸਿਧਾਂਤ ਹੀ ਉੱਭਰ ਕੇ ਸਾਹਮਣੇ ਆਉਂਦੇ ਹਨ।

ਛੇ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਵਿੱਚੋਂ ਗੁਰਮਤਿ ਵਿਆਖਿਆਕਾਰੀ ਦੇ ਵਿਭਿੰਨ ਰੰਗ ਉੱਭਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਰਾਗਬੱਧ ਹੋ ਕੇ ਪਾਠਕ ਦੇ ਸਨਮੁੱਖ ਪੇਸ਼ ਹੁੰਦੀ ਹੈ। ਇਨ੍ਹਾਂ ਬਾਣੀਆਂ ਦੇ ਪ੍ਰਮੁੱਖ ਰਾਗ ਹਨ :- ਸਾਰੰਗ, ਬਿਲਾਵਲ, ਧਨਾਸਰੀ, ਸੋਰਠਿ, ਭੀਮ ਪਲਾਸੀ, ਸ਼ਾਮ ਕਲਿਆਣ ਅਤੇ ਬਿਹਾਗੜਾ ਆਦਿ। ਇਸ ਤੋਂ ਇਲਾਵਾ ਸਲੋਕ, ਸ਼ਬਦ ਅਤੇ ਵਾਰ ਆਦਿ ਕਾਵਿ-ਰੂਪਾਂ ਦੀ ਝਲਕ ਵੀ ਇਨ੍ਹਾਂ ਰਚਨਾਵਾਂ ਵਿੱਚੋਂ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਬਾਣੀਆਂ ਵਿੱਚ ਸੂਫ਼ੀਆਨਾ ਰੰਗਤ ਵਧੇਰੇ ਝਲਕਦੀ ਹੈ। ਇਹ ਉਦਾਸੀਨ ਸਾਧੂ ਰਾਗ, ਸੰਗੀਤ ਅਤੇ ਸਾਹਿਤ ਦੀ ਡੂੰਘੀ ਸਮਝ ਰੱਖਣ ਵਾਲੇ ਰਸੀਲੇ ਕਵੀ ਸਨ। ਉਨ੍ਹਾਂ ਦੀਆਂ ਕ੍ਰਿਤਾਂ ਵੈਰਾਗ ਅਤੇ ਪ੍ਰੇਮਾ-ਭਗਤੀ ਦਾ ਅਨੋਖਾ ਗੂੜ੍ਹਾ ਰੰਗ ਪੇਸ਼ ਕਰਦੀਆਂ ਹਨ। ਗੁਰਬਾਣੀ ਨਾਲ ਧੁਰ-ਅੰਦਰੋਂ ਜੁੜੇ ਹੋਣ ਕਾਰਣ ਅਤੇ ਉੱਚੀ ਅਧਿਆਤਮਕ ਅਵਸਥਾ ਨੂੰ ਪ੍ਰਾਪਤ ਹੋਣ ਕਾਰਨ ਇਨ੍ਹਾਂ ਉਦਾਸੀਨ ਸੰਤਾਂ ਦੀਆਂ ਕ੍ਰਿਤਾਂ ਵਿੱਚੋਂ ਗੁਰਬਾਣੀ ਵਰਗਾ ਅਨੁਭਵ ਪੇਸ਼ ਹੁੰਦਾ ਹੈ। ਅਸਲ ਵਿੱਚ ਇਹ ਮਹਾਤਮਾ ਆਪਣੀਆਂ ਕ੍ਰਿਤਾਂ ਰਾਹੀਂ ਸਹੀ ਅਰਥਾਂ ਵਿੱਚ ਗੁਰਬਾਣੀ ਦੀ ਵਿਆਖਿਆ ਕਰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਛੇ ਬਖ਼ਸ਼ਿਸ਼ਾਂ ਦੁਆਰਾ ਪ੍ਰਚਾਰ ਦੌਰਾਨ ਸਿੱਖ ਸੰਗਤ ਨੂੰ ਦਿੱਤਾ ਗਿਆ ਮੌਖਿਕ ਉਪਦੇਸ਼ ਵੀ ਗੁਰਬਾਣੀ ਦੀ ਵਿਆਖਿਆ ਹੋ ਨਿਬੜਦਾ ਹੈ।

ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਪ੍ਰਮੁੱਖ ਉਦਾਸੀ ਵਿਆਖਿਆਕਾਰ ਸਾਧੂ ਆਨੰਦਘਨ ਹਨ। ਇਸ ਮਹਾਤਮਾ ਨੇ ਛੇ ਬਾਣੀਆਂ ਦੇ ਟੀਕੇ ਕੀਤੇ ਹਨ। (1) ਜਪੁ ਟੀਕਾ (1852 ਬਿ.) (2) ਆਰਤੀ ਟੀਕਾ (1853 ਬਿ.) (3) ਓਅੰਕਾਰ ਟੀਕਾ (1854 ਬਿ.) (4) ਸਿੱਧ ਗੋਸ਼ਟਿ ਟੀਕਾ (1857 ਬਿ.) (5) ਅਨੰਦ ਸਾਹਿਬ ਦਾ ਟੀਕਾ (1859 ਬਿ.) (6) ਆਸਾ ਦੀ ਵਾਰ ਦਾ ਟੀਕਾ (1797 ਤੋਂ 1800

ਈ.) ਇਨ੍ਹਾਂ ਟੀਕਿਆਂ ਵਿੱਚੋਂ ਪੰਜ ਟੀਕੇ ਗੁਰੂ ਨਾਨਕ ਬਾਣੀ ਨਾਲ ਸਬੰਧਿਤ ਹਨ ਅਤੇ ਇੱਕ ਟੀਕਾ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਨਾਲ ਸਬੰਧਿਤ ਹੈ। ਇਸ ਮਹਾਤਮਾ ਨੇ ਟੀਕਾਕਾਰੀ ਦੇ ਖੇਤਰ ਵਿੱਚ 'ਅਨੰਦ ਸਾਹਿਬ' ਦਾ ਟੀਕਾ ਕਰਨ ਦੀ ਪਹਿਲ ਕੀਤੀ। ਸਾਧੂ ਆਨੰਦਘਨ ਦੀ ਟੀਕਾਕਾਰੀ ਵਿੱਚ ਸਨਾਤਨੀ ਮੰਗਲ ਵਿਧੀ ਅਤੇ ਗੁਰਮਤਿ ਮੰਗਲ ਵਿਧੀ ਦੋਨਾਂ ਵਿਧੀਆਂ ਦਾ ਸੁਮੇਲ ਵੇਖਣ ਨੂੰ ਮਿਲਦਾ ਹੈ।

ਇੱਕ ਸੁਬੁੱਧ ਵਿਦਵਾਨ ਦੀ ਇਹ ਪਹਿਚਾਣ ਹੁੰਦੀ ਹੈ ਕਿ ਉਹ ਆਪਣੀ ਕਾਰਜ-ਵਿਧੀ ਦੀ ਪ੍ਰਮਾਣਿਕਤਾ ਦਾ ਸੰਕੇਤ ਵੀ ਨਾਲੋਂ-ਨਾਲ ਦਿੰਦਾ ਜਾਂਦਾ ਹੈ। ਇਸੇ ਕਾਰਨ ਸਾਧੂ ਆਨੰਦਘਨ ਨੇ ਗੁਰੂ ਨਾਨਕ ਬਾਣੀ ਨੂੰ ਸ਼ਾਸਤਰੀ ਰੀਤੀ ਦੀ ਬਾਣੀ ਦੱਸਿਆ ਹੈ ਅਤੇ ਖੁਦ ਇਸ ਬਾਣੀ ਦੀ ਤਾਸੀਰ ਅਨੁਸਾਰ ਸ਼ਾਸਤਰੀ ਰੀਤੀ ਵਿੱਚ ਟੀਕਾ ਕਰਨ ਦਾ ਯਤਨ ਕੀਤਾ ਹੈ। ਆਨੰਦਘਨ ਨੇ ਇਸ ਟੀਕਾ-ਵਿਧੀ ਵੱਲ ਕੇਵਲ ਸੰਕੇਤ ਹੀ ਨਹੀਂ ਕੀਤਾ ਬਲਕਿ ਇਸ ਉੱਪਰ ਪੂਰਾ ਉਤਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਆਪਣੇ ਵਿਆਖਿਆਤਮਕ ਕਾਰਜ ਦੌਰਾਨ ਉਹ ਸ਼ਬਦ ਤੋਂ ਅਰਥ, ਅਰਥ ਤੋਂ ਪ੍ਰਕਰਣ ਵੱਲ ਯਾਤਰਾ ਕਰਦੇ ਹੋਏ ਲੇਖਕ ਦੇ ਮੂਲ ਆਸ਼ੇ ਨੂੰ ਪਾਠਕ ਤੱਕ ਪਹੁੰਚਾਉਣ ਦਾ ਯਤਨ ਕਰਦਾ ਹੈ। ਨਾਲ ਹੀ ਇਹ ਵੀ ਸੰਕੇਤ ਕਰਦਾ ਹੈ ਕਿ ਇਹ ਵਿਧੀ ਕੋਈ ਮਨਘੜਤ ਵਿਧੀ ਨਹੀਂ ਬਲਕਿ ਸ਼ਾਸਤਰੀ ਵਿਧੀ ਹੈ। ਇਹ ਵਿਆਖਿਆ ਵਿਧੀ ਆਨੰਦਘਨ ਦੀ ਟੀਕਾਕਾਰੀ ਦੀ ਵਿਸ਼ੇਸ਼ ਪ੍ਰਾਪਤੀ ਹੈ।

ਸਾਧੂ ਆਨੰਦਘਨ ਦੀ ਵਿਆਖਿਆ ਵਿੱਚ ਕਾਵਿਮਈ ਅੰਸ਼ਾਂ ਦੀ ਪੇਸ਼ਕਾਰੀ ਦੇਖਣ ਨੂੰ ਮਿਲਦੀ ਹੈ। ਉਨ੍ਹਾਂ ਨੇ ਕਈ ਥਾਂਵਾਂ ਉੱਪਰ ਆਪਣੇ ਟੀਕਿਆਂ ਦੇ ਆਰੰਭ ਜਾਂ ਅੰਤ ਵਿੱਚ ਕਾਵਿਮਈ ਟੂਕਾਂ ਦੇ ਕੇ ਕਾਵਿਮਈ ਅੰਸ਼ਾਂ ਨੂੰ ਟੀਕਾਕਾਰੀ ਰਾਹੀਂ ਪੇਸ਼ ਕਰਨ ਦਾ ਨਵੀਨ ਯਤਨ ਕੀਤਾ ਹੈ।

ਭਾਵੇਂ ਸੁਆਮੀ ਆਨੰਦਘਨ ਨੇ ਆਪਣੇ ਟੀਕਿਆਂ ਵਿੱਚ ਮੂਲ ਬਾਣੀ ਦੀ ਇੱਕ ਸਤਰ ਦਾ ਇੱਕੋ ਅਰਥ ਪੇਸ਼ ਕੀਤਾ ਹੈ, ਪਰ ਅਰਥ ਨੂੰ ਚੰਗੀ ਤਰ੍ਹਾਂ ਸਪੱਸ਼ਟ ਕਰਨ ਦੀ ਵਿਆਖਿਆਤਮਕ ਰੁਚੀ ਨੇ ਉਨ੍ਹਾਂ ਦੇ ਟੀਕਿਆਂ ਨੂੰ ਵਿਸਥਾਰਕ ਬਣਾ ਦਿੱਤਾ ਹੈ। ਦਰਅਸਲ, ਉਨ੍ਹਾਂ ਦੇ ਟੀਕਿਆਂ ਵਿੱਚ ਵਿਆਖਿਆ, ਭਾਸ਼, ਪਰਮਾਰਥ ਤਿੰਨਾਂ ਵਿਧੀਆਂ ਦਾ ਮਿਲਗੋਭਾ ਵਿਖਾਈ ਦਿੰਦਾ ਹੈ।

ਉਨ੍ਹਾਂ ਦੀ ਟੀਕਾਕਾਰੀ ਵਿੱਚੋਂ 'ਸਾਖ' (ਕਿਸੇ ਵਿਆਖਿਆ ਦੀ ਪੁਸ਼ਟੀ ਲਈ ਪ੍ਰਮਾਣ ਦੇਣੇ) ਭਾਵ

ਗਵਾਹੀ ਦੇਣ ਦੀ ਵਿਧੀ ਸਾਹਮਣੇ ਆਉਂਦੀ ਹੈ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਵੇਦਾਂ, ਸ਼ਾਸਤਰਾਂ, ਸਿਮ੍ਰਤੀਆਂ, ਪੁਰਾਣਾਂ, ਗੀਤਾਂ, ਮਹਾਂਭਾਰਤ ਆਦਿ ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥਾਂ ਦੇ ਥਾਂ-ਥਾਂ ਹਵਾਲੇ ਦਿੱਤੇ ਹਨ। 'ਵੇਦ ਸ਼ਾਸਤਰ ਮੇਂ ਲਿਖਾ ਹੈ, ਗੀਤਾ ਮੇਂ ਭਗਵਾਨ ਕਾ ਵਚਨ ਹੈ, ਜੇਹੇ ਵਾਕੰਸ਼ ਉਨ੍ਹਾਂ ਦੇ ਟੀਕਿਆਂ ਵਿੱਚ ਆਮ ਮਿਲ ਜਾਂਦੇ ਹਨ। ਇਸ ਪ੍ਰਕਾਰ ਉਨ੍ਹਾਂ ਕੋਲ ਦਰਸ਼ਨ ਸ਼ਾਸਤਰ ਦੀ ਚੋਖੀ ਸੂਝ ਸੀ ਅਤੇ ਉਹ ਵੇਦਾਂ, ਪੁਰਾਣਾਂ ਅਤੇ ਸ਼ਾਸਤਰਾਂ ਦੇ ਸੁਗਿਆਤਾ ਸਨ।

ਆਨੰਦਘਨ ਨੇ ਜਿੱਥੇ ਪਹਿਲੀ ਵਾਰ ਆਪਣੀ ਟੀਕਾਕਾਰੀ ਦੇ ਵਿਧੀ-ਵਿਧਾਨ ਉੱਤੇ ਚਾਨਣਾ ਪਾਇਆ ਉੱਥੇ ਆਪਣੇ ਪੂਰਬਲੇ ਟੀਕਾਕਾਰਾਂ ਦੀ ਕਰੜੀ ਆਲੋਚਨਾ ਵੀ ਕੀਤੀ ਅਤੇ ਉਨ੍ਹਾਂ ਲਈ 'ਅੜਬੰਗੀ' ਸ਼ਬਦ ਵਰਤਕੇ ਉਨ੍ਹਾਂ ਦੇ ਗੁਣਾਂ-ਔਗੁਣਾਂ ਨੂੰ ਵੀ ਚਿਤਾਰਿਆ। ਪਰ ਖੋਜ ਦੁਆਰਾ ਕਿਸੇ ਟੀਕੇ ਜਾਂ ਟੀਕਾਕਾਰ ਦਾ ਪਤਾ ਨਹੀਂ ਲੱਗਾ ਜਿਸ ਵੱਲ ਆਨੰਦਘਨ ਇਸ਼ਾਰਾ ਕਰਦੇ ਹਨ। ਇਸ ਦੇ ਸਿੱਟੇ ਵਜੋਂ ਆਨੰਦਘਨ ਦੇ ਤਤਕਾਲੀਆਂ ਨੇ ਉਨ੍ਹਾਂ ਦੀ ਟੀਕਾਕਾਰੀ ਦਾ ਕਰੜਾ ਵਿਰੋਧ ਕੀਤਾ। ਸੁਆਮੀ ਆਨੰਦਘਨ ਦੇ 'ਜਪੁਜੀ ਦੇ ਟੀਕੇ' ਦੇ ਪ੍ਰਤੀਕਰਮ ਵਜੋਂ ਮਹਾਂਕਵੀ ਸੰਤੋਖ ਸਿੰਘ ਨੇ 'ਗਰਬ ਗੰਜਨੀ' (1886 ਬਿ.) ਟੀਕੇ ਦੀ ਰਚਨਾ ਕੀਤੀ।

ਸਾਧੂ ਆਨੰਦਘਨ ਨੇ ਆਪਣੇ ਟੀਕਿਆਂ ਵਿੱਚ 'ਕਹੀਏ' 'ਕਿਆ ਕਹੀਏ' ਜਿਹੇ ਨਿਰਾਰਥਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਹ ਸ਼ਬਦ ਲਿਖਤ ਵਿੱਚ ਤਾਂ ਕੀ ਮੌਖਿਕਤਾ ਵਿੱਚ ਵੀ ਚੰਗਾ ਪ੍ਰਭਾਵ ਨਹੀਂ ਪਾਉਂਦੇ। ਪਰ ਉਦਾਸੀ, ਨਿਰਮਲੇ ਅਤੇ ਸੰਪ੍ਰਦਾਈ ਵਿਆਖਿਆਕਾਰਾਂ ਨੇ ਆਪਣੇ ਟੀਕਿਆਂ ਵਿੱਚ ਇਨ੍ਹਾਂ ਨਿਰਾਰਥਕ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਸੁਆਮੀ ਆਨੰਦਘਨ ਵਿਆਕਰਣ ਦੀ ਸੋਝੀ ਵੀ ਰੱਖਦਾ ਸੀ। ਜਿਸ ਦੀ ਝਲਕ ਉਨ੍ਹਾਂ ਦੇ ਟੀਕਿਆਂ ਵਿੱਚ ਮਿਲਦੀ ਹੈ। ਵਿਆਖਿਆ ਕਰਨ ਸਮੇਂ ਉਹ ਕੋਸ਼ ਅਤੇ ਵਿਆਕਰਣ ਦੇ ਅਨੁਰੂਪ ਅਰਥ ਸਪੱਸ਼ਟ ਕਰਦੇ ਹਨ ਅਤੇ ਉਸ ਵਿੱਚ ਕਿਸੇ ਪ੍ਰਕਾਰ ਸੰਦੇਹ ਨਹੀਂ ਰਹਿਣ ਦਿੰਦੇ।

ਸਾਧੂ ਆਨੰਦਘਨ ਦੁਆਰਾ ਗੁਰਮਤਿ ਸੰਕਲਪਾਂ ਦੀ ਕੀਤੀ ਵਿਆਖਿਆ ਗੁਰਮਤਿ ਆਸ਼ੇ ਦੇ ਅਨੁਕੂਲ ਨਜ਼ਰ ਆਉਂਦੀ ਹੈ। ਆਨੰਦਘਨ ਦੁਆਰਾ ਦੇਵੀ ਪੂਜਾ ਉੱਪਰ ਦਿੱਤਾ ਜ਼ੋਰ ਵੀ ਉਦਾਸੀ ਸੰਪ੍ਰਦਾਇ ਦੀ ਸਰਗੁਣ ਭਗਤੀ ਨੂੰ ਰੂਪਮਾਨ ਕਰਦਾ ਹੈ। ਜਿਸ ਤਰ੍ਹਾਂ ਗੁਰਬਾਣੀ ਵਿੱਚ ਨਾਮ-ਮਾਰਗ ਉੱਪਰ ਜ਼ੋਰ ਦਿੱਤਾ

ਗਿਆ ਹੈ। ਠੀਕ ਉਸੇ ਤਰ੍ਹਾਂ ਸੁਆਮੀ ਆਨੰਦਘਨ ਦਾ ਮੰਨਣਾ ਹੈ ਕਿ ਨਾਮ ਹੀ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਜੀਵ ਸਤਿ (ਅਕਾਲ ਪੁਰਖ) ਦੀ ਸੋਝੀ ਪ੍ਰਾਪਤ ਕਰਕੇ ਉਸ ਵਿੱਚ ਅਭੇਦਤਾ ਪ੍ਰਾਪਤ ਕਰਦਾ ਹੈ। ਨਾਮ ਹੀ ਕਰੋੜਾਂ ਜਨਮਾਂ ਦੇ ਪਾਪ ਨਾਸ਼ ਕਰਨ ਵਿੱਚ ਸਹਾਈ ਸਿੱਧ ਹੁੰਦਾ ਹੈ। ਬਾਕੀ ਉਨ੍ਹਾਂ ਨੇ ਗੁਰਬਾਣੀ ਵਾਂਗ ਹੀ ਨਾਮ ਨੂੰ ਸਭ ਤੋਂ ਉੱਤਮ ਅਤੇ ਸੌਖਾ ਮਾਰਗ ਦਰਸਾਇਆ ਹੈ। ਇੰਨਾ ਹੀ ਨਹੀਂ ਜਦੋਂ ਉਹ ਵੈਦਿਕ ਅਤੇ ਪੌਰਾਣਿਕ ਸਾਹਿਤ ਨੂੰ ਗੁਰਬਾਣੀ ਵਿਆਖਿਆ ਦੀ ਪੁਸ਼ਟੀ ਲਈ ਜੁਟਾਂਦੇ ਹਨ ਤਾਂ ਵੀ ਉਹ 'ਵੇਦਾਂ ਮਹਿ ਨਾਮੁ ਉਤਮ ਹੈ', ਦੇ ਸੰਕਲਪ ਨੂੰ ਲੈ ਕੇ ਹੀ ਵੈਦਿਕ ਅਤੇ ਪੌਰਾਣਿਕ ਸਾਹਿਤ ਵਿੱਚੋਂ ਪ੍ਰਮਾਣ ਪੇਸ਼ ਕਰਦੇ ਹਨ।

ਨਾਮ-ਮਾਰਗ ਤੋਂ ਪਿੱਛੋਂ ਕਰਮ ਮਾਰਗ ਸਬੰਧੀ ਚਰਚਾ ਕਰਦਿਆਂ ਉਦਾਸੀ ਵਿਆਖਿਆਕਾਰ ਇਸ ਨਤੀਜੇ ਉੱਪਰ ਪਹੁੰਚਦੇ ਹਨ ਕਿ ਕਰਮ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਕਰਵਾ ਸਕਦੇ। ਕਿਉਂਕਿ ਸ਼ੁੱਭ (ਪੁੰਨ) ਕਰਮ ਅਤੇ ਅਸ਼ੁੱਭ (ਪਾਪ-ਕਰਮ) ਕਰਮ ਦੋਵੇਂ ਇੱਕ ਪ੍ਰਕਾਰ ਦਾ ਬੰਧਨ ਹਨ। ਬੰਧਨਾਂ ਤੋਂ ਰਹਿਤ ਕੇਵਲ ਨਿਸ਼ਕਾਮ ਕਰਮ ਹਨ, ਜਿਹੜੇ ਜੀਵ ਦੀ ਪਰਮਾਤਮਾ ਤੱਕ ਪੁੱਜਣ ਵਿੱਚ ਸਹਾਇਤਾ ਕਰਦੇ ਹਨ। ਪਰਮਾਤਮਾ ਦੀ ਦਰਗਾਹ ਵਿੱਚ ਕੇਵਲ ਨਿਸ਼ਕਾਮ ਕਰਮਾਂ ਨੂੰ ਹੀ ਪਰਵਾਨਿਆਂ ਜਾਂਦਾ ਹੈ।

ਸਾਧੂ ਆਨੰਦਘਨ ਨੇ ਸਾਧ-ਸੰਗ ਦੀ ਮਹਾਨਤਾ ਨੂੰ ਪੇਸ਼ ਕਰਦੇ ਹੋਏ ਇਹੋ ਮੰਨਿਆ ਹੈ ਕਿ ਨਾਮ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੁੰਦੀ ਹੈ ਅਤੇ ਨਾਮ ਹੀ ਕਲਿਆਣ ਦਾ ਇਕ ਮਾਤਰ-ਸਾਧਨ ਹੈ। ਉਨ੍ਹਾਂ ਨੇ ਸਤਿਸੰਗ ਉੱਪਰ ਉੰਨਾ ਹੀ ਜ਼ੋਰ ਦਿੱਤਾ ਹੈ ਜਿੰਨਾ ਕਿ ਗੁਰਮਤਿ ਵਿੱਚ ਦਿੱਤਾ ਗਿਆ ਹੈ। ਵੈਸੇ ਵੀ ਅਧਿਆਤਮਕ ਉਦਾਰ ਲਈ ਸਤਿਸੰਗ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ।

ਆਨੰਦਘਨ ਦੀ ਟੀਕਾ ਸ਼ੈਲੀ ਦਾ ਪ੍ਰਮੁੱਖ ਪਛਾਣ ਉਹਨਾਂ ਦੀ ਮੰਗਲ ਵਿਧੀ ਹੈ ਜੋ ਕਿ ਪੂਰਬਲੇ ਟੀਕਾਕਾਰਾਂ ਤੋਂ ਵੱਖਰੀ ਹੈ। ਸਨਾਤਨੀ ਮੰਗਲ ਵਿਧੀ ਅਤੇ ਗੁਰਮਤਿ ਪਰੰਪਰਾ ਵਿਧੀ ਦੋਵਾਂ ਨੂੰ ਲੈ ਕੇ ਚੱਲਣ ਦੇ ਨਾਲ-ਨਾਲ ਆਪਣੀ ਮੌਲਿਕ ਵਿਧੀ ਸਥਾਪਿਤ ਕਰਨ ਦਾ ਯਤਨ ਵੀ ਕੀਤਾ ਗਿਆ ਹੈ।

ਸਾਧੂ ਆਨੰਦਘਨ ਨੇ ਸ਼ੰਕਾ ਤੇ ਸਮਾਧਾਨ ਨੂੰ ਉਭਾਰਨ ਵਾਲੀ ਨਨੂ-ਜੁਗਤ ਦਾ ਪ੍ਰਯੋਗ ਵੀ ਆਪਣੀ ਟੀਕਾਕਾਰੀ ਵਿੱਚ ਕੀਤਾ ਹੈ ਜੋ ਕਿ ਉਹਨਾਂ ਦੀ ਟੀਕਾਕਾਰੀ ਦਾ ਨਿਵੇਕਲਾ ਪਛਾਣ ਚਿੰਨ੍ਹ ਹੈ। ਇਹ ਜੁਗਤ ਸ਼ੰਕਿਆਂ ਦੀ ਨਵਿਰਤੀ ਅਤੇ ਸਪੱਸ਼ਟੀਕਰਨ ਦਾ ਮਾਧਿਅਮ ਵੀ ਬਣਦੀ ਹੈ। ਅਜਿਹਾ ਕਿਹਾ ਜਾ ਸਕਦਾ ਹੈ

ਕਿ ਨਨੂ-ਜੁਗਤ ਉਹਨਾਂ ਦੀ ਟੀਕਾਕਾਰੀ ਦੀ ਜਿੰਦ-ਜਾਨ ਹੈ।

ਸਵਾਮੀ ਆਨੰਦਘਨ ਤੋਂ ਬਾਅਦ ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਸੁਆਮੀ ਸਦਾਨੰਦ ਦਾ ਨਾਂ ਆਉਂਦਾ ਹੈ। ਇਸ ਵਿਆਖਿਆਕਾਰ ਦੁਆਰਾ ਰਚਿਤ 'ਜਪੁਜੀ ਸਟੀਕ' ਪ੍ਰਕਾਸ਼ਿਤ ਰੂਪ ਵਿੱਚ ਨਹੀਂ ਬਲਕਿ ਹਸਤਲਿਖਤ ਪੱਤਰੀ ਦੇ ਰੂਪ ਵਿੱਚ ਮਿਲਦੀ ਹੈ। ਇਸ ਉੱਤੇ ਸੰਮਤ 1890 ਬਿਕਰਮੀ (1833 ਈ.) ਅੰਕਿਤ ਹੈ। ਭਾਵੇਂ ਇਹ ਟੀਕਾਕਾਰ ਸਾਧੂ ਆਨੰਦਘਨ ਤੋਂ ਬਾਅਦ ਉਦਾਸੀ ਵਿਆਖਿਆਕਾਰੀ ਵਿੱਚ ਆਉਂਦਾ ਹੈ ਪਰ ਫਿਰ ਵੀ ਇਸ ਉੱਪਰ ਸਾਧੂ ਆਨੰਦਘਨ ਦਾ ਪ੍ਰਭਾਵ ਪ੍ਰਤੀਤ ਨਹੀਂ ਹੁੰਦਾ ਬਲਕਿ ਸੋਢੀ ਹਰਿ ਜੀ ਦੁਆਰਾ ਰਚਿਤ 'ਜਪੁ-ਪਰਮਾਰਥ' ਦਾ ਪ੍ਰਭਾਵ ਵਿਸ਼ੇਸ਼ ਰੂਪ ਵਿੱਚ ਦੇਖਣ ਨੂੰ ਮਿਲਦਾ ਹੈ। ਇਸ ਵਿਆਖਿਆਕਾਰ ਦੀ ਅਰਥ ਵਿਆਖਿਆ ਵਿੱਚ ਨੈਤਿਕ ਅਤੇ ਸਦਾਚਾਰਕ ਬਿਰਤੀ ਦੀ ਪ੍ਰਧਾਨਤਾ ਹੈ। ਇਸ ਨੇ ਸ਼ੁਭ ਅਤੇ ਨੇਕ ਜੀਵਨ ਉੱਪਰ ਜ਼ੋਰ ਦਿੱਤਾ ਹੈ। ਇਸ ਤੋਂ ਇਲਾਵਾ ਸਾਧੂ ਸਦਾਨੰਦ ਦੇ ਟੀਕੇ ਵਿੱਚੋਂ ਗੁਰਮਤਿ ਦੇ ਬੁਨਿਆਦੀ ਸਿਧਾਂਤ ਗੁਰੂ-ਭਗਤੀ, ਨਾਮ-ਸਿਮਰਨ, ਸਦਾਚਾਰ ਆਦਿ ਦਾ ਪ੍ਰਗਟਾਵਾ ਵੀ ਕੀਤਾ ਮਿਲਦਾ ਹੈ।

ਸਾਧੂ ਸਦਾਨੰਦ ਨੇ ਵੀ 'ਸਾਖ' ਦੇਣ ਦੀ ਵਿਧੀ ਵਰਤੀ ਹੈ। ਪਰ ਉਨ੍ਹਾਂ ਨੇ ਆਪਣੇ ਵਿਆਖਿਆਤਮਕ ਭਾਵਾਂ ਦੇ ਪ੍ਰਮਾਣ ਲਈ ਪੁਰਾਣਾਂ, ਵੇਦਾਂ ਅਤੇ ਉਪਨਿਸ਼ਦਾਂ ਦਾ ਪ੍ਰਯੋਗ ਨਹੀਂ ਕੀਤਾ ਬਲਕਿ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦੇਣ ਦੀ ਵਿਧੀ ਵਰਤੀ ਹੈ। ਜੋ ਕਿ ਸਾਧੂ ਆਨੰਦਘਨ ਤੋਂ ਵੱਖਰੀ ਹੈ। ਸਾਧੂ ਸਦਾਨੰਦ ਨੇ ਆਪਣੇ ਟੀਕੇ ਵਿੱਚ ਹਰ ਸ਼ਬਦ ਦੀ ਵਿਆਖਿਆ ਅਤਿਅੰਤ ਸਪੱਸ਼ਟਤਾ ਨਾਲ ਕੀਤੀ ਹੈ। ਜਿਸ ਨਾਲ ਉਸ ਸ਼ਬਦ ਦਾ ਅਰਥ ਸਰੂਪ ਵਧੇਰੇ ਨਿਸ਼ਚਿਤ ਹੁੰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਚਿੰਨ੍ਹਾਂ ਪ੍ਰਤੀਕਾਂ ਨੂੰ ਬਹੁਤ ਹੀ ਬਾਰੀਕਬੀਨੀ ਅਤੇ ਸੂਝ-ਬੂਝ ਨਾਲ ਖੋਲ੍ਹਣ ਦਾ ਯਤਨ ਕੀਤਾ ਹੈ। ਸੁਆਮੀ ਸਦਾਨੰਦ ਨੇ ਸਾਧ-ਭਾਖਾ ਵਿੱਚ ਇਨ੍ਹਾਂ ਚਿੰਨ੍ਹਾਂ-ਪ੍ਰਤੀਕਾਂ ਨੂੰ ਖੋਲ੍ਹਣ ਲਈ ਪੁਰਾਤਨ ਵਿਧੀ ਦਾ ਪ੍ਰਯੋਗ ਕੀਤਾ ਹੈ।

ਜਿੱਥੇ ਉਦਾਸੀ ਵਿਆਖਿਆਕਾਰਾਂ ਨੇ ਗੁਰਬਾਣੀ ਦੀ ਟੀਕੇ ਰਚੇ ਉੱਥੇ ਉਦਾਸੀ ਵਿਆਖਿਆਕਾਰ ਬਿਸ਼ਨ ਦਾਸ ਉਦਾਸੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਲਿਖਣ ਦਾ ਯਤਨ ਵੀ ਕੀਤਾ। ਬਿਸ਼ਨ ਦਾਸ ਉਦਾਸੀ ਦੁਆਰਾ ਰਚਿਤ ਕੋਸ਼ ਦਾ ਨਾਂ 'ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਸੰਮਤ ਬਿਕਰਮੀ 1955

ਮੁਤਾਬਕ ਇਹ ਕੋਸ਼ ਸੰਨ 1898 ਈ. ਵਿੱਚ ਛਪਿਆ ਸੀ। ਇਹ ਗ੍ਰੰਥ ਦੋ ਜਿਲਦਾਂ ਵਿੱਚ ਮਿਲਦਾ ਹੈ। ਇਸ ਕੋਸ਼ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਸ਼ਬਦਾਂ ਨੂੰ ਅੱਖਰ ਲਗ ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ ਹੈ। ਸ਼ਬਦ ਦਾ ਅਰਥ ਤਾਂ ਦਿੱਤਾ ਹੈ ਪਰ ਸ਼ਬਦ ਦੀ ਵਰਤੋਂ ਤੁਕਾਂ ਜਾਂ ਪ੍ਰਮਾਣ ਦੇ ਕੇ ਨਹੀਂ ਦੱਸੀ ਗਈ। ਇਸ ਕੋਸ਼ ਦੇ ਕੁੱਝ ਅਰਥ ਗੁਰਮਤਿ ਦੇ ਅਨੁਕੂਲ ਤਾਂ ਹਨ, ਪਰ ਆਮ ਲੋਕਾਈ ਵਿੱਚ ਅਪ੍ਰਚਲਤ ਹੋਣ ਦੇ ਬਾਵਜੂਦ ਵੀ ਬੜੇ ਰੌਚਕ ਜਾਪਦੇ ਹਨ।

ਉਦਾਸੀ ਸੰਤਾਂ ਨੇ ਸੰਸਕ੍ਰਿਤ ਅਤੇ ਹਿੰਦੀ ਭਾਸ਼ਾ ਨੂੰ ਵੀ ਆਪਣੀ ਵਿਆਖਿਆਕਾਰੀ ਦਾ ਅਧਾਰ ਬਣਾਇਆ ਹੈ। ਇਸ ਕਾਰਜ ਵਿੱਚ ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਅਤੇ ਸੰਤ ਪਰਮਾਨੰਦ ਦਾ ਨਾਮ ਉਲੇਖਯੋਗ ਹੈ। ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਨੇ 'ਜਪੁ ਸਹਿੰਤਾ' ਨਾਮੀ ਕ੍ਰਿਤ ਰਾਹੀਂ ਜਪੁਜੀ ਸਾਹਿਬ ਦੀ ਬਾਣੀ ਦਾ ਭਾਸ਼ ਪ੍ਰਸਤੁਤ ਕੀਤਾ ਹੈ। ਉਨ੍ਹਾਂ ਨੇ ਆਪਣੇ ਇਸ ਭਾਸ਼ ਸਬੰਧੀ ਦਾਅਵਾ ਕੀਤਾ ਹੈ ਕਿ ਅਨੇਕਾਂ ਪੰਡਿਤਾਂ ਅਤੇ ਗਿਆਨੀਆਂ ਨੇ 'ਜਪੁ' ਬਾਣੀ ਦੇ ਟੀਕੇ ਰਚਣ ਦਾ ਯਤਨ ਕੀਤਾ ਹੈ ਪਰ ਇਸ ਬਾਣੀ ਦਾ ਭਾਸ਼ ਰਚਣ ਦਾ ਪਹਿਲਾ ਉਪਰਾਲਾ ਕੇਵਲ ਉਨ੍ਹਾਂ ਨੇ ਹੀ ਕੀਤਾ ਹੈ। ਇਸ ਪੁਸਤਕ ਵਿੱਚ ਉਹ ਸਭ ਤੋਂ ਪਹਿਲਾਂ ਜਪੁਜੀ ਸਾਹਿਬ ਦੇ ਪਾਠ ਦਾ ਦੇਵਨਾਗਰੀ ਲਿਪੀ ਵਿੱਚ ਅਨੁਵਾਦ ਕਰਦੇ ਹਨ ਫਿਰ ਹਿੰਦੀ ਤੋਂ ਸੰਸਕ੍ਰਿਤ ਭਾਸ਼ਾ ਵਿੱਚ ਅਨੁਵਾਦ ਕਰਦੇ ਹਨ। ਇਸ ਉਪਰੰਤ ਉਹ 'ਹਿੰਦੀ ਭਾਸ਼ਯ ਅਨੁਵਾਦ' ਸਿਰਲੇਖ ਹੇਠ ਪਾਠ ਦੇ ਅਰਥ ਕਰਦੇ ਹਨ। ਇਸ ਪਿੱਛੋਂ 'ਭਾਸ਼' ਦੇ ਸਿਰਲੇਖ ਹੇਠ ਪਾਠ ਦੀ ਵਿਆਖਿਆ ਕਰਦੇ ਹਨ। ਇਸ ਪ੍ਰਕਾਰ ਉਹ ਇੱਕੋ ਸਮੇਂ ਵਿਆਖਿਆ ਦੀਆਂ ਦੋ ਵੱਖੋ-ਵੱਖਰੀਆਂ ਵਿਧੀਆਂ ਅਨੁਵਾਦ ਅਤੇ ਭਾਸ਼ ਨੂੰ ਇੱਕੋ ਧਰਾਤਲ ਉੱਤੇ ਇੱਕੋ ਸਮੇਂ ਸਫਲਤਾਪੂਰਵਕ ਨਿਭਾ ਕੇ ਆਪਣੀ ਵਿਆਖਿਆਤਮਕ-ਕੁਸ਼ਲਤਾ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦੇ ਹਨ।

ਇਹ ਭਾਸ਼ ਵਿਸਤ੍ਰਿਤ ਭੂਮਿਕਾ ਸਹਿਤ 270 ਪੰਨਿਆਂ ਤੱਕ ਫ਼ੈਲਿਆ ਹੋਇਆ ਹੈ। ਇਸ ਦੀ ਭੂਮਿਕਾ ਵਿੱਚ 10 ਗੁਰੂ ਸਾਹਿਬਾਨਾਂ ਦੀ ਸੰਖਿਪਤ ਜੀਵਨੀ ਅਤੇ ਸਿੱਖ ਧਰਮ ਨਾਲ ਸਬੰਧਿਤ ਵਿਵਰਣ ਵੀ ਪੇਸ਼ ਕੀਤਾ ਗਿਆ ਹੈ। ਹਰਿਪ੍ਰਸਾਦ ਵੈਦਿਕ ਮੁਨੀ ਆਪਣੇ ਚੰਗੇ ਭਾਸ਼ਾ ਵਿਗਿਆਨੀ ਹੋਣ ਦਾ ਸਬੂਤ ਉਦੋਂ ਪੇਸ਼

ਕਰਦੇ ਹਨ। ਜਦੋਂ ਉਹ ਇਸ ਭਾਸ਼ ਵਿਚਲੇ ਸ਼ਬਦਾਂ ਦੇ ਨਿਰੁਕਤ ਅਤੇ ਵਿਆਕਰਨਕ ਸਰੂਪਾਂ ਸਬੰਧੀ ਚਰਚਾ ਕਰਦਿਆਂ ਲੋੜ ਅਨੁਸਾਰ ਉਨਾਂ ਦੇ ਉਚਾਰਨ ਪੱਖ ਨੂੰ ਵੀ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਪ੍ਰਾਕਿਤ ਭਾਸ਼ਾ ਅਤੇ ਸੰਸਕ੍ਰਿਤ ਭਾਸ਼ਾ ਸੰਬੰਧੀ ਵੀ ਚਰਚਾ ਹੋਈ ਮਿਲਦੀ ਹੈ।

ਇਸ 'ਭਾਸ਼' ਵਿੱਚ ਹਰਿਪ੍ਰਸਾਦ ਵੈਦਿਕ ਮੁਨੀ ਨੇ ਸਿਰਲੇਖਾਂ ਦੀ ਵਰਤੋਂ ਵੀ ਕੀਤੀ ਹੈ। ਮੂਲ ਮੰਤਰ ਨੂੰ 'ਗੁਰਮੰਤਰ' ਦਾ ਸਿਰਲੇਖ, ਪਹਿਲੇ ਸਲੋਕ ਨੂੰ 'ਸਿਰੋਮੰਤਰ' ਅਤੇ ਪਹਿਲੀ ਪਉੜੀ ਨੂੰ 'ਈਸ਼ਵਰ ਨਿਸ਼ਚਾਪਰਵ' ਆਦਿ ਸਿਰਲੇਖ ਦਿੱਤੇ ਹਨ। ਇਸੇ ਤਰ੍ਹਾਂ ਸਾਰੀਆਂ ਪਉੜੀਆਂ ਨੂੰ ਸਿਰਲੇਖ ਬੱਧ ਕਰਕੇ ਅੰਤਿਮ ਸਲੋਕ ਨੂੰ 'ਉਪਸੰਹਾਰ ਸਲੋਕ' ਸਿਰਲੇਖ ਦਿੱਤਾ ਹੈ।

'ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦੇ ਯੋਗਦਾਨ' ਖੋਜ-ਪ੍ਰਬੰਧ ਵਿੱਚ ਉਦਾਸੀ ਵਿਆਖਿਆਕਾਰਾਂ ਦੁਆਰਾ ਪਾਏ ਯੋਗਦਾਨ ਦਾ ਵਿਸ਼ਲੇਸ਼ਣ ਕਰਨ ਉਪਰੰਤ ਕੁਝ ਨਿਖੜਵੇਂ ਤੱਥ ਉੱਭਰ ਕੇ ਸਾਹਮਣੇ ਆਏ ਹਨ:-

(1) ਉਦਾਸੀ ਸੰਪਰਦਾਇ ਦੁਆਰਾ ਕੀਤੀ ਗੁਰਬਾਣੀ ਵਿਆਖਿਆ ਦਾ ਧਰਾਤਲ ਮੌਖਿਕ ਵਿਆਖਿਆ ਪਰੰਪਰਾ ਅਤੇ ਲਿਖਤੀ ਵਿਆਖਿਆ ਪਰੰਪਰਾ ਦੋਵਾਂ ਉੱਪਰ ਫ਼ੈਲਿਆ ਹੋਇਆ ਹੈ। ਪਹਿਲੋ-ਪਹਿਲ ਇਸ ਵਿਆਖਿਆਕਾਰੀ ਦਾ ਸਰੂਪ ਮੌਖਿਕ ਸੀ ਅਤੇ ਬੋਲ ਸੰਸਾਰ ਰਾਹੀਂ ਨਾਨਕ ਬਾਣੀ ਦਾ ਸੰਦੇਸ਼ ਲੋਕਾਂ ਤੱਕ ਸੰਚਾਰਿਤ ਕੀਤਾ ਜਾਂਦਾ ਸੀ। ਪ੍ਰੰਤੂ ਗੁਰੂ ਕਾਲ ਤੋਂ ਬਾਅਦ ਦੀ ਵਿਆਖਿਆਕਾਰੀ ਰਾਹੀਂ ਇਹ ਵਿਆਖਿਆ ਪਰੰਪਰਾ ਲਿਖਤੀ ਵਿਆਖਿਆ ਪਰੰਪਰਾ ਵਿੱਚ ਪ੍ਰਵੇਸ਼ ਕਰਦੀ ਹੈ। ਲਿਖਤੀ ਪਰੰਪਰਾ ਵਿੱਚ ਟੀਕੇ, ਭਾਸ਼ ਅਤੇ ਕੋਸ਼ਕਾਰੀ ਇਸ ਪਰੰਪਰਾ ਦੀਆਂ ਪ੍ਰਮੁੱਖ ਪੱਧਤੀਆਂ ਰਹੀਆਂ ਹਨ।

(2) ਉਦਾਸੀ ਵਿਆਖਿਆਕਾਰਾਂ ਦੀ ਇਹ ਖ਼ਾਸੀਅਤ ਰਹੀ ਹੈ ਕਿ ਉਨ੍ਹਾਂ ਨੇ ਵੇਦਾਂ, ਪੁਰਾਣਾਂ, ਸਿਮਰਤੀਆਂ ਆਦਿ ਸਨਾਤਨੀ ਗ੍ਰੰਥਾਂ ਨੂੰ ਆਪਣੀ ਵਿਆਖਿਆ ਦੀ ਪੁਸ਼ਟੀ ਹਿੱਤ ਵਰਤਦਿਆਂ ਭਾਰਤੀ ਅਧਿਆਤਮਕ ਚਿੰਤਨ ਅਤੇ ਗੁਰਮਤਿ ਅਧਿਆਤਮਕ ਚਿੰਤਨ ਵਿਚਕਾਰ ਪੁਲ ਦਾ

ਕੰਮ ਕੀਤਾ ਹੈ।

(3) ਉਦਾਸੀਨ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਦਾ ਜ਼ਿਆਦਾਤਰ ਕੇਂਦਰ-ਬਿੰਦੂ ਗੁਰੂ ਨਾਨਕ ਬਾਣੀ ਹੀ ਰਹੀ ਹੈ। ਤਕਰੀਬਨ ਹਰ ਵਿਆਖਿਆਕਾਰ ਨੇ ਨਾਨਕ-ਬਾਣੀ ਦਾ ਟੀਕਾ ਕੀਤਾ ਹੈ। ਇੰਨਾ ਹੀ ਨਹੀਂ ਉਦਾਸੀ ਕਵੀਆਂ ਅਤੇ ਵਿਆਖਿਆਕਾਰਾਂ ਦੀਆਂ ਕ੍ਰਿਤਾਂ ਵਿਚਲੀਆਂ ਟੂਕਾਂ ਵੀ ਗੁਰੂ ਨਾਨਕ ਦੀ ਮਹਿਮਾ ਨਾਲ ਭਰਪੂਰ ਹਨ। ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਪ੍ਰਤੀ ਅਸੀਮ ਅਤੇ ਅਟੁੱਟ ਸ਼ਰਧਾ ਇਸ ਵਿਆਖਿਆਕਾਰੀ ਵਿੱਚ ਪ੍ਰਬਲ ਰੂਪ ਵਿੱਚ ਵਿਖਾਈ ਦਿੰਦੀ ਹੈ।

(4) ਉਦਾਸੀਨ ਵਿਆਖਿਆਕਾਰ ਕੇਵਲ ਗੁਰਬਾਣੀ ਦੀ ਵਿਆਖਿਆਕਾਰੀ ਤੱਕ ਹੀ ਸੀਮਤ ਨਹੀਂ ਰਹੇ ਬਲਕਿ ਉਨ੍ਹਾਂ ਨੇ ਪੰਜ ਗ੍ਰੰਥੀਆਂ, ਬਾਣੀ ਦੀਆਂ ਪੋਥੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਉਸ ਸਮੇਂ ਤਿਆਰ ਕੀਤੀਆਂ ਜਦੋਂ ਪ੍ਰੈਸ ਦੀ ਘਾਟ ਸੀ। ਇਸ ਦਾ ਪ੍ਰਤੱਖ ਸਬੂਤ ਤਖ਼ਤ ਪਟਨਾ ਸਾਹਿਬ ਵਿਖੇ ਮੌਜੂਦ ਸੌ ਤੋਂ ਉੱਪਰ ਹੱਥ-ਲਿਖਤ ਬੀੜਾਂ ਦਿੰਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਸਾਧੂਆਂ ਨੇ ਡੇਰਿਆਂ ਵਿੱਚ ਗੁਰਬਾਣੀ ਦੀ ਸੰਥਯਾ ਦੇਣ ਅਤੇ ਕਥਾ-ਵਾਰਤਾ ਰਾਹੀਂ ਗੁਰਬਾਣੀ ਸਿਧਾਂਤਾਂ ਨੂੰ ਵੀ ਦ੍ਰਿੜ੍ਹ ਕਰਵਾਇਆ।

(5) ਉਦਾਸੀ ਵਿਆਖਿਆਕਾਰਾਂ ਨੇ ਆਪਣੀ ਵਿਆਖਿਆਕਾਰੀ ਦੌਰਾਨ ਪ੍ਰਾਚੀਨ ਕਲਾਸਿਕ ਜਾਂ ਸ਼ਾਸਤਰੀ ਟੀਕਾ ਵਿਧੀ ਦਾ ਪ੍ਰਯੋਗ ਕੀਤਾ ਹੈ। ਜਿਸ ਵਿੱਚ ਉਹ ਅਰਥ ਦੇ ਸਾਰੇ ਪਸਾਰਾਂ ਨੂੰ ਸਪੱਸ਼ਟ ਕਰਨ ਲਈ ਅਤੇ ਮੂਲ ਲੇਖਕ ਦੇ ਆਸ਼ੇ ਤੱਕ ਪੁੱਜਣ ਲਈ ਆਪ ਹੀ ਪ੍ਰਸ਼ਨ ਕਰਕੇ, ਇਤਰਾਜ਼ ਅਤੇ ਸ਼ੰਕੇ ਪੈਦਾ ਕਰਕੇ ਉਨ੍ਹਾਂ ਦਾ ਸਮਾਧਾਨ ਕਰਦੇ ਹਨ। ਇਸ ਟੀਕਾ ਵਿਧੀ ਦਾ ਪ੍ਰਯੋਗ ਸਾਧੂ ਆਨੰਦਘਨ, ਸੁਆਮੀ ਸਦਾਨੰਦ ਅਤੇ ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਨੇ ਬਾਖ਼ੂਬੀ ਕੀਤਾ ਹੈ।

(6) ਨਨੂ-ਜੁਗਤ (ਸ਼ੰਕਾ ਸਮਾਧਾਨ ਜੁਗਤ) ਦਾ ਪ੍ਰਯੋਗ ਉਦਾਸੀ ਵਿਆਖਿਆਕਾਰੀ ਦਾ ਨਿਵੇਕਲਾ ਪਛਾਣ ਚਿੰਨ੍ਹ ਹੈ। ਦਰਅਸਲ, ਇਹ ਜੁਗਤ ਸ਼ੰਕਿਆਂ ਦੀ ਨਵਿਰਤੀ ਅਤੇ ਸਪੱਸ਼ਟੀਕਰਨ ਦਾ

ਮਾਧਿਅਮ ਬਣਦੀ ਹੈ। ਇਹ ਸਰਲੀਕਰਣ ਦੀ ਇੱਕ ਅਜਿਹੀ ਵਿਧੀ ਹੈ। ਜਿਸ ਵਿੱਚ ਦਾਰਸ਼ਨਿਕ ਨੁਕਤਿਆਂ ਨੂੰ ਵੀ ਸਮਝਣਯੋਗ ਬਣਾਇਆ ਜਾ ਸਕਦਾ ਅਤੇ ਵਿਸ਼ੇ ਨੂੰ ਗੰਭੀਰਤਾ ਵੀ ਪ੍ਰਦਾਨ ਕਰਵਾਈ ਜਾਂਦੀ ਹੈ। ਇਸ ਵਿਧੀ ਨਾਲ ਟੀਕਾ ਸ਼ੈਲੀ ਵਿੱਚ ਨਿਖਾਰ ਪੈਦਾ ਹੁੰਦਾ ਹੈ।

(7) ਉਦਾਸੀ ਸੰਪ੍ਰਦਾਇ ਦੇ ਵਿਆਖਿਆਕਾਰਾਂ ਨੇ 'ਸਾਖ' ਭਾਵ ਕਿਸੇ ਵਿਆਖਿਆ ਦੀ ਪੁਸ਼ਟੀ ਲਈ ਪ੍ਰਮਾਣ ਦੇਣ ਦੀ ਵਿਧੀ ਦੌਰਾਨ ਵੇਦਾਂ, ਸ਼ਾਸਤਰਾਂ, ਪੁਰਾਣਾਂ ਅਤੇ ਉਪਨਿਸ਼ਦਾਂ ਦਾ ਪ੍ਰਯੋਗ ਵੀ ਕੀਤਾ ਹੈ ਅਤੇ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦੇਣ ਦੀ ਵਿਧੀ ਨੂੰ ਵੀ ਵਰਤਿਆ ਹੈ। ਇਸਤਰ੍ਹਾਂ ਇਹ ਵਿਆਖਿਆਕਾਰ ਦੋਵੇਂ ਵਿਧੀਆਂ ਦਾ ਪ੍ਰਯੋਗ ਕਰਦੇ ਹਨ।

(8) ਲਗਪਗ ਹਰ ਉਦਾਸੀ ਵਿਆਖਿਆਕਾਰ ਨੇ ਆਪਣੀ ਵਿਆਖਿਆ ਦੌਰਾਨ ਅਰਥਾਂ ਨੂੰ ਸਪੱਸ਼ਟ ਕਰਨ ਲਈ ਚਿੰਨ੍ਹਾਂ, ਪ੍ਰਤੀਕਾਂ ਨੂੰ ਬਹੁਤ ਹੀ ਬਾਰੀਕਬੀਨੀ ਅਤੇ ਮਹੀਨ ਸੂਝ ਨਾਲ ਖੋਲ੍ਹਿਆ ਹੈ। ਕਈ ਵਾਰ ਅਜਿਹਾ ਕਰਨ ਸਮੇਂ ਪ੍ਰਸੰਗ ਕਾਫ਼ੀ ਲੰਮੇ ਹੋ ਜਾਂਦੇ ਹਨ ਅਤੇ ਵਿਆਖਿਆ ਦਾ ਸਰੂਪ ਵਿਸਤ੍ਰਿਤ ਹੋ ਜਾਂਦਾ ਹੈ।

(9) ਟੀਕਾਕਾਰੀ ਵਿੱਚ ਟੀਕਿਆਂ ਦੇ ਸ਼ੁਰੂ ਅਤੇ ਅੰਤ ਵਿੱਚ ਆਉਣ ਵਾਲੀਆਂ ਕਾਵਿ-ਟੂਕਾਂ ਜਿੱਥੇ ਟੀਕਾਕਾਰੀ ਵਿੱਚ ਕਾਵਿਕ-ਅੰਸ਼ਾਂ ਦੀ ਪੇਸ਼ਕਾਰੀ ਦਾ ਨਿਵੇਕਲਾ ਯਤਨ ਬਣਦੀਆਂ ਹਨ ਉੱਥੇ ਵਿਆਖਿਆਕਾਰਾਂ ਵਿਚਲੇ ਸੁਪਤ ਕਵੀਆਂ ਦੇ ਜਾਗਣ ਦੀ ਝਲਕ ਵੀ ਪੇਸ਼ ਕਰਦੀਆਂ ਹਨ। ਇਹ ਟੀਕਾਕਾਰ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਟੀਕਾਕਾਰ ਦੀਆਂ ਸੀਮਾਵਾਂ ਤੋਂ ਉੱਪਰ ਉੱਠ ਕੇ ਕਾਵਿ ਦੀ ਸਿਰਜਣਾ ਕਰਦੇ ਹਨ। ਇਸ ਸੰਦਰਭ ਵਿੱਚ 'ਸਾਧੂ ਆਨੰਦਘਨ' ਦੇ ਟੀਕੇ ਵੇਖੇ ਜਾ ਸਕਦੇ ਹਨ।

(10) ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਜਿਵੇਂ :- ਨਾਮ-ਸਿਮਰਨ, ਗੁਰੂ-ਭਗਤੀ, ਸਦਾਚਾਰ, ਕ੍ਰਿਪਾ-ਨਦਰ, ਸਤਿਸੰਗ, ਮੁਕਤੀ ਕਰਮ ਤੇ ਕਰਮ-ਫਲ ਅਤੇ ਪਾਪ-ਪੁੰਨ ਦੀ ਪੇਸ਼ਕਾਰੀ ਗੁਰਮਤਿ ਆਸ਼ੇ ਦੇ ਅਨੁਕੂਲ ਹੋਈ ਹੈ। ਸਾਧੂ ਆਨੰਦਘਨ ਦੁਆਰਾ 'ਦੇਵੀ-ਪੂਜਾ' ਉੱਪਰ ਦਿੱਤਾ ਗਿਆ ਜ਼ੋਰ ਉਦਾਸੀ ਮਤ ਦੀ ਸਰਗੁਣ ਭਗਤੀ ਵਿੱਚ ਵਿਸ਼ਵਾਸ਼ ਨੂੰ ਬਿਆਨ ਕਰਦਾ ਹੈ।

(11) ਉਦਾਸੀ ਸੰਪ੍ਰਦਾਇ ਦੁਆਰਾ ਕੀਤੀ ਵਿਆਖਿਆਕਾਰੀ ਨਾਲ ਗੁਰਬਾਣੀ ਵਿਆਖਿਆਕਾਰੀ ਦਾ

ਰੁਖ਼ ਸਾਧ-ਭਾਖਾ ਜਾਂ ਖੜੀ ਬੋਲੀ ਵੱਲ ਨੂੰ ਮੁੜ ਜਾਂਦਾ ਹੈ। ਸਾਧੂ ਆਨੰਦਘਨ ਤੋਂ ਪਹਿਲਾਂ ਭਾਈ ਗੁਰਦਾਸ ਨੇ ਇਸ ਸਿਰਜਣ ਕਰਮ ਨੂੰ ਪੰਜਾਬੀ ਬੋਲੀ ਵੱਲ ਮੋੜਿਆ ਸੀ ਅਤੇ ਸੋਢੀ ਮਿਹਰਬਾਨ ਨੇ ਵੀ ਆਪਣੀ ਪਰਮਾਰਥ ਸ਼ੈਲੀ ਵਿੱਚ ਪੰਜਾਬੀ ਭਾਸ਼ਾ ਦਾ ਹੀ ਪ੍ਰਯੋਗ ਕੀਤਾ ਸੀ। ਸਾਧ-ਭਾਖਾ ਵੱਲ ਮੁੜੇ ਰੁਝਾਨ ਦਾ ਚੰਗਾ ਸਿੱਟਾ ਇਹ ਨਿਕਲਿਆ ਕਿ ਗੁਰਮਤਿ ਚਿੰਤਨ ਕੇਵਲ ਸਿੱਖਾਂ ਤੱਕ ਸੀਮਤ ਨਾ ਰਹਿ ਕੇ ਭਾਰਤੀ ਸੰਤਾਂ-ਸਾਧੂਆਂ ਦਾ ਸਰਮਾਇਆ ਵੀ ਬਣ ਗਿਆ।

(12) ਉਦਾਸੀ ਵਿਆਖਿਆਕਾਰਾਂ ਦੀ ਇੱਕ ਇਹ ਵੀ ਵੱਡੀ ਵਿਸ਼ੇਸ਼ਤਾ ਰਹੀ ਹੈ ਕਿ ਇਹ ਵਿਆਖਿਆਕਾਰ ਇੱਕੋ ਸਮੇਂ ਟੀਕਾਕਾਰੀ, ਭਾਸ਼, ਪਰਮਾਰਥ ਅਤੇ ਅਨੁਵਾਦ ਵਰਗੀਆਂ ਵੱਖੋ-ਵੱਖਰੀਆਂ ਭਾਰਤੀ ਵਿਆਖਿਆ-ਪੱਧਤੀਆਂ ਨੂੰ ਇੱਕੋ ਤਲ ਉੱਪਰ ਬੜੀ ਬਾਖ਼ੂਬੀ ਨਾਲ ਨਿਭਾ ਲੈਂਦੇ ਹਨ। ਜੋ ਕਿ ਉਨ੍ਹਾਂ ਦੇ ਗਹਿਰ-ਗੰਭੀਰ ਚਿੰਤਕ ਹੋਣ ਦਾ ਪ੍ਰਤੱਖ ਸਬੂਤ ਹੈ।

(13) ਉਦਾਸੀ ਵਿਆਖਿਆਕਾਰਾਂ ਦੀ ਟੀਕਾ ਸ਼ੈਲੀ ਦਾ ਮੁੱਖ ਪਛਾਣ-ਚਿੰਨ੍ਹ ਉਨ੍ਹਾਂ ਦੁਆਰਾ ਵਰਤੀ ਮੰਗਲ ਵਿਧੀ ਵੀ ਹੈ। ਇਹ ਮੰਗਲ ਵਿਧੀ ਗੁਰੂ ਗ੍ਰੰਥ ਸਾਹਿਬ ਦੀ ਮੰਗਲ ਵਿਧੀ ਨਾਲ ਮੇਲ ਵੀ ਖਾਂਦੀ ਹੈ ਅਤੇ ਸਨਾਤਨੀ ਮੰਗਲ ਵਿਧੀ ਨੂੰ ਵੀ ਅਪਣਾਉਂਦੀ ਹੈ। ਉਦਾਸੀ ਵਿਆਖਿਆਕਾਰ ਮੰਗਲ ਸੰਕੇਤਾਂ ਦੀ ਕਾਵਿ ਛੰਦਾਂ ਰਾਹੀਂ ਕਾਵਿਮਈ ਵਿਆਖਿਆ ਕਰਕੇ ਆਪਣੀ ਟੀਕਾ ਸ਼ੈਲੀ ਨੂੰ ਇੱਕ ਅਲੱਗ ਸਰੂਪ ਪ੍ਰਦਾਨ ਕਰਵਾਉਂਦੇ ਹਨ।

(14) ਗੁਰੂ ਕਾਲ ਦੇ ਉਦਾਸੀ ਵਿਆਖਿਆਕਾਰ ਕਾਵਿਕ ਸ਼ੈਲੀ ਰਾਹੀਂ ਵਿਆਖਿਆਕਾਰੀ ਦੇ ਵੱਖ-ਵੱਖ ਪੱਖਾਂ ਨੂੰ ਰੂਪਮਾਨ ਕਰਦੇ ਹਨ ਜਦਕਿ ਗੁਰੂ-ਕਾਲ ਤੋਂ ਬਾਅਦ ਦੇ ਵਿਆਖਿਆਕਾਰ ਵਾਰਤਕ ਸ਼ੈਲੀ ਰਾਹੀਂ ਵਿਆਖਿਆਕਾਰੀ ਦਾ ਸਰੂਪ ਉਜਾਗਰ ਕਰਦੇ ਹਨ।

(15) ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਉਦਾਸੀ ਵਿਆਖਿਆਕਾਰਾਂ ਦਾ ਵੇਦਾਂ ਅਤੇ ਸ਼ਾਸਤਰਾਂ ਦੇ ਬਹੁਤ ਵੱਡੇ ਚਿੰਤਕ ਹੋਣ ਕਾਰਣ, ਉਨ੍ਹਾਂ ਨੇ ਭਾਰਤੀ ਚਿੰਤਨ ਨੂੰ ਆਤਮਸਾਤ ਕਰਕੇ ਗੁਰਬਾਣੀ ਚਿੰਤਨ ਦੇ ਘੇਰੇ ਨੂੰ ਕਾਫ਼ੀ ਵਿਸ਼ਾਲ ਕਰਨ ਦੇ ਨਾਲ-ਨਾਲ ਇਸ ਨੂੰ ਅਧਿਐਨ ਦੀ ਸਰਬ ਸਾਂਝੀ ਵਸਤੂ ਬਣਾ ਦਿੱਤਾ। ਇਸ ਪ੍ਰਕਾਰ ਇਨ੍ਹਾਂ ਮਹਾਤਮਾਵਾਂ ਦੁਆਰਾ ਪਾਏ ਯੋਗਦਾਨ ਨੂੰ ਘਟਾ ਕੇ ਜਾਂ ਅੱਖੋ-ਪਰੋਖੇ ਕਰਕੇ ਨਹੀਂ ਦੇਖਿਆ ਜਾ ਸਕਦਾ।

# ਪੁਸਤਕ ਸੂਚੀ


ਉਦਾਸੀਨ ਅਨੰਤਾਨੰਦ (ਮਹੰਤ) : ***ਨਿਰਵਾਣ-ਪ੍ਰੀਤਮ-ਚਰਿਤ,*** ਪ੍ਰੀਤਮ ਪ੍ਰਕਾਸ਼ਨ, ਅੰਮ੍ਰਿਤਸਰ, 1994.

ਉਹੀ, ਗਿਆਨੀ ਇੰਦਰ ਸਿੰਘ : ***ਸ੍ਰੀ ਚੰਦਰ ਪ੍ਰਕਾਸ਼,*** ਪ੍ਰੀਤਮ ਪ੍ਰਕਾਸ਼ਨ, ਅੰਮ੍ਰਿਤਸਰ, 1995.

ਅਮਰਜੀਤ ਸਿੰਘ (ਸੰਪਾ.) : ***ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਈਸ਼ਰ ਸਿੰਘ ਨਾਰਾ, (ਗਿ.) : ***ਇਤਿਹਾਸ ਬਾਬਾ ਸ੍ਰੀ ਚੰਦ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ,*** ਗੋਬਿੰਦ ਸਦਨ, ਦਿੱਲੀ, 1959.

ਸਰਬਜਿੰਦਰ ਸਿੰਘ (ਸੰਪਾ.) : ***ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ-ਤੀਜਾ),*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਉਹੀ, : ***ਗੁਰੂ ਮਾਨਿਓ ਗ੍ਰੰਥ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਸਵਰਨਜੀਤ ਕੌਰ ਗਰੇਵਾਲ (ਡਾ.) : ***ਉੱਤਰੀ ਭਾਰਤ ਦੀਆਂ ਪ੍ਰਮੁੱਖ ਨਿਰਗੁਣ ਸੰਪ੍ਰਦਾਵਾਂ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

ਸਵਾਮੀ ਬ੍ਰਹਮਦੇਵ : ***ਗਿਆਨ ਕੀ ਗੋਦੜੀ,*** ਸੰਗਮ ਪਬਲੀਕੇਸ਼ਨਜ਼, ਸਮਾਣਾ, 2013.

ਸ਼ਿਵਰਾਮ ਦਾਸ ਉਦਾਸੀ : ***ਉਦਾਸੀਆਂ ਦਾ ਸੱਚਾ ਇਤਿਹਾਸ,*** ਅੰਮ੍ਰਿਤਸਰ, ਮਿਤੀਹੀਨ.

ਸੁਰਿੰਦਰ ਸਿੰਘ ਕੋਹਲੀ (ਸੰਪਾ.) : ***ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ),*** ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1973.

ਹਰਭਜਨ ਸਿੰਘ ਹਾਮੀ : ***ਸ੍ਰੀ ਚੰਦ੍ਰਾਇਣ (ਮਹਾਂਕਾਵਿ),*** ਸੁਆਮੀ ਸੰਤ ਦਾਸ ਪ੍ਰਕਾਸ਼ਨ ਪਰਿਸ਼ਦ, ਪ੍ਰੀਤਮ ਭਵਨ ਉਦਾਸੀਨ ਆਸ਼ਰਮ, ਜਲੰਧਰ, 1983.

ਹਰਨਾਮ ਸਿੰਘ ਸ਼ਾਨ : ***ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ,*** ਭਾਸ਼ਾ ਵਿਭਾਗ, ਪਟਿਆਲਾ, 1997

ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ, ਗੋਬਿੰਦ ਸਿੰਘ ਲਾਂਬਾ, : ***ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1996.

ਕਲਿਆਣ ਦਾਸ ਉਦਾਸੀ : ***ਇਤਿਹਾਸ ਮਹਾਤਮਾ ਸ੍ਰੀ ਚੰਦ ਜਗਤ ਗੁਰੂ ਜੀ ਉਦਾਸੀ ਸਿੱਖਾਂ ਦਾ,*** ਨਾਭਾ, ਬਿ.ਸੰ.2034/1977 ਈ.

ਕਾਹਨ ਸਿੰਘ ਨਾਭਾ : ***ਗੁਰਮਤ ਮਾਰਤੰਡ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ-6

ਗੁਰਚਰਨ ਸਿੰਘ : ***ਗੁਰਬਾਣੀ ਸਭਿਆਚਾਰ,*** ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2000.

ਗੁਰਚਰਨ ਕੌਰ ਨੰਦਾ : ***ਉਦਾਸੀ ਸੰਪ੍ਰਦਾਇ,*** ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2001.

ਗੁਰਦੇਵ ਸਿੰਘ (ਸੰਪਾ.) : ***ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ,*** *ਗੋਬਿੰਦ ਸਦਨ,* ਨਵੀਂ ਦਿੱਲੀ, 1996.

ਗੁਰਨਾਮ ਕੌਰ (ਸੰਪਾ.) : ***ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਗੁਰਨੇਕ ਸਿੰਘ : ***ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼,*** ਗੁਰਮਤਿ ਪ੍ਰਕਾਸ਼ਨ, ਪਟਿਆਲਾ, 2008.

ਗੁਰਮੁਖ ਸਿੰਘ (ਸੰਪਾ.) : ***ਗੁਰੂ ਨਾਨਕ ਬੰਸ ਪ੍ਰਕਾਸ਼,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਜਗਜੀਵਨ ਸਿੰਘ (ਡਾ.) : ***ਸ੍ਰੀ ਗੁਰੂ ਹਰਿਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

ਜਗਬੀਰ ਸਿੰਘ (ਡਾ.) : ***ਗੁਰਬਾਣੀ ਵਿਸ਼ਵ-ਦ੍ਰਿਸ਼ਟੀ ਤੇ ਵਿਚਾਰਧਾਰਾ,*** ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 1997.

ਜੋਗਿੰਦਰ ਸਿੰਘ (ਡਾ.) : ***ਜਪੁਜੀ ਦੇ ਟੀਕੇ : ਸਮੀਖਿਆਤਮਕ ਅਧਿਅਨ,*** ਗਰੀਨ ਵਿਊ, ਪਟਿਆਲਾ, 1981.

ਜਸਵੰਤ ਸਿੰਘ ਨੇਕੀ (ਡਾ.) : ***ਸਦਾ ਵਿਗਾਸ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ਪੰਨਾ 188

ਤਰਲੋਚਨ ਸਿੰਘ ਬੇਦੀ : ***ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ,*** ਦਿੱਲੀ, 1972.

ਤਾਰਨ ਸਿੰਘ (ਡਾ.) : ***ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

ਦਰਸ਼ਨ ਸਿੰਘ : ***ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਨਰਿੰਦਰ ਸਿੰਘ ਸੋਚ : ***ਭਗਵਾਨ ਸ੍ਰੀ ਚੰਦ ਦਰਸ਼ਨ***, ਅੰਮ੍ਰਿਤਸਰ, 1992.

ਪ੍ਰੀਤਮ ਸਿੰਘ : ***ਨਿਰਮਲ ਸੰਪ੍ਰਦਾਇ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.

ਪਿਆਰਾ ਸਿੰਘ ਪਦਮ : ***ਸਿੱਖ ਸੰਪ੍ਰਦਾਵਲੀ,*** ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000.

ਬਲਵੀਰ ਸਿੰਘ ਨੰਦਾ : ***ਪੁਰਾਤਨ ਸਿੱਖ ਸੰਪਰਦਾਵਾਂ,*** ਚੰਡੀਗੜ੍ਹ, 1984.

ਬ੍ਰਹਮਾਦਿ ਉਦਾਸੀਨ : ***ਗੁਰੂ ਉਦਾਸੀਨ ਮਤ ਦਰਪਣ,*** ਸਖਰ (ਸਿੰਧ), 1923.

ਭਗਵਾਨ ਦਾਸ : ***ਸ੍ਰੀ ਚੰਦ ਦਰਸ਼ਨ,*** ਮਹੰਤ ਸੰਤ ਸਰੂਪ ਜੀ ਪ੍ਰਕਾਸ਼ਨ (ਗੱਦੀ ਨਸ਼ੀਨ), ਅਖਾੜਾ ਬ੍ਰਹਮ ਬੂਟਾ, ਅੰਮ੍ਰਿਤਸਰ, ਮਿਤੀਹੀਣ.

ਭਾਈ ਪਰਮਾਨੰਦ : ***ਹਿੰਦੂ ਧਰਮ ਔਰ ਉਦਾਸੀ ਸੰਪ੍ਰਦਾਇ,*** ਪ੍ਰਕਾਸ਼ਨ ਮਹੰਤ ਹਰੀ ਸਿੰਘ ਅੰਮ੍ਰਿਤਸਰ, 1961.

ਮਹਿੰਦਰ ਕੌਰ ਗਿੱਲ : ***ਬਾਬਾ ਸ੍ਰੀ ਚੰਦ ਤੇ ਉਦਾਸੀ ਮਤ,*** ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1996.

ਉਹੀ, : ***ਬਾਣੀ ਪ੍ਰਵਾਹ,*** ਸ਼ਿਲਾਲੇਖ, ਦਿੱਲੀ, 2009.

ਰਣਧੀਰ ਸਿੰਘ : ***ਉਦਾਸੀ ਸਿੱਖਾਂ ਦੀ ਵਿਥਿਆ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1972.

ਰਤਨ ਸਿੰਘ ਜੱਗੀ : ***ਗੁਰਬਾਣੀ ਟੀਕੇ : ਅਨੰਦਘਣ,*** ਭਾਸ਼ਾ ਵਿਭਾਗ, ਪਟਿਆਲਾ, 1970

ਉਹੀ, : ***ਆਸਾ ਦੀ ਵਾਰ ਦਾ ਟੀਕਾ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਉਹੀ, : ***ਸਿੱਧ ਗੋਸ਼ਟਿ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਉਹੀ, : ***ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ (ਭਾਗ-ਤੀਜਾ),*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

ਉਹੀ, : ***ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

## ਸੰਦਰਭ ਕੋਸ਼

ਸੁਰਿੰਦਰ ਸਿੰਘ ਕੋਹਲੀ : ***ਪੰਜਾਬੀ ਸਾਹਿਤ ਕੋਸ਼,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.

ਕਾਨ੍ਹ ਸਿੰਘ ਨਾਭਾ : ***ਗੁਰਸ਼ਬਦ ਰਤਨਾਕਰ ਮਹਾਨਕੋਸ਼,*** ਭਾਸ਼ਾ ਵਿਭਾਗ, ਪੰਜਾਬ , 1999.

ਰਤਨ ਸਿੰਘ ਜੱਗੀ (ਸੰਪਾ.) : ***ਸਾਹਿਤ ਕੋਸ਼ : ਪਰਿਭਾਸ਼ਕ ਸ਼ਬਦਾਵਲੀ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਉਹੀ, : ***ਸਿੱਖ ਪੰਥ ਵਿਸ਼ਵਕੋਸ਼ (ਭਾਗ-ਪਹਿਲਾ),*** ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

ਉਹੀ, : ***ਗੁਰੂ ਗ੍ਰੰਥ ਸਾਹਿਬ ਵਿਸ਼ਵਕੋਸ਼,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਜੋਧ ਸਿੰਘ (ਡਾ.), : **ਸਿੱਖ ਧਰਮ ਵਿਸ਼ਵ ਕੋਸ਼ (ਪੰਜਾਬੀ ਰੂਪਾਂਤਰਣ) ਪਹਿਲੀ ਸੈਂਚੀ** , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2008

## ਖੋਜ ਪੱਤ੍ਰਿਕਾਵਾਂ/ਰਸਾਲੇ

***ਆਲੋਚਨਾ*** : ***(ਅਪ੍ਰੈਲ-ਸਤੰਬਰ 1991),*** ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ

***ਖੋਜ ਪੱਤ੍ਰਿਕਾ,*** : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ-36

***ਉਹੀ,*** : ***(ਵਾਰਤਕ ਵਿਸ਼ੇਸ਼ ਅੰਕ),*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1983, ਅੰਕ-21.

***ਗੁਰਮਤਿ ਪ੍ਰਕਾਸ਼,*** : ਸ਼੍ਰੋਮਣੀ ਗੁ. ਪ੍ਰ: ਕਮੇਟੀ, ਅੰਮ੍ਰਿਤਸਰ, ਜੁਲਾਈ 2011, ਅੰਕ-4.

***ਉਹੀ,*** : ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ, ਅਕਤੂਬਰ 2011, ਅੰਕ-7

***ਨਾਨਕ ਪ੍ਰਕਾਸ਼ ਪ੍ਰੱਤਿਕਾ*** : ***(ਧਰਮ ਸੰਪ੍ਰਦਾਇ ਵਿਸ਼ੇਸ਼ ਅੰਕ),*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

***ਧਰਮ ਅਧਿਐਨ ਪੱਤ੍ਰਿਕਾ*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਿਲਦ ਚੌਥੀ 2015

## हिन्दी पुस्तकें


उपाध्याय (डा.), : *श्री चन्द्र तत्व-दर्शन,* उदासीन, जंलधर, तिथिहीन.

सीता राम चतुरबेदी, : *भारत के उदासीन संत,* काशी, 1977.

सच्चिदानन्द शर्म, : *उदासी संम्प्रदाय और कवि संत रेण,* साहित्य सदन, देहरादून, 1967.

शोभा पराशर (डा.) : *पंजाब के उदासी संम्प्रदाय के शशक्त हस्ताखर कवि अमीरदास, पंजाब का मध्यकालीन हिंदी साहित्य (पुस्तक),* हरमेंदर सिंह वेदी (संपा.), अमृतसर, 2004

गरीश (डा.), : *उदासीन संत निगमानंद और उनका साहित्य,* विभु प्रकाशन, साहिवाबाद, 1981.

जगन्नाथ शर्मा, : *उदासीन सम्प्रदाय के हिन्दी कवि और उनका साहित्य,* विभु प्रकाशन, साहिवाबाद, 1981.

जीवन प्रकाश जीवन, : *अविनाशी चन्द, महन्त अननतानन्द उदासीन,* अमृतसर, 1995.

नरेंन्द्रपाल सिंह कपूर, : *संत काव्य जपुजी और टीका परम्परा,* गोयल ब्रदर्स, कुरूक्षेत्र, 2003.

वही, : *जप एंव उनके टीकाकार,* पटियाला, 2001.

परशुराम चतुरवेदी, : *उत्तरी भारत की संत परम्परा,* भारती-भणडार प्रयाग, इलाहाबाद, 2021 बि.

महन्त अनन्तानन्द उदासीन, : *श्री चन्द्र सिद्धन्त सागर,* महन्त अनन्तानन्द उदासीन, अमृतसर, 1994.

लाल सिंह (सपा.), : *पंजाब का हिन्दी साहित्य को योगदान,* भाषा विभाग, पटियाला, 1970.

## English Books


### I. Books

Gurnek Singh (Dr.), : ***Guru Granth Sahib : interpretation meaning and nature,*** Delhi, 1998.

Inder Singh Gahi, : ***Anantanad Udasih, Bhagwan Sri Chand (Some teachings),*** Pritam Publishers, Amritsar, 1994.

J.S Grewal, : ***Contesting Interpretations of the Sikh Tradition,*** Manohar Publishers & Distibutors, New Delhi, 1998.

K.M. Munshi, : ***The life of Baba Sri Chand,*** Pritam Publisher, Amritsar, 1994.

### II. Reference Books

James Hestings (ed.), : ***Encyclopedia of Religion & Ethics,*** Vol. 12, Sixth Impresion, T&T Clark, 38 George Street, Edinbrugh.

Mircea Eliade (ed.) : ***The Encyclopedia of Religion,*** Mcmillan Publishing Company, 1987.

### III. Seminars :

- National Seminar on ***Exegesis of Sri Guru Granth Sahib : Nature and Methodology,*** Guru Nanak Dev University, Amritsar, March 28-29, 2012.
- ***Seminar Papers on Baba Sri Chand Ji,*** Gobind Sadan, Delhi, 1988-89.

# ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦਾ ਯੋਗਦਾਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ
ਭਾਸ਼ਾ ਫ਼ੈਕਲਟੀ ਅਧੀਨ ਪੀਐੱਚ.ਡੀ. (ਪੰਜਾਬੀ)
ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

**2020**


**ਨਿਗਰਾਨ**

**ਡਾ. ਜਗਜੀਵਨ ਸਿੰਘ**
ਐਸੋਸੀਏਟ ਪ੍ਰੋਫ਼ੈਸਰ
ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ।

**ਖੋਜਾਰਥਣ**

**ਅਮਨਦੀਪ ਕੌਰ**

**ਪੰਜਾਬੀ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਸਿੱਟੇ ਅਤੇ ਸਥਾਪਨਾਵਾਂ

ਉਦਾਸੀ ਸੰਪ੍ਰਦਾਇ ਸਿੱਖ ਧਰਮ ਦਾ ਸਭ ਤੋਂ ਪ੍ਰਾਚੀਨ ਅਤੇ ਮਹੱਤਵਪੂਰਨ ਪ੍ਰਚਾਰਕ ਸਕੂਲ ਹੈ। ਇਸ ਸੰਪਰਦਾ ਨੇ ਜਿੱਥੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਉੱਥੇ ਮੌਖਿਕ ਵਿਆਖਿਆ ਪਰੰਪਰਾ ਵਿਚ ਕਥਾ-ਵਾਰਤਾ ਰਾਹੀਂ ਅਤੇ ਲਿਖਤੀ ਵਿਆਖਿਆ ਪਰੰਪਰਾ ਵਿੱਚ ਗੁਰਬਾਣੀ ਦੇ ਟੀਕੇ, ਭਾਸ਼ ਅਤੇ ਕੋਸ਼ ਰਚ ਕੇ ਗੁਰਬਾਣੀ ਵਿਆਖਿਆ ਦਾ ਘੇਰਾ ਵਿਸ਼ਾਲ ਕਰਨ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਹੈ।

ਗੁਰਮਤਿ ਪ੍ਰਤੀ ਉਦਾਸੀ ਮਤ ਦੀ ਵਿਆਖਿਆਤਮਕ ਭਾਵ-ਭੂਮੀ ਦੇ ਉਭਰਦੇ ਨਿਵੇਕਲੇ ਅਤੇ ਨਿਖੜਵੇਂ ਪਹਿਲੂਆਂ ਅਤੇ ਪ੍ਰਾਪਤ ਸਿੱਟਿਆਂ ਤੱਕ ਪਹੁੰਚ ਕਰਨ ਲਈ ਮੈਂ ਆਪਣੇ ਖੋਜ ਪ੍ਰਬੰਧ '**ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦਾ ਯੋਗਦਾਨ**' ਨੂੰ ਚਾਰ ਅਧਿਆਵਾਂ ਵਿੱਚ ਵੰਡ ਕੇ ਸੰਪੂਰਨ ਕਰਨ ਦਾ ਯਤਨ ਕੀਤਾ ਹੈ।

ਖੋਜ ਪ੍ਰਬੰਧ ਦੇ ਪਹਿਲੇ ਅਧਿਆਇ '**ਉਦਾਸੀ ਸੰਪਰਦਾਇ : ਜਨਮ, ਸਰੂਪ ਅਤੇ ਵਿਕਾਸ**' ਵਿੱਚ ਉਦਾਸੀ ਸੰਪਰਦਾ ਦੇ ਉਦਭਵ ਅਤੇ ਇਸ ਦੀ ਪ੍ਰਾਚੀਨਤਾ ਸਬੰਧੀ ਦੋ ਮੱਤ ਉੱਭਰ ਕੇ ਸਾਹਮਣੇ ਆਉਂਦੇ ਹਨ। ਪਹਿਲੇ ਮੱਤ ਵਿੱਚ ਉਦਾਸੀ ਵਿਦਵਾਨ 'ਉਦਾਸੀਨ' ਸ਼ਬਦ ਦੇ ਸੰਸਕ੍ਰਿਤ ਭਾਸ਼ਾ ਵਿੱਚੋਂ ਆਏ ਹੋਣ ਕਾਰਨ ਇਸ ਦਾ ਸਬੰਧ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜਦੇ ਹੋਏ ਇਸ ਨੂੰ ਪੁਰਾਤਨ ਅਤੇ ਸਨਾਤਨ ਸੰਪਰਦਾ ਮੰਨਦੇ ਹਨ। ਇਸ ਵਿਚਾਰ ਨੂੰ ਸਿੱਧ ਕਰਨ ਲਈ ਉਹ ਪਦਮ ਪੁਰਾਣ, ਬ੍ਰਹਮ ਸੂਤਰ, ਸ੍ਰੀ ਮਦ ਭਗਵਤ ਗੀਤਾ, ਰਮਾਇਣ ਅਤੇ ਮਹਾਂਭਾਰਤ ਆਦਿ ਗ੍ਰੰਥਾਂ ਵਿੱਚ ਜਿੱਥੇ ਕਿਤੇ ਵੀ ਉਦਾਸੀ ਜਾਂ ਉਦਾਸੀਨ ਸ਼ਬਦ ਦਾ ਪ੍ਰਯੋਗ ਹੋਇਆ ਹੈ, ਉਸਨੂੰ ਅਧਾਰ ਬਣਾਉਂਦੇ ਹਨ।

ਦੂਸਰੇ ਮੱਤ ਵਿੱਚ ਕੁਝ ਉਦਾਸੀ ਵਿਦਵਾਨ ਜਿਵੇਂ – ਕਵੀ ਸੰਤਰੇਣ (ਸ੍ਰੀਮਤ ਨਾਨਕ ਦਿਗ ਵਿਜਯ ਗ੍ਰੰਥ), ਬੀਬੀ ਲੱਛਮੀ (ਸ੍ਰੀ ਚੰਦਰ ਪ੍ਰਕਾਸ਼), ਸ੍ਰੀ ਪ੍ਰਤਾਪ ਹਰੀ ਸਿੰਘ ਬੇਦੀ (ਸ੍ਰੀ ਚੰਦਰ ਪ੍ਰਕਾਸ਼), ਉਦਾਸੀ ਕਲਿਆਣ ਦਾਸ (ਸੱਚੀ ਖੋਜ), ਬਾਬਾ ਸ੍ਰੀ ਚੰਦ ਜੀ ਦੀ ਪੁਰਾਤਨ ਮਾਤਰਾ (ਗੋਸ਼ਟ ਸਮੇਤ), ਮਾਤਰਾ ਬਾਬਾ ਗੁਰਦਿੱਤਾ ਜੀ, ਭਾਈ ਗੁਰਦਾਸ ਦੱਖਣੀ (ਬਾਬਾ ਅਲਮਸਤ ਦੇ ਧੂਣੇ ਵਿੱਚ ਚੌਥੇ ਸਥਾਨ ਉੱਪਰ) ਆਦਿ ਨੇ

ਉਦਾਸੀ ਸੰਪਰਦਾ ਦਾ ਆਰੰਭ ਬਾਬਾ ਸ੍ਰੀ ਚੰਦ ਜੀ ਤੋਂ ਹੋਇਆ ਮੰਨਿਆ ਹੈ ਅਤੇ ਨਾਲ ਇਹ ਵੀ ਸਪੱਸ਼ਟ ਕੀਤਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਦੀਖਿਆ ਪਿਤਾ ਗੁਰੂ ਨਾਨਕ ਤੋਂ ਹੀ ਲਈ ਸੀ।

ਵਿਸ਼ਲੇਸ਼ਣ ਕਰਨ ਉਪਰੰਤ ਇਹੀ ਸਿੱਟਾ ਨਿਕਲਦਾ ਹੈ ਕਿ ਜਿਸ 'ਉਦਾਸੀਨ' ਸ਼ਬਦ ਦਾ ਪ੍ਰਯੋਗ ਵਿਦਵਾਨ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜ ਕੇ ਕਰਦੇ ਹਨ। ਉਹ ਅਸਲ ਵਿੱਚ ਪ੍ਰਾਚੀਨ 'ਉਦਾਸੀ ਭੇਖ' ਹੈ ਨਾ ਕਿ ਉਦਾਸੀ ਸੰਪਰਦਾ। ਦਰਅਸਲ ਇਹ ਪ੍ਰਾਚੀਨ ਉਦਾਸੀ ਭੇਖ ਚਾਰ ਆਸ਼ਰਮਾਂ (ਬ੍ਰਹਮਚਾਰਯ, ਗ੍ਰਹਿਸਥ, ਬਾਨਪ੍ਰਸਤ, ਸੰਨਿਆਸ) ਵਿੱਚੋਂ ਸੰਨਿਆਸ ਆਸ਼ਰਮ ਉੱਤੇ ਆਧਾਰਿਤ ਹੈ। ਇਸ ਆਸ਼ਰਮ ਦੌਰਾਨ ਉਦਾਸੀ ਮਹਾਤਮਾ ਘਰ-ਬਾਰ ਤਿਆਗ ਕੇ, ਸਮਾਜ ਨਾਲੋਂ ਟੁੱਟ ਕੇ ਜੰਗਲਾਂ ਵਿੱਚ ਜਾ ਕੇ ਤਪੱਸਿਆ ਕਰਦੇ ਸਨ। ਜਦਕਿ ਸੰਪਰਦਾ ਵਿੱਚ ਉਪਦੇਸ਼ ਨੂੰ ਧਾਰਨ ਕਰਨ ਦਾ ਕ੍ਰਮ ਸਿਲਸਿਲੇਵਾਰ ਚੱਲਦਾ ਹੈ। ਜਿਸ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੁਆਰਾ ਸਥਾਪਿਤ ਉਦਾਸੀ ਸੰਪਰਦਾ ਸੰਗਠਿਤ ਸੰਪਰਦਾ ਦੇ ਰੂਪ ਵਿੱਚ ਉਪਦੇਸ਼ ਗ੍ਰਹਿਣ ਕਰਕੇ ਅੱਗੇ ਚੱਲਦੀ ਹੈ। ਪਹਿਲਾਂ ਇਹ ਉਪਦੇਸ਼ ਬਾਬਾ ਸ੍ਰੀ ਚੰਦ ਗੁਰੂ ਨਾਨਕ ਸਾਹਿਬ ਤੋਂ ਗ੍ਰਹਿਣ ਕਰਦੇ ਹਨ। ਇਸ ਤੋਂ ਬਾਅਦ ਬਾਬਾ ਗੁਰਦਿੱਤਾ ਜੀ ਇਹ ਉਪਦੇਸ਼ ਬਾਬਾ ਸ੍ਰੀ ਚੰਦ ਤੋਂ ਧਾਰਨ ਕਰਦੇ ਹਨ। ਇਸ ਉਪਰੰਤ ਬਾਬਾ ਗੁਰਦਿੱਤਾ ਜੀ ਅੱਗੋਂ ਇਹ ਉਪਦੇਸ਼ ਚਾਰ ਧੂਣਿਆਂ ਦੀ ਝੋਲੀ ਪਾਉਂਦੇ ਹਨ। ਇਸੇ ਤਰ੍ਹਾਂ ਛੇ ਬਖ਼ਸ਼ਿਸ਼ਾਂ ਵੀ ਵੱਖ-ਵੱਖ ਗੁਰੂ ਸਾਹਿਬਾਨਾਂ ਤੋਂ ਉਪਦੇਸ਼ ਗ੍ਰਹਿਣ ਕਰਕੇ ਅੱਗੇ ਵੱਧਦੀਆਂ ਹਨ।

ਹਥਲੇ ਖੋਜ-ਕਾਰਜ ਵਿੱਚ ਪਿਛਲੇ ਕੁੱਝ ਸਮੇਂ ਤੋਂ ਕੁੱਝ ਕੁ ਮਿਥਿਆ ਮਨੌਤਾਂ ਘੜ ਕੇ ਉਦਾਸੀ ਸੰਪਰਦਾਇ ਨੂੰ ਸਿੱਖ ਧਰਮ ਤੋਂ ਵੱਖਰਾ ਸਾਬਤ ਕਰਨ ਦੇ ਅਸਫਲ ਯਤਨ ਨੂੰ ਵੀ ਧਿਆਨਗੋਚਰੇ ਲਿਆਂਦਾ ਗਿਆ ਹੈ। ਇਨ੍ਹਾਂ ਮਨੌਤਾਂ ਦੇ ਖੰਡਨ ਲਈ ਗਿਆਨੀ ਈਸ਼ਰ ਸਿੰਘ ਨਾਰਾ ਦੀ ਪੁਸਤਕ 'ਇਤਿਹਾਸ ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ' ਵਿਚਲੇ ਤੱਥਾਂ ਨੂੰ ਆਧਾਰ ਬਣਾਇਆ ਗਿਆ ਹੈ।

ਇਨ੍ਹਾਂ ਮਨੌਤਾਂ ਵਿੱਚੋਂ ਪਹਿਲੀ ਮਨੌਤ ਹੈ ਕਿ ਉਦਾਸੀ ਸਿੱਖ ਨਹੀਂ ਹਨ ਬਲਕਿ ਸਾਧੂ ਸੰਪ੍ਰਦਾਇ ਨਾਲ ਸਬੰਧ ਰੱਖਦੇ ਹਨ। ਇੱਥੇ ਇਹ ਵਿਚਾਰਨ ਦੀ ਲੋੜ ਹੈ ਕਿ ਜੇਕਰ ਉਦਾਸੀ ਸਿੱਖ ਧਰਮ ਦਾ ਅੰਗ ਨਾ ਹੁੰਦੇ ਤਾਂ ਸਿੱਖ ਗੁਰੂ ਸਮੇਂ-ਸਮੇਂ 'ਤੇ ਜਾ ਕੇ ਬਾਬਾ ਸ੍ਰੀ ਚੰਦ ਪ੍ਰਤੀ ਅਥਾਹ ਸਤਿਕਾਰ ਅਤੇ ਸਨੇਹ ਪ੍ਰਗਟ ਨਾ ਕਰਦੇ ਅਤੇ ਨਾ ਹੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਆਪਣਾ ਪੁੱਤਰ ਬਾਬਾ ਸ੍ਰੀ ਚੰਦ ਨੂੰ ਭੇਟ ਕਰਦੇ। ਬਾਕੀ ਗੁਰੂ

ਸਾਹਿਬਾਨ ਦੇ ਵੇਲੇ ਅਤੇ ਗੁਰੂ ਸਾਹਿਬਾਨ ਤੋਂ ਬਾਅਦ ਸਿੱਖ ਰਾਜਿਆਂ ਅਤੇ ਸਰਦਾਰਾਂ ਜਾਂ ਸਿੱਖ ਜਨਤਾਂ ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਬਹੁ-ਗਿਣਤੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕਾਰਜ ਵੀ ਇਨ੍ਹਾਂ ਉਦਾਸੀਆਂ ਦੇ ਹੱਥਾਂ ਵਿੱਚ ਨਾ ਦਿੱਤਾ ਜਾਂਦਾ। ਸੋ ਬਿਨਾਂ ਸ਼ੱਕ ਨਿਰਮਲ ਸੰਪ੍ਰਦਾਇ ਵਾਂਗੂੰ ਉਦਾਸੀ ਸੰਪ੍ਰਦਾਇ ਵੀ ਸਿੱਖ ਧਰਮ ਦਾ ਜ਼ਰੂਰੀ ਅੰਗ ਹੈ। ਇਸ ਦੇ ਨਾਲ-ਨਾਲ ਇਹ ਸਿੱਖ ਧਰਮ ਦੇ ਪਹਿਲੇ ਪ੍ਰਚਾਰਕ ਵੀ ਹਨ।

ਦੂਜੀ ਮਨੌਤ ਹੈ ਕਿ ਬਾਬਾ ਸ੍ਰੀ ਚੰਦ ਦੇ ਗੁਰੂ ਅਬਿਨਾਸ਼ੀ ਮੁਨੀ ਹਨ। ਕਿਉਂਕਿ ਉਨ੍ਹਾਂ ਦੀ ਮਾਤ੍ਰਾ ਵਿਚ ਦੋ ਵਾਰ ਇਸ ਦਾ ਜ਼ਿਕਰ ਕੀਤਾ ਮਿਲਦਾ ਹੈ। ਇੱਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਇੱਥੇ ਅਬਿਨਾਸ਼ੀ ਸ਼ਬਦ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਬਲਕਿ 'ਗੁਰੂ ਪਰਮੇਸ਼ਵਰ' ਦੇ ਲਈ ਵਰਤਿਆ ਗਿਆ ਹੈ। ਕਿਉਂਕਿ ਗੁਰਬਾਣੀ ਵਿੱਚ ਅਨੇਕਾਂ ਥਾਂਵਾਂ ਉੱਪਰ 'ਅਬਿਨਾਸ਼ੀ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਜੇਕਰ ਬਾਬਾ ਸ੍ਰੀ ਚੰਦ ਨੇ ਆਪਣੀ 'ਮਾਤਰਾ' ਬਾਣੀ ਵਿੱਚ ਕਿਸੇ ਅਬਿਨਾਸ਼ੀ ਮੁਨੀ ਨੂੰ ਕੇਂਦਰ ਬਣਾਇਆ ਹੈ ਤਾਂ ਸਵਾਲ ਇਹ ਉੱਠਦਾ ਹੈ ਕਿ ਉਸ ਮੁਨੀ ਨੇ ਕੀ ਖੇਲ ਰਚਾਇਆ ਹੈ? ਅਤੇ ਅਗਮ ਨਿਗਮ ਦਾ ਪੰਥ ਕੀ ਦੱਸਿਆ ਹੈ? ਅਸਲ ਵਿੱਚ ਬਾਬਾ ਸ੍ਰੀ ਚੰਦ ਆਪਣੇ ਗੁਰੂ-ਪਿਤਾ ਗੁਰੂ ਨਾਨਕ ਸਾਹਿਬ ਨੂੰ ਹੀ 'ਗੁਰ ਅਬਿਨਾਸ਼ੀ' ਅਸਚਰਜ ਖੇਲ ਵਰਤਾਉਣ ਵਾਲਾ ਅਤੇ ਅਗਮ ਨਿਗਮ ਦਾ ਮਾਰਗ ਦੱਸਣ ਵਾਲਾ ਨਿਸ਼ਚਿਤ ਕਰਕੇ 'ਮਾਤਰਾ' ਬਾਣੀ ਰਚੀ ਹੈ। ਇਸ ਤੋਂ ਬਗੈਰ 'ਗੁਰ ਅਬਿਨਾਸ਼ੀ' ਅਤੇ 'ਅਗਮ ਨਿਗਮ' ਗੁਰਮਤਿ ਵਿੱਚ ਕਾਫ਼ੀ ਪ੍ਰਚਲਿਤ ਸ਼ਬਦ ਹਨ। ਜਿਨ੍ਹਾਂ ਦੀ ਵਰਤੋਂ ਗੁਰ-ਪਰਮੇਸ਼ਵਰ ਅਤੇ ਸਤਿਗੁਰ ਦੇ ਭਾਵ-ਅਰਥਾਂ ਵਿੱਚ ਹੋਈ ਹੈ। ਇਸ ਲਈ ਇਸ ਸ਼ਬਦ ਨੂੰ ਕਿਸੇ ਅਬਿਨਾਸ਼ੀ ਮੁਨੀ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ।

ਤੀਜੀ ਮਨੌਤ ਇਹ ਸਾਹਮਣੇ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਬਾਬਾ ਸ੍ਰੀ ਚੰਦ ਦੇ ਕੇਵਲ ਪਿਤਾ ਮੰਨਿਆ ਹੈ, ਗੁਰੂ ਨਹੀਂ ਮੰਨਿਆ ਕਿਉਂਕਿ ਸ਼ਾਸ਼ਤਰ ਮੁਤਾਬਿਕ ਕੋਈ ਪਿਤਾ ਆਪਣੇ ਪੁੱਤਰ ਦਾ ਗੁਰੂ ਨਹੀਂ ਬਣ ਸਕਦਾ। ਇਸ ਦਲੀਲ ਵਿੱਚ ਕੋਈ ਦਮ ਨਹੀਂ ਹੈ ਕਿਉਂਕਿ ਸਾਮਵੇਦ ਦੇ ਵਿੱਚ ਸਾਫ਼-ਸਾਫ਼ ਲਿਖਿਆ ਹੈ ਕਿ ਆਰਣਿ ਰਿਖੀ ਨੇ ਆਪਣੇ ਪੁੱਤਰ ਸ਼੍ਵੈਤ ਕੇਤੂ ਨੂੰ ਗੁਰੂ ਰੂਪ ਵਿੱਚ ਗਿਆਨ ਪ੍ਰਦਾਨ ਕਰਾਇਆ ਸੀ। ਵੈਸੇ ਵੀ ਸ਼ਾਸ਼ਤਰਾਂ ਨਾਲੋਂ ਵੇਦਾਂ ਨੂੰ ਵਧੇਰੇ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇੱਕ ਗਿਆਨਵਾਨ ਗੁਰੂ-ਪਿਤਾ ਆਪਣੇ ਹੱਥੀਂ ਪਾਲੇ ਪੁੱਤਰ ਦੀ ਬੁੱਧੀ ਅਤੇ ਸੂਝ-ਬੂਝ ਤੋਂ ਚੰਗੀ ਤਰ੍ਹਾਂ ਵਾਕਿਫ਼ ਹੁੰਦਾ ਹੈ। ਇਸ ਲਈ ਪਿਤਾ ਤੋਂ ਚੰਗਾ ਅਤੇ ਵੱਡਾ ਗੁਰੂ ਹੋਰ ਕੋਈ ਹੋ ਹੀ ਨਹੀਂ ਸਕਦਾ।

ਚੌਥੀ ਮਨੌਤ ਹੈ ਕਿ ਬਾਬਾ ਸ੍ਰੀ ਚੰਦ ਦਾ ਸ਼ਬਦ ਮੰਤ੍ਰ 'ਸੋਹੰ' ਹੈ ਜਦਕਿ ਸਿੱਖਾਂ ਦਾ ਮੂਲ ਮੰਤ੍ਰ ੧ਓ ਸਤਿਨਾਮ ਵਾਲਾ ਹੈ ਅਤੇ ਗੁਰਮੰਤ੍ਰ 'ਵਾਹਿਗੁਰੂ' ਹੈ। ਬਾਬਾ ਸ੍ਰੀ ਚੰਦ ਜੀ ਦੁਆਰਾ ਆਪਣੀ ਮਾਤਰਾ ਬਾਣੀ ਵਿੱਚ ਵਰਤੇ 'ਸੋਹੰ ਜਾਪ ਸਚ ਮਾਲ ਪ੍ਰੋਤੀ' ਸ਼ਬਦ ਨਾਲ ਇਹ ਸਾਬਿਤ ਨਹੀਂ ਹੋ ਜਾਂਦਾ ਹੈ 'ਸੋਹੰ' ਸ਼ਬਦ ਉਨ੍ਹਾਂ ਦਾ ਮੂਲ ਮੰਤ੍ਰ ਜਾਂ ਗੁਰ ਮੰਤ੍ਰ ਹੈ। ਪੂਰਨ ਮਹਾਂਪੁਰਸ਼ ਅਦੈਵਤਵਾਦੀ ਸਿਧਾਂਤ ਉੱਪਰ ਨਿਸ਼ਠਾ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਪਰਮੇਸ਼ਰ ਦੇ ਸਾਰੇ ਨਾਮ ਹੀ ਚੰਗੇ ਲੱਗਦੇ ਹਨ। ਕਿਉਂਕਿ ਉਨ੍ਹਾਂ ਦੀ ਟੇਕ ਕੇਵਲ ਤੇ ਕੇਵਲ ਨਾਮਾਂ ਦੇ ਮਾਲਕ-ਪ੍ਰਭੂ ਉੱਪਰ ਹੀ ਟਿਕੀ ਹੁੰਦੀ ਹੈ ਜਾਂ ਉਨ੍ਹਾਂ ਦੁਆਰਾ ਗ੍ਰਹਿਣ ਕੀਤੇ ਗੁਰਮੰਤ੍ਰ ਉੱਪਰ ਟਿਕੀ ਹੁੰਦੀ ਹੈ। ਪ੍ਰੰਤੂ ਫਿਰ ਵੀ ਜਦੋਂ ਉਹ ਬਾਣੀ ਦਾ ਉਚਾਰਨ ਕਰਦੇ ਹਨ ਤਾਂ ਨਿਰੰਕਾਰ ਦੇ ਢੁੱਕਵੇਂ ਨਾਂ ਨੂੰ ਉੱਥੇ ਵਰਤ ਲੈਂਦੇ ਹਨ। ਇਸੇ ਤਰ੍ਹਾਂ ਬੇਸ਼ੱਕ ਗੁਰੂ ਨਾਨਕ ਸਾਹਿਬ ਦੀ ਸ਼ਬਦ ਟੇਕ ਮੂਲ ਮੰਤ੍ਰ ਹੈ ਪ੍ਰੰਤੂ ਫਿਰ ਵੀ ਉਨ੍ਹਾਂ ਦੀ ਬਾਣੀ ਅੰਦਰ ਪਰਮਾਤਮਾ ਦੇ ਬੇਅੰਤ ਨਾਂ ਆਉਂਦੇ ਹਨ। ਗੁਰੂ ਨਾਨਕ ਸਾਹਿਬ ਨੇ ਵੀ ਸੋਹੰ ਸ਼ਬਦ ਨੂੰ ਕਾਫ਼ੀ ਸਤਿਕਾਰਿਆ ਹੈ। ਸੋ 'ਸੋਹੰ' ਸ਼ਬਦ ਬਾਬਾ ਸ੍ਰੀ ਚੰਦ ਜੀ ਨੂੰ ਵਿਰਸੇ ਵਿੱਚ ਮਿਲਿਆ ਹੈ ਅਤੇ ਉਨ੍ਹਾਂ ਦੀ ਬਾਣੀ ਵਿੱਚ ਇਸ ਸ਼ਬਦ ਦਾ ਆ ਜਾਣਾ ਸੁਭਾਵਿਕ ਹੈ।

ਇਨ੍ਹਾਂ ਮਨੌਤਾਂ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੇ ਗੁਰੂ ਪ੍ਰਤੀ ਵੀ ਮਨੌਤ ਘੜੀ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦੇ ਗੁਰੂ ਪ੍ਰਤੀ ਉਦਾਸੀਆਂ ਦੀ ਮਨੌਤ ਹੈ ਕਿ ਗੁਰੂ ਨਾਨਕ ਸਾਹਿਬ ਨੇ ਸੱਚੇ ਸੌਦੇ ਦੌਰਾਨ ਚੂਹੜਕਾਣੇ ਦੇ ਜੰਗਲ ਵਿੱਚ ਜਿਨ੍ਹਾਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ ਸੀ। ਉਨ੍ਹਾਂ ਵਿੱਚ 'ਮਹੰਤ ਸੰਤ ਰੇਣ' ਨੂੰ ਗੁਰੂ ਨਾਨਕ ਸਾਹਿਬ ਨੇ ਆਪਣਾ ਗੁਰੂ ਧਾਰਨ ਕੀਤਾ ਸੀ। ਉਦਾਸੀਆਂ ਦੀ ਇਹ ਧਾਰਨਾ ਬਿਲਕੁਲ ਗ਼ਲਤ ਹੈ ਕਿਉਂਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਸਪੱਸ਼ਟ ਰੂਪ ਵਿੱਚ ਲਿਖਿਆ ਹੈ ਕਿ ਉਨ੍ਹਾਂ ਦਾ ਗੁਰੂ ਪਾਰਬ੍ਰਹਮ ਪਰਮੇਸ਼ਵਰ ਹੈ। ਜਦੋਂ ਗੁਰੂ ਨਾਨਕ ਸਾਹਿਬ ਨੂੰ ਸੁਮੇਰ ਪਰਬਤ ਉੱਪਰ ਸਿੱਧਾਂ ਨੇ ਪੁੱਛਿਆ ਸੀ ਕਿ "ਕਉਣ ਗੁਰੂ ਕਿਸਕਾ ਤੂੰ ਚੇਲਾ" ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ ਸੀ- "ਸ਼ਬਦ ਗੁਰੂ ਸੁਰਤ ਧੁਨ ਚੇਲਾ" ਇੱਥੇ ਗੁਰੂ ਸਾਹਿਬ ਦਾ ਸ਼ਬਦ ਗੁਰੂ ਤੋਂ ਭਾਵ ਨਾਮੀ ਪਰਮੇਸ਼ਵਰ ਦੇ ਨਾਮ ਤੋਂ ਹੈ। ਇਸ ਪ੍ਰਕਾਰ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਪਾਰਬ੍ਰਹਮ ਨਿਰੰਕਾਰ ਹੈ।

ਇਸ ਉਪਰੰਤ ਇਸ ਅਧਿਆਇ ਵਿੱਚ ਚਾਰ ਧੂਇਆਂ (ਧੂਣਾ ਬਾਬਾ ਅਲਮਸਤ ਜੀ, ਧੂਣਾ ਬਾਬਾ ਬਾਲੂ ਹਸਨਾ ਜੀ, ਧੂਣਾ ਗੋਇੰਦ ਸਾਹਿਬ, ਧੂਣਾ ਫੂਲ ਸਾਹਿਬ) ਅਤੇ ਛੇ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ

ਭਗਵਾਨੀਏ, ਸੰਗਤ ਸਾਹਿਬੀਏ, ਮੀਹਾਂ ਸ਼ਾਹੀਏ, ਬਖ਼ਤ ਮੱਲੀਏ, ਜੀਤ ਮੱਲੀਏ) ਦੁਆਰਾ ਉਦਾਸੀ ਸੰਪਰਦਾਇ ਦੇ ਵਿਕਾਸ ਵਿੱਚ ਪਾਏ ਯੋਗਦਾਨ ਨੂੰ ਵਿਸਥਾਰਪੂਰਵਕ ਪ੍ਰਗਟਾਇਆ ਗਿਆ ਹੈ। ਇਸ ਵਿਕਾਸ ਕ੍ਰਮ ਵਿੱਚ ਬਾਬਾ ਸ੍ਰੀ ਚੰਦ ਦੇ ਬਾਕੀ ਗੁਰੂ ਸਾਹਿਬਾਨਾਂ ਨਾਲ ਸਬੰਧਾਂ ਨੂੰ ਵਾਚਣ ਦਾ ਯਤਨ ਵੀ ਕੀਤਾ ਗਿਆ ਹੈ। ਇਹ ਸਬੰਧ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਸਾਹਿਬ ਤੱਕ ਫ਼ੈਲੇ ਹੋਏ ਹਨ। ਇਹ ਸਬੰਧ ਕਾਫ਼ੀ ਗੂੜ੍ਹੇ, ਸੁਖਾਵੇਂ, ਸਨੇਹ-ਭਰਪੂਰ ਅਤੇ ਸਤਿਕਾਰਤ ਸਨ। 1704ਈ. ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਉਨ੍ਹਾਂ ਨੇ ਸੀਸ ਗੰਜ ਸਾਹਿਬ ਅਤੇ ਕੇਸਗੜ੍ਹ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ਵੀ ਗੁਰਬਖਸ਼ ਉਦਾਸੀ ਨੂੰ ਸੌਂਪਿਆ ਸੀ। ਇੰਨਾ ਹੀ ਨਹੀਂ ਭੰਗਾਣੀ ਦੇ ਯੁੱਧ ਵਿੱਚ ਮਹੰਤ ਕਿਰਪਾਲ ਦਾਸ ਉਦਾਸੀ ਦੁਆਰਾ ਹਯਾਤ ਖ਼ਾਂ ਨੂੰ ਆਪਣੇ ਕੁਤਕੇ ਨਾਲ ਮੌਤ ਦੇ ਘਾਟ ਉਤਾਰਨ ਦੇ ਇਸ ਸਾਹਸਪੂਰਨ ਦ੍ਰਿਸ਼ ਨੂੰ ਗੁਰੂ ਗੋਬਿੰਦ ਸਿੰਘ ਨੇ 'ਬਚਿੱਤਰ ਨਾਟਕ' ਵਿੱਚ ਬਿਆਨ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਇਨ੍ਹਾਂ ਮਹੰਤਾਂ ਨੇ ਸੰਮਤ 1770 ਤੱਕ ਗੁਰੂ ਨਾਨਕ ਮੱਤ ਦਾ ਪ੍ਰਚਾਰ ਰੂਸ ਤੱਕ ਕਰਨ ਦਾ ਯਤਨ ਕੀਤਾ। ਜਿਸਦੀ ਖੋਜ 'ਰਾਇਲ ਏਸ਼ੀਆਟਕ ਸੁਸਾਇਟੀ' ਦੇ ਮੈਂਬਰ ਐਚ. ਬਲੈਟਾਂਇਨ ਅਲੇਕ ਜ਼ੰਡਰ ਡਯੂਮਾਂ ਨੇ (ਸੋਵੀਅਤ) ਬਾਕੂ ਜਵਾਲਾ ਮੰਦਰ ਦੀ ਪੂਰੀ ਖੋਜ ਕਰਦਿਆਂ ਕੀਤੀ ਸੀ। ਉਸ ਨੇ ਰੂਸ ਦੇ ਪੁਰਾਤੱਤਵ ਵਿਭਾਗ ਜਿਸ ਦਾ ਨਾਂ 'ਰੂਸੀ ਅਜ਼ਰ ਬੇਜ਼ਾਨ ਪ੍ਰਾਤੱਤ੍ਵ ਵਿਭਾਗ' ਸੀ। ਇਸ ਵਿਭਾਗ ਪਾਸੋਂ ਉਸ ਨੇ ਮੰਦਰ ਦੇ ਪੱਥਰਾਂ ਉੱਪਰ ਵੱਖ-ਵੱਖ ਭਾਸ਼ਾਵਾਂ ਵਿੱਚ ਉੱਕਰੇ ਅੱਖਰਾਂ ਦੀਆਂ 16 ਫੋਟੋਆਂ ਲੈ ਕੇ ਵੇਖੀਆਂ। ਇਨ੍ਹਾਂ ਪੱਥਰਾਂ ਉੱਪਰ 13 ਅੱਖਰ ਦੇਵਨਾਗਰੀ ਭਾਸ਼ਾ ਦੇ, 1 ਪਾਰਸੀ ਭਾਸ਼ਾ ਦਾ ਅਤੇ 2 ਅੱਖਰ ਪੰਜਾਬੀ(ਗੁਰਮੁਖੀ)ਭਾਸ਼ਾ ਵਿੱਚ ਲਿਖੇ ਮਿਲੇ। ਪੰਜਾਬੀ ਭਾਸ਼ਾ ਵਿੱਚ ਉੱਕਰੇ ਦੋ ਪੱਥਰਾਂ ਉੱਪਰ ਉਦਾਸੀ ਸੰਤਾਂ ਦੁਆਰਾ ਗੁਰਮੁਖੀ ਵਿੱਚ ਮੂਲ-ਮੰਤਰ ਲਿਖਿਆ ਗਿਆ। ਉਨ੍ਹਾਂ ਨੇ ਨਾਲ ਹੀ ਆਪਣਾ ਨਾਂ ਪਤਾ ਵੀ ਲਿਖਿਆ ਹੈ। ਦੂਸਰੇ ਪੱਥਰ ਉੱਪਰ ਵੀ ਸਾਰਾ ਮੂਲ ਮੰਤਰ ਅਤੇ ਵਾਹਿਗੁਰੂ ਗੁਰਮੰਤਰ ਲਿਖ ਕੇ ਫੇਰ ਸਿਰਫ਼ "ਬਾਵਾ ਕਾ ਚੇਲਾ ਧਰਮ ਕੀ ਜਗਾ ਬਨਾਈ॥" ਲਿਖਿਆ ਹੈ।

ਇਸ ਪ੍ਰਕਾਰ ਉਦਾਸੀ ਸਿੱਖਾਂ ਨੇ ਰੂਸ ਦੀ ਜਨਤਾ ਨੂੰ ਵੀ ਮੂਲ ਮੰਤਰ ਅਤੇ ਗੁਰਮੰਤਰ ਤੋਂ ਜਾਣੂ ਕਰਵਾਇਆ ਨਾਲ ਹੀ ਉਸ ਧਰਤੀ ਉੱਪਰ ਧਾਰਮਿਕ ਅਸਥਾਨਾਂ ਦੀ ਸਥਾਪਨਾ ਵੀ ਕੀਤੀ। ਜੋ ਕਿ ਹੁਣ ਤੱਕ ਮੌਜੂਦ ਹਨ।

ਉਦਾਸੀ ਸੰਤਾਂ ਨੇ ਕੇਵਲ ਭਾਰਤ ਤੋਂ ਬਾਹਰ ਹੀ ਨਹੀਂ ਬਲਕਿ ਭਾਰਤ ਵਿੱਚ ਵੀ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਰਜ ਕੀਤਾ। ਇਨ੍ਹਾਂ ਨੂੰ ਸਿੱਖ ਧਰਮ ਦੇ ਚਾਨਣ-ਮੁਨਾਰੇ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਨੇ ਸਿੱਖ ਧਰਮ ਦੀ ਜੋਤ ਨੂੰ ਉਸ ਸਮੇਂ ਵਿੱਚ ਵੀ ਜਗਾਈ ਰੱਖਿਆ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਅਤੇ ਸਿੱਖ ਜੰਗਲਾਂ ਵਿਚ ਲੁਕ ਕੇ ਮੁਗਲਾਂ ਦਾ ਟਾਕਰਾ ਕਰਦੇ ਸਨ।

ਪ੍ਰੰਤੂ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਸਿੱਖਾਂ ਅਤੇ ਉਦਾਸੀਆਂ ਦੇ ਆਪਸੀ ਸੰਬੰਧਾਂ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਲੈ ਕੇ ਬੜਾ ਵੱਡਾ ਪਰਿਵਰਤਨ ਵਾਪਰਿਆ। ਜਿਸ ਦੇ ਸਿੱਟੇ ਵਜੋਂ ਕਈ ਮੋਰਚੇ ਲੱਗੇ। ਜਿਨ੍ਹਾਂ ਵਿੱਚੋਂ ਬਾਬੇ ਦੀ ਬੇਰ ਦਾ ਮੋਰਚਾ, ਗੁਰਦੁਆਰਾ ਤਰਨ ਤਾਰਨ ਦਾ ਮੋਰਚਾ, ਨਨਕਾਣਾ ਸਾਹਿਬ ਦਾ ਮੋਰਚਾ, ਗੁਰੂ ਕੇ ਬਾਗ਼ ਦਾ ਮੋਰਚਾ ਆਦਿ ਪ੍ਰਮੁੱਖ ਹਨ। ਇਹਨਾਂ ਮੋਰਚਿਆਂ ਸਬੰਧੀ ਜਾਣਕਾਰੀ ਇਸ ਅਧਿਆਇ ਵਿਚ ਪ੍ਰਦਾਨ ਕਰਵਾਈ ਗਈ ਹੈ। ਇਸ ਅਧਿਆਇ ਦੇ ਅੰਤ ਵਿੱਚ ਇਹੀ ਸਿੱਟਾ ਕੱਢਿਆ ਗਿਆ ਹੈ ਕਿ ਉਦਾਸੀਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਪਾਏ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸਿੱਖ ਧਰਮ ਦੀ ਨਿਰੰਤਰਤਾ ਵਿੱਚ ਵੇਖੇ ਜਾਣ ਦੀ ਲੋੜ ਹੈ। ਸੋ ਉਦਾਸੀ ਸੰਪਰਦਾ ਨੂੰ ਸਿੱਖ ਧਰਮ ਦਾ ਪ੍ਰਥਮ ਸੰਗਠਿਤ ਪ੍ਰਚਾਰਕ ਸਕੂਲ ਮੰਨਣ ਵਿੱਚ ਦੋ ਰਾਵਾਂ ਨਹੀਂ ਹੋਣੀਆਂ ਚਾਹੀਦੀਆਂ।

ਖੋਜ ਪ੍ਰਬੰਧ ਦਾ ਦੂਜਾ ਅਧਿਆਇ '**ਉਦਾਸੀ ਸੰਪ੍ਰਦਾਇ ਸੰਬੰਧੀ ਪ੍ਰਾਪਤ ਖੋਜ-ਕਾਰਜਾਂ ਦਾ ਸਰਵੇਖਣ**' ਹੈ। ਜੇਕਰ ਉਦਾਸੀ ਸੰਪ੍ਰਦਾਇ ਸਬੰਧੀ ਹੋਏ ਉਪਾਧੀ ਸਾਪੇਖ ਖੋਜ-ਕਾਰਜਾਂ ਨੂੰ ਵੇਖਿਆ ਜਾਵੇ ਤਾਂ ਇਸ ਸੰਪ੍ਰਦਾਇ ਉੱਪਰ 2 ਡੀ.ਲਿਟ. ਦੇ ਖੋਜ-ਪ੍ਰਬੰਧ, 17 ਪੀਐਚ.ਡੀ. ਦੇ ਸ਼ੋਧ ਪ੍ਰਬੰਧ, 1 ਐਮ.ਫਿਲ. ਦਾ ਨਿਬੰਧ-ਪ੍ਰਬੰਧ ਅਤੇ 1 ਐਮ.ਏ. ਪੱਧਰ ਉੱਪਰ ਖੋਜ-ਕਾਰਜ ਹੋਇਆ ਮਿਲਦਾ ਹੈ। ਇਨ੍ਹਾਂ ਖੋਜ-ਕਾਰਜਾਂ ਵਿੱਚ ਜ਼ਿਆਦਾਤਰ ਖੋਜ-ਕਾਰਜ ਉਦਾਸੀਨ ਕਵੀਆਂ ਉੱਪਰ ਹੋਏ ਮਿਲਦੇ ਹਨ। ਜਿਵੇਂ-ਕਵੀ ਸੰਤ ਰੇਣ, ਕਵੀ ਗੰਗਾਦਾਸ, ਕਵੀ ਨਿਗਮਾਨੰਦ ਅਤੇ ਕਵੀ ਗੋਪਾਲਦਾਸ (ਕ੍ਰਿਸ਼ਨ ਕਵੀ) ਆਦਿ। ਇਨ੍ਹਾਂ ਖੋਜ ਕਾਰਜਾਂ ਵਿੱਚ

ਇਨ੍ਹਾਂ ਉਦਾਸੀਨ ਕਵੀਆਂ ਦੀਆਂ ਰਚਨਾਵਾਂ ਨੂੰ ਗਿਣਾਤਮਕ ਅਤੇ ਗੁਣਾਤਮਕ ਦੋਨਾਂ ਪੱਖਾਂ ਤੋਂ ਇਤਿਹਾਸਕ ਮਹੱਤਵ ਵਾਲੀਆਂ ਘੋਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ। ਜਿੱਥੋਂ ਤੱਕ ਇਸ ਸੰਪਰਦਾ ਨਾਲ ਸਬੰਧਿਤ ਉਪਾਧੀ ਨਿਰਪੇਖ ਖੋਜ-ਕਾਰਜਾਂ ਦਾ ਸਵਾਲ ਹੈ ਤਾਂ ਇਸ ਸੰਪਰਦਾ ਨਾਲ ਜੁੜੀਆਂ ਲਗਪਗ 22 ਆਲੋਚਨਾਤਮਕ ਪੁਸਤਕਾਂ ਸਾਹਮਣੇ ਆਉਂਦੀਆਂ ਹਨ। ਜਿਨ੍ਹਾਂ ਵਿੱਚੋਂ 13 ਪੁਸਤਕਾਂ ਪੰਜਾਬੀ ਭਾਸ਼ਾ ਵਿੱਚ, 8 ਪੁਸਤਕਾਂ ਹਿੰਦੀ ਭਾਸ਼ਾ ਵਿੱਚ ਅਤੇ 1 ਪੁਸਤਕ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ 3 ਖੋਜ ਪੱਤ੍ਰਿਕਾ, 1 ਆਲੋਚਨਾ, 1 ਪੰਜਾਬੀ ਦੁਨੀਆਂ, 2 ਨਾਨਕ ਪ੍ਰਕਾਸ਼ ਪੱਤ੍ਰਿਕਾ, 3 ਪੰਜਾਬ ਹਿਸਟਰੀ ਕਾਨਫ਼ਰੰਸ ਪਰੋਸੀਡਿੰਗਜ਼ ਵਿਚਲੇ ਖੋਜ-ਪੱਤਰ ਵੀ ਉਪਾਧੀ ਨਿਰਪੇਖ ਖੋਜ-ਕਾਰਜ ਵਿੱਚ ਸ਼ਾਮਲ ਹਨ। ਇਨ੍ਹਾਂ ਖੋਜ-ਕਾਰਜਾਂ ਵਿੱਚ ਆਲੋਚਨਾਤਮਕ ਪੁਸਤਕਾਂ ਦਾ ਕੇਂਦਰ ਬਿੰਦੂ ਉਦਾਸੀ ਸੰਪਰਦਾਇ ਦਾ ਇਤਿਹਾਸ ਰਿਹਾ ਹੈ। ਪ੍ਰੰਤੂ ਡਾ. ਰਤਨ ਸਿੰਘ ਜੱਗੀ ਦੁਆਰਾ ਸੰਪਾਦਿਤ ਕੀਤੇ 'ਗੁਰਬਾਣੀ ਟੀਕੇ : ਆਨੰਦਘਨ' ਅਤੇ 'ਆਸਾ ਦੀ ਵਾਰ ਦਾ ਟੀਕਾ' ਇਸ ਖੋਜ-ਕਾਰਜ ਦਾ ਰੁਖ਼ ਉਦਾਸੀ ਵਿਆਖਿਆਕਾਰੀ ਵੱਲ ਮੋੜਦੇ ਹਨ। ਇਨ੍ਹਾਂ ਪੁਸਤਕਾਂ ਰਾਹੀਂ ਸੁਆਮੀ ਆਨੰਦਘਨ ਦੀ ਵਿਆਖਿਆਕਾਰੀ ਦੇ ਵੱਖਰੇ-ਵੱਖਰੇ ਪਹਿਲੂਆਂ ਨੂੰ ਜਾਣਨ ਵਿੱਚ ਸਹਾਇਤਾ ਮਿਲੀ ਹੈ ਅਤੇ ਨਾਲ ਹੀ ਉਦਾਸੀ ਸੰਪਰਦਾ ਦੁਆਰਾ ਕੀਤੀ ਟੀਕਾਕਾਰੀ ਦੀ ਗੁਰਬਾਣੀ ਪ੍ਰਤੀ ਭਾਵ-ਭੂਮੀ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ।

ਖੋਜ ਪ੍ਰਬੰਧ ਦੇ ਤੀਸਰੇ ਅਧਿਆਇ **'ਵਿਆਖਿਆਕਾਰੀ : ਸਿਧਾਂਤਕ ਪੱਖ'** ਵਿੱਚ ਵਿਆਖਿਆਕਾਰੀ ਦੇ ਸਿਧਾਂਤਕ ਪੱਖ ਉੱਪਰ ਚਾਨਣਾ ਪਾਇਆ ਗਿਆ ਹੈ। ਇਸ ਅਧਿਆਇ ਵਿੱਚ ਵਿਆਖਿਆਕਾਰੀ, ਵਿਆਖਿਆਕਾਰੀ : ਅਰਥ ਵਿਸਥਾਰ, ਵਿਆਖਿਆ ਸ਼ਾਸਤਰ, ਵਿਆਖਿਆ ਸ਼ਾਸਤਰ ਦਾ ਕਾਰਜ ਖੇਤਰ, ਪਾਠ (text), ਪ੍ਰਵਚਨ (Discouse), ਪ੍ਰਵਚਨ ਕਰਤਾ/ਪ੍ਰਚਾਰਕ, ਸੰਵਾਦਕਰ/ਸੰਵਾਦਕਰਤਾ, ਭਾਰਤੀ ਪ੍ਰਵਚਨ ਸ਼ਾਸਤਰ ਤੋਂ ਇਲਾਵਾ ਭਾਰਤੀ ਵਿਆਖਿਆਕਾਰੀ ਦੇ ਵਿਭਿੰਨ ਪਾਸਾਰ/ਵਿਭਿੰਨ ਪੱਧਤੀਆਂ (ਨਿਰੁਕਤੀ, ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ, ਉਲਥਾਕਾਰੀ ਅਤੇ ਟੀਕਾਕਾਰੀ) ਆਦਿ ਸਿਰਲੇਖਾਂ ਅਧੀਨ ਵਿਆਖਿਆਕਾਰੀ ਨਾਲ ਜੁੜੇ ਤਕਰੀਬਨ ਹਰ ਪੱਖ ਨੂੰ ਸਪੱਸ਼ਟਤਾ ਸਹਿਤ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

ਸਭ ਤੋਂ ਪਹਿਲਾਂ 'ਵਿਆਖਿਆ' ਸੰਕਲਪ ਸਬੰਧੀ ਵੱਖ-ਵੱਖ ਵਿਦਵਾਨਾਂ ਦੁਆਰਾ ਪਰਿਭਾਸ਼ਕ ਰੂਪ ਵਿੱਚ ਪ੍ਰਗਟਾਏ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ 'ਵਿਆਖਿਆ' ਸੰਕਲਪ ਸਬੰਧੀ ਇਹੀ ਤੱਥ ਉੱਭਰ ਕੇ ਸਾਹਮਣੇ ਆਇਆ ਹੈ ਕਿ ਵਿਆਖਿਆਕਾਰੀ ਦਾ ਮੁੱਖ ਮਕਸਦ ਕਠਿਨ ਅਤੇ ਗੁੱਝੇ ਅਰਥਾਂ ਨੂੰ ਸਰਲਤਾ ਅਤੇ ਸਪੱਸ਼ਟਤਾ ਸਹਿਤ ਪ੍ਰਗਟਾਉਣਾ ਹੁੰਦਾ ਹੈ। ਧਰਮ ਗ੍ਰੰਥਾਂ ਦੀ ਵਿਆਖਿਆ ਸਮੇਂ ਇਹ ਪ੍ਰਕਿਰਿਆ ਕਾਫ਼ੀ ਜਟਿਲ ਹੋ ਜਾਂਦੀ ਹੈ।

'ਵਿਆਖਿਆ' ਸੰਕਲਪ ਤੋਂ ਬਾਅਦ 'ਵਿਆਖਿਆ' ਅਤੇ 'ਵਿਆਖਿਆ ਸ਼ਾਸਤਰ ਦੀ ਆਪਸੀ ਸਾਂਝ ਨੂੰ ਦੇਖਦਿਆਂ ਇਹੀ ਸਪੱਸ਼ਟ ਹੋਇਆ ਹੈ ਕਿ 'ਵਿਆਖਿਆ ਸ਼ਾਸਤਰ' ਵਿੱਚ ਵਿਆਖਿਆਕਾਰੀ ਨਾਲ ਸਬੰਧਿਤ ਸਾਰੇ ਸਿਧਾਂਤਾਂ ਨੂੰ ਸੰਗ੍ਰਹਿਤ ਕਰਕੇ ਵਿਆਖਿਆਕਾਰੀ ਲਈ ਇੱਕ ਦ੍ਰਿਸ਼ਟੀ ਪ੍ਰਦਾਨ ਕਰਵਾਈ ਜਾਂਦੀ ਹੈ। ਅਸਲ ਵਿੱਚ ਇਹ ਵਿਆਖਿਆਕਾਰੀ ਦੀ ਅਧਾਰ-ਭੂਮੀ ਵਜੋਂ ਕਾਰਜ ਕਰਦਾ ਹੈ। ਇਸ ਦਾ ਸਬੰਧ ਵਿਆਖਿਆਕਾਰੀ ਦੀਆਂ ਸਮੱਸਿਆਵਾਂ, ਸਿਧਾਂਤਾਂ ਅਤੇ ਉਦੇਸ਼ਾਂ ਨਾਲ ਵੀ ਹੈ। ਇਸ ਲਈ ਵਿਆਖਿਆ ਸ਼ਾਸਤਰ ਨੂੰ ਵਿਆਖਿਆਕਾਰੀ ਦੀ ਇੱਕ ਵਿਧਾ, ਅੰਤਰਦ੍ਰਿਸ਼ਟੀ, ਵਿਗਿਆਨ ਅਤੇ ਗਿਆਨ-ਅਨੁਸ਼ਾਸ਼ਨ ਦੇ ਰੂਪ ਵਿੱਚ ਵੀ ਵੇਖਿਆ ਜਾਂਦਾ ਹੈ।

ਧਾਰਮਿਕ ਗ੍ਰੰਥਾਂ ਦੇ ਪਾਠਾਂ ਨੂੰ ਵਿਖਿਆਉਣ ਲਈ ਵਿਆਖਿਆ ਸ਼ਾਸਤਰੀ ਪਰੰਪਰਾ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਹੈ। ਬਾਈਬਲ ਦੀ ਵਿਆਖਿਆ ਕਰਨ ਵਾਲੀ ਵਿਆਖਿਆ ਸ਼ਾਸਤਰੀ ਵਿਧੀ ਨੂੰ 'ਹਰਮੇਨਿਉਟਿਕਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜਦਕਿ ਵੇਦਾਂ ਦੀ ਵਿਆਖਿਆ ਕਰਨ ਵਾਲੇ ਵਿਆਖਿਆ ਸ਼ਾਸਤਰੀ ਸਕੂਲ ਨੂੰ ਮੀਮਾਂਸਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪਾਠ (Text) ਦਾ ਵਿਆਖਿਆਕਾਰੀ ਨਾਲ ਅਤਿ ਨੇੜਲਾ ਸਬੰਧ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਵਿਆਖਿਆਕਾਰੀ ਦੀ ਉਤਪੱਤੀ ਨਿਰਭਰ ਹੀ ਪਾਠ ਉੱਪਰ ਕਰਦੀ ਹੈ। ਪਾਠ ਸ਼ਬਦ ਦੇ ਮਾਧਿਅਮ ਰਾਹੀਂ ਸਿਰਜੀ ਗਈ ਇੱਕ ਅਜਿਹੀ ਸਾਰਥਕ ਰਚਨਾ ਹੁੰਦੀ ਹੈ, ਜਿਸ ਦਾ ਸਬੰਧ ਪੜ੍ਹਨਯੋਗ ਰਚਨਾ ਜਾਂ ਲਿਖਤ ਨਾਲ ਵੀ ਹੁੰਦਾ ਹੈ ਅਤੇ ਰਚਨਾ ਦੇ ਸੰਗਠਿਤ ਪ੍ਰਬੰਧ ਨਾਲ ਵੀ ਹੁੰਦਾ ਹੈ। ਪਾਠ ਇੱਕ ਆਧਾਰ ਵਸਤੂ ਹੈ ਜਦਕਿ ਵਿਆਖਿਆਕਾਰੀ ਇਸ ਅਧਾਰ ਵਸਤੂ ਉੱਪਰ ਉਸਰੀ ਅਗਲੀ ਵਿਸਥਾਰਕ ਸਿਰਜਣਾ ਹੁੰਦੀ ਹੈ।

ਵਚਨ ਅਤੇ ਪ੍ਰਵਚਨ, ਵਿਆਖਿਆ ਖੇਤਰ ਦੇ ਨਾਲ-ਨਾਲ ਦਰਸ਼ਨ ਅਤੇ ਨੀਤੀ ਸ਼ਾਸਤਰ ਦੇ ਕਾਫ਼ੀ ਜਾਣੇ-ਪਛਾਣੇ ਸੰਕਲਪ ਹਨ। ਵਚਨ ਵਿੱਚ ਸਧਾਰਣ ਵਾਰਤਾਲਾਪ ਤੋਂ ਲੈ ਕੇ ਸਾਰਥਕ ਕਥਨ ਦੇ ਅਰਥਾਂ ਤੱਕ ਪਹੁੰਚ ਕੀਤੀ ਜਾਂਦੀ ਹੈ ਜਦਕਿ ਪ੍ਰਵਚਨ ਕਿਸੇ ਮਹਾਂਪੁਰਖ ਦੇ ਮੁਖਾਰਬਿੰਦ ਵਿੱਚੋਂ ਉਚਰੇ ਅਜਿਹੇ ਸ਼ਬਦ ਹੁੰਦੇ ਹਨ ਜਿਨ੍ਹਾਂ ਵਿੱਚ ਕਿਸੇ ਦੈਵੀ, ਰੱਬੀ ਅਤੇ ਪਰਾਲੋਕਿਕ ਸੰਦੇਸ਼ ਨੂੰ ਪ੍ਰਸਤੁਤ ਕੀਤਾ ਜਾਂਦਾ ਹੈ। ਪ੍ਰਵਚਨ ਦਾ ਘੇਰਾ ਕਾਫ਼ੀ ਵਿਸ਼ਾਲ ਹੈ ਇਸ ਦਾ ਸਬੰਧ ਸਾਹਿਤ, ਦਰਸ਼ਨ, ਭਾਸ਼ਾ ਵਿਗਿਆਨ ਆਦਿ ਨਾਲ ਜਾ ਜੁੜਦਾ ਹੈ।

ਕਿਸੇ ਪਾਠ ਦੀ ਕੀਤੀ ਗਈ ਵਿਆਖਿਆ ਨੂੰ ਜਗਿਆਸੂਆਂ ਤੱਕ ਲੈ ਕੇ ਜਾਣ ਵਿੱਚ ਪ੍ਰਵਚਨ ਕਰਤਾ ਅਤੇ ਸੰਵਾਦਕਰਤਾ ਦੀ ਅਹਿਮ ਭੂਮਿਕਾ ਹੁੰਦੀ ਹੈ। ਪ੍ਰਚਾਰਕ ਜਾਂ ਪ੍ਰਵਚਨ ਕਰਤਾ ਪੈਗੰਬਰਾਂ ਦੀ ਬੋਲੀ ਸਮਝਣ ਵਾਲਾ ਅਜਿਹਾ ਪਾਰਖੂ ਵਿਆਖਿਆਕਾਰ ਜਾਂ ਧਰਮ ਚਿੰਤਕ ਹੁੰਦਾ ਹੈ, ਜੋ ਕਿ ਗੂੜ੍ਹ ਗਿਆਨ ਵਾਲੀਆਂ ਪਵਿੱਤਰ ਰਚਨਾਵਾਂ ਨੂੰ ਸਰਲ ਬੋਲੀ ਵਿੱਚ ਜਗਿਆਸੂ ਦੇ ਸਨਮੁੱਖ ਪੇਸ਼ ਕਰਦਾ ਹੈ। ਇੱਕ ਸਫ਼ਲ ਸੰਵਾਦਕਾਰ ਵਿਚਾਰ-ਵਟਾਂਦਰੇ, ਗੋਸ਼ਟੀ ਅਤੇ ਬਹਿਸ ਰਾਹੀਂ ਦੂਸਰੀ ਧਿਰ ਨਾਲ ਗਿਆਨ ਦਾ ਆਦਾਨ-ਪ੍ਰਦਾਨ ਕਰਦਾ ਹੈ। ਸੰਵਾਦ ਜਾਂ ਗੋਸ਼ਟਿ ਦਾ ਆਦਰਸ਼ਕ ਰੂਪ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿੱਧ ਗੋਸ਼ਟਿ' ਦੇ ਅੰਤਰਗਤ ਪੇਸ਼ ਹੋਇਆ ਹੈ।

ਇਸ ਅਧਿਆਇ ਦੇ ਅੰਤ ਵਿੱਚ ਭਾਰਤੀ ਵਿਆਖਿਆਕਾਰੀ ਦੇ ਵਿਭਿੰਨ ਪਾਸਾਰਾਂ ਜਾਂ ਵਿਭਿੰਨ ਪੱਧਤੀਆਂ ਜਿਵੇਂ ਨਿਰੁਕਤੀ, ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ, ਉਲਥਾਕਾਰੀ, ਟੀਕਾਕਾਰੀ, ਭਾਸ਼, ਵ੍ਰਿਤੀ ਅਤੇ ਪਰਮਾਰਥ ਆਦਿ ਨੂੰ ਸਿਧਾਂਤਕ ਅਤੇ ਵਿਹਾਰਕ ਪੱਖੋਂ ਵਿਚਾਰਿਆ ਗਿਆ ਹੈ। ਵਿਹਾਰਕ ਪੱਖੋਂ ਇਹ ਪਹੁੰਚ ਵਿਧੀਆਂ ਇਕਸਾਰ ਅਰਥਾਂ ਦਾ ਗਿਆਨ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ ਪ੍ਰੰਤੂ ਸਿਧਾਂਤਕ ਪੱਖੋਂ ਇਹਨਾਂ ਵਿੱਚ ਵੱਖਰਤਾ ਪਾਈ ਜਾਂਦੀ ਹੈ।

ਇਸ ਖੋਜ ਕਾਰਜ ਦਾ ਕੇਂਦਰੀ ਬਿੰਦੂ ਚੌਥਾ ਅਧਿਆਇ ਹੈ। ਇਸ ਅਧਿਆਇ ਦਾ ਨਾਮ '**ਗੁਰਬਾਣੀ ਦੀ ਉਦਾਸੀ ਵਿਆਖਿਆਕਾਰੀ : ਨਿਖੜਵੇਂ ਪਹਿਲੂ**' ਹੈ। ਸਭ ਤੋਂ ਪਹਿਲਾਂ ਇਸ ਅਧਿਆਇ ਵਿੱਚ ਗੁਰਬਾਣੀ ਦੇ ਉਦਾਸੀ ਵਿਆਖਿਆਕਾਰਾਂ ਨੂੰ ਦੋ ਕਾਲਖੰਡਾਂ ਵਿੱਚ ਵੰਡ ਕੇ ਵਰਗੀਕ੍ਰਿਤ ਕੀਤਾ ਗਿਆ ਹੈ। ਇਹ ਕਾਲਖੰਡ ਹਨ:

(ੳ) **ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰ**

(ਅ) **ਗੁਰੂ ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰ।**

ਗੁਰੂ ਕਾਲ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਬਾਬਾ ਸ੍ਰੀ ਚੰਦ ਜੀ (1494-1643) ਬਾਬਾ ਗੁਰਦਿੱਤਾ ਜੀ (1613-1688), ਚਾਰ ਧੂਣਿਆਂ (ਬਾਬਾ ਅਲਮਸਤ, ਬਾਲੂ ਹਸਨਾ, ਫੂਲਸ਼ਾਹ ਅਤੇ ਗੋਇੰਦ ਜੀ) ਅਤੇ ਛੇ ਬਖ਼ਸ਼ਿਸ਼ਾਂ (ਸੁਥਰੇ ਸ਼ਾਹੀਏ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਮੀਹਾਂ ਸ਼ਾਹੀਏ, ਬਖ਼ਤਮੱਲੀਏ ਅਤੇ ਜੀਤ ਮੱਲੀਏ) ਨਾਲ ਸਬੰਧਿਤ ਉਦਾਸੀ ਸਾਧੂਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਉਨ੍ਹਾਂ ਸਾਧੂਆਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਗੁਰੂ ਸਾਹਿਬਾਨ ਤੋਂ ਪਿੱਛੋਂ ਹੋਏ ਹਨ। ਇਨ੍ਹਾਂ ਨੂੰ ਆਧੁਨਿਕ ਯੁੱਗ ਦੇ ਉਦਾਸੀ ਵਿਆਖਿਆਕਾਰਾਂ ਦੀ ਕੋਟੀ ਵਿੱਚ ਵੀ ਰੱਖਿਆ ਜਾ ਸਕਦਾ ਹੈ। ਇਹ ਵਿਆਖਿਆਕਾਰ-ਸਾਧੂ ਆਨੰਦਘਨ, ਸਾਧੂ ਸਦਾਨੰਦ, ਪੰਡਿਤ ਹਰਿ ਪ੍ਰਸਾਦ ਵੈਦਿਕ ਮੁਨੀ, ਬਿਸ਼ਨ ਦਾਸ ਉਦਾਸੀ, ਪਰਮਾਨੰਦ ਆਦਿ ਹਨ।

ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆਤਮਕ ਪ੍ਰਵਿਰਤੀ ਨੂੰ ਦੇਖਣ ਲਈ ਉਨ੍ਹਾਂ ਦੀਆਂ ਚਾਰ ਪ੍ਰਮੁੱਖ ਬਾਣੀਆਂ (1) ਆਰਤਾ (2) ਸਹੰਸਰਨਾਮਾ (3) ਗੁਰ ਗਾਇਤ੍ਰੀ (4) ਮਾਤ੍ਰਾ ਬਾਣੀ ਨੂੰ ਅਧਾਰ ਸ੍ਰੋਤ ਬਣਾਇਆ ਗਿਆ ਹੈ। ਭਾਈ ਗੁਰਦਾਸ ਜੀ ਵਾਂਗ ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆਕਾਰੀ ਵੀ ਨਾਨਕ ਬਾਣੀ ਦੇ ਸਰਲ ਅਰਥ ਬਿਆਨ ਨਹੀਂ ਕਰਦੀ ਬਲਕਿ ਇਸ ਬਾਣੀ ਵਿਚਲੇ ਭਾਵਾਂ, ਵਿਚਾਰਾਂ ਅਤੇ ਮੂਲ ਦਾਰਸ਼ਨਿਕ ਸੰਕਲਪਾਂ ਨੂੰ ਆਪਣੀ ਸਿਰਜਣਾਤਮਕ ਸਮਰੱਥਾ ਰਾਹੀਂ ਰੂਪਮਾਨ ਕਰਦੀ ਹੈ।

ਉਨ੍ਹਾਂ ਦੀ ਸਿਰਜਣਾਤਮਕ ਸਮੱਰਥਾ ਦੀ ਝਲਕ 'ਜਨੇਊ' ਪਹਿਨਣ ਸਬੰਧੀ ਕੀਤੀ ਤਾਕੀਦ ਵਿੱਚ ਵੇਖੀ ਜਾ ਸਕਦੀ ਹੈ। ਜਿਸ ਤਰ੍ਹਾਂ ਦਾ ਜਨੇਊ ਪਹਿਨਣ ਦਾ ਉਪਦੇਸ਼ ਗੁਰੂ ਨਾਨਕ ਸਾਹਿਬ ਨੇ "ਦਇਆ ਕਪਾਹ ਸੰਤੋਖ ਸਤ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ" ਪੰਕਤੀ ਵਿੱਚ ਦਿੰਦੇ ਹਨ। ਠੀਕ ਉਸੇ ਤਰ੍ਹਾਂ ਦਾ ਜਨੇਊ ਪਹਿਨਣ ਦਾ ਉਪਦੇਸ਼ ਬਾਬਾ ਸ੍ਰੀ ਚੰਦ ਜੀ ਆਪਣੀ 'ਮਾਤਰਾ ਬਾਣੀ' ਵਿੱਚ 'ਅਖੰਡ ਜਨੇਊ ਨਿਰਮਲ ਧੋਤੀ' ਅਤੇ 'ਸੰਤੋਖ ਸੂਤ ਵਿਵੇਕ ਧਾਗੇ' ਪੰਕਤੀਆਂ ਰਾਹੀਂ ਕਰਦੇ ਹਨ। ਇਨ੍ਹਾਂ ਵਿੱਚ ਉਹ ਸੰਤੋਖ ਰੂਪੀ ਸੂਤ ਅਤੇ ਗਿਆਨ ਰੂਪੀ ਧਾਗੇ ਵਿੱਚ ਪਰੋਏ ਅਖੰਡ ਜਨੇਊ ਨੂੰ ਧਾਰਨ ਕਰਨ ਦੀ

ਹਦਾਇਤ ਕਰਦੇ ਹਨ। ਜੋ ਕਿ ਇੰਨ-ਬਿੰਨ ਨਾਨਕ ਬਾਣੀ ਦੀ ਪ੍ਰੋੜ੍ਹਤਾ ਹੈ।

ਬਾਬਾ ਸ੍ਰੀ ਚੰਦ ਜੀ ਪਰੰਪਰਾਗਤ ਸੂਤਰਿਕ ਵਿਆਖਿਆ ਵਿਧੀ ਦੀ ਵਰਤੋਂ ਤਕਰੀਬਨ ਆਪਣੀ ਹਰ ਰਚਨਾ ਵਿੱਚ ਕਰਦੇ ਹਨ ਤਾਂ ਕਿ ਵਿਸ਼ੇ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਸਮਝਾਇਆ ਜਾ ਸਕੇ। ਉਨ੍ਹਾਂ ਦੀ ਹਰ ਬਾਣੀ ਨੂੰ ਇੱਕ ਸਿਰਲੇਖ ਪ੍ਰਾਪਤ ਹੈ। ਜਿਵੇਂ:- ਸ੍ਰੀ ਸਤਗੁਰੂ ਨਾਨਕ ਜੀ ਕਾ ਆਰਤਾ, ਗੁਰੂ ਨਾਨਕ ਸਹੰਸਰਨਾਮਾ, ਗੁਰੂ ਗਾਇਤ੍ਰੀ ਕਥਨ, ਸ੍ਰੀ ਮਾਤ੍ਰਾ ਸਾਹਿਬ। ਇਹ ਬਾਣੀਆਂ ਦੇ ਮੁੱਖ ਸਿਰਲੇਖ ਹਨ। ਇਸ ਤੋਂ ਇਲਾਵਾ 'ਗੁਰ ਗਾਇਤ੍ਰੀ' ਬਾਣੀ ਵਿੱਚ ਕੁਝ ਗੌਣ ਸਿਰਲੇਖ ਵੀ ਵੇਖਣ ਨੂੰ ਮਿਲਦੇ ਹਨ।

ਬਾਬਾ ਸ੍ਰੀ ਚੰਦ ਦੀ ਦਾਰਸ਼ਨਿਕ ਵਿਚਾਰਧਾਰਾ ਵਿੱਚੋਂ ਪੰਜ ਤੱਤ ਉੱਭਰ ਕੇ ਸਾਹਮਣੇ ਆਉਂਦੇ ਹਨ:- ਬ੍ਰਹਮ, ਮਾਇਆ, ਸਤਿ, ਗਿਆਨ ਅਤੇ ਸਦਾਚਰਣ। ਉਦਾਸੀ ਸਿਧਾਂਤ ਇਨ੍ਹਾਂ ਪੰਜ ਤੱਤਾਂ ਉੱਪਰ ਹੀ ਨਿਰਭਰ ਕਰਦੇ ਹਨ। ਬ੍ਰਹਮ ਸਬੰਧੀ ਬਾਬਾ ਸ੍ਰੀ ਚੰਦ ਜੀ ਦਾ ਮੱਤ ਹੈ ਕਿ ਬ੍ਰਹਮ ਅਕਾਲ ਹੈ, ਨਿਰਗੁਣ ਹੈ, ਅਲੱਖ ਹੈ ਅਤੇ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੈ। ਚਾਰੇ ਪਾਸੇ ਉਸ ਇੱਕ ਸਤ ਚਿੱਤ ਆਨੰਦ ਸਰੂਪ ਦਾ ਹੀ ਪਸਾਰਾ ਹੈ। ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਉਦਾਸੀ ਮਤ ਜਿੱਥੇ ਜੀਵ ਤੇ ਬ੍ਰਹਮ ਦੀ ਇਕਰੂਪਤਾ ਦਾ ਹਾਮੀ ਹੈ ਉੱਥੇ ਜਗਤ ਨੂੰ ਵੀ ਬ੍ਰਹਮ ਰੂਪ ਹੀ ਮੰਨਦੇ ਹਨ। ਇਹ ਸਰਬ ਜਗਤ ਬ੍ਰਹਮ ਰੂਪੀ ਹੀ ਹੈ, ਦੂਸਰਾ ਕੋਈ ਵੀ ਨਹੀਂ ਹੈ। ਉਨ੍ਹਾਂ ਦੀ 'ਮਾਤਰਾ ਬਾਣੀ' ਵਿਚਲੀ ਪੰਕਤੀ 'ਅਲੱਖ ਪੁਰਖ ਕਾ ਸਿਮਰੋ ਨਾਉਂ' ਅਕਾਲ ਪੁਰਖ ਦੇ ਨਾਮ ਸਿਮਰਨ ਵੱਲ ਸੰਕੇਤ ਕਰਦੀ ਹੈ। ਇੱਥੇ 'ਅਲੱਖ ਪੁਰਖ' ਤੋਂ ਭਾਵ ਹੈ ਕਿ ਜੋ ਅਕਾਲ-ਪੁਰਖ ਕਹਿਣ-ਸੁਣਨ ਤੋਂ ਪਰੇ ਹੈ, ਹਰ ਜੀਵ ਵਿੱਚ ਵੱਸਦਾ ਹੈ, ਉਸ ਅਕਾਲ-ਪੁਰਖ ਦੇ ਨਾਮ ਨੂੰ ਸਿਮਰਨਾ ਚਾਹੀਦਾ ਹੈ। ਇੱਥੇ ਇਹ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਹੀ ਬ੍ਰਹਮ ਸਰੂਪ ਮੰਨਿਆ ਹੈ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਨੂੰ ਨਿਰੰਕਾਰ, ਗੁਰੂ, ਅਕਾਲ-ਪੁਰਖ ਅਤੇ ਸਰਵ-ਸ੍ਰੇਸ਼ਠ ਦੇਵਤਾ ਵੀ ਮੰਨਿਆ ਹੈ। ਉਹ ਉਨ੍ਹਾਂ ਦੀ ਹੋਂਦ ਨੂੰ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਵਿੱਚ ਤਸੱਵਰ ਕਰਦੇ ਹਨ।

ਸ੍ਰੀ ਗੁਰੂ ਨਾਨਕੰ ਨਿਰੰਕਾਰੰ ਨਾਰਾਇਣੰ ਨਿਰਗੁਣੰ

ਸਰਵਗਯੰ ਸੂਖਮੰ ਮੈਕੰ ਦੇਵਤੰ ਨਮਸਤਤੇ॥

(ਬਾਬਾ ਸ੍ਰੀ ਚੰਦ ਤੇ ਉਦਾਸੀ ਮਤ, ਪੰਨਾ 78)

ਮਾਇਆ ਦੇ ਸੰਕਲਪ ਸਬੰਧੀ ਬਾਬਾ ਸ੍ਰੀ ਚੰਦ ਜੀ ਦੀ 'ਮਾਤਰਾ ਬਾਣੀ' ਵਿੱਚ ਆਉਂਦਾ ਹੈ 'ਮਾਯਾ ਮੋਹਣੀ ਸਗਲ ਤਿਆਗ' ਭਾਵ ਜੀਵ ਨੂੰ ਮਾਇਆ ਦੇ ਮੋਹ ਜਾਲ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਸਤਿ ਗਿਆਨ ਅਤੇ ਸਦਾਚਰਣ ਨੂੰ ਭਗਤੀ ਭਾਵਨਾ ਵਿੱਚ ਉਚੇਚਾ ਸਥਾਨ ਦਿੱਤਾ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿੱਚ ਸੁਰਤ ਅਤੇ ਸ਼ਬਦ ਦਾ ਮੇਲ ਸਹਿਜ ਭਾਵ ਵਿੱਚ ਕਰਾਉਣ ਦੀ ਗੱਲ ਵੀ ਬੜੀ ਦ੍ਰਿੜਤਾ ਨਾਲ ਕਹੀ ਹੈ:- 'ਸੁਰਤ ਕੀ ਸੂਈ ਲੈ ਸਤਿਗੁਰ ਸੀਵੈ॥ ਜੋ ਰਾਖੇ ਸੋ ਨਿਰਭਉ ਥੀਵੈ॥ ਇਸ ਪ੍ਰਕਾਰ ਉਦਾਸੀ-ਮਤ ਦਾ ਦਰਸ਼ਨ ਬ੍ਰਹਮ ਗਿਆਨ ਦੇ ਚਰਿੱਤਰ ਦਾ ਧਾਰਣੀ ਹੈ।

ਬਾਬਾ ਸ੍ਰੀ ਚੰਦ ਦੀ ਮੰਗਲ ਵਿਧੀ ਗੁਰੂ ਗ੍ਰੰਥ ਸਾਹਿਬ ਦੀ ਮੰਗਲਵਿਧੀ ਨਾਲ ਮੇਲ ਖਾਂਦੀ ਹੈ। ਉਨ੍ਹਾਂ ਦੀ ਬਾਣੀ 'ਗੁਰ ਗਾਇਤ੍ਰੀ' ਵਿੱਚ '੧ਓਂ ਸਤਿਗੁਰ ਪ੍ਰਸਾਦਿ' ਮੰਗਲ ਵਾਕ ਅੰਕਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਦਾ ਆਰੰਭਲਾ ਪਦ ਇੱਕ ਸੰਕਲਪ ਵੱਲ ਸੰਕੇਤ ਕਰਦਾ ਹੈ, ਉਸ ਉਪਰੰਤ ਸਾਰਾ ਸਲੋਕ ਉਸੇ ਸੰਕਲਪ ਦੇ ਇਰਦ-ਗਿਰਦ ਘੁੰਮਦਾ ਹੈ। ਉਨ੍ਹਾਂ ਦੀ ਬਾਣੀ ਵਿਚਲੀ ਪ੍ਰਸ਼ਨੋਤਰੀ ਸ਼ੈਲੀ ਉਨ੍ਹਾਂ ਦੀ ਵਿਆਖਿਆ ਦਾ ਖ਼ਾਸਾ ਹੈ। ਇਸ ਵਿੱਚ ਇੱਕ ਧਿਰ ਕਹਿਣ ਵਾਲੀ ਤੇ ਦੂਸਰੀ ਧਿਰ ਸੁਣਨ ਵਾਲੀ ਹੈ। ਇਸ ਤਰ੍ਹਾਂ ਦੁਧਿਰਾ ਸੰਬਾਦ ਚੱਲਦਾ ਹੈ। ਇਹ ਦੁਧਿਰਾ ਸੰਬਾਦ ਉਸੇ ਪ੍ਰਕਾਰ ਦੀ ਉਦਾਹਰਨ ਪੇਸ਼ ਕਰਦਾ ਹੈ। ਜਿਸ ਪ੍ਰਕਾਰ ਦਾ ਸੰਬਾਦ 'ਸਿੱਧ ਗੋਸ਼ਟਿ' ਵਿੱਚ ਗੁਰੂ ਨਾਨਕ ਸਾਹਿਬ ਅਤੇ ਸਿੱਧਾਂ-ਜੋਗੀਆਂ ਵਿਚਕਾਰ ਚੱਲਦਾ ਹੈ।

ਬਾਬਾ ਸ੍ਰੀ ਚੰਦ ਜੀ ਦੀ ਵਿਆਖਿਆ ਸ਼ੈਲੀ ਦਾ ਰੂਪ ਕਾਵਿਕ ਹੈ। ਬੇਸ਼ੱਕ ਕਵਿਤਾ ਨੂੰ ਵਿਆਖਿਆਕਾਰੀ ਲਈ ਕੋਈ ਬਹੁਤਾ ਢੁੱਕਵਾਂ ਨਹੀਂ ਮੰਨਿਆ ਜਾਂਦਾ ਪਰ ਫਿਰ ਵੀ ਬਾਬਾ ਸ੍ਰੀ ਚੰਦ ਦੀ ਕਲਾਤਮਿਕ ਪ੍ਰਤਿਭਾ ਸਲਾਹੁਣਯੋਗ ਹੈ। ਉਨ੍ਹਾਂ ਦੀ ਕਲਾਤਮਿਕ ਪ੍ਰਤਿਭਾ ਉਦੋਂ ਸਿਖਰ ਉੱਤੇ ਹੁੰਦੀ ਹੈ, ਜਦੋਂ ਉਹ ਦਾਰਸ਼ਨਿਕ ਨੁਕਤਿਆਂ ਨੂੰ ਬਹੁਤ ਹੀ ਸਰਲਤਾ ਅਤੇ ਸੰਖੇਪਤਾ ਸਹਿਤ ਬਿਆਨ ਕਰ ਦਿੰਦੇ ਹਨ।

ਉਦਾਹਰਣ ਵਜੋਂ:-

ਪ੍ਰੇਮਸ੍ਰੂੰ ਪਰਾਬ੍ਰਮ ਜਗਤ ਸ੍ਰਾਮੀ ਜਗ ਪਿਤਾ॥

ਰਿਖ ਰੂਪੋ ਰਿਖ ਕ੍ਰਿਤੀ ਸੋਮੋਨੀ ਭੂਤ ਕਾਰਨਾ॥32॥

(ਬਾਬਾ ਸ੍ਰੀ ਚੰਦ ਤੇ ਉਦਾਸੀ ਮਤ, ਪੰਨਾ 68)

ਧਰਮ ਜਗਤ ਵਿੱਚ ਆਤਮਿਕ ਅਨੁਭਵ ਨੂੰ ਚਿਹਨਾਂ/ਪ੍ਰਤੀਕਾਂ ਰਾਹੀਂ ਪ੍ਰਗਟਾਇਆ ਜਾਂਦਾ ਹੈ। ਅਧਿਆਤਮ ਮਾਰਗ ਅਸਲ ਵਿੱਚ ਉਸ ਯਾਤਰਾ ਦਾ ਨਾਂ ਹੈ ਜੋ ਬਾਹਰ ਤੋਂ ਅੰਦਰ ਵੱਲ ਨੂੰ ਜਾਂਦੀ ਹੈ। ਬਾਹਰਲੇ ਚਿਹਨ ਅੰਦਰਲੇ ਗੁਣਾਂ ਨਾਲ ਇਕਮਿਕਤਾ ਸਥਾਪਿਤ ਕਰਕੇ ਹੀ ਪਰਮ ਤੱਤ ਦੀ ਪ੍ਰਾਪਤੀ ਕਰ ਸਕਦੇ ਹਨ। ਬਾਬਾ ਸ੍ਰੀ ਚੰਦ ਦੀ 'ਮਾਤਰਾ ਬਾਣੀ' ਵਿੱਚ ਗਿਆਨ ਰੂਪੀ ਗੋਦੜੀ, ਖਿਮਾ ਰੂਪੀ ਟੋਪੀ, ਜਤ ਰੂਪੀ ਆੜਬੰਦ (ਤੜਾਗੀ), ਸ਼ੀਲ ਰੂਪੀ ਲੰਗੋਟੀ, ਅਕਾਲ ਰੂਪੀ ਖਿੰਥਾ, ਨਿਰਾਸ਼ ਝੋਲੀ ਆਦਿ ਬਾਹਰਲੇ ਚਿੰਨ੍ਹਾਂ ਨੂੰ ਅੰਦਰਲੇ ਗੁਣਾਂ ਨਾਲ ਇਕਰੂਪ ਕਰਨ ਦਾ ਉਪਦੇਸ਼ ਮਿਲਦਾ ਹੈ। ਇਸ ਬਾਣੀ ਵਿੱਚ ਅਨੇਕਾਂ ਹੀ ਹੋਰ ਇਸ ਤਰ੍ਹਾਂ ਦੇ ਜੁੱਟ ਮਿਲਦੇ ਹਨ ਜੋ ਸਥੂਲਤਾ ਤੋਂ ਸੂਖ਼ਮਤਾ ਵੱਲ ਵੱਧਦੇ ਹਨ। ਇਹ ਜੁੱਟ-ਸਿਰਜਣਾ ਬਾਬਾ ਸ੍ਰੀ ਚੰਦ ਜੀ ਦੇ ਗਹਿਰੇ ਚਿੰਤਕ ਹੋਣ ਦਾ ਪ੍ਰਤੱਖ ਪ੍ਰਮਾਣ ਹੈ।

ਬਾਬਾ ਸ੍ਰੀ ਚੰਦ ਜੀ ਨੇ ਜੋਗ ਮਤ ਨਾਲ ਸਬੰਧਿਤ ਅਨੇਕਾਂ ਬੁਨਿਆਦੀ ਸੰਕਲਪਾਂ ਉੱਪਰ ਪ੍ਰਕਾਸ਼ ਪਾਇਆ ਹੈ। ਜੋਗ ਮਤ ਨਾਲ ਸਬੰਧਿਤ ਇੜਾ, ਪਿੰਗਲਾ, ਸੁਖਮਨਾ ਨਾੜੀਆਂ ਸਬੰਧੀ ਜੋ ਉਲੇਖ ਗੁਰੂ ਨਾਨਕ ਸਾਹਿਬ 'ਰਾਮਕਲੀ ਰਾਗ' ਵਿੱਚ ਕਰਦੇ ਹਨ। ਠੀਕ ਉਸੇ ਤਰ੍ਹਾਂ ਦਾ ਬਿਆਨ ਬਾਬਾ ਸ੍ਰੀ ਚੰਦ ਜੀ ਦੀ 'ਮਾਤਰਾ ਬਾਣੀ' ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਦੀ ਮਾਤਰਾ ਬਾਣੀ ਵਿੱਚ ਜੋਗੀ ਸਾਧਕ ਨਾਲ ਸਬੰਧਿਤ ਹਰ ਵਸਤੂ ਦਾ ਅਧਿਆਤਮੀਕਰਨ ਉਸੇ ਤਰ੍ਹਾਂ ਕੀਤਾ ਨਜ਼ਰ ਆਉਂਦਾ ਹੈ। ਜਿਸ ਤਰ੍ਹਾਂ ਜਪੁਜੀ ਸਾਹਿਬ ਦੇ ਪਾਠ ਵਿਚਲੀ ਪਉੜੀ 'ਮੁੰਦਾ ਸੰਤੋਖ ਸਰਮ ਪਤ ਝੋਲੀ' ਵਿੱਚ ਕੀਤਾ ਮਿਲਦਾ ਹੈ।

ਇਸ ਪ੍ਰਕਾਰ ਬਾਬਾ ਸ੍ਰੀ ਚੰਦ ਦੁਆਰਾ ਦੱਸੇ ਜੋਗ ਮੱਤ ਦੇ ਇਨ੍ਹਾਂ ਮੂਲ ਸਿਧਾਂਤਾਂ ਦਾ ਗੁਰੂ-ਪਿਤਾ ਨਾਲ ਕਿਤੇ ਵੀ ਸਿਧਾਂਤਕ ਮਤਭੇਦ ਨਹੀਂ ਹੈ। ਬਾਬਾ ਸ੍ਰੀ ਚੰਦ ਤੋਂ ਪਿੱਛੋਂ ਉਨ੍ਹਾਂ ਦੇ ਉੱਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਦੇ ਚਾਰ ਮਹਾਂਵਾਕਾਂ ਦੇ ਅਧਾਰ ਉੱਤੇ ਉਨ੍ਹਾਂ ਦੁਆਰਾ ਕੀਤੀ ਗੁਰਮਤਿ ਵਿਆਖਿਆ ਨੂੰ ਵਾਚਿਆ

ਗਿਆ ਹੈ। ਇਹ ਮਹਾਂਵਾਕ ਬਾਬਾ ਗੁਰਦਿੱਤਾ ਜੀ ਨੇ ਚਾਰ ਧੂਣਿਆਂ ਨੂੰ ਸੁਣਾ ਕੇ ਚਾਰੋਂ ਵੇਦਾਂ ਦੇ ਮਹਾਂਵਾਕਾਂ ਨਾਲ ਗੁਰਬਾਣੀ ਦੇ ਮਹਾਂਵਾਕਾਂ ਦੀ ਪੁਸ਼ਟੀ ਕਰਵਾਈ ਸੀ। ਇਸ ਪ੍ਰਕਾਰ ਬਾਬਾ ਗੁਰਦਿੱਤਾ ਜੀ ਦੀ ਵਿਆਖਿਆਤਮਕ ਪ੍ਰਵਿਰਤੀ ਅਦਵੈਤਵਾਦੀ ਹੈ।

ਚਾਰ ਧੂਣਿਆਂ ਦੁਆਰਾ ਰਚਿਤ ਮਾਤਰਾ ਸਾਹਿਤ ਵਿੱਚ ਬਾਬਾ ਸ਼੍ਰੀ ਚੰਦ ਜੀ ਦੁਆਰਾ ਦ੍ਰਿੜ੍ਹ ਕਰਵਾਏ ਉਦਾਸੀ ਸਿਧਾਂਤ ਹੀ ਉੱਭਰ ਕੇ ਸਾਹਮਣੇ ਆਉਂਦੇ ਹਨ।

ਛੇ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਵਿੱਚੋਂ ਗੁਰਮਤਿ ਵਿਆਖਿਆਕਾਰੀ ਦੇ ਵਿਭਿੰਨ ਰੰਗ ਉੱਭਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਬਖ਼ਸ਼ਿਸ਼ਾਂ ਦੁਆਰਾ ਰਚਿਤ ਬਾਣੀ ਰਾਗਬੱਧ ਹੋ ਕੇ ਪਾਠਕ ਦੇ ਸਨਮੁੱਖ ਪੇਸ਼ ਹੁੰਦੀ ਹੈ। ਇਨ੍ਹਾਂ ਬਾਣੀਆਂ ਦੇ ਪ੍ਰਮੁੱਖ ਰਾਗ ਹਨ :- ਸਾਰੰਗ, ਬਿਲਾਵਲ, ਧਨਾਸਰੀ, ਸੋਰਠਿ, ਭੀਮ ਪਲਾਸੀ, ਸ਼ਾਮ ਕਲਿਆਣ ਅਤੇ ਬਿਹਾਗੜਾ ਆਦਿ। ਇਸ ਤੋਂ ਇਲਾਵਾ ਸਲੋਕ, ਸ਼ਬਦ ਅਤੇ ਵਾਰ ਆਦਿ ਕਾਵਿ-ਰੂਪਾਂ ਦੀ ਝਲਕ ਵੀ ਇਨ੍ਹਾਂ ਰਚਨਾਵਾਂ ਵਿੱਚੋਂ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਬਾਣੀਆਂ ਵਿੱਚ ਸੂਫ਼ੀਆਨਾ ਰੰਗਤ ਵਧੇਰੇ ਝਲਕਦੀ ਹੈ। ਇਹ ਉਦਾਸੀਨ ਸਾਧੂ ਰਾਗ, ਸੰਗੀਤ ਅਤੇ ਸਾਹਿਤ ਦੀ ਡੂੰਘੀ ਸਮਝ ਰੱਖਣ ਵਾਲੇ ਰਸੀਲੇ ਕਵੀ ਸਨ। ਉਨ੍ਹਾਂ ਦੀਆਂ ਕ੍ਰਿਤਾਂ ਵੈਰਾਗ ਅਤੇ ਪ੍ਰੇਮਾ-ਭਗਤੀ ਦਾ ਅਨੋਖਾ ਗੂੜ੍ਹਾ ਰੰਗ ਪੇਸ਼ ਕਰਦੀਆਂ ਹਨ। ਗੁਰਬਾਣੀ ਨਾਲ ਧੁਰ-ਅੰਦਰੋਂ ਜੁੜੇ ਹੋਣ ਕਾਰਣ ਅਤੇ ਉੱਚੀ ਅਧਿਆਤਮਕ ਅਵਸਥਾ ਨੂੰ ਪ੍ਰਾਪਤ ਹੋਣ ਕਾਰਨ ਇਨ੍ਹਾਂ ਉਦਾਸੀਨ ਸੰਤਾਂ ਦੀਆਂ ਕ੍ਰਿਤਾਂ ਵਿੱਚੋਂ ਗੁਰਬਾਣੀ ਵਰਗਾ ਅਨੁਭਵ ਪੇਸ਼ ਹੁੰਦਾ ਹੈ। ਅਸਲ ਵਿੱਚ ਇਹ ਮਹਾਤਮਾ ਆਪਣੀਆਂ ਕ੍ਰਿਤਾਂ ਰਾਹੀਂ ਸਹੀ ਅਰਥਾਂ ਵਿੱਚ ਗੁਰਬਾਣੀ ਦੀ ਵਿਆਖਿਆ ਕਰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਛੇ ਬਖ਼ਸ਼ਿਸ਼ਾਂ ਦੁਆਰਾ ਪ੍ਰਚਾਰ ਦੌਰਾਨ ਸਿੱਖ ਸੰਗਤ ਨੂੰ ਦਿੱਤਾ ਗਿਆ ਮੌਖਿਕ ਉਪਦੇਸ਼ ਵੀ ਗੁਰਬਾਣੀ ਦੀ ਵਿਆਖਿਆ ਹੋ ਨਿਬੜਦਾ ਹੈ।

ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਪ੍ਰਮੁੱਖ ਉਦਾਸੀ ਵਿਆਖਿਆਕਾਰ ਸਾਧੂ ਆਨੰਦਘਨ ਹਨ। ਇਸ ਮਹਾਤਮਾ ਨੇ ਛੇ ਬਾਣੀਆਂ ਦੇ ਟੀਕੇ ਕੀਤੇ ਹਨ। (1) ਜਪੁ ਟੀਕਾ (1852 ਬਿ.) (2) ਆਰਤੀ ਟੀਕਾ (1853 ਬਿ.) (3) ਓਅੰਕਾਰ ਟੀਕਾ (1854 ਬਿ.) (4) ਸਿੱਧ ਗੋਸ਼ਟਿ ਟੀਕਾ (1857 ਬਿ.) (5) ਅਨੰਦ ਸਾਹਿਬ ਦਾ ਟੀਕਾ (1859 ਬਿ.) (6) ਆਸਾ ਦੀ ਵਾਰ ਦਾ ਟੀਕਾ (1797 ਤੋਂ 1800

ਈ.) ਇਨ੍ਹਾਂ ਟੀਕਿਆਂ ਵਿੱਚੋਂ ਪੰਜ ਟੀਕੇ ਗੁਰੂ ਨਾਨਕ ਬਾਣੀ ਨਾਲ ਸਬੰਧਿਤ ਹਨ ਅਤੇ ਇੱਕ ਟੀਕਾ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਨਾਲ ਸਬੰਧਿਤ ਹੈ। ਇਸ ਮਹਾਤਮਾ ਨੇ ਟੀਕਾਕਾਰੀ ਦੇ ਖੇਤਰ ਵਿੱਚ 'ਅਨੰਦ ਸਾਹਿਬ' ਦਾ ਟੀਕਾ ਕਰਨ ਦੀ ਪਹਿਲ ਕੀਤੀ। ਸਾਧੂ ਆਨੰਦਘਨ ਦੀ ਟੀਕਾਕਾਰੀ ਵਿੱਚ ਸਨਾਤਨੀ ਮੰਗਲ ਵਿਧੀ ਅਤੇ ਗੁਰਮਤਿ ਮੰਗਲ ਵਿਧੀ ਦੋਨਾਂ ਵਿਧੀਆਂ ਦਾ ਸੁਮੇਲ ਵੇਖਣ ਨੂੰ ਮਿਲਦਾ ਹੈ।

ਇੱਕ ਸੁਬੁੱਧ ਵਿਦਵਾਨ ਦੀ ਇਹ ਪਹਿਚਾਣ ਹੁੰਦੀ ਹੈ ਕਿ ਉਹ ਆਪਣੀ ਕਾਰਜ-ਵਿਧੀ ਦੀ ਪ੍ਰਮਾਣਿਕਤਾ ਦਾ ਸੰਕੇਤ ਵੀ ਨਾਲੋਂ-ਨਾਲ ਦਿੰਦਾ ਜਾਂਦਾ ਹੈ। ਇਸੇ ਕਾਰਨ ਸਾਧੂ ਆਨੰਦਘਨ ਨੇ ਗੁਰੂ ਨਾਨਕ ਬਾਣੀ ਨੂੰ ਸ਼ਾਸਤਰੀ ਰੀਤੀ ਦੀ ਬਾਣੀ ਦੱਸਿਆ ਹੈ ਅਤੇ ਖੁਦ ਇਸ ਬਾਣੀ ਦੀ ਤਾਸੀਰ ਅਨੁਸਾਰ ਸ਼ਾਸਤਰੀ ਰੀਤੀ ਵਿੱਚ ਟੀਕਾ ਕਰਨ ਦਾ ਯਤਨ ਕੀਤਾ ਹੈ। ਆਨੰਦਘਨ ਨੇ ਇਸ ਟੀਕਾ-ਵਿਧੀ ਵੱਲ ਕੇਵਲ ਸੰਕੇਤ ਹੀ ਨਹੀਂ ਕੀਤਾ ਬਲਕਿ ਇਸ ਉੱਪਰ ਪੂਰਾ ਉਤਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਆਪਣੇ ਵਿਆਖਿਆਤਮਕ ਕਾਰਜ ਦੌਰਾਨ ਉਹ ਸ਼ਬਦ ਤੋਂ ਅਰਥ, ਅਰਥ ਤੋਂ ਪ੍ਰਕਰਣ ਵੱਲ ਯਾਤਰਾ ਕਰਦੇ ਹੋਏ ਲੇਖਕ ਦੇ ਮੂਲ ਆਸ਼ੇ ਨੂੰ ਪਾਠਕ ਤੱਕ ਪਹੁੰਚਾਉਣ ਦਾ ਯਤਨ ਕਰਦਾ ਹੈ। ਨਾਲ ਹੀ ਇਹ ਵੀ ਸੰਕੇਤ ਕਰਦਾ ਹੈ ਕਿ ਇਹ ਵਿਧੀ ਕੋਈ ਮਨਘੜਤ ਵਿਧੀ ਨਹੀਂ ਬਲਕਿ ਸ਼ਾਸਤਰੀ ਵਿਧੀ ਹੈ। ਇਹ ਵਿਆਖਿਆ ਵਿਧੀ ਆਨੰਦਘਨ ਦੀ ਟੀਕਾਕਾਰੀ ਦੀ ਵਿਸ਼ੇਸ਼ ਪ੍ਰਾਪਤੀ ਹੈ।

ਸਾਧੂ ਆਨੰਦਘਨ ਦੀ ਵਿਆਖਿਆ ਵਿੱਚ ਕਾਵਿਮਈ ਅੰਸ਼ਾਂ ਦੀ ਪੇਸ਼ਕਾਰੀ ਦੇਖਣ ਨੂੰ ਮਿਲਦੀ ਹੈ। ਉਨ੍ਹਾਂ ਨੇ ਕਈ ਥਾਂਵਾਂ ਉੱਪਰ ਆਪਣੇ ਟੀਕਿਆਂ ਦੇ ਆਰੰਭ ਜਾਂ ਅੰਤ ਵਿੱਚ ਕਾਵਿਮਈ ਟੂਕਾਂ ਦੇ ਕੇ ਕਾਵਿਮਈ ਅੰਸ਼ਾਂ ਨੂੰ ਟੀਕਾਕਾਰੀ ਰਾਹੀਂ ਪੇਸ਼ ਕਰਨ ਦਾ ਨਵੀਨ ਯਤਨ ਕੀਤਾ ਹੈ।

ਭਾਵੇਂ ਸੁਆਮੀ ਆਨੰਦਘਨ ਨੇ ਆਪਣੇ ਟੀਕਿਆਂ ਵਿੱਚ ਮੂਲ ਬਾਣੀ ਦੀ ਇੱਕ ਸਤਰ ਦਾ ਇੱਕੋ ਅਰਥ ਪੇਸ਼ ਕੀਤਾ ਹੈ, ਪਰ ਅਰਥ ਨੂੰ ਚੰਗੀ ਤਰ੍ਹਾਂ ਸਪੱਸ਼ਟ ਕਰਨ ਦੀ ਵਿਆਖਿਆਤਮਕ ਰੁਚੀ ਨੇ ਉਨ੍ਹਾਂ ਦੇ ਟੀਕਿਆਂ ਨੂੰ ਵਿਸਥਾਰਕ ਬਣਾ ਦਿੱਤਾ ਹੈ। ਦਰਅਸਲ, ਉਨ੍ਹਾਂ ਦੇ ਟੀਕਿਆਂ ਵਿੱਚ ਵਿਆਖਿਆ, ਭਾਸ਼, ਪਰਮਾਰਥ ਤਿੰਨਾਂ ਵਿਧੀਆਂ ਦਾ ਮਿਲਗੋਭਾ ਵਿਖਾਈ ਦਿੰਦਾ ਹੈ।

ਉਨ੍ਹਾਂ ਦੀ ਟੀਕਾਕਾਰੀ ਵਿੱਚੋਂ 'ਸਾਖ' (ਕਿਸੇ ਵਿਆਖਿਆ ਦੀ ਪੁਸ਼ਟੀ ਲਈ ਪ੍ਰਮਾਣ ਦੇਣੇ) ਭਾਵ

ਗਵਾਹੀ ਦੇਣ ਦੀ ਵਿਧੀ ਸਾਹਮਣੇ ਆਉਂਦੀ ਹੈ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਵੇਦਾਂ, ਸ਼ਾਸਤਰਾਂ, ਸਿਮ੍ਰਤੀਆਂ, ਪੁਰਾਣਾਂ, ਗੀਤਾਂ, ਮਹਾਂਭਾਰਤ ਆਦਿ ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥਾਂ ਦੇ ਥਾਂ-ਥਾਂ ਹਵਾਲੇ ਦਿੱਤੇ ਹਨ। 'ਵੇਦ ਸ਼ਾਸਤਰ ਮੇਂ ਲਿਖਾ ਹੈ, ਗੀਤਾ ਮੇਂ ਭਗਵਾਨ ਕਾ ਵਚਨ ਹੈ, ਜੇਹੇ ਵਾਕੰਸ਼ ਉਨ੍ਹਾਂ ਦੇ ਟੀਕਿਆਂ ਵਿੱਚ ਆਮ ਮਿਲ ਜਾਂਦੇ ਹਨ। ਇਸ ਪ੍ਰਕਾਰ ਉਨ੍ਹਾਂ ਕੋਲ ਦਰਸ਼ਨ ਸ਼ਾਸਤਰ ਦੀ ਚੋਖੀ ਸੂਝ ਸੀ ਅਤੇ ਉਹ ਵੇਦਾਂ, ਪੁਰਾਣਾਂ ਅਤੇ ਸ਼ਾਸਤਰਾਂ ਦੇ ਸੁਗਿਆਤਾ ਸਨ।

ਆਨੰਦਘਨ ਨੇ ਜਿੱਥੇ ਪਹਿਲੀ ਵਾਰ ਆਪਣੀ ਟੀਕਾਕਾਰੀ ਦੇ ਵਿਧੀ-ਵਿਧਾਨ ਉੱਤੇ ਚਾਨਣਾ ਪਾਇਆ ਉੱਥੇ ਆਪਣੇ ਪੂਰਬਲੇ ਟੀਕਾਕਾਰਾਂ ਦੀ ਕਰੜੀ ਆਲੋਚਨਾ ਵੀ ਕੀਤੀ ਅਤੇ ਉਨ੍ਹਾਂ ਲਈ 'ਅੜਬੰਗੀ' ਸ਼ਬਦ ਵਰਤਕੇ ਉਨ੍ਹਾਂ ਦੇ ਗੁਣਾਂ-ਔਗੁਣਾਂ ਨੂੰ ਵੀ ਚਿਤਾਰਿਆ। ਪਰ ਖੋਜ ਦੁਆਰਾ ਕਿਸੇ ਟੀਕੇ ਜਾਂ ਟੀਕਾਕਾਰ ਦਾ ਪਤਾ ਨਹੀਂ ਲੱਗਾ ਜਿਸ ਵੱਲ ਆਨੰਦਘਨ ਇਸ਼ਾਰਾ ਕਰਦੇ ਹਨ। ਇਸ ਦੇ ਸਿੱਟੇ ਵਜੋਂ ਆਨੰਦਘਨ ਦੇ ਤਤਕਾਲੀਆਂ ਨੇ ਉਨ੍ਹਾਂ ਦੀ ਟੀਕਾਕਾਰੀ ਦਾ ਕਰੜਾ ਵਿਰੋਧ ਕੀਤਾ। ਸੁਆਮੀ ਆਨੰਦਘਨ ਦੇ 'ਜਪੁਜੀ ਦੇ ਟੀਕੇ' ਦੇ ਪ੍ਰਤੀਕਰਮ ਵਜੋਂ ਮਹਾਂਕਵੀ ਸੰਤੋਖ ਸਿੰਘ ਨੇ 'ਗਰਬ ਗੰਜਨੀ' (1886 ਬਿ.) ਟੀਕੇ ਦੀ ਰਚਨਾ ਕੀਤੀ।

ਸਾਧੂ ਆਨੰਦਘਨ ਨੇ ਆਪਣੇ ਟੀਕਿਆਂ ਵਿੱਚ 'ਕਹੀਏ' 'ਕਿਆ ਕਹੀਏ' ਜਿਹੇ ਨਿਰਾਰਥਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਹ ਸ਼ਬਦ ਲਿਖਤ ਵਿੱਚ ਤਾਂ ਕੀ ਮੌਖਿਕਤਾ ਵਿੱਚ ਵੀ ਚੰਗਾ ਪ੍ਰਭਾਵ ਨਹੀਂ ਪਾਉਂਦੇ। ਪਰ ਉਦਾਸੀ, ਨਿਰਮਲੇ ਅਤੇ ਸੰਪ੍ਰਦਾਈ ਵਿਆਖਿਆਕਾਰਾਂ ਨੇ ਆਪਣੇ ਟੀਕਿਆਂ ਵਿੱਚ ਇਨ੍ਹਾਂ ਨਿਰਾਰਥਕ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਸੁਆਮੀ ਆਨੰਦਘਨ ਵਿਆਕਰਣ ਦੀ ਸੋਝੀ ਵੀ ਰੱਖਦਾ ਸੀ। ਜਿਸ ਦੀ ਝਲਕ ਉਨ੍ਹਾਂ ਦੇ ਟੀਕਿਆਂ ਵਿੱਚ ਮਿਲਦੀ ਹੈ। ਵਿਆਖਿਆ ਕਰਨ ਸਮੇਂ ਉਹ ਕੋਸ਼ ਅਤੇ ਵਿਆਕਰਣ ਦੇ ਅਨੁਰੂਪ ਅਰਥ ਸਪੱਸ਼ਟ ਕਰਦੇ ਹਨ ਅਤੇ ਉਸ ਵਿੱਚ ਕਿਸੇ ਪ੍ਰਕਾਰ ਸੰਦੇਹ ਨਹੀਂ ਰਹਿਣ ਦਿੰਦੇ।

ਸਾਧੂ ਆਨੰਦਘਨ ਦੁਆਰਾ ਗੁਰਮਤਿ ਸੰਕਲਪਾਂ ਦੀ ਕੀਤੀ ਵਿਆਖਿਆ ਗੁਰਮਤਿ ਆਸ਼ੇ ਦੇ ਅਨੁਕੂਲ ਨਜ਼ਰ ਆਉਂਦੀ ਹੈ। ਆਨੰਦਘਨ ਦੁਆਰਾ ਦੇਵੀ ਪੂਜਾ ਉੱਪਰ ਦਿੱਤਾ ਜ਼ੋਰ ਵੀ ਉਦਾਸੀ ਸੰਪ੍ਰਦਾਇ ਦੀ ਸਰਗੁਣ ਭਗਤੀ ਨੂੰ ਰੂਪਮਾਨ ਕਰਦਾ ਹੈ। ਜਿਸ ਤਰ੍ਹਾਂ ਗੁਰਬਾਣੀ ਵਿੱਚ ਨਾਮ-ਮਾਰਗ ਉੱਪਰ ਜ਼ੋਰ ਦਿੱਤਾ

ਗਿਆ ਹੈ। ਠੀਕ ਉਸੇ ਤਰ੍ਹਾਂ ਸੁਆਮੀ ਆਨੰਦਘਨ ਦਾ ਮੰਨਣਾ ਹੈ ਕਿ ਨਾਮ ਹੀ ਇੱਕ ਅਜਿਹਾ ਸਾਧਨ ਹੇ ਜਿਸ ਰਾਹੀਂ ਜੀਵ ਸਤਿ (ਅਕਾਲ ਪੁਰਖ) ਦੀ ਸੋਝੀ ਪ੍ਰਾਪਤ ਕਰਕੇ ਉਸ ਵਿੱਚ ਅਭੇਦਤਾ ਪ੍ਰਾਪਤ ਕਰਦਾ ਹੈ। ਨਾਮ ਹੀ ਕਰੋੜਾਂ ਜਨਮਾਂ ਦੇ ਪਾਪ ਨਾਸ਼ ਕਰਨ ਵਿੱਚ ਸਹਾਈ ਸਿੱਧ ਹੁੰਦਾ ਹੈ। ਬਾਕੀ ਉਨ੍ਹਾਂ ਨੇ ਗੁਰਬਾਣੀ ਵਾਂਗ ਹੀ ਨਾਮ ਨੂੰ ਸਭ ਤੋਂ ਉੱਤਮ ਅਤੇ ਸੌਖਾ ਮਾਰਗ ਦਰਸਾਇਆ ਹੈ। ਇੰਨਾ ਹੀ ਨਹੀਂ ਜਦੋਂ ਉਹ ਵੈਦਿਕ ਅਤੇ ਪੌਰਾਣਿਕ ਸਾਹਿਤ ਨੂੰ ਗੁਰਬਾਣੀ ਵਿਆਖਿਆ ਦੀ ਪੁਸ਼ਟੀ ਲਈ ਜੁਟਾਂਦੇ ਹਨ ਤਾਂ ਵੀ ਉਹ 'ਵੇਦਾਂ ਮਹਿ ਨਾਮੁ ਉਤਮ ਹੈ', ਦੇ ਸੰਕਲਪ ਨੂੰ ਲੈ ਕੇ ਹੀ ਵੈਦਿਕ ਅਤੇ ਪੌਰਾਣਿਕ ਸਾਹਿਤ ਵਿੱਚੋਂ ਪ੍ਰਮਾਣ ਪੇਸ਼ ਕਰਦੇ ਹਨ।

ਨਾਮ-ਮਾਰਗ ਤੋਂ ਪਿੱਛੋਂ ਕਰਮ ਮਾਰਗ ਸਬੰਧੀ ਚਰਚਾ ਕਰਦਿਆਂ ਉਦਾਸੀ ਵਿਆਖਿਆਕਾਰ ਇਸ ਨਤੀਜੇ ਉੱਪਰ ਪਹੁੰਚਦੇ ਹਨ ਕਿ ਕਰਮ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਕਰਵਾ ਸਕਦੇ। ਕਿਉਂਕਿ ਸ਼ੁੱਭ (ਪੁੰਨ) ਕਰਮ ਅਤੇ ਅਸ਼ੁੱਭ (ਪਾਪ-ਕਰਮ) ਕਰਮ ਦੋਵੇਂ ਇੱਕ ਪ੍ਰਕਾਰ ਦਾ ਬੰਧਨ ਹਨ। ਬੰਧਨਾਂ ਤੋਂ ਰਹਿਤ ਕੇਵਲ ਨਿਸ਼ਕਾਮ ਕਰਮ ਹਨ, ਜਿਹੜੇ ਜੀਵ ਦੀ ਪਰਮਾਤਮਾ ਤੱਕ ਪੁੱਜਣ ਵਿੱਚ ਸਹਾਇਤਾ ਕਰਦੇ ਹਨ। ਪਰਮਾਤਮਾ ਦੀ ਦਰਗਾਹ ਵਿੱਚ ਕੇਵਲ ਨਿਸ਼ਕਾਮ ਕਰਮਾਂ ਨੂੰ ਹੀ ਪਰਵਾਨਿਆਂ ਜਾਂਦਾ ਹੈ।

ਸਾਧੂ ਆਨੰਦਘਨ ਨੇ ਸਾਧ-ਸੰਗ ਦੀ ਮਹਾਨਤਾ ਨੂੰ ਪੇਸ਼ ਕਰਦੇ ਹੋਏ ਇਹੋ ਮੰਨਿਆ ਹੈ ਕਿ ਨਾਮ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੁੰਦੀ ਹੈ ਅਤੇ ਨਾਮ ਹੀ ਕਲਿਆਣ ਦਾ ਇਕ ਮਾਤਰ-ਸਾਧਨ ਹੈ। ਉਨ੍ਹਾਂ ਨੇ ਸਤਿਸੰਗ ਉੱਪਰ ਉੰਨਾ ਹੀ ਜ਼ੋਰ ਦਿੱਤਾ ਹੈ ਜਿੰਨਾ ਕਿ ਗੁਰਮਤਿ ਵਿੱਚ ਦਿੱਤਾ ਗਿਆ ਹੈ। ਵੈਸੇ ਵੀ ਅਧਿਆਤਮਕ ਉਦਾਰ ਲਈ ਸਤਿਸੰਗ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ।

ਆਨੰਦਘਨ ਦੀ ਟੀਕਾ ਸ਼ੈਲੀ ਦਾ ਪ੍ਰਮੁੱਖ ਪਛਾਣ ਉਹਨਾਂ ਦੀ ਮੰਗਲ ਵਿਧੀ ਹੈ ਜੋ ਕਿ ਪੂਰਬਲੇ ਟੀਕਾਕਾਰਾਂ ਤੋਂ ਵੱਖਰੀ ਹੈ। ਸਨਾਤਨੀ ਮੰਗਲ ਵਿਧੀ ਅਤੇ ਗੁਰਮਤਿ ਪਰੰਪਰਾ ਵਿਧੀ ਦੋਵਾਂ ਨੂੰ ਲੈ ਕੇ ਚੱਲਣ ਦੇ ਨਾਲ-ਨਾਲ ਆਪਣੀ ਮੌਲਿਕ ਵਿਧੀ ਸਥਾਪਿਤ ਕਰਨ ਦਾ ਯਤਨ ਵੀ ਕੀਤਾ ਗਿਆ ਹੈ।

ਸਾਧੂ ਆਨੰਦਘਨ ਨੇ ਸ਼ੰਕਾ ਤੇ ਸਮਾਧਾਨ ਨੂੰ ਉਭਾਰਨ ਵਾਲੀ ਨਨੂ-ਜੁਗਤ ਦਾ ਪ੍ਰਯੋਗ ਵੀ ਆਪਣੀ ਟੀਕਾਕਾਰੀ ਵਿੱਚ ਕੀਤਾ ਹੈ ਜੋ ਕਿ ਉਹਨਾਂ ਦੀ ਟੀਕਾਕਾਰੀ ਦਾ ਨਿਵੇਕਲਾ ਪਛਾਣ ਚਿੰਨ੍ਹ ਹੈ। ਇਹ ਜੁਗਤ ਸ਼ੰਕਿਆਂ ਦੀ ਨਵਿਰਤੀ ਅਤੇ ਸਪੱਸ਼ਟੀਕਰਨ ਦਾ ਮਾਧਿਅਮ ਵੀ ਬਣਦੀ ਹੈ। ਅਜਿਹਾ ਕਿਹਾ ਜਾ ਸਕਦਾ ਹੈ

ਕਿ ਨਨੂ-ਜੁਗਤ ਉਹਨਾਂ ਦੀ ਟੀਕਾਕਾਰੀ ਦੀ ਜਿੰਦ-ਜਾਨ ਹੈ।

ਸਵਾਮੀ ਆਨੰਦਘਨ ਤੋਂ ਬਾਅਦ ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ ਵਿੱਚ ਸੁਆਮੀ ਸਦਾਨੰਦ ਦਾ ਨਾਂ ਆਉਂਦਾ ਹੈ। ਇਸ ਵਿਆਖਿਆਕਾਰ ਦੁਆਰਾ ਰਚਿਤ 'ਜਪੁਜੀ ਸਟੀਕ' ਪ੍ਰਕਾਸ਼ਿਤ ਰੂਪ ਵਿੱਚ ਨਹੀਂ ਬਲਕਿ ਹਸਤਲਿਖਤ ਪੱਤਰੀ ਦੇ ਰੂਪ ਵਿੱਚ ਮਿਲਦੀ ਹੈ। ਇਸ ਉੱਤੇ ਸੰਮਤ 1890 ਬਿਕਰਮੀ (1833 ਈ.) ਅੰਕਿਤ ਹੈ। ਭਾਵੇਂ ਇਹ ਟੀਕਾਕਾਰ ਸਾਧੂ ਆਨੰਦਘਨ ਤੋਂ ਬਾਅਦ ਉਦਾਸੀ ਵਿਆਖਿਆਕਾਰੀ ਵਿੱਚ ਆਉਂਦਾ ਹੈ ਪਰ ਫਿਰ ਵੀ ਇਸ ਉੱਪਰ ਸਾਧੂ ਆਨੰਦਘਨ ਦਾ ਪ੍ਰਭਾਵ ਪ੍ਰਤੀਤ ਨਹੀਂ ਹੁੰਦਾ ਬਲਕਿ ਸੋਢੀ ਹਰਿ ਜੀ ਦੁਆਰਾ ਰਚਿਤ 'ਜਪੁ-ਪਰਮਾਰਥ' ਦਾ ਪ੍ਰਭਾਵ ਵਿਸ਼ੇਸ਼ ਰੂਪ ਵਿੱਚ ਦੇਖਣ ਨੂੰ ਮਿਲਦਾ ਹੈ। ਇਸ ਵਿਆਖਿਆਕਾਰ ਦੀ ਅਰਥ ਵਿਆਖਿਆ ਵਿੱਚ ਨੈਤਿਕ ਅਤੇ ਸਦਾਚਾਰਕ ਬਿਰਤੀ ਦੀ ਪ੍ਰਧਾਨਤਾ ਹੈ। ਇਸ ਨੇ ਸ਼ੁਭ ਅਤੇ ਨੇਕ ਜੀਵਨ ਉੱਪਰ ਜ਼ੋਰ ਦਿੱਤਾ ਹੈ। ਇਸ ਤੋਂ ਇਲਾਵਾ ਸਾਧੂ ਸਦਾਨੰਦ ਦੇ ਟੀਕੇ ਵਿੱਚੋਂ ਗੁਰਮਤਿ ਦੇ ਬੁਨਿਆਦੀ ਸਿਧਾਂਤ ਗੁਰੂ-ਭਗਤੀ, ਨਾਮ-ਸਿਮਰਨ, ਸਦਾਚਾਰ ਆਦਿ ਦਾ ਪ੍ਰਗਟਾਵਾ ਵੀ ਕੀਤਾ ਮਿਲਦਾ ਹੈ।

ਸਾਧੂ ਸਦਾਨੰਦ ਨੇ ਵੀ 'ਸਾਖ' ਦੇਣ ਦੀ ਵਿਧੀ ਵਰਤੀ ਹੈ। ਪਰ ਉਨ੍ਹਾਂ ਨੇ ਆਪਣੇ ਵਿਆਖਿਆਤਮਕ ਭਾਵਾਂ ਦੇ ਪ੍ਰਮਾਣ ਲਈ ਪੁਰਾਣਾਂ, ਵੇਦਾਂ ਅਤੇ ਉਪਨਿਸ਼ਦਾਂ ਦਾ ਪ੍ਰਯੋਗ ਨਹੀਂ ਕੀਤਾ ਬਲਕਿ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦੇਣ ਦੀ ਵਿਧੀ ਵਰਤੀ ਹੈ। ਜੋ ਕਿ ਸਾਧੂ ਆਨੰਦਘਨ ਤੋਂ ਵੱਖਰੀ ਹੈ। ਸਾਧੂ ਸਦਾਨੰਦ ਨੇ ਆਪਣੇ ਟੀਕੇ ਵਿੱਚ ਹਰ ਸ਼ਬਦ ਦੀ ਵਿਆਖਿਆ ਅਤਿਅੰਤ ਸਪੱਸ਼ਟਤਾ ਨਾਲ ਕੀਤੀ ਹੈ। ਜਿਸ ਨਾਲ ਉਸ ਸ਼ਬਦ ਦਾ ਅਰਥ ਸਰੂਪ ਵਧੇਰੇ ਨਿਸ਼ਚਿਤ ਹੁੰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਚਿੰਨ੍ਹਾਂ ਪ੍ਰਤੀਕਾਂ ਨੂੰ ਬਹੁਤ ਹੀ ਬਾਰੀਕਬੀਨੀ ਅਤੇ ਸੂਝ-ਬੂਝ ਨਾਲ ਖੋਲ੍ਹਣ ਦਾ ਯਤਨ ਕੀਤਾ ਹੈ। ਸੁਆਮੀ ਸਦਾਨੰਦ ਨੇ ਸਾਧ-ਭਾਖਾ ਵਿੱਚ ਇਨ੍ਹਾਂ ਚਿੰਨ੍ਹਾਂ-ਪ੍ਰਤੀਕਾਂ ਨੂੰ ਖੋਲ੍ਹਣ ਲਈ ਪੁਰਾਤਨ ਵਿਧੀ ਦਾ ਪ੍ਰਯੋਗ ਕੀਤਾ ਹੈ।

ਜਿੱਥੇ ਉਦਾਸੀ ਵਿਆਖਿਆਕਾਰਾਂ ਨੇ ਗੁਰਬਾਣੀ ਦੀ ਟੀਕੇ ਰਚੇ ਉੱਥੇ ਉਦਾਸੀ ਵਿਆਖਿਆਕਾਰ ਬਿਸ਼ਨ ਦਾਸ ਉਦਾਸੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਲਿਖਣ ਦਾ ਯਤਨ ਵੀ ਕੀਤਾ। ਬਿਸ਼ਨ ਦਾਸ ਉਦਾਸੀ ਦੁਆਰਾ ਰਚਿਤ ਕੋਸ਼ ਦਾ ਨਾਂ 'ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਸੰਮਤ ਬਿਕਰਮੀ 1955

ਮੁਤਾਬਕ ਇਹ ਕੋਸ਼ ਸੰਨ 1898 ਈ. ਵਿੱਚ ਛਪਿਆ ਸੀ। ਇਹ ਗ੍ਰੰਥ ਦੋ ਜਿਲਦਾਂ ਵਿੱਚ ਮਿਲਦਾ ਹੈ। ਇਸ ਕੋਸ਼ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਸ਼ਬਦਾਂ ਨੂੰ ਅੱਖਰ ਲਗ ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ ਹੈ। ਸ਼ਬਦ ਦਾ ਅਰਥ ਤਾਂ ਦਿੱਤਾ ਹੈ ਪਰ ਸ਼ਬਦ ਦੀ ਵਰਤੋਂ ਤੁਕਾਂ ਜਾਂ ਪ੍ਰਮਾਣ ਦੇ ਕੇ ਨਹੀਂ ਦੱਸੀ ਗਈ। ਇਸ ਕੋਸ਼ ਦੇ ਕੁੱਝ ਅਰਥ ਗੁਰਮਤਿ ਦੇ ਅਨੁਕੂਲ ਤਾਂ ਹਨ, ਪਰ ਆਮ ਲੋਕਾਈ ਵਿੱਚ ਅਪ੍ਰਚਲਤ ਹੋਣ ਦੇ ਬਾਵਜੂਦ ਵੀ ਬੜੇ ਰੌਚਕ ਜਾਪਦੇ ਹਨ।

ਉਦਾਸੀ ਸੰਤਾਂ ਨੇ ਸੰਸਕ੍ਰਿਤ ਅਤੇ ਹਿੰਦੀ ਭਾਸ਼ਾ ਨੂੰ ਵੀ ਆਪਣੀ ਵਿਆਖਿਆਕਾਰੀ ਦਾ ਅਧਾਰ ਬਣਾਇਆ ਹੈ। ਇਸ ਕਾਰਜ ਵਿੱਚ ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਅਤੇ ਸੰਤ ਪਰਮਾਨੰਦ ਦਾ ਨਾਮ ਉਲੇਖਯੋਗ ਹੈ। ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਨੇ 'ਜਪੁ ਸਹਿੰਤਾ' ਨਾਮੀ ਕ੍ਰਿਤ ਰਾਹੀਂ ਜਪੁਜੀ ਸਾਹਿਬ ਦੀ ਬਾਣੀ ਦਾ ਭਾਸ਼ ਪ੍ਰਸਤੁਤ ਕੀਤਾ ਹੈ। ਉਨ੍ਹਾਂ ਨੇ ਆਪਣੇ ਇਸ ਭਾਸ਼ ਸਬੰਧੀ ਦਾਅਵਾ ਕੀਤਾ ਹੈ ਕਿ ਅਨੇਕਾਂ ਪੰਡਿਤਾਂ ਅਤੇ ਗਿਆਨੀਆਂ ਨੇ 'ਜਪੁ' ਬਾਣੀ ਦੇ ਟੀਕੇ ਰਚਣ ਦਾ ਯਤਨ ਕੀਤਾ ਹੈ ਪਰ ਇਸ ਬਾਣੀ ਦਾ ਭਾਸ਼ ਰਚਣ ਦਾ ਪਹਿਲਾ ਉਪਰਾਲਾ ਕੇਵਲ ਉਨ੍ਹਾਂ ਨੇ ਹੀ ਕੀਤਾ ਹੈ। ਇਸ ਪੁਸਤਕ ਵਿੱਚ ਉਹ ਸਭ ਤੋਂ ਪਹਿਲਾਂ ਜਪੁਜੀ ਸਾਹਿਬ ਦੇ ਪਾਠ ਦਾ ਦੇਵਨਾਗਰੀ ਲਿਪੀ ਵਿੱਚ ਅਨੁਵਾਦ ਕਰਦੇ ਹਨ ਫਿਰ ਹਿੰਦੀ ਤੋਂ ਸੰਸਕ੍ਰਿਤ ਭਾਸ਼ਾ ਵਿੱਚ ਅਨੁਵਾਦ ਕਰਦੇ ਹਨ। ਇਸ ਉਪਰੰਤ ਉਹ 'ਹਿੰਦੀ ਭਾਸ਼ਯ ਅਨੁਵਾਦ' ਸਿਰਲੇਖ ਹੇਠ ਪਾਠ ਦੇ ਅਰਥ ਕਰਦੇ ਹਨ। ਇਸ ਪਿੱਛੋਂ 'ਭਾਸ਼' ਦੇ ਸਿਰਲੇਖ ਹੇਠ ਪਾਠ ਦੀ ਵਿਆਖਿਆ ਕਰਦੇ ਹਨ। ਇਸ ਪ੍ਰਕਾਰ ਉਹ ਇੱਕੋ ਸਮੇਂ ਵਿਆਖਿਆ ਦੀਆਂ ਦੋ ਵੱਖੋ-ਵੱਖਰੀਆਂ ਵਿਧੀਆਂ ਅਨੁਵਾਦ ਅਤੇ ਭਾਸ਼ ਨੂੰ ਇੱਕੋ ਧਰਾਤਲ ਉੱਤੇ ਇੱਕੋ ਸਮੇਂ ਸਫਲਤਾਪੂਰਵਕ ਨਿਭਾ ਕੇ ਆਪਣੀ ਵਿਆਖਿਆਤਮਕ-ਕੁਸ਼ਲਤਾ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦੇ ਹਨ।

ਇਹ ਭਾਸ਼ ਵਿਸਤ੍ਰਿਤ ਭੂਮਿਕਾ ਸਹਿਤ 270 ਪੰਨਿਆਂ ਤੱਕ ਫ਼ੈਲਿਆ ਹੋਇਆ ਹੈ। ਇਸ ਦੀ ਭੂਮਿਕਾ ਵਿੱਚ 10 ਗੁਰੂ ਸਾਹਿਬਾਨਾਂ ਦੀ ਸੰਖਿਪਤ ਜੀਵਨੀ ਅਤੇ ਸਿੱਖ ਧਰਮ ਨਾਲ ਸਬੰਧਿਤ ਵਿਵਰਣ ਵੀ ਪੇਸ਼ ਕੀਤਾ ਗਿਆ ਹੈ। ਹਰਿਪ੍ਰਸਾਦ ਵੈਦਿਕ ਮੁਨੀ ਆਪਣੇ ਚੰਗੇ ਭਾਸ਼ਾ ਵਿਗਿਆਨੀ ਹੋਣ ਦਾ ਸਬੂਤ ਉਦੋਂ ਪੇਸ਼

ਕਰਦੇ ਹਨ। ਜਦੋਂ ਉਹ ਇਸ ਭਾਸ਼ ਵਿਚਲੇ ਸ਼ਬਦਾਂ ਦੇ ਨਿਰੁਕਤ ਅਤੇ ਵਿਆਕਰਨਕ ਸਰੂਪਾਂ ਸਬੰਧੀ ਚਰਚਾ ਕਰਦਿਆਂ ਲੋੜ ਅਨੁਸਾਰ ਉਨਾਂ ਦੇ ਉਚਾਰਨ ਪੱਖ ਨੂੰ ਵੀ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਪ੍ਰਾਕਿਤ ਭਾਸ਼ਾ ਅਤੇ ਸੰਸਕ੍ਰਿਤ ਭਾਸ਼ਾ ਸੰਬੰਧੀ ਵੀ ਚਰਚਾ ਹੋਈ ਮਿਲਦੀ ਹੈ।

ਇਸ 'ਭਾਸ਼' ਵਿੱਚ ਹਰਿਪ੍ਰਸਾਦ ਵੈਦਿਕ ਮੁਨੀ ਨੇ ਸਿਰਲੇਖਾਂ ਦੀ ਵਰਤੋਂ ਵੀ ਕੀਤੀ ਹੈ। ਮੂਲ ਮੰਤਰ ਨੂੰ 'ਗੁਰਮੰਤਰ' ਦਾ ਸਿਰਲੇਖ, ਪਹਿਲੇ ਸਲੋਕ ਨੂੰ 'ਸਿਰੋਮੰਤਰ' ਅਤੇ ਪਹਿਲੀ ਪਉੜੀ ਨੂੰ 'ਈਸ਼ਵਰ ਨਿਸ਼ਚਾਪਰਵ' ਆਦਿ ਸਿਰਲੇਖ ਦਿੱਤੇ ਹਨ। ਇਸੇ ਤਰ੍ਹਾਂ ਸਾਰੀਆਂ ਪਉੜੀਆਂ ਨੂੰ ਸਿਰਲੇਖ ਬੱਧ ਕਰਕੇ ਅੰਤਿਮ ਸਲੋਕ ਨੂੰ 'ਉਪਸੰਹਾਰ ਸਲੋਕ' ਸਿਰਲੇਖ ਦਿੱਤਾ ਹੈ।

'ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦੇ ਯੋਗਦਾਨ' ਖੋਜ-ਪ੍ਰਬੰਧ ਵਿੱਚ ਉਦਾਸੀ ਵਿਆਖਿਆਕਾਰਾਂ ਦੁਆਰਾ ਪਾਏ ਯੋਗਦਾਨ ਦਾ ਵਿਸ਼ਲੇਸ਼ਣ ਕਰਨ ਉਪਰੰਤ ਕੁਝ ਨਿਖੜਵੇਂ ਤੱਥ ਉੱਭਰ ਕੇ ਸਾਹਮਣੇ ਆਏ ਹਨ:-

(1) ਉਦਾਸੀ ਸੰਪਰਦਾਇ ਦੁਆਰਾ ਕੀਤੀ ਗੁਰਬਾਣੀ ਵਿਆਖਿਆ ਦਾ ਧਰਾਤਲ ਮੌਖਿਕ ਵਿਆਖਿਆ ਪਰੰਪਰਾ ਅਤੇ ਲਿਖਤੀ ਵਿਆਖਿਆ ਪਰੰਪਰਾ ਦੋਵਾਂ ਉੱਪਰ ਫ਼ੈਲਿਆ ਹੋਇਆ ਹੈ। ਪਹਿਲੋ-ਪਹਿਲ ਇਸ ਵਿਆਖਿਆਕਾਰੀ ਦਾ ਸਰੂਪ ਮੌਖਿਕ ਸੀ ਅਤੇ ਬੋਲ ਸੰਸਾਰ ਰਾਹੀਂ ਨਾਨਕ ਬਾਣੀ ਦਾ ਸੰਦੇਸ਼ ਲੋਕਾਂ ਤੱਕ ਸੰਚਾਰਿਤ ਕੀਤਾ ਜਾਂਦਾ ਸੀ। ਪ੍ਰੰਤੂ ਗੁਰੂ ਕਾਲ ਤੋਂ ਬਾਅਦ ਦੀ ਵਿਆਖਿਆਕਾਰੀ ਰਾਹੀਂ ਇਹ ਵਿਆਖਿਆ ਪਰੰਪਰਾ ਲਿਖਤੀ ਵਿਆਖਿਆ ਪਰੰਪਰਾ ਵਿੱਚ ਪ੍ਰਵੇਸ਼ ਕਰਦੀ ਹੈ। ਲਿਖਤੀ ਪਰੰਪਰਾ ਵਿੱਚ ਟੀਕੇ, ਭਾਸ਼ ਅਤੇ ਕੋਸ਼ਕਾਰੀ ਇਸ ਪਰੰਪਰਾ ਦੀਆਂ ਪ੍ਰਮੁੱਖ ਪੱਧਤੀਆਂ ਰਹੀਆਂ ਹਨ।

(2) ਉਦਾਸੀ ਵਿਆਖਿਆਕਾਰਾਂ ਦੀ ਇਹ ਖ਼ਾਸੀਅਤ ਰਹੀ ਹੈ ਕਿ ਉਨ੍ਹਾਂ ਨੇ ਵੇਦਾਂ, ਪੁਰਾਣਾਂ, ਸਿਮਰਤੀਆਂ ਆਦਿ ਸਨਾਤਨੀ ਗ੍ਰੰਥਾਂ ਨੂੰ ਆਪਣੀ ਵਿਆਖਿਆ ਦੀ ਪੁਸ਼ਟੀ ਹਿੱਤ ਵਰਤਦਿਆਂ ਭਾਰਤੀ ਅਧਿਆਤਮਕ ਚਿੰਤਨ ਅਤੇ ਗੁਰਮਤਿ ਅਧਿਆਤਮਕ ਚਿੰਤਨ ਵਿਚਕਾਰ ਪੁਲ ਦਾ

ਕੰਮ ਕੀਤਾ ਹੈ।

(3) ਉਦਾਸੀਨ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਦਾ ਜ਼ਿਆਦਾਤਰ ਕੇਂਦਰ-ਬਿੰਦੂ ਗੁਰੂ ਨਾਨਕ ਬਾਣੀ ਹੀ ਰਹੀ ਹੈ। ਤਕਰੀਬਨ ਹਰ ਵਿਆਖਿਆਕਾਰ ਨੇ ਨਾਨਕ-ਬਾਣੀ ਦਾ ਟੀਕਾ ਕੀਤਾ ਹੈ। ਇੰਨਾ ਹੀ ਨਹੀਂ ਉਦਾਸੀ ਕਵੀਆਂ ਅਤੇ ਵਿਆਖਿਆਕਾਰਾਂ ਦੀਆਂ ਕ੍ਰਿਤਾਂ ਵਿਚਲੀਆਂ ਟੂਕਾਂ ਵੀ ਗੁਰੂ ਨਾਨਕ ਦੀ ਮਹਿਮਾ ਨਾਲ ਭਰਪੂਰ ਹਨ। ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਪ੍ਰਤੀ ਅਸੀਮ ਅਤੇ ਅਟੁੱਟ ਸ਼ਰਧਾ ਇਸ ਵਿਆਖਿਆਕਾਰੀ ਵਿੱਚ ਪ੍ਰਬਲ ਰੂਪ ਵਿੱਚ ਵਿਖਾਈ ਦਿੰਦੀ ਹੈ।

(4) ਉਦਾਸੀਨ ਵਿਆਖਿਆਕਾਰ ਕੇਵਲ ਗੁਰਬਾਣੀ ਦੀ ਵਿਆਖਿਆਕਾਰੀ ਤੱਕ ਹੀ ਸੀਮਤ ਨਹੀਂ ਰਹੇ ਬਲਕਿ ਉਨ੍ਹਾਂ ਨੇ ਪੰਜ ਗ੍ਰੰਥੀਆਂ, ਬਾਣੀ ਦੀਆਂ ਪੋਥੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਉਸ ਸਮੇਂ ਤਿਆਰ ਕੀਤੀਆਂ ਜਦੋਂ ਪ੍ਰੈਸ ਦੀ ਘਾਟ ਸੀ। ਇਸ ਦਾ ਪ੍ਰਤੱਖ ਸਬੂਤ ਤਖ਼ਤ ਪਟਨਾ ਸਾਹਿਬ ਵਿਖੇ ਮੌਜੂਦ ਸੌ ਤੋਂ ਉੱਪਰ ਹੱਥ-ਲਿਖਤ ਬੀੜਾਂ ਦਿੰਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਸਾਧੂਆਂ ਨੇ ਡੇਰਿਆਂ ਵਿੱਚ ਗੁਰਬਾਣੀ ਦੀ ਸੰਥਯਾ ਦੇਣ ਅਤੇ ਕਥਾ-ਵਾਰਤਾ ਰਾਹੀਂ ਗੁਰਬਾਣੀ ਸਿਧਾਂਤਾਂ ਨੂੰ ਵੀ ਦ੍ਰਿੜ੍ਹ ਕਰਵਾਇਆ।

(5) ਉਦਾਸੀ ਵਿਆਖਿਆਕਾਰਾਂ ਨੇ ਆਪਣੀ ਵਿਆਖਿਆਕਾਰੀ ਦੌਰਾਨ ਪ੍ਰਾਚੀਨ ਕਲਾਸਿਕ ਜਾਂ ਸ਼ਾਸਤਰੀ ਟੀਕਾ ਵਿਧੀ ਦਾ ਪ੍ਰਯੋਗ ਕੀਤਾ ਹੈ। ਜਿਸ ਵਿੱਚ ਉਹ ਅਰਥ ਦੇ ਸਾਰੇ ਪਸਾਰਾਂ ਨੂੰ ਸਪੱਸ਼ਟ ਕਰਨ ਲਈ ਅਤੇ ਮੂਲ ਲੇਖਕ ਦੇ ਆਸ਼ੇ ਤੱਕ ਪੁੱਜਣ ਲਈ ਆਪ ਹੀ ਪ੍ਰਸ਼ਨ ਕਰਕੇ, ਇਤਰਾਜ਼ ਅਤੇ ਸ਼ੰਕੇ ਪੈਦਾ ਕਰਕੇ ਉਨ੍ਹਾਂ ਦਾ ਸਮਾਧਾਨ ਕਰਦੇ ਹਨ। ਇਸ ਟੀਕਾ ਵਿਧੀ ਦਾ ਪ੍ਰਯੋਗ ਸਾਧੂ ਆਨੰਦਘਨ, ਸੁਆਮੀ ਸਦਾਨੰਦ ਅਤੇ ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਨੇ ਬਾਖ਼ੂਬੀ ਕੀਤਾ ਹੈ।

(6) ਨਨੂ-ਜੁਗਤ (ਸ਼ੰਕਾ ਸਮਾਧਾਨ ਜੁਗਤ) ਦਾ ਪ੍ਰਯੋਗ ਉਦਾਸੀ ਵਿਆਖਿਆਕਾਰੀ ਦਾ ਨਿਵੇਕਲਾ ਪਛਾਣ ਚਿੰਨ੍ਹ ਹੈ। ਦਰਅਸਲ, ਇਹ ਜੁਗਤ ਸ਼ੰਕਿਆਂ ਦੀ ਨਵਿਰਤੀ ਅਤੇ ਸਪੱਸ਼ਟੀਕਰਨ ਦਾ

ਮਾਧਿਅਮ ਬਣਦੀ ਹੈ। ਇਹ ਸਰਲੀਕਰਣ ਦੀ ਇੱਕ ਅਜਿਹੀ ਵਿਧੀ ਹੈ। ਜਿਸ ਵਿੱਚ ਦਾਰਸ਼ਨਿਕ ਨੁਕਤਿਆਂ ਨੂੰ ਵੀ ਸਮਝਣਯੋਗ ਬਣਾਇਆ ਜਾ ਸਕਦਾ ਅਤੇ ਵਿਸ਼ੇ ਨੂੰ ਗੰਭੀਰਤਾ ਵੀ ਪ੍ਰਦਾਨ ਕਰਵਾਈ ਜਾਂਦੀ ਹੈ। ਇਸ ਵਿਧੀ ਨਾਲ ਟੀਕਾ ਸ਼ੈਲੀ ਵਿੱਚ ਨਿਖਾਰ ਪੈਦਾ ਹੁੰਦਾ ਹੈ।

(7) ਉਦਾਸੀ ਸੰਪ੍ਰਦਾਇ ਦੇ ਵਿਆਖਿਆਕਾਰਾਂ ਨੇ 'ਸਾਖ' ਭਾਵ ਕਿਸੇ ਵਿਆਖਿਆ ਦੀ ਪੁਸ਼ਟੀ ਲਈ ਪ੍ਰਮਾਣ ਦੇਣ ਦੀ ਵਿਧੀ ਦੌਰਾਨ ਵੇਦਾਂ, ਸ਼ਾਸਤਰਾਂ, ਪੁਰਾਣਾਂ ਅਤੇ ਉਪਨਿਸ਼ਦਾਂ ਦਾ ਪ੍ਰਯੋਗ ਵੀ ਕੀਤਾ ਹੈ ਅਤੇ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦੇਣ ਦੀ ਵਿਧੀ ਨੂੰ ਵੀ ਵਰਤਿਆ ਹੈ। ਇਸਤਰ੍ਹਾਂ ਇਹ ਵਿਆਖਿਆਕਾਰ ਦੋਵੇਂ ਵਿਧੀਆਂ ਦਾ ਪ੍ਰਯੋਗ ਕਰਦੇ ਹਨ।

(8) ਲਗਪਗ ਹਰ ਉਦਾਸੀ ਵਿਆਖਿਆਕਾਰ ਨੇ ਆਪਣੀ ਵਿਆਖਿਆ ਦੌਰਾਨ ਅਰਥਾਂ ਨੂੰ ਸਪੱਸ਼ਟ ਕਰਨ ਲਈ ਚਿੰਨ੍ਹਾਂ, ਪ੍ਰਤੀਕਾਂ ਨੂੰ ਬਹੁਤ ਹੀ ਬਾਰੀਕਬੀਨੀ ਅਤੇ ਮਹੀਨ ਸੂਝ ਨਾਲ ਖੋਲ੍ਹਿਆ ਹੈ। ਕਈ ਵਾਰ ਅਜਿਹਾ ਕਰਨ ਸਮੇਂ ਪ੍ਰਸੰਗ ਕਾਫ਼ੀ ਲੰਮੇ ਹੋ ਜਾਂਦੇ ਹਨ ਅਤੇ ਵਿਆਖਿਆ ਦਾ ਸਰੂਪ ਵਿਸਤ੍ਰਿਤ ਹੋ ਜਾਂਦਾ ਹੈ।

(9) ਟੀਕਾਕਾਰੀ ਵਿੱਚ ਟੀਕਿਆਂ ਦੇ ਸ਼ੁਰੂ ਅਤੇ ਅੰਤ ਵਿੱਚ ਆਉਣ ਵਾਲੀਆਂ ਕਾਵਿ-ਟੂਕਾਂ ਜਿੱਥੇ ਟੀਕਾਕਾਰੀ ਵਿੱਚ ਕਾਵਿਕ-ਅੰਸ਼ਾਂ ਦੀ ਪੇਸ਼ਕਾਰੀ ਦਾ ਨਿਵੇਕਲਾ ਯਤਨ ਬਣਦੀਆਂ ਹਨ ਉੱਥੇ ਵਿਆਖਿਆਕਾਰਾਂ ਵਿਚਲੇ ਸੁਪਤ ਕਵੀਆਂ ਦੇ ਜਾਗਣ ਦੀ ਝਲਕ ਵੀ ਪੇਸ਼ ਕਰਦੀਆਂ ਹਨ। ਇਹ ਟੀਕਾਕਾਰ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਟੀਕਾਕਾਰ ਦੀਆਂ ਸੀਮਾਵਾਂ ਤੋਂ ਉੱਪਰ ਉੱਠ ਕੇ ਕਾਵਿ ਦੀ ਸਿਰਜਣਾ ਕਰਦੇ ਹਨ। ਇਸ ਸੰਦਰਭ ਵਿੱਚ 'ਸਾਧੂ ਆਨੰਦਘਨ' ਦੇ ਟੀਕੇ ਵੇਖੇ ਜਾ ਸਕਦੇ ਹਨ।

(10) ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਜਿਵੇਂ :- ਨਾਮ-ਸਿਮਰਨ, ਗੁਰੂ-ਭਗਤੀ, ਸਦਾਚਾਰ, ਕ੍ਰਿਪਾ-ਨਦਰ, ਸਤਿਸੰਗ, ਮੁਕਤੀ ਕਰਮ ਤੇ ਕਰਮ-ਫਲ ਅਤੇ ਪਾਪ-ਪੁੰਨ ਦੀ ਪੇਸ਼ਕਾਰੀ ਗੁਰਮਤਿ ਆਸ਼ੇ ਦੇ ਅਨੁਕੂਲ ਹੋਈ ਹੈ। ਸਾਧੂ ਆਨੰਦਘਨ ਦੁਆਰਾ 'ਦੇਵੀ-ਪੂਜਾ' ਉੱਪਰ ਦਿੱਤਾ ਗਿਆ ਜ਼ੋਰ ਉਦਾਸੀ ਮਤ ਦੀ ਸਰਗੁਣ ਭਗਤੀ ਵਿੱਚ ਵਿਸ਼ਵਾਸ਼ ਨੂੰ ਬਿਆਨ ਕਰਦਾ ਹੈ।

(11) ਉਦਾਸੀ ਸੰਪ੍ਰਦਾਇ ਦੁਆਰਾ ਕੀਤੀ ਵਿਆਖਿਆਕਾਰੀ ਨਾਲ ਗੁਰਬਾਣੀ ਵਿਆਖਿਆਕਾਰੀ ਦਾ

ਰੁਖ਼ ਸਾਧ-ਭਾਖਾ ਜਾਂ ਖੜੀ ਬੋਲੀ ਵੱਲ ਨੂੰ ਮੁੜ ਜਾਂਦਾ ਹੈ। ਸਾਧੂ ਆਨੰਦਘਨ ਤੋਂ ਪਹਿਲਾਂ ਭਾਈ ਗੁਰਦਾਸ ਨੇ ਇਸ ਸਿਰਜਣ ਕਰਮ ਨੂੰ ਪੰਜਾਬੀ ਬੋਲੀ ਵੱਲ ਮੋੜਿਆ ਸੀ ਅਤੇ ਸੋਢੀ ਮਿਹਰਬਾਨ ਨੇ ਵੀ ਆਪਣੀ ਪਰਮਾਰਥ ਸ਼ੈਲੀ ਵਿੱਚ ਪੰਜਾਬੀ ਭਾਸ਼ਾ ਦਾ ਹੀ ਪ੍ਰਯੋਗ ਕੀਤਾ ਸੀ। ਸਾਧ-ਭਾਖਾ ਵੱਲ ਮੁੜੇ ਰੁਝਾਨ ਦਾ ਚੰਗਾ ਸਿੱਟਾ ਇਹ ਨਿਕਲਿਆ ਕਿ ਗੁਰਮਤਿ ਚਿੰਤਨ ਕੇਵਲ ਸਿੱਖਾਂ ਤੱਕ ਸੀਮਤ ਨਾ ਰਹਿ ਕੇ ਭਾਰਤੀ ਸੰਤਾਂ-ਸਾਧੂਆਂ ਦਾ ਸਰਮਾਇਆ ਵੀ ਬਣ ਗਿਆ।

(12) ਉਦਾਸੀ ਵਿਆਖਿਆਕਾਰਾਂ ਦੀ ਇੱਕ ਇਹ ਵੀ ਵੱਡੀ ਵਿਸ਼ੇਸ਼ਤਾ ਰਹੀ ਹੈ ਕਿ ਇਹ ਵਿਆਖਿਆਕਾਰ ਇੱਕੋ ਸਮੇਂ ਟੀਕਾਕਾਰੀ, ਭਾਸ਼, ਪਰਮਾਰਥ ਅਤੇ ਅਨੁਵਾਦ ਵਰਗੀਆਂ ਵੱਖੋ-ਵੱਖਰੀਆਂ ਭਾਰਤੀ ਵਿਆਖਿਆ-ਪੱਧਤੀਆਂ ਨੂੰ ਇੱਕੋ ਤਲ ਉੱਪਰ ਬੜੀ ਬਾਖ਼ੂਬੀ ਨਾਲ ਨਿਭਾ ਲੈਂਦੇ ਹਨ। ਜੋ ਕਿ ਉਨ੍ਹਾਂ ਦੇ ਗਹਿਰ-ਗੰਭੀਰ ਚਿੰਤਕ ਹੋਣ ਦਾ ਪ੍ਰਤੱਖ ਸਬੂਤ ਹੈ।

(13) ਉਦਾਸੀ ਵਿਆਖਿਆਕਾਰਾਂ ਦੀ ਟੀਕਾ ਸ਼ੈਲੀ ਦਾ ਮੁੱਖ ਪਛਾਣ-ਚਿੰਨ੍ਹ ਉਨ੍ਹਾਂ ਦੁਆਰਾ ਵਰਤੀ ਮੰਗਲ ਵਿਧੀ ਵੀ ਹੈ। ਇਹ ਮੰਗਲ ਵਿਧੀ ਗੁਰੂ ਗ੍ਰੰਥ ਸਾਹਿਬ ਦੀ ਮੰਗਲ ਵਿਧੀ ਨਾਲ ਮੇਲ ਵੀ ਖਾਂਦੀ ਹੈ ਅਤੇ ਸਨਾਤਨੀ ਮੰਗਲ ਵਿਧੀ ਨੂੰ ਵੀ ਅਪਣਾਉਂਦੀ ਹੈ। ਉਦਾਸੀ ਵਿਆਖਿਆਕਾਰ ਮੰਗਲ ਸੰਕੇਤਾਂ ਦੀ ਕਾਵਿ ਛੰਦਾਂ ਰਾਹੀਂ ਕਾਵਿਮਈ ਵਿਆਖਿਆ ਕਰਕੇ ਆਪਣੀ ਟੀਕਾ ਸ਼ੈਲੀ ਨੂੰ ਇੱਕ ਅਲੱਗ ਸਰੂਪ ਪ੍ਰਦਾਨ ਕਰਵਾਉਂਦੇ ਹਨ।

(14) ਗੁਰੂ ਕਾਲ ਦੇ ਉਦਾਸੀ ਵਿਆਖਿਆਕਾਰ ਕਾਵਿਕ ਸ਼ੈਲੀ ਰਾਹੀਂ ਵਿਆਖਿਆਕਾਰੀ ਦੇ ਵੱਖ-ਵੱਖ ਪੱਖਾਂ ਨੂੰ ਰੂਪਮਾਨ ਕਰਦੇ ਹਨ ਜਦਕਿ ਗੁਰੂ-ਕਾਲ ਤੋਂ ਬਾਅਦ ਦੇ ਵਿਆਖਿਆਕਾਰ ਵਾਰਤਕ ਸ਼ੈਲੀ ਰਾਹੀਂ ਵਿਆਖਿਆਕਾਰੀ ਦਾ ਸਰੂਪ ਉਜਾਗਰ ਕਰਦੇ ਹਨ।

(15) ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਉਦਾਸੀ ਵਿਆਖਿਆਕਾਰਾਂ ਦਾ ਵੇਦਾਂ ਅਤੇ ਸ਼ਾਸਤਰਾਂ ਦੇ ਬਹੁਤ ਵੱਡੇ ਚਿੰਤਕ ਹੋਣ ਕਾਰਣ, ਉਨ੍ਹਾਂ ਨੇ ਭਾਰਤੀ ਚਿੰਤਨ ਨੂੰ ਆਤਮਸਾਤ ਕਰਕੇ ਗੁਰਬਾਣੀ ਚਿੰਤਨ ਦੇ ਘੇਰੇ ਨੂੰ ਕਾਫ਼ੀ ਵਿਸ਼ਾਲ ਕਰਨ ਦੇ ਨਾਲ-ਨਾਲ ਇਸ ਨੂੰ ਅਧਿਐਨ ਦੀ ਸਰਬ ਸਾਂਝੀ ਵਸਤੂ ਬਣਾ ਦਿੱਤਾ। ਇਸ ਪ੍ਰਕਾਰ ਇਨ੍ਹਾਂ ਮਹਾਤਮਾਵਾਂ ਦੁਆਰਾ ਪਾਏ ਯੋਗਦਾਨ ਨੂੰ ਘਟਾ ਕੇ ਜਾਂ ਅੱਖੋ-ਪਰੋਖੇ ਕਰਕੇ ਨਹੀਂ ਦੇਖਿਆ ਜਾ ਸਕਦਾ।

## ABSTRACT

The Udasi sect emerges as a sect of Sikhism which has the distinction of being the first preaching body of Sikhism. This preaching organization was started by Baba Sri Chand Ji, the eldest son of Guru Nanak Sahib. This sect was started mainly for the propagation of Sikhism far and wide. This sect has also played an important role in the maintenance of Gurdwaras. While the Udasi sect has rendered selfless service to the people by handwriting the book of Gurbani and daily banis in the absence of press, this sect has also made a significant contribution in the interpretation of Gurbani.

The purpose of this research is to study the contribution made by the Udasi sect to the interpretation of Gurbani. The descriptiveness of the Udasi sect is found in both oral and written forms. In the tradition of oral interpretation, the Udasi Mahatma preached Gurmat through words, discourses and Katha-kirtan. The written interpretation tradition begins in the eighteenth century with the commentaries of Swami Anandghan. In this thesis, the commentators of this sect are referred to as Udasi commentators of Guru-kaal (Baba Sri Chand, Baba Gurditta, Mahatma associated with chaar Dhune and six blessings) and post-Guru Udasi commentators (Swami Anandghan, Sadhu Sadananda, Bishan Das Udasi, Hariprasad Vedic Muni and Parmanand etc) are considered in two categories. Special aspects of the interpretation of these commentators are central to this research.

# ਅਬਸਟ੍ਰੈਕਟ (Abstract)

ਉਦਾਸੀ ਸੰਪਰਦਾਇ ਸਿੱਖ ਧਰਮ ਦੀ ਇੱਕ ਅਜਿਹੀ ਸੰਪਰਦਾਇ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਸ ਨੂੰ ਸਿੱਖ ਧਰਮ ਦੀ ਪਹਿਲੀ ਪ੍ਰਾਚੀਨ ਪ੍ਰਚਾਰਕ ਸੰਸਥਾ ਹੋਣ ਦਾ ਮਾਣ ਪ੍ਰਾਪਤ ਹੈ। ਇਸ ਪ੍ਰਚਾਰਕ ਸੰਸਥਾ ਦਾ ਆਗਾਜ਼ ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਕੀਤਾ ਸੀ। ਇਸ ਸੰਪਰਦਾਇ ਦਾ ਆਰੰਭ ਮੁੱਖ ਰੂਪ ਵਿੱਚ ਸਿੱਖ ਧਰਮ ਦੇ ਦੂਰ ਦੁਰਾਡੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤਾ ਗਿਆ ਸੀ। ਇਸ ਸੰਪਰਦਾਇ ਨੇ ਗੁਰੂਧਾਮਾਂ ਦੀ ਸੇਵਾ-ਸੰਭਾਲ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜਿੱਥੇ ਉਦਾਸੀ ਸੰਪਰਦਾਇ ਨੇ ਪ੍ਰੈਸ ਦੀ ਘਾਟ ਸਮੇਂ ਗੁਰਬਾਣੀ ਦੀਆਂ ਪੋਥੀਆਂ ਅਤੇ ਨਿਤਨੇਮ ਦੀਆਂ ਬਾਣੀਆਂ ਨੂੰ ਹੱਥੀਂ ਲਿਖ ਕੇ ਲੋਕਾਂ ਵਿੱਚ ਵੰਡਣ ਦੀ ਨਿਸ਼ਕਾਮ ਸੇਵਾ ਕੀਤੀ ਉੱਥੇ ਇਸ ਸੰਪਰਦਾਇ ਨੇ ਗੁਰਬਾਣੀ ਵਿਆਖਿਆ ਵਿੱਚ ਵੀ ਆਪਣਾ ਨਿੱਗਰ ਯੋਗਦਾਨ ਪਾਇਆ ਹੈ। ਇਸ ਖੋਜ-ਪ੍ਰਬੰਧ ਦਾ ਮਕਸਦ ਗੁਰਬਾਣੀ ਵਿਆਖਿਆ ਵਿੱਚ ਉਦਾਸੀ ਸੰਪਰਦਾਇ ਦੁਆਰਾ ਪਾਏ ਯੋਗਦਾਨ ਦਾ ਅਧਿਐਨ ਕਰਨਾ ਹੈ। ਉਦਾਸੀ ਸੰਪਰਦਾਇ ਦੀ ਵਿਆਖਿਆਕਾਰੀ ਮੌਖਿਕ ਅਤੇ ਲਿਖਤ ਦੋਵਾਂ ਸਰੂਪਾਂ ਵਿੱਚ ਮਿਲਦੀ ਹੈ। ਮੌਖਿਕ ਵਿਆਖਿਆ ਪਰੰਪਰਾ ਵਿੱਚ ਉਦਾਸੀ ਮਹਾਤਮਾ ਵਚਨਾਂ, ਪ੍ਰਵਚਨਾਂ ਅਤੇ ਕਥਾ-ਕੀਰਤਨ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਲਿਖਤੀ ਵਿਆਖਿਆ ਪਰੰਪਰਾ ਦੀ ਸ਼ੁਰੂਆਤ ਅਠਾਰਵੀਂ ਸਦੀ ਵਿੱਚ ਸੁਆਮੀ ਆਨੰਦਘਨ ਦੇ ਟੀਕਿਆਂ ਨਾਲ ਹੁੰਦੀ ਹੈ। ਇਸ ਖੋਜ-ਪ੍ਰਬੰਧ ਵਿੱਚ ਇਸ ਸੰਪਰਦਾਇ ਦੀ ਵਿਆਖਿਆਕਾਰੀ ਨੂੰ ਗੁਰੂ-ਕਾਲ ਦੇ ਉਦਾਸੀ ਵਿਆਖਿਆਕਾਰਾਂ (ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ, ਚਾਰ ਧੂਣੇ ਅਤੇ ਛੇ ਬਖਸ਼ਿਸ਼ਾਂ ਨਾਲ ਸੰਬਧਿਤ ਮਹਾਤਮਾ) ਅਤੇ ਗੁਰੂ-ਕਾਲ ਤੋਂ ਬਾਅਦ ਦੇ ਉਦਾਸੀ ਵਿਆਖਿਆਕਾਰਾਂ (ਸੁਆਮੀ ਆਨੰਦਘਨ, ਸਾਧੂ ਸਦਾਨੰਦ, ਬਿਸ਼ਨ ਰਾਮ ਉਦਾਸੀ, ਹਰਿਪ੍ਰਸਾਦ ਵੈਦਿਕ ਮੁਨੀ ਅਤੇ ਪਰਮਾਨੰਦ ਆਦਿ) ਦੋ ਕੋਟੀਆਂ ਵਿੱਚ ਰੱਖ ਕੇ ਵਿਚਾਰਿਆ ਗਿਆ ਹੈ। ਇਨ੍ਹਾਂ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਵਿਚਲੇ ਖਾਸ ਪਹਿਲੂ ਇਸ ਖੋਜ-ਪ੍ਰਬੰਧ ਦਾ ਕੇਂਦਰੀ ਧੁਰਾ ਹਨ।

# ਪੇਪਰ ਪ੍ਰਕਾਸ਼ਤ ਪ੍ਰਮਾਣ ਪੱਤਰ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਖੋਜਾਰਥਣ ਅਮਨਦੀਪ ਕੌਰ ਦੀ ਹੇਠ ਲਿਖੀ ਜਾਣਕਾਰੀ ਅਨੁਸਾਰ ਪੇਪਰ ਪ੍ਰਕਾਸ਼ਤ ਹੋਏ ਹਨ।

1. ਅਮਨਦੀਪ ਕੌਰ, "ਉਦਾਸੀ ਸੰਪਰਦਾ ਅਤੇ ਵੀਹਵੀਂ ਸਦੀ", Twenty First Century Publications, Patiala, 2018, ਪੰਨਾ 35-38. ISBN: 978-93-86713-75-9
2. ਅਮਨਦੀਪ ਕੌਰ, "ਸਿੱਖ ਧਰਮ ਅਤੇ ਨਾਰੀ ਚੇਤਨਾ", *IIMJ- International Inventive Multi-disciplinary Journal,* 2018, ਪੰਨਾ 237-241. ISSN: 2348-7135

**ਡਾ. ਜਗਜੀਵਨ ਸਿੰਘ**
ਐਸੋਸੀਏਟ ਪ੍ਰੋਫ਼ੈਸਰ
ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ।